# EXEGETICS OF GURBANI
## (WITH REFERENCE TO VAR ASA MAHALLA 1)

THESIS
Submitted for the degree of
DOCTOR OF PHILOSOPHY
TO
THE DEPARTMENT OF GURU NANAK SIKH STUDIES
IN THE FACULTY OF ARTS
PUNJAB UNIVERSITY, CHANDIGARH (INDIA)
1988

Submitted by :
**BALBIR SINGH NANDA**

DEPARTMENT OF GURU NANAK SIKH STUDIES
PUNJAB UNIVERSITY, CHANDIGARH

## ਵਿਸ਼ੈ - ਸੂਚੀ


| ਕ੍ਰਮ ਅੰਕ | | ਪੰਨਾ |
|---|---|---|
| 1 | ਆਰੰਭਿਕਾ | ੳ |
| 2 | ਵਿਸ਼ੈ - ਪ੍ਰਵੇਸ਼ | ੲ |
| 3 | ਅਧਿਆਇ - 1<br>ਟੀਕਾਕਾਰੀ ਅਤੇ ਇਸ ਦੀ ਭਾਰਤੀ ਪਰੰਪਰਾ | 1 |
| 4 | ਅਧਿਆਇ - 2<br>ਗੁਰਬਾਣੀ ਦੀ ਟੀਕਾਕਾਰੀ | 30 |
| 5 | ਅਧਿਆਇ - 3<br>'ਆਸਾ ਦੀ ਵਾਰ' ਦੇ ਟੀਕਿਆਂ ਦਾ ਸਰਵੇਖਣ | 70 |
| 6 | ਅਧਿਆਇ - 4<br>ਅਰਥ-ਭਿੰਨਤਾ ਦੀ ਸਮੱਸਿਆ | 113 |
| 7 | ਅਧਿਆਇ -5<br>ਦਾਰਸ਼ਨਿਕ, ਸਾਹਿਤਕ ਅਤੇ ਭਾਸ਼ਾਈ ਪੱਖ | 170 |
| 8 | ਸਿੱਟੇ | 241 |
| 9 | ਸਹਾਇਕ ਗ੍ਰੰਥਾਂ ਦੀ ਸੂਚੀ | 251 |


*****
***
*

## ਆਰੰਭਿਕਾ

ਕੋਈ ਖੋਜ-ਕਾਰਜ ਸੰਬੰਧਿਤ ਵਿਸ਼ੇ ਬਾਰੇ ਅੰਤਿਮ ਗੱਲ ਨਹੀਂ ਹੁੰਦਾ। ਹਰ ਖੋਜ-ਕਾਰਜ ਕੁਝ ਨਵੀਆਂ ਦਿਸ਼ਾਵਾਂ ਪ੍ਰਗਟ ਕਰਦਾ ਹੈ, ਉਨ੍ਹਾਂ ਦਿਸ਼ਾਵਾਂ ਵਲ ਕੁਝ ਕਦਮ ਪੁੱਟਦਾ ਹੈ। ਹੋਰ ਛਾਣ-ਬੀਣ ਅਤੇ ਨਵੀਆਂ ਉਪਲਬਧੀਆਂ ਦੀ ਸੰਭਾਵਨਾ ਸਦਾ ਬਣੀ ਰਹਿੰਦੀ ਹੈ। ਐਸੀ ਇਸ ਸ਼ੋਧ-ਪ੍ਰਬੰਧ ਦੇ ਲੇਖਕ ਦੀ ਧਾਰਣਾ ਹੈ।

ਇਸ ਸ਼ੋਧ-ਪ੍ਰਬੰਧ ਲਈ ਤਿਆਰ ਕੀਤੀ ਗਈ ਰੂਪ ਰੇਖਾ ਅਨੁਸਾਰ ਇਹ ਕੰਮ ਸੰਪੂਰਣ ਹੋ ਗਿਆ ਹੈ। ਜਿਸ ਪਰਮਪਿਤਾ ਪਰਮਾਤਮਾ ਨੂੰ ਧਿਆ ਕੇ ਕਾਰਜ ਆਰੰਭ ਕੀਤਾ ਗਿਆ ਸੀ, ਸੰਪੂਰਣ ਹੋਣ ਉਤੇ ਸਭ ਤੋਂ ਪਹਿਲਾਂ ਉਸੇ ਦਾ ਸ਼ੁਕਰ-ਗੁਜ਼ਾਰ ਹੋਣਾ ਬਣਦਾ ਹੈ।

ਮੈਂ ਆਪਣੇ ਨਿਗਰਾਨ ਡਾ. ਦਰਸ਼ਨ ਸਿੰਘ ਜੀ, ਪ੍ਰੋਫੈਸਰ ਅਤੇ ਚੇਅਰਮੈਨ, ਗੁਰੂ ਨਾਨਕ ਅਧਿਅਨ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਅਤਿਅੰਤ ਰਿਣੀ ਹਾਂ ਜਿਨ੍ਹਾਂ ਦੀ ਸੁਯੋਗ ਅਗਵਾਈ ਵਿਚ ਮੈਂ ਇਹ ਕਾਰਜ ਨੇਪਰੇ ਚਾੜ੍ਹਿਆ ਹੈ। ਉਨ੍ਹਾਂ ਨੇ ਆਪਣੇ ਅਨੇਕ ਰੁਝੇਵਿਆਂ ਵਿਚੋਂ ਮੇਰੀਆਂ ਖੋਜ ਸੰਬੰਧੀ ਸਮੱਸਿਆਵਾਂ ਨੂੰ ਹਲ ਕਰਨ ਲਈ ਨਾ ਕੇਵਲ ਖਿੜੇ ਮੱਥੇ ਸਦਾ ਖੁਲ੍ਹਾ ਸਮਾਂ ਕਢਿਆ ਹੈ ਸਗੋਂ ਵਿਚਾਰ ਵਟਾਂਦਰੇ ਦੌਰਾਨ ਹਰ ਚੰਗੇ ਨੁਕਤੇ ਦੀ ਪ੍ਰਸੰਸਾ ਕਰਕੇ ਮੈਨੂੰ ਉਤਸਾਹ ਦਿੱਤਾ ਹੈ ਅਤੇ ਮੇਰੀ ਹਰ ਉਕਾਈ ਬਾਰੇ ਇਤਨੇ ਸਹਿਜ ਨਾਲ ਮੈਨੂੰ ਅਹਿਸਾਸ ਕਰਵਾਇਆ ਹੈ ਕਿ ਮੈਨੂੰ ਕਿਸੇ ਪਲ ਵੀ ਡਗਮਗਾਉਣਾ ਨਹੀਂ ਪਿਆ।

ਇਸ ਖੋਜ-ਕਾਰਜ ਨੂੰ ਪੂਰਾ ਕਰਨ ਲਈ ਪ੍ਰੋਫੈਸਰ ਹਰਬੰਸ ਸਿੰਘ ਜੀ, ਮੁੱਖ ਸੰਪਾਦਕ, ਸਿੱਖ ਧਰਮ ਵਿਸ਼ਵਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ ਮੈਨੂੰ ਸਦਾ ਉਤਸਾਹ ਦੇਂਦੇ ਰਹੇ ਹਨ। ਉਨ੍ਹਾਂ ਦੇ ਮਿੱਠੇ, ਨਿੱਘੇ ਅਤੇ ਅਪਣੱਤ ਭਰੇ ਬੋਲਾਂ ਲਈ ਮੈਂ ਸਦਾ ਉਨ੍ਹਾਂ ਦਾ ਰਿਣੀ ਰਹਾਂਗਾ। ਮੈਂ ਪ੍ਰੋਫੈਸਰ ਕੁਲਵੰਤ ਸਿੰਘ ਜੀ ਅਤੇ ਡਾ. ਹਰਕੀਰਤ ਸਿੰਘ ਜੀ ਦਾ ਵੀ ਧੰਨਵਾਦੀ ਹਾਂ। ਪ੍ਰੋ: ਕੁਲਵੰਤ ਸਿੰਘ ਜੀ ਨਾਲ ਗੁਰਬਾਣੀ ਦੀ ਵਿਆਖਿਆ ਬਾਰੇ ਅਤੇ ਡਾ. ਹਰਕੀਰਤ ਸਿੰਘ ਜੀ ਨਾਲ ਟੀਕਿਆਂ ਦੇ

ਭਾਸ਼ਾਈ ਪੱਖ ਬਾਰੇ ਕੀਤੀਆਂ ਲੰਮੀਆਂ ਬਹਿਸਾਂ ਤੋਂ ਮੈਨੂੰ ਬੜਾ ਲਾਭ ਪ੍ਰਾਪਤ ਹੋਇਆ ਹੈ। ਇਥੇ ਪ੍ਰੋਫੈਸਰ ਪਿਆਰ ਸਿੰਘ ਜੀ ਦਾ ਧੰਨਵਾਦ ਕਰਨਾ ਵੀ ਪਰਮ ਆਵੱਸ਼ਕ ਹੈ ਜਿਨ੍ਹਾਂ ਨੇ ਮੇਰੇ ਅਕਾਦਮਿਕ ਕੈਰੀਅਰ ਦੇ ਮੁਢਲੇ ਵਰ੍ਹਿਆਂ ਵਿਚ ਮੈਨੂੰ ਲਗਨ ਨਾਲ ਕੰਮ ਕਰਨ ਅਤੇ ਹਰ ਨੁਕਤੇ ਨੂੰ ਧਿਆਨ ਨਾਲ ਘੋਖਣ ਦੀ ਆਦਤ ਪਾਈ। ਸ੍ਰੀ ਗੁਰਦੇਵ ਚੰਦ ਸੈਣੀ, ਜਿਨ੍ਹਾਂ ਨੇ ਇਸ ਸ਼ੋਧ-ਪ੍ਰਬੰਧ ਨੂੰ ਦਿਲ ਲਾ ਕੇ ਬੜੀ ਮਿਹਨਤ ਨਾਲ ਟਾਈਪ ਕੀਤਾ ਹੈ, ਵੀ ਮੇਰੇ ਧੰਨਵਾਦ ਦੇ ਪਾਤਰ ਹਨ। ਮੈਂ ਆਪਣੀ ਪਤਨੀ ਸ੍ਰੀਮਤੀ ਸੁਰਜੀਤ ਕੌਰ ਅਤੇ ਆਪਣੇ ਬੱਚਿਆਂ ਨਵਦੀਪ ਅਤੇ ਜਸਲੀਨ ਦਾ ਵੀ ਧੰਨਵਾਦ ਕਰਨਾ ਆਪਣਾ ਫ਼ਰਜ਼ ਸਮਝਦਾ ਹਾਂ ਜਿਨ੍ਹਾਂ ਦੀਆਂ ਅਨੇਕ ਲੋੜਾਂ ਵਲ ਮੈਂ ਆਪਣੇ ਕੰਮ ਵਿਚ ਰੁਝਿਆ ਹੋਣ ਕਾਰਣ ਧਿਆਨ ਨਹੀਂ ਦੇ ਸਕਿਆ ਪਰ ਜਿਨ੍ਹਾਂ ਨੇ ਮੇਰੀ ਉਨ੍ਹਾਂ ਪ੍ਰਤਿ ਅਣਗਹਿਲੀ ਦਾ ਕਦੇ ਗਿਲਾ ਨਹੀਂ ਕੀਤਾ। ਅੰਤ ਵਿਚ ਮੈਂ ਉਨ੍ਹਾਂ ਲੇਖਕਾਂ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਦੀਆਂ ਪੁਸਤਕਾਂ ਦਾ ਅਧਿਐਨ ਮੈਂ ਇਸ ਸ਼ੋਧ-ਪ੍ਰਬੰਧ ਦੀ ਤਿਆਰੀ ਲਈ ਕੀਤਾ ਹੈ ਅਤੇ ਜਿਨ੍ਹਾਂ ਦੇ ਵਡਮੁੱਲੇ ਵਿਚਾਰਾਂ ਨੂੰ ਮੈਂ ਆਧਾਰ ਬਣਾਇਆ ਹੈ।

Balbir Singh Nanda
ਬਲਬੀਰ ਸਿੰਘ ਨੰਦਾ

## ਵਿਸ਼ੈ- ਪ੍ਰਵੇਸ਼

ਅਸੀਮ ਵੇਗ ਵਾਲੇ ਕਿਸੇ ਦੈਵੀ ਅਨੁਭਵ ਨੂੰ ਪ੍ਰਗਟ ਕਰਨ ਵਾਲੀ ਕਿਸੇ ਸੂਖ਼ਮ ਰਚਨਾ ਦੇ ਰਹੱਸ ਦਾ ਗਿਆਨ ਪ੍ਰਾਪਤ ਕਰ ਲੈਣਾ ਸਾਧਾਰਣ ਮਨੁੱਖਾਂ ਦੀ ਸਮਰਥਾ ਤੋਂ ਬਾਹਰ ਦੀ ਗੱਲ ਹੈ। ਰਹੱਸਮਈ ਰਚਨਾ ਅਸਲ ਵਿਚ ਇਕ ਬੁਝਾਰਤ ਹੀ ਹੈ ਜੋ ਸਮਾਂ ਬੀਤਣ ਨਾਲ ਆਏ ਭਾਸ਼ਾਈ ਅਤੇ ਸਾਮਾਜਿਕ ਪਰਿਵਰਤਨ ਕਾਰਣ ਹੋਰ ਅਬੁੱਝ ਬਣਦੀ ਜਾਂਦੀ ਹੈ। ਟੀਕਾਕਾਰ ਉਹ ਬੁੱਧੀਮਾਨ, ਪ੍ਰਤਿਭਾਸ਼ੀਲ ਅਤੇ ਅਨੁਭਵੀ ਮਨੁੱਖ ਹੁੰਦਾ ਹੈ ਜੋ ਰਚਨਾ ਦੇ ਰਹੱਸ ਦਾ ਰਾਜ਼ ਆਮ ਲੋਕਾਂ ਤਕ ਪਹੁੰਚਾਉਂਦਾ ਹੈ। ਰਚਨਾ ਦੇ ਰਹੱਸ ਤਕ ਆਪ ਨਾ ਪਹੁੰਚ ਸਕਣ ਵਾਲੇ ਆਮ ਲੋਕਾਂ ਲਈ ਰਚਨਾ ਦੇ ਅਰਥ ਉਹੀ ਹੁੰਦੇ ਹਨ ਜਿਹੜੇ ਟੀਕਾਕਾਰ ਰਚਨਾ ਨੂੰ ਦਿੰਦਾ ਹੈ। ਇਸ ਲਈ ਟੀਕਾਕਾਰੀ ਦਾ ਕਾਰਜ ਅਤਿ ਮਹੱਤਵਪੂਰਣ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਰਹੱਸ ਨੂੰ ਆਮ ਜਨਤਾ ਪ੍ਰਤਿ ਉਜਾਗਰ ਕਰਨ ਹਿਤ ਟੀਕਾਕਾਰਾਂ ਨੇ ਟੀਕੇ ਰਚੇ ਹਨ। ਇਹ ਟੀਕੇ ਵਖ ਵਖ ਦ੍ਰਿਸ਼ਟੀਕੋਣਾਂ ਤੋਂ ਰਚੇ ਗਏ ਹਨ – ਕੁਝ ਨੇ ਭਾਰਤੀ ਦਰਸ਼ਨ ਨੂੰ ਪਿਛੋਕੜ ਵਿਚ ਰਖ ਕੇ ਗੁਰਬਾਣੀ ਦੀ ਵਿਆਖਿਆ ਕੀਤੀ ਹੈ ਅਤੇ ਸਿੱਧ ਕੀਤਾ ਹੈ ਕਿ ਗੁਰਬਾਣੀ ਅਸਲ ਵਿਚ ਲੋਕ ਭਾਖਾ ਵਿਚ ਵੇਦ ਪੁਰਾਣ ਦਾ ਸਾਰ ਪ੍ਰਗਟ ਕਰਦੀ ਹੈ ਪਰ ਦੂਜਿਆਂ ਦੇ ਮਤ ਅਨੁਸਾਰ ਗੁਰਬਾਣੀ ਭਾਰਤੀ ਅਧਿਆਤਮਕ ਅਤੇ ਧਾਰਮਿਕ ਵਿਚਾਰਧਾਰਾ ਦਾ ਅਨੁਸਰਣ ਨਹੀਂ ਕਰਦੀ ਸਗੋਂ ਬਹੁਤ ਥਾਈਂ ਉਸਨੂੰ ਰਦ ਕਰਕੇ ਨਵੇਂ ਨਵੇਕਲੇ ਸਿੱਧਾਂਤ ਪ੍ਰਸਤੁਤ ਕਰਦੀ ਹੈ। ਗੁਰਬਾਣੀ ਦੇ ਸਾਮਾਜਿਕ ਪਰਿਪੇਖ ਸੰਬੰਧੀ ਵੀ ਟੀਕਾਕਾਰਾਂ ਵਿਚ ਵਡੇ ਮਤ ਭੇਦ ਹਨ। ਗੁਰਬਾਣੀ ਦੇ ਟੀਕੇ ਤਾਂ ਰਚੇ ਗਏ ਹਨ ਪਰ ਇਨ੍ਹਾਂ ਟੀਕਿਆਂ ਦੇ ਮੁਲਾਂਕਣ ਦੇ ਕਾਰਜ ਵਲ ਵਿਦਵਾਨਾਂ ਦਾ ਧਿਆਨ ਅਜੇ ਨਹੀਂ ਗਿਆ। ਹੱਥਲਾ ਸ਼ੋਧ-ਪ੍ਰਬੰਧ ਇਸ ਪਾਸੇ ਵਲ ਵਿਦਵਾਨਾਂ ਦਾ ਧਿਆਨ ਆਕਰਸ਼ਿਤ ਕਰਨ ਦਾ ਇਕ ਮੁੱਢਲਾ ਯਤਨ ਹੈ।

ਇਸ ਤੋਂ ਪਹਿਲਾਂ ਇਕ ਵਿਦਵਾਨ ਡਾ. ਜੋਗਿੰਦਰ ਸਿੰਘ ਨੇ "ਜਪੁਜੀ ਦੇ ਪੰਜਾਬੀ ਵਿਚ ਰਚੇ ਟੀਕਿਆਂ ਦਾ ਆਲੋਚਨਾਤਮਕ ਅਧਿਐਨ" ਵਿਸ਼ੇ ਉਤੇ ਸ਼ੋਧ-ਪ੍ਰਬੰਧ ਲਿਖਕੇ ਪੀ-ਐਚ. ਡੀ. ਦੀ

ਉਪਾਧੀ ਪ੍ਰਾਪਤ ਕੀਤੀ ਹੈ। ਉਨ੍ਹਾਂ ਨੇ ਆਪਣੇ ਸ਼ੋਧ-ਪ੍ਰਬੰਧ ਦੇ ਪਹਿਲੇ ਭਾਗ ਵਿਚ ਟੀਕਾਕਾਰੀ ਬਾਰੇ ਕੁਝ ਮਹੱਤਵਪੂਰਣ ਨੁਕਤੇ ਪੇਸ਼ ਕੀਤੇ ਹਨ ਅਤੇ ਜਪੁਜੀ ਸਾਹਿਬ ਦੇ ਟੀਕਿਆਂ ਦਾ ਸਰਵੇਖਣ ਪ੍ਰਸਤੁਤ ਕੀਤਾ ਹੈ। ਇਸ ਉਪਰੰਤ ਉਨ੍ਹਾਂ ਨੇ ਆਪਣੇ ਅਧਿਐਨ ਨੂੰ ਮੂਲ-ਪਾਠ ਉੱਤੇ ਕੇਂਦ੍ਰਿਤ [illegible] ਕਰ ਲਿਆ। ਇਉਂ ਸ਼ੋਧ-ਪ੍ਰਬੰਧ ਦੇ ਪਿਛਲੇਰੇ ਭਾਗ ਵਿਚ ਟੀਕਾਕਾਰਾਂ ਦੇ ਵਿਚਾਰ ਅਲੋਪ ਹੋ ਗਏ ਹਨ।

ਹੁਣ ਤਕ ਕਿਸੇ ਇਕ ਬਾਣੀ ਦੇ ਮਹੱਤਵਪੂਰਣ ਨੁਕਤਿਆਂ ਬਾਰੇ ਟੀਕਾਕਾਰਾਂ ਦੇ ਵਿਚਾਰਾਂ ਦੀ ਤੁਲਨਾ ਉਪਰੰਤ ਕਿਸੇ ਨਿਸ਼ਕਰਸ਼ ਉੱਤੇ ਪਹੁੰਚਣ ਦਾ ਕੰਮ ਕਿਸੇ ਸ਼ੋਧ-ਪ੍ਰਬੰਧ ਵਿਚ ਇਸ ਤੋਂ ਪਹਿਲਾਂ ਨਹੀਂ ਕੀਤਾ ਗਿਆ ਅਤੇ ਨਾ ਹੀ ਟੀਕਿਆਂ ਵਿਚਲੀ ਅਰਥ-ਭਿੰਨਤਾ ਦੇ ਆਧਾਰ ਉੱਤੇ ਵਿਆਖਿਆ ਵਿਧੀਆਂ ( Keys of interpretation ) ਲਭਣ ਦਾ ਉਪਰਾਲਾ ਕੀਤਾ ਗਿਆ ਹੈ। ਹੱਥਲਾ ਸ਼ੋਧ-ਪ੍ਰਬੰਧ ਇਸ ਪਾਸੇ ਵਲ ਨਿਮਾਣਾ ਜਿਹਾ ਯਤਨ ਹੈ।

ਹੱਥਲੇ ਸ਼ੋਧ-ਪ੍ਰਬੰਧ ਦਾ ਮੁੱਖ ਮੰਤਵ ਇਕ ਬਾਣੀ ਦੇ ਮੂਲ-ਪਾਠ ਨੂੰ ਲੈਕੇ ਉਸ ਦੀਆਂ ਵਿਭਿੰਨ ਵਿਆਖਿਆਵਾਂ ਦੀ ਤੁਲਨਾ ਰਾਹੀਂ ਉਨ੍ਹਾਂ ਕਾਰਣਾਂ ਦੀ ਤਲਾਸ਼ ਹੈ ਜੋ ਇਕ ਮੂਲ-ਪਾਠ ਦੀਆਂ ਭਿੰਨ ਭਿੰਨ ਵਿਆਖਿਆਵਾਂ ਨੂੰ ਜਨਮ ਦੇਂਦੇ ਹਨ। ਨਾਲ ਹੀ ਇਸ ਸ਼ੋਧ-ਪ੍ਰਬੰਧ ਵਿਚ ਟੀਕਿਆਂ ਦਾ ਦਾਰਸ਼ਨਿਕ, ਸਾਹਿਤਕ ਅਤੇ ਭਾਸ਼ਾਈ ਮੁਲਾਂਕਣ ਵੀ ਕੀਤਾ ਗਿਆ ਹੈ। ਭਾਰਤੀ ਪਰੰਪਰਾ ਨੂੰ ਇਸ ਵਿਚ ਪਿਠ-ਭੂਮੀ ਵਜੋਂ ਵਰਤਿਆ ਗਿਆ ਹੈ ਕਿਉਂਕਿ ਹਰ ਨਵਾਂ ਤਜਰਬਾ ਪਰੰਪਰਾ ਦੀ ਗੋਦ ਵਿਚ ਹੀ ਪਨਪਦਾ ਹੈ। ਇਸ ਅਧਿਐਨ ਲਈ ਗੁਰਮੁਖੀ ਲਿਪੀ ਵਿਚ ਉਪਲਬਧ ਟੀਕਿਆਂ ਨੂੰ ਹੀ ਆਧਾਰ ਬਣਾਇਆ ਗਿਆ ਹੈ ਕਿਉਂਕਿ ਇਨ੍ਹਾਂ ਟੀਕਿਆਂ ਵਿਚ ਕੀਤੇ ਆਸਾ ਦੀ ਵਾਰ ਦੇ ਅਰਥਾਂ ਤੋਂ ਭਿੰਨ ਕੋਈ ਨਵੇਂ ਨਵੇਕਲੇ ਅਰਥ ਹੋਰ ਕਿਸੇ ਜ਼ਬਾਨ ਵਿਚ ਕੀਤੇ ਨਹੀਂ ਮਿਲਦੇ ।

## ਅਧਿਆਇ 1

## ਟਿਕਾਕਾਰੀ ਅਤੇ ਇਸ ਦੀ ਪਰੰਪਰਾ

*****
***
*

## ਟੀਕਾਕਾਰੀ ਅਤੇ ਇਸ ਦੀ ਪਰੰਪਰਾ

ਟੀਕਾ ਸ਼ਬਦ ਸੰਸਕ੍ਰਿਤ ਦੇ ਟੀਕ੍ਰ ਧਾਤੂ ਤੋਂ ਬਣਿਆ ਹੈ। ਟੀਕ੍ਰ ਦੇ ਅਰਥ ਹਨ ਬਿਆਨ ਕਰਨਾ, ਸਪਸ਼ਟ ਕਰਨਾ।[1] ਇਸ ਲਈ ਟੀਕਾ ਉਹ ਰਚਨਾ ਹੈ ਜੋ ਕਿਸੇ ਹੋਰ ਰਚਨਾ ਨੂੰ ਸਪਸ਼ਟ ਕਰਦੀ ਹੈ, ਉਸ ਦੇ ਅਰਥਾਂ ਦਾ ਬੋਧ ਕਰਵਾਉਂਦੀ ਹੈ। ਟੀਕਾ ਕਿਸੇ ਕਠਿਨ, ਸੂਖਮ, ਗੰਭੀਰ ਅਤੇ ਰਹੱਸਮਈ ਰਚਨਾ ਦਾ ਹੀ ਕਰਨ ਦੀ ਲੋੜ ਪੈਂਦੀ ਹੈ। ਬੁਧੀਮਾਨਾਂ ਅਤੇ ਅਨੁਭਵੀ ਪੁਰਸ਼ਾਂ ਨੇ ਵਿਸ਼ਵ ਭਰ ਵਿਚ ਉਕਤ ਪ੍ਰਕਾਰ ਦੀਆਂ ਰਚਨਾਵਾਂ ਕੀਤੀਆਂ ਹਨ। ਅਜਿਹੀਆਂ ਰਚਨਾਵਾਂ ਧਾਰਮਿਕ ਅਤੇ ਅਧਿਆਤਮਕ ਖੇਤਰ ਵਿਚ ਵਿਸ਼ੇਸ਼ ਤੌਰ ਤੇ ਹੋਈਆਂ ਹਨ। ਇਸੇ ਕਰਕੇ ਵਿਸ਼ਵ ਭਰ ਦੇ ਸਾਹਿਤਕ ਇਤਿਹਾਸ ਵਿਚ ਟੀਕਾਕਾਰੀ ਦਾ ਆਪਣਾ ਨਵੇਕਲਾ ਤੇ ਮਹੱਤਵਪੂਰਣ ਸਥਾਨ ਹੈ, ਭਾਵੇਂ ਇਸ ਕਲਾ ਲਈ ਵਰਤੇ ਜਾਂਦੇ ਸ਼ਬਦਾਂ ਅਤੇ ਰਹੱਸ ਨੂੰ ਖੋਲ੍ਹਣ ਲਈ ਵਰਤੀਆਂ ਜਾਂਦੀਆਂ ਵਿਧੀਆਂ ਤੇ ਮਾਪ-ਦੰਡਾਂ ਵਿਚ ਭਿੰਨਤਾ ਹੈ। ਭਾਰਤੀ ਪਰੰਪਰਾ ਵਿਚ ਅਰਥ-ਬੋਧ ਕਰਾਉਣ ਵਾਲੀਆਂ ਕ੍ਰਿਤੀਆਂ ਨੂੰ ਟੀਕਾ, ਭਾਸ਼, ਵਿਆਖਿਆ, ਵ੍ਰਿੱਤੀ, ਟਿਪਣੀ, ਵਾਰਤਿਕ, ਪੰਜਿਕਾ, ਨਿਰੁਕਤਿ, ਚੂਰਣੀ ਅਤੇ ਟਬੇ ਨਾਂ ਦਿੱਤੇ ਗਏ ਹਨ; ਇਨ੍ਹਾਂ ਸਾਰੀਆਂ ਵਿਆਖਿਆ-ਵਿਧੀਆਂ ਦਾ ਸਰੂਪ ਲਗਪਗ ਨਿਸ਼ਚਿਤ ਹੈ। ਅਰਬੀ/ਫ਼ਾਰਸੀ ਸਾਹਿਤ ਵਿਚ ਕੁਰਾਨ ਸ਼ਰੀਫ਼ ਦੇ ਅਰਥ-ਬੋਧ ਲਈ ਤਫ਼ਸੀਰ ਅਤੇ ਤਾਵੀਲ ਸ਼ਬਦ ਵਰਤੇ ਜਾਂਦੇ ਹਨ।[2] ਅੰਗਰੇਜ਼ੀ ਵਿਚ ਇਸ ਪ੍ਰਕਾਰ ਦੀਆਂ ਰਚਨਾਵਾਂ ਲਈ ਐਗਜ਼ਿਜੀਸਿਸ (exegesis), ਕੋਮੈਂਟ੍ਰੀ (commentary) ਅਤੇ ਹਰਮੀਨਿਊਟਿਕਸ (hermenutics) ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ।[3] ਗੁਰਬਾਣੀ ਦੇ ਅਰਥ-ਬੋਧ ਲਈ ਪੰਜਾਬੀ ਵਿਚ ਟੀਕਾ, ਵਿਆਖਿਆ ਅਤੇ ਪਰਮਾਰਥ ਸ਼ਬਦ ਦੀ ਵਰਤੋਂ ਹੋਈ ਹੈ ਪਰ ਇਥੇ ਟੀਕਾ ਅਤੇ ਵਿਆਖਿਆ ਨੂੰ ਵਖ ਵਿਧੀਆਂ ਜਾਣਨ

---

1 Monier-Monier Williams, <u>A Sanskrit English Dictionary</u>, 1956, p.43

2 J. Wansbrough: <u>Quranic Studies</u>, 1977, p.121.

3 Dom Celestin Charlier, <u>The Christian Approach to the Bible</u>, January 1965, p.273; Robert W. Funk, <u>Language, Hermeneutic, nd Word of God</u>, 1966, pp.10-11.

ਦੀ ਬਜਾਏ ਇਕੋ ਕੁਝ ਸਮਝਿਆ ਗਿਆ ਹੈ। ਟੀਕਾ ਅਤੇ ਵਿਆਖਿਆ ਵਿਚ ਲੇਖਕਾਂ ਨੇ ਕੋਈ ਖਾਸ ਭੇਦ ਨਹੀਂ ਮੰਨਿਆ ਸਗੋਂ ਅਚੇਤ ਰੂਪ ਵਿਚ ਇਨ੍ਹਾਂ ਦੋਹਾਂ ਸ਼ਬਦਾਂ ਨੂੰ ਇਕ ਦੂਜੇ ਦੇ ਬਦਲ ਵਜੋਂ ਵੀ ਵਰਤਿਆ ਹੈ।[1] ਪਰਮਾਰਥ-ਵਿਧੀ ਦਾ ਪੰਜਾਬੀ ਵਿਚ ਆਪਣਾ ਵਖਰਾ ਸਰੂਪ ਜ਼ਰੂਰ ਉਸਰਿਆ ਹੈ ਪਰ ਇਸ ਵਿਧੀ ਦੀ ਇਕ ਵਿਸ਼ੇਸ਼ ਵਰਗ (ਮਿਹਰਬਾਨ ਸੰਪ੍ਰਦਾਇ) ਦੁਆਰਾ ਹੀ ਵਰਤੋਂ ਕੀਤੀ ਗਈ ਹੈ। ਇਸ ਵਿਧੀ ਦੀ ਵਰਤੋਂ ਦਾ ਅੰਤ ਵੀ ਛੇਤੀ ਹੋ ਗਿਆ। ਅਰਥ-ਬੋਧ ਕਰਾਉਣ ਵਾਲੀਆਂ ਰਚਨਾਵਾਂ ਨੂੰ ਆਮ ਤੌਰ ਤੇ ਪੰਜਾਬੀ ਵਿਚ ਟੀਕਾ ਨਾਮ ਹੀ ਦਿੱਤਾ ਗਿਆ ਹੈ।

## ਟੀਕਾਕਾਰੀ ਦੇ ਵਿਭਿੰਨ ਸਰੂਪ

### ਟੀਕਾ

ਹਿੰਦੀ ਅਤੇ ਸੰਸਕ੍ਰਿਤ ਦੇ ਕੋਸ਼ਾਂ ਵਿਚ ਟੀਕੇ ਦੀ ਇਕ ਆਮ ਪਰਿਭਾਸ਼ਾ ਇਹ ਮਿਲਦੀ ਹੈ ਕਿ ਟੀਕਾ ਕਿਸੇ ਪਦ, ਵਾਕ ਜਾਂ ਗ੍ਰੰਥ ਦੇ ਅਰਥ ਸਪਸ਼ਟ ਕਰਨ ਵਾਲਾ ਵਾਕ, ਕਥਨ, ਲੇਖ ਜਾਂ

---

1 ਉਦਾਹਰਣ ਲਈ, ਭਾਈ ਵੀਰ ਸਿੰਘ ਨੇ 'ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਜੋ ਅਰਥ ਕੀਤੇ ਹਨ ਉਨ੍ਹਾਂ ਲਈ ਉਪਸ਼ੀਰਸ਼ਕ 'ਵਿਆਖਿਆ' ਦੀ ਵਰਤੋਂ ਕੀਤੀ ਹੈ। ਪਰ ਕੀ ਭਾਈ ਵੀਰ ਸਿੰਘ ਵਿਆਖਿਆ ਨੂੰ ਟੀਕੇ ਤੋਂ ਵਖਰੀ ਵਿਧੀ ਜਾਣ ਕੇ ਅਰਥ ਕਰ ਰਹੇ ਸਨ? ਇਸ ਪ੍ਰਸ਼ਨ ਦਾ ਉੱਤਰ ਉਕਤ ਗ੍ਰੰਥ ਦੀ ਭੂਮਿਕਾ ਵਿਚੋਂ ਹੀ ਮਿਲ ਜਾਂਦਾ ਹੈ। ਇਸ ਭੂਮਿਕਾ ਵਿਚ ਵਿਚਾਰ ਅਧੀਨ ਪੁਸਤਕ ਬਾਰੇ ਭਾਈ ਵੀਰ ਸਿੰਘ ਦੁਆਰਾ ਲਿਖੇ ਇਕ ਨੋਟ ਵਿਚ ਉਨ੍ਹਾਂ ਨੇ ਆਪ ਹੀ ਇਸ ਕ੍ਰਿਤੀ ਨੂੰ ਟੀਕਾ ਆਖਿਆ ਹੈ:

> "ਅਸਾਂ ਇਸ ਟੀਕੇ ਵਿਚ ਕਿਸੇ ਇਕ ਪਖ ਦੀ ਕਿਸੀ ਕੋਈ ਖਿਚੋਤਾਣ ਨਹੀਂ ਕੀਤੀ।" ( ਪੰਨਾ ਅ )।

ਇਸੇ ਪੁਸਤਕ ਦੀ ਭੂਮਿਕਾ ਵਿਚ ਡਾ. ਬਲਬੀਰ ਸਿੰਘ ਨੇ ਇਸ ਕ੍ਰਿਤੀ ਲਈ ਦੋ ਵਾਰ ਟੀਕਾ ਸ਼ਬਦ ਦੀ ਵਰਤੋਂ ਕੀਤੀ ਹੈ ਜਿਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਦੋਹਾਂ ਵਿਦਵਾਨਾਂ ਲਈ ਪੰਜਾਬੀ ਵਿਚ ਟੀਕਾ ਤੇ ਵਿਆਖਿਆ ਇਕੋ ਚੀਜ਼ ਹਨ:

(1) "ਮੈਂ ਡਿਹਰਾਦੂਨ ਤੋਂ ਅੰਮ੍ਰਿਤਸਰ ਗਿਆ ਸਾਂ, ਓਹ ਮੈਨੂੰ ਉਡੀਕ ਰਹੇ ਸਨ, ਕੁਛ ਤਾਂ ਨਾਲ, ਕਈ ਗੱਲਾਂ ਸਨ ਕਰਨ ਵਾਲੀਆਂ ਪਰ ਜਿਹੜੀ ਸਭ ਤੋਂ ਜ਼ਰੂਰੀ ਸੀ ਉਹ ਇਸ <u>ਟੀਕੇ ਬਾਬਤ</u> ਹੀ ਸੀ, ਜਿਸ ਦਾ ਨਾਮ ਉਹਨਾਂ ਨੇ 'ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ' ਰਖਿਆ ਹੈ।" (ਪੰਨਾ ੳ)

(ii) "ਇਸ <u>ਟੀਕੇ ਬਾਬਤ</u> ਉਹਨਾਂ ਦੇ ਆਪਣੇ ਹੋਰ ਕੀ ਖਿਆਲ ਸਨ? ਇਸ ਨੂੰ ਲਫ਼ਜ਼ਾਂ ਵਿਚ ਬਿਆਨ ਕਰ ਸਕਣਾ ਮੁਸ਼ਕਿਲ ਹੈ।" (ਪੰਨਾ ਙ)

ਭਾਈ ਵੀਰ ਸਿੰਘ, ਉਕਤ ਗ੍ਰੰਥ, ਪੋਥੀ ਪਹਿਲੀ, ਤੀਜਾ ਸੰਸਕਰਣ, ਮਾਰਚ 1972.

ਗ੍ਰੰਥ ਹੈ।[1] ਟੀਕੇ ਦਾ ਮੰਤਵ ਮੂਲ ਰਚਨਾ ਦੇ ਭਾਵ ਮੰਡਲ ਵਿਚ ਪ੍ਰਵੇਸ਼ ਕਰਕੇ ਗਹਿਰਾਈ ਤਕ ਜਾਣਾ ਅਤੇ ਉਸ ਦੇ ਅਰਥਾਂ ਦਾ ਗਿਆਨ ਪ੍ਰਾਪਤ ਕਰਕੇ ਉਨ੍ਹਾਂ ਨੂੰ ਬਿਆਨ ਕਰਨਾ ਹੈ।[2] ਇਕ ਪਰਿਭਾਸ਼ਾ ਅਨੁਸਾਰ ਟੀਕੇ ਵਿਚ ਕੇਵਲ ਕਠਿਨ ਪਦਾਂ ਦੀ ਹੀ ਵਿਆਖਿਆ ਕੀਤੀ ਜਾਂਦੀ ਹੈ।[3] ਇਸੇ ਕਰਕੇ ਟੀਕੇ ਨੂੰ ਵ੍ਰਿੱਤੀ ਵਾਂਗ ਸੰਖੇਪ ਵੀ ਹੋਣਾ ਚਾਹੀਦਾ ਹੈ।[4] ਇਸ ਦੇ ਵਿਰੁਧ ਆਚਾਰੀਆ ਹੇਮ ਚੰਦ੍ਰ ਦਾ ਮਤ ਹੈ ਕਿ ਟੀਕਾ ਕਠਿਨ ਪਦਾਂ ਦੀ ਹੀ ਵਿਆਖਿਆ ਨਹੀਂ ਸਗੋਂ ਮੂਲ ਦੇ ਸੁਖੈਨ ਅਤੇ ਕਠਿਨ ਸਾਰੇ ਪਦਾਂ ਦੀ ਹੀ ਵਿਆਖਿਆ ਹੈ।[5] ਹੋ ਸਕਦਾ ਹੈ ਕਿ ਸੰਸਕ੍ਰਿਤ ਦੇ ਅਨੇਕ ਉਪਲਬਧ ਟੀਕਿਆਂ ਵਿਚੋਂ ਕੁਝ ਟੀਕਿਆਂ ਵਿਚ ਹਰੇਕ ਪਦ ਦੀ ਵਿਆਖਿਆ ਮਿਲਦੀ ਹੋਵੇ ਅਤੇ ਇਹ ਵੀ ਹੋ ਸਕਦਾ ਹੈ ਕਿ ਕੁਝ ਵਿਚ ਕੇਵਲ ਕਠਿਨ ਪਦਾਂ ਦੀ ਹੀ ਵਿਆਖਿਆ ਹੋਵੇ ਪਰ ਆਮ ਤੌਰ ਤੇ ਸੰਸਕ੍ਰਿਤ ਟੀਕਿਆਂ ਵਿਚ, ਇਨ੍ਹਾਂ ਦੋਹਾਂ ਰੁਚੀਆਂ ਤੋਂ ਪਰੇ ਹਟ ਕੇ, ਸਾਰੇ ਆਵੱਸ਼ਕ ਪਦਾਂ ਦੀ ਵਿਆਖਿਆ ਕੀਤੀ ਗਈ ਹੈ।[6] ਟੀਕੇ ਉਤੇ ਗੱਦ ਜਾਂ ਪੱਦ ਦਾ ਵੀ ਕੋਈ ਬੰਧਨ ਨਹੀਂ। ਗੱਦਮਈ ਜਾਂ ਪੱਦਮਈ ਰਚਨਾ ਦਾ ਗੱਦ ਜਾਂ ਪੱਦ ਕਿਸੇ ਵਿਚ ਵੀ ਟੀਕਾ ਕੀਤਾ

---

1 ਸ਼ਿਆਮਸੁੰਦਰ ਦਾਸ (ਮੂਲ ਸੰਪਾਦਕ), <u>ਹਿੰਦੀ ਸ਼ਬਦ ਸਾਗਰ</u>, 1968, ਚੌਥਾ ਭਾਗ, ਪੰਨਾ 1889; ਸ੍ਰੀ ਨਵਲ ਜੀ (ਸੰਪਾਦਕ), <u>ਨਾਲੰਦਾ ਵਿਸ਼ਾਲ ਸ਼ਬਦ ਸਾਗਰ</u>, 2007 ਬਿਕ੍ਰਮੀ ਪੰਨਾ 465; ਸ੍ਰੀ ਤਾਰਾ ਨਾਥ, <u>ਵਾਚਸਪਤਯਮ</u> (ਸੰਸਕ੍ਰਿਤ), 1962, ਚੌਥਾ ਭਾਗ, ਪੰਨਾ 3188; ਰਾਮ ਚੰਦ੍ਰ ਵਰਮਾ (ਪ੍ਰਧਾਨ ਸੰਪਾਦਕ), <u>ਮਾਨਕ ਹਿੰਦੀ ਕੋਸ਼</u>, ਪ੍ਰਥਮ ਸੰਸਕਰਣ ਦੂਸਰਾ ਖੰਡ, ਪੰਨਾ 436.

2 " टीक्यते गम्यते प्रक्रियते ज्ञायते वानया" — ਰਾਜਾ ਰਾਧਾਕਾਂਤ ਦੇਵ, <u>ਸ਼ਬਦਕਲਪਦ੍ਰੁਮ</u> (ਸੰਸਕ੍ਰਿਤ), 1961, ਦੂਸਰਾ ਭਾਗ, ਪੰਨਾ 572; "टीक्यते गम्यते ग्रन्थार्थोऽनया" — Vaman Shiv Ram Apte, <u>The Practical Sanskrit-English Dictionary</u>, 1958, Vol. II, p. 570.

3 ਭਾਨੁਜੀ ਦੀਕਸ਼ਿਤ ਦੀ 'ਰਾਮਾਸ਼੍ਰਮੀ' ਵਿਚ ਟੀਕੇ ਦੀ ਪਰਿਭਾਸ਼ਾ "विषम-पद-व्याख्या" ਕੀਤੀ ਗਈ ਹੈ।—ਡਾ. ਧੀਰੇਂਦ੍ਰ ਵਰਮਾ (ਪ੍ਰਧਾਨ ਸੰਪਾਦਕ), <u>ਹਿੰਦੀ ਸਾਹਿਤਯ ਕੋਸ਼</u>, ਪ੍ਰਥਮ ਸੰਸਕਰਣ, ਪੰਨਾ 311.

4 " विषमपदव्याख्यानरूपायां वृत्तौ" — ਸ੍ਰੀ ਤਾਰਾ ਨਾਥ ਭੱਟਾਚਾਰੀਆ, <u>ਸ਼ਬਦਸਤੋਮਮਹਾਨਿਧਿ</u>, 1967, ਪੰਨਾ 189.

5 " टीका निरन्तर व्याख्या" - "सुगमानां विषमाणां च निरन्तर व्याख्या" — ਡਾ. ਧੀਰੇਂਦ੍ਰ ਵਰਮਾ (ਪ੍ਰ: ਸੰਪਾ:) <u>ਹਿੰਦੀ ਸਾਹਿਤਯ ਕੋਸ਼</u>, ਪ੍ਰਥਮ ਸੰਸਕਰਣ, ਪੰਨਾ 311.

6 ਉਹੀ।

ਜਾ ਸਕਦਾ ਹੈ। ਉਂਝ, ਬਹੁਤੇ ਟੀਕੇ ਛੰਦ-ਰੂਪ ਵਿਚ ਹੀ ਮਿਲਦੇ ਹਨ। ਸੰਸਕ੍ਰਿਤ ਵਿਚ ਵਖ ਵਖ ਭਾਸ਼ਾਂ ਉਤੇ ਕੀਤੇ ਗਏ ਟੀਕੇ ਵੀ ਮਿਲਦੇ ਹਨ ਜਿਵੇਂ ਸ਼ੰਕਰ-ਭਾਸ਼ ਉਤੇ ਆਨੰਦਗਿਰੀ ਦਾ ਟੀਕਾ। ਇਸ ਤੋਂ ਪਤਾ ਲਗਦਾ ਹੈ ਕਿ ਟੀਕਾ ਸਰਲ ਅਰਥ ਕਰਨ ਦਾ ਨਾਂ ਹੈ, ਕਿਉਂਕਿ ਭਾਸ਼ ਦੁਆਰਾ ਕੀਤੀ ਗਈ ਵਿਆਖਿਆ ਦਾ ਅਗੋਂ ਸਰਲੀਕਰਣ ਟੀਕੇ ਦੁਆਰਾ ਕੀਤਾ ਜਾਂਦਾ ਹੈ। ਉਪਰੋਕਤ ਚਰਚਾ ਤੋਂ ਬਾਅਦ ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਟੀਕਾ ਕਿਸੇ ਕਠਿਨ, ਗੰਭੀਰ, ਸੂਤ੍ਰਿਕ ਕ੍ਰਿਤੀ ਜਾਂ ਸ੍ਰੇਸ਼ਠ ਗ੍ਰੰਥ ਦਾ ਹੀ ਕੀਤਾ ਜਾਂਦਾ ਹੈ। ਛੰਦ ਜਾਂ ਪੱਦ ਵਿਚ ਆਵੱਸ਼ਕ ਪਦਾਂ ਦੀ ਵਿਆਖਿਆ ਰਾਹੀਂ ਕਿਸੇ ਰਚਨਾ ਦੇ ਸਰਲ ਤੇ ਸੁਬੋਧ ਅਰਥ ਕਰਨ ਦਾ ਨਾਂ ਹੀ ਟੀਕਾ ਹੈ।

ਭਾਸ਼

ਭਾਸ਼ ਦੇ ਕੋਸ਼ਗਤ ਅਰਥ ਹਨ ਕਹਿਣਾ, ਬੋਲਣਾ, ਗੱਲਾਂ ਕਰਨੀਆਂ।[1] ਸਾਧਾਰਣ ਬੋਲ ਚਾਲ ਵਿਚ ਕਿਸੇ ਗੂੜ੍ਹ ਗੱਲ ਜਾਂ ਵਾਕ ਦੀ ਵਿਸਤ੍ਰਿਤ ਵਿਆਖਿਆ ਨੂੰ ਵੀ ਭਾਸ਼ ਆਖ ਦਿੱਤਾ ਜਾਂਦਾ ਹੈ।[2] ਭਾਸ਼ ਦੇ ਅਰਥ ਭਾਸ਼ਾ ਗ੍ਰੰਥ ਵੀ ਕੀਤੇ ਗਏ ਹਨ ਅਤੇ ਇਸ ਅਰਥ ਵਿਚ ਭਾਸ਼ ਸ਼ਬਦ ਭਾਸ਼ਾ ਤੋਂ ਨਿਕਲਿਆ ਹੋਇਆ ਪ੍ਰਤੀਤ ਹੁੰਦਾ ਹੈ।[3] ਭਾਸ਼ ਦੇ ਅਰਥ "ਪ੍ਰਕਾਸ਼ਯੋਗ" ਅਤੇ "ਪ੍ਰਗਟ ਕਰਨ ਲਾਇਕ" ਵੀ ਹਨ।[4] ਇਨ੍ਹਾਂ ਅਰਥਾਂ ਤੋਂ ਭਾਸ਼ ਦਾ ਮੰਤਵ ਕਿਸੇ ਰਚਨਾ ਦੇ ਗੂਢ ਅਰਥਾਂ ਦਾ ਪ੍ਰਕਾਸ਼ ਕਰਨਾ ਸਿੱਧ ਹੁੰਦਾ ਹੈ। ਹੇਮ ਚੰਦ੍ਰ ਨੇ ਸੂਤ੍ਰ ਦੀ ਵਿਸਤਾਰ ਪੂਰਵਕ ਵਿਆਖਿਆ ਨੂੰ ਭਾਸ਼ ਮੰਨਿਆ ਹੈ।[5] ਸੰਸਕ੍ਰਿਤ ਸਾਹਿਤ ਵਿਚ ਭਾਸ਼ ਇਕ ਪਰਿਭਾਸ਼ਕ ਸ਼ਬਦ ਹੈ ਅਤੇ ਉਥੇ ਸੂਤ੍ਰ ਅਤੇ ਭਾਸ਼ ਦਾ ਅਨਿਖੜ

---

1 Monier Monier- Williams, A Sanskrit -English Dictionary, 2 1956, p. 755.

2 ਸ਼ਿਆਮਸੁੰਦਰ ਦਾਸ (ਮੁ: ਸੰਪਾ:), ਹਿੰਦੀ ਸ਼ਬਦ ਸਾਗਰ, 1970, ਸਤਵਾਂ ਭਾਗ, ਪੰਨਾ 3655; ਰਾਮ ਚੰਦ੍ਰ ਵਰਮਾ (ਪ੍ਰ: ਸੰਪਾ:), ਮਾਨਕ ਹਿੰਦੀ ਕੋਸ਼, ਪ੍ਰਥਮ ਸੰਸਕਰਣ ਚੌਥਾ ਖੰਡ, ਪੰਨਾ 219.

3 ਡਾ. ਧੀਰੇਂਦ੍ਰ ਵਰਮਾ (ਪ੍ਰ: ਸੰਪਾ:), ਹਿੰਦੀ ਸਾਹਿਤ ਕੋਸ਼, ਪ੍ਰਥਮ ਸੰਸਕਰਣ, ਪੰਨਾ 735.

4 ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਤੀਜਾ ਸੰਸਕਰਣ, ਪੰਨਾ 941.

5 ਰਾਜਾ ਰਾਧਾਕਾਂਤ ਦੇਵ, ਸ਼ਬਦਕਲਪਦ੍ਰੁਮ, ਤੀਜਾ ਭਾਗ, ਪੰਨਾ 509.

ਸੰਬੰਧ ਹੈ। ਸੂਤ੍ਰ ਅਤਿ ਸੰਖਿਪਤ ਹੁੰਦਿਆਂ ਹੋਇਆਂ ਵੀ ਅਰਥ ਭਰਪੂਰ ਹੁੰਦਾ ਹੈ ਅਤੇ ਇਸੇ ਕਰਕੇ ਅਸਪਸ਼ਟ ਵੀ। ਸੂਤ੍ਰਾਂ ਨੂੰ ਵਿਆਖਿਆ ਰਾਹੀਂ ਸਪਸ਼ਟ ਕਰਨ ਦੀ ਲੋੜ ਨੇ ਹੀ ਭਾਸ਼੍ਯ-ਸਾਹਿਤ ਨੂੰ ਜਨਮ ਦਿੱਤਾ। ਸੰਸਕ੍ਰਿਤ ਸਾਹਿਤ ਵਿਚ ਭਾਸ਼੍ਯ ਦੀ ਆਪਣੀ ਵਿਸ਼ੇਸ਼ ਸ਼ੈਲੀ ਹੈ। ਪਹਿਲਾਂ ਸੂਤ੍ਰ ਦਿੱਤਾ ਜਾਂਦਾ ਹੈ। ਫਿਰ ਸੂਤ੍ਰ ਵਿਚ ਆਏ ਪਦਾਂ ਦਾ ਸੰਖਿਪਤ ਸੂਤ੍ਰਾਤਮਕ ਵਾਕਾਂ ਵਿਚ ਅਰਥ ਦਿੱਤਾ ਜਾਂਦਾ ਹੈ। ਉਸ ਤੋਂ ਪਿਛੋਂ ਭਾਸ਼੍ਯਕਾਰ ਦੇ ਆਪਣੇ ਵਾਕਾਂ ਵਿਚ ਆਏ ਪਦਾਂ ਦਾ ਵਿਸ਼ੇਸ਼ ਵਿਆਖਿਆਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਸੂਤ੍ਰ ਦੇ ਸਾਰੇ ਅਰਥਾਂ ਨੂੰ ਸਪਸ਼ਟ ਕੀਤਾ ਜਾਂਦਾ ਹੈ।[1]

ਭਾਸ਼੍ਯ ਵਿਚ ਭਾਸ਼੍ਯਕਾਰ ਸੂਤ੍ਰਾਂ ਦੀ ਜੋ ਵਿਆਖਿਆ ਕਰਦਾ ਹੈ ਉਸ ਦੀ ਪੁਸ਼ਟੀ ਉਹ ਆਪਣੇ ਵਿਚਾਰਾਂ ਨਾਲ ਕਰ ਸਕਦਾ ਹੈ ਅਤੇ ਆਪਣੇ ਵਿਚਾਰਾਂ ਨੂੰ ਹੋਰ ਖੋਲ੍ਹ ਕੇ ਬਿਆਨ ਕਰਨ ਦੀ ਵੀ ਉਸਨੂੰ ਸੁਤੰਤਰਤਾ ਹੁੰਦੀ ਹੈ। ਲੋਕਮਾਨਯ ਬਾਲ-ਗੰਗਾਧਰ ਤਿਲਕ ਦਾ ਵਿਚਾਰ ਹੈ ਕਿ ਭਾਸ਼੍ਯਕਾਰ ਮੂਲ ਰਚਨਾ ਦੇ ਕੇਵਲ ਅਰਥ ਵਰਣਨ ਕਰਨ ਨਾਲ ਹੀ ਸੰਤੁਸ਼ਟ ਨਹੀਂ ਰਹਿੰਦਾ, ਉਹ ਉਸ ਗ੍ਰੰਥ ਦੀ ਨਿਆਂਯੁਕਤ ਸਮਾਲੋਚਨਾ ਕਰਦਾ ਹੈ; ਆਪਣੇ ਮਤ ਅਨੁਸਾਰ ਉਸ ਦਾ ਤਾਤਪਰਜ ਦਸਦਾ ਹੈ;ਅਤੇ ਉਸੇ ਅਨੁਸਾਰ ਉਹ ਇਹ ਵੀ ਦਸਦਾ ਹੈ ਕਿ ਗ੍ਰੰਥ ਦੇ ਅਰਥ ਕਿਵੇਂ ਲਗਾਉਣੇ ਚਾਹੀਦੇ ਹਨ।[2] ਭਾਸ਼੍ਯ- ਕਾਲ ਵਿਚ ਵਿਭਿੰਨ ਮਤਾਂ ਦੇ ਦਰਸ਼ਨ-ਅਚਾਰੀਆ ਆਪਸ ਵਿਚ ਵਾਦ ਵਿਵਾਦ ਆਮ ਕਰਿਆ ਕਰਦੇ ਸਨ ਜਿਸ ਵਿਚ ਵੱਖ ਵੱਖ ਵਿਧੀਆਂ ਰਾਹੀਂ ਉਹ ਆਪਣੇ ਮਤ ਨੂੰ ਸਹੀ ਦਰਸਾਉਂਦੇ ਅਤੇ ਵਿਰੋਧੀਆਂ ਦੇ ਮਤਾਂ ਦਾ ਖੰਡਨ ਕਰਦੇ ਸਨ। ਇਸ ਵਾਦ-ਪੱਧਤੀ ਦਾ ਪ੍ਰਭਾਵ ਵੀ ਭਾਸ਼੍ਯ ਸਾਹਿਤ ਉਤੇ ਪਿਆ। ਇਸੇ ਕਰਕੇ "ਭਾਸ਼੍ਯਕਾਰ ਵਿਭਿੰਨ ਵਿਚਾਰਾਂ ਤੇ ਵਾਦ-ਵਿਵਾਦ ਕਰਦਾ ਹੈ,ਆਪਣਾ ਤਰਕ ਪੇਸ਼ ਕਰਦਾ ਹੈ,ਆਪਣੇ ਵਿਰੋਧੀਆਂ ਦੀ ਆਲੋਚਨਾ ਕਰਦਾ ਅਤੇ ਉਨ੍ਹਾਂ ਦੇ ਮਤਾਂ ਦਾ ਖੰਡਨ ਕਰਦਾ ਹੈ।"[3] ਇਸ ਤੋਂ ਸਿੱਧ ਹੁੰਦਾ ਹੈ ਕਿ ਭਾਸ਼੍ਯ

---

1 "सूत्रार्थो वर्ण्यते यत्र पदैः सूत्रानुसारिभिः।
स्वपदानि च वर्ण्यन्ते भाष्यं भाष्यविदो विदुः ॥"
-ਰਾਜਾ ਰਾਧਾਕਾਂਤ ਦੇਵ, ਸ਼ਬਦ ਕਲਪਦ੍ਰੁਮ, ਤੀਜਾ ਭਾਗ, ਪੰਨਾ 509.
ਹੋਰ ਗ੍ਰੰਥਾਂ ਵਿਚ "ਪਦੈ" ਦੀ ਥਾਂ "वाक्यै" ਅਤੇ "शब्दै" ਦਾ ਪ੍ਰਯੋਗ ਵੀ ਮਿਲਦਾ ਹੈ।

2 ਸ੍ਰੀਮਦ ਭਗਵਦਗੀਤਾ ਰਹੱਸ (ਅਨੁ: ਮਾਧਵਰਾਵਜੀ ਸਪ੍ਰੇ), ਗਿਆਰਵਾਂ ਸੰਸਕਰਣ,ਪੰਨਾ 1

3 Dr.P.D. Chandratre, Methodology of the Major Bhasyas on the Braham-Sutra, Ist. Edition, p.3.

ਕਿਸੇ ਵਿਸ਼ੇਸ਼ ਦ੍ਰਿਸ਼ਟੀਕੋਣ ਨੂੰ ਮੁਖ ਰਖ ਕੇ ਲਿਖਿਆ ਜਾਂਦਾ ਹੈ ਅਤੇ ਇਕੋ ਮੂਲ ਰਚਨਾ ਦੇ ਵਖ ਵਖ ਭਾਸ਼ ਵਖ ਵਖ ਦ੍ਰਿਸ਼ਟੀਕੋਣਾਂ ਨੂੰ ਪ੍ਰਗਟਾਉਂਦੇ ਹਨ। ਸੋ, ਭਾਸ਼ ਇਕ ਵਿਸ਼ੇਸ਼ ਸ਼ੈਲੀ ਵਿਚ ਸੂਤ੍ਰਾਂ ਦੀ ਅਜੇਹੀ ਵਿਸਤਾਰਪੂਰਵਕ ਵਿਆਖਿਆ ਹੈ ਜਿਸ ਵਿਚ ਭਾਸ਼ਕਾਰ ਨੇ ਆਪਣੇ ਦ੍ਰਿਸ਼ਟੀਕੋਣ ਨੂੰ ਸਹੀ ਸਿਧ ਕਰਨ ਲਈ ਆਪਣੇ ਵਿਚਾਰ ਵੀ ਦਿੱਤੇ ਹੋਏ ਹਨ। ਭਾਸ਼ ਵਿਚ ਕੀਤੀ ਵਿਆਖਿਆ ਟੀਕੇ ਨਾਲੋਂ ਕਠਿਨ, ਗੰਭੀਰ ਅਤੇ ਵਧੇਰੇ ਵਿਸਤਾਰ ਪੂਰਵਕ ਹੁੰਦੀ ਹੈ।

## ਵ੍ਰਿੱਤੀ

ਟੀਕੇ ਤੇ ਭਾਸ਼ ਵਾਂਗ ਹੀ ਵ੍ਰਿੱਤੀ ਵੀ ਇਕ ਵਿਆਖਿਆ-ਵਿਧੀ ਦਾ ਨਾਂ ਹੈ। ਇਸ ਰਾਹੀਂ ਸੂਤ੍ਰ ਜਾਂ ਸੂਤ੍ਰ ਗ੍ਰੰਥ ਦੇ ਅਰਥ ਵਰਣਨ ਕੀਤੇ ਜਾਂਦੇ ਹਨ। ਪੁਰਾਤਨ ਗ੍ਰੰਥਾਂ ਵਿਚ ਵ੍ਰਿੱਤੀ ਸ਼ਬਦ ਦਾ ਪ੍ਰਯੋਗ ਵਿਭਿੰਨ ਅਰਥਾਂ ਵਿਚ ਹੋਇਆ ਹੈ। ਪਤੰਜਲੀ ਰਿਸ਼ੀ ਦੇ ਯੋਗ ਦਰਸ਼ਨ ਵਿਚ ਇਹ ਸ਼ਬਦ ਚਿਤ ਦੀਆਂ ਬਿਰਤੀਆਂ ਲਈ ਵਰਤਿਆ ਗਿਆ ਹੈ।[1] ਵਿਆਕਰਣ ਸ਼ਾਸਤ੍ਰ ਵਿਚ ਇਕ ਅਰਥ ਦੇ ਅੰਦਰ ਦੂਸਰੇ ਨਵੇਂ ਅਰਥ ਪ੍ਰਗਟ ਕਰਨ ਵਾਲੀ ਗੂੜ੍ਹ ਸ਼ਬਦ ਰਚਨਾ ਨੂੰ ਵ੍ਰਿੱਤੀ ਆਖਿਆ ਜਾਂਦਾ ਹੈ। ਇਹ ਵ੍ਰਿੱਤੀਆਂ ਹਨ—ਕ੍ਰਿਤ, ਤੱਧਿਤ, ਸਮਾਸ, ਏਕਸ਼ੇਸ। ਸ਼ਬਦਾਂ ਦੀਆਂ ਅਭਿਧਾ, ਲਕ੍ਸ਼ਣਾ ਅਤੇ ਵਿਅੰਜਨਾ ਨਾਮ ਦੀਆਂ ਅਰਥ-ਬੋਧਕ ਸ਼ਕਤੀਆਂ ਲਈ ਵੀ ਵ੍ਰਿੱਤੀ ਸ਼ਬਦ ਵਰਤਿਆ ਗਿਆ ਹੈ।[2] ਜਦੋਂ ਵ੍ਰਿੱਤੀ ਸ਼ਬਦ ਵਿਆਖਿਆ ਕਿ- ਦੇ ਅਰਥਾਂ ਵਿਚ ਪ੍ਰਯੁਕਤ ਹੁੰਦਾ ਹੈ ਤਾਂ ਇਸ ਤੋਂ ਭਾਵ ਸੰਖਿਪਤ ਅਤੇ ਗੰਭੀਰ ਵਿਆਖਿਆ ਲਿਆ ਜਾਂਦਾ ਹੈ।[3] ਭਾਈ ਕਾਨ੍ਹ ਸਿੰਘ ਨੇ ਵ੍ਰਿੱਤੀ ਨੂੰ "ਗ੍ਰੰਥ ਦੇ ਹਾਸ਼ੀਏ ਪੁਰ ਲਿਖਿਆ ਹੋਇਆ ਅਰਥ"[4] ਅਤੇ "ਸੂਤ੍ਰ ਦਾ ਸਾਰ-ਅਰਥ ਦਿਖਾਉਣ ਵਾਲੀ ਟਿਪਣੀ"[5] ਦਸਿਆ ਹੈ। ਇਹ ਪਰਿਭਾਸ਼ਾਵਾਂ ਵ੍ਰਿੱਤੀ ਦੀ ਸੰਖੇਪਤਾ ਵਲ ਹੀ ਸੰਕੇਤ ਕਰਦੀਆਂ ਹਨ। ਮਾਨਕ ਹਿੰਦੀ ਕੋਸ਼ ਵਿਚ ਵ੍ਰਿੱਤੀ ਦਾ ਮੰਤਵ ਮੂਲ ਗ੍ਰੰਥ ਦਾ

---

1 "योगश्चित्तवृत्तिनिरोधः।।" — <u>ਪਾਤੰਜਲ ਯੋਗ ਦਰਸ਼ਨ</u>, 1.2.

2 ਡਾ. ਧੀਰੇਂਦ੍ਰ ਵਰਮਾ (ਪ੍ਰ: ਸੰਪਾ:), <u>ਹਿੰਦੀ ਸਾਹਿਤ੍ਯ ਕੋਸ਼</u>, ਪ੍ਰਥਮ ਸੰਸਕਰਣ, ਪੰਨਾ 735.

3 ਸ਼੍ਯਾਮਸੁੰਦਰ ਦਾਸ (ਪ੍ਰ: ਸੰਪਾ:), <u>ਹਿੰਦੀ ਸ਼ਬਦ ਸਾਗਰ</u>, 1972, ਨੌਵਾਂ ਭਾਗ, ਪੰਨਾ 4587; ਰਾਮ ਸਰੂਪ ਸ਼ਾਸਤ੍ਰੀ, <u>ਆਦਰਸ਼ ਹਿੰਦੀ-ਸੰਸਕ੍ਰਿਤ ਕੋਸ਼</u>, 1957, ਪੰਨਾ 523.

4 <u>ਮਹਾਨ ਕੋਸ਼</u>, ਤੀਜਾ ਸੰਸਕਰਣ, ਪੰਨਾ 1114.

5 ਉਹੀ, ਪੰਨਾ 1247.

ਆਸ਼ਾ ਪ੍ਰਗਟ ਕਰਨਾ ਦਸਿਆ ਗਿਆ ਹੈ।[1] ਪਾਣਿਨੀ ਦੇ ਸੂਤ੍ਰਾਂ ਉਤੇ 'ਕਾਸ਼ਿਕਾ ਵ੍ਰਿੱਤੀ' ਬੜੀ ਪ੍ਰਸਿੱਧ ਹੈ। ਸੰਸਕ੍ਰਿਤ ਸਾਹਿਤ ਵਿਚ ਟੀਕੇ ਅਤੇ ਭਾਸ਼ ਦੇ ਮੁਕਾਬਲੇ ਵਿਚ ਵ੍ਰਿੱਤੀ-ਸਾਹਿਤ ਬਹੁਤ ਥੋੜ੍ਹਾ ਹੈ। ਇਥੇ ਵ੍ਰਿੱਤੀ ਤੇ ਸੂਤ੍ਰ ਦਾ ਗੂੜ੍ਹਾ ਸੰਬੰਧ ਹੈ। ਸੂਤ੍ਰ ਕਿਉਂਕਿ ਯਾਦ ਕਰਨ ਲਈ ਹੁੰਦਾ ਸੀ, ਸੂਤ੍ਰਕਾਰ ਇਸ ਨੂੰ ਵੱਧ ਤੋਂ ਵੱਧ ਸੰਖੇਪ ਕਰਨ ਦਾ ਯਤਨ ਕਰਦਾ ਸੀ। ਸੂਤ੍ਰਕਾਰਾਂ ਬਾਰੇ ਇਹ ਗੱਲ ਬੜੀ ਪ੍ਰਸਿੱਧ ਹੈ ਕਿ ਸੂਤ੍ਰ ਵਿਚੋਂ ਅੱਧੀ ਮਾਤ੍ਰਾ ਘਟਾ ਦੇਣ ਨਾਲ ਕਿਸੇ ਵੀ ਸੂਤ੍ਰਕਾਰ ਨੂੰ ਪੁੱਤਰ ਦੇ ਜਨਮ ਜਿੰਨੀ ਖੁਸ਼ੀ ਹੁੰਦੀ ਸੀ। ਸੂਤ੍ਰ ਦੀ ਇਸ ਅਤਿ ਸੰਖੇਪਤਾ ਕਾਰਣ ਉਸ ਦੀ ਅਸਪਸ਼ਟਤਾ ਦਾ ਵਧ ਜਾਣਾ ਸੁਭਾਵਿਕ ਸੀ ਜਿਸ ਦਾ ਸੂਤ੍ਰਕਾਰ ਨੂੰ ਆਪ ਵੀ ਇਹਸਾਸ ਹੁੰਦਾ ਸੀ। ਇਸ ਕਰਕੇ ਸੂਤ੍ਰਕਾਰ ਅਕਸਰ ਆਪ ਹੀ ਆਪਣੇ ਸੂਤ੍ਰਾਂ ਦੀ ਸੰਖੇਪ (ਪਰ ਸੂਤ੍ਰ ਨਾਲੋਂ ਵਿਸਤ੍ਰਿਤ) ਵਿਆਖਿਆ ਵੀ ਕਰ ਦਿੰਦਾ ਸੀ ਜਿਵੇਂ ਮੰਮਟ ਨੇ ਆਪਣੇ 'ਕਾਵਯ ਪ੍ਰਕਾਸ਼' ਵਿਚ ਕੀਤੀ ਹੈ। ਇਸ ਵਿਆਖਿਆ ਨੂੰ ਵ੍ਰਿੱਤੀ ਦਾ ਨਾਂ ਦਿੱਤਾ ਗਿਆ ਹੈ। ਭਾਵੇਂ ਮੂਲ ਰੂਪ ਵਿਚ ਸੰਖਿਪਤ ਗੰਭੀਰ ਵਿਆਖਿਆ ਨੂੰ ਹੀ ਵ੍ਰਿੱਤੀ ਆਖਿਆ ਜਾਂਦਾ ਸੀ ਪਰ ਪਿਛੋਂ ਜਾ ਕੇ ਇਹ ਸ਼ਬਦ ਵਿਆਖਿਆ ਮਾਤ੍ਰ ਦਾ ਹੀ ਸੂਚਕ ਰਹਿ ਗਿਆ ਅਤੇ ਗ੍ਰੰਥਕਾਰ ਆਪਣੀ ਇੱਛਾ ਅਨੁਸਾਰ ਆਪਣੇ ਵਿਆਖਿਆਨ ਗ੍ਰੰਥਾਂ ਦਾ ਨਾਮ ਵ੍ਰਿੱਤੀ, ਟੀਕਾ, ਟਿਪਣੀ ਆਦਿ ਰਖਣ ਲਗੇ। ਭਾਸ਼ਕਾਰ ਸ਼ੰਕਰਾਚਾਰੀਆ ਨੇ 'ਕਠ' ਅਤੇ 'ਬ੍ਰਿਹਦਾਰਣਯਕ' ਉਪਨਿਸ਼ਦਾਂ ਦੇ ਵਿਆਖਿਆਨਾਂ ਨੂੰ ਵ੍ਰਿੱਤੀ ਕਿਹਾ ਹੈ ਪਰ ਅਗੇ ਜਾ ਕੇ ਇਨ੍ਹਾਂ ਵਿਆਖਿਆਨਾਂ ਨੂੰ ਹੀ ਭਾਸ਼ ਵੀ ਕਿਹਾ ਗਿਆ ਹੈ।[2] ਪਰ ਇਹੋ ਜਿਹੀਆਂ ਉਦਾਹਰਣਾਂ ਘੱਟ ਹੀ ਮਿਲਦੀਆਂ ਹਨ। ਆਮ ਤੌਰ ਤੇ ਵਿਦਵਾਨ ਵ੍ਰਿੱਤੀ ਤੋਂ ਭਾਵ ਕਿਸੇ ਸੂਤ੍ਰ ਜਾਂ ਸੂਤ੍ਰ ਗ੍ਰੰਥ ਦੀ ਸੰਖਿਪਤ ਤੇ ਗੰਭੀਰ ਵਿਆਖਿਆ ਹੀ ਲੈਂਦੇ ਹਨ।

## ਟਿਪਣੀ

ਟਿਪਣੀ ਸ਼ਬਦ ਟੀਕੇ ਦਾ ਪਰਯਾਯਵਾਚੀ ਹੈ ਪਰ ਸਾਹਿਤ ਵਿਚ ਇਹ ਸ਼ਬਦ ਵਖ ਵਖ ਅਰਥਾਂ ਵਿਚ ਪ੍ਰਯੁਕਤ ਹੋਇਆ ਮਿਲਦਾ ਹੈ। ਯਾਦਾਸ਼ਤ ਲਈ ਸੰਖਿਪਤ ਰੂਪ ਵਿਚ ਲਿਖ ਕੇ ਰਖੇ ਕਿਸੇ

---

1 ਪ੍ਰਥਮ ਸੰਸਕਰਣ, ਪੰਜਵਾਂ ਖੰਡ, ਪੰਨਾ 108.

2 ਡਾ. ਧੀਰੇਂਦ੍ਰ ਵਰਮਾ (ਪ੍ਰ: ਸੰਪਾ:), ਹਿੰਦੀ ਸਾਹਿਤਯ ਕੋਸ਼, ਪ੍ਰਥਮ ਸੰਸਕਰਣ, ਪੰਨਾ 735.

ਲੇਖ ਨੂੰ ਟਿਪਣੀ ਆਖਿਆ ਜਾਂਦਾ ਹੈ। ਕਿਸੇ ਦੇ ਸੰਬੰਧ ਵਿਚ ਪ੍ਰਗਟ ਕੀਤਾ ਗਿਆ ਸੰਖਿਪਤ ਵਿਚਾਰ ਵੀ ਟਿਪਣੀ ਅਖਵਾਉਂਦਾ ਹੈ। ਕਿਸੇ ਅਖ਼ਬਾਰ, ਰਸਾਲੇ, ਪੁਸਤਕ ਆਦਿ ਵਿਚ ਕਿਸੇ ਸ਼ਬਦ, ਵਾਕ, ਲੇਖ ਜਾਂ ਲੇਖਕ ਦੇ ਸੰਬੰਧ ਵਿਚ ਸੰਪਾਦਕ ਵਲੋਂ ਪੇਸ਼ ਕੀਤੇ ਗਏ ਸੰਖੇਪ ਵਿਚਾਰਾਂ ਲਈ ਵੀ ਟਿਪਣੀ ਸ਼ਬਦ ਵਰਤਿਆ ਜਾਂਦਾ ਹੈ। ਅਖ਼ਬਾਰ ਦਾ ਸੰਪਾਦਕ ਕਿਸੇ ਘਟਨਾ ਦੇ ਸੰਬੰਧ ਵਿਚ ਜਦੋਂ ਕੋਈ ਛੋਟਾ ਜਿਹਾ ਲੇਖ ਲਿਖਦਾ ਹੈ ਤਾਂ ਉਹ ਸੰਪਾਦਕੀ ਟਿਪਣੀ ਮੰਨਿਆ ਜਾਂਦਾ ਹੈ। ਇਸ ਤੋਂ ਪਤਾ ਲਗਦਾ ਹੈ ਕਿ ਟਿਪਣੀ ਸ਼ਬਦ ਅੰਗਰੇਜ਼ੀ ਦੇ "ਨੋਟ" ਸ਼ਬਦ ਦੇ ਅਰਥ ਦੇਂਦਾ ਹੈ। ਟੀਕਾ ਸ਼ਬਦ ਦੇ ਨਾਲ ਜਦੋਂ ਸਮਾਸ ਰੂਪ ਵਿਚ ਟਿਪਣੀ ਸ਼ਬਦ ਵਰਤਿਆ ਜਾਂਦਾ ਹੈ (ਟੀਕਾ-ਟਿਪਣੀ) ਤਾਂ ਇਹ ਆਲੋਚਨਾ, ਤਰਕ-ਵਿਤਰਕ ਜਾਂ ਨਿੰਦਾ ਦੇ ਅਰਥ ਦਿੰਦਾ ਹੈ। ਜਦੋਂ ਟਿਪਣੀ ਸ਼ਬਦ ਨੂੰ ਟੀਕੇ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ ਤਾਂ ਇਸ ਤੋਂ ਭਾਵ ਅਜਿਹਾ ਸੰਖਿਪਤ ਟੀਕਾ ਹੁੰਦਾ ਹੈ ਜਿਸ ਵਿਚ ਮੂਲ ਰਚਨਾ ਦੇ ਕੇਵਲ ਕਠਿਨ ਸਥਲਾਂ ਜਾਂ ਕਠਿਨ ਪਦਾਂ ਦੀ ਹੀ ਵਿਆਖਿਆ ਹੁੰਦੀ ਹੈ। ਇਸ ਵਿਚ ਟੀਕੇ ਵਾਂਗ ਸਾਰੇ ਆਵੱਸ਼ਕ ਪਦਾਂ ਦੀ ਵਿਆਖਿਆ ਨਹੀਂ ਹੁੰਦੀ। ਭਾਸ਼ ਵਿਚ ਤਾਂ ਭਾਸ਼ਕਾਰ ਦੇ ਆਪਣੇ ਵਾਕਾਂ ਵਿਚ ਵਰਤੇ ਪਦਾਂ ਦੀ ਵਿਆਖਿਆ ਵੀ ਹੁੰਦੀ ਹੈ। ਟਿਪਣੀ ਟੀਕੇ ਦੇ ਔਖੇ ਭਾਗਾਂ ਦਾ ਅਰਥ ਸਪਸ਼ਟ ਕਰਨ ਲਈ ਲਿਖੀ ਜਾਂਦੀ ਹੈ, ਇਸ ਲਈ ਇਸ ਨੂੰ ਟੀਕੇ ਦਾ ਟੀਕਾ ਵੀ ਆਖਿਆ ਗਿਆ ਹੈ। ਪਾਤੰਜਲੀ ਦੇ 'ਮਹਾਂ ਭਾਸ਼' ਉਤੇ ਕਯੱਟ ਨੇ ਪ੍ਰਦੀਪ ਟੀਕਾ ਲਿਖਿਆ ਅਤੇ ਇਸ ਟੀਕੇ ਉਤੇ ਨਾਗੇਸ਼ ਨੇ 'ਉਦਯੋਤ' ਟਿਪਣੀ ਲਿਖੀ।[1] ਭਾਸ਼ ਕਿਸੇ ਸੂਤ੍ਰ ਗ੍ਰੰਥ ਦਾ ਹੀ ਲਿਖਿਆ ਜਾਂਦਾ ਹੈ ਪਰ ਟਿਪਣੀ ਜ਼ਰੂਰੀ ਨਹੀਂ ਕਿ ਸੂਤ੍ਰ ਗ੍ਰੰਥ ਦੀ ਹੀ ਲਿਖੀ ਜਾਵੇ। ਭਾਸ਼ ਵਿਚ ਭਾਸ਼ਕਾਰ ਆਪਣਾ ਮਤ ਵੀ ਪ੍ਰਗਟ ਕਰਦਾ ਹੈ, ਪਰ ਟਿਪਣੀ ਵਿਚ ਟਿਪਣੀਕਾਰ ਵਿਚਾਰ ਅਧੀਨ ਰਚਨਾ ਦੇ ਔਖੇ ਭਾਗਾਂ ਦੇ ਅਰਥ ਵਰਣਨ ਕਰਨ ਦੀ ਸੀਮਾ ਤੋਂ ਪਾਰ ਨਹੀਂ ਜਾਂਦਾ। ਟਿਪਣੀ ਨੂੰ "ਗ੍ਰੰਥ ਦੇ ਹਾਸ਼ੀਏ ਤੇ ਲਿਖੀ ਸੰਖੇਪ ਕਰਕੇ ਟੀਕਾ"[2] ਵੀ ਆਖਿਆ ਗਿਆ ਹੈ। ਹਾਸ਼ੀਏ ਉਤੇ ਵਿਚਾਰ ਅਧੀਨ ਗ੍ਰੰਥ ਦੇ ਕਠਿਨ ਪਦਾਂ ਦੇ ਅਰਥ ਜਾਂ ਕਠਿਨ ਭਾਗਾਂ

---

1 ਡਾ. ਧੀਰੇਂਦ੍ਰ ਵਰਮਾ (ਪ੍ਰ: ਸੰਪਾ:), <u>ਹਿੰਦੀ ਸਾਹਿਤ੍ਯ ਕੋਸ਼</u>, ਪ੍ਰਥਮ ਸੰਸਕਰਣ, ਪੰਨਾ 311.

2 ਭਾਈ ਕਾਨ੍ਹ ਸਿੰਘ, <u>ਮਹਾਨ ਕੋਸ਼</u>, ਤੀਜਾ ਸੰਸਕਰਣ, ਪੰਨਾ 551.

ਦੇ ਭਾਵ ਅਰਥ ਨੂੰ ਅਤਿ ਸੰਖੇਪ ਰੂਪ ਵਿਚ ਲਿਖਿਆ ਜਾਂਦਾ ਹੈ। ਇਸੇ ਤੋਂ ਟਿਪਣੀ ਦਾ ਸਹੀ ਸਰੂਪ ਪ੍ਰਗਟ ਹੁੰਦਾ ਹੈ। ਸੰਖੇਪਤਾ ਦੀ ਦ੍ਰਿਸ਼ਟੀ ਤੋਂ ਇਹ ਵ੍ਰਿੱਤੀ ਦੇ ਕਾਫ਼ੀ ਨੇੜੇ ਹੈ। ਸਰਲਤਾ ਤੇ ਸੁਖੈਨਤਾ ਦੇ ਪੱਖ ਤੋਂ ਟਿਪਣੀ ਵ੍ਰਿੱਤੀ ਤੇ ਭਾਸ਼ ਨਾਲੋਂ ਟੀਕੇ ਦੇ ਵਧੇਰੇ ਨੇੜੇ ਹੈ। ਸਗੋਂ ਇਹ ਟੀਕੇ ਨਾਲੋਂ ਵੀ ਸਰਲ ਤੇ ਸੁਖੈਨ ਹੁੰਦੀ ਹੈ ਕਿਉਂਕਿ ਇਹ ਟੀਕੇ ਨੂੰ ਹੋਰ ਸਪਸ਼ਟ ਕਰਦੀ ਹੈ। ਪਰ ਟੀਕੇ ਵਿਚ ਅਰਥ-ਵਰਣਨ ਲਈ ਵਿਆਕਰਣ ਦੀਆਂ ਜੋ ਵਿਧੀਆਂ ਵਰਤੀਆਂ ਜਾਂਦੀਆਂ ਹਨ, ਟਿਪਣੀ ਵਿਚ ਸੰਖੇਪਤਾ ਕਾਰਣ ਉਨ੍ਹਾਂ ਦੀ ਕੋਈ ਵਿਵਸਥਾ ਨਹੀਂ ਹੁੰਦੀ। ਸੋ ਟਿਪਣੀ ਕਿਸੇ ਕ੍ਰਿਤੀ ਦੇ ਕਠਿਨ ਭਾਗਾਂ ਦੀ ਸੰਖੇਪ ਵਿਆਖਿਆ ਹੀ ਹੈ।

<u>ਵਿਆਖਿਆ</u>

ਵਿਆਖਿਆ ਤੋਂ ਭਾਵ ਵਿਸਤਾਰ ਵਿਚ ਅਰਥ ਸਮਝਾਉਣ ਵਾਲੀ ਰਚਨਾ ਲਿਆ ਜਾਂਦਾ ਹੈ। ਸੰਸਕ੍ਰਿਤ ਗ੍ਰੰਥਾਂ ਵਿਚ "ਵਿਵਰਣ ਪੇਸ਼ ਕਰਨ ਵਾਲੇ ਸ਼ਬਦ ਸਮੂਹ" ਨੂੰ ਵਿਆਖਿਆ ਮੰਨਿਆ ਗਿਆ ਹੈ।[1] ਸਾਧਾਰਣ ਤੌਰ ਤੇ ਟੀਕੇ ਅਤੇ ਵਿਆਖਿਆ ਵਿਚ ਕੋਈ ਖਾਸ ਅੰਤਰ ਨਹੀਂ ਸਮਝਿਆ ਜਾਂਦਾ ਪਰ ਜਿਥੇ ਟੀਕੇ ਵਿਚ ਮੂਲ ਰਚਨਾ ਦੇ ਸਰਲ ਤੇ ਸੁਖੈਨ ਅਰਥ ਕੀਤੇ ਹੁੰਦੇ ਹਨ ਉਥੇ ਵਿਆਖਿਆ ਵਿਚ ਡੂੰਘੇ ਅਰਥਾਂ ਨੂੰ ਖੋਲ੍ਹ ਕੇ ਬਿਆਨ ਕੀਤਾ ਜਾਂਦਾ ਹੈ। ਟੀਕੇ ਅਤੇ ਵਿਆਖਿਆ ਵਿਚ ਮੁਢਲਾ ( basic )ਅੰਤਰ ਹੀ ਆਕਾਰ ਤੇ ਵਿਸਤਾਰ ਦਾ ਹੈ। ਵਿਸਤਾਰ ਦੇ ਪੱਖ ਤੋਂ ਵਿਆਖਿਆ ਟੀਕੇ ਨਾਲੋ ਭਾਸ਼ ਦੇ ਵਧੇਰੇ ਨੇੜੇ ਹੈ ਪਰ ਭਾਸ਼ ਦੀ ਆਪਣੀ ਇਕ ਵਿਸ਼ੇਸ਼ ਸ਼ੈਲੀ ਹੈ ਅਤੇ ਭਾਸ਼ ਦਾ ਵਿਸਤਾਰ ਭਾਸ਼ਕਾਰ ਦੇ ਆਪਣੇ ਵਲੋਂ ਵਰਤੇ ਪਦਾਂ ਦੀ ਵਿਆਖਿਆ ਕਰਕੇ ਹੁੰਦਾ ਹੈ ਜਦੋਂ ਕਿ ਵਿਆਖਿਆ ਵਿਚ ਕੇਵਲ ਮੂਲ ਰਚਨਾ ਦੇ ਪਦਾਂ ਦਾ ਹੀ ਵਿਸਤਾਰ ਪੂਰਵਕ ਬਿਆਨ ਹੁੰਦਾ ਹੈ। ਪਰ ਸਰਲਤਾ ਤੇ ਸੁਖੈਨਤਾ ਦੀ ਦ੍ਰਿਸ਼ਟੀ ਤੋਂ ਵਿਆਖਿਆ ਟੀਕੇ ਦੇ ਬਹੁਤ ਨੇੜੇ ਹੈ। ਜਿਥੇ ਟਿਪਣੀ ਵਿਚ ਕਠਿਨ ਸਥਲਾਂ ਦੇ ਸਾਰ-ਅਰਥ ਬਿਆਨੇ ਹੁੰਦੇ ਹਨ, ਉਥੇ ਵਿਆਖਿਆ ਵਿਚ ਸਾਰੀ ਰਚਨਾ ਦੇ ਅਰਥ ਵਿਸਤਾਰ ਪੂਰਵਕ ਕੀਤੇ ਹੁੰਦੇ ਹਨ। ਸੋ ਟਿਪਣੀ ਸੰਕੁਚਿਤ ਹੁੰਦੀ ਹੈ ਤੇ ਵਿਆਖਿਆ ਵਿਸ਼ਾਲ। ਵਿਆਖਿਆ ਦੇ ਮੁਕਾਬਲੇ ਵਿਚ ਵ੍ਰਿੱਤੀ ਵਧੇਰੇ

---

1 ਸ੍ਰੀ ਤਾਰਾ ਨਾਥ, <u>ਵਾਚਸਪਤ੍ਯਮ</u>, 1962, ਛੇਵਾਂ ਭਾਗ, ਪੰਨਾ 4986.

ਗੰਭੀਰ ਤੇ ਸੂਖਮ ਹੁੰਦੀ ਹੈ। ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਕਿਸੇ ਕਠਿਨ, ਅਸਪਸ਼ਟ ਜਾਂ ਰਹੱਸਮਈ ਪਦ, ਵਾਕ, ਸੂਤ੍ਰ ਜਾਂ ਸੂਤ੍ਰ-ਗ੍ਰੰਥ ਨੂੰ ਸਪਸ਼ਟ, ਸਰਲ ਤੇ ਸੁਬੋਧ ਰੂਪ ਵਿਚ ਵਿਸਤਾਰਮਈ ਢੰਗ ਨਾਲ ਬਿਆਨ ਕਰਨ ਵਾਲੀ ਕ੍ਰਿਤੀ ਨੂੰ ਵਿਆਖਿਆ ਆਖਿਆ ਜਾਂਦਾ ਹੈ।

ਵਾਰਤਿਕ

ਪੰਜਾਬੀ ਵਿਚ "ਵਾਰਤਕ" ਸ਼ਬਦ ਲਈ ਵਰਤਿਆ ਜਾਂਦਾ ਹੈ ਪਰ ਸੰਸਕ੍ਰਿਤ ਦਾ ਸ਼ਬਦ "ਵਾਰਤਿਕ" ਇਕ ਵਿਆਖਿਆ-ਵਿਧੀ ਲਈ ਵਰਤਿਆ ਜਾਂਦਾ ਹੈ। ਵਾਰਤਿਕ ਦੀ ਇਕ ਪ੍ਰਾਚੀਨ ਪਰਿਭਾਸ਼ਾ ਤੋਂ ਪਤਾ ਲਗਦਾ ਹੈ ਕਿ ਵਾਰਤਿਕ ਵਿਚ ਕਹੇ, ਅਣਕਹੇ ਅਤੇ ਅਧੂਰੇ ਕਹੇ ਕਥਨਾਂ ਨੂੰ ਸਪਸ਼ਟ ਕੀਤਾ ਜਾਂਦਾ ਹੈ।[1] ਇਸ ਦਾ ਟੀਕੇ ਨਾਲੋਂ ਵੱਡਾ ਅੰਤਰ ਇਹ ਹੈ ਕਿ ਟੀਕੇ ਵਿਚ ਕੇਵਲ ਉਕਤ ਕਥਨਾਂ ਨੂੰ ਹੀ ਸਪਸ਼ਟ ਕੀਤਾ ਜਾਂਦਾ ਹੈ ਪਰ ਵਾਰਤਿਕ ਵਿਚ ਅਨੁਕਤ ਤੇ ਦੁਰੁਕਤ ਕਥਨਾਂ ਨੂੰ ਸਪਸ਼ਟ ਕਰਨ ਕਰਕੇ ਇਸ ਦਾ ਖੇਤਰ ਟੀਕੇ ਨਾਲੋਂ ਵਿਸ਼ਾਲ ਹੋ ਜਾਂਦਾ ਹੈ। ਮੂਲ ਰਚਨਾ ਵਿਚ ਜੋ ਸੰਚਾਰ ਖੱਪੇ ( communication gaps ) ਹੁੰਦੇ ਹਨ, ਵਾਰਤਿਕ ਵਿਚ ਉਹ ਖੱਪੇ ਭਰੇ ਜਾਂਦੇ ਹਨ, ਟੁੱਟੀ ਕੜੀ ਜੋੜੀ ਜਾਂਦੀ ਹੈ। ਵਾਰਤਿਕ ਵਿਚ ਮੂਲ ਦੀ ਸਮਾਲੋਚਨਾ ਵੀ ਕੀਤੀ ਜਾ ਸਕਦੀ ਹੈ ਅਤੇ ਇਸ ਦੇ ਅੰਦਰੋਂ ਉਠਦੇ ਪ੍ਰਸ਼ਨਾਂ ਦੇ ਉੱਤਰ ਵੀ ਦਿੱਤੇ ਜਾ ਸਕਦੇ ਹਨ ਪਰ ਬਾਹਰੋਂ ਉਠਾਏ ਗਏ ਪ੍ਰਸ਼ਨਾਂ ਦਾ ਉੱਤਰ ਦੇਣਾ ਵਾਰਤਿਕਕਾਰ ਦਾ ਕੰਮ ਨਹੀਂ। ਬਾਹਰੋਂ ਉਠਾਏ ਗਏ ਪ੍ਰਸ਼ਨਾਂ ਦਾ ਉੱਤਰ ਭਾਸ਼੍ਯ ਵਿਚ ਦਿੱਤਾ ਜਾਂਦਾ ਹੈ। ਵਾਰਤਿਕ ਛੰਦ ਜਾਂ ਪੱਦ ਵਿਚ ਸੰਖਿਪਤ ਜਾਂ ਵਿਸਤ੍ਰਿਤ ਹੋ ਸਕਦੇ ਹਨ ਜਿਵੇਂ ਸੰਸਕ੍ਰਿਤ ਵਿਚ ਪਾਣਿਨੀ ਦੀ ਅਸ਼ਟਾਧਿਆਈ ਉਤੇ ਕਾਤਿਆਇਨ ਦੇ ਵਾਰਤਿਕ ਬਹੁਤ ਪ੍ਰਸਿੱਧ ਹਨ ਜੋ ਸੂਤ੍ਰਾਂ ਵਾਂਗ ਹੀ ਸੰਖਿਪਤ ਅਤੇ ਛੰਦ ਵਿਚ ਲਿਖੇ ਹੋਏ ਹਨ ਪਰ ਇਸ ਦੇ ਉਲਟ ਕੁਮਾਰਿਲ ਦੇ ਸ਼ਲੋਕ-ਵਾਰਤਿਕ ਤਥਾ ਤੰਤ੍ਰ ਵਾਰਤਿਕ ਅਤੇ ਸਵਾਮੀ ਸ਼ੰਕ੍ਰਾਚਾਰੀਆ ਕ੍ਰਿਤ 'ਬ੍ਰਿਹਦਾਰਣ੍ਯਕ ਉਪਨਿਸ਼ਦ' ਭਾਸ਼੍ਯ ਉਤੇ ਸੁਰੇਸ਼ਵਰਾਚਾਰੀਆ ਦੇ ਵਾਰਤਿਕ ਪੱਦ ਵਿਚ ਹਨ ਅਤੇ ਆਕਾਰ ਵਿਚ ਵੀ ਭਾਸ਼੍ਯ ਤੋਂ ਛੋਟੇ ਨਹੀਂ।[2]

---

1 "उक्तानुक्तदुरुक्तार्थ व्यक्तिकारि तु वार्त्तिकम्"
— ਤਾਰਿਣੀਸ਼ ਝਾ, ਸੰਸਕ੍ਰਿਤ ਸ਼ਬਦਾਰਥ ਕੌਸਤੁਭ ਵਿਚ ਦੇਖੋ ਪੰਜਿਕਾ।

2 ਡਾ. ਧੀਰੇਂਦ੍ਰ ਵਰਮਾ (ਪ੍ਰਾ: ਸੰਪਾ:) ਹਿੰਦੀ ਸਾਹਿਤ੍ਯ ਕੋਸ਼, ਪ੍ਰਥਮ ਸੰਸਕਰਣ, ਪੰਨਾ 709.

## <u>ਪੰਜਿਕਾ</u>

ਆਚਾਰੀਆ ਹੇਮ ਚੰਦ੍ਰ ਦੇ ਕਥਨ "ਟੀਕਾ ਨਿਰੰਤਰ ਵਿਆਖਿਆ ਪੰਜਿਕਾ ਪਦਭੰਜਿਕਾ"[1] ਵਿਚੋਂ ਟੀਕੇ ਤੇ ਪੰਜਿਕਾ ਦੇ ਅੰਤਰ ਨੂੰ ਸਹਿਜੇ ਹੀ ਲਭਿਆ ਜਾ ਸਕਦਾ ਹੈ। ਆਚਾਰੀਆ ਹੇਮ ਚੰਦ੍ਰ ਦੇ ਉਪਰੋਕਤ ਕਥਨ ਅਨੁਸਾਰ ਟੀਕੇ ਵਿਚ ਹਰੇਕ ਪਦ ਦੀ ਨਿਰੰਤਰ ਵਿਆਖਿਆ ਹੁੰਦੀ ਹੈ ਪਰ ਪੰਜਿਕਾ ਵਿਚ ਪਦਾਂ ਦੀ ਤਹਿ ਤਕ ਜਾ ਕੇ ਭੇਦ ਖੋਲ੍ਹਣ ਦਾ ਯਤਨ ਕੀਤਾ ਜਾਂਦਾ ਹੈ। ਸਰ ਮੋਨੀਅਰ ਮੋਨੀਅਰ ਵਿਲੀਅਮਜ਼ ਨੇ ਪੰਜਿਕਾ ਨੂੰ "ਅਜਿਹੀ ਨਿਰੰਤਰ ਵਿਆਖਿਆ ਮੰਨਿਆ ਹੈ ਜਿਸ ਵਿਚ ਹਰ ਸ਼ਬਦ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ।"[2] ਸੋ ਪੰਜਿਕਾ ਵਿਚ ਪਦ-ਅਰਥਾਂ ਦੀ ਡੂੰਘਾਈ ਅਤੇ ਵਿਸ਼ਲੇਸ਼ਣ ਹੀ ਇਸ ਨੂੰ ਟੀਕੇ ਨਾਲੋਂ ਵਖਰਾ ਕਰਨ ਵਾਲੇ ਤੱਤ ਹਨ।

## <u>ਨਿਜੁੱਤਿ</u>

ਇਹ ਜੈਨ ਧਰਮ ਗ੍ਰੰਥਾਂ ਦੀ ਵਿਆਖਿਆ ਲਈ ਵਰਤੀ ਗਈ ਪ੍ਰਥਮ ਵਿਆਖਿਆ ਵਿਧੀ ਸੀ। ਨਿਜੁੱਤਿ ਮੂਲ-ਪਾਠ ਉਤੇ ਆਧਾਰਿਤ ਯਾਦ ਰੱਖੇ ਜਾ ਸਕਣ ਵਾਲੇ ਅਜਿਹੇ ਕਾਵਿ-ਟੋਟੇ ਸਨ, ਜਿਨ੍ਹਾਂ ਵਿਚ ਸੂਚਕ ਸ਼ਬਦ ( catchwords ) ਦਿੱਤੇ ਹੁੰਦੇ ਸਨ। ਸੂਚਕ ਸ਼ਬਦ ਸਿਮਰਤੀ ਲਈ ਬੜੇ ਲਾਭਦਾਇਕ ਸਨ। ਨਿਜੁੱਤਿ ਇੰਨੀ ਸੰਖੇਪ ਹੁੰਦੀ ਸੀ ਜਿੰਨਾ ਕਿ ਮੂਲ-ਪਾਠ। ਅਤਿ ਦੀ ਸੰਖੇਪਤਾ ਕਾਰਣ ਇਹ ਬੜੀ ਅਸਪਸ਼ਟ ਹੁੰਦੀ ਸੀ। ਇਸ ਵਿਚ ਸਭ ਤੋਂ ਮਹੱਤਵਪੂਰਣ ਗੱਲ ਕਿਉਂਕਿ ਸਿਮਰਤੀ ਲੱਛਣ ਸੀ ਇਸ ਲਈ ਛੰਦ ਦੀ ਚਾਲ ਨੂੰ ਕਾਇਮ ਰਖਣ ਲਈ ਕੁਝ ਵੀ ਕੀਤਾ ਜਾ ਸਕਦਾ ਸੀ, ਜਿਵੇਂ ਵਿਆਕਰਣ ਵਲੋਂ ਬੇਧਿਆਨੀ, ਸ਼ਬਦਾਂ ਦੇ ਪਿਛੇਤਰ ਹਟਾ ਦੇਣਾ ਜਾਂ ਸ਼ਬਦ ਦਾ ਸੰਖੇਪ ਰੂਪ ਵਰਤ ਲੈਣਾ ਆਦਿ। ਇਸ ਲਈ ਵਿਸ਼ੇਸ਼ਗ ਕੋਲੋਂ ਨਿਜੁੱਤਿ ਵਿਚਲੇ ਸ਼ਬਦਾਂ ਦੀ ਜੁਗਤ ਜਾਣੇ ਬਿਨਾਂ ਇਸ ਨੂੰ ਸਮਝਣਾ ਕਠਿਨ ਕਾਰਜ ਸੀ।[3]

---

1 ਸ਼੍ਰੀ ਤਾਰਾ ਨਾਥ, <u>ਵਾਚਸਪਤ੍ਯਮ੍</u> (ਸੰਸਕ੍ਰਿਤ), ਪੰਚਮੇ ਭਾਗ, ਪੰਨਾ 4169;
ਰਾਜਾ ਰਾਧਾਕਾਂਤ ਦੇਵ, <u>ਸ਼ਬਦਕਲਪਦ੍ਰੁਮ</u> (ਸੰਸਕ੍ਰਿਤ), ਤੀਜਾ ਭਾਗ, ਪੰਨਾ 17.

2 "A perpetual commentary which explains and analyses every word." <u>A Sanskrit-English Dictionary</u>, p.578.

3 L.Alsdorf Hamburg,"Jaina Exegetical Literature and the History of the Jaina Canon", <u>Mahavir and His Teachings</u>, (Ed. Dr. A.N. Upadhye and others), 1977, p.2.

ਚੂਰਣਿ

ਚੂਰਣਿ ਦਾ ਸ਼ਾਬਦਿਕ ਅਰਥ ਹੈ "ਪੀਹ ਕੇ ਮਹੀਨ ਕਰਨਾ।" ਇਹ ਇਕ ਬੜੀ ਵਿਸਤਾਰਮਈ ਵਿਆਖਿਆ-ਵਿਧੀ ਹੈ। ਪਾਤੰਜਲੀ ਰਿਸ਼ੀ ਦੇ ਮਹਾਭਾਸ਼ ਨੂੰ ਵੀ ਚੂਰਣਿ ਦਾ ਨਾਮ ਦਿੱਤਾ ਗਿਆ ਹੈ।[1] ਚੂਰਣਿ ਗ੍ਰੰਥਾਂ ਵਿਚ ਮੂਲ-ਪਾਠ ਦੇ ਹਰੇਕ ਸ਼ਬਦ ਉਤੇ ਖੁਲ੍ਹ ਕੇ ਵਿਚਾਰ ਕੀਤੀ ਗਈ ਹੈ। ਚੂਰਣਿ ਰਾਹੀਂ ਪਹਿਲੀ ਵਾਰ ਵਿਆਖਿਆਕਾਰਾਂ ਦੇ ਜੈਨ ਗ੍ਰੰਥਾਂ ਦੇ ਮੂਲ-ਪਾਠ ਬਾਰੇ ਸੰਪੂਰਣ ਵਿਚਾਰ ਲੋਕਾਂ ਤਕ ਪਹੁੰਚੇ ਹਨ। ਚੂਰਣਿ ਗ੍ਰੰਥਾਂ ਲਈ ਨਿਰਯੁਕਤਿ ਗ੍ਰੰਥ ਬੜੇ ਸਹਾਇਕ ਸਿੱਧ ਹੋਏ ਹਨ ਕਿਉਂਕਿ ਵਿਆਖਿਆ ਲਈ ਲੋੜੀਂਦੇ ਪ੍ਰਮਾਣਕ ਸੰਕੇਤ ਉਨ੍ਹਾਂ ਵਿਚੋਂ ਉਪਲਬਧ ਸਨ। ਨਿਰਯੁਕਤਿ ਗ੍ਰੰਥ ਪਦ ਵਿਚ ਸਨ ਪਰ ਚੂਰਣਿ ਗ੍ਰੰਥ ਗਦ ਵਿਚ ਰਚੇ ਗਏ।

ਟਬੇ

ਟਬੇ ਗ੍ਰੰਥ ਪੁਰਾਣੀ ਗੁਜਰਾਤੀ ਵਿਚ ਮਿਲਦੇ ਹਨ।[2] ਇਨ੍ਹਾਂ ਵਿਚ ਮੂਲ-ਪਾਠ ਦੇ ਨਾਲ ਪਾਠਕ ਦੀ ਸਹਾਇਤਾ ਲਈ ਕਠਿਨ ਸ਼ਬਦਾਂ ਦੇ ਅਰਥ ਹੁੰਦੇ ਹਨ। ਪੂਰੇ ਵਾਕ ਜਾਂ ਰਚਨਾ ਦੇ ਅਰਥ ਨਹੀਂ ਦਿੱਤੇ ਜਾਂਦੇ।

ਪਰਮਾਰਥ

ਸੰਸਕ੍ਰਿਤ ਤੇ ਹਿੰਦੀ ਸਾਹਿਤ ਵਿਚ ਅਰਥਾਂ ਨੂੰ ਬਿਆਨ ਕਰਨ ਦੀ ਕਿਸੇ ਸਾਹਿਤ-ਵਿਧੀ ਦਾ ਨਾਂ ਪਰਮਾਰਥ ਨਹੀਂ ਹੈ। ਇਸ ਸ਼ਬਦ ਨੂੰ ਟੀਕੇ ਦੇ ਅਰਥਾਂ ਵਿਚ ਕੇਵਲ ਪੰਜਾਬੀ ਸਾਹਿਤ ਵਿਚ ਹੀ ਵਰਤਿਆ ਗਿਆ ਹੈ। ਪਰਮਾਰਥ ਲਿਖਣ ਦੀ ਪਰੰਪਰਾ ਸੋਢੀ ਮਿਹਰਬਾਨ ਤੋਂ ਸ਼ੁਰੂ ਹੋਈ ਸਿੱਧ ਹੁੰਦੀ ਹੈ। ਉਂਜ ,ਪਰਮਾਰਥਾਂ ਦਾ ਵਾਸਤਵਿਕ ਵਿਕਾਸ ਪੁਰਾਣ ਸਾਹਿਤ ਵਿਚ ਮਿਲਦਾ ਵੀ ਮੰਨਿਆ ਗਿਆ ਹੈ।[3] ਮਹਾਯਾਨ ਦੀ ਇਕ ਦਾਰਸ਼ਨਿਕ ਸੰਪ੍ਰਦਾਇ (ਵਿਗਿਆਨਵਾਦ) ਵਿਚ

---

1 L.Alsdorf Hamburg, "Jaina Exegetical Literature and the the History of the Jaina Canon," Mahavir and His Teachings, (Ed. Dr. A.N.Upadhye and others), 1977, p.2.

2 ਕੁਝ ਟਬੇ ਗ੍ਰੰਥ ਪੰਜਾਬੀ ਯੂਨੀਵਰਸਿਟੀ ਦੇ ਜੈਨ ਧਰਮ ਦੇ ਵਿਭਾਗ ਵਿਚ ਪਏ ਹਨ।

3 ਡਾ. ਰਤਨ ਸਿੰਘ ਜੱਗੀ (ਸੰਪਾਦਕ), ਗੁਰਬਾਣੀ ਟੀਕੇ :ਆਨੰਦ ਘਨ, 1970, ਭੂਮਿਕਾ, ਪੰਨਾ 1.

ਪਰਮਾਰਥ ਸ਼ਬਦ ਨੂੰ ਨਿਰਵਾਣ ਲਈ ਵਰਤਿਆ ਗਿਆ ਹੈ।[1] ਇਸ ਸ਼ਬਦ ਦੇ ਅਰਥ "ਸਰਵ-ਉੱਚ ਸਤ", "ਸਤ ਆਤਮ-ਗਿਆਨ" ਅਤੇ "ਉੱਤਮ ਭਾਵ" ਵੀ ਕੀਤੇ ਜਾਂਦੇ ਹਨ।[2] ਜਦੋਂ ਇਸ ਸ਼ਬਦ ਨੂੰ ਟੀਕੇ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ ਤਾਂ ਇਸ ਤੋਂ ਭਾਵ "ਵਾਕ ਦਾ ਭਾਵ-ਅਰਥ, ਸਿਧਾਂਤ ਜਾਂ ਨਿਚੋੜ" ਲਿਆ ਜਾਂਦਾ ਹੈ।[3] ਟੀਕੇ ਵਿਚ ਸ਼ਬਦਾਂ ਤੇ ਪੰਕਤੀਆਂ ਨੂੰ ਮੁਖ ਰੱਖਿਆ ਜਾਂਦਾ ਹੈ ਅਤੇ ਕਿਸੇ ਆਵੱਸ਼ਕ ਪਦ ਜਾਂ ਪੰਕਤੀ ਨੂੰ ਅਰਥ ਬਿਆਨ ਕਰਨ ਲੱਗਿਆਂ ਛੱਡਿਆ ਨਹੀਂ ਜਾਂਦਾ। ਪਰਮਾਰਥ ਸ਼ਬਦਾਂ ਅਤੇ ਪੰਕਤੀਆਂ ਦੀ ਕੈਦ ਤੋਂ ਮੁਕਤ ਹੁੰਦੇ ਹਨ। ਇਨ੍ਹਾਂ ਵਿਚ ਕਿਸੇ ਸਲੋਕ, ਪਉੜੀ ਜਾਂ ਸ਼ਬਦ ਦੇ ਸਮੁਚੇ ਭਾਵ ਨੂੰ ਮੁਖ ਰਖ ਕੇ ਸਰਲ, ਸਪਸ਼ਟ ਅਤੇ ਸੰਖੇਪ ਅਰਥ ਦਿੱਤੇ ਜਾਂਦੇ ਹਨ। ਪਰਮਾਰਥ ਰਾਹੀਂ ਮੂਲ ਰਚਨਾ ਵਿਚਲੇ ਅਧਿਆਤਮਕ ਤਤਾਂ ਦਾ ਵਿਸ਼ੇਸ਼ ਵਿਸ਼ਲੇਸ਼ਣ ਕੀਤਾ ਜਾਂਦਾ ਹੈ।[4] ਪਹਿਲਾਂ ਮੂਲ ਰਚਨਾ ਨੂੰ ਕਿਸੇ ਮੰਨਣਯੋਗ ਪ੍ਰਕਰਣ ਵਿਚ ਉਥਾਨਕਾ ਦੁਆਰਾ ਕੀਲਿਆ ਜਾਂਦਾ ਹੈ।[5] ਇਸ ਤਰ੍ਹਾਂ ਇਕ ਵਿਸ਼ੇਸ਼ ਮਾਹੌਲ ਸਿਰਜਿਆ ਜਾਂਦਾ ਹੈ। ਇਹ ਮਾਹੌਲ ਅਧਿਆਤਮਕ ਤਥਾਂ ਨੂੰ ਉਘਾੜਨ ਵਿਚ ਸਹਾਈ ਹੁੰਦਾ ਹੈ। ਪਰਮਾਰਥ ਵਿਚ ਵਿਸਤ੍ਰਿਤ ਵਿਆਖਿਆ ਨਹੀਂ ਹੁੰਦੀ। "ਪਰ ਕਿਤੇ ਕਿਤੇ ਜਿਥੇ ਲੋੜ ਹੁੰਦੀ ਹੈ, ਪ੍ਰਤੀਕਾਂ, ਚਿੰਨ੍ਹਾਂ, ਰੂਪਕਾਂ, ਉਪਮਾਵਾਂ, ਹੋਰ ਅਲੰਕਾਰ ਰੂਪ ਵਿਚ ਆਈਆਂ ਰਮਜ਼ਾਂ, ਰਹੱਸਾਂ ਦੀ ਸੰਖੇਪ ਵਿਆਖਿਆ ਹੁੰਦੀ ਹੈ।"[6] ਇਸ ਲਈ ਕਿਹਾ ਜਾ ਸਕਦਾ ਹੈ ਕਿ "ਪਰਮਾਰਥ" ਮੂਲ ਰਚਨਾ ਵਿਚਲੇ ਪਦਾਂ ਤੇ ਪੰਕਤੀਆਂ ਦੀ ਕੈਦ ਤੋਂ ਮੁਕਤ, ਸਮੁਚੇ ਭਾਵ ਨੂੰ ਮੁਖ ਰਖ ਕੇ ਕੀਤੀ ਗਈ, ਅਜਿਹੀ ਸਰਲ ਤੇ ਸੰਖੇਪ ਵਿਆਖਿਆ ਹੈ ਜਿਸ ਵਿਚ ਮੂਲ ਰਚਨਾ ਦੇ ਭਾਵ-ਅਰਥ ਨੂੰ ਸਪਸ਼ਟ ਕੀਤਾ ਜਾਂਦਾ ਹੈ ਅਤੇ ਉਸ ਵਿਚਲੇ ਅਧਿਆਤਮਕ ਤਥਾਂ ਨੂੰ ਉਘਾੜਿਆ ਜਾਂਦਾ ਹੈ।

---

1 ਡਾ. ਧੀਰੇਂਦ੍ਰ ਵਰਮਾ, ਹਿੰਦੀ ਸਾਹਿਤਯ ਕੋਸ਼, ਪ੍ਰਥਮ ਸੰਸਕਰਣ, ਪੰਨਾ 714.

2 ਸ੍ਰੀ ਨਵਲਜੀ (ਸੰਪਾਦਕ), ਨਾਲੰਦਾ ਵਿਸ਼ਾਲ ਸ਼ਬਦ ਸਾਗਰ, 2007, ਵਿਕ੍ਰਮੀ, ਪੰਨਾ 789.

3 ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਤੀਜਾ ਸੰਸਕਰਣ, ਪੰਨਾ 748.

4 ਡਾ. [redacted] ਰਤਨ ਸਿੰਘ ਜੱਗੀ (ਸੰਪਾ:), ਗੁਰਬਾਣੀ ਟੀਕੇ: ਆਨੰਦ ਘਨ, 1970, ਭੂਮਿਕਾ, ਪੰਨਾ 1.

5 ਡਾ. ਤਾਰਨ ਸਿੰਘ, "ਗੁਰਬਾਣੀ ਪਰਮਾਰਥ", ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, (ਸੰਪਾ: ਡਾ. ਕਿਰਪਾਲ ਸਿੰਘ), 1962, ਪਹਿਲੀ ਸੈਂਚੀ, ਪੰਨਾ 98.

6 ਡਾ. ਤਾਰਨ ਸਿੰਘ, "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਟੀਕਾਕਾਰੀ", ਨਾਨਕ ਪ੍ਰਕਾਸ਼ ਪਤ੍ਰਿਕਾ, ਜਿਲਦ ਅਠਵੀਂ, ਦਸੰਬਰ 1976, ਪੰਨਾ 52.

<u>ਤਫ਼ਸੀਰ</u>

ਤਫ਼ਸੀਰ ਅਰਬੀ ਭਾਸ਼ਾ ਦਾ ਸ਼ਬਦ ਹੈ। ਇਸ ਦੇ ਅਰਥ ਹਨ "ਪਰਦਾ ਹਟਣਾ", "ਹੋਰ ਸਪਸ਼ਟ ਹੋਣਾ।"[1] ਮੁਸਲਮਾਨ ਇਸ ਤੋਂ ਭਾਵ "ਭਾਸ਼ਾ ਵਿਚ ਲੁਪਤ ਅੱਲਾ ਦੀ ਰਜ਼ਾ ਤੋਂ ਪਰਦਾ ਹਟਣਾ"[2] ਲੈਂਦੇ ਹਨ। ਫ਼ਾਰਸੀ ਵਿਚ ਕੁਰਾਨ ਦੀਆਂ ਤਫ਼ਸੀਰਾਂ ਲਿਖਣ ਦੀ ਇਕ ਸ਼ਕਤੀਸ਼ਾਲੀ ਪਰੰਪਰਾ ਹੈ। ਤਫ਼ਸੀਰ ਕੋਈ ਆਲਮ ਹੀ ਲਿਖ ਸਕਦਾ ਹੈ। ਤਫ਼ਸੀਰ ਦਾ ਮੂਲ ਆਧਾਰ ਹਦੀਸ ਨੂੰ ਮੰਨਿਆ ਜਾਂਦਾ ਹੈ।[3] ਹਦੀਸ ਮੁਹੰਮਦ ਸਾਹਿਬ ਦੇ ਆਪਣੇ ਬਚਨ ਹਨ। ਇਹ ਖ਼ਲੀਫ਼ਾ ਅਲੀ ਅਤੇ ਮੁਹੰਮਦ ਸਾਹਿਬ ਦੇ ਹੋਰ ਨਜ਼ਦੀਕੀ ਸਾਥੀਆਂ ਤੋਂ ਅਗੇ ਪਹੁੰਚੇ ਹਨ। ਇਹ ਵੀ ਮੰਨਿਆ ਜਾਂਦਾ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਨੇ ਖ਼ਲੀਫ਼ਾ ਅਲੀ ਨੂੰ ਕੁਰਾਨ ਵਿਚ ਦਰਜ ਅਨੁਭਵ ਆਪ ਬਿਆਨ ਕੀਤਾ ਸੀ। ਕਿਉਂਕਿ ਇਨ੍ਹਾਂ ਅਰਥਾਂ ਦੀ ਪਰੰਪਰਾ ਹਜ਼ਰਤ ਮੁਹੰਮਦ ਸਾਹਿਬ ਤੋਂ ਚਲੀ ਹੋਣ ਕਾਰਨ ਇਸਲਾਮ ਦੀ ਦੁਨੀਆ ਵਿਚ ਇਨ੍ਹਾਂ ਨੂੰ ਪ੍ਰਮਾਣਿਕ ਮੰਨਿਆ ਜਾਂਦਾ ਹੈ। ਤਫ਼ਸੀਰ ਦੇ ਲੇਖਕ ਦੀ ਕੋਸ਼ਿਸ਼ ਹਦੀਸ ਦੁਆਰਾ ਹਜ਼ਰਤ ਮੁਹੰਮਦ ਸਾਹਿਬ ਦੇ ਉਸ ਅਨੁਭਵ ਤਕ ਪਹੁੰਚਣ ਦੀ ਹੁੰਦੀ ਹੈ ਜੋ ਮੁਹੰਮਦ ਸਾਹਿਬ ਨੇ ਕੁਰਾਨ ਵਿਚ ਦਰਜ ਕੀਤਾ ਹੈ।

<u>ਤਾਵੀਲ</u>

ਤਾਵੀਲ ਵੀ ਅਰਬੀ ਭਾਸ਼ਾ ਦਾ ਸ਼ਬਦ ਹੈ। ਇਸ ਦੇ ਅਰਥ ਹਨ "ਸੁਪਨ ਵਿਆਖਿਆ", "ਅਰਥ ਵਿਗਾੜ"।[4] ਕੁਰਾਨ ਸ਼ਰੀਫ਼ ਦੀ ਸੂਰਤ ਯੂਸਫ਼ ਵਿਚ ਇਹ ਸ਼ਬਦ ਅਠ ਵਾਰੀ "ਸੁਪਨ-ਵਿਆਖਿਆ" ਦੇ ਅਰਥਾਂ ਵਿਚ ਆਇਆ ਹੈ।[5] ਤਾਵੀਲ ਕੁਰਾਨ ਦੀ ਉਹ ਵਿਆਖਿਆ ਹੈ ਜਿਸ ਦਾ ਆਧਾਰ ਕੋਈ ਪ੍ਰਮਾਣਿਕ ਪਰੰਪਰਾ ਨਹੀਂ ਸਗੋਂ ਮਨੁੱਖੀ ਯਤਨ ਹਨ। ਇਕ ਪੁਰਾਤਨ ਵਿਦਵਾਨ ਸਯੂਤੀ ਨੇ ਤਾਵੀਲ ਨੂੰ "ਕੁਰਾਨ ਦੇ ਵਿਸ਼ਲੇਸ਼ਣ ਦੀ ਵਿਸ਼ੇਸ਼ਗਤਾ ਅਤੇ ਖੋਜ ਦੀ ਪੈਦਾਇਸ਼"[6] ਮੰਨਿਆ ਹੈ ਜਦੋਂ

---

1. T.Farias, S.J., "Muslim Interpretation of the Quran", <u>Indian Theological Studies</u>, Vol.XXI, Sept-Dec. 1984, p.300.
2. Ibid.
3. J.Wansbrough, <u>Quranic Studies</u>, 1977,p.156.
4. F. Steingass, <u>Persian-English Dictionary</u>,1973, p.277.
5. J.Wansbrough, <u>Quranic Studies</u>, 1977,p.246.
6. Ibid, p.154.

ਕਿ ਇਕ ਹੋਰ ਪੁਰਾਤਨ ਵਿਦਵਾਨ ਮਾਤੁਰੀਦੀ ਨੇ ਇਸ ਨੂੰ "ਇਸਲਾਮੀ ਸਿੱਧਾਂਤ ਦੇ ਵਿਦਵਾਨਾਂ ਦੀ ਦੇਣ" ਕਿਹਾ ਹੈ।"[1] ਮੁਸਲਮਾਨਾਂ ਦੀ ਸੋਚ-ਧਾਰਾ ਦੇ ਵਿਕਾਸ ਪ੍ਰਵਾਹ ਨੇ ਤਾਵੀਲ ਨੂੰ ਪ੍ਰਵਾਣ ਨਹੀਂ ਕੀਤਾ। ਇਸ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਤਾਵੀਲ ਦੇ ਨਾਂ ਹੇਠ ਅਖੌਤੀ ਵਿਦਵਾਨਾਂ ਨੇ ਸਵੈ-ਹਿਤਾਂ ਦੀ ਪੂਰਤੀ ਲਈ ਕੁਰਾਨ ਦੇ ਅਰਥ ਮਨ-ਮਰਜ਼ੀ ਨਾਲ ਕਰਨ ਦਾ ਯਤਨ ਕੀਤਾ ਹੋਵੇ। ਇਸਲਾਮੀ ਜਗਤ ਵਿਚ ਤਾਵੀਲ ਦੀ ਕੋਈ ਪਰੰਪਰਾ ਨਹੀਂ ਬਣ ਸਕੀ। ਹੁਣ ਇਹ ਸ਼ਬਦ ਵਿਗਾੜੇ ਅਰਥਾਂ ( twisted meaning ) ਦਾ ਸੂਚਕ ਹੋ ਗਿਆ ਹੈ ਜਿਵੇਂ ਕਿ ਇਕਬਾਲ ਦੇ ਹੇਠ ਲਿਖੇ ਸ਼ਿਅਰ ਤੋਂ ਸਪਸ਼ਟ ਹੈ:

"ਅਹਕਾਮ ਤਿਰੇ ਹਕ ਹੈਂ ਮਗਰ ਅਪਨੇ ਮੁਫ਼ੱਸਿਰ
ਤਾਵੀਲ ਸੇ ਕੁਰਆਂ ਕੋ ਬਨਾ ਸਕਤੇ ਹੈਂ ਪਾਜ਼ੰਦ।"[2]

ਇੱਕਸਜੇਸਿਸ ( Exegesis )

ਅਰਥ-ਬੋਧ ਲਈ 'ਇੱਕਸਜੇਸਿਸ' ਅਤੇ 'ਕੋਮੈਂਟ੍ਰੀ' ਤੋਂ ਇਲਾਵਾ annotation, exposition ਅਤੇ gloss ਸ਼ਬਦਾਂ ਦੀ ਵਰਤੋਂ ਵੀ ਅੰਗ੍ਰੇਜ਼ੀ ਸਾਹਿਤ ਵਿਚ ਕੀਤੀ ਗਈ ਹੈ। 'ਇੱਕਸਜੇਸਿਸ' ਅੰਗ੍ਰੇਜ਼ੀ ਵਿਚ ਉਹ ਕੁਝ ਹੈ ਜੋ ਸੰਸਕ੍ਰਿਤ ਅਤੇ ਪੰਜਾਬੀ ਵਿਚ ਟੀਕਾ ਅਤੇ ਵਿਆਖਿਆ ਹਨ। ਐਨਸਾਈਕਲੋਪੀਡੀਆ ਬ੍ਰਿਟੈਨਿਕਾ ਵਿਚ 'ਇੱਕਸਜੇਸਿਸ' ਨੂੰ ਆਲੋਚਨਾਤਮਕ ਵਿਆਖਿਆ ਕਿਹਾ ਗਿਆ ਹੈ। ਬਾਈਬਲ ਦੀ ਇੱਕਸਜੇਸਿਸ ਬਾਰੇ ਲਿਖਿਆ ਹੈ ਕਿ "ਇਹ ਪਵਿਤਰ ਧਰਮ ਗ੍ਰੰਥ ਦੀ ਵਾਸਤਵਿਕ ਵਿਆਖਿਆ ਹੈ, ਇਸ ਦੇ ਅਰਥਾਂ ਦਾ ਪ੍ਰਗਟਾਵਾ ਹੈ।"[3] ਇੱਕਸਜੇਸਿਸ ਵਿਚ ਲੇਖਕ ਮੂਲ ਪਾਠ ਦੇ ਕ੍ਰਮ ਨੂੰ ਧਿਆਨ ਵਿਚ ਰਖਦਿਆਂ ਰਚਨਾ ਦੇ ਅਰਥ ਸਪਸ਼ਟ ਕਰਦਾ ਹੈ ਪਰ ਮੂਲ ਪਾਠ ਵਿਚ ਆਏ ਤੱਥਾਂ ਅਤੇ ਸਿੱਧਾਂਤਾਂ ਬਾਰੇ ਟਿਪਣੀਆਂ ਜਾਂ ਨਿਰਣੈ ਕਰਨਾ ਇਸ ਪ੍ਰਕਾਰ ਰਚਨਾ ਦੇ ਲੇਖਕ ਦਾ ਕਾਰਜ ਨਹੀਂ। ਇਹ ਕੰਮ ਟਿੱਪਣੀਕਾਰ ( commentator ) ਦਾ ਹੈ।

---

1 J.Wansbrough, Quranic Studies, 1977, p. 154.

2 ਇਕਬਾਲ, ਬਾਲਿ-ਜਬਰਾਈਲ, ਪੰਜਵੀਂ ਐਡੀਸ਼ਨ, ਸਤੰਬਰ 1945, ਪੰਨਾ 33.

3 ਬਾਈਬਲ, ਜਿਲਦ 7, ਪੰਨਾ 60.

**ਕੋਮੈਂਟ੍ਰੀ ( Commentary )**

ਕਿਸੇ ਕਥਨ ਵਿਚਲੇ ਤੱਥਾਂ ਅਤੇ ਸਿੱਧਾਂਤ ਬਾਰੇ ਕੀਤੀ ਗਈ ਟਿਪਣੀ ਨੂੰ ਅੰਗ੍ਰੇਜ਼ੀ ਵਿਚ ਕੋਮੈਂਟ ( comment ) ਆਖਦੇ ਹਨ ਅਤੇ ਇਸ ਤਰ੍ਹਾਂ ਦੀਆਂ ਲਗਾਤਾਰ ਟਿਪਣੀਆਂ ਨੂੰ ਕੋਮੈਂਟ੍ਰੀ।

ਸ਼ੁਰੂ ਸ਼ੁਰੂ ਵਿਚ ਯਾਦਦਾਸ਼ਤ ਲਈ ਲਿਖ ਕੇ ਰਖੀਆਂ ਗਈਆਂ ਟਿਪਣੀਆਂ ਨੂੰ ਕੋਮੈਂਟ੍ਰੀ ਕਿਹਾ ਜਾਂਦਾ ਸੀ। ਪਿਛੋਂ ਇਸ ਸ਼ਬਦ ਦਾ ਅਰਥ ਵਿਸਤਾਰ ਹੋਇਆ ਅਤੇ ਇਹ ਸ਼ਬਦ ਨਿਮਨ ਲਿਖਤ ਅਰਥਾਂ ਵਿਚ ਵਰਤਿਆ ਜਾਣ ਲੱਗਾ:

1- ਵਕਤਾ ਦੁਆਰਾ ਭਾਸ਼ਣ ਲਈ ਲਿਖ ਕੇ ਰਖੀਆਂ ਟਿਪਣੀਆਂ ਜਾਂ ਸੰਖੇਪ;

2- ਪਰਿਵਾਰਕ ਯਾਦਗਾਰ ( family memorials );

3- ਗ਼ੈਰ ਸਰਕਾਰੀ ਵਿਅਕਤੀਆਂ ਦੁਆਰਾ ਆਪਣੇ ਆਲੇ ਦੁਆਲੇ ਵਾਪਰੀਆਂ ਘਟਨਾਵਾਂ ਬਾਰੇ ਲਿਖਕੇ ਰਖੇ ਰੋਜ਼ਨਾਮਚੇ;

4- ਸਰਕਾਰੀ ਕਰਮਚਾਰੀਆਂ ਦੁਆਰਾ ਉਨ੍ਹਾਂ ਘਟਨਾਵਾਂ ਬਾਰੇ ਲਿਖੇ ਬਿਰਤਾਂਤ, ਜਿਨ੍ਹਾਂ ਵਿਚ ਉਨ੍ਹਾਂ ਨੇ ਭਾਗ ਲਿਆ ਸੀ। ਇਸ ਸੰਬੰਧ ਵਿਚ ਸੀਜ਼ਰ (Caesar) ਦੀਆਂ ਕੋਮੈਂਟ੍ਰੀਆਂ ਪ੍ਰਸਿਧ ਹਨ।

ਪੁਰਾਣੇ ਸਮਿਆਂ ਵਿਚ ਰੋਮ ਵਿਚ ਸ਼ਾਹੀ ਪ੍ਰਬੰਧ ਦੇ ਕਈ ਵਿਭਾਗਾਂ ਅਤੇ ਵੱਡੇ ਅਹਿਲਕਾਰਾਂ ਦੁਆਰਾ ਰਖੇ ਰੀਕਾਰਡ ,ਬਾਦਸ਼ਾਹ ਦੇ ਸਰਕਾਰੀ ਕੰਮਾਂ ਦਾ ਰਜਿਸਟਰ ਅਤੇ ਸ਼ਾਹੀ ਦਰਬਾਰ ਦੇ ਰੋਜ਼ਨਾਮਚੇ ਵੀ ਕੋਮੈਂਟ੍ਰੀ ਅਖਵਾਉਂਦੇ ਸਨ। ਬਾਦਸ਼ਾਹਾਂ ਦੇ ਕਰਤਵਾਂ ਅਤੇ ਉਚੇਰੇ ਹਕਾਂ ਸੰਬੰਧੀ ਫ਼ਰਮਾਨ, ਜੋ ਬਾਦਸ਼ਾਹ ਦੇ ਪਾਦਰੀ ਦੀ ਹੈਸੀਅਤ ਵਿਚ ਕੀਤੇ ਕੰਮਾਂ ਦਾ ਰੀਕਾਰਡ ਬਣਦਾ ਸੀ, ਨੂੰ ਵੀ ਕੋਮੈਂਟ੍ਰੀ ਕਿਹਾ ਜਾਂਦਾ ਸੀ।[1]

ਹੁਣ ਸਾਹਿਤਕ ਖੇਤਰ ਵਿਚ "ਕਿਸੇ ਨੁਕਤੇ ਦੀ ਵਿਸਤਾਰਪੂਰਵਕ ਵਿਆਖਿਆ"[2] ਜਾਂ "ਕਿਸੇ ਸਾਹਿਤਕ ਗ੍ਰੰਥ ਦੇ ਕ੍ਰਮ ਨੂੰ ਧਿਆਨ ਵਿਚ ਰਖਦਿਆਂ ਉਸ ਉਤੇ ਲਿਖੀ ਟਿਪਣੀ ਜਾਂ ਵਿਆਖਿਆ"[3]

---

1 <u>Encyclopaedia Britanica,</u> 1950, Vol.6,p.107.

2 <u>The American College Encyclopaedic Dictionary,1959,Vol.I,</u> p.242.

3. <u>The Oxford English Dictionary,</u> 1972,Vol.I,p.676-77.

ਨੂੰ ਕੋਮੈਂਟ੍ਰੀ ਕਿਹਾ ਜਾਂਦਾ ਹੈ। ਕੋਮੈਂਟ੍ਰੀ ਮੂਲ ਰਚਨਾ ਦੇ ਨਾਲ ਵੀ ਹੋ ਸਕਦੀ ਹੈ ਅਤੇ ਵੱਖਰੀ ਵੀ।[1] ਇੱਕਸਜੈਸਿਸ ਅਤੇ ਕੋਮੈਂਟ੍ਰੀ ਵਿਚ ਵੱਡਾ ਫਰਕ ਇਹ ਹੈ ਕਿ ਇੱਕਸਜੈਸਿਸ ਵਿਚ ਲੇਖਕ ਨੇ ਇਮਾਨਦਾਰੀ[3] ਨਾਲ ਉਸ ਰਸਤੇ ਤੇ ਚਲਣਾ ਹੁੰਦਾ ਹੈ ਜੋ ਮੂਲ ਪਾਠ ਉਸ ਨੂੰ ਦਿਖਾਉਂਦਾ ਹੈ। ਉਸ ਨੇ ਆਪਣੇ ਵਲੋਂ ਬਹੁਤਾ ਕੁਝ ਨਹੀਂ ਕਹਿਣਾ ਹੁੰਦਾ। ਕੋਮੈਂਟ੍ਰੀ ਵਿਚ ਲੇਖਕ ਨੂੰ ਬਾਹਰਲੀ ਸਾਮਗ੍ਰੀ ਦੀ ਸਹਾਇਤਾ ਨਾਲ ਆਪਣੇ ਵਲੋਂ ਕਾਫ਼ੀ ਕੁਝ ਕਹਿਣ ਦੀ ਖੁਲ੍ਹ ਹੁੰਦੀ ਹੈ।

<u>ਹਰਮੀਨਿਊਟਿਕਸ ( Hermeneutics )</u>

ਯੂਨਾਨੀ ਭਾਸ਼ਾ ਦਾ ਇਕ ਕ੍ਰਿਆ ਰੂਪ ਹੈ hermeneuo ਜਿਸ ਦਾ ਅਰਥ ਹੈ ਵਿਆਖਿਆ ਕਰਨਾ। ਇਸ ਕ੍ਰਿਆ ਰੂਪ ਤੋਂ ਯੂਨਾਨੀ ਭਾਸ਼ਾ ਦਾ ਸ਼ਬਦ hermeneutikਬਣਿਆ ਜਿਸ ਨੇ ਨਵੀਂ ਲਾਤੀਨੀ ਵਿਚ hermeneutica ਰੂਪ ਧਾਰਿਆ – ਇਸ ਦੇ ਅਰਥ ਹੋਏ, "ਵਿਆਖਿਆ ਦੀ ਕਲਾ"। ਇਹ ਸ਼ਬਦ ਅਗੋਂ ਅੰਗਰੇਜ਼ੀ ਵਿਚ hermeneutics ਬਣਿਆ।[2] ਵੈਂਡਰਬਿਲਟ ਯੂਨੀਵਰਸਿਟੀ ਡਿਵਿਨਟੀ ਸਕੂਲ ( Venderbilt University Divinity Sch ਦੇ ਨਿਊ ਟੈਸਟਾਮੈਂਟ ਦੇ ਪ੍ਰੋਫੈਸਰ ਰਾਬਰਟ ਡਬਲਿਊ. ਫੰਕ ਅਨੁਸਾਰ, "ਹਰਮੀਨਿਊਟਿਕਸ ਨੂੰ ਪਰੰਪਰਾ ਵਿਚ ਉਹ ਸਿੱਧਾਂਤ ਸਮਝਿਆ ਗਿਆ ਹੈ ਜਿਸ ਦਾ ਅਮਲ ਇੱਕਸਜੈਸਿਸ ਹੈ। ਭਾਵ ਇਹ ਕਿ ਹਰਮੀਨਿਊਟਿਕਸ ਦਾ ਸੰਬੰਧ ਧਰਮ ਗ੍ਰੰਥ ਦੀ ਵਿਆਖਿਆ ਦੇ ਨਿਯਮਾਂ ਨਾਲ ਹੈ।"[3] ਪਹਿਲਾਂ ਪਹਿਲ ਇਹ ਸ਼ਬਦ ਕੇਵਲ ਬਾਈਬਲ ਦੀ ਵਿਆਖਿਆ ਦੇ ਸੰਬੰਧ ਵਿਚ ਵਰਤਿਆ ਜਾਂਦਾ ਸੀ ਪਰ ਹੁਣ ਇਹ ਕਿਸੇ ਵੀ ਧਰਮ ਗ੍ਰੰਥ ਦੀ ਵਿਆਖਿਆ ਲਈ ਵਰਤਿਆ ਜਾਂਦਾ ਹੈ।[4] ਵਿਦਵਾਨਾਂ ਨੇ

---

1. <u>The Encyclopadia Americana</u>, 1961, Vol.Vii, p.365.
2. Renthy Keitzar, " Tribal Perspective in Biblical Hermeneutics Today," <u>The Indian Journal of Theology</u>, July-Dec., 1982, p.293.
3. <u>Language, Hermeneutic, and Word of God, First Edition,</u> 1966, p.10.
4. J.L.Roy, "Primal Vision and Hermeneutics in North-East India– A Protestant Tribal View, "<u>The Indian Journal of Theology</u>, July-Dec., 1982, p. 314.

ਨਵੀਆਂ ਦਿਸ਼ਾਵਾਂ ਵਿਚ ਵੀ ਹਰਮੀਨਿਊਟਿਕਸ ਦਾ ਵਿਸਤਾਰ ਕੀਤਾ ਹੈ। ਹੁਣ ਹਰਮੀਨਿਊਟਿਕਸ ਦਾ ਇਹ ਕੰਮ ਨਹੀਂ ਮੰਨਿਆ ਜਾਂਦਾ ਕਿ ਉਨ੍ਹਾਂ ਅਰਥਾਂ ਦੀ ਖੋਜ ਕਰੇ ਜੋ ਕਿਸੇ ਗ੍ਰੰਥ ਦੀ ਰਚਨਾ ਵੇਲੇ ਸਨ। ਇਹ ਕੰਮ ਇੱਕਸੀਜੈਸਿਸ ਦਾ ਹੈ। ਹਰਮੀਨਿਊਟਿਕਸ ਇਸ ਬੁਨਿਆਦੀ ਪ੍ਰਸ਼ਨ ਦਾ ਉੱਤਰ ਦੇਂਦੀ ਹੈ ਕਿ ਉਸ ਧਰਮ ਗ੍ਰੰਥ ਦੇ ਅਜ ਸਾਡੇ ਲਈ ਕੀ ਅਰਥ ਬਣਦੇ ਹਨ।[1] ਇਉਂ ਇਹ ਪੁਰਾਤਨ ਧਰਮ ਗ੍ਰੰਥ ਨੂੰ ਵਰਤਮਾਨ ਵਿਚ ਸਥਿਤ ਕਰਕੇ ਅਜ ਦੇ ਮਨੁਖ ਲਈ ਉਸ ਗ੍ਰੰਥ ਦੇ ਮਹੱਤਵ ਨੂੰ ਪਛਾਣਨ ਦੀ ਕਲਾ ਹੈ। ਹੁਣ ਇਹ ਵੀ ਮੰਨਿਆ ਜਾਂਦਾ ਹੈ ਕਿ ਹਰਮੀਨਿਊਟਿਕਸ ਦਾ ਕੰਮ ਸਤਿ ਦਾ ਅਨੁਭਵ ਕਰਨ ( to perceive reality ) ਦੇ ਢੰਗ ਦੱਸਣਾ ਅਤੇ ਉਨ੍ਹਾਂ ਢੰਗਾਂ ਨੂੰ ਹੋਰ ਉੱਨਤ ਕਰਨਾ ਹੈ।[2] ਇਹ ਸ਼ਾਸਤ੍ਰ ਲਿਖਤੀ ਰੂਪ ਦੀਆਂ ਸੀਮਾਵਾਂ ਵੀ ਪਾਰ ਕਰ ਚੁੱਕਾ ਹੈ। ਇਥੋਂ ਤਕ ਕਿ ਪੁਰਸ਼ ਦੀ ਮੋਨ ( silent ) ਰਹਿਕੇ ਪ੍ਰਭੂ-ਪ੍ਰਾਪਤੀ ਦੀ ਪ੍ਰਕ੍ਰਿਆ ਨੂੰ ਵੀ ਹੁਣ ਹਰਮੀਨਿਊਟਿਕਲ ਪ੍ਰਕ੍ਰਿਆ ( hermeneutical process ) ਮੰਨਿਆ ਜਾਂਦਾ ਹੈ।[3]

## ਟੀਕਾਕਾਰੀ ਦੀ ਪ੍ਰਕ੍ਰਿਆ

ਕਿਸੇ ਵੀ ਗੰਭੀਰ ਤੇ ਸੂਤ੍ਰਿਕ ਗ੍ਰੰਥ ਦੀ ਰਚਨਾ-ਪ੍ਰਕ੍ਰਿਆ ਗ੍ਰੰਥ ਦੇ ਸੰਪੂਰਣ ਹੋਣ ਨਾਲ ਹੀ ਸਮਾਪਤ ਹੋ ਜਾਂਦੀ ਹੈ ਪਰ ਉਸ ਗ੍ਰੰਥ ਦੀ ਟੀਕਾਕਾਰੀ ਇਕ ਨਿਰੰਤਰ ਪ੍ਰਕ੍ਰਿਆ ਬਣ ਜਾਂਦੀ ਹੈ ਕਿਉਂਕਿ (1) ਵਖ ਸ਼ਖਸੀਅਤਾਂ ਤੇ ਵਖ ਸਭਿਆਚਾਰਕ ਪਿਛੋਕੜ ਵਾਲੇ ਮਨੁਖ ਉਸ ਰਚਨਾ ਦੇ ਸਚ ਨੂੰ ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਸਮਝਣ ਸਮਝਾਉਣ ਦਾ ਯਤਨ ਕਰਦੇ ਹਨ (2) ਕਾਲ-ਅੰਤਰ ਅਤੇ ਸਮਾਜਕ ਪਰਿਸਥਿਤੀਆਂ ਦੇ ਪਰਿਵਰਤਨ ਨਾਲ ਉਸ ਗ੍ਰੰਥ ਦੇ ਅਰਥ ਬਦਲ ਜਾਂਦੇ ਹਨ (3) ਰਚਨਾ ਦਾ ਸਚ ਬਹੁ-ਦਿਸ਼ਾਵੀ ਹੁੰਦਾ ਹੈ ਅਤੇ ਉਸ ਦੇ ਬਹੁਪੱਖੀ ਪਾਸਾਰ ਨੂੰ ਕੋਈ ਟੀਕਾ ਆਪਣੇ

---

1 L.Legrand, "Issues in the Roman Catholic Approach to Biblical Hermeneutics Today," The Indian Journal of Theology, July-Dec. 1982, p. 314.

2 Paulos Gregorios, "The Hermeneutical Discussion in India Today, Ibid, p. 153.

3 K.M.George, "An Oriental Orthodox Approach to Hermeneutics," Ibid, p.209.

ਕਲਾਵੇ ਵਿਚ ਨਹੀਂ ਲੈ ਸਕਦਾ। ਜੋ ਕੁਝ ਅਣਕਿਹਾ ਬਾਕੀ ਰਹਿ ਜਾਂਦਾ ਹੈ ਉਹ ਸਦਾ ਹੀ ਹੋਰ ਟੀਕਾਕਾਰੀ ਦੀ ਸੰਭਾਵਨਾ ਬਣਾਈ ਰਖਦਾ ਹੈ ਅਤੇ (4) ਜੋ ਕੁਝ ਪਹਿਲੇ ਟੀਕਿਆਂ ਵਿਚ ਕਿਹਾ ਜਾ ਚੁਕਿਆ ਹੈ ਉਸ ਦੇ ਖੰਡਨ, ਮੰਡਨ ਜਾਂ ਆਪਣੇ ਮਤ ਦੀ ਉਤਮਤਾ ਸਿਧ ਕਰਨ ਲਈ ਵੀ ਟੀਕਾ ਪ੍ਰਕ੍ਰਿਆ ਜਾਰੀ ਰਹਿੰਦੀ ਹੈ।

ਕਿਸੇ ਵੀ ਰਚਨਾ ਦੀ ਟੀਕਾ ਪ੍ਰਕ੍ਰਿਆ ਦਾ ਆਰੰਭਿਕ ਕਦਮ ਸ਼ੁਧ ਮੂਲ-ਪਾਠ ਦੀ ਪਛਾਣ ਹੈ।[1] ਅਕਸਰ ਇਹ ਵੇਖਣ ਵਿਚ ਆਉਂਦਾ ਹੈ ਕਿ ਵਖ ਵਖ ਸ਼ਾਖਾਵਾਂ ( Schools ) ਦੁਆਰਾ ਵਰਤੇ ਜਾਂਦੇ ਇਕ ਹੀ ਗ੍ਰੰਥ ਵਿਚ ਪਾਠਾਂਤਰ ਹੁੰਦੇ ਹਨ ਜਾਂ ਇਕ ਹੀ ਗ੍ਰੰਥ ਦੀਆਂ ਵਿਭਿੰਨ ਹੱਥ-ਲਿਖਤ ਪ੍ਰਤੀਆਂ ਵਿਚ ਪਾਠ-ਭੇਦ ਮਿਲਦੇ ਹਨ। ਟੀਕਾਕਾਰ ਨੂੰ ਕਿਉਂਕਿ ਰਚਨਾ ਦੇ ਰਹੱਸ ਦਾ ਗਿਆਨ ਹੁੰਦਾ ਹੈ ਅਤੇ ਉਹ ਰਚਨਾ ਦੀ ਰਮਜ਼ ਨੂੰ ਪਛਾਣਦਾ ਹੈ, ਇਸ ਲਈ ਉਹ ਸ਼ੁਧ ਜਾਂ ਅਸ਼ੁਧ ਪਾਠ ਦਾ ਨਿਰਣਾ ਸਹਿਜੇ ਹੀ ਕਰ ਲੈਂਦਾ ਹੈ। ਇਉਂ ਉਸ ਦੀ ਚੋਣ ਸ਼ੁਧ ਪਾਠ ਤੇ ਜਾ ਟਿਕਦੀ ਹੈ।

ਟੀਕਾਕਾਰੀ ਦੀ ਪ੍ਰਕ੍ਰਿਆ ਵਿਚ ਟੀਕਾਕਾਰ ਦੀ ਪ੍ਰਤਿਭਾ, ਅਨੁਭਵ ਅਤੇ ਦੂਰ-ਦ੍ਰਿਸ਼ਟੀ ਦਾ ਯੋਗਦਾਨ ਵੀ ਬੜਾ ਮਹੱਤਵਪੂਰਣ ਹੈ। ਜੇ ਟੀਕਾਕਾਰ ਕੇਵਲ ਭਾਸ਼ਾਈ ਪੱਧਰ ਤੇ ਵਿਚਰਦਿਆਂ ਟੀਕਾ ਕਰੇਗਾ ਤਾਂ ਉਸ ਦਾ ਟੀਕਾ ਸਤਹੀ ਅਤੇ ਨੀਰਸ ਹੋਵੇਗਾ। ਪ੍ਰਤਿਭਾ, ਅਨੁਭਵ ਅਤੇ ਦੂਰ-ਦ੍ਰਿਸ਼ਟੀ ਟੀਕਾਕਾਰ ਨੂੰ ਮੂਲ ਰਚੈਤਾ ਨਾਲ ਇਕਸੁਰ ਕਰਦੀਆਂ ਹਨ ਜਿਸ ਨਾਲ ਟੀਕਾਕਾਰ ਉਹ ਕੁਝ ਪ੍ਰਗਟ ਕਰਨ ਦੇ ਸਮਰੱਥ ਬਣ ਜਾਂਦਾ ਹੈ ਜੋ ਮੂਲ ਰਚੈਤਾ ਨੇ ਰਚਨਾ ਵਿਚ ਜੀਵਿਆ ਤੇ ਭੋਗਿਆ। ਇਹੋ ਪ੍ਰਗਟਾ ਕਿਸੇ ਟੀਕੇ ਦੀ ਵੱਡੀ ਪ੍ਰਾਪਤੀ ਹੁੰਦਾ ਹੈ।

ਟੀਕਾਕਾਰੀ ਮੂਲ ਰਚਨਾ ਤੋਂ ਮੂਲ ਰਚੈਤਾ ਦੀ ਆਤਮਾ ਤਕ ਦਾ ਸਫ਼ਰ ਹੈ। ਇਹ ਸਫ਼ਰ ਕੋਈ ਆਸਾਨ ਕੰਮ ਨਹੀਂ। ਟੀਕੇ ਦਾ ਮੰਤਵ ਸ਼ਬਦਾਂ ਦੇ ਅਰਥਾਂ ਅਤੇ ਮੂਲ ਲੇਖਕ ਦੀ ਭਾਵ-ਧਾਰਾ ਦੇ ਗਿਆਨ ਰਾਹੀਂ ਰਹੱਸ ਨੂੰ ਖੋਲ੍ਹਣਾ ਤੇ ਪਾਠਕਾਂ ਤਕ ਪਹੁੰਚਾਉਣਾ ਹੈ। ਟੀਕਾਕਾਰੀ

---

1 "Only when the scholar is reasonably sure of text before his eyes can his real task of interpretation begin." —Leionel Swain, "The Interpretation of the Bible", A New Catholic Commentary on Holy Scripture (Rev. Regionald C.Fuller D.D. —General Editor), 1969, p.62.

ਵਿਚ ਸਭ ਤੋਂ ਛੋਟੀ ਇਕਾਈ ਸ਼ਬਦ ਹੈ ਭਾਵੇਂ ਕਈ ਟੀਕਾਕਾਰ ਟੀਕਾ ਕਰਦੇ ਸਮੇਂ ਸ਼ਬਦ ਦੀ ਥਾਂ ਅੱਖਰ ਜਾਂ ਸ਼ਬਦ ਵਿਚ ਆਏ ਅੱਖਰਾਂ ਦੇ ਕਿਸੇ ਜੁੱਟ ਨੂੰ ਵੀ ਇਕਾਈ ਮੰਨਦੇ ਹਨ। ਇਸ ਤਰ੍ਹਾਂ ਉਹ ਸ਼ਬਦ ਦੇ ਅਗੋਂ ਭਾਗ ਕਰਕੇ ਅਰਥ ਕਰਦੇ ਹਨ।[1] ਮੂਲ ਰਚੈਤਾ ਲਈ ਆਮ ਤੌਰ ਤੇ ਸਭ ਤੋਂ ਛੋਟੀ ਇਕਾਈ ਸ਼ਬਦ ਹੀ ਹੁੰਦਾ ਹੈ। ਕਿਸੇ ਸ਼ਬਦ ਦੀ ਵਰਤੋਂ ਕਰਨ ਸਮੇਂ ਮੂਲ ਰਚੈਤਾ ਦੇ ਮਨ ਵਿਚ ਉਸ ਦੇ ਕੀ ਅਰਥ ਸਨ, ਇਹ ਜਾਣ ਲੈਣਾ ਕਾਫ਼ੀ ਕਠਿਨ ਹੈ। ਇਸੇ ਲਈ ਟੀਕਾਕਾਰੀ ਦੀ ਪ੍ਰਕ੍ਰਿਆ ਨੂੰ ਇਕ ਕਠਿਨ ਪ੍ਰਕ੍ਰਿਆ ਮੰਨਿਆ ਗਿਆ ਹੈ।

ਟੀਕਾਕਾਰੀ ਵਿਚ ਸ਼ਬਦ ਦੇ ਆਪਣੇ ਕੋਈ ਸੁਤੰਤਰ ਅਰਥ ਨਹੀਂ ਮੰਨੇ ਜਾਂਦੇ। ਟੀਕਾ ਕਰਦਿਆਂ ਪ੍ਰਸੰਗਿਕ ਅਰਥ ਹੀ ਲਏ ਜਾਂਦੇ ਹਨ। ਟੀਕਾਕਾਰੀ ਵਿਚ ਕਿਸੇ ਸ਼ਬਦ ਦੇ ਅਰਥ ਨਿਸਚਿਤ ਕਰਦਿਆਂ ਉਸ ਸ਼ਬਦ ਜਾਂ ਸੰਬੰਧਿਤ ਤੁਕ ਨੂੰ ਹੀ ਧਿਆਨ ਵਿਚ ਨਹੀਂ ਰਖਿਆ ਜਾਣਾ ਚਾਹੀਦਾ ਸਗੋਂ ਸਾਰੀ ਰਚਨਾ ਨੂੰ ਇਕਾਈ ਮੰਨ ਕੇ ਉਸ ਦੇ ਭਾਵ ਅਨੁਕੂਲ ਬਣਦੇ ਅਰਥ ਕੀਤੇ ਜਾਣੇ ਚਾਹੀਦੇ ਹਨ। ਅਜਿਹਾ ਨਾ ਕਰਨ ਦੀ ਸੂਰਤ ਵਿਚ ਟੀਕੇ ਵਿਚ ਵਿਰੋਧੀ ਵਿਚਾਰ ਆ ਜਾਣ ਦੀ ਸੰਭਾਵਨਾ ਹੁੰਦੀ ਹੈ। ਸਾਇਣ ਦੇ 'ਰਿਗ ਵੇਦ ਭਾਸ਼' ਵਿਚ ਇਕ ਊਣਤਾਈ ਇਹ ਮੰਨੀ ਜਾਂਦੀ ਹੈ ਕਿ ਉਸ ਨੇ ਅਰਥ ਕਰਨ ਲਗਿਆਂ ਬਹੁਤੀ ਵਾਰੀ ਇਕ ਸੂਤ੍ਰ ਨੂੰ ਇਕਾਈ ਮੰਨ ਕੇ ਸਾਹਮਣੇ ਰਖਿਆ ਹੈ ਅਤੇ ਸਾਰੀ ਰਚਨਾ ਦੇ ਭਾਵ ਨੂੰ ਅੱਖੋਂ ਪਰੋਖੇ ਕਰ ਦਿੱਤਾ ਹੈ।[2]

---

1 ਦੇਵਾ ਸਿੰਘ (ਨਿਰਮਲ ਸੰਤ) ਨੇ ਆਪਣੇ ਜਪੁਜੀ ਦੇ ਟੀਕੇ ਵਿਚ 'ਆਸਾ ਦੀ ਵਾਰ' ਦੇ ਦੋ ਸ਼ਲੋਕਾਂ ਦੇ ਅਰਥ ਦਿੱਤੇ ਹਨ। ਉਥੇ "ਵਰਤਣ ਸਰਬ ਜੰਜਾਲ" ਵਿਚਲੇ "ਵਰਤਣ" ਸ਼ਬਦ ਦੇ ਅਰਥ ਇਉਂ ਕੀਤੇ ਹਨ:-

> "(ਵਰਤਣ ਸਰਬ ਜੰਜਾਲ) ਣਾਣਾ ਨਨਾ ਏਕ ਅਰਥ ਕੇ ਬੋਧਕ ਹੈ ਯਾਤੇ ਏਹਾਂ
> ਨਨਾ ਸਮਝਣਾ, ਣਾਣਾ ਛੰਦ ਕੀ ਚਾਲ ਵਾਸਤੇ ਹੈ (ਵਰਤ) ਜਬ ਜੀਵਣ ਮੁਕਤਿ
> ਵਿਗ੍ਯਾਨ ਕੀ ਬ੍ਰਹਮਾ ਕਾਰ ਚਿਤ ਬ੍ਰਿਤੀ ਵਰਤੀ ਤਬ ਸਰਬ ਅਵਿਦਯਾਦੀ ਜੰਜਾਲ
> (ਨ) ਨਹੀ ਰਹੇ ਹੈ"
>
> — <u>ਸੁਗਮ ਜਪੁ ਪ੍ਰਦੀਪ</u>, ਬਿਕ੍ਰਮੀ 1959, ਪੰਨਾ 97.

2 "One of the defects of Sayana is, in fact, that he limits his views in most cases to the Single verse he has before him." — Arthur A. Macdonell, A History of Sanskrit Literature, 3rd. ed., p.61.

ਕਈ ਵਾਰੀ ਟੀਕਾਕਾਰ ਇਕ ਸ਼ਬਦ ਦੇ ਇਕ ਤੋਂ ਵਧੀਕ ਅਰਥ ਕਰਦੇ ਵੀ ਦੇਖੇ ਗਏ ਹਨ। "ਮੁਖ ਅਰਥ" ਅਤੇ "ਗੌਣ ਅਰਥ" ਕਰਨ ਦੀ ਰੀਤੀ ਵੀ ਇਸੇ ਰੁਚੀ ਦਾ ਸਿੱਟਾ ਹੈ। ਇਕ ਸ਼ਬਦ ਦੇ ਅਨੇਕ ਅਰਥ ਕਰਨੇ ਕੋਸ਼ਕਾਰੀ ਲਈ ਤਾਂ ਠੀਕ ਹੈ ਪਰ ਇਹ ਢੰਗ ਟੀਕਾਕਾਰੀ ਲਈ ਅਨੁਚਿਤ ਹੈ ਕਿਉਂਕਿ ਮੂਲ ਰਚੈਤਾ ਦੇ ਮਨ ਵਿਚ ਸ਼ਬਦ ਦੀ ਵਰਤੋਂ ਵੇਲੇ ਇਕੋ ਹੀ ਅਰਥ ਹੁੰਦਾ ਹੈ। ਸ਼ਬਦ ਦੇ ਮਰਮ ਨੂੰ ਸਮਝ ਕੇ ਉਸ ਅਰਥ ਤਕ ਪਹੁੰਚਣਾ ਹੀ ਟੀਕਾਕਾਰ ਦਾ ਮੰਤਵ ਹੁੰਦਾ ਹੈ। ਯਾਸਕ ਨੇ ਰਿਗ ਵੇਦ ਦੇ ਬਹੁਤ ਥੋੜੇ ਮੰਤ੍ਰਾਂ ਦੀ ਵਿਆਖਿਆ ਕੀਤੀ ਹੈ। ਵਿਆਖਿਆ ਵਿਚ ਉਸ ਨੇ ਸ਼ਬਦਾਂ ਦੇ ਵਿਉਤਪਤੀ ਮੂਲਕ ਅਰਥ ਲਏ ਹਨ। ਇਸੇ ਕਰਕੇ ਉਸ ਨੇ ਇਕ ਸ਼ਬਦ ਦੇ ਦੋ ਜਾਂ ਦੋ ਤੋਂ ਵੱਧ ਅਰਥ ਵੀ ਕੀਤੇ ਹਨ। ਟੀਕਾਕਾਰੀ ਦੀ ਦ੍ਰਿਸ਼ਟੀ ਤੋਂ ਇਹ ਊਣਤਾਈ ਹੈ।[1] ਟੀਕਾਕਾਰ ਨੇ ਉਹ ਅਰਥ ਨਿਸਚਿਤ ਕਰਨੇ ਹੁੰਦੇ ਹਨ ਜੋ ਮੂਲ ਰਚੈਤਾ ਦੇ ਮਨ ਵਿਚ ਉਸ ਵਿਸ਼ੇਸ਼ ਸ਼ਬਦ ਦੀ ਵਰਤੋਂ ਕਰਨ ਸਮੇਂ ਸਨ।

ਸਹੀ ਅਰਥ ਨਿਸਚਿਤ ਕਰਨ ਲਈ ਟੀਕਾਕਾਰ ਨੂੰ ਕਈ ਪ੍ਰਕਾਰ ਦਾ ਗਿਆਨ ਹੋਣਾ ਆਵੱਸ਼ਕ ਮੰਨਿਆ ਗਿਆ ਹੈ, ਜਿਵੇਂ— ਵਿਸ਼ੇ, ਭਾਸ਼ਾ ਤੇ ਵਿਆਕਰਣ ਦਾ ਗਿਆਨ; ਸ਼ਬਦਾਂ ਦੇ ਅਰਥਗਤ ਅਤੇ ਭਾਸ਼ਾ-ਵਿਗਿਆਨਗਤ ਇਤਿਹਾਸ ਦਾ ਗਿਆਨ; ਲੇਖਕ ਦੀਆਂ ਹੋਰ ਰਚਨਾਵਾਂ ਵਿਚ ਹੋਏ ਸ਼ਬਦਾਂ ਦੇ ਵਿਸ਼ਿਸ਼ਟ ਪ੍ਰਯੋਗਾਂ ਦੀ ਜਾਣਕਾਰੀ।[2] ਸ਼ਬਦਾਂ ਦੇ ਸਹੀ ਅਰਥ ਨਿਸਚਿਤ ਕਰ ਲੈਣ ਨਾਲ ਟੀਕਾਕਾਰ ਦਾ ਕੰਮ ਸਮਾਪਤ ਨਹੀਂ ਹੋ ਜਾਂਦਾ ਕਿਉਂਕਿ "ਇਕ ਮਾਇਨੇ ਵਿਚ ਅਨੇਕ ਇਸ਼ਾਰੇ, ਧੁਨੀਆਂ, ਕਿਨਾਏ, ਬਿਰਤੀਆਂ ਇੰਗਤ ਹੁੰਦੀਆਂ ਹਨ। ਕਵੀ ਗਲ ਭਾਵੇਂ ਇਕੋ ਹੀ ਕਹਿੰਦਾ ਹੈ, ਪਰ ਉਸ ਇਕ ਦੇ ਹੇਠ ਸਰਬਤ ਦਾ ਭੇਤ ਛੁਪਿਆ ਰਹਿੰਦਾ ਹੈ। ਜਿਤਨਾ ਚਿਰ ਟੀਕਾਕਾਰ ਛਿਪੀ ਹੋਈ ਅਨੇਕਤਾ ਦੀ ਰਮਜ਼ ਨਾ ਸਮਝਦਾ ਹੋਵੇ, ਉਹ ਦਰੁਸਤ ਅਰਥ ਕਰਦਾ ਹੋਇਆ ਵੀ ਤਾਤਪਰਜ ਦੀ

---

1 "Yaska himself interprets only a very small portion of the Rg-Veda - - - He often gives two or more alternative or optional senses to the same word.... No one can suppose that the outhor of the hymns had more than one meaning in their minds."

— Arthur A. Macdonell, A History of Sanskrit Literature, 3rd. Ed., p.60.

2 ਡਾ. ਰਤਨ ਸਿੰਘ ਜੱਗੀ (ਸੰਪਾ:), ਗੁਰਬਾਣੀ ਟੀਕੇ: ਅਨੰਦਘਨ, 1970, ਭੂਮਿਕਾ, ਪੰਨਾ 2.

ਭਾਵ ਪੂਰਨਤਾ ਵਿਚ ਫੱਸਾ ਰਹਿ ਜਾਂਦਾ ਹੈ।"[1] ਇਸ ਲਈ ਟੀਕਾਕਾਰ ਨੂੰ ਨਾ ਕੇਵਲ ਬਹੁਪੱਖੀ ਗਿਆਨ ਹੋਣਾ ਚਾਹੀਦਾ ਹੈ ਸਗੋਂ ਸ਼ਬਦ ਦੇ ਅਰਥ ਦੀ ਏਕਤਾ ਪਿਛੇ ਛੁਪੀ ਅਨੇਕਤਾ ਨੂੰ ਦੇਖ ਸਕਣ ਦੀ ਸ਼ਕਤੀ ਅਤੇ ਉਸ ਨੂੰ ਪ੍ਰਗਟ ਕਰ ਸਕਣ ਦੀ ਸਮਰਥਾ ਵੀ ਚਾਹੀਦੀ ਹੈ।

ਪੂਰਬ ਮਿਥੀਆਂ ਧਾਰਨਾਵਾਂ ਅਤੇ ਨਿਜੀ ਰੁਚੀਆਂ ਵਿਅਕਤੀ ਦੀ ਸ਼ਖ਼ਸੀਅਤ ਦਾ ਅੰਗ ਹੁੰਦੀਆਂ ਹਨ। ਟੀਕਾਕਾਰ ਜਦੋਂ ਟੀਕਾ ਕਰਦਾ ਹੈ ਤਾਂ ਇਹ ਸੁਤੇ ਸਿੱਧ ਹੀ ਟੀਕੇ ਵਿਚ ਪ੍ਰਵੇਸ਼ ਕਰਕੇ ਉਸ ਦੀ ਸ਼ੁਧਤਾ ਤੇ ਮਾੜਾ ਪ੍ਰਭਾਵ ਪਉਂਦੀਆਂ ਹਨ। ਟੀਕਾਕਾਰ ਨੂੰ ਚੇਤੰਨ ਤੌਰ ਤੇ ਇਨ੍ਹਾਂ ਦੇ ਪ੍ਰਵੇਸ਼ ਤੋਂ ਬਚਣਾ ਚਾਹੀਦਾ ਹੈ। ਟੀਕਾ ਕਰਦੇ ਸਮੇਂ ਉਸ ਨੂੰ ਪੱਖਪਾਤੀ ਵੀ ਨਹੀਂ ਹੋਣਾ ਚਾਹੀਦਾ। ਮੂਲ ਰਚਨਾ ਅਨੁਸਾਰ ਜੋ ਅਰਥ ਸਹੀ ਜਾਪਣ, ਦਿਆਨਤਦਾਰੀ ਨਾਲ ਉਹੀ ਅਰਥ ਕਰਨੇ ਚਾਹੀਦੇ ਹਨ। ਟੀਕਾ ਕਰਦੇ ਸਮੇਂ ਉਸ ਨੂੰ ਭਾਸ਼ਾ ਵੀ ਸਰਲ ਤੇ ਸੌਖੀ ਵਰਤਣੀ ਚਾਹੀਦੀ ਹੈ। ਕਿਧਰੇ ਅਜਿਹਾ ਨਾ ਹੋਵੇ ਕਿ ਮੂਲ ਰਚਨਾ ਟੀਕੇ ਨਾਲੋਂ ਸੌਖੀ ਜਾਪੇ।

ਸਪਸ਼ਟ ਹੈ ਕਿ ਟੀਕਾਕਾਰੀ ਦੀ ਪ੍ਰਕ੍ਰਿਆ ਬੜੀ ਕਠਿਨ ਤੇ ਸੂਖਮ ਹੈ। ਚੰਗਾ ਟੀਕਾ ਰਚਣ ਲਈ ਟੀਕਾਕਾਰ ਨੂੰ ਬਹੁਤ ਸੁਚੇਤ ਰਹਿਣਾ ਪੈਂਦਾ ਹੈ।

## ਟੀਕਾਕਾਰੀ ਦੀ ਭਾਰਤੀ ਪਰੰਪਰਾ

ਟੀਕਾਕਾਰੀ ਭਾਰਤ ਦੀ ਪ੍ਰਾਚੀਨ ਅਤੇ ਪ੍ਰਸਿੱਧ ਸਾਹਿਤਕ ਪਰੰਪਰਾ ਹੈ। ਵੇਦ-ਵਿਆਖਿਆ ਵੇਦਾਂ ਜਿੰਨੀ ਹੀ ਪੁਰਾਣੀ ਹੈ ਕਿਉਂਕਿ ਯਜੁਰ ਵੇਦ ਦੇ ਦੋ ਭੇਦਾਂ—ਕ੍ਰਿਸ਼ਨ ਅਤੇ ਸ਼ੁਕਲ— ਤੋਂ ਵਿਆਖਿਆ ਦੇ ਮਤ ਭੇਦਾਂ ਦੀ ਸੂਚਨਾ ਮਿਲਦੀ ਹੈ। ਵੇਦਾਂ ਦੀਆਂ ਕਈ ਸ਼ਾਖਾਵਾਂ[2] ਹਨ। ਇਹ ਸ਼ਾਖਾਵਾਂ ਵੀ

---

1 ਭਾਈ ਵੀਰ ਸਿੰਘ, ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰਚ 1972, ਪੋਥੀ ਪਹਿਲੀ, ਡਾ. ਬਲਬੀਰ ਸਿੰਘ ਵਲੋਂ ਲਿਖੀ ਭੂਮਿਕਾ, ਪੰਨਾ 'ਗ'- 'ਘ' ।

2 ਵੇਦਾਂ ਦੀਆਂ ਕੁਝ ਪ੍ਰਸਿੱਧ ਸ਼ਾਖਾਵਾਂ ਦੇ ਨਾਂ ਇਸ ਪ੍ਰਕਾਰ ਹਨ:

| (ਵੇਦ ਦਾ ਨਾਂ) | (ਸ਼ਾਖਾਵਾਂ) |
|---|---|
| ਰਿਗ ਵੇਦ | ਸ਼ਾਕਲ, ਵਾਸ਼ਕਲ, ਆਸ਼ਵਲਾਯਨ, ਸ਼ਾਂਖਾਯਨ, ਮਾਂਡੂਕੇਯ |
| ਸ਼ੁਕਲ ਯਜੁਰ ਵੇਦ | ਮਾਧਯੰਦਿਨ, ਕਾਣਵ |
| ਕ੍ਰਿਸ਼ਨ ਯਜੁਰ ਵੇਦ | ਤੈਤਿਰੀਯ, ਮੈਤ੍ਰਾਯਣੀ, ਕਾਠਕ, ਕਠ |
| ਸਾਮ ਵੇਦ | ਕੌਥੁਮ, ਰਾਣਾਯਨੀਯ |
| ਅਥਰਵ ਵੇਦ | ਪੈਪਲਾਦ, ਸ਼ੌਨਕ |

—ਵਾਚਸਪਤਿ ਗੈਰੋਲਾ, ਸੰਸਕ੍ਰਿਤ ਸਾਹਿਤਯ ਕਾ ਸੰਕਸ਼ਿਪਤ ਇਤਿਹਾਸ, 1960, ਪੰਨਾ 52 ਤੇ ਆਧਾਰਿਤ ।

ਵਿਭਿੰਨ ਰਿਖੀ ਸੰਪ੍ਰਦਾਵਾਂ ਦੇ ਵੈਦਿਕ ਸੰਹਿਤਾਵਾਂ ਦੀਆਂ ਵਿਆਖਿਆਵਾਂ ਸੰਬੰਧੀ ਮਤ-ਭੇਦਾਂ ਦੀਆਂ ਸੂਚਕ ਹਨ। ਸ਼ਾਖਾ ਸ਼ਬਦ ਦੇ ਅਰਥਾਂ ਸੰਬੰਧੀ ਵਿਦਵਾਨਾਂ ਵਿਚ ਮਤ-ਭੇਦ ਹਨ। ਕੁਝ ਵਿਦਵਾਨ ਸ਼ਾਖਾ ਤੋਂ ਭਾਵ ਮੂਲ-ਪਾਠ (text )ਲੈਂਦੇ ਹਨ। ਇਸ ਵਿਚਾਰ ਵਾਲੇ ਵਿਦਵਾਨਾਂ ਦਾ ਕਹਿਣਾ ਹੈ ਕਿ ਇਕ ਰਿਖੀ-ਸੰਪ੍ਰਦਾਇ ਵਿਚ ਵੈਦਿਕ ਸੰਹਿਤਾ ਦਾ ਜੋ ਮੂਲ-ਪਾਠ ਅਗੇ ਤੋਂ ਅਗੇ ਦਿੱਤਾ ਜਾਂਦਾ ਰਿਹਾ ਹੈ, ਉਸੇ ਨੂੰ ਸ਼ਾਖਾ ਆਖਦੇ ਹਨ। ਇਸ ਦੇ ਵਿਰੁਧ ਦੂਸਰੇ ਵਿਚਾਰ ਵਾਲੇ ਵਿਦਵਾਨਾਂ ਅਨੁਸਾਰ ਸ਼ਾਖਾ ਤੋਂ ਭਾਵ ਵਿਆਖਿਆਨ ਹੈ। ਦੂਸਰੇ ਮਤ ਵਾਲੇ ਵਿਦਵਾਨਾਂ ਵਿਚ ਸੁਆਮੀ ਦਇਆ ਨੰਦ ਵੀ ਹਨ। ਉਨ੍ਹਾਂ ਨੇ ਵੇਦਾਂ ਦੀਆਂ ਕੁਲ 1127 ਸ਼ਾਖਾਵਾਂ ਮੰਨੀਆਂ ਹਨ।[1] ਸੰਹਿਤਾ ਵੇਦ ਦਾ ਮੰਤ੍ਰ ਭਾਗ ਹੈ। ਵਖ ਵਖ ਰਿਸ਼ੀ ਆਸ਼ਰਮਾਂ ਵਿਚ ਵਖ ਵਖ ਰਿਖੀ ਸੰਪ੍ਰਦਾਵਾਂ ਨੇ ਜਦੋਂ ਵੇਦ-ਮੰਤ੍ਰਾਂ ਨੂੰ ਸਮਝਣ ਅਤੇ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਵਿਚ ਕੁਝ ਨਾ ਕੁਝ ਅੰਤਰ ਆ ਜਾਣਾ ਕੁਦਰਤੀ ਸੀ। ਇਸ ਲਈ ਵਿਭਿੰਨ ਸ਼ਾਖਾਵਾਂ ਨੂੰ ਵਿਆਖਿਆਵਾਂ ਮੰਨਣਾ ਹਰ ਤਰ੍ਹਾਂ ਯੋਗ ਹੈ।

ਵੇਦਾਂ ਵਿਚ ਸੰਹਿਤਾਵਾਂ ਤੋਂ ਬਾਅਦ ਬ੍ਰਾਹਮਣ ਗ੍ਰੰਥ ਆਉਂਦੇ ਹਨ। " 'ਬ੍ਰਾਹਮਣ' ਸ਼ਬਦ ਦਾ ਮੂਲ ਯੱਗ-ਵਿਗਿਆਨ ਦੇ (ਕਿਸੇ ਪ੍ਰਮਾਣਿਕ ਆਚਾਰੀਆ ਦੁਆਰਾ) ਸੰਦਿਗਧ ਸਥਲਾਂ ਦੀ ਵਿਆਖਿਆ ਹੁੰਦਾ ਸੀ। ਸਮਾਂ ਬੀਤਣ ਨਾਲ ਐਸੀਆਂ ਵਿਆਖਿਆਵਾਂ ਨੂੰ ਸੰਗ੍ਰਹਿਤ ਕਰਕੇ ਇਕ ਸੰਪੂਰਣ-ਯੱਗ-ਪਰਕ ਗ੍ਰੰਥ ਨੂੰ ਵੀ ਗੌਣ ਰੂਪ ਵਿਚ ਬ੍ਰਾਹਮਣ ਨਾਮ ਦਿੱਤਾ ਜਾਣ ਲੱਗਾ।"[2] ਇਨ੍ਹਾਂ ਬ੍ਰਾਹਮਣਾਂ ਦਾ ਭਾਰਤੀ ਪਰੰਪਰਾ ਵਿਚ ਬੜਾ ਸਤਿਕਾਰ ਯੋਗ ਸਥਾਨ ਰਿਹਾ ਹੈ ਅਤੇ ਇਨ੍ਹਾਂ ਨੂੰ ਅਕਸਰ ਵੇਦਾਂ ਵਿਚ ਹੀ ਸ਼ਾਮਿਲ ਕਰ ਲਿਆ ਜਾਂਦਾ ਹੈ। ਹਰੇਕ ਵੇਦ ਦੇ ਅਲਗ ਅਲਗ ਬ੍ਰਾਹਮਣ ਹਨ ਜਿਵੇਂ ਰਿਗ ਵੇਦ ਦੇ ਐਤਰੇਯ ਤੇ ਕੌਸ਼ੀਤਕੀ ਬ੍ਰਾਹਮਣ ਹਨ ਜਦੋਂ ਕਿ ਅਥਰਵ ਵੇਦ ਦੇ ਬ੍ਰਾਹਮਣ ਦਾ ਨਾਂ ਗੋਪਥ ਹੈ। ਬ੍ਰਾਹਮਣ

---

1 S.K.Gupta, Nature of Vedic Sakhas and Authorship of the Phonetic Sutras, pp 1-3.

2 ਲਾਜਪਤ ਰਾਇ, ਅਨੁਵਾਦਕ, ਪ੍ਰਾਚੀਨ ਭਾਰਤੀ ਸਾਹਿਤ, 1961, ਪੰਨਾ 154. ਇਹ ਪੁਸਤਕ M.Winternitz ਦੀ ਰਚਨਾ Indischen Litteratur ਦਾ ਅਨੁਵਾਦ ਹੈ।

ਗ੍ਰੰਥਾਂ ਨੂੰ ਵੇਦਾਂ ਦੇ ਸਮਕਾਲੀ ਵੀ ਮੰਨਿਆ ਗਿਆ ਹੈ[1] ਅਤੇ ਤੁਰਤ ਬਾਅਦ ਦੇ ਵੀ।[2] ਇਹ ਵੇਦਾਂ ਦਾ ਉਹ ਭਾਗ ਹਨ ਜਿਸ ਵਿਚ ਮੰਤ੍ਰਾਂ ਦੀ ਕਰਮ ਕਾਂਡ ਦੀ ਦ੍ਰਿਸ਼ਟੀ ਤੋਂ ਵਿਆਖਿਆ ਕੀਤੀ ਹੋਈ ਹੈ। ਇਨ੍ਹਾਂ ਵਿਚ ਦਸਿਆ ਗਿਆ ਹੈ ਕਿ ਕਿਸ ਮੰਤਵ ਦੀ ਸਿੱਧੀ ਲਈ ਕਿਹੜੇ ਸਮੇਂ ਕਿਹੜਾ ਕਰਮ ਕਿਸ ਢੰਗ ਨਾਲ ਕਰਨਾ ਚਾਹੀਦਾ ਹੈ। ਇਨ੍ਹਾਂ ਬ੍ਰਾਹਮਣ ਗ੍ਰੰਥਾਂ ਵਿਚ ਵੈਦਿਕ ਸੰਹਿਤਾਵਾਂ ਦੇ ਮੰਤ੍ਰ-ਕ੍ਰਮ ਨੂੰ ਧਿਆਨ ਵਿਚ ਨਹੀਂ ਰਖਿਆ ਗਿਆ। ਪਰ ਇਨ੍ਹਾਂ ਵਿਚ ਕਈ ਥਾਈਂ ਕਿਸੇ ਵੈਦਿਕ ਸੰਹਿਤਾ ਦੀ ਲਗਾਤਾਰ ਵਿਆਖਿਆ ਵੀ ਮਿਲ ਜਾਂਦੀ ਹੈ। ਸ਼ਤਪਥ ਬ੍ਰਾਹਮਣ ਦੇ 14 ਕਾਂਡ ਹਨ ਜਿਨ੍ਹਾਂ ਵਿਚੋਂ ਪਹਿਲੇ ਨੌ ਕਾਂਡ, ਇਕ ਪ੍ਰਕਾਰ ਨਾਲ, ਵਾਜਸਨੇਯ ਸੰਹਿਤਾ ਦੇ ਪਹਿਲੇ 18 ਅਧਿਆਵਾਂ ਦਾ ਟੀਕਾ ਹਨ।[3]

ਭਾਵੇਂ ਬ੍ਰਾਹਮਣ ਗ੍ਰੰਥਾਂ ਵਿਚ ਮੁਖ ਤੌਰ ਤੇ ਵੇਦ-ਮੰਤ੍ਰਾਂ ਦੀ ਕਰਮਕਾਂਡ ਦੀ ਦ੍ਰਿਸ਼ਟੀ ਤੋਂ ਹੀ ਵਿਆਖਿਆ ਹੋਈ ਹੈ ਪਰ ਇਨ੍ਹਾਂ ਬ੍ਰਾਹਮਣਾਂ ਵਿਚ ਭਾਰਤੀ ਦਰਸ਼ਨ-ਸ਼ਾਸਤ੍ਰ ਵਿਚਲੇ ਪ੍ਰਸਿਧ ਵਿਚਾਰਾਂ ਦਾ ਬੀਜ ਮਿਲਦਾ ਹੈ ਜਿਸ ਦਾ ਸੁਭਾਵਕ ਪ੍ਰਸਫੁਟਨ-ਵਿਘਟਨ ਅਗੇ ਚਲ ਕੇ ਆਰਣਯਕਾਂ ਤਥਾ ਉਪਨਿਸ਼ਦਾਂ ਵਿਚ ਹੋਇਆ।[4] ਵੇਦਾਂ ਵਿਚ ਬ੍ਰਾਹਮਣਾਂ ਤੋਂ ਬਾਅਦ ਆਰਣਯਕ ਆਉਂਦੇ ਹਨ ਜਿਨ੍ਹਾਂ ਵਿਚ ਬ੍ਰਾਹਮਣ ਗ੍ਰੰਥਾਂ ਵਿਚਲੀ ਕਰਮਕਾਂਡ ਦੀ ਦ੍ਰਿਸ਼ਟੀ ਤੋਂ ਹੋਈ ਵਿਆਖਿਆ ਦਾ ਕੁਝ ਪ੍ਰਤਿਕਰਮ ਦਿਸ ਆਉਂਦਾ ਹੈ ਕਿਉਂਕਿ ਇਨ੍ਹਾਂ ਵਿਚ ਦਾਰਸ਼ਨਿਕ ਤੱਤ ਬ੍ਰਾਹਮਣਾਂ ਨਾਲੋਂ ਵਧ ਗਿਆ ਹੈ। ਇਨ੍ਹਾਂ ਆਰਣਯਕਾਂ ਦਾ ਵਿਚਾਰ-ਕੇਂਦਰ ਬ੍ਰਾਹਮਣਾਂ ਵਾਂਗ ਹੀ ਸੰਹਿਤਾਵਾਂ ਵਿਚ ਸ਼ਾਮਿਲ ਮੰਤ੍ਰ ਹਨ। ਆਰਣਯਕ ਇਨ੍ਹਾਂ ਮੰਤ੍ਰਾਂ ਦੀ ਵਿਆਖਿਆ ਹੀ ਹਨ।

---

1 Satya Shrava, <u>A Comprehensive History of Vedic Literature</u> (Brahmana and Aranyaka Works,), Aug. 1977, Introduction, p.xii.

2 Macdonald,K.S., <u>The Brahmanas of the Vedas</u>, June 1979,p.7.

3 ਵਾਚਸਪਤਿ ਗੈਰੋਲਾ, <u>ਸੰਸਕ੍ਰਿਤ ਸਾਹਿਤਯ ਕਾ ਸੰਖਿਪਤ ਇਤਿਹਾਸ</u>, 1960, ਪੰਨਾ 92.

4 ਲਾਜਪਤ ਰਾਇ, ਅਨੁਵਾਦਕ, <u>ਪ੍ਰਾਚੀਨ ਭਾਰਤੀਯ ਸਾਹਿਤਯ</u>, 1961, ਪੰਨਾ 180.

ਵੇਦਾਂ ਵਿਚ ਆਰਣਯਕਾਂ ਤੋਂ ਬਾਅਦ ਉਪਨਿਸ਼ਦ ਆਉਂਦੇ ਹਨ। ਬ੍ਰਾਹਮਣ ਗ੍ਰੰਥਾਂ ਵਿਚ ਕਰਮਕਾਂਡ ਦੀ ਦ੍ਰਿਸ਼ਟੀ ਤੋਂ ਹੋਈ ਵਿਆਖਿਆ ਦਾ ਪੂਰਾ ਪ੍ਰਤਿਕਰਮ ਉਪਨਿਸ਼ਦਾਂ ਵਿਚ ਮਿਲਦਾ ਹੈ। ਉਪਨਿਸ਼ਦਾਂ ਵਿਚ ਕਰਮ ਦੀ ਥਾਂ ਗਿਆਨ ਪ੍ਰਧਾਨ ਹੈ। ਇਹ ਗ੍ਰੰਥ ਵੈਦਿਕ ਸੰਹਿਤਾਵਾਂ ਦੀ ਦਾਰਸ਼ਨਿਕ ਵਿਆਖਿਆ ਹਨ। ਇਸੇ ਲਈ ਉਪਨਿਸ਼ਦਾਂ ਨੂੰ ਬ੍ਰਾਹਮਣ ਗ੍ਰੰਥਾਂ ਦੇ ਆਲੋਚਨਾ ਗ੍ਰੰਥ ਵੀ ਕਿਹਾ ਜਾਂਦਾ ਹੈ। ਟੀਕਾਕਾਰੀ ਦੇ ਸੰਬੰਧ ਵਿਚ ਇਥੇ ਇਹ ਗੱਲ ਵਿਸ਼ੇਸ਼ ਧਿਆਨ ਦੇਣ ਵਾਲੀ ਹੈ ਕਿ ਉਨ੍ਹਾਂ ਹੀ ਵੇਦ-ਮੰਤ੍ਰਾਂ ਨੂੰ ਲੈ ਕੇ ਵਿਆਖਿਆ ਕਰਨ ਵਾਲੇ ਬ੍ਰਾਹਮਣ ਗ੍ਰੰਥਾਂ (ਕਰਮਕਾਂਡ ਦੀ ਦ੍ਰਿਸ਼ਟੀ ਤੋਂ ਕੀਤੀ ਵਿਆਖਿਆ) ਅਤੇ ਉਪਨਿਸ਼ਦ ਗ੍ਰੰਥਾਂ (ਦਾਰਸ਼ਨਿਕ ਵਿਆਖਿਆ) ਦਾ ਆਪਸ ਵਿਚ ਪੂਰਬ ਪੱਛਮ ਜਿੰਨਾ ਅੰਤਰ ਹੈ।

ਸਮਾਂ ਬੀਤਣ ਨਾਲ ਜਦੋਂ ਵੇਦਾਂ ਦੀ ਭਾਸ਼ਾ ਨੂੰ ਸਮਝਣਾ ਲੋਕਾਂ ਲਈ ਮੁਸ਼ਕਿਲ ਹੋ ਗਿਆ ਤਾਂ ਨਿਰਵਚਨ ਸਾਹਿਤ ਰਾਹੀਂ ਵੇਦਾਂ ਦੀ ਵਿਆਖਿਆ ਵਿਚ ਇਕ ਹੋਰ ਕ੍ਰਾਂਤੀ ਆਈ। ਹੁਣ ਵੇਦ-ਸ਼ਬਦਾਂ ਨੂੰ ਕਰਮਕਾਂਡ ਜਾਂ ਗਿਆਨ ਕਾਂਡ ਦੀ ਦ੍ਰਿਸ਼ਟੀ ਤੋਂ ਬਿਆਨ ਕਰਨ ਦੀ ਥਾਂ ਇਹ ਵੇਖਿਆ ਜਾਣ ਲੱਗਾ ਕਿ ਵੇਦਾਂ ਵਿਚ ਵਰਤਿਆ ਗਿਆ ਕੋਈ ਵਿਸ਼ੇਸ਼ ਸ਼ਬਦ ਕਿਨ੍ਹਾਂ ਅਮੂਰਤ ਭਾਵਾਂ ਨੂੰ ਪ੍ਰਗਟ ਕਰਦਾ ਹੈ। ਸ਼ਬਦ ਨੂੰ ਇਸ ਦ੍ਰਿਸ਼ਟੀ ਤੋਂ ਜਾਣਨ ਨੂੰ ਹੀ ਨਿਰਵਚਨ ਆਖਦੇ ਹਨ। ਇਕ ਅਨੁਮਾਨ ਅਨੁਸਾਰ ਸਾਨੂੰ ਅਜ ਪ੍ਰਾਪਤ ਵੈਦਿਕ ਸਾਹਿਤ ਵਿਚ ਘੱਟ ਤੋਂ ਘੱਟ 833 ਨਿਰਵਚਨ ਮਿਲਦੇ ਹਨ।[1] ਨਿਘੰਟੂ ਵੇਦ ਦਾ ਸ਼ਬਦ ਕੋਸ਼ ਹੈ ਅਤੇ ਇਸ ਵਿਚ ਪਰਯਾਇਵਾਚੀ ਸ਼ਬਦ ਦਿੱਤੇ ਗਏ ਹਨ। ਇਸ ਨੇ ਵੇਦ-ਵਿਆਖਿਆ ਲਈ ਭੂਮੀ ਤਿਆਰ ਕੀਤੀ ਹੈ। ਵੇਦਾਂਗ[2] ਨੇ ਵੀ ਵੇਦ-ਵਿਆਖਿਆ ਵਿਚ ਬੜਾ

---

1 ਪੰਡਿਤ ਸ਼ਿਵ ਨਾਰਾਇਣ ਸ਼ਾਸਤ੍ਰੀ, ਨਿਰੁਕਤ ਮੀਮਾਂਸਾ (ਹਿੰਦੀ), ਪ੍ਰਥਮ ਸੰਸਕਰਣ, ਪੰਨਾ 4.

2 ਵੇਦਾਂਗ ਛੇ ਹਨ—ਸ਼ਿਕਸ਼ਾ, ਛੰਦ, ਨਿਰੁਕਤ, ਵਿਆਕਰਣ, ਕਲਪ, ਜੋਤਿਸ਼। "ਸ਼ਿਕਸ਼ਾ" ਤੋਂ ਅਖਰਾਂ ਦੇ ਦੇ ਉਚਾਰਣ ਤੇ ਪਾਠ ਦੇ ਸੁਰ ਦਾ ਗਿਆਨ ਹੁੰਦਾ ਹੈ। "ਛੰਦ" ਤੋਂ ਪਦਾਂ ਦੇ ਵਿਸ਼ਰਾਮ, ਮੰਤ੍ਰਾਂ ਦੀ ਚਾਲ ਅਤੇ ਛੰਦ ਦਾ ਨਾਉਂ ਜਾਣਿਆ ਜਾਂਦਾ ਹੈ। "ਵਿਆਕਰਣ" ਤੋਂ ਸ਼ਬਦਾਂ ਦੀ ਸ਼ੁਧੀ ਅਤੇ ਪ੍ਰਯੋਗ ਜਾਣੇ ਜਾਂਦੇ ਹਨ। "ਨਿਰੁਕਤ" ਸ਼ਬਦਾਂ ਦੇ ਅਰਥਾਂ ਦੀ ਵਿਆਖਿਆ ਕਰਨ ਵਾਲਾ ਅਤੇ ਵਿਉਤਪਤੀ ਸਹਿਤ ਨਾਮਾਂ ਦਾ ਸਰੂਪ ਦਸਣ ਵਾਲਾ ਕੋਸ਼ ਹੈ। "ਕਲਪ" ਤੋਂ ਮੰਤ੍ਰ ਜਾਪ ਦੀ ਵਿਧੀ ਤੇ ਪ੍ਰਕਾਰ ਜਾਣੀਦੇ ਹਨ। "ਜੋਤਿਸ਼" ਤੋਂ ਅਮਾਵਸ, ਪੂਰਣਮਾਸੀ ਆਦਿ ਦਿਨਾਂ ਦਾ ਗਿਆਨ ਹੁੰਦਾ ਹੈ। ਇਸ ਤੋਂ ਗ੍ਰਹ ਨਛਤ੍ਰ ਆਦਿ ਦੀ ਚਾਲ ਅਤੇ ਅਸਰ ਵੀ ਜਾਣੇ ਜਾਂਦੇ ਹਨ।
—ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਦੇਖੋ "ਖਟ ਅੰਗ" ।

ਮਹੱਤਵਪੂਰਣ ਹਿੱਸਾ ਪਾਇਆ ਹੈ। ਨਿਰੁਕਤ ਅਤੇ ਵਿਆਕਰਣ ਤਾਂ ਸਪਸ਼ਟ ਤੌਰ ਤੇ ਸ਼ਬਦ ਦੀ ਵਿਆਖਿਆ ਦੇ ਸਹਾਇਕ ਸਾਧਨ ( Aids ) ਹਨ ਅਤੇ ਇਹ ਨਿਰਵਚਨ ਦਾ ਹੀ ਵਿਕਸਿਤ ਰੂਪ ਹਨ। ਸ਼ਿਕਸ਼ਾ ਅਤੇ ਛੰਦ ਨੇ ਵੀ ਵੇਦ-ਵਿਆਖਿਆ ਵਿਚ ਯਥਾਯੋਗ ਹਿੱਸਾ ਪਾਇਆ ਹੈ ਕਿਉਂਕਿ ਸ਼ਬਦ ਦੇ ਸ਼ੁਧ ਉਚਾਰਣ ਅਤੇ ਮੰਤ੍ਰ ਦੀ ਚਾਲ ਨੂੰ ਠੀਕ ਤਰ੍ਹਾਂ ਸਮਝੇ ਬਿਨਾਂ ਅਰਥ ਦਾ ਅਨਰਥ ਹੋ ਸਕਦਾ ਸੀ।

ਇਨ੍ਹਾਂ ਗੰਭੀਰ ਯਤਨਾਂ ਦੇ ਸਿੱਟੇ ਵਜੋਂ ਟੀਕਾਕਾਰੀ ਵਿਚ ਕਾਫ਼ੀ ਨਿਖਾਰ ਆ ਗਿਆ। ਭਾਸ਼-ਕਾਲ ਵਿਚ ਇਹ ਨਿਖਾਰ ਸਪਸ਼ਟ ਦਿਸ ਆਉਂਦਾ ਹੈ। ਭਾਸ਼ ਵਿਚ ਪਹਿਲੀ ਵਾਰੀ ਟੀਕਾਕਾਰੀ ਦਾ ਸਰੂਪ ਨਿਸ਼ਚਿਤ ਹੋਇਆ। ਭਾਸ਼ ਦੀ ਆਪਣੀ ਵਿਸ਼ੇਸ਼ ਸ਼ੈਲੀ ਹੈ। ਭਾਸ਼-ਸਾਹਿਤ ਨੂੰ ਵੇਦਾਂਗ ਜਿੰਨਾ ਹੀ ਪੁਰਾਣਾ ਮੰਨਿਆ ਜਾਂਦਾ ਹੈ। ਯਾਸਕ ਦਾ ਨਿਰੁਕਤ ਰੂਪ ਦੇ ਪੱਖੋਂ ਭਾਵੇਂ ਭਾਸ਼ ਨਹੀਂ ਪਰ ਫਿਰ ਵੀ ਭਾਸ਼-ਸ਼ੈਲੀ ਦੇ ਬੀਜ ਇਸ ਵਿਚ ਮਿਲਦੇ ਹਨ। ਜਿਤਨੇ ਭਾਸ਼ ਪ੍ਰਾਪਤ ਹਨ, ਉਨ੍ਹਾਂ ਵਿਚੋਂ ਪਾਣਿਨੀ ਦੇ ਸੂਤ੍ਰਾਂ ਉਤੇ ਲਿਖਿਆ ਪਾਤੰਜਲੀ ਦਾ 'ਮਹਾਭਾਸ਼' ਪਹਿਲਾ ਭਾਸ਼ ਹੈ ਜਿਸ ਵਿਚ ਭਾਸ਼ ਦੀ ਨੁਹਾਰ ਸਪਸ਼ਟ ਤੌਰ ਤੇ ਉਭਰ ਕੇ ਸਾਹਮਣੇ ਆਈ ਹੈ। ਖਟ ਦਰਸ਼ਨ ਦੇ ਭਾਸ਼ਾਂ ਵਿਚੋਂ ਸਭ ਤੋਂ ਪਹਿਲਾ ਜੈਮਿਨੀ ਦੇ ਸੂਤ੍ਰਾਂ ਉਤੇ ਸ਼ਬਰ ਦਾ ਭਾਸ਼ ਮਿਲਦਾ ਹੈ। ਗੋਤਮ ਦੇ ਸੂਤ੍ਰਾਂ ਉਤੇ ਵਾਤਸਾਇਣ ਦਾ ਭਾਸ਼ ਅਤੇ ਯੋਗ-ਸੂਤ੍ਰਾਂ ਉਤੇ ਵਿਆਸ ਦਾ ਭਾਸ਼ ਬਹੁਤ ਪ੍ਰਸਿੱਧ ਹਨ। ਸੰਸਕ੍ਰਿਤ ਸਾਹਿਤ ਵਿਚ ਅਨੇਕ ਭਾਸ਼ ਮਿਲਦੇ ਹਨ।

ਵੈਦਿਕ ਯੁਗ ਦੇ ਕਰਮਕਾਂਡ ਦੇ ਪ੍ਰਤਿਕਰਮ ਵਜੋਂ ਬੁੱਧ ਧਰਮ ਨੇ ਗਿਆਨ ਮਾਰਗ ਨੂੰ ਅਪਨਾਇਆ। ਬੋਧੀਆਂ ਨੇ ਨਿਰਵਾਣ ਦੀ ਪ੍ਰਾਪਤੀ ਲਈ ਗਿਆਨ, ਤਿਆਗ ਅਤੇ ਨੈਤਿਕਤਾ ਦੇ ਨਾਲ ਨਾਲ ਬੁੱਧ ਉਤੇ ਸ਼ਰਧਾ ਰਖਣਾ ਜ਼ਰੂਰੀ ਕਰਾਰ ਦਿੱਤਾ।[1] ਬੁੱਧ ਧਰਮ ਦੇ ਪਤਨ ਤੋਂ ਬਾਅਦ ਵੈਦਿਕ ਧਰਮ ਨੇ ਮੁੜ ਜ਼ੋਰ ਪਕੜਿਆ। ਸ਼ੰਕਰਾਚਾਰੀਆ ਨੇ ਅਦਵੈਤ ਮਤ ਪੇਸ਼ ਕੀਤਾ ਅਤੇ ਨਿਵ੍ਰਿਤੀ ਮਾਰਗ ਨੂੰ ਦ੍ਰਿੜ੍ਹਾਇਆ। ਉਸ ਨੇ ਭਾਵੇਂ ਭਗਤੀ ਦੀ ਲੋੜ ਨੂੰ ਵੀ ਮੰਨਿਆ, ਪਰ ਇਸ ਨੂੰ ਗੌਣ

---

1 Dr. Darshan Singh, Indian Bhakti Tradition and Sikh Gurus, 1968, p.16.

ਮਹੱਤਵ ਹੀ ਦਿੱਤਾ। ਮੋਖ ਦੀ ਪ੍ਰਾਪਤੀ ਲਈ ਉਸ ਨੇ ਗਿਆਨ ਨੂੰ ਆਵੱਸ਼ਕ ਮੰਨਿਆ।[1] ਸ਼ੰਕਰ ਦੇ ਇਸ ਦ੍ਰਿਸ਼ਟੀਕੋਣ ਦਾ ਪ੍ਰਤਿਕਰਮ ਭਗਤੀ ਦੇ ਪਿਛਲੇਰੇ ਵੈਸ਼ਨਵ-ਆਚਾਰੀਆਂ ਵਿਚ ਵੇਖਿਆ ਜਾ ਸਕਦਾ ਹੈ।[2] ਭਾਰਤ ਦੇ ਧਾਰਮਿਕ ਇਤਿਹਾਸ ਦੀਆਂ ਇਨ੍ਹਾਂ ਘਟਨਾਵਾਂ ਨੇ ਟੀਕਾਕਾਰੀ ਦੀ ਭਾਰਤੀ ਪਰੰਪਰਾ ਉਤੇ ਆਪਣਾ ਅਸਰ ਪਾਇਆ। ਜੇ ਇਤਿਹਾਸ ਦੇ ਇਸ ਕਾਲ ਦੇ ਟੀਕਾ-ਸਾਹਿਤ ਉਤੇ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਹਿੰਦੂ ਧਰਮ ਗ੍ਰੰਥਾਂ (ਵਿਸ਼ੇਸ਼ ਕਰਕੇ ਸ੍ਰੀਮਦ ਭਗਵਦ ਗੀਤਾ) ਦੇ ਕੁਝ ਟੀਕੇ ਗਿਆਨ ਮਾਰਗੀ ਢੰਗ ਨਾਲ ਕੀਤੇ ਗਏ ਹਨ ਜਿਨ੍ਹਾਂ ਵਿਚ ਨਵ੍ਰਿਤੀ ਮਾਰਗ ਨੂੰ ਅਪਣਾਇਆ ਗਿਆ ਹੈ। ਕੁਝ ਟੀਕੇ ਭਗਤੀ ਮਾਰਗ ਤੋਂ ਪ੍ਰਭਾਵਿਤ ਹਨ ਅਤੇ ਇਨ੍ਹਾਂ ਵਿਚ ਗਿਆਨ ਦੀ ਥਾਂ ਪ੍ਰਭੂ ਪ੍ਰੇਮ ਦੀ ਭਾਵਨਾ ਨੂੰ ਸਨਮੁਖ ਰੱਖਿਆ ਗਿਆ ਹੈ। ਅਜੋਕੇ ਯੁਗ ਵਿਚ ਲੋਕਮਾਨਯ ਬਾਲ ਗੰਗਾਧਰ ਤਿਲਕ ਨੇ 'ਸ੍ਰੀਮਦ ਭਗਵਦ ਗੀਤਾ' ਦੀ ਵਿਆਖਿਆ ਗਿਆਨ-ਮੂਲਕ ਭਗਤੀ-ਪ੍ਰਧਾਨ ਕਰਮ-ਯੋਗ[3] ਦੀ ਦ੍ਰਿਸ਼ਟੀ ਤੋਂ ਕੀਤੀ ਹੈ ਅਤੇ ਕਰਮ-ਮਾਰਗੀ ਟੀਕੇ ਲਿਖਣ ਦੀ ਪਿਰਤ ਪਾਈ ਹੈ। ਤਿਲਕ ਦੇ ਟੀਕੇ ਵਿਚ ਪ੍ਰਵ੍ਰਿਤੀ ਮਾਰਗ ਨੂੰ ਅਪਨਾਇਆ ਗਿਆ ਹੈ।

ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ, ਬੁਧ ਧਰਮ ਦੇ ਪਤਨ ਤੇ ਬਾਅਦ ਵੈਦਿਕ ਧਰਮ ਨੇ ~~ਆਚਾਰ ਰੂਪ ਨੂੰ~~ ਜ਼ੋਰ ਪਕੜਿਆ। ਉਪਨਿਸ਼ਦਾਂ, ਬ੍ਰਹਮਸੂਤ੍ਰ ਅਤੇ ਸ੍ਰੀਮਦ ਭਗਵਦ ਗੀਤਾ ਨੂੰ ਵੈਦਿਕ ਧਰਮ ਦੇ ਆਧਾਰ ਰੂਪ ਗ੍ਰੰਥ ਮੰਨਿਆ ਜਾਂਦਾ ਸੀ। ਇਨ੍ਹਾਂ ਗ੍ਰੰਥਾਂ ਦਾ ਨਾਮ "ਪ੍ਰਸਥਾਨ ਤ੍ਰੱਈ" ਪਿਆ। ਸ਼ੰਕਰ, ਰਾਮਾਨੁਜ, ਮਾਧਵ, ਨਿੰਬਾਰਕ ਅਤੇ ਵਲਭ ਆਦਿ ਜੋ ਵੈਦਿਕ ਧਰਮ ਦੀਆਂ ਵਖ ਵਖ ਸੰਪ੍ਰਦਾਵਾਂ ਦੇ ਮੋਢੀ ਆਚਾਰੀਆ ਹੋਏ ਹਨ, ਉਨ੍ਹਾਂ ਵਿਚੋਂ ਹਰ ਇਕ ਨੂੰ "ਪ੍ਰਸਥਾਨ ਤ੍ਰੱਈ" ਉਤੇ ਭਾਸ਼ ਲਿਖ ਕੇ ਇਹ ਸਿਧ ਕਰਨਾ ਪਿਆ ਕਿ ਵੈਦਿਕ ਧਰਮ ਅਨੁਸਾਰ ਉਸੇ ਦੀ ਸੰਪ੍ਰਦਾਇ ਹੈ ਅਤੇ ਬਾਕੀ ਸੰਪ੍ਰਦਾਵਾਂ ਵੈਦਿਕ ਧਰਮ ਦੇ ਅਨੁਕੂਲ ਨਹੀਂ ਹਨ। ਜੇ ਉਹ ਇਹ ਮੰਨਦਾ ਕਿ ਹੋਰ ਕੋਈ ਸੰਪ੍ਰਦਾਇ

---

1 Dr Darshan Singh, Indian Bhakti Tradition and Sikh Gurus, 1968, p.33.

2 "This attitude of Sankara, as explained above, was mainly responsible for the whole-hearted oppsition of his ideas by the later Vaishnava- Acharyas." —Ibid.

3 ਲੋਕਮਾਨਯ ਬਾਲ ਗੰਗਾਧਰ ਤਿਲਕ, ਸ੍ਰੀਮਦ ਭਗਵਦ ਗੀਤਾ ਰਹਸਯ (ਅਨੁ: ਮਾਧਵਰਾਵਜੀ ਸਪ੍ਰੇ) ਗਿਆਰਵਾਂ ਸੰਸਕਰਣ, ਪੰਨਾ 18.

ਵੀ ਵੈਦਿਕ ਮਤ ਅਨੁਸਾਰ ਹੈ ਤਾਂ ਉਸ ਦੀ ਸੰਪ੍ਰਦਾਇ ਦਾ ਮਹੱਤਵ ਘਟਦਾ ਸੀ। ਜਦੋਂ ਤਕ ਕੋਈ ਆਚਾਰੀਆ "ਪ੍ਰਸਥਾਨ ਤ੍ਰੈਈ" ਉਤੇ ਭਾਸ਼ ਲਿਖਕੇ ਇਹ ਸਿਧ ਨਹੀਂ ਕਰ ਲੈਂਦਾ ਸੀ, ਉਸ ਨੂੰ ਸੰਪ੍ਰਦਾਇ ਦਾ ਮੋਢੀ ਨਹੀਂ ਮੰਨਿਆ ਜਾਂਦਾ ਸੀ। ਇਸ ਤੋਂ ਟੀਕਾਕਾਰੀ ਦੇ ਮਹੱਤਵ ਦਾ ਵੀ ਪਤਾ ਲਗਦਾ ਹੈ। ਇਨ੍ਹਾਂ ਭਾਸ਼ਾਂ ਉਤੇ ਅਗੋਂ ਕਈ ਟੀਕੇ ਲਿਖੇ ਗਏ ਹਨ। ਜਿਸ ਸੰਪ੍ਰਦਾਇ ਦੇ ਭਾਸ਼ ਉਤੇ ਟੀਕਾ ਲਿਖਿਆ ਜਾਂਦਾ ਸੀ, ਉਸੇ ਸੰਪ੍ਰਦਾਇ ਦੇ ਅਨੁਯਾਈ ਉਸ ਟੀਕੇ ਨੂੰ ਹੀ ਵਿਆਖਿਆ ਨੂੰ ਪ੍ਰਵਾਣ ਕਰਦੇ ਸਨ। ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਗ੍ਰੰਥਾਂ ਉਤੇ ਭਾਸ਼, ਟੀਕੇ, ਟਿਪਣੀਆਂ, ਵ੍ਰਿੱਤੀਆਂ ਤੇ ਵਿਆਖਿਆਵਾਂ ਲਿਖੀਆਂ ਗਈਆਂ ਹਨ। ਮੰਮਟ ਦੇ 'ਕਾਵਯ ਪ੍ਰਕਾਸ਼' ਉਤੇ ਚਾਲੀ ਤੋਂ ਵੱਧ ਟੀਕੇ ਮਿਲਦੇ ਹਨ। ਗੀਤਾ ਉਤੇ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਲਿਖੇ ਟੀਕੇ ਮਿਲਦੇ ਹਨ। ਇਸ ਦੇ ਟੀਕਿਆਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਇਤਨੇ ਟੀਕੇ ਹੋਰ ਕਿਸੇ ਗ੍ਰੰਥ ਦੇ ਨਹੀਂ ਮਿਲਦੇ। ਸੰਸਕ੍ਰਿਤ ਦਾ ਟੀਕਾ ਸਾਹਿਤ ਬੜਾ ਵਿਸ਼ਾਲ ਹੈ। ਇਹ ਮੌਲਿਕ ਸਾਹਿਤ ਨਾਲੋਂ ਕਿਤੇ ਵਧੇਰੇ ਹੈ। ਟੀਕਾ ਸਾਹਿਤ ਦੀ ਇਸ ਵਿਸ਼ਾਲਤਾ ਦਾ ਕਾਰਣ ਮੌਲਿਕ ਸੋਚ ਦੀ ਘਾਟ ਨਹੀਂ ਸਗੋਂ ਸੰਸਕ੍ਰਿਤ ਗ੍ਰੰਥਾਂ ਦੀ ਕਠਿਨਤਾ ਤੇ ਗੰਭੀਰਤਾ ਹੈ। ਅਸੀਂ ਮੌਲਿਕ ਸੋਚ ਦੀ ਘਾਟ ਇਸ ਲਈ ਨਹੀਂ ਮੰਨਦੇ ਕਿਉਂਕਿ ਟੀਕਾ ਸਾਹਿਤ ਵਿਚ ਅਨੇਕਾਂ ਸੂਖਮ, ਗੰਭੀਰ ਅਤੇ ਨਵੇਂ ਵਿਚਾਰ ਮਿਲਦੇ ਹਨ ਜਿਨ੍ਹਾਂ ਨੇ ਟੀਕਾ ਸਾਹਿਤ ਦੇ ਗੌਰਵ ਨੂੰ ਵਧਾਇਆ ਹੈ।

*****
***
*

## ਅਧਿਆਇ 2

## ਬੁਢਾਣੀ ਦੀ ਟਕਸਾਲੀ

*****
***
*

## ਗੁਰਬਾਣੀ ਦੀ ਟੀਕਾਕਾਰੀ

ਟੀਕਾਕਾਰੀ ਦੀ ਦ੍ਰਿਸ਼ਟੀ ਤੋਂ ਸਾਹਿਤ ਨੂੰ ਮੁੱਢਲੇ ਤੌਰ ਤੇ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ (i) ਆਦੇਸ਼ ਦਾ ਸਾਹਿਤ ( revealed literature ), ਅਤੇ (ii) ਆਮ ਸਾਹਿਤ। ਗੁਰਬਾਣੀ ਦੀ ਟੀਕਾਕਾਰੀ ਉਪਰੋਕਤ ਪਹਿਲੀ ਕਿਸਮ ਦੇ ਸਾਹਿਤ ਦੀ ਹੈ ਜਦੋਂ ਕਿ ਦੂਜੀ ਕਿਸਮ ਵਿਚ ਨੀਤੀ ਸ਼ਾਸਤ੍ਰ, ਪਿੰਗਲ, ਚਕਿਤਸਾ[1] ਆਦਿ ਵਿਦਿਆ ਦੇ ਗ੍ਰੰਥਾਂ ਦੀ ਟੀਕਾਕਾਰੀ ਸ਼ਾਮਿਲ ਕੀਤੀ ਜਾ ਸਕਦੀ ਹੈ।

ਗੁਰਬਾਣੀ ਆਦੇਸ਼ ਦਾ ਸਾਹਿਤ ਹੈ, ਇਸ ਗੱਲ ਦੀ ਗਵਾਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਹੀ ਮਿਲ ਜਾਂਦੀ ਹੈ:

(i) ਧੁਰ ਕੀ ਬਾਣੀ ਆਈ ॥
ਤਿਨਿ ਸਗਲੀ ਚਿੰਤ ਮਿਟਾਈ ॥[2]

(ii) ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ ॥[3]

(iii) ਹਉ ਆਪਹੁ ਬੋਲਿ ਨ ਜਾਣਦਾ
ਮੈ ਕਹਿਆ ਸਭੁ ਹੁਕਮਾਉ ਜੀਉ ॥[4]

ਜਦੋਂ ਅਧਿਆਤਮਕ ਅਨੁਭਵ ਨੂੰ ਕਿਸੇ ਭਾਸ਼ਾ ਵਿਚ ਪ੍ਰਗਟਾਇਆ ਜਾਂਦਾ ਹੈ ਤਾਂ ਇਹ ਕਾਰਜ ਕਿਤਨਾ ਕਠਿਨ ਹੈ, ਇਸ ਬਾਰੇ ਗੁਰਬਾਣੀ ਨਿਮਨ ਅਨੁਸਾਰ ਦਸਦੀ ਹੈ:-

(i) ਨਾਨਕ ਕਥਨਾ ਕਰੜਾ ਸਾਰੁ ॥[5]

(ii) ਇਹ ਹਰਿਰਸੁ ਸੇਈ ਜਾਣਦੇ
ਜਿਉ ਗੂੰਗੈ ਮਿਠਿਆਈ ਖਾਈ ॥[6]

---

1 ਉਦਾਹਰਣ ਵਜੋਂ ਨੀਤੀ ਸ਼ਾਸਤ੍ਰ ਨਾਲ ਸੰਬੰਧਿਤ 'ਚਾਣਕਾ ਰਾਜਨੀਤੀ ਸਟੀਕ', ਪਿੰਗਲ ਨਾਲ ਸੰਬੰਧਿਤ 'ਪਿੰਗਲ ਪ੍ਰਸਤਾਰ ਸੰਗ੍ਰਹਿ ਸਟੀਕ', ਅਤੇ ਚਕਿਤਸਾ ਨਾਲ ਸੰਬੰਧਿਤ (ੳ) 'ਮੇਘ ਬਿਨੋਦ ਸਟੀਕ', (ਅ) 'ਲੋਲੰਬ ਰਾਜ ਸਟੀਕ' (ੲ) 'ਰੰਗਪਤੀ ਨਿਧਾਨ ਸਰਲ ਸਟੀਕ' (ਸ) ਮਾਧਵ ਨਿਧਾਨ ਵਾਰਤਕ ਸਟੀਕ' (ਹ) 'ਸਾਰੰਗਧਰ ਸਟੀਕ' (ਕ) '[illegible] ਸਟੀਕ' ਆਦਿ ਵੇਖੇ ਜਾ ਸਕਦੇ ਹਨ। 'ਪਿੰਗਲ ਪ੍ਰਸਤਾਰ ਸੰਗ੍ਰਹਿ ਸਟੀਕ' ਦੁਰਗਾ ਇਲੈਕਟ੍ਰਿਕ ਪ੍ਰੈਸ, ਨਾਭਾ ਨੇ ਛਾਪੀ ਹੈ। ਉਪਰੋਕਤ ਬਾਕੀ ਸਭ ਸਟੀਕ ਭਾਈ ਬੂਟਾ ਸਿੰਘ ਪ੍ਰਤਾਪ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ ਹਨ

2 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 628.

3 ਉਹੀ, ਪੰਨਾ 722.
4 ਉਹੀ, ਪੰਨਾ 763.
5 ਉਹੀ, ਪੰਨਾ 8.
6 ਉਹੀ, ਪੰਨਾ 310.

2

ਆਵੇਸ਼ ਦਾ ਸਾਹਿਤ ਅਕੱਥ ਦਾ ਕਥਨ ਕਰਦਾ ਹੈ ( ਅਕਥ ਕਾ ਕਿਆ ਕਥੀਐ ਭਾਈ)।[1] ਜਦੋਂ ਉਸ ਅਕੱਥ ਸਰਬ-ਸ਼ਕਤੀਮਾਨ ਦਾ ਕਥਨ ਭਾਸ਼ਾ ਰਾਹੀਂ ਕੀਤਾ ਜਾਂਦਾ ਹੈ ਤਾਂ ਭਾਸ਼ਾ ਉਸ ਅਨੁਭਵ ਨੂੰ ਪੂਰੀ ਤਰ੍ਹਾਂ ਪਕੜ੍ਹ ਨਹੀਂ ਸਕਦੀ ਜਿਸ ਕਰਕੇ ਅਸਪਸ਼ਟਤਾ ਪੈਦਾ ਹੁੰਦੀ ਹੈ। ਭਾਸ਼ਾ ਮਨੁਖੀ ਤਜਰਬਿਆਂ, ਘਟਨਾਵਾਂ ਅਤੇ ਵਿਕਾਸ ਦੀ ਉਪਜ ਹੈ। ਇਸ ਦੀ ਸਮਰੱਥਾ ਦੀ ਸੀਮਾ ਮਨੁਖੀ ਸੀਮਾ ਜਿੰਨੀ ਹੈ। ਜਦੋਂ ਪਰਾ-ਮਨੁਖੀ ਅਨੁਭਵ ਨੂੰ ਭਾਸ਼ਾ ਰਾਹੀਂ ਬਿਆਨ ਕੀਤਾ ਜਾਂਦਾ ਹੈ ਤਾਂ ਸ਼ਬਦਾਂ ਦੇ ਨਿਹਿਤ-ਅਰਥ ( connotations ) ਬਦਲ ਜਾਂਦੇ ਹਨ। ਸ਼ਬਦ ਨਵੇਂ ਅਰਥਾਂ ਅਤੇ ਨਵੇਂ ਪਸਾਰਾਂ ( dimensions ) ਨੂੰ ਧਾਰਣ ਕਰਦੇ ਹਨ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਧਰਮ-ਗ੍ਰੰਥ ਦੀ ਭਾਸ਼ਾ ( language of scripture ) ਆਮ ਭਾਸ਼ਾ ਤੋਂ ਵਖਰੀ ਹੁੰਦੀ ਹੈ। ਆਵੇਸ਼ ਦੇ ਸਾਹਿਤ ਦਾ ਟੀਕਾ ਕਰਦੇ ਸਮੇਂ ਟੀਕਾਕਾਰ ਨੇ ਸ਼ਬਦਾਂ ਦੇ ਉਹ ਨਵੇਂ ਅਰਥ ਅਤੇ ਪਸਾਰ ਲਭਣੇ ਹੁੰਦੇ ਹਨ ਜਿਹੜੇ ਉਸ ਵਿਸ਼ੇਸ਼ ਗ੍ਰੰਥ ਦੀ ਰਚਨਾ ਸਮੇਂ ਹੀ ਸ਼ਬਦਾਂ ਨੇ ਧਾਰਣ ਕੀਤੇ ਸਨ। ਇਸ ਲਈ ਆਮ ਸਾਹਿਤ ਦੀ ਟੀਕਾਕਾਰੀ ਨਾਲੋਂ ਆਵੇਸ਼ ਦੇ ਸਾਹਿਤ ਦੀ ਟੀਕਾਕਾਰੀ ਵਧੇਰੇ ਕਠਿਨ ਹੁੰਦੀ ਹੈ ਅਤੇ ਇਹ ਟੀਕਾਕਾਰ ਦੀ ਵਖਰੀ ਕਿਸਮ ਦੀ ਸ਼ਖ਼ਸੀਅਤ ਅਤੇ ਅਨੁਭਵ ਦੀ ਮੰਗ ਕਰਦੀ ਹੈ। ਗੁਰਬਾਣੀ ਦੀ ਟੀਕਾਕਾਰੀ ਦੇ ਸੰਦਰਭ ਵਿਚ ਇਹ ਗੱਲ ਧਿਆਨ ਰੱਖਣ ਵਾਲੀ ਹੈ।

ਆਵੇਸ਼ ਦੇ ਸਾਹਿਤ ਦੀ ਟੀਕਾਕਾਰੀ ਬਾਰੇ ਇਕ ਹੋਰ ਜ਼ਰੂਰੀ ਗੱਲ ਇਹ ਹੈ ਕਿ ਆਵੇਸ਼ ਦੇ ਸਾਹਿਤ ਪਿਛੇ ਅਕਸਰ ਇਕ ਸ਼ਬਦ ਦੀ ਹੋਂਦ ਨੂੰ ਮੰਨਿਆ ਜਾਂਦਾ ਹੈ। ਆਵੇਸ਼ ਦੇ ਸਾਰੇ ਸਾਹਿਤ ਦਾ ਮੰਤਵ ਉਸ ਸ਼ਬਦ ਦੀ ਵਿਆਖਿਆ ਹੁੰਦਾ ਹੈ। ਉਸ ਸ਼ਬਦ ਨੂੰ ਪਰਮਾਤਮਾ ਦਾ ਚਿੰਨ੍ਹ ਮੰਨਿਆ ਜਾਂਦਾ ਹੈ। ਉਸ ਸ਼ਬਦ ਦੀ ਵਿਆਖਿਆ ਸਰਬਸ਼ਕਤੀਮਾਨ ਦੀ ਹੀ ਵਿਆਖਿਆ ਹੈ। ਹਿੰਦੂ ਧਰਮ ਵਿਚ ਇਹ ਸ਼ਬਦ " ॐ " (ਓਮ) ਹੈ, ਇਸਲਾਮ ਵਿਚ بسم الله (ਬਿਸਮਿਲਾ) ਅਤੇ ਸਿੱਖ ਧਰਮ ਵਿਚ "ੴ" (ਇਕ ਓਅੰਕਾਰ)। ਗੁਰਬਾਣੀ ਦੀ ਟੀਕਾਕਾਰੀ ਦੇ ਸੰਬੰਧ ਵਿਚ ਪੁਰਾਣੇ

---

1 <u>ਸ੍ਰੀ ਗੁਰੂ ਗ੍ਰੰਥ ਸਾਹਿਬ</u>, ਪੰਨਾ 635.

ਸਮਿਆਂ ਤੋਂ ਇਹ ਵਿਚਾਰ ਪ੍ਰਚਲਤ ਹੈ ਕਿ ਸਾਰਾ ਆਦਿ ਗ੍ਰੰਥ ਮੂਲ ਮੰਤਰ ਦੀ ਵਿਆਖਿਆ ਹੈ ਅਤੇ ਮੂਲ ਮੰਤ੍ਰ "ੴ" ਦੀ ਵਿਆਖਿਆ।[1] ਇਉਂ ਸਾਰੀ ਗੁਰਬਾਣੀ "ੴ" ਦੀ ਵਿਆਖਿਆ ਸਿੱਧ ਹੁੰਦੀ ਹੈ।

ਇਸ ਵਿਚਾਰ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਬਾਣੀ ਦੀ ਵਿਆਖਿਆ ਗੁਰੂ ਨਾਨਕ ਬਾਣੀ ਵਿਚ ਹੀ ਹੋਈ ਹੈ। ਇਸ ਲਈ ਇਹ ਕਹਿਣਾ ਹਰ ਤਰ੍ਹਾਂ ਉਚਿਤ ਹੈ ਕਿ ਗੁਰਬਾਣੀ ਦੇ ਪਹਿਲੇ ਵਿਆਖਿਆਕਾਰ ਪ੍ਰਥਮ ਗੁਰੂ ਆਪ ਹੀ ਸਨ। ਇਹ ਗੱਲ ਪਰੰਪਰਾ ਤੋਂ ਵੀ ਸਿੱਧ ਹੁੰਦੀ ਹੈ। ਆਪਣੀਆਂ ਜਗਤ-ਫੇਰੀਆਂ (ਉਦਾਸੀਆਂ) ਸਮੇਂ ਜਿਗਿਆਸੂਆਂ ਨੂੰ ਆਪਣਾ ਮਤ ਸਮਝਾਉਂਦਿਆਂ ਨਿਸ਼ਚੇ ਹੀ ਉਹ ਆਪਣੀ ਬਾਣੀ ਦੀ ਵਿਆਖਿਆ ਕਰਦੇ ਰਹੇ ਹਨ। ਸਿੱਖ ਧਰਮ ਦਾ ਸਾਖੀ-ਸਾਹਿਤ ( hagiographic literature ) ਇਸ ਗੱਲ ਦਾ ਗਵਾਹ ਹੈ ਕਿ ਗੁਰੂ ਨਾਨਕ ਥਾਂ ਥਾਂ ਉਤੇ ਗੋਸ਼ਟਾਂ ਕਰਦੇ ਰਹੇ ਹਨ ਅਤੇ ਜਿਗਿਆਸੂਆਂ ਨੂੰ ਆਪਣੀ ਵਿਚਾਰਧਾਰਾ ਦੱਸ ਕੇ ਸੰਤੁਸ਼ਟ ਕਰਦੇ ਰਹੇ ਹਨ। ਬਾਅਦ ਵਿਚ ਜਦੋਂ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਧਰਮਸਾਲ ਬੱਧੀ ਤਾਂ ਉਥੇ ਵੀ ਗੋਸ਼ਟ ਜਾਂ ਚਰਚਾ ਸਦਾ ਚਲਦੀ ਰਹਿੰਦੀ ਸੀ। ਭਾਈ ਗੁਰਦਾਸ ਦੇ ਸ਼ਬਦਾਂ ਵਿਚ:

> ਗਿਆਨੁ ਗੋਸਟਿ ਚਰਚਾ ਸਦਾ
> ਅਨਹਦਿ ਸਬਦਿ ਉਠੇ ਧੁਨਕਾਰਾ।[2]

ਇਥੇ "ਗਿਆਨੁ ਗੋਸਟਿ" ਅਤੇ "ਚਰਚਾ" ਸ਼ਬਦ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ। ਧਰਮਸਾਲ ਵਿਚ ਨਿਸ਼ਚੇ ਹੀ ਇਸ ਗਿਆਨ ਗੋਸ਼ਟ ਤੇ ਚਰਚਾ ਦਾ ਧੁਰਾ ਗੁਰੂ ਨਾਨਕ ਬਾਣੀ ਸੀ ਕਿਉਂਕਿ ਉਥੇ ਕੇਂਦਰ-ਬਿੰਦੂ ਗੁਰੂ ਨਾਨਕ ਦੀ ਸ਼ਖਸ਼ੀਅਤ ਹੀ ਸੀ।

ਗੁਰਮਤ ਦੇ ਸਾਰੇ ਮੁਢਲੇ ਸਿਧਾਂਤ ਗੁਰੂ ਨਾਨਕ ਬਾਣੀ ਵਿਚ ਆ ਗਏ ਹਨ। ਪਿਛਲੇਰੇ ਗੁਰੂਆਂ ਦੀ ਬਾਣੀ ਨਾਨਕ-ਜੋਤ ਦੀ ਬਾਣੀ ਹੋਣ ਕਰਕੇ ਨਿਸ਼ਚੇ ਹੀ ਗੁਰੂ ਨਾਨਕ ਬਾਣੀ ਦਾ ਦਰਜਾ

---

1 <u>ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ</u> (ਸੰਪਾ: ਡਾ. ਬਲਬੀਰ ਸਿੰਘ, ਮਹਿੰਦਰ ਕੌਰ, ਜੀ.ਐਸ.ਆਨੰਦ) 1972, ਪਹਿਲੀ ਜਿਲਦ, ਭੂਮਿਕਾ, ਪੰਨਾ 4.

2 ਵਾਰ 1, ਪਉੜੀ 38.

ਰਖਦੀ ਹੈ ਪਰ "ਇਹ ਨਾਨਕ ਬਾਣੀ ਦਾ ਅਨੁਸਰਣ ਅਤੇ ਉਸ ਦੀ ਵਿਆਖਿਆ ਕਰਦੀ ਹੈ।"[1] ਇਹੋ ਕਾਰਜ ਪਿਛਲੇਰੀਆਂ ਰਚਨਾਵਾਂ ਵਿਚ ਹੋਣਾ ਚਾਹੀਦਾ ਸੀ। ਗੁਰਬਾਣੀ ਵਿਚ ਹੀ ਗੁਰਬਾਣੀ ਵਿਆਖਿਆ ਦੀ ਜੋ ਧਾਰਾ ਸਹਜ ਰੂਪ ਵਿਚ ਚਲ ਰਹੀ ਹੈ, ਇਸ ਵਿਆਖਿਆ ਨੂੰ ਵਰਤਮਾਨ ਸਮੇਂ ਵਿਚ ਡਾ. ਤਾਰਨ ਸਿੰਘ ਨੇ "ਸਹਜ ਪ੍ਰਣਾਲੀ" ਦਾ ਨਾਂ ਦਿੱਤਾ ਹੈ ਅਤੇ ਇਸ ਨੂੰ ਸਰਬੋਤਮ ਵਿਆਖਿਆ ਮੰਨਿਆ ਹੈ।[2]

ਪ੍ਰਮਾਣਿਕਤਾ ਦੀ ਦ੍ਰਿਸ਼ਟੀ ਤੋਂ ਗੁਰੂ ਸਾਹਿਬਾਨ ਦੀ ਵਿਆਖਿਆ ਤੋਂ ਬਾਅਦ ਭਾਈ ਗੁਰਦਾਸ ਦੀਆਂ ਰਚਨਾਵਾਂ ਵਿਚ ਹੋਈ ਗੁਰਬਾਣੀ ਦੀ ਵਿਆਖਿਆ ਦੀ ਵਾਰੀ ਆਉਂਦੀ ਹੈ। ਭਾਈ ਗੁਰਦਾਸ ਦਾ ਨਾਂ ਸਿੱਖਾਂ ਵਿਚ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਇਨ੍ਹਾਂ ਨੇ ਗੁਰਬਾਣੀ ਦੇ ਸਿੱਧਾਂਤ ਤੀਜੇ, ਚੌਥੇ ਤੇ ਪੰਜਵੇਂ ਸਤਿਗੁਰਾਂ ਤੋਂ ਸਮਝੇ। ਆਪ ਸਿੱਖ ਧਰਮ ਦੇ ਅਧਿਕਾਰੀ ਪ੍ਰਚਾਰਕ ਸਨ। ਉਹ ਲਾਹੌਰ ਆਗਰਾ, ਕਾਸ਼ੀ ਆਦਿ ਅਸਥਾਨਾਂ ਉੱਤੇ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ। ਆਦਿ ਗ੍ਰੰਥ ਦੀ ਪਹਿਲੀ ਬੀੜ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਿਖਵਾਈ, ਇਨ੍ਹਾਂ ਨੇ ਉਸ ਨੂੰ ਲਿਖਣ ਦੀ ਸੇਵਾ ਕੀਤੀ। ਭਾਈ ਸਾਹਿਬ ਦੀ ਬਾਣੀ ਸਿੱਖ ਧਰਮ ਦੇ ਨਿਯਮਾਂ ਦਾ ਉੱਤਮ ਭੰਡਾਰ ਹੈ।[3] ਉਨ੍ਹਾਂ ਨੇ ਗੁਰਬਾਣੀ ਦੀ ਵਿਆਖਿਆ ਇਕ ਇਕ ਬਾਣੀ ਜਾਂ ਸ਼ਬਦ ਲੈ ਕੇ ਨਹੀਂ ਕੀਤੀ। ਉਨ੍ਹਾਂ ਨੇ ਗੁਰਬਾਣੀ ਵਿਚ ਆਏ ਵਿਚਾਰਾਂ ਅਥਵਾ ਸਿੱਧਾਂਤਾਂ ਦਾ ਆਪਣੀ ਕਵਿਤਾ ਵਿਚ ਵਿਸ਼ਲੇਸ਼ਣ ਕੀਤਾ ਹੈ। ਨਮੂਨੇ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀਆਂ ਹੇਠ ਲਿਖੀਆਂ ਤੁਕਾਂ ਵੇਖੋ:-

> ਮਨ ਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ॥
> ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ॥
> ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥[4]

---

1 ਡਾ. ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, 1980, ਪੰਨਾ 23.

2 ਉਹੀ, ਪੰਨਾ 36; "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਟੀਕਾਕਾਰੀ", ਨਾਨਕ ਪ੍ਰਕਾਸ਼ ਪਤ੍ਰਿਕਾ, ਜਿਲਦ ਅਠਵੀਂ, ਦਸੰਬਰ 1976, ਪੰਨਾ 49.

3 ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਤੀਜਾ ਸੰਸਕਰਣ, ਪੰਨਾ 416.

4 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 62.

ਇਨ੍ਹਾਂ ਤੁਕਾਂ ਦੀ ਵਿਆਖਿਆ ਗੁਰਦਾਸ-ਬਾਣੀ ਵਿਚ ਇਉਂ ਹੋਈ ਹੈ :-

ਜਪ ਤਪ ਸੰਜਮ ਲੱਖ ਲੱਖ ਹੋਮ ਜਗ ਨਈਵੇਦ ਕਰੋੜੀ ।
ਵਰਤ ਨੇਮ ਸੰਜਮ ਘਣੇ ਕਰਮ ਧਰਮ ਲੱਖ ਤੰਦ ਮਰੋੜੀ ।
ਤੀਰਥ ਪੁਰਬ ਸੰਜੋਗ ਲੱਖ ਪੁੰਨ ਦਾਨ ਉਪਕਾਰ ਨ ਓੜੀ।
ਦੇਵੀ ਦੇਵ ਸਰੇਵਣੇ ਵਰ ਸਰਾਪ ਲੱਖ ਜੋੜ ਵਿਛੋੜੀ ।
ਦਰਸਨ ਵਰਨ ਅਵਰਨ ਲੱਖ ਪੂਜਾ ਅਰਚਾ ਬੰਧਨ ਤੋੜੀ ।
ਲੋਕ ਵੇਦ ਗੁਣ ਗਿਆਨ ਲੱਖ ਜੋਗ ਭੋਗ ਲੱਖ ਝਾੜ ਪਛੋੜੀ।
ਸਚਹੁ ਓਰੈ ਸਭ ਕਿਹੁ ਲੱਖ ਸਿਆਣਪ ਸੋਭਾ ਥੋੜੀ ।
ਉਪਰਿ ਸਚੁ ਅਚਾਰੁ ਚਮੋੜੀ॥[1]

ਪਹਿਲੀਆਂ ਪੰਜ ਸਤਰਾਂ ਵਿਚ ਨਾਨਕ-ਬਾਣੀ ਵਿਚ ਆਏ "ਕੇਤੀਆ" ਸ਼ਬਦ ਦੀ ਵਿਸਥਾਰਪੂਰਵਕ ਵਿਆਖਿਆ ਹੈ। ਛੇਵੀਂ ਸਤਰ ਵਿਚ "ਕੇਤੇ ਬੇਦ ਬੀਚਾਰ" ਦੀ ਵਿਆਖਿਆ ਹੈ। ਸਤਵੀਂ ਅਤੇ ਅਠਵੀਂ ਸਤਰ ਵਿਚ "ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ" ਨੂੰ ਸਪਸ਼ਟ ਕੀਤਾ ਹੈ।[2]

ਭਾਈ ਗੁਰਦਾਸ ਦੀ ਬਾਣੀ ਨੂੰ ਗੁਰਬਾਣੀ ਦੀ ਕੁੰਜੀ ਹੋਣ ਦਾ ਮਾਣ ਪ੍ਰਾਪਤ ਹੈ।[3] ਬਾਵਾ ਬੁਧ ਸਿੰਘ ਨੇ ਭਾਈ ਸਾਹਿਬ ਨੂੰ ਸਿੱਖਾਂ ਦਾ ਸੇਂਟ ਪਾਲ ( St. Paul ) ਆਖਿਆ ਹੈ।[4] ਭਾਈ ਕਾਨ੍ਹ ਸਿੰਘ ਨੇ ਉਨ੍ਹਾਂ ਦੀ ਬਾਣੀ ਨੂੰ ਸਿੱਖੀ ਦਾ ਸਭ ਤੋਂ ਚੰਗਾ ਰਹਿਤਨਾਮਾ ਮੰਨਿਆ ਹੈ।[5] ਉਨ੍ਹਾਂ ਦੀ ਗੁਰੂ ਸਾਹਿਬ ਨਾਲ ਨੇੜਤਾ ਅਤੇ ਪ੍ਰਾਪਤ ਵਿਆਖਿਆ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦੀ ਵਿਆਖਿਆ ਪ੍ਰਮਾਣਿਕ ਹੈ।

ਜਿਸ ਪ੍ਰਮਾਣਿਕ ਟੀਕਾਕਾਰੀ ਬਾਰੇ ਅਸੀਂ ਹੁਣ ਤਕ ਵਿਚਾਰ ਕੀਤਾ ਹੈ, ਇਹ ਉਸ ਤਰ੍ਹਾਂ ਦੇ ਟੀਕੇ ਨਹੀਂ ਜਿਸ ਤਰ੍ਹਾਂ ਦੇ ਅਗੇ ਜਾ ਕੇ ਮਿਲਦੇ ਹਨ ਕਿਉਂਕਿ ਇਥੇ ਕਿਸੇ ਬਾਣੀ ਦੀ ਲਗਾਤਾਰ ਵਿਆਖਿਆ ਨਹੀਂ ਮਿਲਦੀ। ਪਰ ਇਹ ਪ੍ਰਮਾਣਿਕ ਟੀਕਾਕਾਰੀ ਅਗਲੇਰੀ ਟੀਕਾਕਾਰੀ ਦਾ ਬੀਜ-ਰੂਪ

---

1 ਵਾਰ 18, ਪਉੜੀ 19.

2 ਭਾਈ ਵੀਰ ਸਿੰਘ, ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰਚ 1972, ਭੂਮਿਕਾ, ਪੰਨਾ 'ਸ'.

3 Dr. Mohan Singh, A History of Punjabi Literature, June 1956, p.74.

4 ਹੰਸ ਚੋਗ, ਪੰਜਵੀਂ ਛਾਪ, ਜਨਵਰੀ 1950, ਪੰਨਾ 221.

5 ਮਹਾਨ ਕੋਸ਼, ਤੀਜਾ ਸੰਸਕਰਣ, ਪੰਨਾ 416.

ਜ਼ਰੂਰ ਹੈ। ਇਥੋਂ ਹੀ ਗੁਰਬਾਣੀ ਦੀ ਟੀਕਾਕਾਰੀ ਦਾ ਮੁੱਢ ਬੱਝਾ ਹੈ। ਸਿੱਖ ਗੁਰੂਆਂ ਅਤੇ ਭਾਈ ਗੁਰਦਾਸ ਤੋਂ ਬਿਨਾਂ ਹੋਰ ਵੀ ਅਧਿਕਾਰੀ ਪ੍ਰਵਕਤਾ ਸਿੱਖ ਸੰਗਤਾਂ ਸਾਮ੍ਹਣੇ ਕਥਾ ਵਿਆਖਿਆ ਕਰਦੇ ਰਹੇ ਹਨ, ਜਿਵੇਂ ਤੀਜੀ ਪਾਤਸ਼ਾਹੀ ਦੁਆਰਾ ਥਾਪੇ ਗਏ ਮੰਜੀਦਾਰ[1], ਪਰ ਉਨ੍ਹਾਂ ਦੀ ਵਿਆਖਿਆ ਲਿਖਤੀ ਰੂਪ ਵਿਚ ਸਾਨੂੰ ਪ੍ਰਾਪਤ ਨਹੀਂ ਹੋਈ। ਹਾਂ, ਇਹ ਨਿਸ਼ਚੇ ਹੀ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦੀ ਵਿਆਖਿਆ ਗੁਰਮਤ ਨਾਲ ਇਕ ਸੁਰ ਹੋਵੇਗੀ ਕਿਉਂਕਿ ਇਨ੍ਹਾਂ ਵਿਆਖਿਆਕਾਰਾਂ ਦੀ ਥਾਪਨਾ ਗੁਰੂ ਸਾਹਿਬ ਨੇ ਆਪ ਸੁਚੱਜੀ ਚੋਣ ਦੁਆਰਾ ਕੀਤੀ ਸੀ। ਕਿਉਂਕਿ ਭਾਈ ਗੁਰਦਾਸ ਅਤੇ ਹੋਰ ਅਧਿਕਾਰੀ ਪ੍ਰਵਕਤਾ ਦੁਆਰਾ ਕੀਤੀ ਵਿਆਖਿਆ ਨੂੰ ਗੁਰੂ ਸਾਹਿਬਾਨ ਪ੍ਰਵਾਣ ਕਰਦੇ ਸਨ ਇਸ ਲਈ ਇਸ ਵਿਆਖਿਆ ਨੂੰ ਪਰਮਾਣਿਤ ਵਿਆਖਿਆ ਦਾ ਨਾਂ ਦੇਣਾ ਉਚਿਤ ਹੈ।

ਇਕ ਪਾਸੇ ਤਾਂ ਇਹ ਪ੍ਰਮਾਣਕ ਵਿਆਖਿਆ ਦਾ ਸਿਲਸਿਲਾ ਚਲ ਰਿਹਾ ਸੀ ਪਰ ਦੂਜੇ ਪਾਸੇ ਗੁਰ-ਗੱਦੀ ਦੇ ਸਮਾਨੰਤਰ ਚਲਾਈਆਂ ਗੱਦੀਆਂ ਦੇ ਗੱਦੀਦਾਰਾਂ ਨੇ ਵੀ ਗੁਰਬਾਣੀ ਵਿਆਖਿਆ ਦਾ ਆਪਣਾ ਸਿਲਸਿਲਾ ਚਲਾ ਲਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰ-ਗੱਦੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਬਖ਼ਸ਼ੀ ਤਾਂ ਪ੍ਰਥਮ ਗੁਰੂ ਦੇ ਵੱਡੇ ਪੁੱਤਰ ਬਾਬਾ ਸ੍ਰੀ ਚੰਦ ਜੀ ਨੇ ਸਮਾਨੰਤਰ ਗੱਦੀ ਦੀ ਸਥਾਪਨਾ ਕੀਤੀ ਜਿਸ ਤੋਂ ਉਦਾਸੀ ਸੰਪ੍ਰਦਾਇ ਹੋਈ। ਸ੍ਰੀ ਗੁਰੂ ਰਾਮ ਦਾਸ ਜੀ ਨੇ ਗੁਰ-ਗੱਦੀ ਗੁਰੂ ਅਰਜਨ ਦੇਵ ਜੀ ਨੂੰ ਬਖ਼ਸ਼ੀ ਤਾਂ ਚੌਥੀ ਪਾਤਸ਼ਾਹੀ ਦੇ ਵੱਡੇ ਪੁੱਤਰ ਪ੍ਰਿਥੀ ਚੰਦ ਨੇ ਸਮਾਨੰਤਰ ਗੱਦੀ ਦੀ ਸਥਾਪਨਾ ਕਰ ਲਈ ਜਿਸ ਤੋਂ ਮੀਣਾ ਸੰਪ੍ਰਦਾਇ ਅਥਵਾ ਮਿਹਰਬਾਨ ਸੰਪ੍ਰਦਾਇ ਹੋਈ। ਸਮਾਨੰਤਰ ਗੱਦੀਆਂ ਵਲੋਂ ਕੀਤਾ ਗਿਆ ਟੀਕਾਕਾਰੀ ਦਾ ਕੁਝ ਕੰਮ ਲਿਖਤੀ ਰੂਪ ਵਿਚ ਹੁਣ ਪ੍ਰਾਪਤ ਹੈ। ਇਨ੍ਹਾਂ ਸੰਪ੍ਰਦਾਵਾਂ ਨੇ ਗੁਰਬਾਣੀ ਦੀ ਟੀਕਾਕਾਰੀ ਨੂੰ ਨਵੇਂ ਮੋੜ ਦਿੱਤੇ ਹਨ ਜਿਨ੍ਹਾਂ ਨੂੰ ਹੁਣ ਵਿਚਾਰਿਆ ਜਾਵੇਗਾ।

## ਉਦਾਸੀ ਸੰਪ੍ਰਦਾਇ[2] ਅਤੇ ਗੁਰਬਾਣੀ ਦੀ ਟੀਕਾਕਾਰੀ

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਸਿਧ ਗੋਸਟਿ' ਵਿਚ ਸਿਧ ਗੁਰੂ ਨਾਨਕ ਦੇਵ ਜੀ

---

1 ਮਹਾਨ ਕੋਸ਼, ਤੀਜਾ ਸੰਸਕਰਣ, ਦੇਖੋ "ਮੰਜੀਦਾਰ" ।

2 ਉਦਾਸੀ ਸੰਪ੍ਰਦਾਇ ਦੇ ਆਰੰਭ ਬਾਰੇ ਵਿਦਵਾਨਾਂ ਵਿਚ ਮਤ ਭੇਦ ਹਨ। ਪਰ ਇਸ ਖੋਜ-ਪ੍ਰਬੰਧ ਵਿਚ ਅਸੀਂ ਉਦਾਸੀ ਸੰਪ੍ਰਦਾਇ ਦੇ ਕੇਵਲ ਉਨ੍ਹਾਂ ਪੱਖਾਂ ਨੂੰ ਵਿਚਾਰ ਰਹੇ ਹਾਂ ਜਿਨ੍ਹਾਂ ਦਾ ਗੁਰਬਾਣੀ ਦੀ ਟੀਕਾਕਾਰੀ ਨਾਲ ਸੰਬੰਧ ਹੈ।

7

ਨੂੰ "ਉਦਾਸੀ" ਸ਼ਬਦ ਨਾਲ ਸੰਬੋਧਨ ਕਰਦੇ ਹਨ ਅਤੇ ਉਦਾਸੀ ਹੋਣ ਦਾ ਕਾਰਣ ਪੁੱਛਦੇ ਹਨ। ਗੁਰੂ ਜੀ ਦਸਦੇ ਹਨ ਕਿ ਉਹ ਗੁਰਮੁਖ ਦੀ ਖੋਜ ਵਿਚ ਉਦਾਸੀ ਹੋਏ ਹਨ :-

"ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ॥
ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ॥
... ... ... ... ॥
ਗੁਰਮੁਖਿ ਖੋਜਤ ਭਏ ਉਦਾਸੀ ॥
ਦਰਸਨ ਕੈ ਤਾਈ ਭੇਖ ਨਿਵਾਸੀ ॥"[1]

ਕੀ ਗੁਰੂ ਨਾਨਕ ਦੀ ਉਦਾਸੀਨਤਾ ਵਿਚ ਵਿਲਖਣਤਾ ਹੈ ? ਇਸ ਪ੍ਰਸ਼ਨ ਦਾ ਉਤਰ ਗੁਰੂ ਨਾਨਕ ਦੇਵ ਜੀ ਦੀਆਂ 'ਸਿਧ ਗੋਸਟਿ' ਵਿਚ ਹੀ ਆਈਆਂ ਇਨ੍ਹਾਂ ਤੁਕਾਂ ਤੋਂ ਮਿਲ ਜਾਂਦਾ ਹੈ:-

"ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੈ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੈ ॥"[2]

ਜਿਵੇਂ ਪਾਣੀ ਵਿਚ ਉਗਿਆ ਹੋਇਆ ਕੌਲ ਫੁੱਲ ਪਾਣੀ ਨਾਲੋਂ ਨਿਰਾਲਾ ਰਹਿੰਦਾ ਹੈ, ਜਿਵੇਂ ਨਦੀ ਵਿਚ ਤਰਦੀ ਮੁਰਗਾਈ (ਮੁਰਗਾਬੀ) ਆਪਣੇ ਖੰਭ ਪਾਣੀ ਨਾਲ ਭਿਜਣ ਨਹੀਂ ਦੇਂਦੀ, ਇਉਂ ਹੀ ਮਨੁੱਖ ਨੂੰ ਸੰਸਾਰ ਵਿਚ ਰਹਿੰਦਿਆਂ ਸੰਸਾਰ ਤੋਂ ਨਿਰਲੇਪ ਰਹਿਕੇ, ਗੁਰੂ ਦੇ ਸ਼ਬਦ ਵਿਚ ਸੁਰਤ ਜੋੜ ਕੇ ਸੰਸਾਰ ਸਾਗਰ ਨੂੰ ਤਰਨਾ ਚਾਹੀਦਾ ਹੈ।

ਭਗਤ ਕਬੀਰ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਦੀ ਨਿਮਨ ਲਿਖਿਤ ਤੁਕ ਇਸੇ ਨੁਕਤੇ ਬਾਰੇ ਗੁਰੂ ਨਾਨਕ ਦੇ ਮਤ ਨੂੰ ਹੋਰ ਸਪਸ਼ਟ ਕਰਦੀ ਹੈ:-

"ਹਾਥ ਪਉ ਕਰਿ ਕਾਮੁ ਸਭੁ[3]
ਚੀਤੁ ਨਿਰੰਜਨ ਨਾਲ ॥"

---

1 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 939.

2 ਉਹੀ, ਪੰਨਾ 938.

3 ਉਹੀ, ਪੰਨਾ 1376.

ਭਾਈ ਗੁਰਦਾਸ ਦਾ ਕਥਨ ਹੈ:-

"ਗੁਰਮੁਖ ਮਾਇਆ ਵਿਚ ਉਦਾਸੀ"[1]

ਸੋ ਅਸੀਂ ਵੇਖਦੇ ਹਾਂ ਕਿ ਗੁਰੂ ਨਾਨਕ ਘਰ ਦੀ ਉਦਾਸੀਨਤਾ "ਮਾਇਆ ਵਿਚ ਉਦਾਸੀ" ਦੀ ਹੈ "ਤਿਆਗ ਵਿਚ ਉਦਾਸੀ" ਦੀ ਨਹੀਂ।

ਜਿਹੜਾ ਉਦਾਸੀ ਪੰਥ ਬਾਬਾ ਸ੍ਰੀ ਚੰਦ ਜੀ ਤੋਂ ਚਲਿਆ ਹੈ, ਉਸ ਵਿਚ ਉਦਾਸੀਨਤਾ ਦਾ ਸੰਕਲਪ "ਤਿਆਗ ਵਿਚ ਉਦਾਸੀ" ਦਾ ਹੋ ਗਿਆ ਹੈ। ਬਾਬਾ ਸ੍ਰੀ ਚੰਦ ਜੀ ਨੇ ਗੁਰੂ ਨਾਨਕ ਮਤ ਨੂੰ ਇਕ ਤਿਆਗੀ ਮਤ ਦੇ ਰੂਪ ਵਿਚ ਪ੍ਰਚਾਰਿਆ। ਇਹੋ ਬਾਬਾ ਸ੍ਰੀ ਚੰਦ ਜੀ ਦੇ ਉਦਾਸੀ ਪੰਥ ਦਾ ਪਹਿਲਾ ਤੇ ਮਹੱਤਵਪੂਰਣ ਵਿਚਲਨ ਬਿੰਦੂ ਹੈ ਜਿਸ ਨੇ ਗੁਰਬਾਣੀ ਦੀ ਟੀਕਾਕਾਰੀ ਦਾ ਰੁਖ ਬ੍ਰਾਹਮਣਵਾਦ ਵਲ ਮੋੜਿਆ। ਇਸ ਨੂੰ ਹੋਰ ਸਪਸ਼ਟ ਕਰਨ ਲਈ ਅਤੇ ਵਿਚਾਰਧਾਰਕ ਪਖ ਤੋਂ ਹੋਏ ਅਗਲੇ ਵਿਕਾਸ ਨੂੰ ਸਮਝਣ ਲਈ ਕੁਝ ਇਤਿਹਾਸਕ ਤੱਥ ਉਘਾੜਨੇ ਲਾਹੇਵੰਦੇ ਹੋਣਗੇ। ਉਹ ਤਥ ਹਨ:-

1. ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦੇ ਯੋਗ ਸਮਝਕੇ ਗੁਰਗੱਦੀ ਬਖਸ਼ ਦਿੱਤੀ ਤਾਂ ਬਾਬਾ ਸ੍ਰੀ ਚੰਦ ਜੀ ਆਪਣਾ ਹੱਕ ਮਾਰਿਆ ਗਿਆ ਜਾਣਕੇ ਰੁਸ ਗਏ। ਆਪਣੇ ਰੋਸ ਨੂੰ ਪ੍ਰਗਟ ਕਰਨ ਲਈ ਉਨ੍ਹਾਂ ਨੇ ਆਪਣੇ ਪਿੰਡੇ ਉਤੇ ਸੁਆਹ ਮਲ ਲਈ।[2]

---

1. ਵਾਰ 10, ਪਉੜੀ 5
2. "ਗੁਰੂ ਨਾਨਕ ਕੇ ਸੁਤ ਉਭੈ ਸ੍ਰੀ ਸਸਿ ਲਖਮੀ ਦਾਸ।
ਗਾਦੀ ਛੀਨ ਸ੍ਰੀ ਚੈਨ ਰੁਸ ਗਯੋ ਰਿਸ ਖ਼ਾਸ ।
ਖਾਕ ਪਾਕ ਆਸੀ ਸਧੀ ਤਾਕ ਸਰਨ ਪ੍ਰਮੇਸ ।
ਬਾਹਰ ਗ੍ਰਾਮ ਤੇ ਤਰੁ ਤਰੇ ਬੈਠੇ ਰਹੇ ਹਮੇਸ ।"
(ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਜੁਜ਼ਾਵਾਰ, ਪੰਨਾ 1269);
"It is stated that, when Sri Chand's claim to succeed his father Baba Nanak in the guruship was passed over by his venerable parent in favour of Angad, One of his most devoted fellower, the disappointed son threwashes on his head and person, in teken of his grief and abasement; and to this day Udasis hold ashes in great esteem in memory of this painful event, the ashes, for ceremonial purposes mixed with calcareous earth, being sometimes made into large balls several inches in diameter."—John Campbell Oman, <u>The Mystics, Ascetics and Saints of India</u>, 1973, p.195.

2 ਉਨ੍ਹਾਂ ਨੇ ਸਿਰ ਤੇ ਲੰਮੀਆਂ ਜਟਾਂ ਰਖੀਆਂ ਹੋਈਆਂ ਸਨ, ਤੇੜ ਲੰਗੋਟੀ ਬੰਨ੍ਹਦੇ ਸਨ, ਪਿੰਡੇ ਉਤੇ ਬਿਭੂਤੀ ਮੱਲੀ ਹੁੰਦੀ ਸੀ।[1] ਇਹ ਪਹਿਰਾਵਾ ਨਾਥਾਂ ਜੋਗੀਆਂ ਵਾਲਾ ਹੈ ਅਤੇ ਬਾਬਾ ਸ੍ਰੀ ਚੰਦ ਜੀ ਦੀ ਗੁਰੂ ਘਰ ਤੋਂ ਵਿਮੁਖਤਾ ਦਾ ਸੂਚਕ ਹੈ।

3 ਉਨ੍ਹਾਂ ਨੇ ਗੁਰੂ ਅੰਗਦ ਦੇਵ ਜੀ ਦੇ ਮੁਕਾਬਲੇ ਵਿਚ ਆਪਣਾ ਦਰਬਾਰ ਲਾਉਣਾ ਸ਼ੁਰੂ ਕਰ ਦਿੱਤਾ।[2] ਦੋਵੇਂ ਪਾਸੇ ਇਕੋ ਗੁਰ-ਮੰਤਰ[3] ਸੀ ਅਤੇ ਇਕੋ ਹੀ ਬਾਣੀ—ਗੁਰੂ ਨਾਨਕ ਬਾਣੀ— ਦਾ ਪ੍ਰਚਾਰ। ਫਰਕ ਇਹ ਸੀ ਕਿ ਇਕ ਪਾਸੇ ਗੁਰੂ ਨਾਨਕ ਗੁਰਮਤ ਨੂੰ ਗ੍ਰਿਹਸਥ ਦਾ ਮਾਰਗ ਦਸਿਆ ਜਾਂਦਾ ਸੀ ਅਤੇ ਦੂਜੇ ਪਾਸੇ ਤਿਆਗ ਦਾ। ਸਿੱਧਾਂ, ਨਾਥਾਂ ਤੇ ਜੋਗੀਆਂ ਦੇ ਤਿਆਗਵਾਦ ਦੇ ਪ੍ਰਚਾਰ ਕਾਰਨ ਪਰੰਪਰਾ ਵਿਚ ਤਿਆਗਵਾਦੀ ਵਿਚਾਰਧਾਰਾ ਬੜੀ ਬਲਵਾਨ ਰਹੀ ਸੀ। ਇਸ ਕਰਕੇ ਗੁਰੂ ਨਾਨਕ ਨਾਮ ਲੇਵਾ ਵਿਚੋਂ ਬਹੁਤ ਸਾਰੇ ਅਜੇ ਤਿਆਗ ਦੇ ਪਰੰਪਰਿਕ ਸ਼ਕਤੀਸ਼ਾਲੀ ਪ੍ਰਭਾਵ ਤੋਂ ਪੂਰਣ ਤੌਰ ਤੇ ਮੁਕਤ ਨਹੀਂ ਸਨ ਹੋਏ। ਇਕ ਤਾਂ ਗੁਰੂ ਨਾਨਕ ਦੇਵ ਜੀ ਦਾ ਪੁੱਤਰ ਹੋਣ ਕਰਕੇ ਬਾਬਾ ਸ੍ਰੀ ਚੰਦ ਜੀ ਪ੍ਰਤਿ ਸਿੱਖਾਂ ਦੀ ਸ਼ਰਧਾ ਸੀ, ਦੂਸਰੇ ਤਿਆਗਵਾਦੀ ਰੁਚੀਆਂ ਦਾ ਲੋਕਾਂ ਉਤੇ ਪ੍ਰਭਾਵ ਸੀ। ਸਿੱਟਾ ਇਹ ਹੋਇਆ ਕਿ ਬਾਬਾ ਸ੍ਰੀ ਚੰਦ ਦੀ ਤਿਆਗ ਦੀ ਲਹਿਰ ਵੀ ਜ਼ੋਰ ਪਕੜ ਗਈ।

4 ਤੀਸਰੀ ਪਾਤਸ਼ਾਹੀ ਦੇ ਸਮੇਂ ਤਕ ਸਥਿਤੀ ਇਤਨੀ ਗੰਭੀਰ ਹੋ ਚੁੱਕੀ ਸੀ ਕਿ ਗੁਰੂ ਅਮਰਦਾਸ ਜੀ ਨੇ ਦੋਹਾਂ ਮਾਰਗਾਂ ਵਿਚਲੇ ਫ਼ਰਕ ਨੂੰ ਸਪਸ਼ਟ ਕਰਦਿਆਂ

---

1 "ਅੰਗ ਬਿਭੂਤਿ ਜਟਾਂ ਸਿਰ ਸੁੰਦਰ, ਪਾਏ ਖੜਾਊ ਦਿਗੰਬਰਿ ਬਾਗੀ॥"
— ਸੰਤ ਰੇਣ, 'ਸ੍ਰੀ ਮਤਿ ਨਾਨਕ ਬਿਜੈ ਗ੍ਰੰਥ', 1/1/29, ਨਾਲੇ ਵੇਖੋ, ਪਰਸ਼ੂਰਾਮ ਚਤੁਰਵੇਦੀ, <u>ਉਤਰੀ ਭਾਰਤ ਕੀ ਸੰਤ ਪਰੰਪਰਾ</u>, ਪ੍ਰਥਮ ਸੰਸਕਰਣ, ਪੰਨਾ 361.

2 "ਦੋ ਦਰਬਾਰ ਲਗੇ ਲਗਾਹਿ।
ਇਕ ਸਾਹਿਬ ਸਿਰੀ ਚੰਦ ਦੇ
ਦੂਜੇ ਗੁਰੂ ਅੰਗਦ ਦੇ ਸੰਗਤਾਂ ਵਰਨ।"
— ਕੇਸਰ ਸਿੰਘ ਛਿਬਰ, <u>ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ</u>, ਚਰਨ ਦੂਜਾ, ਛੰਦ 76.

3 ਉਦਾਸੀ ਸਾਧੂ ਸੰਤ ਰੇਣ ਆਪਣੇ 'ਸ੍ਰੀ ਮਤਿ ਨਾਨਕ ਬਿਜੈ ਗ੍ਰੰਥ' ਵਿਚ ਲਿਖਦੇ ਹਨ:
"ਸਭਿ ਨਾਮਨਿ ਸਿਰ ਨਾਮ ਹੈ ਸਤਿਨਾਮ ਸਿਰਦਾਰ।
ਜੋ ਨਰ ਜਪੈ ਸਹਿਜ ਹੀ ਤਿਨਕਾ ਹੋਇ ਉਧਾਰ।" (1/1/27);
ਸੁਆਮੀ ਬ੍ਰਹਮਾਨੰਦ ਜੀ ਉਦਾਸੀਨ ਨੇ ਵੀ 'ਗੁਰੂ ਉਦਾਸੀਨ ਮਤ ਦਰਪਣ' ਵਿਚ ਉਦਾਸੀ ਮਤ ਦਾ ਮੂਲ ਮੰਤ੍ਰ ਸਤਿਨਾਮ ਦਸਿਆ ਹੈ। ਵੇਖੋ ਪਹਿਲਾ ਸੰਸਕਰਣ, ਪੰਨਾ 9, ਪਦ-ਟਿੱਪਣੀ 1.

ਗੁਰੂ ਰਾਮਦਾਸ ਜੀ ਨੂੰ ਉਪਦੇਸ਼ ਦਿੱਤਾ :-

> "ਜੇ ਕੋਈ ਗੁਰੂ ਨਾਲਹੁ ਭੁਲਦਾ ਹੋਵੈ ਤਾਂ ਸਮਝਾਵਣਾ। ਆਪਣਿਅਹੁ ਪਿਰਹੁ ਆਖਣਾ। ਜੋ ਮੰਨੇ ਨਾਹੀ, ਤਾਂ ਉਹ ਜਾਣੈ। ਇਹਾ ਆਖਣਾ ਗੁਰੂ ਕਾ ਹੈ। ਜੋ ਕੋਈ ਸਿੱਖ ਉਦਾਸੀ ਹੋਵੈਗਾ, ਤਾਂ ਉਸ ਕਾ ਬੁਰਾ ਹੋਵੈਗਾ। ਜੋ ਸਿੱਖ ਗ੍ਰਿਸਥ ਵਿਚਿ ਅਰਾਧੈਗਾ, ਪਰਮੇਸ਼ਰੁ ਸੁਖੀ ਰਖੈਗਾ।...."[1]

ਉਪਰੋਕਤ ਤੱਥ ਉਨ੍ਹਾਂ ਪਰਿਸਥਿਤੀਆਂ ਨੂੰ ਸਪਸ਼ਟ ਕਰਦੇ ਹਨ ਜਿਨ੍ਹਾਂ ਵਿਚ ਬਾਬਾ ਸ੍ਰੀ ਚੰਦ ਜੀ ਨੇ ਗੁਰੂ ਨਾਨਕ ਮਤ ਦੀ ਪ੍ਰਮਾਣਕ ਗੁਰੂ ਮਾਰਗ ਨਾਲੋਂ ਇਕ ਵਖਰੇ ਦ੍ਰਿਸ਼ਟੀਕੋਣ ਤੋਂ ਵਿਆਖਿਆ ਕੀਤੀ। ਕਿਉਂਕਿ ਦੋਹਾਂ ਦਰਬਾਰਾਂ ਦੀਆਂ ਸੰਗਤਾਂ ਗੁਰੂ ਨਾਨਕ ਨਾਮ ਲੇਵਾ ਸਨ ਇਸ ਲਈ ਵਿਚਾਰ ਦਾ ਧੁਰਾ ਗੁਰੂ ਨਾਨਕ ਬਾਣੀ ਹੀ ਰਿਹਾ।

ਬਾਬਾ ਸ੍ਰੀ ਚੰਦ ਜੀ ਨੇ ਆਪਣੀ ਉਮਰ ਦੇ ਅੰਤਲੇ ਵਰ੍ਹਿਆਂ ਵਿਚ ਆਪਣਾ ਉਤਰਾਧਿਕਾਰੀ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਪੁੱਤਰ ਬਾਬਾ ਗੁਰਦਿੱਤਾ ਜੀ, ਜੋ ਗ੍ਰਿਹਸਥੀ ਸਨ, ਨੂੰ ਥਾਪ ਕੇ ਆਪਣੇ ਮਾਰਗ ਵਿਚ ਸੋਧ ਕਰ ਦਿੱਤੀ ਅਤੇ ਇਸ ਨੂੰ ਗੁਰਮਤ ਵਿਚ ਲੀਨ ਕਰ ਦਿੱਤਾ ਪਰ ਗੁਰੂ ਨਾਨਕ ਬਾਣੀ ਦਾ ਪ੍ਰਚਾਰ ਜਿਸ ਤਿਆਗਵਾਦੀ ਦ੍ਰਿਸ਼ਟੀਕੋਣ ਤੋਂ ਕਾਫ਼ੀ ਲੰਮਾ ਸਮਾਂ ਬੜੇ ਜ਼ੋਰ ਸ਼ੋਰ ਨਾਲ ਕੀਤਾ ਗਿਆ ਸੀ, ਉਸ ਦਾ ਖਾਤਮਾ ਆਸਾਨ ਕੰਮ ਨਹੀਂ ਸੀ। ਇਸ ਤੋਂ ਇਲਾਵਾ ਉਦਾਸੀਆਂ ਦੇ ਪੰਜਾਬ ਤੋਂ ਬਾਹਰ ਵੀ ਪ੍ਰਚਾਰ ਕੇਂਦਰ ਸਨ ਜਿਸ ਕਰਕੇ ਇਨ੍ਹਾਂ ਦੀ ਗੁਰਬਾਣੀ ਦੀ ਵਿਆਖਿਆ ਸਮਨਵੈਮਈ ਹੋਈ। ਕੁਲ ਮਿਲਾ ਕੇ ਸਥਿਤੀ ਇਹ ਬਣੀ ਕਿ ਇਨ੍ਹਾਂ ਨੇ ਗੁਰਬਾਣੀ ਦੀ ਵਿਆਖਿਆ ਹਿੰਦੂ ਧਰਮ ਗ੍ਰੰਥਾਂ ਦੇ ਸੰਦਰਭ ਵਿਚ ਕੀਤੀ। ਇਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਲੋਕ ਭਾਸ਼ਾ ਵਿਚ ਪੰਜਵੇਂ ਵੇਦ ਦੇ ਰੂਪ ਵਿਚ ਪ੍ਰਸਤੁਤ ਕੀਤਾ ਅਤੇ ਗੁਰਬਾਣੀ ਨੂੰ ਵੇਦ, ਪੁਰਾਣ, ਸਿਮ੍ਰਿਤੀਆਂ ਆਦਿ ਦਾ ਸਾਰ ਦਸਿਆ। ਇਹੋ ਗੱਲ ਉਦਾਸੀਆਂ ਦੀਆਂ ਪਿਛਲੇਰੀਆਂ ਉਪਲਬਧ ਰਚਨਾਵਾਂ ਵਿਚੋਂ

---

1 ਇਹ ਉਪਦੇਸ਼ "ਸਾਖੀ ਗੁਰੂ ਅਮਰਦਾਸ ਕੀ, ਮਹਲਾ ੩" ਦੇ ਸਿਰਲੇਖ ਹੇਠ ਭਾਈ ਬੂਟਾ ਸਿੰਘ ਦੀ ਧਰਮਸਾਲਾ ਰਾਵਲਪਿੰਡੀ ਵਿਖੇ ਵਿਰਾਜਮਾਨ 'ਆਦਿ ਗ੍ਰੰਥ ਸਾਹਿਬ' ਦੀ ਇਕ ਪ੍ਰਾਚੀਨ ਬੀੜ ਵਿਚ ਤੇ ਸੰਮਤ 1728 ਬਿ: ਦੀ ਇਕ ਲਿਖਤੀ ਪੋਥੀ ਵਿਚ ਭੀ ਲਿਖਿਆ ਮਿਲਦਾ ਹੈ।
— ਰਣਧੀਰ ਸਿੰਘ, ਉਦਾਸੀ ਸਿੱਖਾਂ ਦੀ ਵਿਥਿਆ, 1959, ਪੰਨੇ 12-13

ਸਿਧ ਹੁੰਦੀ ਹੈ। ਉਦਾਸੀ ਸਾਧੂ ਸੰਤ ਰੇਣ ਰਚਿਤ 'ਸ੍ਰੀ ਮਤਿ ਨਾਨਕ ਬਿਜੈ ਗ੍ਰੰਥ' ਵਿਚੋਂ ਕੁਝ ਸਤਰਾਂ ਹੀ ਉਦਾਸੀਆਂ ਦੇ ਗੁਰੂ ਨਾਨਕ ਮਤ ਪ੍ਰਤਿ ਦ੍ਰਿਸ਼ਟੀਕੋਣ ਨੂੰ ਸਪਸ਼ਟ ਕਰ ਦੇਣਗੀਆਂ:

"ਸਿੰਮ੍ਰਿਤਿ ਬੇਦ ਪੁਰਾਣ ਕਤੇਬਨ ਸਾਰ ਨਿਕਾਰੇ ।
ਕਹਿ ਪੰਚਮੇ ਬੇਦ ਗ੍ਰੰਥ ਜਿਨ ਆਪ ਉਚਾਰੇ ।
ਨਾਮ ਗੁਰਮੁਖੀ ਬਾਣੀ ਜਗ ਮੈ ਉਤਮ ਭਾਖਾ ।
ਸਿੰਮ੍ਰਿਤਿ ਬੇਦ ਪੁਰਾਣ ਪ੍ਰੰਥਨ ਸਭਿ ਤਿਸ ਮੈ ਰਾਖਾ।"[1]

ਉਦਾਸੀ ਸੰਪ੍ਰਦਾਇ ਦਾ ਪ੍ਰਤੀਨਿਧ ਟੀਕਾਕਾਰ ਸੁਆਮੀ ਆਨੰਦਘਨ ਹੈ। ਸੁਆਮੀ ਜੀ ਪੰਜਾਬੀ ਸਨ। ਜਾਤ ਦੇ ਬ੍ਰਾਹਮਣ ਸਨ। ਡੇਹਰਾ ਬਾਬਾ ਨਾਨਕ ਵਿਖੇ ਬਹੁਤ ਸਮਾਂ ਰਹੇ। ਉਥੋਂ ਹੀ ਸੰਸਕ੍ਰਿਤ ਦੇ ਅਧਿਐਨ ਲਈ ਉਨ੍ਹਾਂ ਨੂੰ ਕਾਸ਼ੀ ਘੱਲਿਆ ਗਿਆ।[2] ਉਨ੍ਹਾਂ ਨੇ ਸੰਮਤ 1852 ਬਿ: ਤੋਂ 1859 ਬਿ: ਦੇ ਦਰਮਿਆਨ ਜਪੁਜੀ, ਆਰਤੀ, ਓਅੰਕਾਰ, ਆਸਾ ਦੀ ਵਾਰ, ਸਿਧ ਗੋਸਟਿ ਅਤੇ ਅਨੰਦ ਬਾਣੀਆਂ ਦੇ ਟੀਕੇ ਰਚੇ।[3] ਉਦਾਸੀ ਸੰਪ੍ਰਦਾਇ ਦੀ ਗੁਰਮਤ ਵਿਆਖਿਆ ਵਿਚ ਹਿੰਦੂ ਵਿਚਾਰਧਾਰਾ ਦੇ ਗਲਬੇ ਦਾ ਸਿਖਰ ਸੁਆਮੀ ਆਨੰਦ-ਘਨ ਦੇ ਟੀਕਿਆਂ ਵਿਚ ਵੇਖਿਆ ਜਾ ਸਕਦਾ ਹੈ। ਉਨ੍ਹਾਂ ਨੇ ਆਪਣੇ ਵਿਚਾਰਾਂ ਦੀ ਪੁਸ਼ਟੀ ਵੇਦਾਂ, ਸ਼ਾਸਤ੍ਰਾਂ, ਪੁਰਾਣਾਂ, ਸਿਮ੍ਰਤੀਆਂ, ਗੀਤਾ, ਮਹਾਭਾਰਤ ਆਦਿ ਹਿੰਦੂ ਧਰਮ ਦੇ ਪ੍ਰਾਚੀਨ ਗ੍ਰੰਥਾਂ ਦੇ ਥਾਂ ਥਾਂ ਹਵਾਲੇ ਦੇ ਕੇ ਕੀਤੀ ਹੈ।[4] ਵੇਦ ਸ਼ਾਸਤ੍ਰ ਮੈ ਲਿਖਾ ਹੈ, ਸ਼ਾਸਤ੍ਰ ਪੁਰਾਨ ਮੈ ਲਿਖਾ ਹੈ, ਗੀਤਾ ਮੈ ਭਗਵਾਨ ਕਾ ਵਚਨ ਹੈ, ਜਿਹੇ ਵਾਕੰਸ਼ ਉਨ੍ਹਾਂ ਦੇ ਟੀਕਿਆਂ ਵਿਚ ਆਮ ਮਿਲ ਜਾਂਦੇ ਹਨ। ਉਹ ਗੁਰਬਾਣੀ ਦੇ ਕਿਸੇ ਵਿਚਾਰ ਨੂੰ ਵੀ ਵੇਦ ਵਿਰੋਧੀ ਮੰਨਣ ਨੂੰ ਤਿਆਰ ਨਹੀਂ। ਜਿਥੇ ਕਿਧਰੇ ਵਿਰੋਧਾਭਾਸ ਹੋਵੇ ਉਥੇ ਵਿਸ਼ੇਸ਼ ਯਤਨਾਂ

---

1 ਖੰਡ 1, ਧਿਆਉ 1, ਛੰਦ 21.

2 ਡਾ. ਰਤਨ ਸਿੰਘ ਜੱਗੀ, ਗੁਰਬਾਣੀ ਟੀਕੇ: ਆਨੰਦਘਨ, 1970, ਪੰਨਾ 9-10.

3 ਉਹੀ, ਪੰਨਾ 10-1.

4 ਟੀਕਾ ਆਸਾ ਦੀ ਵਾਰ, ਹੱਥ-ਲਿਖਤ ਨੰ:2, ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਪੁਸਤਕਾਲਾ, ਡੇਹਰਾਦੂਨ, ਪੰਨਾ 22/ੳ, 41/ੳ (ਉਤੇ ਗੀਤਾ ਦਾ ਹਵਾਲਾ); 32/ਅ (ਉਤੇ ਮਹਾਭਾਰਤ ਦਾ ਹਵਾਲਾ); 39/ਅ (ਉਤੇ ਬ੍ਰਹਮਨਾਰਦੀ ਪੁਰਾਣ ਦਾ ਹਵਾਲਾ); 8/ਅ (ਉਤੇ ਯਾਗਵਲਿ ਸਿਮ੍ਰਤੀ ਦਾ ਹਵਾਲਾ)।

ਰਾਹੀਂ ਗੁਰਬਾਣੀ ਨੂੰ ਵੇਦ ਸ਼ਾਸਤ੍ਰ ਅਨੁਸਾਰ ਸਿਧ ਕਰਨ ਦੀ ਕੋਸ਼ਿਸ਼ ਕਰਦੇ ਹਨ। ਆਸਾ ਦੀ ਵਾਰ ਵਿਚਲੀ ਇਕ ਤੁਕ "ਦੂਜੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ"[1] ਦੇ ਅਰਥ ਇਸ ਦੀ ਉਦਾਹਰਣ ਵਜੋਂ ਪੇਸ਼ ਕਰਦੇ ਹਾਂ:-

> "ਦੂਸਰੀ ਕੁਦਰਤ ਕਿਆ ਕਹੀਏ ਮਹਾ ਮਾਇਆ ਭੀ ਤੈਨੇ ਰਚੀ ਹੈ॥ ਆਸਨਿ ਕਿਆ ਕਹੀਏ । ਧਿਆਨ ਕਰਿ ਕਰਿ ਤੈਨੇ ਆਪਣਾ ਚਾਉ ਆਪਿ ਦੇਖਾ॥ ਚਾਉ ਕਿਆ ਦੇਖਾ ਏਹ ਸੁਣਨੇ ਵਾਲੇ ਕੋ ਸੰਦੇਹ ਹੋਤਾ ਹੈ। ਤਾਂਤੇ ਇਸਕਾ ਨਿਰਨਾ ਕਰਤੇ ਹੈ॥ ਜਬ ਤੈਨੇ ਮਾਹ ਮਾਇਆ ਰਚੀ ਤਬ ਮਾਹ ਮਾਇਆ ਨੇ ਤੇਰੇ ਤਾਂਈ ਇਛਾ ਉਪਜਾਈ॥ ਏਕ ਹੀ ਮੈ ਬਹੁਤ ਹੋਵੇ॥ ਜਬ ਇਹ ਇਛਾ ਉਪਜੀ ਤਬ ਤੇਰੇ ਏਕ ਕੇ ਹੀ ਬ੍ਰਹਮਾ ਬਿਸਨ ਮਹਾਦੇਉ ਤੀਨ ਰੂਪ ਭਏ॥ ਜਬ ਤੈਨੇ ਆਪਣੇ ਤੀਨ ਰੂਪ ਬਣਾਏ। ਤਬ ਮਹਾ ਮਾਇਆ ਨੇ ਬ੍ਰਹਮਾਣੀ ਵੈਸਨਵੀ ਸਿਵਾ ਆਪਣੇ ਤੀਨ ਰੂਪ ਬਣਾਏ ਲੀਏ॥ ਇਨ ਛਿਉ ਨੇ ਮਿਲਕਰ ਜਗਤ ਕਾ ਉਤਪਤ ਇਸਥਿਤ ਸੰਘਾਰ ਰਚਾ॥ ਇਹੁ ਤੇਰੇ ਮਨੁ ਕਾ ਚਾਉ ਥਾ ਸੋ ਤੈਨੇ ਦੇਖਾ॥ ਏਹਾ ਇਖਤਾ ਹੈ ਮਹਾ ਮਾਇਆ ਤੈਨੇ ਰਚੀ ਹੈ॥ ਅਰ ਵੇਦ ਸਾਸਤ੍ਰ ਮੈ ਲਿਖਾ ਹੈ ਮਹਾ ਮਾਇਆ ਪ੍ਰਮੇਸਵਰ ਕੀ ਛਾਇਆ ਹੈ॥ ਛਾਇਆ ਤੋ ਸਕਾਰ ਕੀ ਹੋਤੀ ਹੈ॥ ਨਿਰਆਕਾਰ ਵਿਖੇ ਛਾਇਆ ਕਹਾ ॥ ਤਾਤੇ ਛਾਇਆ ਕਾ ਅਰਥ ਏਹਾ ਇਛਾ ਹੀ ਕਰਨਾ॥ ਤਬੀ ਨਿਰਦੋਖ ਅਰਥ ਹੋਵੈਗਾ॥"[2]

ਵਰਣ ਆਸ਼੍ਰਮ ਅਨੁਸਾਰ ਕਰਮ ਕਰਨ ਦੀ ਪ੍ਰਵਿਰਤੀ ਵੀ ਇਨ੍ਹਾਂ ਦੇ ਟੀਕਿਆਂ ਵਿਚ ਪ੍ਰਬਲ ਹੈ। ਸੁਆਮੀ ਜੀ ਦੇ 'ਆਸਾ ਦੀ ਵਾਰ' ਦੇ ਟੀਕੇ ਵਿਚੋਂ ਇਕ ਉਦਾਹਰਣ ਲਿਖ ਦੇਂਦੇ ਹਾਂ। "ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥ ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥"[3] ਦੇ ਅਰਥ ਕਰਦਿਆਂ ਉਹ ਲਿਖਦੇ ਹਨ:-

---

1 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 463.

2 ਆਨੰਦਘਨ ,ਟੀਕਾ ਆਸਾ ਦੀ ਵਾਰ, ਪੰਨਾ 5/ੳ-ਅ ।

3 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 467.

"ਸੰਤੋਖਵਾਨ ਜੋ ਹੈ ਸੰਤਿ ਜਨ ਤਿਨੋ ਕੇ ਖਾਨ ਪਾਨ ਆਦਕੇ ਸੰਜਮ
ਕਰ ਕਰ ਆਪਣੇ ਵਰਣ ਆਸ਼੍ਰਮ ਕੇ ਜੋਗ ਜੋ ਕਰਮ ਹੈ ਤਿਸ ਕੋ
ਕਰਿ ਕਰਿ ਕੁਮਾਰਗ ਨ ਚਲੈ ਸੁਮਾਰਗ ਹੀ ਚਲੈ।"[1]

ਉਦਾਸੀ ਤੀਰਥ ਯਾਤਰਾ ਵਿਚ ਵਿਸ਼ਵਾਸ ਰਖਦੇ ਹਨ। ਤੀਰਥ ਉਤੇ ਨਿਵਾਸ ਦਾ ਬੜਾ ਮਹੱਤਵ ਮੰਨਦੇ ਹਨ। ਇਸੇ ਲਈ ਸਾਧੂ ਆਨੰਦ-ਘਨ "ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ"[2] ਦੇ ਅਰਥ ਕਰਦਿਆਂ ਸਚ ਉਸੇ ਕੋਲ ਮੰਨਦੇ ਹਨ ਜੋ ਤੀਰਥ ਵਿਖੇ ਨਿਵਾਸ ਕਰਦਾ ਹੈ:-

"ਸਚਿ ਤਿਸੀ ਕੇ ਪਾਸ ਹੈ ਜੋ ਆਪਣਾ ਤੀਰਥ ਵਿਖੇ ਨਿਵਾਸ
ਕਰਤਾ ਹੈ ਸਤਿਗੁਰੂ ਕੋ ਪੂਛ ਕਰ ਤੀਰਥ ਪਰਿ ਜਾਇ ਬੈਠੇ॥
ਨਿਵਾਸ ਕਰੈ ਸੁਨ ਕਰੈ ॥"[3]

'ਆਸਾ ਦੀ ਵਾਰ' ਵਿਚ ਜਨੇਊ ਪਾਉਣ ਸਮੇਂ ਬਕਰਾ ਰਿੰਨ੍ਹ ਕੇ ਖਾਣ ਦਾ ਜ਼ਿਕਰ ਆਉਂਦਾ ਹੈ — "ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ॥"[4] ਇਸ ਉਤੇ ਵਿਚਾਰ ਕਰਦਿਆਂ ਸੁਆਮੀ ਆਨੰਦ-ਘਨ ਨੇ ਜੋ ਕੁਝ ਲਿਖਿਆ ਹੈ ਉਸ ਤੋਂ ਪਤਾ ਲਗਦਾ ਹੈ ਕਿ ਗੁਰਬਾਣੀ ਦੇ ਟੀਕੇ ਕਰਦਿਆਂ ਉਦਾਸੀ ਸੰਤਾਂ ਨੇ ਗੁਰਮਤ ਵਿਚ ਕਿੰਨਾ ਬ੍ਰਾਹਮਣਵਾਦ ਭਰ ਦਿੱਤਾ ਹੈ। ਇਸ ਸੰਬੰਧ ਵਿਚ ਸੁਆਮੀ ਜੀ ਦਾ ਪੂਰਾ ਵਿਚਾਰ ਇਥੇ ਦਰਜ ਕਰ ਰਹੇ ਹਾਂ:-

"ਕਪਾਸ ਕਾ ਸੂਤੁ ਕਤਿਆ॥ ਬ੍ਰਾਹਮਣ ਨੇ ਵਟਿਆ॥ ਇਸੀ ਕੋ ਤੋ
ਜਨੇਊ ਕਹਤੇ ਹੈ॥ ਬਕਰਾ ਮਾਰਿ ਕਰਿ ਖਾਇ ਗਏ॥ ਸਭ ਕੋਈ
ਕਹਤਾ ਹੈ ਪਉ॥ ਅਬ ਇਸੀ ਕੋ ਵਿਚਾਰ ਕਰਿ ਕਰਿ ਦੇਖੋ ਆਪਣੀ
ਜ਼ੁਬਾਨ ਕੇ ਸ੍ਵਾਦ ਕੇ ਨਮਿਤ ਜਿਸ ਦੂਸਰੇ ਕਾ ਸਿਰਿ ਕਾਟਾ ਤਿਸ ਮੇ
ਦਇਆ ਕਹਾਂ॥ ਕਿਆ ਸੰਤੋਖੀ ਦੂਸਰੇ ਕਾ ਸਿਰ ਹੀ ਕਾਟਤੇ ਹੋਤੇ ਹੈ॥

---

1 ਆਨੰਦ-ਘਨ, ਟੀਕਾ ਆਸਾ ਦੀ ਵਾਰ, ਪੰਨਾ 1/ਅ. ਹੋਰ ਦੇਖੋ ਪੰਨਾ 12/ਅ, 18/ੳ, 31/ਅ, 55/ੳ, 60/ੳ.

2 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 468.

3 ਆਨੰਦ-ਘਨ, ਟੀਕਾ ਆਸਾ ਦੀ ਵਾਰ, ਪੰਨਾ 48/ੳ.

4 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 471.

ਜਹਾਂ ਦਇਆ ਅਰੁ ਸੰਤੋਖ ਨਹੀਂ ਤਹਾਂ ਜਤ ਸਤ ਤੋ ਦੂਰ ਸੇ ਦੂਰ
ਹੀ ਭਾਗ ਗਏ ॥ ਚਾਰ ਵਸਤ ਕਾ ਜਨੇਊ ਹੋਤਾ ਹੈ॥ ਏਕ ਮਾਸ
ਕੇ ਖਾਏ ਤੇ ਤੁਮਨੇ ਚਾਰੋ ਕਾ ਨਾਸ ਕੀਆ। ਜਨੇਊ ਤੁਮ ਕੋ ਹੈ
ਨਹੀਂ ਤੁਮ ਤੋ ਜਨੇਊ ਕਾ ਨਾਸ ਕਰਣੇ ਵਾਲੇ ਅਧਰਮੀ ਹੋ॥
ਨਨੁ ॥ ਰਾਮ ਕ੍ਰਿਸਨ ਤੇ ਲੇਕਰਿ ਜੇਤੇ ਪ੍ਰਮੇਸ੍ਵਰ ਕੇ ਅਵਤਾਰ ਹੁਏ
ਹੈ ਸੋ ਭੀ ਤੋ ਮੰਸ ਖਾਤੇ ਹੀ ਆਏ ਹੈ॥ ਅਰੁ ਵਸਿਸਟ ਤੇ ਲੇਕਰਿ
ਜੇਤੇ ਰਿਖ ਹੁਏ ਹੈ ਸੋ ਭੀ ਮਾਸ ਖਾਤੇ ਹੀ ਰਹੇ ਹੈ॥ ਇਸ ਪਰ
ਪੁਰਾਣੋ ਕੇ ਵਚਨ ਪਾਈਤੇ ਹੈ॥ ਜੋ ਮਾਸ ਕਾ ਖਾਣਾ ਐਸਾ ਨਿਖੇਧ
ਹੋਤਾ ਤੋ ਇਹ ਕਿਉ ਖਾਤੇ॥ ਮਾਸ ਖਾਣੇ ਵਾਲੇ ਕੋ ਅਧਰਮੀ ਕੈਸੇ
ਕਹਤੇ ਹੋ ॥ ਤਿਸਕਾ ਉਤਰ ॥ ਮਾਸ ਖਾਣੇ ਕਾ ਨਖੇਧ ਭੀ
ਸਾਸਤ੍ਰੋਂ ਮੇ ਹੀ ਲਿਖਾ ਹੈ॥ ਧਰਮ ਸਾਸਤ੍ਰ ਕਾ ਵਚਨ ਹੈ॥ ਦੇਵਤਿਓ
ਕੋ ਅਰੁ ਪਿਤ੍ਰੋਂ ਕੋ ਪੂਜ ਕਰਿ ਮਾਸ ਕੋ ਖਾਤਾ ਹੂਆ ਦੋਖ ਭਾਗੀ ਨਹੀਂ
ਹੋਤਾ॥ ਦੇਵਤਿਓ ਕੇ ਨਮਿਤ ਯਗ ਕਰੈ॥ ਯਗ ਵਿਖੇ ਜੋ ਪਸੂ ਮਾਰਿਆ
ਜਾਤਾ ਹੈ ਤਿਸ ਕੋ ਸ੍ਵਰਗ ਕੀ ਪ੍ਰਾਪਤਿ ਹੋਤੀ ਹੈ॥ ਅਰੁ ਜੋ ਤਿਸ ਪਸੂ
ਕਾ ਮਾਸ ਖਾਤਾ ਹੈ ਤਿਸਕੋ ਭੀ ਸ੍ਵਰਗ ਕੀ ਪ੍ਰਾਪਤਿ ਹੋਤੀ ਹੈ॥ ਮਾਸ
ਕਰਿ ਕਰਿ ਪਿਤਰੋ ਕਾ ਸ੍ਰਾਧ ਕਰੈ ਬ੍ਰਹਮਣੋ ਕੋ ਤ੍ਰਿਪਤਿ ਕਰਿ ਕਰਿ
ਪੀਛੇ ਖਾਏ ਆਪ ॥ ਏਹ ਭੀ ਇਸ ਕੇ ਕਲਿਆਣ ਕਾ ਸਾਧਨ ਹੈ॥
ਜੈਸੇ ਬਲਦਾਨ ਕੀ ਵਿਧ ਸਾਸਤ੍ਰ ਮੈ ਕਹੀ ਹੈ ਤਿਸੀ ਵਿਧ ਸੇ ਭਗਤਿ
ਪੂਰਬਕ ਦੇਵੀ ਕੋ ਪਸੂ ਕਾ ਬਲਦਾਨ ਕਰੈ॥ ਐਸੇ ਕੋ ਲੇਕਰਿ ਪੀਛੇ
ਤਿਸ ਪਸੂ ਕਾ ਮਾਸ ਆਪਿ ਖਾਏ॥ ਇਸ ਕੋ ਇਹ ਭੀ ਕਲਿਆਣ ਕਾ
ਸਾਧਨ ਹੈ॥ ਧਰਮ ਸਾਸਤ੍ਰ ਕਾ ਵਚਨ ਹੈ॥ ਯਥਾ ਵਿਧ ਕਰਿ ਕਰਿ
ਨਿਯੁਕਤ ਜੋ ਮਾਸ ਹੈ॥ ਤਿਸਕੋ ਜੋ ਮਨੁਖ ਨਹੀਂ ਖਾਤਾ ਸੋ ਮਰ ਕਰਿ
ਪਸੂ ਕਾ ਜਨਮ ਪਾਵਤਾ ਹੈ॥ ਜਬ ਤਕਰ ਵਰ੍ਹ ਦਸ ਇੰਦ੍ਰਾਂ ਇੰਦ੍ਰ
ਪਦਵੀ ਭੋਗਤੇ ਰਹਤੇ ਹੈ॥ ਤਬ ਤਕਰ ਸੋ ਪਸੂ ਕਾ ਹੀ ਜਨਮ ਪਾਵਤਾ
ਰਹਤਾ ਹੈ॥ ਆਪ ਪਸੂ ਕੋ ਮਾਰਿਆ ਭੀ ਨਹੀਂ॥ ਕਿਸੀ ਕੋ ਕਹਾ ਭੀ
ਨਹੀਂ ਮੂਆ ਹੂਆ ਦੇਖਾ ਭੀ ਨਹੀ ਥਾਲੀ ਮੇ ਪਰੋਸ ਕਰਿ ਕਿਸੀ ਨੇ
ਆਗੇ ਧਰਿ ਦੀਆ॥ ਐਸੇ ਮਾਸ ਕੋ ਮੁਨੀਸ੍ਵਰ ਭਜੀ ਕੇ ਦੂਨ ਕਹਤੇ ਹੈ।

ਇਸ ਕੇ ਖਾਣੇ ਕਾ ਪੁੰਨ ਭੀ ਨਹੀ ਅਰੁ ਪਾਪ ਭੀ ਨਹੀ ॥
ਰਾਜਾ ਲੋਕ ਜੋ ਹੈ ਤਿਨਕੋ ਸਿਕਾਰ ਕੀ ਭੀ ਵਿਧਿ ਹੈ॥ ਸਿਕਾਰ
ਕਾ ਮਾਸ ਕਿਸੀ ਕੋ ਦੇਕਰਿ ਪੀਛੇ ਆਪ ਖਾਏ ਇਸ ਕਾ ਭੀ ਪੁੰਨ
ਪਾਪ ਕਛੁ ਨਹੀ॥ ਧਰਮ ਸਾਸਤ੍ਰ ਕਾ ਵਚਨ ਹੈ॥ ਜੇਤੇ ਪਸੂ ਕੇ
ਊਪਰ ਰੋਮ ਹੈ ਤੇਤੇ ਹੀ ਸਹੰਸ੍ਰ ਵਰਖ ਸੋ ਨਰਕ ਮੇ ਪਰਤਾ ਹੈ॥
ਜੋ ਵਿਧਿ ਬਿਨਾ ਪਸੂ ਕੋ ਮਾਰਤਾ ਹੈ॥"[1]

ਸੁਆਮੀ ਆਨੰਦ-ਘਨ ਨੇ ਗੁਰੂ ਨਾਨਕ ਮਤ ਵਿਚ ਦੇਵੀ ਭਗਤੀ ਨੂੰ ਵੀ ਮਾਨਤਾ ਦਿੱਤੀ ਹੈ। ਆਪਣੇ ਜਪੁਜੀ ਦੇ ਟੀਕੇ ਵਿਚ ਉਹ ਲਿਖਦੇ ਹਨ:-

(I) "ਵਸਿਸਟਾਦਿਕ ਸੁਪ੍ਰਸਿਧ ਗਿਆਨੀ ਹੈ। ਪੜੇ ਬਿਨਾ ਹੀ ਇਨਕੋ ਵੇਦ ਸਾਸਤ੍ਰ ਫੁਰੇ ਹੈ। ਹਮਾਰੇ ਬਾਬਾ ਨਾਨਕ ਕੋ ਭੀ ਪੜੇ ਬਿਨਾ ਹੀ ਬਾਣੀ ਫੁਰੀ ਹੈ॥ ਬਾਣੀ ਕਿਸੀ ਤੇ ਪੜੀ ਤੋ ਨਹੀ॥ ਪਰ ਬਾਣੀ ਵਿਖੇ ਵੇਦ ਸਾਸਤ੍ਰ ਕਾ ਹੀ ਤੋ ਅਰਥ ਹੈ। ਕਛੁ ਔਰ ਤੋ ਨਹੀ॥ ਯਦਯਪਿ ਵਸਿਸਟਾਦਿਕ ਸੁਪ੍ਰਸਿਧ ਹੈ ਪੜੇ ਬਿਨਾ ਹੀ ਤਿਨਕੋ ਵੇਦ ਸਾਸਤ੍ਰ ਫੁਰੇ ਹੈ॥ ਤਥਾਪਿ ਬ੍ਰਹਮ ਵਿਸਨੂ ਮਹਾਦੇਵ॥ ਸਰਸ੍ਵਤੀ ਲਖਮੀ ਪਾਰਬਤੀ॥ ਇਨ ਛਿਓ ਕੋ ਗੁਰ ਮਾਨ ਕਰ ਵਸਿਸਟਾਦਿਕ ਭੀ ਤੋ ਇਨ ਛਿਓ ਕਾ ਪੂਜਨ ਕਰਤੇ ਹੀ ਤੋ ਹੈ। ਤੈਸੇ ਹੀ ਹਮਾਰਾ ਬਾਬਾ ਨਾਨਕ ਨੇ ਭੀ ਇਨ ਛਿਓ ਕੋ ਗੁਰ ਮਾਨ ਕਰ ਪੂਜਨ ਕੀਆ॥ ਇਸੀ ਪੰਥ ਮੇ ਕੋਈ ਏਕ ਐਸੇ ਅੜਬੰਗੀ ਹੈ॥ ....... ਕਹਤੇ ਹੈ ਇਸਤ੍ਰੀ ਕੋ ਗੁਰ ਨਹੀ ॥ ਦੇਵੀ ਕੋ ਗੁਰ ਨਹੀ ਮਾਨਤੇ॥"[2]

(II) "ਬਾਬਾ ਨਾਨਕ ਨੇ ਦੇਵੀ ਕੀ ਉਪਮਾ ਸਭ ਤੇ ਊਪਰ ਕਹੀ॥ ਏਕਾ ਮਾਈ ਜੁਗਤਿ ਵਿਆਈ॥ ਇਸ ਕੇ ਅਰਥ ਮੇ ਇਸਕਾ ਨਿਰਣਾ ਹੋਵੈਗਾ॥"[3]

---

1 ਆਨੰਦ-ਘਨ, ਟੀਕਾ ਆਸਾ ਦੀ ਵਾਰ, ਪੰਨੇ 74/ੳ - 76/ੳ.

2 ਹੱਥ-ਲਿਖਤ ਨੰਬਰ ਐਮ/691, ਪੰਜਾਬ ਪੁਰਾਲੇਖ ਪੁਸਤਕਾਲਾ, ਪਟਿਆਲਾ, ਪੰਨੇ 54-55.

3 ਉਹੀ, ਪੰਨਾ - 60.

ਤੀਰਥ ਨਿਵਾਸ, ਵਰਣ ਆਸ਼੍ਰਮ ਅਨੁਸਾਰ ਕਰਮ ਕਰਨਾ, ਦੇਵੀ ਪੂਜਾ ਆਦਿ ਜਿਨ੍ਹਾਂ ਨੂੰ ਉਦਾਸੀਆਂ ਨੇ ਗੁਰੂ ਨਾਨਕ ਮਤ ਵਿਚ ਮਾਨਤਾ ਦਿੱਤੀ ਹੈ, ਬਾਰੇ ਗੁਰੂ ਨਾਨਕ ਦਾ ਆਪਣਾ ਮਤ ਇਹ ਹੈ:-

<u>ਤੀਰਥ</u>

"ਤੀਰਥੁ ਤਪੁ ਦਇਆ ਦਤੁ ਦਾਨੁ ॥
ਜੇ ਕੋ ਪਾਵੈ ਤਿਲ ਕਾ ਮਾਨੁ ॥
ਸੁਣਿਆ ਮੰਨਿਆ ਮਨਿ ਕੀਤਾ ਭਾਉ ॥
ਅੰਤਰਿ ਗਤਿ ਤੀਰਥਿ ਮਲ ਨਾਉ ॥"[1]

<u>ਦੇਵੀ ਪੂਜਾ</u>

"ਮਾਇਆ ਮੋਹੇ ਦੇਵੀ ਸਭਿ ਦੇਵਾ ॥
ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥[2]

<u>ਵਰਣ ਆਸ਼੍ਰਮ</u>

"ਜਾਤਿ ਬਰਨ ਕੁਲ ਸਹਸਾ ਚੂਕਾ
ਗੁਰਮਤਿ ਸਬਦਿ ਬੀਚਾਰੀ ॥"[3]

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਗੁਰੂ ਨਾਨਕ ਬਾਣੀ ਦੀ ਵਿਆਖਿਆ ਗੁਰੂ ਨਾਨਕ ਮਤ ਤੋਂ ਵਖਰੇ ਢੰਗ ਨਾਲ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੋਂ ਤੁਰਤ ਬਾਅਦ ਉਨ੍ਹਾਂ ਦੇ ਵੱਡੇ ਪੁੱਤਰ ਬਾਬਾ ਸ੍ਰੀ ਚੰਦ ਜੀ ਨੇ ਸ਼ੁਰੂ ਕਰ ਦਿੱਤੀ ਸੀ ਜਿਸ ਦਾ ਸਿਖਰ ਸੁਆਮੀ ਆਨੰਦ-ਘਨ ਦੇ ਟੀਕੇ ਹਨ। ਗੁਰਬਾਣੀ ਵਿਆਖਿਆ ਦਾ ਜੋ ਬੀਜ ਬਾਬਾ ਸ੍ਰੀ ਚੰਦ ਜੀ ਨੇ ਬੀਜਿਆ ਸੀ, ਸੁਆਮੀ ਆਨੰਦ-ਘਨ ਦੇ ਟੀਕੇ ਉਸ ਤੋਂ ਉਪਜਿਆ ਬਿਰਛ-ਰੂਪ ਹਨ।

---

1 <u>ਸ੍ਰੀ ਗੁਰੂ ਗ੍ਰੰਥ ਸਾਹਿਬ,</u> ਪੰਨਾ 4

2 ਉਹੀ, ਪੰਨਾ 227.

3 ਉਹੀ, ਪੰਨਾ 1198.

## <u>ਮੀਣਾ ਸੰਪ੍ਰਦਾਇ ਦੀ ਟੀਕਾਕਾਰੀ</u>

ਗੁਰਬਾਣੀ ਦੀ ਟੀਕਾਕਾਰੀ ਵਿਚ ਮੀਣਾ ਸੰਪ੍ਰਦਾਇ ਅਥਵਾ ਮਿਹਰਬਾਨ ਸੰਪ੍ਰਦਾਇ ਦਾ ਬੜਾ ਮਹੱਤਵਪੂਰਣ ਸਥਾਨ ਹੈ। ਵਾਰਤਕ ਵਿਚ ਪਹਿਲੇ ਗੁਰਬਾਣੀ ਦੇ ਟੀਕੇ ਇਸੇ ਸੰਪ੍ਰਦਾਇ ਦੇ ਲਿਖੇ ਮਿਲਦੇ ਹਨ। ਇਨ੍ਹਾਂ ਟੀਕਿਆਂ ਦਾ ਮੁਲਾਂਕਣ ਸਮਕਾਲੀਨ ਇਤਿਹਾਸਕ ਪਰਿਸਥਿਤੀਆਂ ਵਿਚ ਰਖ ਕੇ ਕਰਨ ਨਾਲ ਹੀ ਇਸ ਸੰਪ੍ਰਦਾਇ ਦੀ ਟੀਕਾਕਾਰੀ ਨਾਲ ਨਿਆਂਇ ਕੀਤਾ ਜਾ ਸਕਦਾ ਹੈ ਕਿਉਂਕਿ ਗੁਰੂ ਘਰ ਦਾ ਅਤਿ ਦਾ ਵਿਰੋਧ ਕਰਨ ਵਾਲੇ ਵਿਅਕਤੀਆਂ ਦੇ ਰਚੇ ਇਨ੍ਹਾਂ ਟੀਕਿਆਂ ਵਿਚ ਗੁਰਮਤ ਵਿਰੋਧੀ ਤੱਤਾਂ ਦਾ ਬਿਲਕੁਲ ਅਭਾਵ ਹੈ। ਇਸ ਸੰਪ੍ਰਦਾਇ ਦੇ ਪ੍ਰਮੁਖ ਟੀਕਾਕਾਰ ਸੋਢੀ ਮਿਹਰਬਾਨ ਦੀ ਸ਼ਖ਼ਸੀਅਤ ਨੂੰ ਜਾਣਨਾ ਵੀ ਜ਼ਰੂਰੀ ਹੈ।

ਚੌਥੇ ਗੁਰੂ ਰਾਮ ਦਾਸ ਜੀ ਦੇ ਵੱਡੇ ਪੁੱਤਰ ਸੋਢੀ ਪ੍ਰਿਥੀ ਚੰਦ ਦੁਆਰਾ ਗੁਰ-ਗੱਦੀ ਦੇ ਸਮਾਨੰਤਰ ਚਲਾਈ ਗਈ ਗੱਦੀ ਨੂੰ ਸਿੱਖ ਜਗਤ ਵਿਚ ਮੀਣਾ ਸੰਪ੍ਰਦਾਇ ਅਥਵਾ ਮਿਹਰਬਾਨ ਸੰਪ੍ਰਦਾਇ ਕਰਕੇ ਜਾਣਿਆ ਜਾਂਦਾ ਹੈ। ਪ੍ਰਿਥੀ ਚੰਦ ਦੇ ਮੀਸਣੇ ਸੁਭਾਅ ਕਰਕੇ, ਕਿਹਾ ਜਾਂਦਾ ਹੈ, ਗੁਰੂ ਰਾਮ ਦਾਸ ਜੀ ਨੇ ਪ੍ਰਿਥੀ ਚੰਦ ਲਈ ਆਪ ਹੀ ਮੀਣਾ ਸ਼ਬਦ ਦੀ ਵਰਤੋਂ ਕੀਤੀ ਸੀ।[1] ਭਾਈ ਗੁਰਦਾਸ ਨੇ ਵੀ ਪ੍ਰਿਥੀ ਚੰਦ ਲਈ ਮੀਣਾ ਸ਼ਬਦ ਵਰਤਿਆ ਅਤੇ ਉਸ ਦੇ ਪੰਥ ਨੂੰ ਮੀਣਿਆਂ ਦਾ ਪੰਥ ਦਸਿਆ ਹੈ :-

(I) "ਮੀਣਾ ਹੋਆ ਪਿਰਥੀਆ ਕਰਿ ਕਰਿ ਤੋੜਕ ਬਰਲ ਚਲਾਇਆ।"[2]

(II) "ਤਿਨ੍ਹਿ ਨਕਟ ਪੰਥ ਹੈ ਮੀਣਿਆਂ ਮਿਲ ਨਰਕ ਨਿਬਾਹੇ।"[3]

ਭਾਈ ਕਾਨ੍ਹ ਸਿੰਘ ਨੇ ਮੀਣਾ ਸ਼ਬਦ ਦੇ ਅਰਥ "ਮਿਨ੍ਹਾ" ਜਾਂ "ਕਪਟੀ" ਕੀਤੇ ਹਨ, ਜੋ ਮਨ ਦੇ ਛਲ ਨੂੰ ਪ੍ਰਗਟ ਨ ਹੋਣ ਦੇਵੇ।"[4]

---

1 ਡਾ. ਤਾਰਨ ਸਿੰਘ, <u>ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ</u>, ਪ੍ਰਥਮ ਸੰਸਕਰਣ, ਪੰਨਾ 51.

2 ਵਾਰ 26, ਪਉੜੀ 33.

3 ਵਾਰ 36, ਪਉੜੀ 6.

4 <u>ਗੁਰਸ਼ਬਦ ਰਤਨਾਕਰ ਮਹਾਨ ਕੋਸ਼,</u> ਵਿਚ ਦੇਖੋ "ਮੀਣਾ" ।

ਬਾਬਾ ਪ੍ਰਿਥੀ ਚੰਦ, ਗੁਰੂ ਰਾਮ ਦਾਸ ਜੀ ਦਾ ਵੱਡਾ ਪੁੱਤਰ ਹੋਣ ਕਰਕੇ ਗੁਰਗੱਦੀ ਉੱਤੇ ਆਪਣਾ ਹੱਕ ਸਮਝਦਾ ਸੀ, ਪਰ ਉਹ ਲਾਲਚੀ[1] ਅਤੇ ਅਹੰਕਾਰੀ[2] ਸੁਭਾਉ ਦਾ ਸੀ ਜਿਸ ਕਰਕੇ ਗੁਰੂ ਰਾਮ ਦਾਸ ਜੀ ਨੇ ਉਸ ਨੂੰ ਗੁਰਗੱਦੀ ਦੇ ਯੋਗ ਨਾ ਸਮਝਿਆ। ਗੁਰੂ ਸਾਹਿਬ ਨੇ ਆਪਣੇ ਸਭ ਤੋਂ ਛੋਟੇ ਪੁੱਤਰ ਅਰਜਨ ਨੂੰ ਗੁਰਗੱਦੀ ਦੇ ਯੋਗ ਸਮਝਕੇ ਗੁਰੂ ਥਾਪਿਆ। ਪ੍ਰਿਥੀ ਚੰਦ ਨੂੰ ਇਸ ਗੱਲ ਦਾ ਬਹੁਤ ਦੁਖ ਹੋਇਆ।[3] ਉਸ ਨੇ ਆਪਣੇ ਪਿਤਾ ਨਾਲ ਝਗੜਾ ਕੀਤਾ।[4]

ਗੁਰੂ ਅਰਜਨ ਜੀ ਦੀ ਸ਼ਾਦੀ ਸੰਮਤ 1636 ਬਿ: ਵਿਚ ਹੋਈ।[5] ਕੁਝ ਸਮਾਂ ਬਾਅਦ[6] ਬਾਬਾ ਪ੍ਰਿਥੀ ਚੰਦ ਦੇ ਘਰ ਇਕ ਬਾਲਕ ਦਾ ਜਨਮ ਹੋਇਆ ਜਿਸ ਦਾ ਨਾਂ ਮਨੋਹਰ ਦਾਸ ਰੱਖਿਆ

---

1 ਬਾਬਾ ਪ੍ਰਿਥੀ ਚੰਦ ਨੂੰ ਭਾਈ ਸੰਤੋਖ ਸਿੰਘ ਨੇ ਇਉਂ ਸੋਚਦੇ ਦਿਖਾਇਆ ਹੈ:

"ਦਰਬ ਸੰਭਾਰਨਿ ਮੈਂ ਸਭਿ ਕਰਿਹੋਂ।
ਕਿਤਿਕ ਪ੍ਰਿਥਕ ਕਰਿ ਨਿਜ ਘਰੇ ਧਰਿਹੋਂ।
ਅਬਿ ਲਗਿ ਮੈਂ ਮਾਲਕ ਸਭਿ ਭੇਟਨ।
ਆਵਹਿ ਨਿਤ ਸੋ ਕਰਹੁਂ ਸਮੇਟਨਿ।"
(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 2, ਅੰਸੂ 15)।

2 ਭਾਈ ਸੰਤੋਖ ਸਿੰਘ ਨੇ ਮਾਤਾ ਭਾਨੀ ਜੀ ਦੀ ਪ੍ਰਿਥੀ ਚੰਦ ਬਾਰੇ ਰਾਇ ਇਉਂ ਦੱਸੀ ਹੈ:

"ਪ੍ਰਿਥੀਏ ਕੋ ਸੁਭਾਉ ਅਹੰਕਾਰੀ।
ਨਹੀਂ ਰਖਤ ਪਿਤ ਕੀ ਅਨੁਸਾਰੀ।"
(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ 2, ਅੰਸੂ 16)।

3 "ਪ੍ਰਿਥੀਆ ਦੁਖ ਕਰਕੇ ਅਤਿ ਰੋਇਆ।
ਟਿੱਕੇ ਦੀ ਵਾਰੀ ਸੀ ਆਹੀ ਮੈਨੂੰ ਦੇ ਕੀ ਹੋਇਆ।"
ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, 4/27.

4 ਇਸ ਦਾ ਜ਼ਿਕਰ ਗੁਰੂ ਰਾਮ ਦਾਸ ਜੀ ਨੇ ਆਪਣੀ ਬਾਣੀ ਵਿਚ ਕੀਤਾ ਹੈ:-

"ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥
ਜਿਨਕੇ ਜਣੇ ਬਡੀਰੇ ਤੁਮ ਹਉ
ਤਿਨ ਸਿਉ ਝਗਰਤ ਪਾਪ ॥"
(ਆਦਿ ਗ੍ਰੰਥ, ਪੰਨਾ 1200)

5 ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼ ਵਿਚ ਵੇਖੋ "ਅਰਜਨ"।

6 ਸੋਢੀ ਹਰਿ ਜੀ ਦੁਆਰਾ ਰਚੀ 'ਗੋਸ਼ਟਿ ਗੁਰੂ ਮਿਹਰਵਾਨੁ' ਵਿਚ ਮਿਹਰਬਾਨ ਜੀ ਦਾ ਜਨਮ ਸੰਮਤ 1638 ਮਾਘ ਸੁਦੀ ਬਸੰਤ ਪੰਚਮੀ ਦਿੱਤਾ ਹੈ ਪਰ ਡਾ. ਕਿਰਪਾਲ ਸਿੰਘ ਨੇ 1637 ਈ. ਮੰਨਿਆ ਹੈ। ਵੇਖੋ ਡਾ. ਕਿਰਪਾਲ ਸਿੰਘ, ਮਨੋਹਰ ਦਾਸ ਮਿਹਰਵਾਨੁ, ਪਹਿਲੀ ਛਾਪ, ਪੰਨੇ 16-17.

ਗਿਆ। ਇਹੋ ਮਨੋਹਰ ਦਾਸ ਸੋਢੀ ਮਿਹਰਬਾਨ ਕਰਕੇ ਪ੍ਰਸਿਧ ਹੈ। ਗੁਰੂ ਅਰਜਨ ਜੀ ਨੂੰ ਗੁਰਗੱਦੀ 1638 ਬਿ: ਵਿਚ ਮਿਲੀ। ਉਨ੍ਹਾਂ ਦੇ ਘਰ ਕੋਈ ਬਾਲ ਨਹੀਂ ਸੀ। ਗੁਰੂ ਅਰਜਨ ਆਪਣੇ ਭਤੀਜੇ ਮਨੋਹਰ ਦਾਸ ਮਿਹਰਬਾਨ ਨੂੰ ਬਹੁਤ ਪਿਆਰ ਕਰਦੇ ਸਨ। ਬਾਬਾ ਪ੍ਰਿਥੀ ਚੰਦ ਇਕ ਪਾਸੇ ਤਾਂ ਗੁਰਗੱਦੀ ਨਾ ਮਿਲਣ ਕਰਕੇ ਦੁਖੀ ਸੀ ਅਤੇ ਸਰਕਾਰੇ ਦਰਬਾਰੇ ਪਹੁੰਚ ਕਰਕੇ ਗੁਰੂ ਅਰਜਨ ਜੀ ਵਿਰੁਧ ਗੋਂਦਾਂ ਗੁੰਦਣ ਲਗ ਪਿਆ, ਪਰ ਨਾਲ ਹੀ ਉਸ ਨੂੰ ਇਤਨੀ ਤਸੱਲੀ ਜ਼ਰੂਰ ਸੀ ਕਿ ਗੁਰੂ ਅਰਜਨ ਦੇ ਘਰ ਕੋਈ ਬਾਲ ਨਹੀਂ ਜਿਸ ਕਰਕੇ ਗੁਰਗੱਦੀ ਉਸ ਦੇ ਪੁੱਤਰ ਮਿਹਰਬਾਨ, ਜਿਸ ਨੂੰ ਗੁਰੂ ਅਰਜਨ ਦੇਵ ਜੀ ਪੁੱਤਰ ਵਾਂਗ ਪਿਆਰ ਕਰਦੇ ਸਨ, ਨੂੰ ਮਿਲੇਗੀ।

ਸੋਢੀ ਮਿਹਰਬਾਨ ਆਪਣੇ ਬਚਪਨ ਵਿਚ ਅਕਸਰ ਗੁਰੂ ਅਰਜਨ ਦੇਵ ਜੀ ਕੋਲ ਰਹਿੰਦਾ ਸੀ। ਇਸੇ ਕਰਕੇ ਕੁਦਰਤੀ ਤੌਰ ਉਤੇ ਗੁਰੂ ਅਰਜਨ ਦੇਵ ਜੀ ਦੀ ਮਨੋਹਰ ਸ਼ਖ਼ਸੀਅਤ ਦਾ ਪ੍ਰਭਾਵ ਉਸ ਉਤੇ ਪਿਆ। ਉਹ ਬਚਪਨ ਵਿਚ ਹੀ ਸਾਧੂ ਸੰਤਾਂ ਦੀ ਸੰਗਤ ਕਰਨ ਲਗ ਪਿਆ। ਉਸ ਵਿਚ ਵਿਦਿਆ ਪ੍ਰਾਪਤ ਕਰਨ ਅਤੇ ਸਾਹਿਤ ਰਚਨਾ ਦਾ ਸ਼ੌਕ ਵੀ, ਕਿਸੇ ਹਦ ਤਕ, ਗੁਰੂ ਅਰਜਨ ਦੇਵ ਜੀ ਦੀ ਸ਼ਖ਼ਸੀਅਤ ਦੇ ਪ੍ਰਭਾਵ ਦਾ ਸਿੱਟਾ ਹੀ ਸੀ। ਉਸ ਦੀ ਵਿਦਿਆ ਵਲ ਉਸ ਦੇ ਪਿਤਾ ਨੇ ਵੀ ਵਿਸ਼ੇਸ਼ ਧਿਆਨ ਦਿੱਤਾ ਕਿਉਂਕਿ ਉਸ ਦੀ ਨਜ਼ਰ ਵਿਚ ਇਹ ਗੁਰੂ ਅਰਜਨ ਜੀ ਤੋਂ ਬਾਅਦ ਪ੍ਰਮਾਣਕ ਗੁਰਗੱਦੀ ਨੂੰ ਸੰਭਾਲਣ ਵਾਲਾ ਵਿਅਕਤੀ ਬਣਨਾ ਸੀ, ਜੋ ਉਹ ਗੁਰੂ ਹਰਿਗੋਬਿੰਦ ਜੀ ਦੇ ਜਨਮ ਕਾਰਣ ਨਾ ਬਣ ਸਕਿਆ। ਸੋਢੀ ਮਿਹਰਬਾਨ ਦੀ ਰਚਨਾ ਨੂੰ ਗੁਰੂ ਅਰਜਨ ਦੇਵ ਜੀ ਦੀ ਰਚਨਾ ਦੇ ਸਾਮ੍ਹਣੇ ਰਖ ਕੇ ਪੜ੍ਹਦਿਆਂ ਗੁਰੂ ਜੀ ਦੀ ਰਚਨਾ ਦਾ ਪ੍ਰਭਾਵ ਅਵੱਸ਼ ਵੇਖਿਆ ਜਾ ਸਕਦਾ ਹੈ। ਦੋਹਾਂ ਦੀ ਅਤਿ ਨੇੜਤਾ ਦਾ ਕਈ ਡਾਕਸੀ ਰਚਨਾਵਾਂ ਵਿਚ ਜ਼ਿਕਰ ਵੀ ਮਿਲਦਾ ਹੈ।[1]

ਗੁਰੂ ਅਰਜਨ ਜੀ ਦੇ ਘਰ ਸੰਮਤ 1652 ਬਿ: ਨੂੰ ਇਕ ਬਾਲਕ ਦਾ ਜਨਮ ਹੋਇਆ ਜਿਸ ਦਾ ਨਾਂ ਹਰਿਗੋਬਿੰਦ ਰਖਿਆ ਗਿਆ। ਹੁਣ ਗੁਰਗੱਦੀ ਮਿਹਰਬਾਨ ਨੂੰ ਮਿਲਣ ਦੀ ਸੋਢੀ ਪ੍ਰਿਥੀ ਚੰਦ ਦੀ ਆਸ ਉਤੇ ਪਾਣੀ ਫਿਰ ਗਿਆ। ਉਸ ਨੇ ਗੁਰੂ ਅਰਜਨ ਦਾ ਇੰਨਾ ਤੀਖਣ ਵਿਰੋਧ ਕਰਨਾ

---

1. ਡਾ. ਕਿਰਪਾਲ ਸਿੰਘ, "ਜੀਵਨ ਮਿਹਰਬਾਨ ਜੀ", <u>ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ</u>, ਲਿਖਤ ਸ੍ਰੀ ਮਿਹਰਬਾਨ ਜੀ ਸੋਢੀ, 1962, ਪੰਨੇ 2-5.

ਸ਼ੁਰੂ ਕਰ ਦਿੱਤਾ ਕਿ ਬਾਲਕ ਹਰਿਗੋਬਿੰਦ ਨੂੰ ਮਰਵਾਉਣ ਦੇ ਯਤਨ ਵੀ ਕੀਤੇ। ਭਾਵੇਂ ਸਿੱਖ ਇਤਿਹਾਸ ਵਿਚ ਇਨ੍ਹਾਂ ਯਤਨਾਂ ਨੂੰ ਵਧਾ ਚੜ੍ਹਾ ਕੇ ਦੱਸਣ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ, ਪਰ ਫਿਰ ਵੀ ਇਕ ਕਥਾ ਨਿਸ਼ਚੇ ਹੀ ਸੱਚ ਹੈ ਕਿਉਂਕਿ ਇਸ ਦਾ ਸੰਕੇਤ ਗੁਰੂ ਅਰਜਨ ਦੇਵ ਜੀ ਦੀ ਆਪਣੀ ਬਾਣੀ ਵਿਚ ਮਿਲਦਾ ਹੈ। ਇਹ ਕਥਾ ਬ੍ਰਾਹਮਣ ਖਿਡਾਵੇ ਰਾਹੀਂ ਜ਼ਹਿਰ ਦੇਣ ਦੇ ਯਤਨ ਦੀ ਹੈ ਜੋ ਆਪ ਹੀ ਸੂਲ ਪੈ ਜਾਣ ਕਾਰਣ ਮਰ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ:-

"ਲੇਪੁ ਨ ਲਾਗੋ ਤਿਲ ਕਾ ਮੂਲਿ ॥
ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ॥
ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥
ਪਾਪੀ ਮੂਆ ਗੁਰ ਪਰਤਾਪਿ ॥"[1]

ਪ੍ਰਿਥੀ ਚੰਦ ਨੇ ਆਪਣਾ ਵਖਰਾ ਦਰਬਾਰ ਕਾਇਮ ਕਰ ਲਿਆ। ਢਾਡੀ ਰਬਾਬੀ ਰਖ ਲਏ। ਆਪਣੇ ਆਪ ਨੂੰ ਛੇਵਾਂ ਗੁਰੂ ਅਖਵਾਉਣ ਲੱਗਾ।[2] ਪਰ ਬਾਬਾ ਪ੍ਰਿਥੀ ਚੰਦ ਵਿਚ ਬਾਣੀ ਜਾਂ ਬਾਣੀ ਦੇ ਪਰਮਾਰਥ ਰਚਣ ਦੀ ਸ਼ਕਤੀ ਨਹੀਂ ਸੀ। ਉਸ ਦੇ ਪੁੱਤਰ ਸੋਢੀ ਮਿਹਰਬਾਨ, ਜੋ ਸਤਵੇਂ ਗੁਰੂ ਦੇ ਰੂਪ ਵਿਚ ਇਸ ਗੱਦੀ ਤੇ ਬੈਠਾ, ਨੇ ਬਾਣੀ ਵੀ ਰਚੀ ਤੇ ਗੁਰਬਾਣੀ ਦੇ ਪਰਮਾਰਥ ਵੀ।

ਸੋਢੀ ਮਿਹਰਬਾਨ ਦਾ ਗੁਰੂ ਅਰਜਨ ਜੀ ਦੀ ਪਿਆਰ-ਛਾਇਆ ਹੇਠ ਬਚਪਨ ਗੁਜ਼ਾਰਨਾ, ਸਾਧੂ ਸੰਤਾਂ ਦੀ ਸੰਗਤ ਦੀ ਚੇਟਕ, ਅਤੇ ਗੁਰੂ ਅਰਜਨ ਜੀ ਦੀ ਗੱਦੀ ਦਾ ਉਤਰਾਧਿਕਾਰੀ ਬਣਾਉਣ ਦੀ ਅਭਿਲਾਸ਼ਾ ਵਿਚ ਪ੍ਰਿਥੀ ਚੰਦ ਦਾ ਮਿਹਰਬਾਨ ਨੂੰ ਚੰਗੀ ਵਿਦਿਆ ਦੇਣਾ ਕੁਝ ਅਜੇਹੇ ਕਾਰਨ ਸਨ

---

1 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 427.

2 ਸੋਢੀ ਹਰਿ ਜੀ ਰਚਿਤ 'ਗੋਸਟਿ ਗੁਰੂ ਮਿਹਰਿਵਾਨੁ' ਦੀ ਪਹਿਲੀ ਗੋਸ਼ਟ ਇਉਂ ਸ਼ੁਰੂ ਹੁੰਦੀ ਹੈ:- "ਬੋਲਹੁ ਭਾਈ ਵਾਹੁ ਗੁਰੂ ਨਾਨਕ । ਸਤਿਗੁਰੂ ਅੰਗਦ। ਸਤਿਗੁਰੂ ਅਮਰਦਾਸ। ਸਤਿਗੁਰੂ ਰਾਮ ਦਾਸ। ਸਤਿਗੁਰੂ ਅਰਜਨ। ਸਤਿਗੁਰੂ ਸਾਹਬੁ। ਸਤਿਗੁਰੂ ਮਿਹਰਿਵਾਨੁ ਜੀ।"
—ਡਾ. ਗੋਵਿੰਦ ਨਾਥ ਰਾਜਗੁਰੂ (ਸੰਪਾਦਕ), ਗੋਸਟਿ ਗੁਰੂ ਮਿਹਰਿਵਾਨੁ, ਪ੍ਰਥਮ ਸੰਸਕਰਣ, ਪੰਨਾ 169. ਇਸ ਸੰਪ੍ਰਦਾਇ ਵਿਚ ਸਤਿਗੁਰੂ ਸਾਹਬ ਬਾਬਾ ਪ੍ਰਿਥੀ ਚੰਦ ਨੂੰ ਆਖਦੇ ਸਨ।

ਜਿਨ੍ਹਾਂ ਨੇ ਸੋਢੀ ਮਿਹਰਬਾਨ ਦੀ ਗੁਰਬਾਣੀ ਬਾਰੇ ਸੂਝ ਨੂੰ ਬੜਾ ਤੀਖਣ ਬਣਾ ਦਿੱਤਾ ਸੀ। ਸੋਢੀ ਮਿਹਰਬਾਨ ਦੇ ਪੁੱਤਰ ਸੋਢੀ ਹਰਿ ਜੀ ਨੇ ਆਪਣੀਆਂ ਗੋਸ਼ਟਾਂ ਵਿਚ ਆਪਣੇ ਪਿਤਾ ਦਾ ਚਿੱਤਰ ਇਕ ਸੰਤ ਪੁਰਖ ਵਾਲਾ ਖਿਚਿਆ ਹੈ ਅਤੇ ਉਸ ਨੂੰ ਸੁਕਦੇਵ ਰਿਸ਼ੀ ਦਾ ਅਵਤਾਰ ਦਸਿਆ ਹੈ[1] ਜੋ ਗੁਰਬਾਣੀ ਦੇ ਅਰਥ ਸਪਸ਼ਟ ਕਰਨ ਹਿਤ ਇਸ ਸੰਸਾਰ ਵਿਚ ਆਇਆ ਸੀ।[2] ਮਿਹਰਬਾਨ ਜੀ ਦਿਨ ਰਾਤ ਵਿਚ 21 ਵਾਰ ਜਪੁਜੀ ਦਾ ਪਾਠ ਕਰਦੇ ਸਨ।[3] ਇਸ ਦੇ ਉਲਟ ਭਾਈ ਸੰਤੋਖ ਸਿੰਘ ਨੇ ਮਿਹਰਬਾਨ ਨੂੰ ਗੁਰੂ ਘਰ ਦਾ ਦੋਖੀ ਅਤੇ ਹੰਕਾਰੀ ਦਸਿਆ ਹੈ।[4] ਜਿਵੇਂ ਕਿਵੇਂ ਵੀ ਹੋਵੇ, ਮੀਣਾ ਗੱਦੀ ਉਤੇ ਸਜੇ ਗੁਰੂ ਦੇ ਰੂਪ ਵਿਚ ਬਿਰਾਜਮਾਨ ਹੋ ਕੇ ਉਹ ਗੁਰੂ ਘਰ ਦਾ ਵਿਰੋਧੀ ਹੋ ਨਿਬੜਿਆ।

ਇਉਂ ਸਥਿਤੀ ਮੁੜ ਕੇ ਬਾਬਾ ਸ੍ਰੀ ਚੰਦ ਜੀ ਵਾਲੀ ਹੀ ਆਣ ਬਣਦੀ ਹੈ—ਉਹੀ ਗੁਰ-ਗੱਦੀ ਦਾ ਝਗੜਾ, ਉਵੇਂ ਹੀ ਸਮਾਨਾਂਤਰ ਗੱਦੀ ਚਾਲੂ ਕਰਨਾ, ਅਤੇ ਸੰਗਤਾਂ ਨੂੰ ਆਕਰਸ਼ਿਤ ਕਰਨ ਦਾ ਮਾਧਿਅਮ ਗੁਰੂ ਨਾਨਕ ਬਾਣੀ ਨੂੰ ਬਣਾਉਣਾ। ਇਸ ਸੰਪ੍ਰਦਾਇ ਦੇ ਵਿਚਾਰ ਅਧੀਨ ਪਰਮਾਰਥ, ਜੋ ਪੋਥੀ ਸਚ ਖੰਡ, ਪੋਥੀ ਹਰਜੀ ਅਤੇ ਪੋਥੀ ਚਤੁਰਭੁਜ ਵਿਚ ਹੁਣ ਪ੍ਰਕਾਸ਼ਿਤ ਰੂਪ ਵਿਚ ਉਪਲਬਧ ਹਨ, ਸੰਗਤ ਸਾਹਮਣੇ ਕੀਤੇ ਜਾਂਦੇ ਰਹੇ ਅਰਥ ਹਨ, ਜਿਸ ਦਾ ਸਬੂਤ ਹਰ ਸਾਖੀ ਦੇ ਪਿਛੇ "ਬੋਲੋ ਜੀ ਵਾਹਿਗੁਰੂ" ਆਦਿ ਵਚਨ ਹਨ। ਅਜਿਹੀਆਂ ਸਮਾਨਾਂਤਰ ਪਰਿਸਥਿਤੀਆਂ ਵਿਚ ਮਿਹਰਬਾਨ ਸੰਪ੍ਰਦਾਇ

---

1 "ਤਬ ਏ ਜੀ ਜਾਨ ਕੇ ਅਪਨਾ ਜੋ ਨਿਜ ਭਗਤੁ ਹੈ ਸੁਕਦੇਉ ਤਿਸ ਕਉ ਆਪਨੀ ਥਾਪਨਾ ਦੇ ਕਰਿ ਅਰੁ ਨਾਮੁ, ਦਾਨੁ, ਇਸਨਾਨ, ਸੀਲੁ, ਸੰਜਮ, ਦੈਆ ਭਾਉ, ਭਗਤ, ਗਰੀਬੀ, ਨਿਰਮੋਹੁ, ਅਰੁ ਉਦਮ, ਜਾਗਣੁ, ਸਚੁ, ਸੁਚੁ ਦੇ ਕਰਿ ਸੰਸਾਰ ਕੇ ਵਿਖੇ ਭੇਜਿਆ।"
—ਡਾ. ਗੋਬਿੰਦ ਨਾਥ ਰਾਜਗੁਰੂ (ਸੰਪਾ:), ਗੋਸਟਿ ਗੁਰੂ ਮਿਹਰਵਾਨੁ, ਪ੍ਰਥਮ ਸੰਸਕਰਣ, ਪੰਨਾ 172.

2 ਸੋਢੀ ਹਰਿ ਜੀ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵਚਨ ਹਨ:-
"ਅਰੁ ਮੁਝਤੇ ਪੀਛੇ ਜਿ ਸਤਵੀਂ ਪੀੜ੍ਹੀ ਗੁਰੂ ਹੋਇਗਾ ਉਸ ਕਉ ਪਰਮੇਸ਼ਰ ਕੀ ਆਗਿਆ ਹੈ ਕਿ ਮੇਰੀ ਬਾਣੀ ਕਾ ਅਰਥ ਪ੍ਰਗਟ ਕਰੇਗਾ। ਅਰ ਸਮਸਤਾਂ ਭਗਤਾਂ ਕੀ ਬਾਣੀ ਕਾ ਅਰਥ ਪ੍ਰਗਟ ਕਰੇਗਾ।" — ਉਹੀ, ਪੰਨਾ 170.

3 "ਅਰੁ ਚਾਰਿ ਪਹਰਿ ਦਿਨੁ ਅਰੁ ਰਾਤਿ ਕੈ ਵਿਚਿ॥21॥ ਇਕੀਸ ਬਾਰ ਜਪੁ ਪੜੀਤਾ।"
— ਉਹੀ, ਪੰਨਾ 179.

4 "ਪੀਛੇ ਮਿਹਰਵਾਨ ਵਡ ਭੂਲਾ
ਗਰਬ ਹਿੰਡੋਰੇ ਚੜਿ ਜਨੁ ਝੂਲਾ।"
— ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 5, ਅੰਸੂ 14.

ਦਾ ਵੀ ਪੂਰਣ ਤੌਰ ਤੇ ਹਿੰਦੂ ਧਰਮ ਦੀ ਵਿਚਾਰਧਾਰਾ ਵਲ ਝੁਕ ਜਾਣਾ ਬਿਲਕੁਲ ਸੰਭਵ ਸੀ ਪਰ ਅਜਿਹਾ ਵਿਚਲਨ ਮਿਹਰਬਾਨ ਸੰਪ੍ਰਦਾਇ ਦੇ ਗੁਰਬਾਣੀ ਪਰਮਾਰਥਾਂ ਵਿਚ ਬਿਲਕੁਲ ਨਹੀਂ ਮਿਲਦਾ। ਪ੍ਰਤਿਕੂਲ ਸਮਕਾਲੀਨ ਇਤਿਹਾਸਕ ਪਰਿਸਥਿਤੀਆਂ ਦੇ ਬਾਵਜੂਦ ਆਪਣੇ ਗੁਰਬਾਣੀ ਪਰਮਾਰਥਾਂ ਨੂੰ ਅਨਮਤ ਜਾਂ ਮਨਮਤ ਤੋਂ ਨਿਰਲੇਪ ਰਖ ਸਕਣਾ ਹੀ ਇਸ ਸੰਪ੍ਰਦਾਇ ਦੀ ਟੀਕਾਕਾਰੀ ਦਾ ਸਭ ਤੋਂ ਵੱਡਾ ਕਮਾਲ ਹੈ। ਇਨ੍ਹਾਂ ਪਰਮਾਰਥਾਂ ਬਾਰੇ ਡਾ. ਤਾਰਨ ਸਿੰਘ ਦਾ ਵਿਚਾਰ ਹੈ ਕਿ "ਪੋਥੀ ਸਚਖੰਡ" ਵਿਚ ਗੁਰਮਤ ਵਿਰੋਧੀ ਭਾਵ ਜਾਂ ਭਾਵਨਾ ਲਭਣਾ ਆਪਣੇ ਹਿਰਦੇ ਕਪਾਟ ਦਾ ਪ੍ਰਤਿਬਿੰਬ ਤੇ ਭਾਵੇਂ ਹੋ ਸਕਦਾ ਹੈ, ਪਰ ਸਤਿ ਨਹੀਂ ਹੋ ਸਕਦਾ।"[1]

ਆਪਣੀ ਧਾਰਣਾ ਦੀ ਪੁਸ਼ਟੀ ਵਜੋਂ ਇਥੇ ਅਸੀਂ ਦੋ ਥਾਵਾਂ ਤੋਂ ਪਰਮਾਰਥ ਦਿਆਂਗੇ ਜਿਥੇ ਵਿਚਲਨ ਦੀ ਸੰਭਾਵਨਾ ਹੋ ਸਕਦੀ ਸੀ ਪਰ ਸੋਢੀ ਮਿਹਰਬਾਨ ਨੇ ਅਰਥ ਉਵੇਂ ਹੀ ਕੀਤੇ ਹਨ ਜਿਵੇਂ ਗੁਰਬਾਣੀ ਨੇ ਉਨ੍ਹਾਂ ਨੂੰ ਰਸਤਾ ਦਿੱਤਾ ਹੈ। ਇਕ ਤੀਰਥਾਂ ਸੰਬੰਧੀ ਹੈ ਅਤੇ ਦੂਜਾ ਅਕਾਲ ਤੋਂ ਬਿਨਾਂ ਹੋਰ ਕਿਸੇ ਦੀ ਪੂਜਾ ਨਾ ਕਰਨ ਸੰਬੰਧੀ ।

(1) "ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ॥
ਏਕੁ ਸਬਦੁ ਮੇਰੈ ਪ੍ਰਾਨ ਬਸਤ ਹੈ ਬਾਹੁੜਿ ਜਨਮਿ ਨ ਆਵਾ॥

ਤਿਸ ਕਾ ਪਰਮਾਰਥੁ:-

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਮਾਤਾ ਜੀ ! ਏਕੁ ਬਿਧਿ ਪਨੈ ਪਵੈ ਜਿ ਏਹੁ ਜਿ ਤਨੁ ਦੇਹੀ ਏਹੁ ਮੰਦਰ ਕਰੈ। ਏਸੁ ਤਨ ਮੰਦਰ ਹੀ ਮਹਿ ਮਨ ਕਲੰਦਰ ਕੈ ਰੂਪ ਹੋਇ। ਮਨ ਮਾਇਆ ਸੰਗਿ ਨਾ ਲਪਟਾਵੈ। ਬੁਰੇ ਕਰਮ ਕੈ ਨਿਕਟਿ ਨ ਆਵੈ। ~~ਮਨ ਮਾਇਆ~~ ਸੋ ਧਰਮੁ ਦਿੜੈ। ਮਾਇਆ ਸੰਗਿ ਉਦਾਸੁ ਰਹੈ। ਪਰਮੇਸੁਰ ਕਾ ਸਿਮਰਨੁ ਕਰੈ ਤਬ ਏਸ ਕੈ ਘਟ ਮਹਿ ਅਠਿ ਸਠਿ ਤੀਰਥੀ ਕਾ ਇਸਨਾਨੁ ਹੋਇ। ਪਰਮੇਸੁਰ ਕੇ ਸਿਮਰਨਿ ਮਹਿ ਰਹੈ ਤਬ ਜਾਇ, ਜਨਮਿ ਨ ਆਵਈ।"[2]

---

1 ਡਾ. ਤਾਰਨ ਸਿੰਘ, "ਮਿਹਰਬਾਨ ਜੀ ਸੰਤ-ਕਵੀ ਦੇ ਰੂਪ ਵਿਚ", ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਸੋਢੀ ਮਿਹਰਬਾਨ ਵਾਲੀ ਜਨਮਸਾਖੀ), 1962, ਅਰੰਭਕਾ, ਪੰਨਾ 62.

2 ਉਹੀ, ਪੰਨਾ 61.

(11) ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ, ਮੜੈ ਮਸਾਣਿ ਨ ਜਾਈ॥
ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ, ਤ੍ਰਿਸਨਾ ਨਾਮਿ ਬੁਝਾਈ ॥
ਘਰ ਭੀਤਰਿ ਘਰੁ ਗੁਰੂ ਦਿਖਾਇਆ, ਸਹਜਿ ਰਤੇ ਮਨ ਭਾਈ ॥
ਤੂ ਆਪੇ ਦਾਨਾ ਆਪੇ ਬੀਨਾ, ਜੋ ਦੇਵਹਿ ਮਤਿ ਸਾਈ॥

\- - - - -

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, "ਸੁਣਿਹੋ ਰਾਮ ਕੇ ਲੋਕਹੁ ! ਏਹ ਜਿ ਪੜਣਾ ਤੁਮਿ ਪੜਤੇ ਹਹੁ ਸੋ ਸਭ ਦੁਬਿਧਾ ਹੈ। ਜਿ ਏਹੁ ਕਿਉ ਕੀਜੀਐ; ਏਹੁ ਕਿਉ ਕੀਜੀਐ, ਸੁ ਏਹੁ ਕਿਉ ਜਾਈਐ, ਕਿਉ ਕਮਾਈਐ; ਇਸੁ ਭਾਂਤਿ ਕਰੀਐ, ਸੁ ਏਹੁ ਬਾਤ ਸਭੁ ਦੁਬਿਧਾ ਹੈ। ਸੁ ਮੈ ਏਹੁ ਦੁਬਿਧਾ ਨਾਹੀ ਪੜਤਾ ਅਰੁ ਤੁਮ ਜੋ ਕਿਛੁ ਏਹੁ ਸਾਲਗਿਰਾਮ ਪੂਜਤੇ ਹੋ ਅਰੁ ਅਵਰੁ ਦੇਵਤਾ ਕੀ ਪੂਜਾ ਕਰਤੇ ਹੋ ਸੁ ਏਹੁ ਪੂਜਾ ਮੇਰੇ ਮਨ ਮਹਿ ਨਾਹੀ ਆਵਤੀ। ਬਿਨਾ ਸ੍ਰੀ ਠਾਕੁਰ ਜੀ ਅਵਰੁ ਕੀ ਪੂਜਾ ਮੈ ਨਾਹੀ ਕਰਤਾ। ਅਰੁ ਤਪਸਿਆ ਜਿਹ ਜਾਇ ਮਸਾਣਿ-ਭੂਮੀ ਬੈਠਤੇ ਹੋ ਅਰ ਉਦਿਆਨ ਤੀਰਥੀ ਜਾਇ ਬੈਠਤੇ ਹੋ ਸਿ ਮੈ ਤਪਸਿਆ ਭੀ ਨਾਹੀ ਕਰਤਾ, ਅਰੁ ਜਿ ਮਾਇਆ ਕੀ ਤ੍ਰਿਸਨਾ ਕੇ ਲੀਏ ਜਾਇ ਚਾਕਰੀ ਬਿਰਾਨੀ ਕਰਤੇ ਹੈ ਸਿ ਮੇਰੀ ਤ੍ਰਿਸਨਾ ਪਰਮੇਸੁਰ ਕੇ ਨਾਮ ਕਰਿ ਕਰਿ ਬੁਝਿ ਗਈ ਹੈ। ਕਿਸ ਕੇ ਪਰਸਾਦਿ ਮੇਰੀ ਤ੍ਰਿਸਨਾ ਬੁਝੀ ਹੈ ਅਰ ਕਿਉ ਕਰਿ ਬੁਝੀ ਹੈ ? ਦੇਹੀ ਜਿ ਘਰੁ ਹੈ ਤਿਸ ਮਾਹਿ ਏਕੁ ਬਿਦੇਹੀ ਘਰੁ ਹੈ। ਜਉ ਲਉ ਇਸ ਕਉ ਦੇਹੀ ਘਰ ਕੀ ਖਬਰਿ ਹੋਤੀ ਹੈ ਤਬ ਲਉ ਇਸ ਕਉ ਮਾਇਆ ਕੀ ਤ੍ਰਿਸਨਾ ਹੋਤੀ ਹੈ। ਜਬ ਇਸੁ ਘਰ ਮਹਿ ਘਰੁ ਗੁਰੂ ਪੂਰੇ ਦਿਖਾਇਆ ਤਬ ਏਹੁ ਬਿਦੇਹੀ ਹੂਆ। ਜਬ ਏਹੁ ਬਿਦੇਹੀ ਹੂਆ ਤਬ ਇਸ ਕਉ ਮਾਇਆ ਕੀ ਤ੍ਰਿਸਨਾ ਬੁਝ ਗਈ, ਸਹਜਿ ਸਾਥਿ ਆਤਮਾ ਰਜਿਆ। ਅਪਣੁ ਏਹੁ ਭੀ ਬਾਤ ਨਾਹੀ ਕਹੀ ਜਾਤੀ, ਠਾਕੁਰੁ ਬੇ ਪਰਵਾਹੁ ਹੈ, ਆਪਣੀ ਮਤਿ ਕਰਿ ਕਰਿ ਨਾਹੀ ਪਾਇਆ ਜਾਤਾ। ਜਿ ਕੋਈ ਕਹੈ ਜਿ 'ਨਾ, ਮੈ ਅਹਿ ਮਤਿ ਚੰਗੀ ਪਾਈ ਹੈ। ਏਹੁ ਮਤਿ ਕਰਿ ਕਰਿ ਪਾਈਗਾ ਨਾ'। ਜੇ ਉਸੁ ਨਾ ਭਾਵੀ ਤਾ ਮਤਿ ਹੀ ਤੇ ਕੁਮਤਿ ਕਰੈ। ਨਾ, ਜੀ ਮਤਿ ਭੀ ਸਾਈ ਜੁ ਸ੍ਰੀ ਠਾਕੁਰ ਜੀ ਭਾਵੈ। ਆਪੇ ਦਾਨਾ ਹੈ, ਆਪੇ ਬੀਨਾ ਹੈ, ਹੋਰੁ ਜਿ ਕੋਈ ਕਹੈ ਜਿ ਮੈ ਸਿਆਣਾ ਹਉ ਸਿ ਏਹੁ ਬਾਤ ਠਾਕੁਰ ਕਉ ਨਾਹੀ ਭਾਵਤੀ। ਮਤਿ ਸਾਈ ਜਿਸ ਕਉ ਆਪਿ ਮਤਿ ਦੇ -ਸਾਈ ਮਤਿ।"[1]

---

1 ਸੋਢੀ ਮਿਹਰਬਾਨ, <u>ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ</u>, ਸੰਚੀ ਪਹਿਲੀ, 1962, ਪੰਨੇ 139-40.
ਇਸ ਉਦਾਹਰਣ ਤੋਂ ਸਪਸ਼ਟ ਹੈ ਕਿ ਅਵਤਾਰਵਾਦ ਵਿਚ ਇਨ੍ਹਾਂ ਨੇ ਵਿਸ਼ਵਾਸ ਪ੍ਰਗਟ ਨਹੀਂ ਕੀਤਾ, ਨਹੀਂ ਤਾਂ ਅਰਥਾਂ ਦੀ ਖਿਚੋਤਾਣ ਕੀਤੀ ਜਾਣੀ ਸੀ।

ਇਸ ਸੰਪ੍ਰਦਾਇ ਦੇ ਟੀਕਿਆਂ ਦੇ ਅਧਿਐਨ ਤੋਂ ਇਸ ਸੰਪ੍ਰਦਾਇ ਦੀ ਟੀਕਾਕਾਰੀ ਦੇ ਹੋਰ ਲੱਛਣ ਨਿਮਨ ਅਨੁਸਾਰ ਉਘੜਦੇ ਹਨ: -

1 ਸੋਢੀ ਮਿਹਰਬਾਨ ਨੇ ਗੁਰਬਾਣੀ ਦੇ ਅਰਥ ਆਪਣੇ ਬਚਪਨ ਵਿਚ ਗੁਰੂ ਅਰਜਨ ਦੇਵ ਜੀ ਤੋਂ ਸਮਝੇ ਹੋਣ ਦੀ ਸੰਭਾਵਨਾ ਕਰਕੇ ਅਤੇ ਇਹ ਗੁਰਬਾਣੀ ਦੇ ਪਹਿਲੇ ਲਿਖਤੀ ਪਰਮਾਰਥ ਹੋਣ ਕਰਕੇ ਇਨ੍ਹਾਂ ਦਾ ਬੜਾ ਇਤਿਹਾਸਕ ਮਹੱਤਵ ਹੈ।

2 ਇਸ ਸੰਪ੍ਰਦਾਇ ਦੇ ਟੀਕਿਆਂ ਵਿਚ ਕਰਤਾ ਦੀ ਗੁਰਬਾਣੀ ਉਤੇ ਚੰਗੀ ਪਕੜ ਦਿਸਦੀ ਹੈ। ਸ਼ਕਤੀਸ਼ਾਲੀ ਨਿਜੀ ਅਨੁਭਵ ਦੇ ਆਧਾਰ ਤੇ ਮੌਲਿਕ ਵਿਆਖਿਆ ਕੀਤੀ ਗਈ ਹੈ।

3 ਇਕ ਤੁਕ ਦੇ ਇਕੋ ਅਰਥ ਮੰਨੇ ਗਏ ਹਨ। ਡੂੰਘੇ ਭਾਵਾਂ ਨੂੰ ਸਰਲ ਭਾਸ਼ਾ ਵਿਚ ਸੰਖੇਪ ਕਰਕੇ ਬਿਆਨ ਕੀਤਾ ਗਿਆ ਹੈ।

4 ਜਿਥੇ ਕਿਤੇ ਅਧਿਆਤਮਕ ਤੱਥਾਂ ਨੂੰ ਉਘਾੜਨ ਦੀ ਲੋੜ ਸਮਝੀ ਗਈ ਹੈ ਉਥੇ ਪ੍ਰਮਾਣ ਅਤੇ ਦ੍ਰਿਸ਼ਟਾਂਤ ਦਿੱਤੇ ਗਏ ਹਨ।

5 ਉਥਾਨਕਾਵਾਂ ਰਾਹੀਂ ਚੰਗਾ ਵਾਤਾਵਰਣ ਬੰਨ੍ਹ ਕੇ ਪਰਮਾਰਥਾਂ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਇਆ ਗਿਆ ਹੈ।

- - - -

## ਟੀਕਾਕਾਰੀ ਦੇ ਮੈਦਾਨ ਵਿਚ ਉਤਰੀਆਂ ਹੋਰ ਸੰਪ੍ਰਦਾਵਾਂ

ਸਮਾਨਾਂਤਰ ਸੰਪ੍ਰਦਾਵਾਂ ਤੋਂ ਇਲਾਵਾ ਗੁਰੂ ਘਰ ਦੀ ਇੱਛਾ ਨਾਲ ਵੀ ਕੁਝ ਸਿੱਖ ਸੰਪ੍ਰਦਾਵਾਂ ਹੋਂਦ ਵਿਚ ਆਈਆਂ ਹਨ ਜਿਨ੍ਹਾਂ ਨੇ ਗੁਰਬਾਣੀ ਦੀ ਟੀਕਾਕਾਰੀ ਦੇ ਖੇਤਰ ਵਿਚ ਆਪਣਾ ਯੋਗਦਾਨ ਪਾਇਆ ਹੈ — ਇਹ ਸੰਪ੍ਰਦਾਵਾਂ ਹਨ (1) ਨਿਰਮਲਾ ਸੰਪ੍ਰਦਾਇ (II) ਗਿਆਨੀ ਸੰਪ੍ਰਦਾਇ, ਅਤੇ (III) ਸੇਵਾ ਪੰਥੀ ਸੰਪ੍ਰਦਾਇ।

## ਨਿਰਮਲ ਸੰਪ੍ਰਦਾਇ

ਨਿਰਮਲ ਸ਼ਬਦ ਦੇ ਅਰਥ ਹਨ 'ਮੈਲ ਰਹਿਤ' ਜਾਂ 'ਸ਼ੁੱਧ'।[1] ਇਹ ਸ਼ਬਦ ਫ਼ਾਰਸੀ ਦੇ 'ਖ਼ਾਲਸ' ਸ਼ਬਦ ਦਾ ਪਰਿਆਇਵਾਚੀ ਹੈ। ਭਾਰਤ ਦੇ ਧਾਰਮਿਕ ਚਿੰਤਨ ਵਿਚ ਮਨ ਅਤੇ ਆਤਮਾ ਦੀ ਸ਼ੁੱਧੀ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਇਉਂ ਇਹ ਸ਼ਬਦ ਭਾਰਤੀ ਸਾਧਨਾ ਪ੍ਰਣਾਲੀ ਨਾਲ ਪ੍ਰਾਚੀਨ ਕਾਲ ਤੋਂ ਜੁੜਿਆ ਹੋਇਆ ਹੈ।[2] ਆਦਿ ਗ੍ਰੰਥ ਸਾਹਿਬ ਵਿਚ ਵੀ 'ਨਿਰਮਲ', 'ਨਿਰਮਲੁ', 'ਨਿਰਮਲਾ' ਅਤੇ 'ਨਿਰਮਲ ਭੇਖ' ਆਦਿ ਸ਼ਬਦਾਂ ਦੀ ਵਰਤੋਂ ਹੋਈ ਮਿਲਦੀ ਹੈ। ਨਿਰਮਲਿਆਂ ਦਾ ਵਿਚਾਰ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਨਿਰਮਲਾ'[3] ਸ਼ਬਦ ਸੰਗਿਆ ਰੂਪ ਵਿਚ ਵਰਤਿਆ ਹੈ। ਉਨ੍ਹਾਂ ਦਾ ਇਹ ਵੀ ਵਿਚਾਰ ਹੈ ਕਿ ਜਿਹੜੇ ਨਾਨਕ-ਪੰਥੀ ਗ੍ਰਿਹਸਥੀ ਹੁੰਦੇ ਸਨ, ਉਹ ਸਿੱਖ ਅਖਵਾਉਂਦੇ ਸਨ ਅਤੇ ਅਜਿਹੇ ਜਿਹੜੇ ਬਿਹੰਗਮ ਹੁੰਦੇ ਸਨ, ਉਨ੍ਹਾਂ ਨੂੰ ਨਿਰਮਲੇ ਕਿਹਾ ਜਾਂਦਾ ਸੀ।[4] ਨਿਰਮਲੇ ਆਪਣੇ ਪੰਥ ਦਾ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮੰਨਦੇ ਹਨ। ਆਪਣੇ ਵਿਚਾਰ ਦੀ ਪੁਸ਼ਟੀ ਲਈ ਉਹ ਭਾਈ ਗੁਰਦਾਸ ਦੀ ਤੁਕ "ਮਾਰਿਆ ਸਿਕਾ ਜਗਤ ਵਿਚ, ਨਾਨਕ ਨਿਰਮਲ ਪੰਥ ਚਲਾਯਾ"[5] ਵੀ ਪੇਸ਼ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਵੇਂ ਗੁਰੂ ਜੀ ਦੇ ਸਮੇਂ ਤਕ ਨਿਰਮਲ ਪੰਥ ਕਾਫ਼ੀ ਵਿਕਸਿਤ ਹੋ ਚੁਕਿਆ ਸੀ।[6] ਇਸ ਵਿਚਾਰ ਦੀ ਪੁਸ਼ਟੀ ਲਈ ਉਹ ਪੰਜਵੇਂ ਗੁਰੂ ਜੀ ਦੀ ਇਹ ਤੁਕ ਪੇਸ਼ ਕਰਦੇ ਹਨ:

"ਨਿਰਮਲ ਭੇਖ ਅਪਾਰ ਤਾਸ ਬਿਨ ਅਵਰ ਨ ਕੋਈ"[7]

---

1 ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਤੀਜਾ ਸੰਸਕਰਣ, ਪੰਨਾ 712.

2 Monier- Monier Williams, A Sanskrit English Dictionary, 1984, p.541; R.L. Turner, A Comparative Dictionary of the Indo-Aryan Languages, 1966, p.417; ਮਨੂ ਸਮ੍ਰਿਤੀ 8.318.

3 "ਅਹਿਨਿਸ ਨਵਤਨ ਨਿਰਮਲਾ ਮੈਲਾ ਕਬਹੂ ਨ ਹੋਇ"
— ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 790.

4 ਉਨ੍ਹਾਂ ਵਿਚ ਇਹ ਪ੍ਰਚਲਿਤ ਮਨੌਤ ਹੈ। ਨਿਰਮਲ ਪੰਥ ਦੇ ਵਿਦਵਾਨ ਪੰਡਿਤ ਹਕੀਕਤ ਸਿੰਘ ਜੀ ਨੇ ਇਸ ਸ਼ੋਧ-ਪ੍ਰਬੰਧ ਦੇ ਲੇਖਕ ਨੂੰ ਅਪ੍ਰੈਲ 1978 ਦੇ ਮਹੀਨੇ ਨਿਰਮਲ ਆਸ਼੍ਰਮ, ਰਿਸ਼ੀਕੇਸ਼ (ਯੂ.ਪੀ.) ਵਿਚ ਬੈਠਿਆਂ ਇਹ ਦੱਸਿਆ ਸੀ ਅਤੇ ਉਨ੍ਹਾਂ ਕੋਲ ਬੈਠੇ ਹੋਰ ਲਗਭਗ ਇਕ ਦਰਜਨ ਸਾਧੂਆਂ ਨੇ ਸੰਮਤੀ ਪ੍ਰਗਟ ਕੀਤੀ ਸੀ।

5 ਵਾਰ 1, ਪਉੜੀ 45.

6 ਮਹੰਤ ਗਣੇਸ਼ਾ ਸਿੰਘ, ਨਿਰਮਲ ਭੂਸ਼ਣ ਅਰਥਾਤ ਇਤਿਹਾਸ ਨਿਰਮਲ ਭੇਖ, ਪਹਿਲੀ ਛਾਪ, ਸੰਮਤ 1994, ਪੰਨਾ 19.

7 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1409.

ਨਿਰਮਲੇ ਅਤੇ ਗੈਰ ਨਿਰਮਲੇ ਵਿਦਵਾਨਾਂ ਦੀ ਇਸ ਗੱਲ ਤੇ ਸੰਮਤੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੱਖਾਂ ਨੂੰ ਸੰਸਕ੍ਰਿਤ ਵਿਦਿਆ ਪ੍ਰਾਪਤ ਕਰਨ ਲਈ ਸਾਧੂ ਭੇਸ ਵਿਚ ਕਾਂਸ਼ੀ ਭੇਜਿਆ। ਗੈਰ-ਨਿਰਮਲੇ ਵਿਦਵਾਨ ਆਮ ਤੌਰ ਤੇ ਨਿਰਮਲ ਪੰਥ ਦਾ ਆਰੰਭ ਇਸੇ ਘਟਨਾ ਤੋਂ ਮੰਨਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਜਦੋਂ ਇਹ ਪੰਜ ਸਿੰਘ ਵਾਪਸ ਮੁੜੇ ਤਾਂ ਨਿਰਮਲੇ ਅਖਵਾਏ।[1] ਭਾਈ ਕਾਨ੍ਹ ਸਿੰਘ ਅਨੁਸਾਰ ਇਨ੍ਹਾਂ ਪੰਜ ਸਿੰਘਾਂ ਦੇ ਨਾਂ ਇਹ ਸਨ — ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ, ਸੋਭਾ ਸਿੰਘ।[2]

ਉਦਾਸੀ ਅਤੇ ਮੀਣੇ ਪ੍ਰਮਾਣਕ ਗੁਰੂ ਪਰੰਪਰਾ ਤੋਂ ਸੁਤੰਤਰ ਹੋ ਗਏ। ਉਨ੍ਹਾਂ ਖੰਡੇ ਦੀ ਪਾਹੁਲ ਨੂੰ ਪ੍ਰਵਾਣ ਨਹੀਂ ਕੀਤਾ। ਇਸ ਦੇ ਬਿਲਕੁਲ ਉਲਟ ਨਿਰਮਲੇ ਦਸਾਂ ਗੁਰੂਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੂਰਾ ਵਿਸ਼ਵਾਸ ਰਖਦੇ ਹਨ। ਹਰ ਨਿਰਮਲ ਅਖਾੜੇ, ਡੇਰੇ ਅਤੇ ਧਰਮਸਾਲਾ ਵਿਚ ਆਦਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਜ਼ਰੂਰ ਹੁੰਦਾ ਹੈ। "ਉਹ ਅੰਮ੍ਰਿਤਪਾਨ ਵੀ ਕਰਦੇ ਹਨ।"[3] ਉਹ ਆਪਣੇ ਨਾਮ ਨਾਲ 'ਸਿੰਘ' ਸ਼ਬਦ ਦੀ ਵਰਤੋਂ ਕਰਦੇ ਹਨ। ਕੁਝ ਨਿਰਮਲੇ ਸਫੈਦ ਤੇ ਕੁਝ ਗੇਰੂ ਰੰਗੇ ਬਸਤਰ ਪਹਿਨਦੇ ਹਨ। ਸਾਰੇ ਨਿਰਮਲੇ ਕੇਸਾਧਾਰੀ ਹੁੰਦੇ ਹਨ। ਨਿਰਮਲਿਆਂ ਵਿਚ ਪੰਜੇ ਕਕਾਰ ਰਖਣੇ ਜ਼ਰੂਰੀ ਨਹੀਂ। ਕਛ ਨੂੰ ਉਹ ਪੜਦਾ ਮੰਨਦੇ ਹਨ ਅਤੇ ਕਈ ਨਿਰਮਲੇ ਲੰਗੋਟੀ ਪਹਿਨਦੇ ਹਨ। ਉਹ ਸੰਗਤ ਤੇ ਪੰਗਤ ਦੀ ਮਰਯਾਦਾ ਨੂੰ ਪੂਰੀ ਤਰ੍ਹਾਂ ਨਿਭਾਉਂਦੇ ਹਨ। ਮਾਸ, ਮਦਰਾ, ਤਮਾਕੂ ਆਦਿ ਨਸ਼ਿਆਂ ਦਾ ਸੇਵਨ ਪੂਰੀ ਤਰ੍ਹਾਂ ਵਿਵਰਜਿਤ ਹੈ। ਕੁਝ ਨਿਰਮਲੇ ਡੇਰੇਦਾਰ ਹੁੰਦੇ ਹਨ ਅਤੇ ਕੁਝ ਵਿਰਕਤ। ਇਹ ਤੀਰਥਾਂ ਉਤੇ ਰਹਿਣ ਦਾ ਬੜਾ ਮਹੱਤਵ ਮੰਨਦੇ ਹਨ। "ਇਹ ਆਚਰਣ ਦੇ ਬਹੁਤ ਉੱਚੇ ਤੇ ਸੁੱਚੇ ਮੰਨੇ ਜਾਂਦੇ ਹਨ।"[4] 'ਐਨਸਾਈਕਲੋਪੀਡੀਆ ਆਫ ਰਿਲਿਜਨ ਐਂਡ ਐਥਿਕਸ' ਅਨੁਸਾਰ "ਇਹ ਚੰਗੀ ਤਰ੍ਹਾਂ ਅਨੁਸ਼ਾਸਿਤ ਹਨ ਅਤੇ ਇਨ੍ਹਾਂ ਦਾ ਲੋਕਾਂ ਵਿਚ ਚੰਗਾ ਸਤਿਕਾਰ ਹੈ।"[5]

---

1 ਵੇਖੋ ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਤੀਜਾ ਸੰਸਕਰਣ, ਪੰਨਾ 712; ਹਰਿਭਜਨ ਸਿੰਘ, ਗੁਰਮੁਖੀ ਲਿਪੀ ਮੇਂ ਹਿੰਦੀ-ਕਾਵਯ, 1963, ਪੰਨਾ 163; Teja Singh, Sikhism-Its Ideals and Institutions, 1951, p.68 ; Dr. Sher Singh, Philosphy of Sikhism, 1944, p.4; Dr. C.H. Loehlin, The Sikhs and Their Scriptures, Second Edition, 1964, pp. 68-69.

2 ਮਹਾਨ ਕੋਸ਼, ਤੀਜਾ ਸੰਸਕਰਣ, ਪੰਨਾ 712.

3 ਡਾ. ਹਰਿਭਜਨ ਸਿੰਘ, ਗੁਰਮੁਖੀ ਲਿਪੀ ਮੇਂ ਹਿੰਦੀ-ਕਾਵਯ, 1963, ਪੰਨਾ 164.

4 ਪਰਸ਼ੂਰਾਮ ਚਤੁਰਵੇਦੀ, ਉਤਰੀ ਭਾਰਤ ਕੀ ਸੰਤ ਪਰੰਪਰਾ, ਪ੍ਰਥਮ ਸੰਸਕਰਣ, ਸੰਮਤ 2008, ਪੰਨਾ 363.

5 2nd ed., August 1980, Vol.IX, p.375

ਇਹ ਆਪਣੇ ਆਪ ਨੂੰ ਖਾਲਸਾ ਪੰਥ ਦਾ ਅਨਿੱਖੜ ਅੰਗ ਮੰਨਦੇ ਹਨ।[1] ਨਾਮ ਤੇ ਬਾਣੀ ਦੇ ਚੰਗੇ ਅਭਿਆਸੀ ਹੁੰਦੇ ਹਨ। ਇਹ ਸੰਸਕ੍ਰਿਤ ਦੇ ਵਿਦਵਾਨ ਹੁੰਦੇ ਹਨ। ਪੌਰਾਣਿਕ ਗ੍ਰੰਥਾਂ ਦੇ ਉਘੇ ਅਧਿਐਨ ਕਰਕੇ ਇਨ੍ਹਾਂ ਦੇ ਚਿੰਤਨ ਅਤੇ ਪ੍ਰਸੰਗ ਵਿਚ ਸਿੱਖਾਂ ਨਾਲੋਂ ਕੁਝ ਵਖਰਾਪਨ ਆ ਗਿਆ ਹੈ। ਇਹ ਬ੍ਰਾਹਮਣੀ ਪ੍ਰਭਾਵਾਂ ਤੋਂ ਬਚ ਨਹੀਂ ਸਕੇ। ਇਨ੍ਹਾਂ ਦੇ ਵਿਦਵਾਨ ਆਪਣੇ ਨਾਵਾਂ ਨਾਲ 'ਪੰਡਿਤ' ਸ਼ਬਦ ਦੀ ਵਰਤੋਂ ਕਰਦੇ ਹਨ। ਇਹ ਆਦਿ ਗ੍ਰੰਥ ਸਾਹਿਬ ਦਾ ਆਰਤੀ-ਪੂਜਨ ਕਰਦੇ ਹਨ। ਗ੍ਰਿਹਸਥ ਮਾਰਗ ਦਾ ਤਿਆਗ ਕਰਦੇ ਹਨ। ਸੰਤਾਂ ਸਾਧਾਂ ਦੀਆਂ ਸਮਾਧੀਆਂ ਉਤੇ ਧੂਪ-ਦੀਪ ਕਰਨਾ ਅਤੇ ਫੁੱਲ ਚੜ੍ਹਾਉਣਾ ਉਚਿਤ ਸਮਝਦੇ ਹਨ। ਇਹ ਸਭ ਕੁਝ ਬ੍ਰਾਹਮਣੀ ਪ੍ਰਭਾਵ ਦਾ ਲਖਾਇਕ ਹੈ। ਇਨ੍ਹਾਂ ਸਾਰੀਆਂ ਰੁਚੀਆਂ ਦਾ ਇਨ੍ਹਾਂ ਦੀ ਟੀਕਾਕਾਰੀ ਤੇ ਕਾਫ਼ੀ ਪ੍ਰਭਾਵ ਪਿਆ ਹੈ।

ਅਸਲ ਵਿਚ, ਗੁਰੂ ਗੋਬਿੰਦ ਸਿੰਘ ਜੀ ਸਮੇਂ ਗੁਰਬਾਣੀ ਦੀ ਟੀਕਾਕਾਰੀ ਦੀਆਂ ਦੋ ਵੰਡੀਆਂ ਸ਼ਾਖਾਂ ਹੋਂਦ ਵਿਚ ਆਈਆਂ — ਇਕ ਨਿਰਮਲਿਆਂ ਅਰਥਾਤ ਖੋਜੀ ਪੰਡਿਤਾਂ ਦੀ ਸ਼ਾਖਾ ਅਤੇ ਦੂਜੀ ਗਿਆਨੀਆਂ ਦੀ ਸ਼ਾਖਾ।[2] ਗਿਆਨੀਆਂ ਦੀ ਸ਼ਾਖਾ ਦਾ ਸੰਬੰਧ ਨਿਰੋਲ ਸਿੱਖੀ ਜੀਵਨ ਤੇ ਸਿੱਖੀ ਵਿਚਾਰਧਾਰਾ ਨਾਲ ਹੈ। ਨਿਰਮਲੇ ਗਿਆਨੀ ਸੰਪ੍ਰਦਾਇ ਵਾਲੇ ਅਰਥਾਂ ਦਾ ਗਿਆਨ ਰਖਦੇ ਹੋਏ ਵੀ ਪੌਰਾਣਿਕ ਗ੍ਰੰਥਾਂ ਦੇ ਅਧਿਐਨ ਕਾਰਨ ਉਨ੍ਹਾਂ ਦੇ ਪ੍ਰਭਾਵ ਤੋਂ ਮੁਕਤ ਨਹੀਂ ਹੋ ਸਕਦੇ। ਕਿਸੇ ਉਤੇ ਇਨ੍ਹਾਂ ਗ੍ਰੰਥਾਂ ਦਾ ਵੱਧ ਪ੍ਰਭਾਵ ਹੁੰਦਾ ਹੈ ਕਿਸੇ ਉਤੇ ਘੱਟ। ਇਹੋ ਕੁਝ ਇਨ੍ਹਾਂ ਦੇ ਟੀਕਿਆਂ ਵਿਚੋਂ ਪ੍ਰਦਰਸ਼ਿਤ ਹੁੰਦਾ ਹੈ। ਮਹੰਤ ਗਣੇਸ਼ਾ ਸਿੰਘ ਅਨੁਸਾਰ ਨਿਰਮਲੇ ਮਹੰਤ ਸਾਧੂ ਸਿੰਘ (ਪਟਿਆਲੇ ਵਾਲੇ) ਨੇ ਗੁਰਮਤ ਨੂੰ ਸੁਤੰਤਰ ਸਿਧ ਕੀਤਾ ਅਤੇ ਵੇਦ ਪੁਰਾਣ ਆਦਿ ਦੇ ਪ੍ਰਮਾਣ ਤਕ ਨਹੀਂ ਦਿੱਤੇ।[3] ਪਰ ਅਜੇਹੀ ਹੋਰ ਕੋਈ ਉਦਾਹਰਣ ਲਭ ਸਕਣਾ ਮੁਸ਼ਕਿਲ ਹੈ। ਇਹ ਅਪਵਾਦ ਹੀ ਹੈ।

---

1 ਡਾ. ਹਰਿਭਜਨ ਸਿੰਘ, ਗੁਰਮੁਖੀ ਲਿਪੀ ਮੇਂ ਹਿੰਦੀ-ਕਾਵਯ, 1963, ਪੰਨਾ 161.

2 ਗਿਆਨੀਆਂ ਦੀ ਸ਼ਾਖਾ ਦਾ ਵਿਸਥਾਰ ਪੂਰਬਕ ਵਰਣਨ ਇਸੇ ਅਧਿਆਇ ਵਿਚ ਅਗੇ ਜਾ ਕੇ ਕੀਤਾ ਜਾਵੇਗਾ।

3 ਨਿਰਮਲ ਭੂਸ਼ਣ ਅਰਥਾਤ ਇਤਿਹਾਸ ਨਿਰਮਲ ਭੇਖ, ਪਹਿਲੀ ਛਾਪ, ਸੰਮਤ 1994, ਪੰਨੇ 87-88.

ਨਿਰਮਲ ਵਿਦਵਾਨ ਗਿਆਨੀ ਗਿਆਨ ਸਿੰਘ ਦਾ ਵਿਸ਼ਵਾਸ ਹੈ ਕਿ ਨਿਰਮਲੇ ਗੁਰਬਾਣੀ ਦੇ ਜੋ ਅਰਥ ਕਰਦੇ ਹਨ, ਉਹ ਗੁਰੂ ਗੋਬਿੰਦ ਸਿੰਘ ਜੀ ਨੇ ਨੰਦੇੜ ਵਿਖੇ ਆਪ ਕੀਤੇ ਸਨ। ਅਰਥਾਂ ਦੀ ਇਹ ਸੰਪ੍ਰਦਾਇ ਉਥੋਂ ਹੀ ਚਲੀ ਹੈ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:-

> "ਏਕ ਰੋਜ ਭਾਈ ਕਰਮ ਸਿੰਘ ਪੰਡਿਤ ਨੇ ਔਰ ਭਾਈ ਮਨੀ ਸਿੰਘ ਹਰਿਚਰਨ ਸਿੰਘ ਆਦਿਕ ਸਿਖਾਂ ਨੇ ਹਥ ਜੋੜ ਕੇ ਬੇਨਤੀ ਕੀਤੀ ਸੱਚੇ ਪਾਤਸ਼ਾਹ ਜੋ ਗੁਰੂ ਅਰਜਨ ਸਾਹਿਬ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੋਹਿਥ ਜਹਾਜ ਰੂਪ ਜੀਵੋਂ ਕੇ ਉਧਾਰ ਵਾਸਤੇ ਰਚੀ ਹੈ ਉਸ ਮੈਂ ਬਹੁਤ ਬਾਣੀ ਕੇ ਅਰਥ ਸਮਝ ਮੈਂ ਨਹੀਂ ਆਵਤੇ ਬਿਨਾ ਅਰਥ ਸਮਝੇ ਤੇ ਸੰਸਾ ਰਹਿਤਾ ਹੈ ਤਾਂ ਤੇ ਇਸ ਸੰਸੇ ਦੀ ਨਿਵਰਤੀ ਵਾਸਤੇ ਜੈਸੇ ਸ੍ਰੀ ਰਾਮ ਚੰਦ੍ਰ ਜੀ ਨੇ ਦੰਡਕ ਬਨ ਮੈਂ ਰਿਖੀਆਂ ਮੁਨੀਆਂ ਕੋ ਰਾਮਤਾਪਨੀ ਉਪਨਿਸ਼ਦ ਸੁਨਾਈ ਹੈ ਔਰ ਹਨੂਮਾਨ ਕੇ ਪਰਥਾਇ ਰਾਮਹਿਰਦਾ ਰਾਮ ਗੀਤਾ ਕਾ ਉਪਦੇਸ਼ ਸਭ ਕੋ ਸੁਨਾਯਾ ਹੈ ਔਰ ਕ੍ਰਿਸ਼ਨ ਜੀ ਨੇ ਉਧਵ ਕੇ ਪਰਥਾਇ ਆਤਮਤਤ੍ਵ ਕਾ ਉਪਦੇਸ਼ ਕੀਆ ਹੈ ਤੈਸੇ ਆਪ ਭੀ ਕ੍ਰਿਪਾ ਕਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅਰਥ ਸੁਣਾਵੋ ਜੀ ਐਸੇ ਖਾਲਸੇ ਦੀ ਬੇਨਤੀ ਸੁਣ ਕੇ ਸ੍ਰੀ ਕਲਗੀਧਰ ਜੀ ਨੇ ਬਹੁਤ ਖੁਸ਼ੀ ਹੋ ਕਰ ਫੁਰਮਾਯਾ ਤੇ ਖਾਲਸਾ ਜੀ ਤੁਮਨੇ ਬਹੁਤ ਚੰਗਾ ਪਰਉਪਕਾਰ ਵਾਸਤੇ ਪ੍ਰਸ਼ਨ ਕੀਤਾ ਹੈ ਇਸ ਮੈਂ ਗੁਰਬਾਣੀ ਦੇ ਅਰਥਾਂ ਦੀ ਸੰਪ੍ਰਦਾਇ ਚਲੇਗੀ।"[1] .....
>
> "ਐਸੇ ਐਸੇ ਅਨੇਕ ਪ੍ਰਸੰਗ ਸੁਨਾ ਕਰ ਸ੍ਰੀ ਗੁਰੂ ਦਸਮੇ ਪਾਤਸ਼ਾਹ ਜੀ ਨੇ ਏਕ ਸਾਲ ਭਰ ਮੈਂ ਗ੍ਰੰਥ ਸਾਹਿਬ ਜੀ ਕੀ ਸਾਰੀ ਕਥਾ ਖਾਲਸੇ ਜੀ ਕੋ ਸੁਣਾਈ।"[2]

ਇਉਂ, ਗਿਆਨੀ ਗਿਆਨ ਸਿੰਘ ਅਨੁਸਾਰ, ਨਿਰਮਲਿਆਂ ਦਾ ਵੱਖਰਾ ਟੀਕਾ ਸਕੂਨ ਹੈ। ਪਰ ਇਨ੍ਹਾਂ ਦੇ ਟੀਕਿਆਂ ਦਾ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਲਗਭਗ ਹਰ ਟੀਕਾਕਾਰ

---

1 ਨਿਰਮਲ ਪੰਥ ਪ੍ਰਦੀਪਕਾ, ਪੰਨਾ 54.

2 ਉਹੀ, ਪੰਨਾ 56.

ਦੂਜੇ ਨਾਲੋਂ ਭਿੰਨਤਾ ਰਖਦਾ ਹੈ। ਇਸ ਲਈ ਕਿਸੇ ਸਕੂਲ ਦੀ ਸਥਾਪਨਾ ਸਿੱਧ ਨਹੀਂ ਹੁੰਦੀ। ਡਾ. ਤਾਰਨ ਸਿੰਘ ਨੇ ਵੀ ਨਿਰਮਲਿਆਂ ਵਿਚ ਕਿਸੇ ਟੀਕਾ-ਸਕੂਲ ਦੀ ਹੋਂਦ ਨੂੰ ਨਹੀਂ ਮੰਨਿਆ। ਉਨ੍ਹਾਂ ਅਨੁਸਾਰ ਨਿਰਮਲਿਆਂ ਨੇ ਮਨ ਦੀ ਮੌਜ ਵਿਚ ਟੀਕੇ ਕੀਤੇ ਹਨ, ਬਿਲਕੁਲ ਸੁਤੰਤਰ ਰਹਿਕੇ ਤੇ ਆਪਣੇ ਭਾਵਾਂ ਨੂੰ ਪ੍ਰਗਟਉਣ ਲਈ।[1]

ਨਿਰਮਲਿਆਂ ਵਿਚ ਗੁਰਬਾਣੀ ਦੀ ਟੀਕਾਕਾਰੀ ਦਾ ਸਭ ਤੋਂ ਵੱਧ ਕੰਮ ਪੰਡਿਤ ਤਾਰਾ ਸਿੰਘ ਨਰੋਤਮ ਨੇ ਕੀਤਾ ਹੈ। ਇਨ੍ਹਾਂ ਨੇ ਪੂਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕੀਤਾ ਸੀ ਜਿਸ ਦੇ ਬਹੁਤ ਸਾਰੇ ਹਿੱਸੇ ਦੇ ਦਰਸ਼ਨ ਭਾਈ ਵਰਿਆਮ ਸਿੰਘ ਸ਼ਾਸਤ੍ਰੀ ਪਾਸ ਨਰੋਤਮ ਜੀ ਦੇ ਡੇਰੇ (ਪਟਿਆਲੇ) ਪ੍ਰੋ. ਪਿਆਰਾ ਸਿੰਘ ਪਦਮ ਨੇ ਕੀਤੇ ਸਨ[2] ਪਰ ਹੁਣ ਇਹ ਸਾਰਾ ਟੀਕਾ ਉਪਲਬਧ ਨਹੀਂ; ਕੇਵਲ ਸਿਰੀ ਰਾਗ ਦਾ ਟੀਕਾ ਪ੍ਰਕਾਸ਼ਿਤ ਰੂਪ ਵਿਚ ਮਿਲਦਾ ਹੈ। ਇਸ ਤੋਂ ਇਲਾਵਾ ਨਰੋਤਮ ਜੀ ਦੇ ਜਪੁ, ਰਹਿਰਾਸ, ਸੋਹਿਲਾ, ਸ਼ਬਦ ਹਜ਼ਾਰੇ ਅਤੇ ਭਗਤਾਂ ਦੀ ਬਾਣੀ ਦੇ ਟੀਕੇ ਵੀ ਮਿਲਦੇ ਹਨ। ਇਸ ਸੰਪ੍ਰਦਾਇ ਦੇ ਟੀਕਿਆਂ ਦੇ ਅਧਿਐਨ ਤੋਂ ਇਨ੍ਹਾਂ ਦੀ ਟੀਕਾਕਾਰੀ ਦੇ ਮੁੱਖ ਲੱਛਣ ਨਿਮਨ ਅਨੁਸਾਰ ਪ੍ਰਗਟ ਹੁੰਦੇ ਹਨ:-

1- ਇਹ ਵੇਦ ਸ਼ਾਸਤ੍ਰ ਨੂੰ ਪ੍ਰਮਾਣ ਮੰਨਦੇ ਹਨ। ਗੁਰਬਾਣੀ ਦੀ ਵਿਆਖਿਆ ਵੇਦਾਂਤ ਅਨੁਸਾਰ ਕਰਦੇ ਹਨ।

2 ਰਾਮ ਕ੍ਰਿਸ਼ਨ ਆਦਿ ਅਵਤਾਰਾਂ ਨੂੰ ਮੰਨਦੇ ਹਨ। ਗੁਰੂ ਨਾਨਕ ਦੇਵ ਜੀ ਨੂੰ ਵਿਸ਼ਨੂੰ ਦਾ ਅਵਤਾਰ ਮੰਨਦੇ ਹਨ।

3- ਆਪਣੇ ਟੀਕਿਆਂ ਵਿਚ ਪੌਰਾਣਿਕ ਕਥਾ ਕਹਾਣੀਆਂ ਦੇ ਹਵਾਲੇ ਦਿੰਦੇ ਹਨ।

4- ਇਕ ਇਕ ਸ਼ਬਦ ਦੇ ਕਈ ਅਰਥ ਕਰਦੇ ਹਨ। ਇਸ ਤਰ੍ਹਾਂ ਕੁਦਰਤੀ ਤੌਰ ਤੇ ਇਕ ਤੁਕ ਦੇ ਕਈ ਅਰਥ ਨਿਕਲ ਆਉਂਦੇ ਹਨ। ਉਹ ਅਜਿਹਾ ਸੰਸਕ੍ਰਿਤ ਦੀ ਕੋਸ਼ਕਾਰੀ ਦੇ ਪ੍ਰਭਾਵ ਹੇਠ ਕਰਦੇ ਹਨ।

---

1 "ਨਿਰਮਲੇ ਵਿਦਵਾਨਾਂ ਦੀ ਗੁਰਬਾਣੀ ਟੀਕਾ-ਪੱਧਤੀ ਦਾ ਸਰਵੇਖਣ," <u>ਨਾਨਕ ਪ੍ਰਕਾਸ਼ ਪਤ੍ਰਿਕਾ</u>, ਜਿਲਦ ਸਤਵੀਂ, ਜੂਨ 1976, ਪੰਨਾ 56.

2 ਪ੍ਰੋ. ਪਿਆਰਾ ਸਿੰਘ ਪਦਮ, "ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਟੀਕਾਕਾਰੀ", ਤੀਸਰੀ ਪੰਜਾਬੀ ਵਿਕਾਸ ਕਾਨਫਰੰਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 1984 ਵਿਚ ਪੜ੍ਹਿਆ ਗਿਆ ਪਰਚਾ, ਪੰਨਾ 4.

5- ਮੁੱਖ ਅਤੇ ਗੌਣ ਅਰਥ ਕਰਨ ਦੀ ਪਰਿਪਾਟੀ ਇਨ੍ਹਾਂ ਦੇ ਟੀਕਿਆਂ ਤੋਂ ਹੀ ਪਈ ਹੈ।

6- ਜਿਥੇ ਕੋਈ ਗੱਲ ਇਨ੍ਹਾਂ ਦੀ ਸੰਪ੍ਰਦਾਇ ਦੀ ਰੀਤੀ ਦੇ ਵਿਰੁਧ ਜਾਂਦੀ ਹੈ, ਉਥੇ ਅਰਥਾਂ ਦੀ ਖਿਚੋਤਾਣ ਵੀ ਕਰਦੇ ਹਨ।

7- ਆਮ ਤੌਰ ਤੇ ਇਨ੍ਹਾਂ ਦੇ ਟੀਕੇ ਉਚੀ ਬੌਧਿਕ ਪੱਧਰ ਤੋਂ ਕੀਤੇ ਗਏ ਹੁੰਦੇ ਹਨ। ਆਮ ਪਾਠਕਾਂ ਨਾਲੋਂ ਵਿਦਵਾਨਾਂ ਲਈ ਵਧੇਰੇ ਲਾਭਕਾਰੀ ਹੁੰਦੇ ਹਨ।

## ਗਿਆਨੀ ਸੰਪ੍ਰਦਾਇ

ਗਿਆਨੀ ਸੰਪ੍ਰਦਾਇ ਦੇ ਵਿਦਵਾਨ ਭਾਈ ਮਨੀ ਸਿੰਘ ਜੀ ਰਾਹੀਂ ਆਪਣੀ ਸੰਪ੍ਰਦਾਇ ਦਾ ਸੰਬੰਧ ਗੁਰੂ ਗੋਬਿੰਦ ਸਿੰਘ ਜੀ ਨਾਲ ਜੋੜਦੇ ਹਨ। ਵਰਣਿਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋਕੀ ਦੇ ਵਾਸ ਸਮੇਂ ਆਪ ਸੰਪੂਰਣ ਗੁਰੂ ਗ੍ਰੰਥ ਸਾਹਿਬ ਦੇ ਅਰਥ ਜ਼ਬਾਨੀ ਸੰਗਤ ਵਿਚ ਕੀਤੇ ਸਨ। ਸ੍ਰੋਤਿਆਂ ਵਿਚ ਭਾਈ ਮਨੀ ਸਿੰਘ ਤੇ ਬਾਬਾ ਦੀਪ ਸਿੰਘ ਵੀ ਸ਼ਾਮਿਲ ਸਨ। ਸੰਪ੍ਰਦਾਈ ਅਰਥਾਂ ਦੀ ਲੜੀ ਅਗੋਂ ਭਾਈ ਮਨੀ ਸਿੰਘ ਜੀ ਤੋਂ ਚਲੀ। ਫਿਰ ਅਗੇ ਕਈ ਸ਼ਾਖਾਵਾਂ ਤੇ ਉਪ-ਸ਼ਾਖਾਵਾਂ ਵਿਚ ਹੋ ਗਈਆਂ।

ਗਿਆਨੀਆਂ ਦੀ ਸੰਪ੍ਰਦਾਇ ਪ੍ਰਣਾਲੀ ਦਾ ਵੇਰਵਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਲਾਇਬ੍ਰੇਰੀ ਦੀ ਇਕ ਹੱਥ-ਲਿਖਤ ਵਿਚ ਮਿਲਦਾ ਹੈ ਜੋ ਇਸ ਤਰ੍ਹਾਂ ਹੈ :-

> "ਦਸਵੀਂ ਪਾਤਿਸ਼ਾਹੀ ਤੇ ਭਾਈ ਮਨੀ ਸਿੰਘ ਜੀ ਪੜ੍ਹੇ, ਤਿਨ੍ਹਾਂ ਤੇ ਭਾਈ ਦੀਵਾਨ ਸਿੰਘ ਜੀ॥ ਤਿਨ੍ਹਾਂ ਤੇ ਭਾਈ ਗੁਰਦਿਆਲ ਸਿੰਘ ਜੀ (ਤਿਨ੍ਹਾਂ) ਤੇ ਭਾਈ ਖਜ਼ਾਨ ਸਿੰਘ ਜੀ (ਤਿਨ੍ਹਾਂ) ਤੇ ਭਾਈ ਗੁਰਬਖ਼ਸ਼ ਸਿੰਘ ਜੀ, ਤਿਨ੍ਹਾਂ ਤੇ ਭਾਈ ਅਮਰ ਸਿੰਘ ਜੀ ਤੇ ਭਾਈ ਸੂਰਤ ਸਿੰਘ ਜੀ ਤੇ ਭਾਈ ਕੌਲ ਸਿੰਘ ਜੀ ਤਿੰਨੇ ਪੜ੍ਹੇ॥ ਭਾਈ ਅਮਰ ਸਿੰਘ ਜੀ ਤੇ ਭਾਈ ਰਾਮ ਸਿੰਘ ਜੀ ਪੜ੍ਹੇ॥ ਤਿਨ੍ਹਾਂ ਤੇ

ਭਾਈ ਚੰਦਾ ਸਿੰਘ ਜੀ ਪੜ੍ਹੇ। *[1]

ਸਿਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਦੀ ਹਥ-ਲਿਖਤ ਨੰ: 7090 ਵਿਚ ਵੀ ਇਸ ਸੰਪ੍ਰਦਾਇ ਪ੍ਰਣਾਲੀ ਦਾ ਵੇਰਵਾ ਮਿਲਦਾ ਸੀ ਜੋ ਭਾਈ ਦਇਆ ਸਿੰਘ ਤਕ ਸੀ। ਭਾਈ ਦਇਆ ਸਿੰਘ ਨੇ ਅਰਥ ਭਾਈ ਚੰਦਾ ਸਿੰਘ ਤੋਂ ਪੜ੍ਹੇ। ਇਉਂ ਇਹ ਪੰਜਾਬ ਯੂਨੀਵਰਸਿਟੀ ਦੀ ਹਥ-ਲਿਖਤ ਨੰਬਰ 758 ਤੋਂ ਬਾਅਦ ਦੀ ਰਚਨਾ ਸਿਧ ਹੁੰਦੀ ਹੈ। ਇਸ ਤੋਂ ਇਲਾਵਾ ਭਾਈ ਭਗਵਾਨ ਸਿੰਘ[2] ਅਤੇ ਪੰਡਿਤ ਨਰੈਣ ਸਿੰਘ[3] ਨੇ ਵੀ ਇਸ ਸੰਪ੍ਰਦਾਇ ਪ੍ਰਣਾਲੀ ਦਾ ਵੇਰਵਾ ਦਿੱਤਾ ਹੈ। ਖਾਲਸਾ ਟ੍ਰੈਕਟ ਸੁਸਾਇਟੀ ਦੇ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿਚ ਵੀ ਇਸ ਸੰਪ੍ਰਦਾਇ ਪ੍ਰਣਾਲੀ ਦਾ ਵੇਰਵਾ ਦਰਜ ਹੈ।[4] ਇਨ੍ਹਾਂ ਸੰਪ੍ਰਦਾਇ ਪ੍ਰਣਾਲੀਆਂ ਵਿਚ ਪਹਿਲੇ ਕੁਝ ਨਾਵਾਂ ਤੋਂ ਬਾਅਦ ਥੋੜ੍ਹਾ ਬਹੁਤ ਅੰਤਰ ਹੈ।

ਸ਼ੁਰੂ ਤੋਂ ਹੀ ਸੰਪ੍ਰਦਾਈ ਗਿਆਨੀਆਂ ਦੇ ਪ੍ਰਮੁਖ ਕੇਂਦਰ ਦਮਦਮਾ ਸਾਹਿਬ (ਗੁਰੂ ਕੀ ਕਾਸ਼ੀ) ਅਤੇ ਅੰਮ੍ਰਿਤਸਰ ਰਹੇ ਹਨ। ਭਾਈ ਮਨੀ ਸਿੰਘ ਜੀ ਜਦੋਂ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਗ੍ਰੰਥੀ ਥਾਪੇ ਗਏ ਸਨ ਤਾਂ ਉਨ੍ਹਾਂ ਨੇ ਉਥੇ ਹੀ ਗੁਰੂ ਗੋਬਿੰਦ ਸਿੰਘ ਜੀ ਤੋਂ ਸਿਖੇ ਅਰਥ ਪੜ੍ਹਾਉਣੇ ਸ਼ੁਰੂ ਕੀਤੇ ਸਨ। ਹੁਣ ਸੰਪ੍ਰਦਾਈ ਅਰਥਾਂ ਦੀ ਇਕ ਟਕਸਾਲ ਭਿੰਡਰਾਂ ਵਿਖੇ ਵੀ ਹੈ। ਸੰਪ੍ਰਦਾਇ ਅਨੁਸਾਰ ਕੀਤੇ ਗਏ ਅਰਥਾਂ ਨੂੰ ਗਿਆਨੀਆਂ ਦੀ ਭਾਸ਼ਾ ਵਿਚ ਟਕਸਾਲੀ ਅਰਥ ਕਿਹਾ ਜਾਂਦਾ ਹੈ। ਇਹ ਅੰਮ੍ਰਿਤਸਰ ਵਾਲੇ ਕੇਂਦਰ ਨੂੰ ਵੱਡੀ ਟਕਸਾਲ ਮੰਨਦੇ ਹਨ।

ਗਿਆਨੀ ਸੰਪ੍ਰਦਾਇ ਨੇ ਗੁਰਬਾਣੀ ਦੀ ਟੀਕਾਕਾਰੀ ਦਾ ਕੰਮ ਸਭ ਸੰਪ੍ਰਦਾਵਾਂ ਨਾਲੋਂ ਵੱਧ ਕੀਤਾ ਹੈ। ਇਨ੍ਹਾਂ ਦੀ ਅੰਮ੍ਰਿਤਸਰ ਵਾਲੀ ਟਕਸਾਲ ਵਿਚ ਰੋਜ਼ਾਨਾ ਅਰਥ ਪੜ੍ਹਾਏ ਜਾਂਦੇ ਹਨ। ਸੰਤ ਅਮੀਰ ਸਿੰਘ ਜੀ ਨੇ ਆਪਣੇ ਜੀਵਨ ਕਾਲ ਵਿਚ ਪੂਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਜ਼ਬਾਨੀ ਕਈ ਵਾਰ ਕੀਤੇ ਹਨ। ਇਸ ਸੰਪ੍ਰਦਾਇ ਦੇ ਕੁਝ ਵਿਦਵਾਨ ਆਪਣੇ ਜਥੇ (ਵਿਦਿਆਰਥੀ) ਲੈ ਕੇ

---

1 ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਹਥ-ਲਿਖਤ ਨੰਬਰ 758, ਪੰਨਾ 1,2.

2 ਆਸਾ ਦੀ ਵਾਰ ਸਟੀਕ, ਸੰਮਤ ਨਾਨਕਸ਼ਾਹੀ 432, ਪੰਨਾ 433.

3 ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭੂਮਿਕਾ, ਪੰਨਾ ਥ।

4 ਭਾਗ 1, ਅਕਤੂਬਰ 1950, ਭੂਮਿਕਾ, ਪੰਨਾ ਛ।

ਘੁੰਮਦੇ ਵੀ ਰਹਿੰਦੇ ਹਨ। ਇਹ ਵਿਦਵਾਨ ਆਪਣੇ ਜਥੇ ਵਾਲਿਆਂ ਨੂੰ ਵੀ ਅਰਥ ਪੜ੍ਹਾਉਂਦੇ ਰਹਿੰਦੇ ਹਨ ਅਤੇ ਜਿਥੇ ਕੁਝ ਦਿਨ ਟਿਕਾਣਾ ਕਰਦੇ ਹਨ, ਉਥੇ ਸੰਗਤਾਂ ਨੂੰ ਵੀ ਅਰਥ ਕਰਕੇ ਦਸਦੇ ਰਹਿੰਦੇ ਹਨ। ਇਉਂ ਘਰ ਘਰ ਤਕ ਗੁਰਬਾਣੀ ਦੇ ਅਰਥ ਪੁਚਾਉਣ ਵਾਲੀ ਇਹ ਚਲਦੀ ਫਿਰਦੀ ਸੰਸਥਾ ਹਨ। ਸੰਪ੍ਰਦਾਈ ਅਰਥਾਂ ਦਾ ਸਤਿਕਾਰ ਨਿਰਮਲੇ ਅਤੇ ਸੇਵਾ ਪੰਥੀ ਸਾਧੂਆਂ ਦੇ ਮਠਾਂ ਵਿਚ ਵੀ ਬਹੁਤ ਹੈ। ਸੰਤ ਅਮੀਰ ਸਿੰਘ ਸੇਵਾ ਪੰਥੀ ਸਨ ਪਰ ਅੰਮ੍ਰਿਤਸਰ ਟਕਸਾਲ ਦੇ ਮੁਖੀ ਰਹੇ। ਉਨ੍ਹਾਂ ਤੋਂ ਬਾਅਦ ਇਸੇ ਹੀ ਪੰਥ ਦੇ ਮਹੰਤ ਕ੍ਰਿਪਾਲ ਸਿੰਘ ਇਸ ਟਕਸਾਲ ਦੇ ਮੁਖੀ ਰਹੇ। ਜਿਥੋਂ ਤਕ ਨਿਰਮਲਿਆਂ ਦਾ ਸੰਬੰਧ ਹੈ, ਇਸ ਖੋਜ-ਪ੍ਰਬੰਧ ਦੇ ਲੇਖਕ ਨੂੰ ਕਈ ਪ੍ਰਸਿੱਧ ਨਿਰਮਲੇ ਸੰਤਾਂ ਨੇ ਦਸਿਆ ਹੈ ਕਿ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਅਰਥ ਟਕਸਾਲ ਤੋਂ ਪੜ੍ਹੇ ਹਨ ਅਤੇ ਸੰਸਕ੍ਰਿਤ ਦੀ ਵਿਦਿਆ ਕਾਸ਼ੀ ਰਹਿ ਕੇ ਪ੍ਰਾਪਤ ਕੀਤੀ ਹੈ। ਪੰਡਿਤ ਨਰੈਣ ਸਿੰਘ, ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕੀਤਾ ਹੈ, ਆਪ ਨਿਰਮਲੇ ਹਨ[1] ਪਰ ਉਨ੍ਹਾਂ ਦੇ ਆਪਣੇ ਲਿਖਣ ਮੁਤਾਬਕ ਉਨ੍ਹਾਂ ਨੇ ਟਕਸਾਲੀ ਅਰਥ ਗਿਆਨੀ ਬਬੇਕਾ ਸਿੰਘ ਜੀ ਤੋਂ ਪੜ੍ਹੇ ਹਨ।[2]

ਇਹ ਮੰਨਿਆ ਜਾਂਦਾ ਹੈ ਕਿ ਸੰਪ੍ਰਦਾਈ ਅਰਥਾਂ ਵਿਚ ਹੁਣ ਤਕ ਕਾਫ਼ੀ ਰਲਾ ਪੈ ਚੁੱਕਾ ਹੈ। ਇਕ ਤਾਂ ਜ਼ਬਾਨੀ ਕਿਸੇ ਅਰਥ ਪਰੰਪਰਾ ਦਾ ਬਿਲਕੁਲ ਉਵੇਂ ਹੀ ਅਗੇ ਚਲ ਸਕਣਾ ਸੰਭਵ ਨਹੀਂ ਹੁੰਦਾ ਕਿਉਂਕਿ ਮਨੁਖਾਂ ਦੀਆਂ ਸੁਣਨ, ਬੁੱਧੀ ਵਿਚ ਪਾ ਸਕਣ ਅਤੇ ਅਗੇ ਉਵੇਂ ਹੀ ਬਿਆਨ ਕਰ ਸਕਣ ਦੀਆਂ ਸ਼ਕਤੀਆਂ ਸਮਾਨ ਨਹੀਂ ਹੁੰਦੀਆਂ। ਦੂਸਰੇ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਸਮਨਵੈਮਈ ਅਰਥ ਕਰਨ ਵਾਲਿਆਂ ਨੂੰ ਪ੍ਰਧਾਨਤਾ ਮਿਲੀ ਜਿਸ ਕਰਕੇ ਬਹੁਤੇ ਟੀਕਾਕਾਰਾਂ ਦਾ ਝੁਕਾਅ ਸਨਾਤਨੀ ਢੰਗ ਨਾਲ ਅਰਥ ਕਰਨ ਵਲ ਹੋ ਗਿਆ। ਫਰੀਦਕੋਟੀ ਟੀਕੇ ਦੀ ਭੂਮਿਕਾ

---

1 ਪੰਡਿਤ ਨਰੈਣ ਸਿੰਘ ਨੇ ਪੰਡਿਤ ਗੁਲਾਬ ਸਿੰਘ ਦੀ ਲਿਖੀ ਪੁਸਤਕ ਪ੍ਰਬੋਧ ਚੰਦਰ ਨਾਟਕ ਦਾ ਪੰਜਾਬੀ ਟੀਕਾ ਕੀਤਾ ਹੈ। ਏਸੇ ਪੁਸਤਕ ਦੇ ਅੰਤ ਤੇ ਆਪਣਾ ਗੁਰ ਅਸਥਾਨ ਇਉਂ ਦਸਿਆ ਹੈ:-

ਲਛਿਪੁਰ ਰਾਵੀ ਨਦੀ ਤਟ ਸ਼ਾਹਦਰਾ ਸੁਭ ਗ੍ਰਾਮ ॥
ਤਾਂ ਮੈਂ ਗੁਰ ਅਸਥਾਨ ਮਮ ਨਿਰਮਲ ਆਸ਼੍ਰਮ ਧਾਮ॥

—ਪ੍ਰਬੋਧ ਚੰਦਰ ਨਾਟਕ ਸਟੀਕ, ਜੁਲਾਈ 1963, ਪੰਨਾ 348

2 ਪੰਡਿਤ ਨਰੈਣ ਸਿੰਘ, ਟੀਕਾ ਸ੍ਰੀ ਗੁਰ ਗ੍ਰੰਥ ਸਾਹਿਬ ਜੀ, ਭੂਮਿਕਾ, ਪੰਨਾ ਵ।

458806

ਵਿਚ ਲਿਖਿਆ ਹੈ:-

> "ਜੋ ਸਨਾਤਨ ਸੰਪ੍ਰਦਾਇ ਅਰਥਾਂ ਦੀ ਸੀਨੇ ਬ ਸੀਨੇ ਚਲੀ ਆਉਂਦੀ ਸੀ, ਉਹ ਕਲਮਬੰਦ ਨ ਹੋਣ ਕਰਕੇ ਸਿਖਾਂ ਦੇ ਰਾਜ ਵੇਲੇ ਰੌਲੇ ਵਿਚ ਪੈ ਗਈ। ਹੋਰ ਮਤਾਂ ਦੇ ਅਹੁਦੇਦਾਰਾਂ ਵਲੋਂ ਸਿਖ ਸੰਪ੍ਰਦਾਈ ਮਹਾਤਮਾਂ ਦੀ ਨਾਕਦਰੀ ਅਤੇ ਮਿਸ਼ਰਤ ਆਸ਼ੇ ਦੇ ਅਰਥ ਕਰਨ ਵਾਲਿਆਂ ਦੇ ਸਤਿਕਾਰ ਨੇ ਸਨਾਤਨ ਸੰਪ੍ਰਦਾਇ ਨਵੀਨ ਅਰਥਾਂ ਵਿਚ ਪ੍ਰਗਟ ਕਰ ਦਿਤੀ। ਤਦ ਤੋਂ ਜੋ ਇਕ ਤੁਕ ਦੇ ਬਾਹਲੇ ਅਰਥ ਕਰੇ, ਉਹ ਵਡਾ ਗਿਆਨੀ ਜਾਣਿਆ ਜਾਣ ਲਗਾ। ਜੋ ਸ਼ੁਧ ਸੰਪ੍ਰਦਾਇ ਸੀ ਉਹ ਵਖਰਾ ਰੂਪ ਰਖਦੀ ਹੋਈ ਭੀ ਸਮੇਂ ਦੇ ਹੇਰ ਫੇਰ ਵਿਚ ਆ ਕੇ ਚੁਣ ਲੈਣੀ ਕਠਨ ਹੋ ਗਈ।"[1]

ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ ਦੁਆਰਾ ਛਾਪੇ ਗਏ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿਚ ਖਾਲਸਾ ਰਾਜ ਸਮੇਂ ਅਰਥਾਂ ਵਿਚ ਪਏ ਰਲੇ ਬਾਰੇ ਲਿਖਿਆ ਹੈ "ਇਸ ਸਮੇਂ ਸੂਫ਼ੀ ਅਰ ਵੇਦਾਂਤਕ ਤੇ ਪੌਰਾਣਿਕ ਰੰਗਣਾਂ ਚਾੜ੍ਹ ਚਾੜ੍ਹ ਅਰਥ ਕਰਨ ਨੂੰ ਬਹੁਤ ਮਦਦ ਮਿਲੀ।"[2] ਪੰਡਿਤ ਨਰੈਣ ਸਿੰਘ ਅਨੁਸਾਰ, "ਅਰਥਾਂ ਨੂੰ ਪੌਰਾਣਿਕ ਰੰਗ ਚੜ੍ਹਾਉਣ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਡੋਗਰਿਆਂ ਦਾ ਵੀ ਕਾਫ਼ੀ ਹੱਥ ਦਸਿਆ ਜਾਂਦਾ ਹੈ।"[3] ਸੋ, ਸਪਸ਼ਟ ਹੈ ਕਿ ਇਹ ਅਰਥ ਆਪਣੇ ਮੁਢਲੇ ਰੂਪ ਵਿਚ ਸਾਡੇ ਤਕ ਨਹੀਂ ਪਹੁੰਚੇ।

ਸੰਪ੍ਰਦਾਈ ਟੀਕਿਆਂ ਦੇ ਅਧਿਐਨ ਤੋਂ ਇਨ੍ਹਾਂ ਟੀਕਿਆਂ ਦੇ ਹੇਠ ਲਿਖੇ ਮੁਖ ਲਛਣ ਉਘੜਦੇ ਹਨ:-

1- ਸੰਪ੍ਰਦਾਈ ਟੀਕਿਆਂ ਵਿਚ ਉਹੀ ਅਰਥ ਦਿਤੇ ਜਾਂਦੇ ਹਨ ਜੋ ਟਕਸਾਲ ਵਿਚ ਪੜ੍ਹਾਏ ਜਾਂਦੇ ਹਨ।[4]

2 ਇਨ੍ਹਾਂ ਟੀਕਿਆਂ ਵਿਚ ਉਦਾਸੀ ਤੇ ਨਿਰਮਲੇ ਟੀਕਾਕਾਰਾਂ ਵਾਲੀ ਦਾਰਸ਼ਨਿਕ ਡੂੰਘਾਈ ਨਹੀਂ।

---

1 ਬਦਨ ਸਿੰਘ ਸੇਖਵਾਂ, <u>ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ</u> (ਫਰੀਦਕੋਟੀ ਟੀਕਾ), 1970, ਜਿਲਦ ਪਹਿਲੀ, ਭੂਮਿਕਾ, ਪੰਨਾ ੳ ।

2 ਅਕਤੂਬਰ 1950, ਭੂਮਿਕਾ, ਪੰਨਾ ਜ ।

3 ਪੰਡਿਤ ਨਰੈਣ ਸਿੰਘ, <u>ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ</u>, ਭੂਮਿਕਾ, ਪੰਨਾ ਟ ।

4 "ਜੋ ਸੰਪ੍ਰਦਾਇ ਸੇ ਸੁਨਾ ਹੈ ਸੋ ਮੈਂ ਸਰਬ ਪ੍ਰੇਮੀਆਂ ਅਗੇ ਨਿਵੇਦਨ ਕਰਦਾ ਹਾਂ।" —ਭਗਵਾਨ ਸਿੰਘ, <u>ਆਸਾ ਦੀ ਵਾਰ ਸਟੀਕ</u>, ਸੰਮਤ ਨਾਨਕਸ਼ਾਹੀ 432, ਪੰਨਾ 7.

3. ਇਸ ਸੰਪ੍ਰਦਾਇ ਨੇ ਇਕ ਤੁਕ ਦੇ ਇਕੋ ਅਰਥ ਕਰਨ ਦੀ ਪਰਿਪਾਟੀ ਤੋਰੀ ਸੀ ਪਰ ਹੁਣ ਫੇਰ ਇਕ ਤੁਕ ਦੇ ਕਈ ਅਰਥ ਕਰਦੇ ਹਨ।
4. ਇਕ ਅਰਥ ਨੂੰ ਮੁੱਖ ਅਤੇ ਬਾਕੀਆਂ ਨੂੰ ਗੌਣ ਮੰਨਦੇ ਹਨ।
5. ਭਾਈ ਮਨੀ ਸਿੰਘ ਦੇ ਨਾਂ ਨਾਲ ਸੰਬੰਧਿਤ ਉਪਲਬਧ ਟੀਕੇ ਸੰਜਮਮਈ ਸ਼ੈਲੀ ਵਿਚ ਹਨ। ਬਾਅਦ ਦੇ ਟੀਕੇ ਵਿਸਤਾਰਮਈ ਹਨ।
6. ਇਸ ਸੰਪ੍ਰਦਾਇ ਨੇ ਨਿਰੋਲ ਗੁਰਮਤ ਦੇ ਆਧਾਰ ਤੇ ਅਰਥ ਕਰਨ ਦੀ ਪਰਿਪਾਟੀ ਤੋਰੀ ਸੀ ਪਰ ਹੁਣ ਗਿਆਨੀ ਸੰਪ੍ਰਦਾਇ ਦੇ ਵਿਦਵਾਨ ਪੌਰਾਣਿਕ ਕਥਾ ਕਹਾਣੀਆਂ ਅਤੇ ਪ੍ਰਾਚੀਨ ਹਿੰਦੂ ਧਰਮ ਗ੍ਰੰਥਾਂ ਦੇ ਹਵਾਲੇ ਆਮ ਦਿੰਦੇ ਹਨ।
7. 'ਪ੍ਰਸ਼ਨੋਤਰੀ ਢੰਗ' ਨਾਲ ਅਰਥਾਂ ਵਿਚ ਸਪਸ਼ਟਤਾ ਲਿਆਉਣ ਦਾ ਯਤਨ ਕਰਦੇ ਹਨ।
8. ਗੁਰਬਾਣੀ, ਦਸਮ ਗੁਰੂ-ਗ੍ਰੰਥ ਬਾਣੀ ਅਤੇ ਭਾਈ ਗੁਰਦਾਸ ਬਾਣੀ ਵਿਚੋਂ ਪ੍ਰਮਾਣ ਆਮ ਦਿੰਦੇ ਹਨ।
9. ਉਥਾਨਕਾਵਾਂ ਅਤੇ ਗੁਰ-ਜੀਵਨ ਵਿਚੋਂ ਸਾਖੀਆਂ ਦਿੰਦੇ ਹਨ।

## ਸੇਵਾ ਪੰਥੀ ਸੰਪ੍ਰਦਾਇ ਦੀ ਟੀਕਾਕਾਰੀ

ਸੇਵਾ ਪੰਥੀਆਂ ਦਾ ਫਿਰਕਾ ਗੁਰੂ ਤੇਗ਼ ਬਹਾਦਰ ਜੀ ਦੇ ਸਿੱਖ ਭਾਈ ਘਨੱਈਆ ਰਾਮ ਤੋਂ ਸ਼ੁਰੂ ਹੋਇਆ। ਉਹ ਲੰਗਰ ਲਈ ਪਾਣੀ ਢੋਣ ਦੀ ਸੇਵਾ ਕਰਿਆ ਕਰਦੇ ਸਨ।[1] ਨੌਵੇਂ ਗੁਰੂ ਜੀ ਨੇ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਸੇਲੀ ਟੋਪੀ ਬਖ਼ਸ਼ੀ।[2] ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਜੰਗਾਂ ਜੁੱਧਾਂ ਵੇਲੇ ਉਹ ਜ਼ਖਮੀ ਸਿੱਖਾਂ ਤੇ ਮੁਸਲਮਾਨਾਂ ਦੋਹਾਂ ਨੂੰ ਸਮਭਾਵ ਨਾਲ ਪਾਣੀ ਪਿਲਾਉਂਦੇ ਸਨ। ਦਸਵੇਂ

---

1 ਭਾਈ ਕਾਨ੍ਹ ਸਿੰਘ, <u>ਮਹਾਨ ਕੋਸ਼</u>, ਤੀਜਾ ਸੰਸਕਰਣ, ਪੰਨਾ 50.

2 ਗਿਆਨੀ ਗਿਆਨ ਸਿੰਘ, <u>ਪੰਥ ਪ੍ਰਕਾਸ਼</u>, 1970, ਪੰਨਾ 1286.

ਗੁਰੂ ਜੀ ਨੇ ਪ੍ਰਸੰਨ ਹੋ ਕੇ ਭਾਈ ਘਨੱਈਆ ਜੀ ਨੂੰ ਦਸਤੀ ਰੁਮਾਲ ਬਖ਼ਸ਼ਿਆ।[1] ਇਨ੍ਹਾਂ ਤੋਂ ਅਗੇ ਗੱਦੀ ਚੱਲੀ। ਸੇਵਾ ਰਾਮ ਤੇ ਅਡਣ ਸ਼ਾਹ ਇਸ ਗੱਦੀ ਦੇ ਪ੍ਰਸਿੱਧ ਗੱਦੀਦਾਰ ਹੋਏ। ਇਨ੍ਹਾਂ ਦੇ ਨਾਵਾਂ ਤੇ ਹੀ ਸੰਪ੍ਰਦਾਇ ਦੇ ਨਾਂ 'ਸੇਵਾ ਪੰਥੀ' ਅਤੇ 'ਅੱਡਣਸ਼ਾਹੀ' ਪਏ।

ਸੇਵਾ ਪੰਥੀ ਸਿੱਖ ਪੰਥ ਦਾ ਹੀ ਹਿੱਸਾ ਹਨ। ਹਰ ਸੇਵਾ ਪੰਥੀ ਆਪਣੇ ਆਪ ਨੂੰ ਸਿੱਖ ਅਖਵਾਉਂਦਾ ਹੈ। ਕੁਝ ਕੇਸਾਧਾਰੀ ਸਿੱਖ ਹੁੰਦੇ ਹਨ, ਕੁਝ ਸਹਿਜਧਾਰੀ। ਇਹ ਸਫੈਦ ਬਸਤਰ ਪਹਿਨਦੇ ਹਨ। ਨਾਮ ਸਿਮਰਨ, ਕੀਰਤਨ, ਸੇਵਾ ਅਤੇ ਦਸਾਂ ਨਹੁੰਆਂ ਦੀ ਕਿਰਤ ਕਰ ਕੇ ਛਕਣ ਉਤੇ ਵਿਸ਼ੇਸ਼ ਬਲ ਦਿੰਦੇ ਹਨ। ਇਹ ਦਸਾਂ ਗੁਰੂਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੂਰਨ ਵਿਸ਼ਵਾਸ਼ ਰਖਦੇ ਹਨ। ਧਾਰਮਿਕ ਅਤੇ ਅਧਿਆਤਮਕ ਖੇਤਰ ਵਿਚ ਇਨ੍ਹਾਂ ਦੇ ਵਿਸ਼ਵਾਸ਼ ਸਿੱਖਾਂ ਵਾਲੇ ਹੀ ਹਨ।

ਇਨ੍ਹਾਂ ਨੇ ਉਦਾਸੀਆਂ ਅਤੇ ਨਿਰਮਲਿਆਂ ਦੇ ਮੁਕਾਬਲੇ ਤੇ ਬਾਹਰਲੇ ਪ੍ਰਭਾਵ ਘੱਟ ਕਬੂਲੇ ਹਨ। ਇਹ ਅਵਿਵਾਹਿਤ ਰਹਿਣ ਉਤੇ ਜ਼ੋਰ ਦਿੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਪਾਰਸ ਭਾਗ, ਮਸਨਵੀ ਮੌਲਾਨਾ ਰੂਮੀ ਅਤੇ ਯੋਗ ਵਸ਼ਿਸ਼ਠ ਦਾ ਅਧਿਐਨ ਕਰਨ ਨੂੰ ਮਹੱਤਵਪੂਰਣ ਸਮਝਦੇ ਹਨ।[2] ਇਹ ਰੁਚੀਆਂ ਬਾਹਰਲੇ ਪ੍ਰਭਾਵਾਂ ਦੀਆਂ ਲਖਾਇਕ ਹਨ।

ਇਨ੍ਹਾਂ ਦੀ ਗੁਰਬਾਣੀ ਵਿਆਖਿਆ ਗਿਆਨੀਆਂ ਦੀ ਵਿਆਖਿਆ ਨਾਲ ਮਿਲਦੀ ਹੈ। ਡੇਰਾ ਸੰਤਪੁਰਾ, ਜਮਨਾ ਨਗਰ ਅਤੇ ਟਿਕਾਣਾ ਭਾਈ ਰਾਮ ਕਿਸ਼ਨ, ਪਟਿਆਲਾ ਇਨ੍ਹਾਂ ਦੇ ਪ੍ਰਸਿਧ ਸਥਾਨ ਹਨ। ਇਨ੍ਹਾਂ ਦੇ ਡੇਰਿਆਂ ਤੇ ਕਥਾ ਵਾਰਤਾ ਤੇ ਗੁਰਬਾਣੀ ਦੀ ~~ਮੌਲਿਕ~~ ਮੌਖਿਕ ਵਿਆਖਿਆ ਦਾ ਸਿਲਸਿਲਾ ਚਲਦਾ ਹੀ ਰਹਿੰਦਾ ਹੈ। ਵਿਆਖਿਆ ਨੂੰ ਲਿਖਤੀ ਰੂਪ ਦੇਣ ਦਾ ਕੋਈ ਵਿਸ਼ੇਸ਼ ਯਤਨ ਨਹੀਂ ਕੀਤਾ ਜਾਂਦਾ।

---

1 ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, 1970, ਪੰਨਾ 1288.

2 ਡਾ. ਗੋਵਿੰਦ ਨਾਥ ਰਾਜਗੁਰੂ, ਗੁਰਮੁਖੀ ਲਿਪੀ ਮੇਂ ਹਿੰਦੀ ਗੱਦ, ਪ੍ਰਥਮ ਸੰਸਕਰਣ, 1969, ਪੰਨਾ 117.

## <u>ਨਵੀਂ ਚੇਤੰਨਤਾ ਅਤੇ ਗੁਰਬਾਣੀ ਦੀ ਟੀਕਾਕਾਰੀ</u>

ਉਨ੍ਹੀਵੀਂ ਸਦੀ ਦੇ ਅੱਧ ਵਿਚ ਪੰਜਾਬ ਉਤੇ ਅੰਗ੍ਰੇਜ਼ਾਂ ਦਾ ਕਬਜ਼ਾ ਹੋ ਜਾਣ ਨਾਲ ਵਿਗਿਆਨਕ ਯੁਗ ਦਾ ਆਰੰਭ ਹੋਇਆ, ਵਿਦਿਆ ਦੇ ਖੇਤਰ ਵਿਚ ਨਵੀਂ ਰੋਸ਼ਨੀ ਆਈ, ਪਰ ਨਾਲ ਹੀ ਈਸਾਈਆਂ ਨੇ ਈਸਾਈ ਧਰਮ ਦਾ ਪ੍ਰਚਾਰ ਬਹੁਤ ਜ਼ੋਰ ਸ਼ੋਰ ਨਾਲ ਸ਼ੁਰੂ ਕਰ ਦਿੱਤਾ। ਇਸ ਪ੍ਰਚਾਰ ਦੇ ਪ੍ਰਤਿਕਰਮ ਵਜੋਂ ਸਿੱਖਾਂ ਵਿਚ ਸਿੰਘ ਸਭਾ ਲਹਿਰ ਦਾ ਜਨਮ ਹੋਇਆ। ਇਸੇ ਹੀ ਸਮੇਂ ਵੈਦਿਕ ਧਰਮ ਦੀ ਪੁਨਰ ਜਾਗ੍ਰਤੀ ਲਈ ਸੁਆਮੀ ਦਯਾਨੰਦ ਨੇ ਆਰੀਆ ਸਮਾਜ ਦੀ ਨੀਂਹ ਰਖੀ। ਪੰਜਾਬ ਵਿਚ ਆਰੀਆ ਸਮਾਜ ਵਲੋਂ ਵੀ ਸਿੱਖ ਵਿਚਾਰਧਾਰਾ ਉਤੇ ਕੁਝ ਹਮਲੇ ਸ਼ੁਰੂ ਹੋ ਗਏ। ਹੁਣ ਸਿੱਖਾਂ ਲਈ ਈਸਾਈ ਮਤ ਦੇ ਪ੍ਰਭਾਵ ਤੋਂ ਬਚਣਾ ਅਤੇ ਆਰੀਆ ਸਮਾਜ ਦੇ ਹਮਲਿਆਂ ਦਾ ਮੁਕਾਬਲਾ ਕਰਨਾ ਜ਼ਰੂਰੀ ਹੋ ਗਿਆ। ਸਿੰਘ ਸਭਾ ਲਹਿਰ ਦਾ ਮੂਲ ਮੰਤਵ ਸਿੱਖ ਧਰਮ ਦੀ ਪੁਨਰ-ਜਾਗ੍ਰਤੀ ਅਤੇ ਸਿੱਖਾਂ ਨੂੰ ਸਿੱਖੀ ਅਸੂਲਾਂ ਵਿਚ ਦ੍ਰਿੜ੍ਹ ਕਰਨਾ ਸੀ। ਇਸ ਮੰਤਵ ਲਈ ਗੁਰਬਾਣੀ ਦਾ ਪ੍ਰਚਾਰ ਇਕ ਸ਼ਕਤੀਸ਼ਾਲੀ ਸਾਧਨ ਸੀ। ਗੁਰਬਾਣੀ ਦੀ ਪੁਨਰ ਵਿਆਖਿਆ ਕਰਕੇ ਨਵੇਂ ਟੀਕੇ ਰਚੇ ਗਏ। ਪਹਿਲੇ ਸੰਪ੍ਰਦਾਈ ਟੀਕੇ ਜਿਨ੍ਹਾਂ ਵਿਚ ਗੁਰਬਾਣੀ ਨੂੰ ਵੇਦ ਅਨੁਸਾਰੀ ਮੰਨਿਆ ਗਿਆ ਸੀ ਹੁਣ ਬਦਲੇ ਹੋਏ ਹਾਲਾਤ ਵਿਚ ਲਾਹੇਵੰਦੇ ਨਹੀਂ ਸਨ ਸਿਧ ਹੋ ਸਕਦੇ ਸਗੋਂ ਕਈ ਹਾਲਤਾਂ ਵਿਚ ਤਾਂ ਇਹ ਟੀਕੇ ਵਿਰੋਧੀਆਂ ਦੀਆਂ ਦਲੀਲਾਂ ਦਾ ਆਧਾਰ ਬਣ ਰਹੇ ਸਨ।[1] ਸਮੇਂ ਦੀ ਮੰਗ ਅਨੁਸਾਰ ਹੁਣ ਗੁਰਬਾਣੀ ਨੂੰ ਇਕ ਸੁਤੰਤਰ ਵਿਚਾਰਧਾਰਾ ਦੇ ਤੌਰ ਤੇ ਵੇਖਿਆ ਜਾਣ ਲੱਗਾ। ਨਾਲੇ ਹੁਣ ਪਛਮ ਦੀ ਵਿਦਿਆ ਦੀ ਰੋਸ਼ਨੀ ਵੀ ਵਿਦਵਾਨਾਂ ਨੂੰ ਪ੍ਰਾਪਤ ਹੋ ਚੁਕੀ ਸੀ। ਇਹ ਲੋਕ ਅੰਗ੍ਰੇਜ਼ੀ ਜ਼ਬਾਨ ਪੜ੍ਹ ਗਏ ਸਨ ਅਤੇ ਪੱਛਮੀ ਸਾਹਿਤ ਨੂੰ ਘੋਖਣ ਲਗ ਪਏ ਸਨ। ਅੰਧ ਵਿਸ਼ਵਾਸ ਦੀ ਥਾਂ ਦਲੀਲ ਪ੍ਰਧਾਨ ਹੁੰਦੀ ਜਾ ਰਹੀ ਸੀ। ਸਿੰਘ ਸਭਈ ਦ੍ਰਿਸ਼ਟੀਕੋਣ ਦੇ ਪ੍ਰਭਾਵ ਅਧੀਨ ਗੁਰਬਾਣੀ ਦੀ ਟੀਕਾਕਾਰੀ ਦੇ ਖੇਤਰ ਵਿਚ ਭਾਈ ਵੀਰ ਸਿੰਘ, ਭਾਈ ਜੋਧ ਸਿੰਘ,

---

1 "ਕਈ ਧਾਰਮਿਕ ਬਹਿਸਾਂ ਵਿਚ ਆਰੀਆ ਸਮਾਜੀਆਂ ਨੇ ਫਰੀਦਕੋਟੀ ਟੀਕੇ ਦਾ ਸਹਾਰਾ ਲੈ ਕੇ ਸਿੱਖਾਂ ਨੂੰ ਹਿੰਦੂਆਂ ਦੀ ਇਕ ਸ਼ਾਖ ਸਿਧ ਕਰਨ ਦਾ ਯਤਨ ਕੀਤਾ।"
—ਡਾ. ਨਿਰਮਲ ਸਿੰਘ, <u>ਇਮਪੈਕਟ ਔਫ ਸਿੰਘ ਸਭਾ ਮੂਵਮੈਂਟ ਔਨ ਪੰਜਾਬੀ ਲਿਟਰੇਚਰ,</u> (ਪੀ-ਐਚ.ਡੀ. ਦੀ ਉਪਾਧੀ ਲਈ ਪ੍ਰਵਾਨਿਤ ਟਾਈਪਡ ਥੀਸਿਸ), ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਚੰਡੀਗੜ੍ਹ, ਪੰਨਾ 205.

ਪ੍ਰਿੰ: ਤੇਜਾ ਸਿੰਘ ਅਤੇ ਪ੍ਰੋ. ਸਾਹਿਬ ਸਿੰਘ ਦੀ ਦੇਣ ਵਿਸ਼ੇਸ਼ ਤੌਰ ਤੇ ਵਰਣਨਯੋਗ ਹੈ। ਭਾਈ ਵੀਰ ਸਿੰਘ ਨੇ ਲਗਪਗ ਅੱਧੇ ਆਦਿ ਗ੍ਰੰਥ ਸਾਹਿਬ ਦਾ ਟੀਕਾ ਸੰਥਯਾ ਪੋਥੀਆਂ ਵਿਚ ਕੀਤਾ ਹੈ। ਭਾਈ ਕਾਨ੍ਹ ਸਿੰਘ ਨਾਭਾ ਦਾ 'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' ਵੀ ਸਿੰਘ ਸਭਾ ਲਹਿਰ ਦੀ ਇਕ ਮਹਾਨ ਦੇਣ ਹੈ। ਪ੍ਰਿੰ: ਤੇਜਾ ਸਿੰਘ ਅਤੇ ਪ੍ਰੋ. ਸਾਹਿਬ ਸਿੰਘ ਨੇ ਗੁਰਬਾਣੀ ਵਿਆਕਰਣ ਨੂੰ ਆਧਾਰ ਬਣਾ ਕੇ ਗੁਰਬਾਣੀ ਦੇ ਟੀਕੇ ਕਰਨੇ ਸ਼ੁਰੂ ਕੀਤੇ (ਗੁਰਬਾਣੀ ਵਿਆਖਿਆ ਲਈ ਗੁਰਬਾਣੀ ਵਿਆਕਰਣ ਨੂੰ ਆਧਾਰ ਬਣਾਉਣ ਦਾ ਮੁੱਢਲਾ ਕਾਰਜ ਮਿਸਟਰ ਟ੍ਰੰਪ ਨੇ 1870 ਈਸਵੀ ਵਿਚ ਕੀਤਾ ਸੀ)।[1] ਇਉਂ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਗੁਰਬਾਣੀ ਦੀ ਟੀਕਾਕਾਰੀ ਨੇ ਇਕ ਨਵਾਂ ਮੋੜ ਕਟਿਆ। ਸੰਪ੍ਰਦਾਈ ਟੀਕੇ ਅਲੋਪ ਹੋਣੇ ਸ਼ੁਰੂ ਹੋ ਗਏ ਅਤੇ ਆਧੁਨਿਕ ਟੀਕੇ ਹੋਂਦ ਵਿਚ ਆਏ ਜਿਨ੍ਹਾਂ ਵਿਚ ਹੇਠ ਲਿਖੀਆਂ ਪ੍ਰਵਿਰਤੀਆਂ ਵਿਸ਼ੇਸ਼ ਤੌਰ ਤੇ ਵੇਖੀਆਂ ਜਾ ਸਕਦੀਆਂ ਹਨ :-

1- ਇਨ੍ਹਾਂ ਟੀਕਿਆਂ ਵਿਚ ਸਮੁਚੀ ਗੁਰਬਾਣੀ ਨੂੰ ਧਿਆਨ ਵਿਚ ਰਖਦਿਆਂ ਹਰ ਤੁਕ ਦੇ ਸਹੀ ਅਰਥ ਨਿਸਚਿਤ ਕਰਨ ਦਾ ਯਤਨ ਕੀਤਾ ਗਿਆ ਹੈ। ਇਕ ਤੁਕ ਦੇ ਇਕ ਅਰਥ ਹੀ ਮੰਨੇ ਗਏ ਹਨ।

2- ਅਰਥ ਸ਼ਬਦ-ਵਿਉਤਪਤੀ ਅਤੇ ਵਿਆਕਰਣ ਨੂੰ ਮੁੱਖ ਰਖ ਕੇ ਕੀਤੇ ਗਏ ਹਨ।

3- ਪੌਰਾਣਿਕ ਕਥਾਵਾਂ ਅਤੇ ਸਾਖੀਆਂ ਦੇਣ ਦੇ ਪੁਰਾਣੇ ਰਿਵਾਜ ਨੂੰ ਲਗਪਗ ਖ਼ਤਮ ਕਰ ਦਿੱਤਾ ਗਿਆ ਹੈ।

4- ਟੀਕਿਆਂ ਵਿਚ ਅਰਥ ਕਰਦੇ ਸਮੇਂ ਗੁਰਮਤ ਨੂੰ ਵੇਦ ਵੇਦਾਂਤ ਤੋਂ ਲਗਭਗ ਸੁਤੰਤਰ ਮੰਨਿਆ ਗਿਆ ਹੈ।

5- ਇਨ੍ਹਾਂ ਟੀਕਿਆਂ ਦੀ ਸ਼ੈਲੀ ਸਾਹਿਤਕ ਤੇ ਭਾਸ਼ਾ ਸਰਲ ਪੰਜਾਬੀ ਹੋ ਗਈ ਹੈ। ਸਾਧ ਭਾਖਾ ਨੁੰਦੀ ਪੰਜਾਬੀ ਦਾ ਯੁਗ ਖ਼ਤਮ ਹੋ ਗਿਆ ਹੈ।

ਉਪਰੋਕਤ ਪ੍ਰਵਿਰਤੀਆਂ ਨੂੰ ਪ੍ਰਦਰਸ਼ਿਤ ਕਰਨ ਵਾਲੇ ਟੀਕੇ ਵਿਚੋਂ ਕੁਝ ਮਿਸਾਲਾਂ ਹੇਠਾਂ ਪੇਸ਼ ਕਰਦੇ ਹਾਂ :-

---

1 Dr. Ernest Trump, The Adi Granth, 1970, Preface, pp.i,vii.

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥

ਪਦ ਅਰਥ ... ਪੜੀਐ - ਪੜ੍ਹ ਕੇ ਬਿਤਾਈ ਜਾਏ । ਆਰਜਾ — ਜਿਤਨੀ ਉਮਰ ਹੈ

ਨੋਟ :- 'ਪੜੀਐ' ਵਿਆਕਰਣ ਅਨੁਸਾਰ ਕਾਲ, ਕਰਮ ਵਾਚ (Passive Voice) ਅੱਨ ਪੁਰਖ, ਇਕ ਵਚਨ ਹੈ। 'ਪੜੀਅਹਿ' ਇਸੇ ਦਾ 'ਬਹੁ ਵਚਨ' ਹੈ। 'ਪੜ੍ਹਹਿ' ਵਰਤਮਾਨ ਕਾਲ, ਕਰਤ੍ਰੀ ਵਾਚ (Active Voice) ਹੈ। ਵਧੀਕ ਸਮਝਣ ਵਾਸਤੇ ਵੇਖੋ 'ਗੁਰਬਾਣੀ ਵਿਆਕਰਣ' ।.......

ਅਰਥ :- ਜੇ ਇਤਨੀਆਂ ਪੋਥੀਆਂ ਪੜ੍ਹ ਲਈਏ, ਜਿਨ੍ਹਾਂ ਨਾਲ ਕਈ ਗੱਡੀਆਂ ਭਰ ਲਈਆਂ ਜਾ ਸਕਣ, ਜਿਨ੍ਹਾਂ ਦੇ ਢੇਰਾਂ ਦੇ ਢੇਰ ਲਗਾਏ ਜਾ ਸਕਣ; ਜੇ ਇਤਨੀਆਂ ਪੁਸਤਕਾਂ ਪੜ੍ਹ ਲਈਏ, ਜਿਨ੍ਹਾਂ ਨਾਲ ਇਕ ਬੇੜੀ ਭਰੀ ਜਾ ਸਕੇ, ਕਈ ਖਾਤੇ ਪੂਰੇ ਜਾ ਸਕਣ; ਜੇ ਪੜ੍ਹ ਪੜ੍ਹ ਕੇ ਸਾਲਾਂ ਦੇ ਸਾਲ ਗੁਜ਼ਾਰੇ ਜਾਣ, ਜੇ ਪੜ੍ਹ ਪੜ੍ਹ ਕੇ ( ਸਾਲ ਦੇ) ਸਾਰੇ ਮਹੀਨੇ ਬਿਤਾ ਦਿੱਤੇ ਜਾਣ; ਜੇ ਪੁਸਤਕਾਂ ਪੜ੍ਹ ਪੜ੍ਹ ਕੇ ਸਾਰੀ ਉਮਰ ਗੁਜ਼ਾਰ ਦਿਤੀ ਜਾਏ, ਜੇ ਪੜ੍ਹ ਪੜ੍ਹ ਕੇ ਉਮਰ ਦੇ ਸਾਰੇ ਸੁਆਸ ਬਿਤਾਏ ਜਾਣ ਤਾਂ ਭੀ ਰੱਬ ਦੀ ਦਰਗਾਹ ਵਿਚ ਇਸ ਵਿਚੋਂ ਕੁਝ ਭੀ ਪਰਵਾਨ ਨਹੀਂ ਹੁੰਦਾ) ।

ਹੇ ਨਾਨਕ ! ਪ੍ਰਭੂ ਦੀ ਦਰਗਾਹ ਵਿਚ ਕੇਵਲ ਪ੍ਰਭੂ ਦੀ ਸਿਫ਼ਤ-ਸਲਾਹ ਕਬੂਲ ਪੈਂਦੀ ਹੈ,(ਪ੍ਰਭੂ ਦੀ ਵਡਿਆਈ ਤੋਂ ਬਿਨਾ) ਕੋਈ ਹੋਰ ਉਦਮ ਕਰਨਾ, ਆਪਣੀ ਹਉਮੈ ਦੇ ਵਿਚ ਹੀ ਭਟਕਦੇ ਫਿਰਨਾ ਹੈ।੧।"[1]

---

1 ਸਾਹਿਬ ਸਿੰਘ, <u>ਆਸਾ ਦੀ ਵਾਰ ਸਟੀਕ</u>, ਸੱਤਵੀਂ ਛਾਪ, ਪੰਨੇ 66- 70.

ਜਦੋਂ ਤੋਂ ਪੰਜਾਬੀ ਭਾਸ਼ਾ ਸਕੂਲਾਂ ਤੇ ਕਾਲਜਾਂ ਵਿਚ ਇਕ ਵਿਸ਼ੇ ਦੇ ਤੌਰ ਤੇ ਪ੍ਰਵਾਣ ਕੀਤੀ ਗਈ ਹੈ, ਵਿਦਿਆਰਥੀਆਂ ਦੀਆਂ ਲੋੜਾਂ ਨੂੰ ਮੁਖ ਰੱਖ ਕੇ ਕਈ ਵਿਦਵਾਨਾਂ ਤੇ ਵਿਦਵਾਨ ਅਧਿਆਪਕਾਂ ਨੇ ਵਖਵਖ ਬਾਣੀਆਂ ਦੇ ਟੀਕੇ ਰਚੇ ਹਨ। ਇਨ੍ਹਾਂ ਟੀਕਿਆਂ ਵਿਚ ਮੁਖ ਬਾਧਾ ਇਹ ਇਸ ਆਉਂਦਾ ਹੈ ਕਿ ਟੀਕਾਕਾਰ ਆਪਣੀ ਪ੍ਰਤਿਭਾ ਦੀ ਪ੍ਰਦਰਸ਼ਨੀ ਕੇਵਲ ਉਸ ਸੀਮਾ ਤਕ ਕਰ ਸਕਦਾ ਹੈ ਜਿਥੋਂ ਤਕ ਸੰਬੰਧਿਤ ਪ੍ਰੀਖਿਆ ਦੇ ਵਿਦਿਆਰਥੀਆਂ ਦੀ ਪੱਧਰ ਹੁੰਦੀ ਹੈ। ਇਸ ਲਈ ਇਨ੍ਹਾਂ ਟੀਕਿਆਂ ਵਿਚ ਟੀਕਾਕਾਰਾਂ ਦੀ ਕੁਲ ( total ) ਪ੍ਰਤਿਭਾ ਦੀ ਪ੍ਰਦਰਸ਼ਨੀ ਨਹੀਂ ਹੋ ਸਕੀ ਅਤੇ ਨਾ ਹੀ ਇਨ੍ਹਾਂ ਟੀਕਿਆਂ ਵਿਚ ਕੋਈ ਨਵੀਆਂ ਪ੍ਰਵਿਰਤੀਆਂ ਉਜਾਗਰ ਹੋਈਆਂ ਹਨ। ਵਰਤਮਾਨ ਸਮੇਂ ਵਿਚ ਟੀਕੇ ਕਰਨ ਵਲ ਵਿਦਵਾਨਾਂ ਦੀ ਕੋਈ ਖਾਸ ਰੁਚੀ ਨਜ਼ਰ ਨਹੀਂ ਆਉਂਦੀ। ਉਨ੍ਹਾਂ ਦੀ ਰੁਚੀ ਸਿਧਾਂਤਾਂ ਨੂੰ ਨਿਸ਼ਚਿਤ ਕਰਨ ਵਲ ਹੋ ਰਹੀ ਹੈ।

*****
***
*

## ਅਧਿਆਇ 3

## 'ਆਸਾ ਦੀ ਵਾਰ' ਦੇ ਟੀਕਿਆਂ ਦਾ ਸਰਵੇਖਣ

*****
***
*

## 'ਆਸਾ ਦੀ ਵਾਰ' ਦੇ ਟੀਕਿਆਂ ਦਾ ਸਰਵੇਖਣ

'ਆਸਾ ਦੀ ਵਾਰ' ਦੇ ਟੀਕਿਆਂ ਦਾ ਇਤਿਹਾਸ ਲਗਭਗ ਪੌਣੇ ਚਾਰ ਸੌ ਸਾਲ ਪੁਰਾਣਾ ਹੈ। ਇਸ ਲੰਮੇ ਸਮੇਂ ਦੇ ਦੌਰਾਨ ਵਖ ਵਖ ਸੰਪ੍ਰਦਾਵਾਂ ਦੇ ਵਿਦਵਾਨਾਂ ਨੇ ਆਪਣੇ ਆਪਣੇ ਦ੍ਰਿਸ਼ਟੀਕੋਣਾਂ ਤੋਂ ਟੀਕੇ ਰਚੇ ਹਨ। ਵਖ ਵਖ ਰੁਚੀਆਂ ਅਧੀਨ, ਵਖ ਵਖ ਮਨੋਰਥਾਂ ਦੀ ਪੂਰਤੀ ਲਈ, ਟੀਕੇ ਰਚੇ ਗਏ ਹਨ, ਜਿਵੇਂ (ੳ) ਧਾਰਮਿਕ ਅਤੇ ਅਧਿਆਤਮਕ ਰੁਚੀਆਂ ਕਾਰਣ 'ਆਸਾ ਦੀ ਵਾਰ' ਦੇ ਅਰਥ ਬੋਧਨ, ਪ੍ਰਚਾਰਨ ਅਤੇ ਪ੍ਰਸਾਰਨ ਲਈ ਲਿਖੇ ਗਏ ਟੀਕੇ; (ਅ) ਨਿਰੋਲ ਵਪਾਰਕ ਰੁਚੀ ਨੂੰ ਮੁਖ ਰਖ ਕੇ ਤਿਆਰ ਕੀਤੇ ਗਏ ਟੀਕੇ; (ੲ) ਵਿਦਿਆਰਥੀਆਂ ਦੀਆਂ ਲੋੜਾਂ ਨੂੰ ਮੁਖ ਰਖ ਕੇ ਲਿਖੇ ਗਏ ਟੀਕੇ। ਦੂਸਰੇ ਅਤੇ ਤੀਸਰੇ ਵਰਗ ਦੇ ਟੀਕੇ ਅਸਲ ਵਿਚ ਸਾਧਾਰਣ ਟੀਕੇ ਹਨ, ਜਿਨ੍ਹਾਂ ਨੂੰ ਕਿਸੇ ਗੰਭੀਰ ਅਧਿਐਨ ਦਾ ਵਿਸ਼ਾ ਨਹੀਂ ਬਣਾਇਆ ਜਾ ਸਕਦਾ। ਪਹਿਲੇ ਵਰਗ ਦੇ ਟੀਕੇ ਹੀ ਵਿਸ਼ੇਸ਼ ਵਿਸ਼ਲੇਸ਼ਣ ਦੀ ਮੰਗ ਕਰਦੇ ਹਨ।

### (ੳ) ਧਾਰਮਿਕ ਅਤੇ ਅਧਿਆਤਮਕ ਰੁਚੀਆਂ ਕਾਰਣ ਰਚੇ ਗਏ ਟੀਕੇ

#### ਭਾਈ ਗੁਰਦਾਸ ਦੀ ਵਿਆਖਿਆ

'ਆਸਾ ਦੀ ਵਾਰ' ਵਿਚ ਆਏ ਕੁਝ ਵਿਚਾਰਾਂ ਅਥਵਾ ਸਿਧਾਂਤਾਂ ਦੀ ਵਿਆਖਿਆ ਭਾਈ ਗੁਰਦਾਸ ਦੀ ਰਚਨਾ ਵਿਚ ਹੋਈ ਮਿਲਦੀ ਹੈ। ਨਮੂਨੇ ਲਈ 'ਆਸਾ ਦੀ ਵਾਰ' ਦੀ ਤੀਜੀ ਪਉੜੀ ਦੀ ਇਕ ਤੁਕ ਦੀ ਵਿਆਖਿਆ ਪੇਸ਼ ਕਰਦੇ ਹਾਂ। ਤੁਕ ਹੈ:

"ਵਡਾ ਹੋਆ ਦੁਨੀਦਾਰੁ, ਗਲਿ ਸੰਗਲੁ ਘਤਿ ਚਲਾਇਆ॥"[1]

ਭਾਈ ਗੁਰਦਾਸ ਲਿਖਦੇ ਹਨ:

"ਉਚੇ ਮਹਲ ਉਸਾਰਿ ਵਿਛਾਇ ਵਿਛਾਵਣੇ।
ਵਡੇ ਦੁਨੀਆਦਾਰ ਨਾਉ ਗਣਾਵਣੇ।
ਕਰਿ ਗੜ੍ਹ ਕੋਟ ਉਸਾਰ ਰਾਜ ਕਮਾਵਣੇ।
ਲਖ ਲਖ ਮਨਸਬਦਾਰ ਵਜਹ ਵਧਾਵਣੇ।

---

1 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 464.

ਪੂਰ ਭਰੇ ਅਹੰਕਾਰ ਆਵਣ ਜਾਵਣੇ ।
ਤਿਤੁ ਸਚੇ ਦਰਬਾਰ ਖਰੇ ਡਰਾਵਣੇ ।"[1]

ਭਾਈ ਗੁਰਦਾਸ ਦੀਆਂ ਪਹਿਲੀਆਂ ਚਾਰ ਸਤਰਾਂ ਵਿਚ 'ਵੱਡਾ ਹੋਆ ਦੁਨੀਦਾਰੁ' ਨੂੰ ਖੋਲ੍ਹ ਕੇ ਦਸਿਆ ਹੈ। ਪੰਜਵੀਂ ਸਤਰ ਵਿਚ ਅਜਿਹੇ ਦੁਨੀਦਾਰਾਂ ਦੇ ਮਨਾਂ ਦੀ ਸਥਿਤੀ ਦਸੀ ਹੈ ਕਿ ਉਹ ਹੰਕਾਰੀ ਹੋ ਜਾਂਦੇ ਹਨ ਅਤੇ ਸਿੱਟੇ ਵਜੋਂ ਆਵਾਗਵਣ ਦੇ ਚਕਰ ਵਿਚ ਫਸੇ ਰਹਿੰਦੇ ਹਨ। ਛੇਵੀਂ ਸਤਰ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਅਜਿਹੇ ਦੁਨੀਦਾਰਾਂ ਨੂੰ 'ਗਲਿ ਸੰਗਲੁ ਘਤਿ' ਕਿਥੇ ਲਿਜਾਇਆ ਜਾਂਦਾ ਹੈ ਅਤੇ ਉਥੇ ਉਨ੍ਹਾਂ ਦੀ ਕੀ ਦਸ਼ਾ ਹੁੰਦੀ ਹੈ।

ਹੋਰ ਦੇਖੋ :-

| ਵਾਰ ਆਸਾ | ਵਾਰਾਂ ਭਾਈ ਗੁਰਦਾਸ |
|---|---|
| ਪਉੜੀ 4 ਸਲੋਕ 1 | ਵਾਰ 18 ਪਉੜੀ 5 |
| ਪਉੜੀ 13 ਸਲੋਕ 1 | ਵਾਰ 1 ਪਉੜੀ 15 |
| ਪਉੜੀ 13 ਸਲੋਕ 2 | ਵਾਰ 1 ਪਉੜੀ 16 |
| ਪਉੜੀ 14 ਸਲੋਕ 1 | ਵਾਰ 36 ਪਉੜੀ 10 |

ਇਸ ਲਈ ਭਾਈ ਗੁਰਦਾਸ, ਜਿਨ੍ਹਾਂ ਨੇ 'ਆਸਾ ਦੀ ਵਾਰ' ਦੀਆਂ ਕੁਝ ਤੁਕਾਂ ਦੀ ਵਿਆਖਿਆ ਕੀਤੀ ਹੈ, ਨੂੰ 'ਆਸਾ ਦੀ ਵਾਰ' ਦਾ ਮੋਢੀ ਵਿਆਖਿਆਕਾਰ ਮੰਨਿਆ ਜਾਣਾ ਚਾਹੀਦਾ ਹੈ।

<u>ਸੋਢੀ ਮਿਹਰਬਾਨ</u>

ਭਾਈ ਗੁਰਦਾਸ ਤੋਂ ਬਾਅਦ ਸੋਢੀ ਮਿਹਰਬਾਨ ਦੇ ਪਰਮਾਰਥ ਮਿਲਦੇ ਹਨ। ਸੋਢੀ ਮਿਹਰਬਾਨ ਕ੍ਰਿਤ ਪੋਥੀ ਸਚ ਖੰਡ ਵਿਚ ਵਿਚਾਰ ਅਧੀਨ ਬਾਣੀ ਦੇ ਦਸ ਸਲੋਕਾਂ ਅਤੇ ਬਾਰਾਂ ਪਉੜੀਆਂ ਦੇ ਪਰਮਾਰਥ ਹਨ। ਪੋਥੀ ਹਰਿ ਜੀ ਵਿਚ ਕੇਵਲ ਇਕ ਸਲੋਕ ਦੇ ਅਤੇ ਪੋਥੀ ਚਤੁਰਭੁਜ ਵਿਚ ਸਤ ਸਲੋਕਾਂ ਦੇ ਪਰਮਾਰਥ ਮਿਲਦੇ ਹਨ। ਇਨ੍ਹਾਂ ਮੰਨਿਆਂ ਦੀਆਂ ਤਿੰਨਾਂ ਪੋਥੀਆਂ ਵਿਚ 'ਆਸਾ ਦੀ ਵਾਰ' ਦੇ ਕੁਲ ਅਠਾਰਾਂ ਸਲੋਕਾਂ ਅਤੇ ਬਾਰਾਂ ਪਉੜੀਆਂ ਦੀ ਵਿਆਖਿਆ ਹੋਈ ਹੈ।

---

1 ਵਾਰ 21, ਪਉੜੀ 14.

ਇਨ੍ਹਾਂ ਤਿੰਨਾਂ ਪੋਥੀਆਂ, ਜਿਨ੍ਹਾਂ ਵਿਚ 'ਆਸਾ ਦੀ ਵਾਰ' ਦੇ ਕੁਝ ਭਾਗ ਦੀ ਵਿਆਖਿਆ ਹੋਈ ਹੈ, ਦੇ ਮੂਲ ਖਰੜੇ ਹੁਣ ਉਪਲਬਧ ਨਹੀਂ ਹਨ। ਸੰਮਤ 1885 ਬਿਕ੍ਰਮੀ ਦੇ ਇਕ ਉਤਾਰੇ ਨੂੰ ਆਧਾਰ ਬਣਾ ਕੇ[1] ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ, ਖਾਲਸਾ ਕਾਲਜ, ਅੰਮ੍ਰਿਤਸਰ ਨੇ ਇਨ੍ਹਾਂ ਤਿੰਨਾਂ ਪੋਥੀਆਂ ਨੂੰ 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' ਦੇ ਨਾਂ ਹੇਠ ਦੋ ਸੈਂਚੀਆਂ ਵਿਚ ਪ੍ਰਕਾਸ਼ਿਤ ਕਰਵਾ ਦਿੱਤਾ ਹੈ। ਪਹਿਲੀ ਸੈਂਚੀ ਸੰਨ 1962 ਈ: ਵਿਚ ਪ੍ਰਕਾਸ਼ਿਤ ਹੋਈ ਅਤੇ ਦੂਜੀ ਸੰਨ 1969 ਈ: ਵਿਚ । ਹਥਲੇ ਅਧਿਐਨ ਲਈ ਇਨ੍ਹਾਂ ਦੋਹਾਂ ਪ੍ਰਕਾਸ਼ਿਤ ਸੈਂਚੀਆਂ ਨੂੰ ਆਧਾਰ ਬਣਾਇਆ ਗਿਆ ਹੈ।

ਪੋਥੀ ਸਚ ਖੰਡ ਦਾ ਰਚਨਾ ਕਾਲ ਕੁਝ ਵਿਦਵਾਨਾਂ ਨੇ 1619 ਈ: ਤੋਂ ਪਹਿਲਾਂ ਮੰਨਿਆ ਹੈ।[2] ਪੋਥੀ ਹਰਿ ਜੀ ਅਤੇ ਪੋਥੀ ਚਤੁਰਭੁਜ ਦੇ ਪੂਰੇ ਹੋਣ ਦਾ ਸੰਮਤ ਇਨ੍ਹਾਂ ਪੋਥੀਆਂ ਦੀਆਂ ਅੰਤ-ਬਚਨੀਆਂ ਵਿਚ ਦਿੱਤਾ ਹੋਇਆ ਹੈ ਜੋ ਕ੍ਰਮਵਾਰ 1707 ਅਤੇ 1708 ਬਿਕ੍ਰਮੀ ਹੈ।[3] ਈਸਵੀ ਸੰਨ ਕ੍ਰਮਵਾਰ 1650 ਅਤੇ 1651 ਬਣਦਾ ਹੈ। ਸੋ ਸਪਸ਼ਟ ਹੈ ਕਿ 'ਆਸਾ ਦੀ ਵਾਰ' ਦੀ ਜੋ ਵਿਆਖਿਆ ਮੀਣਿਆਂ ਨੇ ਕੀਤੀ ਹੈ, ਉਹ 1651 ਈ: ਤਕ ਪੂਰੀ ਹੋ ਚੁੱਕੀ ਸੀ।

ਇਨ੍ਹਾਂ ਤਿੰਨਾਂ ਪੋਥੀਆਂ ਦੇ ਕਰਤਾ ਭਾਵੇਂ ਭਿੰਨ ਭਿੰਨ ਹਨ, ਪਰ ਇਨ੍ਹਾਂ ਤਿੰਨਾਂ ਦਾ ਕਾਤਿਬ ਕੇਸ਼ੋ ਦਾਸ ਬ੍ਰਾਹਮਣ ਹੈ। ਹੁਣ ਇਹ ਤਿੰਨੇ ਪੋਥੀਆਂ ਸੋਢੀ ਮਿਹਰਬਾਨ ਵਾਲੀ ਜਨਮਸਾਖੀ ਦੇ ਨਾਂ ਨਾਲ ਪ੍ਰਸਿੱਧ ਹਨ। ਇਸ ਲਈ, ਸਹੂਲਤ ਖਾਤਰ, ਅਤੇ ਅਸੀਂ 'ਆਸਾ ਦੀ ਵਾਰ' ਦੇ ਇਸ ਟੀਕੇ ਨੂੰ ਸੋਢੀ ਮਿਹਰਬਾਨ ਵਾਲਾ ਟੀਕਾ ਆਖਾਂਗੇ।

---

1 ਦੇਖੋ ਸਿਖ ਹਿਸਟਰੀ ਰਿਸਰਚ ਡੀਪਾਰਟਮੈਂਟ, ਖਾਲਸਾ ਕਾਲਜ, ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ', ਸੈਂਚੀ ਪਹਿਲੀ, ਭੂਮਿਕਾ, ਪੰਨਾ VIII, IX.

2 ਉਹੀ, ਪੰਨਾ VII ; ਗੋਵਿੰਦ ਨਾਥ ਰਾਜਗੁਰੂ, ਸੰਪਾਦਕ, ਹਰਿ ਜੀ ਸੋਢੀ ਕ੍ਰਿਤ ਗੋਸ਼ਟਿ ਗੁਰੂ ਮਿਹਰਵਾਨੁ, ਪ੍ਰਥਮ ਸੰਸਕਰਣ, 1974, ਪੰਨਾ 51.

3 ਖਾਲਸਾ ਕਾਲਜ, ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੈਂਚੀ ਦੂਜੀ, 1969, ਪੰਨੇ 357, 624.

ਇਹ ਟੀਕਾ ਪੁਰਾਤਨ ਪੰਜਾਬੀ ਵਾਰਤਕ ਦਾ ਸੁੰਦਰ ਨਮੂਨਾ ਹੈ। ਟੀਕਾਕਾਰ ਦਾ ਮੁਖ ਪ੍ਰਯੋਜਨ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਬਿਆਨ ਕਰਨਾ ਹੈ। ਗੁਰਬਾਣੀ ਦੀ ਵਿਆਖਿਆ ਮੌਲਿਕ ਹੈ, ਪਰ ਮੂਲ ਸਿਧਾਂਤਾਂ ਦੀ ਡੂੰਘਾਈ ਵਿਚ ਜਾ ਕੇ ਸਿਧਾਂਤਕ ਸ਼ਬਦਾਂ ਦੇ ਮਰਮ ਨੂੰ ਸਮਝਣ ਸਮਝਾਉਣ ਦਾ ਕੋਈ ਯਤਨ ਨਹੀਂ ਕੀਤਾ ਗਿਆ। ਭਾਵੇਂ ਇਹ 'ਆਸਾ ਦੀ ਵਾਰ' ਦਾ ਪ੍ਰਥਮ ਵਾਰਤਕ ਟੀਕਾ ਹੈ ਅਤੇ ਇਸ ਦੀ ਵਿਸ਼ੇਸ਼ ਇਤਿਹਾਸਕ ਮਹੱਤਤਾ ਹੈ ਫਿਰ ਵੀ ਇਹ ਵਿਆਖਿਆ ਭਾਈ ਗੁਰਦਾਸ ਦੀ ਵਿਆਖਿਆ ਦੇ ਮੁਕਾਬਲੇ ਵਿਚ ਸਾਧਾਰਣ ਹੈ।

<u>ਹੱਥ-ਲਿਖਤ ਨੰਬਰ 693 ਸੈਂਟਰਲ ਸਟੇਟ ਲਾਇਬ੍ਰੇਰੀ ਪਟਿਆਲਾ</u>

ਇਸ ਹੱਥ-ਲਿਖਤ ਵਿਚ ਸੋਢੀ ਮਿਹਰਬਾਨ ਕ੍ਰਿਤ 'ਆਸਾ ਦੀ ਵਾਰ' ਦਾ ਇਕ ਟੀਕਾ ਸੁਰੱਖਿਅਤ ਹੈ।[1] ਇਸ ਟੀਕੇ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਹ ਕੋਈ ਨਵੀਂ ਜਾਂ [redacted] ਵਖਰੀ ਰਚਨਾ ਨਹੀਂ ਸਗੋਂ ਪੋਥੀ ਸਚ ਖੰਡ ਵਿਚ ਆ ਚੁਕੀ[2] ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ੇਖ ਬ੍ਰਹਮ ਨਾਲ ਹੋਈ ਗੋਸ਼ਟ ਦਾ ਉਤਾਰਾ ਹੈ। ਇਸ ਗੋਸ਼ਟ ਵਿਚ 'ਆਸਾ ਦੀ ਵਾਰ' ਦੇ ਇਕ ਸਲੋਕ ਅਤੇ ਬਾਰਾਂ ਪਉੜੀਆਂ ਦੇ ਜੋ ਪਰਮਾਰਥ ਮਿਲਦੇ ਹਨ, ਸੈਂਟਰਲ ਸਟੇਟ ਲਾਇਬ੍ਰੇਰੀ, ਪਟਿਆਲਾ ਦੀ ਉਕਤ ਹੱਥ-ਲਿਖਤ ਵਿਚ ਉਹੀ ਪਰਮਾਰਥ ਹਨ।[3]

<u>ਹੱਥ-ਲਿਖਤ ਨੰਬਰ 7258 ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ</u>

ਇਸ ਹੱਥ-ਲਿਖਤ ਵਿਚ ਇਕ ਰਚਨਾ ਸੋਢੀ ਮਿਹਰਬਾਨ ਕ੍ਰਿਤ 'ਪਰਮਾਰਥ ਆਸਾ ਦੀ ਵਾਰ' ਸ਼ਾਮਿਲ ਸੀ।[4] ਇਹ ਵੀ ਉਹੀ ਇਕ ਸ਼ਲੋਕ ਅਤੇ ਬਾਰਾਂ ਪਉੜੀਆਂ ਦੇ ਪਰਮਾਰਥ ਹਨ ਜੋ ਪੋਥੀ ਸਚ ਖੰਡ ਦੀ ਉਪਰ ਕਥਿਤ ਸਾਖੀ ਵਿਚ ਆਏ ਹਨ।

---

1 <u>ਖੋਜ ਪਤ੍ਰਿਕਾ,</u> ਅੰਕ 1, ਪੰਨਾ 92.

2 ਖਾਲਸਾ ਕਾਲਜ ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ <u>ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,</u> ਸੈਂਚੀ ਦੂਜੀ, 1969, ਪੰਨੇ 357, 624.

3 ਇਸ ਹੱਥ-ਲਿਖਤ ਦਾ ਪੰਨਾ 396-432.

4 ਇਸ ਹੱਥ-ਲਿਖਤ ਦਾ ਪੰਨਾ 370-79.

## ਭਾਈ ਮਨੀ ਸਿੰਘ

'ਆਸਾ ਦੀ ਵਾਰ' ਦੇ ਪੁਰਾਤਨ ਟੀਕਿਆਂ ਵਿਚੋਂ ਇਕ ਟੀਕਾ ਭਾਈ ਮਨੀ ਸਿੰਘ ਵਾਲਾ ਹੈ। ਇਹ ਟੀਕਾ ਭਾਈ ਮਨੀ ਸਿੰਘ ਦੇ ਨਾਂ ਨਾਲ ਸੰਬੰਧਿਤ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਗਿਆਨ ਰਤਨਾਵਲੀ) ਵਿਚ ਮਿਲਦਾ ਹੈ। ਜਿਥੇ ਮੀਣਿਆਂ ਦੀ ਜਨਮਸਾਖੀ ਵਿਚ ਕੇਵਲ 12 ਪਉੜੀਆਂ ਅਤੇ 18 ਸਲੋਕਾਂ ਦੇ ਪਰਮਾਰਥ ਹਨ ਉਥੇ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ 24 ਪਉੜੀਆਂ ਅਤੇ 51 ਸਲੋਕਾਂ ਦੀ ਵਿਆਖਿਆ ਮਿਲਦੀ ਹੈ। ਕੇਵਲ ਅੱਠ ਸ਼ਲੋਕਾਂ ਦੀ ਵਿਆਖਿਆ ਨਹੀਂ ਹੈ। ਇਉਂ ਇਹ ਟੀਕਾ ਲਗਭਗ ਪੂਰਾ ਹੈ।

ਇਸ ਟੀਕੇ ਦਾ ਅਸਲ ਕਰਤਾ ਕੌਣ ਹੈ, ਇਹ ਜਾਨਣ ਲਈ ਇਸ ਜਨਮਸਾਖੀ ਦੇ ਕਰਤ੍ਰਿਤਵ ਬਾਰੇ ਵਿਚਾਰ ਕਰਨੀ ਜ਼ਰੂਰੀ ਹੈ ਕਿਉਂਕਿ ਟੀਕਾ ਜਨਮਸਾਖੀ ਦਾ ਹੀ ਭਾਗ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਜਨਮਸਾਖੀ ਦਾ ਕਰਤਾ ਭਾਈ ਮਨੀ ਸਿੰਘ ਨੂੰ ਹੀ ਮੰਨਿਆ ਹੈ। ਉਨ੍ਹਾਂ ਅਨੁਸਾਰ ਸਵਾਰਥੀ ਲੋਕਾਂ ਨੇ ਇਸ ਦਾ ਅਸਲ ਰੂਪ ਨਹੀਂ ਰਹਿਣ ਦਿੱਤਾ ਅਤੇ ਬਹੁਤ ਪ੍ਰਸੰਗ ਘਟਾ ਵਧਾ ਕੇ ਗ੍ਰੰਥ ਵਿਗਾੜ ਛਡਿਆ ਹੈ।[1] ਡਾ. ਮੋਹਨ ਸਿੰਘ ਅਨੁਸਾਰ ਭਾਈ ਮਨੀ ਸਿੰਘ ਦੇ ਇਸ ਜਨਮਸਾਖੀ ਦਾ ਕਰਤਾ ਹੋਣ ਬਾਰੇ ਸਿੱਖਾਂ ਵਿਚ ਸ਼ੰਕਾ ਹੈ।[2] ਡਾ. ਸੁਰਿੰਦਰ ਸਿੰਘ ਕੋਹਲੀ ਅਨੁਸਾਰ, "ਇਸ ਜਨਮਸਾਖੀ ਵਿਚ ਕਈ ਅਜਿਹੀਆਂ ਗੱਲਾਂ ਲਿਖੀਆਂ ਮਿਲਦੀਆਂ ਹਨ, ਜਿਨ੍ਹਾਂ ਨੂੰ ਪੜ੍ਹਕੇ ਇਹ ਮੰਨਣਾ ਔਖਾ ਹੋ ਜਾਂਦਾ ਹੈ ਕਿ ਇਸ ਦੀ ਰਚਨਾ ਭਾਈ ਮਨੀ ਸਿੰਘ ਨੇ ਕੀਤੀ।[3] ਗਿਆਨੀ ਗਰਜਾ ਸਿੰਘ, ਜਿਨ੍ਹਾਂ ਨੇ ਭਾਈ ਮਨੀ ਸਿੰਘ ਦੇ ਜੀਵਨ ਬਾਰੇ ਕਾਫ਼ੀ ਖੋਜ ਕੀਤੀ ਹੈ, ਨੇ ਕਵੀ ਗੁਲਾਬ ਸਿੰਘ ਕ੍ਰਿਤ ਗੁਰ ਪ੍ਰਣਾਲੀ ( 1908 ਬਿਕਰਮੀ) ਦੇ ਆਧਾਰ ਤੇ ਇਸ ਜਨਮਸਾਖੀ ਦਾ ਕਰਤਾ ਭਾਈ ਸੂਰਤ

---

1 ਮਹਾਨ ਕੋਸ਼, ਤੀਜਾ ਸੰਸਕਰਣ, 1974, ਪੰਨਾ 504 ਉਤੇ ਦੇਖੋ ਸ਼ਬਦ 'ਜਨਮਸਾਖੀ'।

2 "It must be recorded that doubt has been cast on the genuineness of Mani Singh's authorship of Janamsakhi." –A History of Punjabi Literature, Second ed. 1956, p.66, Foot Note.

3 ਜਨਮਸਾਖੀ ਭਾਈ ਬਾਲਾ, ਪਹਿਲਾ ਸੰਸਕਰਣ, 1975, ਭੂਮਿਕਾ, ਪੰਨਾ 15.

ਸਿੰਘ ਨੂੰ ਮੰਨਿਆ ਹੈ।[1] ਇਸ ਜਨਮਸਾਖੀ ਵਿਚ ਭਾਈ ਮਨੀ ਸਿੰਘ ਦਾ ਨਾਂ ਅਨਯ ਪੁਰਸ਼ ਵਿਚ ਲਿਖਿਆ ਹੈ ਜਿਸ ਤੋਂ ਸਿੱਧ ਹੁੰਦਾ ਹੈ ਕਿ ਇਸ ਦਾ ਕਰਤਾ ਕੋਈ ਹੋਰ ਹੈ। ਹੁਣ ਲਗਪਗ ਸਾਰੇ ਨਵੀਨ ਖੋਜੀਆਂ ਅਤੇ ਸਿੱਖ ਵਿਦਵਾਨਾਂ ਦੀ ਇਸ ਗੱਲ ਤੇ ਸੰਮਤੀ ਹੈ ਇਸ ਜਨਮਸਾਖੀ ਦਾ ਕਰਤਾ ਭਾਈ ਸੂਰਤ ਸਿੰਘ ਹੀ ਸੀ।[2] ਇਉਂ ਇਸ ਜਨਮਸਾਖੀ ਵਿਚ ਆਏ 'ਆਸਾ ਦੀ ਵਾਰ' ਦੇ ਟੀਕੇ ਦਾ ਕਰਤਾ ਭਾਈ ਸੂਰਤ ਸਿੰਘ ਹੀ ਮੰਨਿਆ ਜਾਵੇਗਾ। ਗਿਆਨੀ ਗਰਜਾ ਸਿੰਘ ਨੇ ਭਾਈ ਸੂਰਤ ਸਿੰਘ ਨੂੰ ਬਾਠ ਪਿੰਡ ਦੇ ਦਸਿਆ ਹੈ।[3] ਪਰ ਨਵੀਨ ਖੋਜ ਭਾਈ ਸਾਹਿਬ ਨੂੰ ਚੰਨਿਓਟ ਨਿਵਾਸੀ ਸਿੱਧ ਕਰਦੀ ਹੈ।[4] ਲਗਪਗ ਸਾਰੇ ਵਿਦਵਾਨਾਂ ਦੀ ਇਹੋ ਰਾਇ ਹੈ ਕਿ ਭਾਈ ਸੂਰਤ ਸਿੰਘ ਭਾਈ ਮਨੀ ਸਿੰਘ ਜੀ ਦੇ ਸ਼ਿਸ਼ ਜਾਂ ਸ਼ਰਧਾਲੂ ਸਨ[5] ਅਤੇ ਉਨ੍ਹਾਂ ਨੇ ਭਾਈ ਮਨੀ ਸਿੰਘ ਜੀ ਦੇ ਵਚਨਾਂ ਦਾ ਸੰਕਲਨ ਕੀਤਾ ਹੈ।

ਇਨ੍ਹਾਂ ਸਾਖੀਆਂ ਨੂੰ ਕਲਮਬੱਧ ਕਰਨ ਦੇ ਸਮੇਂ ਬਾਰੇ ਤਥ ਆਧਾਰਿਤ ਕੋਈ ਸੂਚਨਾ ਕਿਧਰੋਂ ਨਹੀਂ ਮਿਲਦੀ। ਕਵੀ ਸੇਵਾ ਸਿੰਘ ਦੇ ਸ਼ਹੀਦ ਬਿਲਾਸ ਵਿਚ ਭਾਈ ਮਨੀ ਸਿੰਘ ਦੇ

---

1 ਗਿਆਨੀ ਗਰਜਾ ਸਿੰਘ ਨੇ ਗੁਰ ਪ੍ਰਣਾਲੀ ਦੀਆਂ ਹੇਠ ਲਿਖੀਆਂ ਤੁਕਾਂ ਨੂੰ ਆਧਾਰ ਬਣਾਇਆ ਹੈ :-

"ਅਰ ਮਿਹਰਵਾਨ ਕ੍ਰਿਤ ਜਨਮਸਾਖੀ ਹੂ ਲਿਖੀ
ਭਾਈ ਜੀ ਕੀ ਪਹਿਲੀ ਵਾਰ ਮਾਂਹਿ ਐਸੇ ਜਾਨੀਐ।
ਸੂਰਤ ਹੂ ਸਿੰਘ ਕ੍ਰਿਤ ਟੀਕੇ ਮਾਂਹਿ ਜੈਸ ਲਿਖੀ,
ਭਾਖੀ ਬਿਸਾਖ ਮਾਸ ਸੁਦੀ ਤੀਜ ਜਾਨੀਐ।"

—ਗਿਆਨੀ ਗਰਜਾ ਸਿੰਘ, ਸੰਪਾਦਕ, ਸ਼ਹੀਦ ਬਿਲਾਸ ਕ੍ਰਿਤ ਕਵੀ ਸੇਵਾ ਸਿੰਘ, ਦਸੰਬਰ 1961, ਭੂਮਿਕਾ, ਪੰਨਾ 47 ,ਪਦ ਟਿਪਣੀ ਤੇ ਉਧਰਿਤ।

2 ਡਾ. ਸੁਰਿੰਦਰ ਸਿੰਘ ਕੋਹਲੀ, ਸੰਪਾਦਕ ਜਨਮਸਾਖੀ ਭਾਈ ਬਾਲਾ, 1975, ਭੂਮਿਕਾ, ਪੰਨਾ 15; ਡਾ. ਪਿਆਰ ਸਿੰਘ, ਸੰਪਾਦਕ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪਹਿਲਾ ਸੰਸਕਰਣ, ਨਵੰਬਰ 1974, ਭੂਮਿਕਾ, ਪੰਨਾ 10; ਡਾ. ਰਤਨ ਸਿੰਘ ਜੱਗੀ, "ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਾਰਸ਼ਨਿਕ ਅਤੇ ਧਾਰਮਿਕ ਅਧਿਐਨ ਦਾ ਆਲੋਚਨਾਤਮਕ ਸਰਵੇਖਣ", ਨਾਨਕ ਪ੍ਰਕਾਸ਼ ਪੱਤ੍ਰਿਕਾ, ਜਿਲਦ ਅੱਠਵੀਂ, ਦਸੰਬਰ 1976, ਪੰਨਾ 146.

3 ਗਿਆਨੀ ਗਰਜਾ ਸਿੰਘ, ਸੰਪਾਦਕ, ਸ਼ਹੀਦ ਬਿਲਾਸ ਕ੍ਰਿਤ ਕਵੀ ਸੇਵਾ ਸਿੰਘ, ਦਸੰਬਰ 1961, ਭੂਮਿਕਾ, ਪੰਨਾ 33, ਪਦ ਟਿਪਣੀ।

4 ਡਾ. ਤਰਲੋਚਨ ਸਿੰਘ ਬੇਦੀ, ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ, 1972, ਪੰਨਾ 78.

5 ਗਿਆਨੀ ਗਰਜਾ ਸਿੰਘ, ਸੰਪਾਦਕ, ਸ਼ਹੀਦ ਬਿਲਾਸ ਕ੍ਰਿਤ ਕਵੀ ਸੇਵਾ ਸਿੰਘ, 1961, ਭੂਮਿਕਾ ਪੰਨਾ 33, ਪਦ ਟਿਪਣੀ; ਡਾ. ਸੁਰਿੰਦਰ ਸਿੰਘ ਕੋਹਲੀ, ਸੰਪਾਦਕ, ਜਨਮਸਾਖੀ ਭਾਈ ਬਾਲਾ, 19 ਭੂਮਿਕਾ, ਪੰਨਾ 15; ਡਾ. ਪਿਆਰ ਸਿੰਘ, ਸੰਪਾਦਕ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, 19 ਭੂਮਿਕਾ, ਪੰਨਾ 10.

ਸਾਖੀਆਂ ਰਚਣ ਬਾਰੇ ਇਕ ਜ਼ਿਕਰ ਇਉਂ ਮਿਲਦਾ ਹੈ :-

"ਦਖਣ ਦਿਸ ਸਤਿਗੁਰ ਗਏ, ਸੰਗਤ ਭਈ ਉਦਾਸ ।
ਧੀਰਜ ਦੇਵੈ ਮਨੀ ਸਿੰਘ, ਰਚ ਸਾਖੀਆਂ ਖਾਸ ।"[1]

ਇਹ ਸਮਾਂ 1707 ਈ. ਦਾ ਹੈ। ਇਸੇ ਕਰਕੇ ਗਿਆਨੀ ਗਰਜਾ ਸਿੰਘ ਨੇ ਇਸ ਜਨਮਸਾਖੀ ਦਾ ਰਚਨਾ ਕਾਲ 1707 ਈ: ਮੰਨਿਆ ਹੈ।[2] ਜੇ ਕਵੀ ਸੇਵਾ ਸਿੰਘ ਦੀ ਉਪਰੋਕਤ ਗਵਾਹੀ ਨੂੰ ਠੀਕ ਮੰਨ ਲਿਆ ਜਾਵੇ ਤਾਂ ਵੀ ਇਹ ਸਮਾਂ ਭਾਈ ਮਨੀ ਸਿੰਘ ਜੀ ਦੁਆਰਾ ਸਾਖੀਆਂ ਸੁਣਾਏ ਜਾਣ ਦਾ ਹੈ। ਇਹ ਕਲਮਬੰਧ ਹਰ ਹਾਲਤ ਵਿਚ ਪਿਛੋਂ ਕੀਤੀਆਂ ਗਈਆਂ ਹਨ। ਇਨ੍ਹਾਂ ਨੂੰ ਕਲਮਬੰਧ ਕੀਤੇ ਜਾਣ ਦਾ ਸਮਾਂ ਡਾ. ਪਿਆਰ ਸਿੰਘ[3] ਅਨੁਸਾਰ 1725 ਈ: ਤੋਂ 1740 ਈ: ਦੇ ਦਰਮਿਆਨ ਅਤੇ ਡਾ. ਤਰਲੋਚਨ ਸਿੰਘ ਬੇਦੀ[4] ਅਨੁਸਾਰ 1730 ਤੋਂ 1735 ਈ: ਦੇ ਦਰਮਿਆਨ ਦਾ ਹੈ।

ਇਹ ਜਨਮਸਾਖੀ ਦੋ ਵਖ ਵਖ ਪ੍ਰਕਾਸ਼ਕਾਂ ਦੁਆਰਾ ਪ੍ਰਕਾਸ਼ਿਤ ਕੀਤੀ ਜਾ ਚੁੱਕੀ ਹੈ:-

1- ਚਿਰਾਗਦੀਨ ਸਿਰਾਜਦੀਨ, ਲਾਹੌਰ - 1947 ਬਿ: - 600 ਪੰਨੇ

2- ਮਿਹਰ ਚੰਦ ਲਛਮਣ ਦਾਸ, ਲਾਹੌਰ - 1892 ਈ: - 596 ਪੰਨੇ

ਹਥਲੇ ਅਧਿਐਨ ਲਈ ਚਿਰਾਗਦੀਨ ਸਿਰਾਜਦੀਨ ਲਾਹੌਰ ਦੁਆਰਾ ਪ੍ਰਕਾਸ਼ਿਤ ਪੁਸਤਕ ਨੂੰ ਆਧਾਰ ਬਣਾਇਆ ਗਿਆ ਹੈ।

ਇਸ ਟੀਕੇ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਸ ਦਾ ਕਰਤਾ ਹਿੰਦੂ ਧਰਮ ਦਰਸ਼ਨ ਅਤੇ ਹਿੰਦੂ ਮਿਥਿਹਾਸ ਦਾ ਵਿਸ਼ਾਲ ਗਿਆਨ ਰਖਦਾ ਸੀ। ਡਾ. ਮੋਹਨ ਸਿੰਘ ਨੇ ਉਸ ਦੀ ਬੁੱਧੀ ਨੂੰ ਮੱਧਕਾਲੀਨ ਯੁਗ ਦੀ ਗਿਆਨ ਕੋਸ਼ੀ ਬੁੱਧੀ ਮੰਨਿਆ ਹੈ।[5]

---

1 ਗਿਆਨੀ ਗਰਜਾ ਸਿੰਘ, ਸੰਪਾਦਕ, ਸ਼ਹੀਦ ਬਿਲਾਸ ਕ੍ਰਿਤ ਕਵੀ ਸੇਵਾ ਸਿੰਘ, 1961, ਪੰਨਾ 73.

2 ਉਹੀ, ਭੂਮਿਕਾ, ਪੰਨਾ 47.

3 ਡਾ. ਕਿਰਪਾਲ ਸਿੰਘ, ਸੰਪਾਦਕ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੈਂਚੀ ਪਹਿਲੀ, 1962, ਅੰਤਿਕਾ, ਪੰਨਾ 90.

4 ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ, 1972, ਪੰਨਾ 81.

5 "His was a typically mediaeval encyclopaedic mind and culture."
—A History of Punjabi Literature, 2nd.ed., 1956, p.65.

ਭਾਵੇਂ ਸੋਢੀ ਮਿਹਰਬਾਨ ਵਾਂਗ ਇਸ ਟੀਕਾਕਾਰ ਦਾ ਮੁਖ ਪ੍ਰਯੋਜਨ ਵੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਬਿਆਨ ਕਰਨਾ ਹੈ, ਫਿਰ ਵੀ ਜਦੋਂ ਗੁਰੂ ਜੀ ਦੇ ਜੀਵਨ ਦੀ ਕਿਸੇ ਘਟਨਾ ਨੂੰ ਬਿਆਨ ਕਰਨ ਲੱਗਾ ਲੇਖਕ ਗੁਰਬਾਣੀ ਦੇ ਅਰਥਾਂ ਵਲ ਆਉਂਦਾ ਹੈ ਤਾਂ ਉਹ ਪੂਰੀ ਤਰ੍ਹਾਂ ਗੁਰਬਾਣੀ ਦੀ ਵਿਆਖਿਆ ਵਿਚ ਰੁੱਝ ਜਾਂਦਾ ਹੈ। ਉਥੇ ਉਸ ਦਾ ਪ੍ਰਯੋਜਨ ਗੁਰੂ ਜੀ ਦੀਆਂ ਜੀਵਨ ਘਟਨਾਵਾਂ ਬਿਆਨ ਕਰਨ ਦੀ ਥਾਂ ਗੁਰਬਾਣੀ ਦੀ ਵਿਆਖਿਆ ਕਰਨਾ ਹੀ ਪ੍ਰਤੀਤ ਹੁੰਦਾ ਹੈ। ਇਸ ਟੀਕੇ ਦੀ ਭਾਸ਼ਾ ਸੋਢੀ ਮਿਹਰਬਾਨ ਦੇ ਟੀਕੇ ਦੇ ਮੁਕਾਬਲੇ ਵਿਚ ਵਧੇਰੇ ਸਰਲ ਤੇ ਸਪਸ਼ਟ ਹੈ। ਇਸ ਟੀਕੇ ਵਿਚ ਵਿਆਖਿਆਤਮਕ ਤੇ ਦਾਰਸ਼ਨਿਕ ਸ਼ੈਲੀ ਦਾ ਮਿਸ਼ਰਣ ਹੈ। ਜਿਥੇ ਕਿਧਰੇ ਕਿਸੇ ਮੂਲ ਸਿਧਾਂਤ ਜਾਂ ਸੰਕਲਪ ਦੀ ਵਿਆਖਿਆ ਹੈ, ਉਥੇ ਵਿਸ਼ੇਸ਼ ਕਰਕੇ ਸ਼ੈਲੀ ਦਾਰਸ਼ਨਿਕ ਹੈ।

<u>ਹੱਥ ਲਿਖਤ ਨੰਬਰ 4467 ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ</u>

ਇਹ ਹੱਥ-ਲਿਖਤ ਸਿੱਖ ਵਿਦਵਾਨਾਂ ਲਈ ਇਕ ਲੰਮਾ ਸਮਾਂ ਬੁਝਾਰਤ ਬਣੀ ਰਹੀ ਹੈ। ਇਹ 'ਆਸਾ ਦੀ ਵਾਰ' ਦਾ ਇਕ ਟੀਕਾ ਸੀ। ਕਾਫ਼ੀ ਸਮਾਂ ਇਸ ਟੀਕੇ ਨੂੰ ਆਨੰਦਘਨ ਰਚਿਤ ਸਮਝਿਆ ਜਾਂਦਾ ਰਿਹਾ ਹੈ ਕਿਉਂਕਿ ਜਿਸ ਖਰੜੇ ਵਿਚ ਇਹ ਰਚਨਾ ਸ਼ਾਮਿਲ ਸੀ, ਉਸ ਵਿਚ ਆਨੰਦਘਨ ਕ੍ਰਿਤ ਜਪੁਜੀ ਦਾ ਟੀਕਾ ਵੀ ਸ਼ਾਮਿਲ ਸੀ। ਫਰਵਰੀ 1957 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ 'ਸੂਚੀ-ਪੱਤ੍ਰ ਪੰਜਾਬੀ (ਗੁਰਮੁਖੀ) ਪੁਸਤਕਾਂ ਸਿਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ',ਭਾਗ ਦੂਜਾ, ਪੰਨਾ 54 ਉਤੇ ਇਸ ਟੀਕੇ ਨੂੰ ਆਨੰਦਘਨ ਕ੍ਰਿਤ ਦਸਿਆ ਗਿਆ ਹੈ। ਸੰਨ 1963 ਵਿਚ ਭਾਸ਼ਾ ਵਿਭਾਗ, ਪੰਜਾਬ ਦੁਆਰਾ ਪ੍ਰਕਾਸ਼ਿਤ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਡਾ. ਪਿਆਰ ਸਿੰਘ ਨੇ 'ਆਸਾ ਦੀ ਵਾਰ' ਦੇ ਇਸ ਟੀਕੇ ਨੂੰ ਆਨੰਦਘਨ ਕ੍ਰਿਤ ਮੰਨਿਆ ਹੈ।[1] ਸੰਨ 1968 ਵਿਚ ਸ: ਸ਼ਮਸ਼ੇਰ ਸਿੰਘ ਅਸ਼ੋਕ ਦੀ ਪੁਸਤਕ 'ਸਾਡਾ ਹੱਥਲਿਖਤ ਪੰਜਾਬੀ ਸਾਹਿਤ' ਪ੍ਰਕਾਸ਼ਿਤ ਹੋਈ। ਇਸ ਵਿਚ ਅਸ਼ੋਕ ਜੀ ਨੇ ਪਹਿਲੀ ਵਾਰ 'ਆਸਾ ਦੀ ਵਾਰ' ਦੇ ਇਸ ਟੀਕੇ ਦਾ ਕਰਤਾ 'ਨਾ-ਮਾਲੂਮ' ਮੰਨਿਆ ਹੈ।[2] ਸੰਨ 1970 ਵਿਚ

---

1 ਮੱਧਕਾਲ, ਪੰਨਾ 113.

2 ਪੰਨਾ 196.

ਭਾਸ਼ਾ ਵਿਭਾਗ, ਪੰਜਾਬ ਲਈ ਡਾ. ਰਤਨ ਸਿੰਘ ਜੱਗੀ ਨੇ ਆਨੰਦਘਨ ਕ੍ਰਿਤ ਗੁਰਬਾਣੀ ਦੇ ਟੀਕਿਆਂ ਦਾ ਸੰਪਾਦਨ ਕੀਤਾ ਤਾਂ ਉਨ੍ਹਾਂ ਨੇ ਇਹ ਨਿਰਣਾ ਕੀਤਾ ਕਿ ਇਹ ਟੀਕਾ ਆਨੰਦਘਨ ਕ੍ਰਿਤ ਨਹੀਂ ਕਿਉਂਕਿ ਇਸਦੀ ਸ਼ੈਲੀ ਆਨੰਦਘਨ ਦੀ ਸ਼ੈਲੀ ਨਾਲ ਮੇਲ ਨਹੀਂ ਖਾਂਦੀ।[1] ਪਰ ਉਨ੍ਹਾਂ ਇਹ ਸਪਸ਼ਟ ਨਹੀਂ ਕੀਤਾ ਕਿ ਇਹ ਟੀਕਾ ਕਿਸਦੀ ਰਚਨਾ ਹੈ। ਇਸ ਸ਼ੋਧ-ਪ੍ਰਬੰਧ ਦੇ ਲੇਖਕ ਨੇ 'ਆਸਾ ਦੀ ਵਾਰ' ਦੇ ਹੋਰ ਟੀਕਿਆਂ ਦੇ ਨਾਲ ਨਾਲ ਇਸ ਹੱਥਲਿਖਤ ਦਾ ਵੀ ਅਧਿਐਨ ਕੀਤਾ, ਤਾਂ ਸਪੱਸ਼ਟ ਹੋਇਆ ਕਿ ਇਹ ਟੀਕਾ ਭਾਈ ਮਨੀ ਸਿੰਘ ਦੇ ਨਾਂ ਨਾਲ ਸੰਬੰਧਿਤ 'ਗਿਆਨ ਰਤਨਾਵਲੀ' ਵਿਚ ਆਏ 'ਆਸਾ ਦੀ ਵਾਰ' ਦੇ ਟੀਕੇ ਦਾ ਉਤਾਰਾ ਹੈ।[2] ਇਸ ਹੱਥਲਿਖਤ ਵਿਚ ਵੀ ਉਨ੍ਹਾਂ ਅਠ ਸਲੋਕਾਂ ਦੇ ਅਰਥ ਨਹੀਂ ਹਨ ਜਿਹੜੇ 'ਗਿਆਨ ਰਤਨਾਵਲੀ' ਵਿਚ ਆਏ ਟੀਕੇ ਵਿਚ ਨਹੀਂ ਮਿਲਦੇ।

<u>ਹੱਥਲਿਖਤ ਨੰਬਰ ਐਮ/688 ਪੁਰਾਤਤਵ ਵਿਭਾਗ ਪੰਜਾਬ ਪਟਿਆਲਾ</u>

ਇਹ ਹੱਥਲਿਖਤ 'ਸਾਖੀ ਭਾਈ ਗੁਰਦਾਸ' (ਭਗਤਮਾਲ ਸਿਖਾਂ ਦੀ) ਹੈ। ਇਸ ਖਰੜੇ ਦੇ ਪੰਨਾ 371/ੳ ਤੋਂ 451/ਅ ਤਕ 'ਆਸਾ ਦੀ ਵਾਰ' ਦਾ ਟੀਕਾ ਹੈ। ਇਸ ਟੀਕੇ ਵਿਚ ਸਲੋਕਾਂ ਸਮੇਤ ਪਹਿਲੀਆਂ 15 ਪਉੜੀਆਂ ਦੇ ਅਰਥ ਹਨ। ਇਸ ਟੀਕੇ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਹ 'ਗਿਆਨ ਰਤਨਾਵਲੀ' ਵਿਚ ਆ ਚੁਕੇ 'ਆਸਾ ਦੀ ਵਾਰ' ਦੇ ਟੀਕੇ ਦਾ ਉਤਾਰਾ ਹੈ।

<u>ਸਵਾਮੀ ਆਨੰਦਘਨ</u>

ਸਵਾਮੀ ਆਨੰਦਘਨ ਦੇ 'ਆਸਾ ਦੀ ਵਾਰ' ਦੇ ਟੀਕੇ ਦਾ ਪ੍ਰਥਮ ਉਲੇਖ ਉਨ੍ਹਾਂ ਦੇ 'ਸਿਧ ਗੋਸਟਿ' ਅਤੇ 'ਆਨੰਦ' ਬਾਣੀਆਂ ਦੇ ਟੀਕਿਆਂ ਵਿਚ ਮਿਲਦਾ ਹੈ।[3]

---

1 <u>ਗੁਰਬਾਣੀ ਟੀਕੇ : ਆਨੰਦਘਨ</u>, 1970, ਪੰਨਾ 11.

2 ਦੇਖੋ ਚਿਰਾਗੁਦੀਨ ਸਿਰਾਜਦੀਨ ਲਾਹੌਰ ਦੁਆਰਾ ਪ੍ਰਕਾਸ਼ਿਤ <u>ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ</u>, 1947 ਬਿਕਰਮੀ, ਪੰਨਾ 65-105 ਅਤੇ ਹੱਥਲਿਖਤ ਨੰ: 4467, ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ, ਪੰਨਾ 272/ੳ- 326/ਅ; ਜਨਮਸਾਖੀ, ਪੰਨਾ 118-28 ਅਤੇ ਹੱਥਲਿਖਤ ਨੰਬਰ 4467, ਪੰਨਾ 343/ੳ - 356/ਅ; ਜਨਮਸਾਖੀ, ਪੰਨਾ 188-92 ਅਤੇ ਹੱਥਲਿਖਤ ਨੰਬਰ 4467, ਪੰਨਾ 435/ਅ- 443/ਅ.

3 ਡਾ. ਰਤਨ ਸਿੰਘ ਜੱਗੀ, <u>ਗੁਰਬਾਣੀ ਟੀਕੇ: ਆਨੰਦਘਨ</u>, 1970, ਪੰਨਾ 258, 283, 288, 321- 2, 324.

ਭਾਈ ਵੀਰ ਸਿੰਘ ਨੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਦੀ ਪ੍ਰਸਤਾਵਨਾ', ਪੋਥੀ ਪਹਿਲੀ ਵਿਚ ਆਨੰਦਘਨ ਕ੍ਰਿਤ 'ਆਸਾ ਦੀ ਵਾਰ' ਦੇ ਟੀਕੇ ਦਾ ਉਲੇਖ ਨਿਮਨ ਲਿਖਤ ਸ਼ਬਦਾਂ ਵਿਚ ਕੀਤਾ ਹੈ:-

> "ਆਨੰਦ ਘਨ ਨੇ ਸ੍ਰੀ ਜਪੁਜੀ ਦਾ ਟੀਕਾ 1852 ਵਿਚ,
> ਆਰਤੀ ਦਾ 1853 ਵਿਚ ਅਤੇ ਆਸਾ ਦੀ ਵਾਰ ਦਾ
> 1956 ਬਿ: ਵਿਚ ਕੀਤਾ ਸੀ।"[1]

'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਦੀ ਪ੍ਰਸਤਾਵਨਾ', ਪੋਥੀ ਪਹਿਲੀ, ਦਾ ਪ੍ਰਕਾਸ਼ਨ ਕਾਲ ਇਸ ਪੁਸਤਕ ਵਿਚ ਕਿਧਰੇ ਸਪਸ਼ਟ ਨਹੀਂ ਕੀਤਾ ਗਿਆ। ਭਾਈ ਵੀਰ ਸਿੰਘ ਨੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦਾ ਸੰਪਾਦਨ 1920 ਈ: ਤੋਂ ਲੈ ਕੇ 1935 ਈ. ਤਕ ਕੀਤਾ ਹੈ।[2] ਪ੍ਰਸਤਾਵਨਾ ਵਾਲੀ ਉਕਤ ਪੋਥੀ ਦੀ ਭੂਮਿਕਾ ਵਿਚ ਆਪ ਨੇ ਲਿਖਿਆ ਹੈ ਕਿ ਇਹ ਪਹਿਲੀ ਪੋਥੀ ਸਭ ਤੋਂ ਪਿਛੋਂ ਤਿਆਰ ਹੋਈ ਹੈ। ਸੋ, ਇਸ ਦਾ ਰਚਨਾ-ਕਾਲ 1935 ਈ: ਮੰਨਿਆ ਜਾ ਸਕਦਾ ਹੈ। ਭਾਵ ਇਹ ਹੈ ਕਿ 1935 ਈ. ਵਿਚ ਭਾਈ ਸਾਹਿਬ ਨੇ ਆਨੰਦ-ਘਨ ਕ੍ਰਿਤ 'ਆਸਾ ਦੀ ਵਾਰ' ਦੇ ਟੀਕੇ ਦਾ ਰਚਨਾ ਕਾਲ ਸਪੱਸ਼ਟ ਕਰ ਦਿੱਤਾ ਸੀ।

ਭਾਈ ਵੀਰ ਸਿੰਘ ਦੀ 'ਪੰਜ ਗ੍ਰੰਥੀ ਸਟੀਕ' ਦਾ ਸੰਸ਼ੋਧਿਤ ਸੰਸਕਰਣ ਪਹਿਲੀ ਵਾਰ 1940 ਈ: ਵਿਚ ਪ੍ਰਕਾਸ਼ਿਤ ਹੋਇਆ ਅਤੇ ਇਸ ਵਿਚ ਆਏ 'ਆਸਾ ਦੀ ਵਾਰ' ਦੇ ਟੀਕੇ ਦੀਆਂ ਪਦ ਟਿਪਣੀਆਂ ਵਿਚ ਭਾਈ ਸਾਹਿਬ ਨੇ ਆਨੰਦਘਨ ਕ੍ਰਿਤ 'ਆਸਾ ਦੀ ਵਾਰ' ਦੇ ਟੀਕੇ ਦੇ ਕਈ ਹਵਾਲੇ ਦਿੱਤੇ ਹਨ ਜਿਸ ਤੋਂ ਪਤਾ ਲਗਦਾ ਹੈ ਕਿ ਇਸ ਪੁਸਤਕ ਦੀ ਤਿਆਰੀ ਸਮੇਂ ਭਾਈ ਵੀਰ ਸਿੰਘ ਕੋਲ 'ਆਸਾ ਦੀ ਵਾਰ' ਦਾ ਆਨੰਦਘਨ ਦਾ ਟੀਕਾ ਵੀ ਮੌਜੂਦ ਸੀ।

ਡਾ. ਗੋਵਿੰਦ ਨਾਥ ਰਾਜਗੁਰੂ ਨੇ ਆਪਣੇ ਸ਼ੋਧ-ਪ੍ਰਬੰਧ 'ਗੁਰਮੁਖੀ ਲਿਪੀ ਮੇਂ ਹਿੰਦੀ ਗੱਦ' (ਪ੍ਰਕਾਸ਼ਿਤ 1969 ਈ:) ਵਿਚ ਭਾਈ ਵੀਰ ਸਿੰਘ ਦੇ ਹਵਾਲੇ ਨਾਲ ਆਨੰਦਘਨ ਕ੍ਰਿਤ 'ਆਸਾ ਦੀ ਵਾਰ' ਦੇ ਟੀਕੇ ਦਾ ਰਚਨਾ ਕਾਲ 1856 ਬਿ: ਦਿੱਤਾ ਹੈ।[3]

---

1 ਪਹਿਲੀ ਛਾਪ, ਪੰਨਾ 111 ਦੀ ਪਦ ਟਿਪਣੀ ।

2 *ਖੋਜ ਪਤ੍ਰਿਕਾ*, ਅੰਕ 5, ਭਾਈ ਵੀਰ ਸਿੰਘ ਸਾਹਿਤ ਦਰਪਨ, ਪਿਛਲੇ ਪੰਨਿਆਂ ਉਤੇ ਦਿੱਤਾ ਰਚਨਾ ਬਿਉਰਾ ।

3 ਪ੍ਰਥਮ ਸੰਸਕਰਣ, ਪੰਨਾ 144, ਪਦ ਟਿਪਣੀ 3.

ਆਨੰਦਘਨ ਕ੍ਰਿਤ ਗੁਰਬਾਣੀ ਟੀਕੇ ਭਾਸ਼ਾ ਵਿਭਾਗ, ਪੰਜਾਬ ਨੇ ਸੰਨ 1970 ਈ: ਵਿਚ ਪ੍ਰਕਾਸ਼ਿਤ ਕੀਤੇ ਸਨ। ਇਨ੍ਹਾਂ ਦਾ ਸੰਪਾਦਨ ਡਾ. ਰਤਨ ਸਿੰਘ ਜੱਗੀ ਨੇ ਕੀਤਾ ਹੈ। 'ਆਸਾ ਦੀ ਵਾਰ' ਦੇ ਟੀਕੇ ਬਾਰੇ ਉਨ੍ਹਾਂ ਨਿਮਨ ਲਿਖਿਤ ਸ਼ਬਦ ਦਰਜ ਕੀਤੇ ਹਨ:-

> "ਛੇਵਾਂ ਟੀਕਾ 'ਆਸਾ ਦੀ ਵਾਰ' ਦਾ ਹੈ। ..... ਪਰ ਕਾਫ਼ੀ ਭਾਲ ਕਰਨ ਦੇ ਬਾਵਜੂਦ ਇਸਦੀ ਕੋਈ ਪੋਥੀ ਵੀ ਕਿਤੋਂ ਪ੍ਰਾਪਤ ਨਹੀਂ ਹੋ ਸਕੀ। ..... ਉਂਜ ਅਨੁਮਾਨ ਹੈ ਕਿ 'ਆਸਾ ਦੀ ਵਾਰ' ਦੇ ਟੀਕੇ ਦੀ ਰਚਨਾ 1854-1857 ਬਿ. ਵਿਚਾਲੇ ਹੋਈ ਹੋਵੇਗੀ ਕਿਉਂਕਿ ਇਕ ਤਾਂ ਇਸ ਦੌਰਾਨ ਵਿਚ ਉਨ੍ਹਾਂ ਦੀ ਹੋਰ ਕੋਈ ਰਚਨਾ ਉਪਲਬਧ ਨਹੀਂ ਅਤੇ ਦੂਜੇ ਇਸ ਤੋਂ ਬਾਅਦ ਰਚੇ ਗਏ ਟੀਕਿਆਂ ਵਿਚ ਇਸ ਟੀਕੇ ਦੇ ਹਵਾਲੇ ਮਿਲਦੇ ਹਨ।"[1]

ਉਪਰੋਕਤ ਟੂਕ ਵਿਚ ਦੋ ਗੱਲਾਂ ਮਹੱਤਵਪੂਰਣ ਹਨ:-

1- ਆਨੰਦਘਨ ਕ੍ਰਿਤ 'ਆਸਾ ਦੀ ਵਾਰ' ਦੇ ਟੀਕੇ ਨੂੰ ਅਪ੍ਰਾਪਤ ਕਰਾਰ ਦਿੱਤਾ ਗਿਆ ਹੈ।

2- ਇਸ ਦੇ ਰਚਨਾ ਕਾਲ ਬਾਰੇ ਅਨੁਮਾਨ ਲਗਾਇਆ ਗਿਆ ਹੈ।

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਇਸ ਟੀਕੇ ਬਾਰੇ ਭਾਈ ਵੀਰ ਸਿੰਘ ਅਤੇ ਡਾ.ਰਾਜਗੁਰੂ ਦੇ ਜਿਹੜੇ ਹਵਾਲੇ ਅਸੀਂ ਉਪਰ ਦਿੱਤੇ ਹਨ, ਉਹ ਵਿਦਵਾਨ ਸੰਪਾਦਕ ਦੀ ਨਜ਼ਰ ਵਿਚ ਨਹੀਂ ਆਏ। ਜੇ ਉਨ੍ਹਾਂ ਦੇ ਸਾਮ੍ਹਣੇ ਇਹ ਹਵਾਲੇ ਹੁੰਦੇ ਤਾਂ ਉਹ ਰਚਨਾ ਕਾਲ 1856 ਬਿ: ਦਿੰਦੇ ਅਤੇ ਪੋਥੀ ਨੂੰ ਅਪ੍ਰਾਪਤ ਕਰਾਰ ਦੇਣ ਦੀ ਬਜਾਏ ਭਾਈ ਵੀਰ ਸਿੰਘ ਦੇ ਖ਼ਾਨਦਾਨ ਵਿਚੋਂ ਢੂੰਡ ਲਿਆਉਂਦੇ । ਘਟੋ ਘਟ ਇਹ ਪੋਥੀ ਭਾਈ ਵੀਰ ਸਿੰਘ ਦੇ ਕੋਲ ਹੋਣ ਬਾਰੇ ਜ਼ਰੂਰ ਦਸਦੇ।

ਸੰਨ 1972 ਈ: ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਿਤ 'ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਪਹਿਲੀ ਜਿਲਦ ਦੀ ਭੂਮਿਕਾ ਵਿਚ ਡਾ. ਬਲਬੀਰ ਸਿੰਘ

---

1 ਭੂਮਿਕਾ, ਪੰਨਾ 11.

ਨੇ ਇਹ ਦੁਰਲੱਭ ਟੀਕਾ ਆਪਣੇ ਕੋਲ ਹੋਣ ਦਾ ਸੰਕੇਤ ਦਿੱਤਾ ਅਤੇ ਦਸਿਆ ਕਿ "ਇਸ ਦੇ ਅਖੀਰ ਵਲ ਲਿਖਿਆ ਹੈ :-

ਇਤ ਸ੍ਰੀ ਗੁਰ ਨਾਨਕ ਵੰਸ ਪ੍ਰਸੂਤ ਤਸਮ ਪੁਰਖ
ਸ੍ਰੀ ਗੁਰੂ ਰਾਮ ਦਿਆਲ ਸਿਖ ਅਨੰਦ ਘਨ ਵਿਰਚਿਤਾ
ਆਸਾ ਵਾਰ ਸਮਾਪਤੇ ।

ਸੰਮਤ ਦੀ ਸੂਚਨਾ ਇਸ ਪ੍ਰਕਾਰ ਦਿੱਤੀ ਹੈ:-

ਸੋਰਠਾ । ਸਾਸਤ੍ਰ ਅਧਿਕ ਹੈ ਜਾਸ ਸੰਮਤ ਪੁਰਾਣੁ ਸਤ
ਅਰਧ ਸਤ ਕੀਨੇ ਲਿਖਨ ਬਿਲਾਸ ਕਲਸ ਮਾਸ ਸੰਕਰਪੁਰੀ।

ਇਹ ਸੰਮਤ 1856 ਬਣਦਾ ਹੈ ਜੋ ਈਸਵੀ ਦੇ ਲਿਹਾਜ਼ ਨਾਲ ਸੰਨ 1799 ਹੈ।"[1]

ਇਹ ਟੀਕਾ ਅਜੇ ਤਕ ਅਪ੍ਰਕਾਸ਼ਿਤ ਹੈ ਅਤੇ ਡਾ. ਬਲਬੀਰ ਸਿੰਘ ਵਾਲੀ ਪਰਤੀ ਤੋਂ ਸਿਵਾ ਇਸਦੀ ਕਿਸੇ ਹੋਰ ਪਰਤੀ ਦਾ ਅਜੇ ਤਕ ਪਤਾ ਨਹੀਂ ਲੱਗ ਸਕਿਆ। ਇਸ ਸ਼ੋਧ-ਪ੍ਰਬੰਧ ਦੇ ਲੇਖਕ ਨੇ ਅਪ੍ਰੈਲ 1978 ਵਿਚ ਕੁਝ ਸਮਾਂ ਡੇਹਰਾਦੂਨ ਰਹਿ ਕੇ ਇਸ ਟੀਕੇ ਦਾ ਅਧਿਐਨ ਕੀਤਾ ਸੀ। ਇਹ ਟੀਕਾ ਇਸ ਸਮੇਂ ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਡੇਹਰਾਦੂਨ ਦੇ ਪੁਸਤਕਾਲੇ ਵਿਚ ਹੈ ਅਤੇ ਇਸ ਹੱਥਲਿਖਤ ਦਾ ਨੰਬਰ 2 ਹੈ। ਇਹ ਮੂਲ ਖਰੜਾ ਨਹੀਂ ਹੈ। ਇਸਦੇ ਪਤਰਾ 112 ਉਤੇ ਉਤਾਰੇ ਦਾ ਸੰਮਤ ਇਉਂ ਦਰਜ ਹੈ :-

"ਵਾਰ ਲਿਖੀ ਟੀਕੇ ਸਹਿਤ ਕੁਛਕੇ ਉਪਰ ਬੁਧਵਾਰ
ਸਾਵਣ 22 ॥ ਸੰਮਤ ੧੯੨੬ ॥"[2]

ਜਿਸ ਖਰੜੇ ਵਿਚ ਇਹ ਟੀਕਾ ਸ਼ਾਮਿਲ ਹੈ ਉਸ ਵਿਚ ਇਸ ਟੀਕੇ ਤੋਂ ਬਾਅਦ ਭਵਿਖ ਪੁਰਾਣ, ਅੰਮ੍ਰਿਤਸਰ ਮਹਾਤਮ ਅਤੇ ਫਿਰ ਹੋਰ ਬਾਣੀ ਦਰਜ ਹੈ ਪਰ ਸਾਰੇ ਖਰੜੇ ਵਿਚ ਕਿਧਰੇ ਵੀ

---

1 ਭੂਮਿਕਾ, ਪੰਨਾ 7.

2 ਉਤਾਰੇ ਦਾ ਸੰਮਤ ਦੇਣ ਵੇਲੇ ਲੇਖਕ ੧੯੨੬ ਦੇ ੬ ਦੀ ਉਤਲੀ ਘੁੰਡੀ ਪਉਣੀ ਭੁਲ ਗਿਆ ਹੈ। ਬਾਕੀ ਪੰਨਿਆਂ ਦੇ ਅੰਕ ਦੇਖ ਕੇ ਸਪਸ਼ਟ ਹੋ ਜਾਂਦਾ ਹੈ ਕਿ ਇਹ ੬ ਹੀ ਹੈ ਕਿਉਂਕਿ ਉਸਦੇ ੮ ਜਾਂ ੯ ਦੀ ਬਣਤਰ ੬ ਨਾਲ ਮੇਲ ਨਹੀਂ ਖਾਂਦੀ ।

ਉਤਾਰਾ ਕਰਨ ਵਾਲੇ ਦਾ ਨਾਂ ਪਤਾ ਨਹੀਂ ਮਿਲਦਾ ਅਤੇ ਨਾ ਹੀ ਇਹ ਪਤਾ ਲਗਦਾ ਹੈ ਕਿ 'ਆਸਾ ਦੀ ਵਾਰ' ਦਾ ਇਹ ਟੀਕਾ ਮੂਲ ਖਰੜੇ ਤੋਂ ਉਤਾਰਿਆ ਗਿਆ ਹੈ ਜਾਂ ਕਿਸੇ ਹੋਰ ਉਤਾਰੇ ਤੋਂ। ਟੀਕੇ ਵਿਚ ਗੁਰਬਾਣੀ ਦੇ ਸ਼ਬਦ-ਜੋੜਾਂ ਦੀਆਂ ਬਹੁਤ ਗਲਤੀਆਂ ਹਨ। ਇਸ ਦੇ ਪਹਿਲੇ ਪੰਨੇ ਉਤੇ ਹੀ ਇਕ ਸੋਰਠਾ ਦਰਜ ਹੈ ਜੋ ਟੀਕਾਕਾਰ ਬਾਰੇ ਜਾਣਕਾਰੀ ਦੇਂਦਾ ਹੈ:-

"ਸੋਰਠਾ ॥ ਨਿਜ ਮਤਿ ਕੇ ਨਿਰਧਾਰ ਵਾਰ ਕਰੀ ਨਾਨਕ ਗੁਰੂ ॥
ਤਾਂ ਕੇ ਅਰਥ ਵੀਚਾਰ ਅਨੰਦ ਘਨ ਟੀਕਾ ਕਰੀ ॥"

ਪੰਨਾ 111/ਅ ਉਤੇ ਇਕ ਹੋਰ ਸੋਰਠਾ ਵੀ ਟੀਕਾਕਾਰ ਬਾਰੇ ਜਾਣਕਾਰੀ ਦੇਂਦਾ ਹੈ:-

"ਸੋਰਠਾ ॥ ਗੁਰ ਨਾਨਕ ਉਰਧਾਰ ਅਨੰਦ ਘਨ ਟੀਕਾ ਕਰੀ ॥
ਪਾਵੈ ਅਲਖ ਅਪਾਰ ਜੋ ਇਸ ਪਗ ਦ੍ਰਿੜਤਾ ਕਰੈ ॥"

'ਆਸਾ ਦੀ ਵਾਰ' ਦੀ ਟੀਕਾਕਾਰੀ ਦੇ ਇਤਿਹਾਸ ਵਿਚ ਇਸ ਦੀਆਂ ਨਿਮਨ ਲਿਖਤ ਵਿਸ਼ੇਸ਼ਤਾਵਾਂ ਹਨ:-

ੳ) 'ਆਸਾ ਦੀ ਵਾਰ' ਦਾ ਇਹ ਪਹਿਲਾ ਸੰਪੂਰਣ ਟੀਕਾ ਹੈ।

ਅ) ਜਿਥੇ ਇਸ ਤੋਂ ਪਹਿਲੇ ਟੀਕੇ ਮਿਹਰਬਾਨ ਸੰਪ੍ਰਦਾਇ ਅਤੇ ਗਿਆਨੀ ਸੰਪ੍ਰਦਾਇ ਦੀ ਵਿਚਾਰਧਾਰਾ ਦੀ ਪ੍ਰਤਿਨਿਧਤਾ ਕਰਦੇ ਹਨ, ਉਥੇ ਇਹ ਉਦਾਸੀ ਸੰਪ੍ਰਦਾਇ ਦੀ ਵਿਚਾਰਧਾਰਾ ਦੀ ਪ੍ਰਤਿਨਿਧਤਾ ਕਰਨ ਵਾਲਾ ਪ੍ਰਥਮ ਟੀਕਾ ਹੈ।

ੲ) ਇਸ ਤੋਂ ਪਹਿਲੇ ਟੀਕਿਆਂ ਵਿਚ ਇਤਨੀ ਵਿਸਤ੍ਰਿਤ ਵਿਆਖਿਆ ਨਹੀਂ, ਜਿੰਨੀ ਇਸ ਵਿਚ ਹੈ।

ਸ) ਇਸ ਟੀਕੇ ਵਿਚ ਉਨ੍ਹਾਂ ਸਾਰੀਆਂ ਬ੍ਰਾਹਮਣੀ ਰੁਚੀਆਂ ਦਾ ਪ੍ਰਭਾਵ ਸਮਾਇਆ ਹੋਇਆ ਮਿਲਦਾ ਹੈ ਜੋ ਸਵਾਮੀ ਆਨੰਦਘਨ ਦੇ ਸਮੇਂ ਤਕ ਉਦਾਸੀ ਸੰਤਾਂ ਦੇ ਮਠਾਂ ਵਿਚ ਪਰਿਪੱਕ ਹੋ ਚੁਕੀਆਂ ਸਨ।

ਗਿਆਨੀ ਬਦਨ ਸਿੰਘ ਸੇਖਵਾਂ

'ਆਸਾ ਦੀ ਵਾਰ' ਦਾ ਅਗਲਾ ਟੀਕਾ ਗਿਆਨੀ ਬਦਨ ਸਿੰਘ ਕ੍ਰਿਤ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ' ਵਿਚ ਮਿਲਦਾ ਹੈ। ਆਦਿ ਗ੍ਰੰਥ ਸਾਹਿਬ ਦੇ ਇਸ ਟੀਕੇ ਦਾ ਪ੍ਰਸਿਧ ਨਾਂ ਫਰੀਦਕੋਟੀ ਟੀਕਾ ਹੈ ਕਿਉਂਕਿ ਇਹ ਟੀਕਾ ਗਿਆਨੀ ਜੀ ਕੋਲੋਂ ਦਰਬਾਰ ਫਰੀਦਕੋਟ ਨੇ ਕਰਵਾ

ਕੇ ਪ੍ਰਕਾਸ਼ਿਤ ਕੀਤਾ ਸੀ। ਗਿਆਨੀ ਬਦਨ ਸਿੰਘ ਆਪਣੇ ਸਮੇਂ ਦੇ ਪ੍ਰਸਿਧ ਨਿਰਮਲ ਵਿਦਵਾਨ ਸਨ। ਉਨ੍ਹਾਂ ਨੇ ਇਹ ਟੀਕਾ 1877 ਈ: ਵਿਚ ਆਰੰਭਿਆ ਅਤੇ 1883 ਈ: ਵਿਚ ਸੰਪੂਰਣ ਕੀਤਾ।[1]

ਇਸ ਟੀਕੇ ਦੀ ਭੂਮਿਕਾ ਵਿਚ ਗਿਆਨੀ ਜੀ ਨੇ ਆਪ ਲਿਖਿਆ ਹੈ ਕਿ ਇਸ ਵਿਚ ਸੰਪ੍ਰਦਾਈ ਅਰਥ ਹਨ।[2] ਡਾ. ਬਲਬੀਰ ਸਿੰਘ ਅਨੁਸਾਰ ਵੀ "ਇਹ ਟੀਕਾ ਸੰਪ੍ਰਦਾਈ ਪ੍ਰਣਾਲੀ ਦਾ ਹੀ ਅਨੁਸਰਣ ਹੈ।"[3] ਡਾ. ਬਲਬੀਰ ਸਿੰਘ ਨੇ ਇਹ ਵੀ ਲਿਖਿਆ ਹੈ ਕਿ ਗਿਆਨੀ ਚੰਦਾ ਸਿੰਘ ਜੀ ਦੇ ਪਰਚਿਆਂ ਨੇ ਸੁਧਾਈ ਸਮੇਂ ਇਸ ਟੀਕੇ ਨੂੰ ਸੰਪ੍ਰਦਾਈ ਅਰਥਾਂ ਅਨੁਸਾਰ ਢਾਲਣ ਵਿਚ ਬਹੁਤ ਅਸਰ ਪਾਇਆ ਹੈ।[4] ਕਈ ਵਿਦਵਾਨ ਇਸ ਟੀਕੇ ਨੂੰ ਨਿਰਮਲ ਸੰਪ੍ਰਦਾਇ ਦਾ ਮੰਨਦੇ ਹਨ[5] ਕਿਉਂਕਿ ਗਿਆਨੀ ਬਦਨ ਸਿੰਘ ਨਿਰਮਲੇ ਸਨ। ਅਸਲ ਵਿਚ, ਇਕ ਨਿਰਮਲ ਵਿਦਵਾਨ, ਜੋ ਸੰਪ੍ਰਦਾਈ ਅਰਥਾਂ ਦੇ ਵੀ ਵਿਸ਼ੇਸ਼ਗ ਸਨ, ਨੇ ਇਹ ਟੀਕਾ ਤਿਆਰ ਕੀਤਾ ਹੈ। ਭਾਵੇਂ ਟੀਕਾ ਕਰਨ ਸਮੇਂ ਅਤੇ ਪਿਛੋਂ ਇਕ ਕਮੇਟੀ ਦੁਆਰਾ ਸੁਧਾਈ ਹੋਣ ਸਮੇਂ ਇਸ ਟੀਕੇ ਨੂੰ ਸੰਪ੍ਰਦਾਈ ਅਰਥਾਂ ਅਨੁਸਾਰ ਰਖਣ ਦਾ ਯਤਨ ਕੀਤਾ ਗਿਆ ਹੈ ਪਰ ਫਿਰ ਵੀ ਇਸ ਟੀਕੇ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਨਿਰਮਲਿਆਂ ਦੀ ਵਿਚਾਰਧਾਰਾ ਇਸ ਟੀਕੇ ਵਿਚ ਥਾਂ ਥਾਂ ਪ੍ਰਵੇਸ਼ ਕਰ ਗਈ ਹੈ।[6] ਸਿਟੇ ਵਜੋਂ ਇਹ

---

1 ਆਦਿ ਸ੍ਰੀ ਗੁਰ ਗ੍ਰੰਥ ਸਾਹਿਬ ਜੀ ਸਟੀਕ (ਫਰੀਦਕੋਟੀ ਟੀਕਾ), 1970, ਜਿਲਦ 1, ਭੂਮਿਕਾ, ਪੰਨਾ ੳ।

2 ਉਹੀ।

3 ਭਾਈ ਵੀਰ ਸਿੰਘ, ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਪਹਿਲੀ, ਤੀਜੀ ਛਾਪ, ਮਾਰਚ 1972, ਭੂਮਿਕਾ, ਪੰਨਾ 'ਚ'।

4 ਉਹੀ, ਪੰਨਾ 'ਕ'।

5 ਡਾ. ਰਤਨ ਸਿੰਘ ਜੱਗੀ, "ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਾਰਸ਼ਨਿਕ ਅਤੇ ਧਾਰਮਿਕ ਅਧਿਐਨ ਦਾ ਆਲੋਚਨਾਤਮਕ ਸਰਵੇਖਣ," ਨਾਨਕ ਪ੍ਰਕਾਸ਼ ਪਤ੍ਰਿਕਾ, ਜਿਲਦ ਅਠਵੀਂ, ਦਸੰਬਰ 1976, ਪੰਨਾ 147; ਡਾ. ਸੁਰਿੰਦਰ ਸਿੰਘ, ਨਿਰਮਲੇ ਸੰਤਾਂ ਦੀ ਪੰਜਾਬੀ ਸਾਹਿਤ ਨੂੰ ਦੇਣ (ਪੀ-ਐਚ.ਡੀ. ਦੀ ਉਪਾਧੀ ਲਈ ਪ੍ਰਵਾਨਿਤ ਥੀਸਿਸ), ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਚੰਡੀਗੜ੍ਹ।

6 ਸਾਡੀ ਇਸ ਧਾਰਣਾ ਦੀ ਪ੍ਰਸ਼ਟੀ ਲਈ 'ਆਸਾ ਦੀ ਵਾਰ' ਦੀ ਇਕ ਤੁਕ 'ਨਾਨਕ ਹੁਕਮੀ ਲਿਖੀਐ ਲੇਖੁ' ਦੇ ਅਰਥ ਹੀ ਕਾਫ਼ੀ ਹਨ :-

'ਗੁਰੂ ਜੀ ਕਹਿਤੇ ਹੈਂ (ਹੁਕਮੀ) ਆਗਿਆ ਕਰਨੇ ਹਾਰੇ ਅਕਾਲ ਪੁਰਖ ਨੇ ਯੇਹ ਲੇਖ ਬੇਦ ਮੇ ਲਿਖਾ ਹੈ।" — ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਫਰੀਦਕੋਟੀ ਟੀਕਾ), ਜਿਲਦ 2, 1970, ਪੰਨਾ 988.

ਚਲਦਾ...15

ਟੀਕਾ ਕਈ ਥਾਈਂ ਵੇਦ ਮੁਖੀ ਹੋ ਗਿਆ ਹੈ। ਇਸੇ ਕਰਕੇ ਹੀ ਸਿੰਘ ਸਭਾਵਾਂ ਅਤੇ ਖਾਲਸਾ ਦੀਵਾਨਾਂ ਨੇ ਇਸ ਦਾ ਦੂਜਾ ਸੰਸਕਰਣ ਛਪਣ ਤੋਂ ਪਹਿਲਾਂ ਹੋਰ ਸੁਧਾਈ ਦੀ ਮੰਗ ਕੀਤੀ ਹੈ।[1]

ਫਰੀਦਕੋਟੀ ਟੀਕੇ ਵਿਚੋਂ 'ਆਸਾ ਦੀ ਵਾਰ' ਦੇ ਟੀਕੇ ਦਾ ਅਧਿਐਨ ਕਰਦਿਆਂ ਪਤਾ ਲਗਦਾ ਹੈ ਕਿ ਇਸ ਦਾ ਕਰਤਾ ਭਾਰਤੀ ਦਰਸ਼ਨ ਅਤੇ ਸੰਸਕ੍ਰਿਤ ਭਾਸ਼ਾ ਦੇ ਗਿਆਨ ਨਾਲ ਸੰਪੰਨ ਵਿਅਕਤੀ ਸੀ। ਭਾਵੇਂ ਸਿੰਘ ਸਭਾ ਵਰਗੀ ਸ਼ਕਤੀਸ਼ਾਲੀ ਲਹਿਰ ਦਾ ਆਰੰਭ ਹੋ ਚੁੱਕਾ ਸੀ, ਪਰ ਉਸ ਨੇ ਇਸ ਦਾ ਪ੍ਰਭਾਵ ਨਹੀਂ ਕਬੂਲਿਆ। ਇਸ ਟੀਕੇ ਦੀ ਸ਼ੈਲੀ ਸਮੁਚੇ ਤੌਰ ਤੇ ਸੰਜਮਮਈ ਹੈ ਅਤੇ ਭਾਸ਼ਾ ਸਾਧ-ਭਾਸ਼ਾ ਹੈ।

## ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਕ੍ਰਿਤ 'ਆਸਾ ਦੀ ਵਾਰ' ਦਾ ਟੀਕਾ ਪਹਿਲੀ ਵਾਰ 1898 ਈ:[2] ਵਿਚ ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ 'ਪੰਜ ਗ੍ਰੰਥੀ ਸਟੀਕ' ਵਿਚ ਮਿਲਦਾ ਹੈ। ਇਸ ਟੀਕੇ ਵਿਚ ਭਾਵੇਂ ਮੂਲ ਰੂਪ ਵਿਚ ਵਧੇਰੇ ਗਿਆਨੀ ਸੰਪ੍ਰਦਾਇ ਵਾਲੀ ਅਰਥ ਪ੍ਰਣਾਲੀ ਵਾਲਾ ਹੀ ਹੈ ਪਰ ਸੰਪ੍ਰਦਾਇ ਦੀ ਟੀਕਾਕਾਰੀ ਵਿਚ ਜਿਹੜੇ ਅਣ-ਆਵੱਸ਼ਕ ਅੰਸ਼ ਸਮੇਂ ਦੇ ਬੀਤਣ ਨਾਲ ਆ ਮਿਲੇ ਸਨ, ਉਸ ਸਭ ਨੂੰ ਭਾਈ ਸਾਹਿਬ ਦੀ ਬੁਧ ਵਿਵੇਕ ਨੇ ਸਾਫ਼ ਕਰ ਦਿੱਤਾ ਹੈ ਜਿਸ ਦੇ ਸਿੱਟੇ

---

ਪਿਛਲੇ ਪੰਨੇ ਤੋਂ...

ਇਸ ਵਿਆਖਿਆ ਵਿਚ 'ਬੇਦ' ਸ਼ਬਦ ਵਿਸ਼ੇਸ਼ ਤੌਰ ਤੇ ਧਿਆਨ ਯੋਗ ਹੈ। ਨਿਰਮਲੇ ਸੰਤ ਵੇਦਾਂ ਪ੍ਰਤਿ ਬਹੁਤ ਸ਼ਰਧਾ ਰਖਦੇ ਹਨ। ਉਹ ਆਦਿ ਗ੍ਰੰਥ ਦੀ ਵਿਚਾਰਧਾਰਾ ਨੂੰ ਵੇਦ ਤੋਂ ਸੁਤੰਤਰ ਨਹੀਂ ਮੰਨਦੇ। ਇਸੇ ਲਈ 'ਹੁਕਮੀ ਲਿਖਿਆ ਲੇਖ' ਦੇ ਅਰਥ ਹੁਕਮੀ ਨੇ ਵੇਦ ਵਿਚ ਲਿਖਿਆ ਮੰਨੇ ਹਨ।

1 *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ* (ਫਰੀਦਕੋਟੀ ਟੀਕਾ) ਜਿਲਦ 1,1970, ਭੂਮਿਕਾ, ਪੰਨਾ 'ਅ'।

2 ਡਾ. ਬਲਬੀਰ ਸਿੰਘ, *ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ*, ਪਹਿਲੀ ਜਿਲਦ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1972, ਭੂਮਿਕਾ, ਪੰਨਾ 91 ਸੰਨ 1972 ਵਿਚ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਆਪਣੇ ਰਸਾਲੇ *'ਖੋਜ ਪਤ੍ਰਿਕਾ'* ਦੇ ਪਰਿਸ਼ਿਸ਼ਟ ਵਜੋਂ ਜੋ 'ਭਾਈ ਵੀਰ ਸਿੰਘ ਸਾਹਿਤ ਦਰਪਨ' ਪ੍ਰਕਾਸ਼ਿਤ ਕੀਤਾ ਹੈ, ਉਸ ਵਿਚ ਭਾਈ ਸਾਹਿਬ ਦੀ ਪੰਜ ਗ੍ਰੰਥੀ ਸਟੀਕ ਦੀ ਪਹਿਲੀ ਛਾਪ ਦਾ ਸਾਲ 1906 ਈ. ਦਿਤਾ ਗਿਆ ਹੈ ਜੋ ਸ਼ੁਧ ਨਹੀਂ ਹੈ (ਦੇਖੋ ਅੰਕ 5, ਪਿਛਲੇ ਪੰਨਿਆਂ ਉਤੇ ਦਿੱਤਾ ਰਚਨਾ-ਬਿਉਰਾ)। ਭਾਈ ਵੀਰ ਸਿੰਘ ਕ੍ਰਿਤ ਪੰਜ ਗ੍ਰੰਥੀ ਸਟੀਕ ਦੀ ਇਕ ਛਾਪ 1901 ਈ. ਦੀ ਵੀ ਹੈ। (ਦੇਖੋ ਡਾ. ਨਿਰਮਲ ਸਿੰਘ, ਇਮਪੈਕਟ ਔਫ਼ ਸਿੰਘ ਸਭਾ ਮੂਵਮੈਂਟ ਔਨ ਪੰਜਾਬੀ ਲਿਟਰੇਚਰ, ਪੀ-ਐਚ.ਡੀ. ਦੀ ਉਪਾਧੀ ਲਈ ਪ੍ਰਵਾਣਿਤ ਟਾਈਪਡ ਥੀਸਿਸ, ਵਿਚ ਦਿੱਤੀ ਪੁਸਤਕ ਸੂਚੀ ਦਾ ਕ੍ਰਮ ਨੰਬਰ 19, ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਚੰਡੀਗੜ੍ਹ)।

ਵਜੋਂ ਟੀਕੇ ਵਿਚ ਸ਼ੁਧਤਾ ਅਤੇ ਨਿਖਾਰ ਆ ਗਏ ਸਨ। ਬਹੁਤੇ ਵਿਸਤਾਰ ਤੋਂ ਭਾਈ ਸਾਹਿਬ ਨੇ ਗੁਰੇਜ਼ ਕੀਤਾ ਹੈ। ਇਸ ਟੀਕੇ ਵਿਚ ਜਿਥੇ ਅਰਥ ਦਿੱਤੇ ਗਏ ਹਨ ਉਥੇ ਹਰ ਇਕ ਸ਼ਲੋਕ ਅਤੇ ਪਉੜੀ ਦੇ ਨਾਲ ਹੀ ਉਸ ਸਲੋਕ ਜਾਂ ਪਉੜੀ ਵਿਚਲੀ ਸਾਮਗ੍ਰੀ ਬਾਰੇ ਅਤਿ ਸੰਖੇਪ ਸੰਕੇਤ ਕਮਾਨੀਆਂ ( brackets ) ਵਿਚ ਦਿੱਤੇ ਗਏ ਹਨ। 'ਆਸਾ ਦੀ ਵਾਰ' ਦੇ ਕਿਸੇ ਟੀਕੇ ਵਿਚ ਪਾਠਕਾਂ ਦੀ ਸਹੂਲਤ ਲਈ ਇਸ ਕਿਸਮ ਦਾ ਇਹ ਪਹਿਲਾ ਜਤਨ ਹੈ।

ਖਾਲਸਾ ਟ੍ਰੈਕਟ ਸੁਸਾਇਟੀ ਦੀ ਸਥਾਪਨਾ 1894 ਈ: ਵਿਚ ਹੋਈ ਹੈ। ਸੁਸਾਇਟੀ ਦੀ ਕਾਰਜ ਸੂਚੀ ਵਿਚ ਇਕ ਕੰਮ ਗੁਰਬਾਣੀ ਦੇ ਟੀਕੇ ਪ੍ਰਕਾਸ਼ਿਤ ਕਰਨਾ ਵੀ ਸੀ। ਭਾਈ ਵੀਰ ਸਿੰਘ ਦੇ ਕੀਤੇ ਹੋਏ ਗੁਰਬਾਣੀ ਦੇ ਟੀਕੇ ਟ੍ਰੈਕਟਾਂ ਦੀ ਸ਼ਕਲ ਵਿਚ ਛਪਣ ਲਗੇ। ਇਨ੍ਹਾਂ ਟ੍ਰੈਕਟਾਂ ਵਿਚ ਹੀ ਕਈ ਵਾਰ ਭਾਈ ਸਾਹਿਬ ਦਾ ਕੀਤਾ ਹੋਇਆ 'ਆਸਾ ਦੀ ਵਾਰ' ਦਾ ਟੀਕਾ ਛਪਿਆ।[1] ਇਨ੍ਹਾਂ ਟ੍ਰੈਕਟਾਂ ਵਿਚ ਛਪਿਆ ਟੀਕਾ ਖਾਲਸਾ ਟ੍ਰੈਕਟ ਸੋਸਾਇਟੀ ਨੇ 1909-10 ਈ: ਵਿਚ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕਰ ਦਿੱਤਾ ਅਤੇ ਪਿਛੋਂ ਇਹ ਟੀਕਾ ਖਾਲਸਾ ਟ੍ਰੈਕਟ ਸੋਸਾਇਟੀ ਦੀ ਆਗਿਆ ਨਾਲ ਭਾ: ਪ੍ਰਤਾਪ ਸਿੰਘ ਸੁੰਦਰ ਸਿੰਘ, ਪੁਸਤਕਾਂ ਵਾਲੇ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਨੇ ਭੀ ਪ੍ਰਕਾਸ਼ਿਤ ਕੀਤਾ। ਇਸ ਟੀਕੇ ਵਿਚਲੇ ਅਰਥ ਭਾਵੇਂ ਲਗਭਗ 'ਪੰਜ ਗ੍ਰੰਥੀ ਸਟੀਕ' ਵਾਲੇ ਹੀ ਹਨ ਪਰ ਭਾਈ ਸਾਹਿਬ ਨੇ ਇਸ ਵਿਚ, ਜਿਥੇ ਲੋੜ ਸਮਝੀ ਹੈ, ਉਥੇ ਔਖੇ ਸ਼ਬਦਾਂ ਦੇ ਵਖਰੇ ਅਰਥ ਭੀ ਦਿੱਤੇ ਹਨ ਅਤੇ ਕੁਝ ਹੋਰ ਮਹੱਤਵਪੂਰਣ ਵਾਧੇ ਵੀ ਕੀਤੇ ਹਨ। ਹਰ ਇਕ ਸਲੋਕ ਅਤੇ ਪਉੜੀ ਦੇ ਅਰਥਾਂ ਦੇ ਨਾਲ ਹੀ ਭਾਵਾਰਥ ਭੀ ਦਿੱਤੇ ਗਏ ਹਨ। ਇਹ ਭਾਵਾਰਥ, ਆਮ ਤੌਰ ਤੇ, ਅਰਥਾਂ ਨਾਲੋਂ ਵੱਧ ਵਿਸਥਾਰਮਈ ਹਨ ਅਤੇ ਇਨ੍ਹਾਂ ਰਾਹੀਂ ਅਰਥਾਂ ਦੀਆਂ ਗੁੰਝਲਾਂ ਨੂੰ ਖੋਲ੍ਹ ਕੇ ਉਨ੍ਹਾਂ ਨੂੰ ਹੋਰ ਸਪਸ਼ਟ ਕੀਤਾ ਗਿਆ ਹੈ। ਜਿਥੇ ਕਿਸੇ ਸਲੋਕ ਜਾਂ ਪਉੜੀ ਵਿਚ ਗੁਰੂ ਸਾਹਿਬ ਦਾ ਦਾ ਕੋਈ ਵਿਸ਼ੇਸ਼ ਸਿਧਾਂਤ ਜਾਂ ਉਪਦੇਸ਼ ਹੈ ਉਥੇ "ਸਿਧਾਂਤ" ਜਾਂ "ਉਪਦੇਸ਼" ਸਿਰਲੇਖ ਹੇਠ ਇਸਨੂੰ ਭੀ ਸਪਸ਼ਟ ਕੀਤਾ ਗਿਆ ਹੈ। ਇਉਂ ਇਹ ਟੀਕਾ ਪਾਠਕਾਂ ਲਈ ਬੜਾ ਉਪਯੋਗੀ ਸਿਧ ਹੁੰਦਾ ਹੈ।

---

1 ਟ੍ਰੈਕਟ ਨੰਬਰ 387, 397, 406, 407, 1078, 1079, 1207-09, 1213.

ਸੰਨ 1940 ਈ: ਵਿਚ, ਪਹਿਲੀ ਵਾਰ, ਭਾਈ ਸਾਹਿਬ ਦੀ ਸੰਸ਼ੋਧਿਤ 'ਪੰਜ ਗ੍ਰੰਥੀ ਸਟੀਕ' ਪ੍ਰਕਾਸ਼ਿਤ ਹੋਈ। ਭਾਈ ਵੀਰ ਸਿੰਘ ਦੀ ਬਿਰਤੀ ਜਿਗਿਆਸੂ ਅਤੇ ਖੋਜੀ ਵਾਲੀ ਸੀ। ਗੁਰਬਾਣੀ ਨਾਲ ਉਨ੍ਹਾਂ ਦੀ ਭਾਰੀ ਲਿਵ ਜੁੜੀ ਹੋਈ ਸੀ। ਸੰਨ 1909-10 ਈ: ਤੋਂ ਲੈ ਕੇ ਸੰਸ਼ੋਧਿਤ 'ਪੰਜ ਗ੍ਰੰਥੀ ਸਟੀਕ' ਵਿਚ ਪ੍ਰਕਾਸ਼ਿਤ ਟੀਕੇ ਤਿਆਰ ਕਰਨ ਸਮੇਂ ਤਕ ਉਨ੍ਹਾਂ ਨੇ ਗੁਰਬਾਣੀ ਨਾਲ ਸੰਬੰਧਿਤ ਵਖ ਵਖ ਗ੍ਰੰਥਾਂ ਅਤੇ ਹੋਰ ਧਰਮਾਂ ਦੇ ਗ੍ਰੰਥਾਂ ਦਾ ਗੰਭੀਰ ਅਧਿਐਨ ਕੀਤਾ ਸੀ ਜਿਸ ਦਾ ਸਬੂਤ ਸੰਸ਼ੋਧਿਤ ਛਾਪ ਵਿਚ ਪ੍ਰਕਾਸ਼ਿਤ 'ਆਸਾ ਦੀ ਵਾਰ' ਦੇ ਟੀਕੇ ਤੋਂ ਸਪਸ਼ਟ ਮਿਲਦਾ ਹੈ। ਭਾਵੇਂ ਭਾਈ ਸਾਹਿਬ ਦੇ ਪਹਿਲਾਂ ਕੀਤੇ ਅਰਥਾਂ ਵਿਚ ਬਹੁਤਾ ਵਿਕਾਸ ਹੋਇਆ ਨਹੀਂ ਜਾਪਦਾ ਪਰ ਜੋ ਅਰਥ ਉਨ੍ਹਾਂ ਕੀਤੇ ਸਨ, ਉਨ੍ਹਾਂ ਅਰਥਾਂ ਦੀ ਪੁਸ਼ਟੀ ਲਈ ਵਖ ਵਖ ਗ੍ਰੰਥਾਂ ਵਿਚੋਂ ਉਨ੍ਹਾਂ ਨੂੰ ਬਹੁਤ ਹਵਾਲੇ ਮਿਲੇ ਜਿਨ੍ਹਾਂ ਨੂੰ ਇਸ ਟੀਕੇ ਦੀਆਂ ਪਦ-ਟਿਪਣੀਆਂ ਵਿਚ ਦਰਜ ਕੀਤਾ ਗਿਆ ਹੈ। ਆਪਣੇ ਅਰਥਾਂ ਦੀ ਪੁਸ਼ਟੀ ਲਈ ਉਨ੍ਹਾਂ ਨੇ ਗੁਰਬਾਣੀ ਤੋਂ ਇਲਾਵਾ ਸਾਮਵੇਦ, ਪਾਣਨੀਯ ਸੂਤ੍ਰ, ਉਪਨਿਸ਼ਦਾਂ, ਵਿਸ਼ਨੂੰ ਪੁਰਾਣ, ਭਾਈ ਗੁਰਦਾਸ ਦੀ ਰਚਨਾ, ਭਾਈ ਨੰਦ ਲਾਲ ਦੀ ਰਚਨਾ, ਪੁਰਾਤਨ ਜਨਮਸਾਖੀ, ਸੰਪ੍ਰਦਾਈ ਅਰਥਾਂ, ਮੇਘ ਸਿੰਘ ਕਵੀ ਕ੍ਰਿਤ ਬਿਜ[illegible] ਵਿਨੋਦ, ਅਤੇ ਸ੍ਰੀ ਗੁਰੂ ਗ੍ਰੰਥ ਕੋਸ਼ ( ਰਚਿਤ ਗਿਆਨੀ ਹਜ਼ਾਰਾ ਸਿੰਘ ਜੀ) ਦੇ ਹਵਾਲੇ ਦਿੱਤੇ ਹਨ। ਸਵਾਮੀ ਆਨੰਦਘਨ ਦੇ ਟੀਕੇ ਅਤੇ ਪੰਡਿਤ ਤਾਰਾ ਸਿੰਘ ਨਰੋਤਮ ਦੀਆਂ ਰਚਨਾਵਾਂ ਦੇ ਹਵਾਲੇ ਵੀ ਦਿੱਤੇ ਗਏ ਹਨ —ਕਿਧਰੇ ਆਪਣੇ ਅਰਥਾਂ ਦੀ ਪੁਸ਼ਟੀ ਲਈ ਅਤੇ ਕਿਧਰੇ ਉਨ੍ਹਾਂ ਨਾਲ ਅਸੰਮਤੀ ਪ੍ਰਗਟ ਕਰਨ ਲਈ। ਇਸ ਟੀਕੇ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਸ਼ਬਦਾਂ ਦੇ ਅਰਥ ਕਰਨ ਲਗਿਆਂ ਸ਼ਬਦ ਵਿਉਤਪਤੀ ਨੂੰ ਧਿਆਨ ਵਿਚ ਰਖਿਆ ਗਿਆ ਹੈ ਅਤੇ ਇਸ ਨੂੰ ਪਦ-ਟਿਪਣੀਆਂ ਵਿਚ ਦਰਜ ਵੀ ਕੀਤਾ ਗਿਆ ਹੈ। ਇਕ ਤੁਕ ਦੇ ਇਕੋ ਹੀ ਅਰਥ ਮੰਨੇ ਗਏ ਹਨ ਪਰ ਜਿਥੇ ਕਿਸੇ ਦੂਸਰੇ ਅਰਥ ਵਿਚ ਕੋਈ ਵਜ਼ਨ ਜਾਪਿਆ ਹੈ, ਉਥੇ ਪਾਠਕਾਂ ਦੀ ਜਾਣਕਾਰੀ ਲਈ ਪਦ-ਟਿਪਣੀ ਵਿਚ ਉਹ ਅਰਥ ਵੀ ਦਰਜ ਕਰ ਦਿੱਤੇ ਗਏ ਹਨ।

ਗੁਰਬਾਣੀ ਦੀ ਟੀਕਾਕਾਰੀ ਦੇ ਖੇਤਰ ਵਿਚ ਭਾਈ ਸਾਹਿਬ ਦਾ ਅੰਤਲਾ ਤੇ ਮਹਾਨ ਯਤਨ 'ਸੰਥਿਆ' ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ। ਇਹ ਅਧੂਰਾ ਟੀਕਾ, ਪਹਿਲੀ ਵੇਰ ਉਨ੍ਹਾਂ ਦੇ ਸਚਧਾਮ ਪਿਆਨਾ

ਕਰਨ ਉਪਰੰਤ, ਸਤ ਜਿਲਦਾਂ ਵਿਚ, ਫਰਵਰੀ 1958 ਤੋਂ ਲੈ ਕੇ ਨਵੰਬਰ 1962 ਦੇ ਦਰਮਿਆਨ ਪ੍ਰਕਾਸ਼ਤ ਹੋਇਆ। ਇਸ ਵਿਚ 'ਆਸਾ ਦੀ ਵਾਰ' ਦਾ ਟੀਕਾ ਵੀ ਸ਼ਾਮਿਲ ਹੈ। ਇਹ ਟੀਕਾ ਭਾਈ ਸਾਹਿਬ ਦੇ ਗੁਰਬਾਣੀ ਸੰਬੰਧੀ ਕੁਲ ਅਨੁਭਵ ਦੀ ਸ਼ਿਖਰ ਹੈ। ਟੀਕਾਕਾਰ ਦੀ ਆਪਣੀ ਰਾਇ ਹੈ ਕਿ ਇਸ ਟੀਕੇ ਵਿਚ ਕਿਸੇ ਇਕ ਪੱਖ ਦੀ ਨਿਜੀ ਕੋਈ ਖਿਚੋਤਾਣ ਨਹੀਂ ਕੀਤੀ। ਜੋ ਬਾਣੀ ਦੇ ਅਖਰ ਵਿਆਕਰਣਦਾਰੀ ਨਾਲ ਕਢਦਾ ਦੇਂਦੇ ਹਨ ਤੇ ਜੋ ਟੀਕਾਕਾਰ ਦੇ ਮਨ ਨੂੰ ਗੁਰੂ ਆਸ਼ਾ ਨਿਸ਼ਚੇ ਢੁਕਦਾ ਹੈ, ਉਹ ਲਿਖਿਆ ਹੈ।[1] ਇਸ ਟੀਕੇ ਵਿਚ ਕ੍ਰਮ ਨਿਮਨ ਅਨੁਸਾਰ ਹੈ :-

1- ਪ੍ਰਕਰਨ - ਇਸ ਵਿਚ ਸ਼ਬਦ ਦਾ ਅਤਿ ਸੰਖੇਪ ਤਾਤਪਰਜ ਦਿੱਤਾ ਗਿਆ ਹੈ।

2- ਮੂਲ ਤੇ ਅਰਥ- ਪ੍ਰਕਰਨ ਤੋਂ ਅਗੇ ਖਬੇ ਹਥ ਦੇ ਖਾਨੇ ਵਿਚ ਮੂਲ ਹੈ, ਅਰਥਾਤ ਗੁਰਬਾਣੀ ਦਾ ਪਾਠ ਹੈ ਅਤੇ ਗੁਰਬਾਣੀ ਦੇ ਮੂਲ ਪਾਠ ਦੇ ਸਾਮ੍ਹਣੇ ਖਾਨੇ ਵਿਚ ਅਰਥ ਹਨ, ਜਿਨ੍ਹਾਂ ਵਿਚ ਅਖਰੀ ਅਰਥ ਦਿੱਤੇ ਗਏ ਹਨ।

3- ਵਿਆਖਿਆ - ਇਸ ਵਿਚ ਸ਼ਬਦ ਦੇ ਭਾਵ ਅਰਥ, ਪਰ ਅਪਰ ਦੇ ਮੇਲ ਤੇ ਹੋਰ ਵਿਚਾਰਾਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਤੋਂ ਸ਼ਬਦਾਂ ਦੀ ਵਧੀਕ ਤੋਂ ਵਧੀਕ ਸਮਝ ਪੈ ਸਕੇ।

4- ਨਿਰੁਕਤ - ਇਸ ਵਿਚ, ਕੋਈ ਗੱਲ ਜੋ ਪਹਿਲਾਂ ਕਹੀ ਗਈ ਹੈ, ਉਸ ਸੰਬੰਧੀ ਹੀ ਵਿਸ਼ੇਸ਼ ਵਾਕਫੀਅਤ ਦਿੱਤੀ ਗਈ ਹੈ ਅਤੇ ਜਿਹੜੀਆਂ ਅਰਥਾਂ ਅਤੇ ਵਿਆਖਿਆ ਵਿਚ ਜੋ ਗੱਲਾਂ ਨਹੀਂ ਆ ਸਕੀਆਂ ਉਹ ਇਸ ਅੰਕ ਵਿਚ ਵਿਸ਼ੇਸ਼ਤਾ ਨਾਲ ਵਰਣਨ ਕਰ ਦਿੱਤੀਆਂ ਗਈਆਂ ਹਨ।[2]

ਭਾਈ ਵੀਰ ਸਿੰਘ ਦੁਆਰਾ 1898 ਈ: ਵਿਚ ਰਚਿਤ 'ਆਸਾ ਦੀ ਵਾਰ' ਦੇ ਟੀਕੇ ਦਾ ਵਿਸ਼ੇਸ਼ ਮਹੱਤਵ ਇਹ ਹੈ ਕਿ ਉਨ੍ਹਾਂ ਨੇ ਨਿਰੋਲ ਗੁਰਬਾਣੀ ਤੇ ਗੁਰੂ ਆਸ਼ੇ ਨੂੰ ਆਧਾਰ ਬਣਾ ਕੇ ਟੀਕਾ ਕੀਤਾ ਹੈ। ਇਸ ਪਿਛੋਂ ਉਨ੍ਹਾਂ ਦੇ ਅਨੁਭਵ ਵਿਚ ਜੋ ਵਿਕਾਸ ਹੋਇਆ, ਗੁਰਬਾਣੀ ਸੰਬੰਧੀ ਉਨ੍ਹਾਂ ਨੂੰ ਜੋ ਹੋਰ ਪ੍ਰਕਾਸ਼ ਪ੍ਰਾਪਤ ਹੋਇਆ, ਉਹ ਉਨ੍ਹਾਂ ਦੇ 'ਆਸਾ ਦੀ ਵਾਰ' ਦੇ ਪਰਵਰਤੀ ਟੀਕਿਆਂ ਵਿਚ ਸ਼ਾਮਲ ਹੋ ਗਿਆ।

---

1 ਸੰਥਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਪਹਿਲੀ, ਭੂਮਿਕਾ, ਪੰਨਾ 'ਅ' ।

2 ਉਹੀ, ਭੂਮਿਕਾ ।

## ਭਾਈ ਨਿਹਾਲ ਸਿੰਘ ਗਿਆਨੀ

ਭਾਈ ਨਿਹਾਲ ਸਿੰਘ ਗਿਆਨੀ ਦਾ 'ਆਸਾ ਦੀ ਵਾਰ' ਦਾ ਟੀਕਾ ਭਾਈ ਦਇਆ ਸਿੰਘ, ਪੁਸਤਕਾਂ ਵਾਲਾ, ਲੁਹਾਰੀ ਦਰਵਾਜ਼ਾ, ਲਾਹੌਰ ਦੁਆਰਾ ਸੰਮਤ ਨਾਨਕਸ਼ਾਹੀ 430 ਮੁਤਾਬਕ ਸੰਨ 1899 ਈ: ਨੂੰ ਪ੍ਰਕਾਸ਼ਿਤ ਕੀਤਾ ਗਿਆ। ਇਸ ਟੀਕੇ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਟੀਕਾਕਾਰ ਪ੍ਰਾਚੀਨ ਭਾਰਤੀ ਚਿੰਤਨ ਦਾ ਇਕ ਚੰਗਾ ਵਿਦਵਾਨ ਹੈ ਅਤੇ ਗੁਰਮਤ ਸਿਧਾਂਤਾਂ ਵਿਚ ਉਹ ਪਰਿਪਕ ਨਹੀਂ ਜਿਸ ਕਰਕੇ ਉਹ ਕੋਈ ਪ੍ਰਮਾਣਕ ਵਿਆਖਿਆ ਪੇਸ਼ ਨਹੀਂ ਕਰ ਸਕਿਆ। ਉਸ ਉਤੇ ਵੇਦਾਂਤ ਦਾ ਕਾਫ਼ੀ ਪ੍ਰਭਾਵ ਹੈ ਜਿਸ ਕਰਕੇ ਟੀਕਾ ਵੇਦਾਂਤ ਮੁਖੀ ਹੋ ਗਿਆ ਹੈ। ਕੁਝ ਸਤਰਾਂ ਨਮੂਨੇ ਲਈ ਪੇਸ਼ ਕਰਦੇ ਹਾਂ :-

> "ਸ਼ੇਖ ਬ੍ਰਹਮ ਮਹਾਰਾਜ ਜੀ ਪਾਸ ਪ੍ਰਸ਼ਨ ਕਰਦਾ ਹੈ ਸਚੇ ਪਾਤਸ਼ਾਹ
> ਜਗਤ ਦੀ ਬਿਧ ਕਿਸ ਤਰ੍ਹਾਂ ਪਰਮੇਸਰ ਸਾਜੀ ਹੈ॥ ਉਤਰ ਮਹਾਰਾਜ
> ਜੀ ਕਹਿੰਦੇ ਹਨ ਵਿਦਾਂਤੀਆਂ ਦੇ ਮੱਤ ਮੈ ਦੋ ਸਤਾ ਹਨ ਏਕ ਪ੍ਰਾਤੀ
> ਭਾਸ਼ਕ ਸਤਾ ਏਕ ਬਿਵਹਾਰਕ ਸਤਾ ਪ੍ਰਾਤੀ ਭਾਸ਼ਕ ਸਤਾ ਦਾ ਕਿਆ ਰੂਪ
> ਹੈ ਪਹਿਲੇ ਭੀ ਪਦਾਰਥ ਨਾ ਪ੍ਰਤੀਤ ਹੋਨਾ ਉਤਰ ਕਾਲ ਮੇ ਭੀ ਨ ਰਹਿਨਾ
> ਮਧ ਕਾਲ ਮੇ ਪ੍ਰਤੀਤ ਹੋਨਾ ਦ੍ਰਿਸ਼ਟਾਂਤ ਸੁਪਨੇ ਕਾ॥ ਜੈਸੇ ਸੁਪਨੇ ਕੇ ਪਦਾਰਥ
> ਵਾ ਰਜੂ ਮੈਂ ਸਰਪ ਜੈਸੇ ਮ੍ਰਿਗ ਤ੍ਰਿਸਨਾ ਕਾ ਜਲ ਪੂਰਬ ਕਾਲ ਮੈਂ ਭੀ ਨਹੀਂ
> ਸੀ ਤੇ ਉਤਰ ਕਾਲ ਮੈਂ ਭੀ ਨਹੀਂ ਤੇ ਮਧ ਕਾਲ ਮਾਹਿ ਪ੍ਰਤੀਤ ਹੋ ਰਹਿਆ
> ਹੈ ਇਸੀ ਕਾ ਨਾਮ ਪ੍ਰਾਤੀ ਭਾਸਕ ਹੈ ਈਸ਼੍ਵਰ ਜੋ ਹੈ ਸਤਿ ਵਾਦੀ ਉਸ ਕਾ
> ਇਹ ਜਗਤ ਜੋ ਹੈ ਸੋ ਬਿਵਹਾਰ ਸਤਾ ਹੈ.......।"
>
> (ਪੰਨੇ 8-9)

ਟੀਕਾਕਾਰ ਬ੍ਰਾਹਮਣੀ ਰੁਚੀਆਂ ਨੂੰ ਮੰਨਣ ਵਾਲਾ ਹੈ। 'ਆਸਾ ਦੀ ਵਾਰ' ਵਿਚ ਬ੍ਰਾਹਮਣੀ ਰੁਚੀਆਂ ਦਾ ਖੰਡਨ ਜਿਸ ਜ਼ੋਰ ਨਾਲ ਕੀਤਾ ਗਿਆ ਹੈ, ਉਸ ਜ਼ੋਰ ਨਾਲ ਟੀਕੇ ਵਿਚ ਉਹ ਖੰਡਨ ਨਹੀਂ ਕਰ ਸਕਿਆ। ਇਸ ਦੇ ਉਲਟ ਉਹ ਬ੍ਰਾਹਮਣੀ ਕਰਮਕਾਂਡ ਨੂੰ ਪ੍ਰਵਾਨ ਕਰਦਾ ਹੈ। ਨਮੂਨੇ ਲਈ ਦੇਖੋ :-

(ੳ) ਸਤਵੀਂ ਪਉੜੀ ਵਿਚ "ਧਰਮ ਕਮਾਣਿਆ" ਦੇ ਅਰਥ

> "ਓਹਨਾ ਨੇ ਧਰਮ ਦੀ ਕਮਾਣਿਆ ਕੀ ਧਰਮ ਕਮਾਣਿਆ ਗੰਗਾ ਅਸ਼ਨਾਨ
> ਅਤੇ ਈਸ਼ਵਰ ਦਾ ਨਾਮ ਅਤੇ ਕਿਸੇ ਦਾ ਪਰਸਵਾਰਥ .....।" (ਪੰਨਾ 34)

(ਅ) "ਗਊ ਬਿਰਾਹਮਣ ਕਉ ਕਰੁ ਲਾਵਹੁ" ਦੇ ਅਰਥ
"ਹੇ ਭਾਈ ਜੋ ਤੂੰ ਐਸਾ ਕਰਮਕਾਂਡੀ ਹੈਂ ਤੇ ਗਊ ਬ੍ਰਾਹਮਣ ਨੂੰ ਕਿਉਂ ਤੂੰ ਡੰਨ ਲਾਉਂਦਾ ਹੈ ਚਾਰ ਆਨੇ ਮਸੂਲ ਮੰਗਦਾ ਹੈਂ ਤੁਝ ਕੋ ਖਤਰੀਆਂ ਲੋਕਾਂ ਦਾ ਧਰਮ ਹੈ ਗਊ ਬ੍ਰਾਹਮਣ ਦੀ ਪੂਜਾ ਕਰਨੀ ।"

(ਪੰਨਾ 70)

ਟੀਕਾਕਾਰ ਸ਼ਾਸਤ੍ਰਾਂ ਦੇ ਮਹੱਤਵ ਨੂੰ ਮੰਨਦਾ ਹੈ ਅਤੇ ਉਨ੍ਹਾਂ ਅਨੁਸਾਰ ਕਰਮ ਕਰਨ ਦੀ ਪ੍ਰੇਰਨਾ ਦੇਂਦਾ ਹੈ :-

(ੳ) "ਵਢੀਅਹਿ ਹਥ ਦਲਾਲ ਕੇ" ਦੇ ਅਰਥ
"ਦਲਾਲ ਜੋ ਹੈ ਬ੍ਰਾਹਮਣ ਮਣਸੂਣ ਵਾਲਾ ਦਰਗਾਹ ਮੇਂ ਉਸਦੇ ਹਥ ਵਢੀਦੇ ਹਨ ਕਿਉਂਕਰ ਤੈਨੇ ਅੰਸਕਅੰਸ ਦੇਖਕਰ ਸ਼ਾਸਤ੍ਰ ਅਨੁਸਾਰ ਕਿਉ ਨਹੀਂ ਦਾਨ ਕਰਵਾਇਆ ..... ।"

(ਪੰਨਾ 74)

(ਅ) "ਹੋਇ ਸਿਆਣਾ ....... ਵੇਗਸਿ " ਬਾਈਵੀਂ ਪਉੜੀ ਦੇ ਚੋਥੇ ਸਲੋਕ ਦੇ ਅਰਥ
"..... ਅਗਯਾਨੀ ਨੂੰ ਕੁਛ ਸ਼ਾਸਤ੍ਰ ਦੀ ਖ਼ਬਰ ਨਹੀਂ ਹੁੰਦੀ ਜੋ ਇਕ ਅਧ ਕੰਮ ਚੰਗਾ ਭੀ ਕਰ ਦੇਨ ਤਾਂ ਭੂਜਾਂ ਵਿਗਾੜ ਦੇਂਦੇ ਹਨ।"

(ਪੰਨਾ 90)

ਟੀਕਾਕਾਰ ਨੇ ਕਈ ਥਾਈਂ ਅਰਥਾਂ ਦੇ ਅਨਰਥ ਕੀਤੇ ਹਨ :-

"ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ" ਦੇ ਅਰਥ ਕੀਤੇ ਹਨ:
"ਜੇ ਉਸ ਪਰਮਾਤਮਾ ਦੀ ਨਿਗਾ ਅਪੁਠੀ ਹੋਵੇ ਤੇ ਪਾਤਸ਼ਾਹ ਨੂੰ ਘਾਹ ਖਲਾਉਂਦਾ ਹੈ। "

(ਪੰਨਾ 72)

ਇਸ ਤੋਂ ਅਗੇ ਸਾਖੀ ਲਿਖੀ ਹੈ ਕਿ ਕਿਵੇਂ ਔਰੰਗਜ਼ੇਬ ਦੀ ਕੈਦ ਸਮੇਂ ਦਾਰਾ ਸ਼ਿਕੋਹ ਨੂੰ ਘਾਹ ਖਾਣਾ ਪਿਆ।

ਇਹ ਟੀਕਾ ਕਾਫ਼ੀ ਵਿਸਤਾਰਮਈ ਹੈ। ਟੀਕਾਕਾਰ ਨੇ ਪ੍ਰਸ਼ਨੋਤਰੀ ਸ਼ੈਲੀ ਦੀ ਵਰਤੋਂ ਕੀਤੀ ਹੈ ਅਤੇ ਅਰਥਾਂ ਦੇ ਸਪਸ਼ਟੀਕਰਣ ਜਾਂ ਪੁਸ਼ਟੀ ਲਈ ਸਾਖੀਆਂ ਵੀ ਦਿੱਤੀਆਂ ਹਨ। ਇਸ ਟੀਕੇ ਵਿਚ ਭਾਈ ਗੁਰਦਾਸ ਬਾਣੀ, ਗੀਤਾ, ਯੋਗ ਵਸ਼ਿਸ਼ਟ ਅਤੇ ਤੁਲਸੀ ਰਾਮਾਇਣ ਵਿਚੋਂ ਹਵਾਲੇ ਵੀ ਦਿੱਤੇ ਗਏ ਹਨ।

## ਭਾਈ ਸਰਦੂਲ ਸਿੰਘ ਗਿਆਨੀ

ਇਸ ਟੀਕੇ ਦੀ ਭੂਮਿਕਾ ਤੋਂ ਵਿਦਿਤ ਹੁੰਦਾ ਹੈ ਕਿ ਇਹ ਟੀਕਾ ਗਿਆਨੀ ਗਿਆਨ ਸਿੰਘ (ਪ੍ਰਸਿਧ ਇਤਿਹਾਸਕਾਰ ਨਹੀਂ) ਦੇ ਸਪੁੱਤਰ ਭਾਈ ਸਰਦੂਲ ਸਿੰਘ ਗਿਆਨੀ ਨੇ ਮਹਾਰਾਜਾ ਨਾਭਾ ਸਰ ਹੀਰਾ ਸਿੰਘ ਦੇ ਕਹਿਣ ਉਤੇ ਰਚਿਆ। ਮਹਾਰਾਜੇ ਨੇ ਭਾਈ ਸਰਦੂਲ ਸਿੰਘ ਗਿਆਨੀ ਨੂੰ ਇਹ ਆਗਿਆ ਸੰਮਤ 1952 ਬਿਕ੍ਰਮੀ ਨੂੰ ਕੀਤੀ ਜਿਸ ਉਪਰੰਤ ਗਿਆਨੀ ਜੀ ਨੇ ਇਸ ਟੀਕੇ ਦਾ ਕਾਰਜ ਆਰੰਭ ਕੀਤਾ।[1] ਇਹ ਟੀਕਾ 1956 ਬਿਕ੍ਰਮੀ ਨੂੰ ਮਹਾਰਾਜਾ ਨਾਭਾ ਨੂੰ ਸੁਣਾਇਆ ਗਿਆ ਜਿਸ ਨੇ ਪ੍ਰਸੰਨ ਹੋ ਕੇ ਇਕ ਹਜ਼ਾਰ ਰੁਪਿਆ ਅਤੇ ਸਿਰੋਪਾਉ ਭੇਟ ਕੀਤੇ।[2] ਪਿਛੋਂ 1 ਵਿਸਾਖ ਸੰਮਤ ਨਾਨਕਸ਼ਾਹੀ 438 ਬਿਕ੍ਰਮੀ 1964 ਨੂੰ ਇਹ ਟੀਕਾ ਭਾਈ ਦਰਬਾਰਾ ਸਿੰਘ ਗਿਆਨੀ, ਗੁਰਦਵਾਰਾ ਸਾਰਾਗੜ੍ਹੀ ਮੈਮੋਰੀਅਲ ਸ੍ਰੀ ਅੰਮ੍ਰਿਤਸਰ ਜੀ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ।

ਇਸ ਟੀਕੇ ਵਿਚ ਹਰ ਇਕ ਸ਼ਲੋਕ ਜਾਂ ਪਉੜੀ ਉਪਰੰਤ ਪਹਿਲਾਂ ਕਠਿਨ ਸ਼ਬਦਾਂ ਦੇ ਅਰਥ ਦਿੱਤੇ ਹਨ ਅਤੇ ਫਿਰ ਉਸ ਸਲੋਕ ਜਾਂ ਪਉੜੀ ਦੀ ਵਿਆਖਿਆ ਕੀਤੀ ਗਈ ਹੈ। ਸ਼ੰਕਿਆਂ ਦੀ ਨਵਿਰਤੀ ਲਈ ਪ੍ਰਸ਼ਨੋਤਰੀ ਢੰਗ ਦੀ ਵਰਤੋਂ ਕੀਤੀ ਹੈ। ਗੁਰ-ਇਤਿਹਾਸ, ਸਾਖੀਆਂ ਅਤੇ ਭਾਈ ਗੁਰਦਾਸ ਦੀ ਬਾਣੀ ਨੂੰ ਪ੍ਰਮਾਣ ਵਜੋਂ ਵਰਤਿਆ ਗਿਆ ਹੈ। ਗੀਤਾ ਵਿਚੋਂ ਥਾਂ ਥਾਂ ਕੁਝ ਹਵਾਲੇ ਦੇ ਕੇ ਟੀਕਾਕਾਰ ਨੇ ਆਪਣੇ ਮਤ ਦੀ ਪੁਸ਼ਟੀ ਕੀਤੀ ਹੈ। ਕੋਈ ਸਿਧਾਂਤਕ ਸ਼ਬਦ ਜਿਹੜੀ ਭਾਸ਼ਾ ਵਿਚੋਂ ਆਇਆ ਹੈ, ਪਹਿਲਾਂ ਉਸ ਭਾਸ਼ਾ ਵਿਚ ਲਏ ਜਾਂਦੇ ਉਸ ਸ਼ਬਦ ਦੇ ਅਰਥ ਦਸੇ ਹਨ ਅਤੇ ਫਿਰ ਉਹ ਅਰਥ ਸਪਸ਼ਟ ਕੀਤੇ ਹਨ ਜੋ ਗੁਰਬਾਣੀ ਅਨੁਸਾਰ ਬਣਦੇ ਹਨ। ਟੀਕਾਕਾਰ ਫ਼ਾਰਸੀ ਅਤੇ ਸੰਸਕ੍ਰਿਤ ਭਾਸ਼ਾਵਾਂ ਦਾ ਚੰਗਾ ਜਾਣੂ ਹੈ।

---

2 5 9 1

1 ਨਯਨ ਬਾਨ ਗ੍ਰਹ ਸਸਿ ਸਰਤ, ਮਾਧਵ ਮਾਸ ਪੁਨੀਤ ॥
ਤੀਰਥ ਰਾਜ ਸ੍ਰੀ ਸੁਧਾਸਰ, ਵੈਸਾਖੀ ਪਰ ਚੀਤ ॥ ॥
ਸ੍ਰੀ ਅੰਮ੍ਰਿਤਸਰ ਜੀ ਆਏ, ਨਾਭਾ ਨਗਰ ਨ੍ਰਿਪਾਲ ॥
ਹਰਿਮੰਦਰ ਦਰਬਾਰ ਕੋ, ਦਰਸਿਓ ਸ਼ਰਧਾ ਨਾਲ ॥ 10 ॥
ਜਿਸ ਮੁਖ ਤੇ ਆਗਯਾ ਭਈ, ਅਤਿ ਪ੍ਰਸੰਨ ਚਿਤ ਹੋਇ ॥
ਆਸਾ ਵਾਰ ਅਰਥ ਰਚੋ, ਜੋ ਸਮਝੈ ਸਭ ਕੋਇ ॥ 14 ॥ (ਭੂਮਿਕਾ ਪੰਨਾ 1-2)

2 ਇਹ ਜਾਣਕਾਰੀ ਟੀਕੇ ਦੇ ਟਾਈਟਲ ਪੰਨੇ ਉਤੇ ਦਿੱਤੀ ਗਈ ਹੈ।

ਟੀਕਾਕਾਰ ਨੇ ਕਈ ਥਾਈਂ ਇਕ ਤੁਕ ਦੇ ਇਕ ਤੋਂ ਵਧੇਰੇ ਅਰਥ ਵੀ ਮੰਨੇ ਹਨ। ਵਿਆਖਿਆ ਕਰਨ ਸਮੇਂ ਉਹ ਪਾਠਕ ਨੂੰ ਪ੍ਰਾਚੀਨ ਭਾਰਤੀ ਗਿਆਨ ਬਾਰੇ ਵੱਧ ਤੋਂ ਵੱਧ ਜਾਣਕਾਰੀ ਦੇਣ ਦਾ ਯਤਨ ਕਰਦਾ ਹੈ। ਨਮੂਨੇ ਲਈ ਦੇਖੋ :-

"ਸਚੇ ਤੇਰੇ ਖੰਡ ਸਚੇ ਬ੍ਰਹਮੰਡ" ਦੇ ਅਰਥ :-

"ਹੇ ਸੱਚੇ ਸ੍ਰੀ ਵਾਹਿਗੁਰੂ ਅਕਾਲ ਪੁਰਖ ਪਰਮੇਸੁਰ ਜੀ ਏਹ ਖੰਡ ਬ੍ਰਹਮੰਡ ਲੋਕ ਅਰ ਸਭ ਤਰਾਂ ਦੇ ਅਕਾਰ ਆਦਿਕ ਸਭ ਤੇਰੇ ਹੀ ਹਨ। ਉਸਤਤੀ ਪ੍ਰਕਰਨ ਮੇਂ ਸਾਰਸਲੋਕ ਇਸੀ ਤਰ੍ਹਾਂ ਜਾਣਨਾ ॥

ਅਰ ਗਿਆਨੀ ਕੀ ਯਥਾਰਥ ਦ੍ਰਿਸ਼ਟਿ ਮੇਂ ਇਹ ਹੈ — ਕਿ ਹੇ ਸ੍ਰੀ ਵਾਹਿਗੁਰੂ ਗਿਆਤਾ ਗਿਆਨ ਗੇਯ, ਭੋਗਤਾ ਭੋਗ ਭੋਗਯ, ਕਰਤਾ ਕ੍ਰਿਯਾ ਕਰਮ ਏਹ ਨੌ ਖੰਡ ਅਥਵਾ ਪੰਜ ਮਹਾਂਭੂਤ ੧, ਪੰਜ ਗਿਆਨ ਇੰਦ੍ਰੇ ੨, ਪੰਜ ਕਰਮ ਇੰਦ੍ਰੇ ੩, ਪੰਜ ਪ੍ਰਾਣ ੪, ਚਾਰ ਅੰਤਹਕਰਨ ੫, ਇਕ ਸਥੂਲ ਸਰੀਰ ੬, ਸੰਚਤ ਕ੍ਰਿਆਮਾਨ ਪ੍ਰਾਰਬਧਿ ਤਿੰਨ ਕਰਮ ੭, ਜਾਗ੍ਰਤ ਸੁਪਨ ਸੁਖੋਪਤਿ ਤਿੰਨ ਅਵਸਥਾ ੮ ਇਨ੍ਹਾਂ ਸਭਨਾ ਦਾ ਮੂਲ ਅਗਿਆਨ ੯, ਏਹ ਨੌ ਖੰਡ ਰੂਪ ਬ੍ਰਹਮੰਡ ਤੇਰੀ ਸੱਤਾ ਨਾਲ ਸੱਤਯ ਪ੍ਰਕਾਸ਼ਦਾ ਹੈ ॥ ਅਥਵਾ ਕੁਰੂ, ਹਿਰਨਮੈ, ਇਲਾਬ੍ਰਿਤ, ਕੇਤਮਾਲ, ਹਰਿਵਰਖ, ਰਮਣਕ, ਕਿੰਪੁਰਖ, ਭਦ੍ਰਾਸ, ਭਾਰਥ ਏਹ ਨੌ ਖੰਡ ਜੰਬੂਦ੍ਵੀਪ ਦੇ ਅਰ ੭ ਖੰਡ ਕੁਸ਼ਦ੍ਵੀਪ ਦੇ ੭ ਸ਼ਾਲਮਲੀ ਦ੍ਵੀਪ ਦੇ ਇਤਯਾਦਿ ਸੱਤਾਂ ਦ੍ਵੀਪਾਂ ਦੇ ਸਾਰੇ ੪੯ ਖੰਡ ਤੇਰੇ ਕੀਤੇ ਹੋਏ ਸਭ ਸਚੇ ਹਨ। ਅਰ ਬ੍ਰਹਮੰਡ ਭੀ ਤੇਰੇ ਸਚੇ ਹਨ, ਜੋ ਤੇਰੀ ਮਾਯਾ ਵਿਖੇ ਅਨੇਕ ਹਨ ( ਕਈ ਕੋਟਿ ਖਾਣੀ ਅਰ ਖੰਡ ॥ ਕਈ ਕੋਟਿ ਆਕਾਸ ਬ੍ਰਹਮੰਡ) ਸਭ ਸਚੇ ਹਨ, ਜੇ ਕਹੀਏ ਏਹ ਸਭ ਨਾਸਵੰਤ ਹਨ, ਤਾਂ ਕੋਟਾਨ ਕੋਟ ਬ੍ਰਹਮੰਡ ਹਨ, ਸਭਨਾ ਦੀ ਪ੍ਰਲੈ ਇੱਕੇ ਵਾਰ ਨਹੀਂ ਹੁੰਦੀ। ਜੈਸੇ ਜਲ ਵਿਖੇ ਬੁਦਬੁਦੇ ਇਕ ਬਣਦੇ ਜਾਂਦੇ ਹਨ, ਇਕ ਬਿਨਾਸ ਹੁੰਦੇ ਜਾਂਦੇ ਹਨ, ਤੈਸੇ ਹੀ ਮਾਯਾ ਵਿਖੇ ਜੀਵ ਉਪਜਦੇ ਬਿਨਸਦੇ ਰਹਿੰਦੇ ਹਨ ਤਾਂ ਤੇ ਸੱਚੇ ਹਨ॥ ਅਥਵਾ ਪ੍ਰਿਥਵੀ ਜਲ ਤੇਜ ਵਾਯੂ ਆਕਾਸ਼ ਕਾਲ ਦਿਸ਼ਾ ਆਤਮਾ ਅਤੇ ਮਨ ਏਹ ਦ੍ਰਵ੍ਯ ਬ੍ਰਹਮੰਡ ਦੇ ਨੌਂ ਖੰਡ, ਅਰ ਇਨ੍ਹਾਂ ਖੰਡਾਂ ਦੇ ਸਮੁਦਾਯ ਦਾ ਨਾਮ ਬ੍ਰਹਮੰਡ ਸੋ ਏਹ ਖੰਡ ਬ੍ਰਹਮੰਡ ਤੇਰੇ ਸਚੇ ਅਰਥਾਤ ਸਦਾ ਹਨ।" ( ਪੰਨਾ 39 )

ਇਹ ਟੀਕਾ ਪ੍ਰਾਚੀਨ ਭਾਰਤੀ ਚਿੰਤਨ ਦੇ ਗਿਆਨ ਦਾ ਭੰਡਾਰ ਹੈ ਪਰ ਕੁਝ ਥਾਵਾਂ ਤੇ ਬੇਥਵੀਆਂ ਗੱਲਾਂ ਅਤੇ ਵਾਧੂ ਵਿਸਤਾਰ ਕਾਰਨ ਬੇਰਸੀ ਪੈਦਾ ਹੁੰਦੀ ਹੈ। ਜਿਵੇਂ ਅੰਗਰੇਜ਼ ਸਰਕਾਰ ਅਤੇ ਰਾਜਿਆਂ ਮਹਾਰਾਜਿਆਂ ਦੀ ਪ੍ਰਸੰਸਾ ਦੀ ਰੁਚੀ ਕਾਰਨ ਇਕ ਥਾਂ ਉਤੇ ਇਕ ਸ਼ੰਕੇ ਦੀ ਨਵਿਰਤੀ ਕਰਦਿਆਂ ਉਹ ਇਉਂ ਲਿਖਦਾ ਹੈ :-

> "ਇਸੇ ਬੁੱਧੀ ਉਜੱਲ ਕਰਨ ਵਾਸਤੇ ਗੁਰੂ ਨਾਨਕ ਜੀ ਦਾ ਉਪਦੇਸ਼ ਹੈ ਕਿ ਪਿੰਡ ਪਿੰਡ ਗ੍ਰਾਮ ਗ੍ਰਾਮ ਵਿਖੇ ਧਰਮਸਾਲਾ ਬਣਾਇਕੇ ਧਰਮ ਅਰ ਵਿਦ੍ਯਾ ਦਾ ਪ੍ਰਚਾਰ ਕਰੋ ਅਰ ਨਵਮ ਗੁਰੂ ਜੀ ਦੇ ਬਚਨ ਨਾਲ ਆਈ ਹੋਈ ਸਰਕਾਰ ਇੰਗਲਸ਼ੀਆ ਨੇ ਲੱਖਾਂ ਰੁਪਏ ਖ਼ਰਚ ਕੇ ਪਾਠਸ਼ਾਲਾਂ ਅਰ ਵਿਦ੍ਯਾਲੇ ਰਚੇ ਹਨ ਅਰ ਵਿਦ੍ਯਾ ਪ੍ਰਦਾਨ ਕਰ ਰਹੀ ਹੈ ਅਰ ਹਰੇਕ ਮਤ ਦੇ ਮੁਖੀਏ ਆਪੋ ਆਪਣੀ ਕੌਮ ਵਿੱਚ ਵਿਦ੍ਯਾ ਪ੍ਰਚਾਰ ਕਰ ਰਹੇ ਹਨ। ਜਿਹਾ ਕਿ ਸਿਖ ਰਾਜੇ ਮਹਾਰਾਜਿਆਂ ਨੇ ਲਖਾਂ ਰੁਪਏ ਖਰਚ ਕਰਕੇ ਖਾਲਸਾ ਕਾਲਜ ਅਰ ਆਰਯਾ ਨੇ ਵੇਦਕ (ਡੀ.ਏ.ਵੀ.) ਕਾਲਜ ਅਰ ਮੁਸਲਮਾਨਾਂ ਨੇ ਮੁਹੰਮਡਨ ਕਾਲਜ ਅਲੀਗੜ੍ਹ ਕਾਲਜ ਅਰ ਹਿੰਦੂਆਂ ਨੇ ਹਿੰਦੂ ਕਾਲਜ, ਈਸਾਈਆਂ ਨੇ ਮਿਸ਼ਨ ਕਾਲਜ ਆਦਿ ਰਚੇ ਹਨ।"
>
> ( ਪੰਨਾ 32 )

<u>ਭਾਈ ਭਗਵਾਨ ਸਿੰਘ</u>

ਭਾਈ ਭਗਵਾਨ ਸਿੰਘ ਗਿਆਨੀ, ਵਿਸ਼ਾਰਦ, ਟਕਸਾਲ ਅੰਮ੍ਰਿਤਸਰ ਦਾ ਇਹ ਟੀਕਾ ਸੰਮਤ ਨਾਨਕਸ਼ਾਹੀ 432 ਮੁਤਾਬਕ ਸੰਨ ਈਸਵੀ 1901 ਨੂੰ ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸੰਨਜ਼ ਦੁਆਰਾ ਲਾਹੌਰ ਤੋਂ ਪ੍ਰਕਾਸ਼ਿਤ ਕੀਤਾ ਗਿਆ। ਗਿਆਨੀ ਸੰਪ੍ਰਦਾਇ ਦੇ ਵਿਦਵਾਨਾਂ ਵਿਚ ਭਾਈ ਭਗਵਾਨ ਸਿੰਘ ਦਾ ਨਾਂ ਬਹੁਤ ਪ੍ਰਸਿਧ ਹੈ। ਆਪਨੇ ਭਾਈ ਚੰਦਾ ਸਿੰਘ ਦੇ ਸ਼ਿਸ਼ ਭਾਈ ਦਇਆ ਸਿੰਘ ਤੋਂ ਗੁਰਬਾਣੀ ਦੇ ਅਰਥ ਪੜ੍ਹੇ ਸਨ ਅਤੇ ਫਿਰ ਕਾਫ਼ੀ ਸਮਾਂ ਅੰਮ੍ਰਿਤਸਰ ਵਿਖੇ ਅਰਥ ਪੜ੍ਹਾਉਣ ਦੀ ਸੇਵਾ ਵੀ ਕਰਦੇ ਰਹੇ ਹਨ।[1] ਇਸ ਟੀਕੇ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ

---

1 ਭਗਵਾਨ ਸਿੰਘ, <u>ਆਸਾ ਦੀ ਵਾਰ ਸਟੀਕ</u>, ਸੰਮਤ ਨਾਨਕ ਸ਼ਾਹੀ 432, ਪੰਨਾ 433.

ਭਾਈ ਭਗਵਾਨ ਸਿੰਘ ਨਾ ਕੇਵਲ ਸੰਸਕ੍ਰਿਤ ਅਤੇ ਫਾਰਸੀ ਭਾਸ਼ਾ ਦੇ ਹੀ ਚੰਗੇ ਜਾਣੂ ਸਨ ਸਗੋਂ ਉਹ ਪ੍ਰਾਚੀਨ ਭਾਰਤੀ ਚਿੰਤਨ ਬਾਰੇ ਵੀ ਵਿਸ਼ਾਲ ਗਿਆਨ ਰਖਦੇ ਸਨ। ਉਨ੍ਹਾਂ ਨੂੰ ਗੁਰਬਾਣੀ, ਸਿੱਖ ਇਤਿਹਾਸ, ਭਾਰਤੀ ਮਿਥਿਹਾਸ ਤੇ ਭਾਰਤੀ ਕਾਵਿ ਸ਼ਾਸਤ੍ਰ ਦੀ ਚੰਗੀ ਜਾਣਕਾਰੀ ਸੀ। ਉਨ੍ਹਾਂ ਦੇ ਵਿਸ਼ਾਲ ਗਿਆਨ ਕਾਰਣ ਹੀ ਇਹ ਟੀਕਾ ਬਹੁਤ ਵਿਸਤ੍ਰਿਤ ਰੂਪ ਧਾਰਣ ਕਰ ਗਿਆ ਹੈ। ਸੰਸਕ੍ਰਿਤ ਵਿਆਕਰਣ ਦੇ ਪ੍ਰਭਾਵ ਅਧੀਨ ਉਹ ਇਕ ਇਕ ਤੁਕ ਦੇ ਕਈ ਅਰਥ ਕਰਦੇ ਹਨ ਅਤੇ ਫਿਰ ਉਨ੍ਹਾਂ ਅਰਥਾਂ ਦੀ ਪੁਸ਼ਟੀ ਲਈ ਇਤਿਹਾਸਕ, ਮਿਥਿਹਾਸਕ ਤੇ ਆਮ ਪ੍ਰਚਲਿਤ ਕਥਾਵਾਂ ਪੇਸ਼ ਕਰਦੇ ਹਨ। ਗੁਰਬਾਣੀ ਦੇ ਅਰਥਾਂ ਦੇ ਪ੍ਰਮਾਣ ਲਈ ਉਨ੍ਹਾਂ ਗੁਰਬਾਣੀ, ਭਗਤ ਬਾਣੀ ਅਤੇ ਭਾਈ ਗੁਰਦਾਸ ਬਾਣੀ ਵਿਚੋਂ ਬਹੁਤ ਹਵਾਲੇ ਦਿੱਤੇ ਹਨ। ਵੇਦਾਂ ਅਤੇ ਉਪਨਿਸ਼ਦਾਂ ਦੇ ਹਵਾਲੇ ਵੀ ਦਿੱਤੇ ਹਨ। ਟੀਕਾਕਾਰ ਗੁਰਬਾਣੀ ਨੂੰ ਵੇਦ ਅਨੁਸਾਰੀ ਮੰਨਦਾ ਹੈ। ਗੁਰੂ ਘਰ ਪ੍ਰਤਿ ਉਸਦੀ ਬੇਅੰਤ ਸ਼ਰਧਾ ਹੈ। ਉਸ ਨੇ ਇਸ ਟੀਕੇ ਵਿਚ ਕੋਈ ਮਨਘੜਤ ਗਲਾਂ ਨਹੀਂ ਪਾਈਆਂ । ਜੋ ਸੰਪ੍ਰਦਾਈ ਅਰਥ ਉਸ ਤਕ ਪਹੁੰਚੇ ਹਨ, ਉਸਨੇ ਇੰਨ ਬਿੰਨ ਉਵੇਂ ਹੀ ਅੰਕਿਤ ਕੀਤੇ ਹਨ।[1] ਇਉਂ, ਵੀਹਵੀਂ ਸਦੀ ਦੇ ਆਰੰਭ ਵਿਚ ਸੰਪ੍ਰਦਾਈ ਅਰਥਾਂ ਦਾ ਜੋ ਸਰੂਪ ਸੀ ਇਹ ਟੀਕਾ ਉਸਦੀ ਸਹੀ ਤਸਵੀਰ ਪੇਸ਼ ਕਰਦਾ ਹੈ। ਇਸ ਟੀਕੇ ਦੀ ਭਾਸ਼ਾ ਹਿੰਦੀ ਨੁਮਾ ਪੰਜਾਬੀ ਹੈ। ਨਮੂਨੇ ਲਈ ਕੁਝ ਸਤਰਾਂ ਪੇਸ਼ ਕਰਦੇ ਹਾਂ :-

> "ਹੁਣ ਕੋਈ ਸਾਧ ਰੂਪ ਸੰਦੇਸਾ ਵੀ ਨਹੀਂ ਮਿਲਤਾ ਕੈਸੇ ਹੋਵੇਗਾ ਜੋ ਚੇਤਨ ਕੀ ਪ੍ਰਾਪਤੀ ਵਾਸਤੇ ਇਕ ਕੋਸ ਕੋ ਸਿਧ ਕਰੀਏ ਕਿਆ ਪਾਂਚ ਕੋਸ ਹੈ ਅੰਨਮੈ ੧ ਮਨੋਮੈ ੨ ਪ੍ਰਾਣਮੈ ੩ ਵਿਗਿਆਨ ਮੈ ੪ ਅਉਰ ਅਨੰਦ ਮੈ ੫ ॥ ਇਹ ਪੰਚ ਹੈਂ ਰੂਪ ਇਨਕਾ ਇਹੁ ਹੈ ਸਥੂਲ ਸਰੀਰ ਜੋ ਅੰਨਕਾ ਕਾਰਜ ਹੈ ਸੋ ਅੰਨਮੈ ਕੋਸ਼ ਹੈ ੧ ਦੂਜਾ ਪੰਚ ਪ੍ਰਾਨ ਸੋ ਪ੍ਰਾਣਮੈ ਕੋਸ਼ ਹੈ॥2॥ ਪੰਚ ਗਿਆਨ ਇੰਦ੍ਰੇ ਇਕ ਮਨ ਇਹ ਮਨੋਮੈ ਕੋਸ਼ ੩ ਤੀਜਾ ਹੈ॥ ਪੰਚ ਕਰਮ ਇੰਦ੍ਰੇ ਇਕ ਬੁਧੀ ਇਹ ਵਿਗਿਆਨਮੈ ਕੋਸ਼ ਹੈ ਚੌਥਾ ॥

---

1 ਭਗਵਾਨ ਸਿੰਘ, ਆਸਾ ਦੀ ਵਾਰ ਸਟੀਕ, ਸੰਮਤ ਨਾਨਕਸ਼ਾਹੀ 432, ਪੰਨਾ 24.

ਸਖੋਪਤੀ ਅਵਿਦਿਆ ਸੈ ਅਨੰਦ ਮੈ ਕੋਸ਼ ਹੈ ਪੰਚਵਾਂ ॥
ਕੋਸ਼ ਕਾ ਅਰਥ ਹੈ ਮਿਆਨ ਤਲਵਾਰ ਕਾ ਜੈਸੇ ਤਲਵਾਰ
ਕੋ ਲੁਕਾਇ ਰਾਖਤਾ ਹੈ ਐਸੇ ਹੀ ਇਹ ਪੰਚ ਪੜਦੇ ਹੈਂ
ਚੇਤਨ ਕੋ ਲੁਕਾਣੇ ਵਾਲੇ ....... ।"

( ਪੰਨਾ 5 )

ਗਿਆਨੀ ਸ਼ੇਰ ਸਿੰਘ

'ਆਸਾ ਦੀ ਵਾਰ' ਦਾ ਅਗਲਾ ਟੀਕਾ ਗਿਆਨੀ ਸ਼ੇਰ ਸਿੰਘ ਦਾ ਹੈ ਜੋ ਸੰਨ 1910 ਈ: ਵਿਚ ਮੈਨੇਜਰ, ਗੁਰਮਤ ਪ੍ਰਚਾਰ ਲੜੀ, ਰਾਵਲਪਿੰਡੀ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ। ਇਹ "ਗੁਰਮਤ ਪ੍ਰਚਾਰ ਲੜੀ" ਰਾਵਲਪਿੰਡੀ ਵਿਚ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਸ਼ੁਰੂ ਕੀਤੀ ਗਈ ਸੀ ਅਤੇ ਇਸਦੇ ਮੈਨੇਜਰ ਗਿਆਨੀ ਸ਼ੇਰ ਸਿੰਘ ਆਪ ਹੀ ਸਨ। ਇਸਦਾ ਮੁਖ ਮੰਤਵ ਨਿਕੀਆਂ ਨਿਕੀਆਂ ਪੁਸਤਕਾਂ ਰਾਹੀਂ ਸਿੱਖ ਧਰਮ ਦਾ ਪ੍ਰਚਾਰ ਕਰਨਾ ਸੀ। ਇਸ ਲੜੀ ਦੀ ਪਹਿਲੀ ਪੁਸਤਕ 'ਗੁਰੂ ਗ੍ਰੰਥ ਤੇ ਪੰਥ' ਸੀ। ਦੂਜੀ, ਤੀਜੀ ਤੇ ਚੌਥੀ ਪੁਸਤਕ ਧਰਮ ਦਰਪਨ ਭਾਗ 1, 2, 3 ਸਨ। ਇਨ੍ਹਾਂ ਤਿੰਨਾਂ ਭਾਗਾਂ ਵਿਚ ਗਿਆਨੀ ਸ਼ੇਰ ਸਿੰਘ ਜੀ ਦਾ ਕੀਤਾ ਹੋਇਆ ਕੇਵਲ 'ਆਸਾ ਦੀ ਵਾਰ' ਦਾ ਟੀਕਾ ਹੈ।

ਇਸ ਟੀਕੇ ਵਿਚ ਇਹ ਕ੍ਰਮ ਅਪਨਾਇਆ ਗਿਆ ਹੈ : ਅਰਥ, ਪਦਾਰਥ, ਨਰੋਕ, ਖਾਸ ਗੱਲਾਂ ।" "ਅਰਥ" ਅਤੇ "ਪਦਾਰਥ" ਤਾਂ ਸਾਧਾਰਣ ਪੱਧਰ ਦੇ ਹਨ ਅਤੇ ਪਹਿਲੇ ਟੀਕਾਕਾਰਾਂ ਨਾਲੋਂ ਅੰਤਰ ਵਾਲੀ ਕੋਈ ਖਾਸ ਗੱਲ ਨਹੀਂ ਕੀਤੀ ਗਈ। "ਨਰੋਕ" ਅਤੇ "ਖਾਸ ਗੱਲਾਂ" ਦਾ ਮੂਲ ਮੰਤਵ ਸੰਭਵ ਸ਼ੰਕਿਆਂ ਦੀ ਨਵਿਰਤੀ ਅਤੇ ਅਨਯ ਮਤਾਂ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ ਦਾ ਖੰਡਨ ਕਰਨਾ ਹੈ। ਆਪਣੇ ਤੋਂ ਪਹਿਲੇ ਟੀਕਾਕਾਰਾਂ ਭਾਈ ਨਿਹਾਲ ਸਿੰਘ, ਭਾਈ ਸਰਦੂਲ ਸਿੰਘ ਅਤੇ ਭਾਈ ਭਗਵਾਨ ਸਿੰਘ ਨਾਲੋਂ ਇਸ ਟੀਕਾਕਾਰ ਦਾ ਵੱਡਾ ਅੰਤਰ ਇਹ ਹੈ ਕਿ ਇਸ ਦਾ ਬ੍ਰਾਹਮਣੀ ਰੁਚੀਆਂ ਅਤੇ ਵੇਦਾਂਤ ਵਲ ਕੋਈ ਝੁਕਾਅ ਨਹੀਂ। ਇਹ ਗੁਰਬਾਣੀ ਸਿਧਾਂਤਾਂ ਵਿਚ ਪਰਿਪੱਕ ਹੈ। ਇਸ ਟੀਕਾਕਾਰ ਉਤੇ ਸਿੰਘ ਸਭਾ ਦਾ ਕਾਫ਼ੀ ਪ੍ਰਭਾਵ ਹੈ ਅਤੇ ਉਹ ਗੁਰਬਾਣੀ ਦੀ ਵਿਆਖਿਆ ਸਿੰਘ ਸਭਈ ਦ੍ਰਿਸ਼ਟੀਕੋਣ ਤੋਂ ਕਰਦਾ ਹੈ। ਉਸਦੇ ਵਿਚਾਰ ਬੜੇ ਸਪੱਸ਼ਟ ਹਨ ਅਤੇ ਉਹ ਉਨ੍ਹਾਂ

ਨੂੰ ਬੜੇ ਨਿਆਇਯੁਕਤ ਢੰਗ ਨਾਲ ਪੇਸ਼ ਕਰਦਾ ਹੈ। ਇਸ ਟੀਕੇ ਦੀ ਭਾਸ਼ਾ ਵੀ ਪਹਿਲੇ ਟੀਕਿਆਂ ਨਾਲੋਂ ਵਧੇਰੇ ਸ਼ੁਧ, ਸਰਲ ਅਤੇ ਠੇਠ ਪੰਜਾਬੀ ਹੈ। ਨਮੂਨੇ ਲਈ ਪਹਿਲੀ ਪਉੜੀ ਦੇ "ਨਚੋੜ" ਵਿਚੋਂ ਕੁਝ ਸਤਰਾਂ ਪੇਸ਼ ਕਰਦੇ ਹਾਂ :-

> "ਅਸਲ ਵਿਚ ਇਹ ਪਉੜੀ ਆਸਾ ਦੀ ਵਾਰ ਦੀ ਬੁਨਿਆਦ ਹੈ। ਇਸ ਵਿਚ ਦਸਿਆ ਹੈ ਕਿ ਵਾਹਿਗੁਰੂ ਨੇ ਆਪਣੀ ਸ਼ਕਤੀ ਨੂੰ ਆਪ ਹੀ ਪ੍ਰਗਟ ਕੀਤਾ ਅਰਥਾਤ ਵੇਦਾਂਤੀਆਂ ਦੇ ਖਿਆਲ ਅਨੁਸਾਰ ਰੱਬ ਦੇ ਬਿਨਾਂ ਪੁਛੇ ਹੀ ਮਾਯਾ ਤੇ ਅਵਿਦਿਆ ਦੇ ਪ੍ਰਭਾਵ ਨਾਲ ਸੰਸਾਰ ਨਹੀਂ ਬਣਿਆ ਤੇ ਨਾ ਸਾਂਖ ਵਾਲਿਆਂ ਦੇ ਖਿਆਲ ਅਨੁਸਾਰ ਪ੍ਰਕ੍ਰਿਤੀ ਨੇ ਆਪਣੇ ਆਪ ਇਸ ਜਗਤ ਨੂੰ ਸਾਜਿਆ। ਬਸ ਇਸ ਸੰਸਾਰ ਦੇ ਬਿਨਾਂ ਕਿਸੇ ਉਪਾਦਾਨ ਕਾਰਨ (ਇਲਤਮਾਦੀ) ਦੇ ਕੇਵਲ ਵਾਹਿਗੁਰੂ ਦੀ ਇਛਿਆ ਨਾਲ ਹੀ ਬਣ ਜਾਣਾ ਏਹ ਰਬ ਦੀ ਅਪਾਰ ਸ਼ਕਤੀ ਦਾ ਨਜ਼ਾਰਾ ਹੈ। ਸੋ ਸ਼ਕਤੀ ਦਾ ਯੇਹ ਚਮਤਕਾਰ ਉਸ ਨੇ ਆਪਣੀ ਮਰਜ਼ੀ ਨਾਲ ਹੀ ਕੀਤਾ ਤੇ ਆਪੇ ਹੀ ਨਾਮ ਪ੍ਰਗਟ ਕਰਿਆ। ਇਸੇ ਨਾਮ ਦਾ ਅਰਥ ਵਾਹਿਗੁਰੂ ਦਾ ਪ੍ਰੇਮ ਜਾਂ ਯਥਾਰਥ ਗਯਾਨ ਹੈ।"

( ਪੰਨੇ 14-15 )

## ਪੰਡਿਤ ਨਰੈਣ ਸਿੰਘ (ਗਿਆਨੀ)

ਪੰਡਿਤ ਨਰੈਣ ਸਿੰਘ ਜੀ (ਗਿਆਨੀ) ਲਾਹੌਰ ਵਾਲਿਆਂ ਨੇ ਗੁਰਬਾਣੀ ਦੀ ਟੀਕਾਕਾਰੀ ਦੇ ਖੇਤਰ ਵਿਚ ਚੰਗਾ ਯੋਗਦਾਨ ਪਾਇਆ ਹੈ। ਇਨ੍ਹਾਂ ਨੇ ਆਪਣੇ ਤੋਂ ਪਹਿਲੇ ਕਿਸੇ ਵੀ ਟੀਕਾਕਾਰ ਨਾਲੋਂ ਵੱਧ ਟੀਕੇ ਕੀਤੇ ਹਨ। ਇਨ੍ਹਾਂ ਨੇ ਆਪਣਾ 'ਆਸਾ ਦੀ ਵਾਰ' ਦਾ ਟੀਕਾ ਜਨਵਰੀ 1914 ਈ: ਨੂੰ ਸਮਾਪਤ ਕੀਤਾ।[1] ਇਹ ਟੀਕਾ ਦੋ ਵਖ ਵਖ ਪ੍ਰਕਾਸ਼ਕਾਂ ਦੁਆਰਾ ਪ੍ਰਕਾਸ਼ਿਤ ਕੀਤਾ ਹੋਇਆ ਮਿਲਦਾ ਹੈ :-

ੳ) ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਅ) ਭਾਈ ਬੂਟਾ ਸਿੰਘ, ਪ੍ਰਤਾਪ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

---

1 ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ, ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ ਟੀਕੇ ਦੇ ਅੰਤ ਵਿਚ ਰਚਨਾਕਾਲ ਬਾਰੇ ਇਹ ਦੋਹਰਾ ਦਿੱਤਾ ਹੋਇਆ ਹੈ:

'ਵੇਦ ਗਨਪਤੀ ਰਦਨ ਹੈ, ਨਿਧ ਰਸ-ਚੰਦ੍ਰ ਸੁਰ॥
ਪ੍ਰਥਮ ਮਾਹ ਸਨ ਈਸਵੀ ਦਿਵਸ ਭੋਮ ਭੋ ਪੂਰ ॥'

ਪੰਡਿਤ ਨਰੈਣ ਸਿੰਘ ਦਾ 'ਆਸਾ ਦੀ ਵਾਰ' ਦਾ ਟੀਕਾ ਦੋ ਹੋਰ ਪੁਸਤਕਾਂ ਵਿਚ ਵੀ ਮਿਲਦਾ ਹੈ :-

ੳ) 1915 ਈ: ਵਿਚ ਪ੍ਰਕਾਸ਼ਿਤ ਹੋਈ ਪੁਸਤਕ 'ਸ੍ਰੀ ਗੁਰੂ ਜਸ ਰਤਨਾਕਰ' ਵਿਚ। ਇਸ ਪੁਸਤਕ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਬਾਣੀ ਵਾਰਾਂ ਦਾ ਟੀਕਾ ਹੈ।

ਅ) ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੰਜ ਜਿਲਦਾਂ) ਵਿਚ।

ਪੰਡਿਤ ਨਰੈਣ ਸਿੰਘ ਜੀ ਨਿਰਮਲੇ ਸਨ। ਪਰ ਉਨ੍ਹਾਂ ਦੀ ਟੀਕਾਕਾਰੀ ਉਤੇ ਨਿਰਮਲ ਸੰਪ੍ਰਦਾਇ ਵਾਲੀ ਵਿਦਵੱਤ ਭਾਸ਼ਾ ਜਾਂ ਵੇਦਾਂਤ ਮੁਖੀ ਵਿਚਾਰਾਂ ਦਾ ਕੋਈ ਖਾਸ ਪ੍ਰਭਾਵ ਨਹੀਂ ਮਿਲਦਾ। 'ਆਸਾ ਦੀ ਵਾਰ' ਦੇ ਟੀਕੇ ਵਿਚ ਉਨ੍ਹਾਂ ਨੇ ਸੰਪ੍ਰਦਾਈ ਅਰਥਾਂ ਨੂੰ ਹੀ ਮੁਖ ਰਖਿਆ ਹੈ ਅਤੇ ਸਰਲ ਭਾਸ਼ਾ ਵਿਚ ਇਹ ਰਚਿਆ ਹੈ।

## ਗਿਆਨੀ ਸੰਤ ਸਿੰਘ

ਗਿਆਨੀ ਸੰਤ ਸਿੰਘ ਦੁਆਰਾ ਰਚਿਤ 'ਆਸਾ ਦੀ ਵਾਰ' ਦਾ ਟੀਕਾ ਉਨ੍ਹਾਂ ਦੀ "ਪੰਜ ਗ੍ਰੰਥੀ ਸਟੀਕ" ਵਿਚ ਮਿਲਦਾ ਹੈ ਜੋ ਭਗਤ ਸਿੰਘ, ਅੰਮ੍ਰਿਤਸਰ ਨੇ 1914 ਈ: ਵਿਚ ਪ੍ਰਕਾਸ਼ਿਤ ਕੀਤੀ। ਇਹ 'ਪੰਜ ਗ੍ਰੰਥੀ ਸਟੀਕ' ਪੰਜਾਬ ਦੇ ਪੁਸਤਕਾਲਿਆਂ ਵਿਚ ਕਿਧਰੇ ਉਪਲਬਧ ਨਹੀਂ ਹੈ। ਇਸ ਦੀ ਇਕ ਪ੍ਰਤੀ ਇੰਡੀਆ ਆਫਿਸ ਲਾਇਬ੍ਰੇਰੀ, ਲੰਡਨ ਵਿਚ Panj B 1085 ਨੰਬਰ ਹੇਠ ਸੁਰੱਖਿਅਤ ਹੈ। ਇਸ ਪੰਜ ਗ੍ਰੰਥੀ ਸਟੀਕ ਵਿਚੋਂ 'ਆਸਾ ਦੀ ਵਾਰ' ਦੇ ਟੀਕੇ ਵਾਲੇ ਭਾਗ ਦਾ ਉਤਾਰਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਪੰਜਾਬੀ ਰੈਫਰੈਂਸ ਲਾਇਬ੍ਰੇਰੀ ਨੇ ਕਰਵਾ ਕੇ ਰਖਿਆ ਹੋਇਆ ਹੈ ਜਿਸ ਦਾ ਨੰਬਰ 14770 ਹੈ।

ਇਸ ਟੀਕੇ ਵਿਚ ਗਿਆਨੀ ਸੰਪ੍ਰਦਾਇ ਵਾਲੇ ਅਰਥ ਹੀ ਮਿਲਦੇ ਹਨ। ਜੋ ਸੰਖੇਪ ਰੂਪ ਵਿਚ ਦਿੱਤੇ ਹੋਏ ਹਨ। ਟੀਕਾਕਾਰ ਨੇ ਕਿਸੇ ਗੂੜ੍ਹ ਸੰਕਲਪ ਨੂੰ ਖੋਲ੍ਹ ਕੇ ਬਿਆਨ ਕਰਨ ਜਾਂ ਉਸ ਦੇ ਰਹੱਸ ਨੂੰ ਪ੍ਰਗਟ ਕਰਨ ਦਾ ਕੋਈ ਉਪਰਾਲਾ ਨਹੀਂ ਕੀਤਾ। ਉਦਾਹਰਣ ਵਜੋਂ, ਪਹਿਲੀ ਪਉੜੀ

ਦੇ ਅਰਥ ਕਰਦਿਆਂ ਨਾਮ ਦੇ ਰਹੱਸ ਨੂੰ ਖੋਲ੍ਹ ਕੇ ਬਿਆਨ ਕਰਨ ਦੀ ਥਾਂ ਕੇਵਲ ਨਾਮ ਸ਼ਬਦ ਵਰਤ ਕੇ ਹੀ ਗੁਜ਼ਾਰਾ ਕਰ ਲਿਆ ਹੈ :-

> "ਪਰਮੇਸ਼ੁਰ ਨੇ ਆਪਣੇ ਆਪ ਤੋਂ ਸੰਸਾਰ ਰਚਿਆ ਤੇ ਆਪ ਹੀ
> ਨਾਮ ਰਚਿਆ । ਆਪਣੇ ਤੋਂ ਭਿੰਨ ਦੂਸਰੀ ਕੁਦਰਤ ਰਚੀ ਜਿਸ
> ਵਿਚ ਆਪੇ ਹੀ ਇਸਥਿਤ ਹੋ ਕੇ ਕੌਤਕ ਦੇਖਦਾ ਹੈ।"[1]

ਇਸੇ ਤਰ੍ਹਾਂ "ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ" ਦੇ ਅਰਥ ਕਰਦਿਆਂ ਕੁਦਰਤ ਦੇ ਸੰਕਲਪ ਨੂੰ ਬਿਆਨ ਕਰਨ ਦੀ ਥਾਂ ਕੁਦਰਤ ਸ਼ਬਦ ਨਾਲ ਹੀ ਕੰਮ ਸਾਰ ਲਿਆ ਗਿਆ ਹੈ :-

> "ਕੁਦਰਤ ਦਿਸਦੀ ਹੈ ਕੁਦਰਤ ਸੁਣੀਂਦੀ ਹੈ
> ਭਉ ਤੇ ਸੁਖਾਂ ਦਾ ਸਾਰ ਹੈ।"[2]

<u>ਗਿਆਨੀ ਬਿਸ਼ਨ ਸਿੰਘ</u>

ਭਾਈ ਬਿਸ਼ਨ ਸਿੰਘ ਗਿਆਨੀ ਦਾ 'ਆਸਾ ਦੀ ਵਾਰ' ਦਾ ਟੀਕਾ ਉਨ੍ਹਾਂ ਦੀਆਂ ਪੁਸਤਕਾਂ 'ਬਾਣੀ ਵਾਰਾਂ ਸਟੀਕ' (1917 ਈ:) ਅਤੇ'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ' (1929 ਈ:) ਵਿਚ ਮਿਲਦਾ ਹੈ। ਗਿਆਨੀ ਬਿਸ਼ਨ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਅਧਿਆਪਕ ਰਹੇ ਹਨ ਅਤੇ ਉਥੇ ਕਾਲਜ ਦੇ ਗੁਰਦਵਾਰੇ ਵਿਚ ਕਥਾ ਵੀ ਕਰਦੇ ਰਹੇ ਹਨ। ਸਾਰੇ ਉਚ ਕੋਟੀ ਦੇ ਵਿਦਵਾਨ ਉਨ੍ਹਾਂ ਦਿਨਾਂ ਵਿਚ ਖਾਲਸਾ ਕਾਲਜ ਅੰਮ੍ਰਿਤਸਰ ਆਮ ਜਾਂਦੇ ਸਨ। ਗਿਆਨੀ ਜੀ ਉਨ੍ਹਾਂ ਨਾਲ ਆਮ ਵਿਚਾਰ ਵਟਾਂਦਰਾ ਕਰਦੇ ਰਹੇ ਹਨ। ਇਸੇ ਕਰਕੇ ਉਨ੍ਹਾਂ ਦਾ ਟੀਕਾ ਕਾਫ਼ੀ ਸ਼ੁੱਧ ਟੀਕਾ ਹੈ। ਇਹ ਸਰਲ ਭਾਸ਼ਾ ਵਿਚ ਕੀਤਾ ਹੋਇਆ ਹੈ ਅਤੇ ਸੰਖੇਪ ਹੈ। ਉਨ੍ਹਾਂ ਦੇ ਟੀਕੇ ਦਾ ਮਹੱਤਵ ਇਹੋ ਹੈ ਕਿ ਸੰਪ੍ਰਦਾਈ ਅਰਥਾਂ ਵਿਚ ਕਥਾਵਾਂ ਅਤੇ ਸਾਖੀਆਂ ਦੀ ਜੋ ਭਰਮਾਰ ਆ ਗਈ ਸੀ ਅਤੇ ਵੇਦ-ਵੇਦਾਂਤ ਵਲ ਜੋ ਸੰਪ੍ਰਦਾਈ ਟੀਕਾਕਾਰਾਂ ਦਾ ਝੁਕਾਅ ਵਧ ਰਿਹਾ ਸੀ ( ਦੇਖੋ ਟੀਕਾ ਭਗਵਾਨ ਸਿੰਘ) ਉਸ ਨੂੰ ਸਮਾਪਤ ਕਰਕੇ ਉਨ੍ਹਾਂ ਨੇ ਸੰਪ੍ਰਦਾਈ ਅਰਥਾਂ ਨੂੰ ਨਿਰੋਲ ਗੁਰਮਤ ਸਿਧਾਂਤਾਂ ਅਨੁਸਾਰ ਪੇਸ਼ ਕੀਤਾ ਹੈ।

---

1 ਗਿਆਨੀ ਸੰਤ ਸਿੰਘ, <u>ਪੰਜ ਗ੍ਰੰਥੀ ਸਟੀਕ</u>, ਪੰਨਾ 837.

2 ਉਹੀ, ਪੰਨਾ 847.

<u>ਭਾਈ ਮੋਹਨ ਸਿੰਘ ਰਈਸ</u>

ਭਾਈ ਮੋਹਨ ਸਿੰਘ ਰਈਸ, ਮੈਂਬਰ, ਇੰਡੀਆ ਕੌਂਸਲ, ਲੰਡਨ ਦੀ 'ਆਸਾ ਦੀ ਵਾਰ' ਸਟੀਕ ਪਹਿਲੀ ਵਾਰ ਸੰਮਤ ਨਾਨਕ ਸ਼ਾਹੀ 452 ਮੁਤਾਬਕ ਸੰਨ 1921 ਈ: ਨੂੰ ਪ੍ਰਕਾਸ਼ਿਤ ਹੋਈ। ਇਸ ਟੀਕੇ ਵਿਚ ਦਿੱਤੇ ਅਰਥ ਸਾਧਾਰਣ ਪੱਧਰ ਦੇ ਹਨ। ਅਰਥਾਂ ਦੀ ਦ੍ਰਿਸ਼ਟੀ ਤੋਂ ਇਸ ਟੀਕੇ ਦਾ ਕੋਈ ਵਿਸ਼ੇਸ਼ ਮਹੱਤਵ ਨਹੀਂ ਹੈ। ਟੀਕਾਕਾਰ ਨੇ ਅਰਥਾਂ ਤੋਂ ਬਾਅਦ "ਭਾਵ" ਜਾਂ "ਵਿਚਾਰ" ਸਿਰਲੇਖ ਦੇ ਕੇ ਅਰਥਾਂ ਸੰਬੰਧੀ ਕੁਝ ਤਰਕ ਵਿਤਰਕ ਪੇਸ਼ ਕੀਤਾ ਹੈ। ਇਹ ਮਹੱਤਵਪੂਰਣ ਹੈ ਕਿਉਂਕਿ ਇਸ ਵਿਚ ਪਹਿਲੇ ਟੀਕਿਆਂ ਨਾਲੋਂ ਇਕ ਗੱਲ ਵਿਸ਼ੇਸ਼ ਤੌਰ ਉਤੇ ਵੱਖਰੀ ਹੈ। ਪਹਿਲੇ ਟੀਕਿਆਂ ਵਿਚ ਟੀਕਾਕਾਰ ਅਰਥਾਂ ਦੀ ਪੁਸ਼ਟੀ ਲਈ ਪ੍ਰਮਾਣ ਪੂਰਬੀ ਜੀਵਨ ਅਤੇ ਗਿਆਨ ਵਿਚੋਂ ਲੈਂਦੇ ਸਨ। ਇਸ ਟੀਕੇ ਵਿਚ ਪਹਿਲੀ ਵਾਰ ਪੱਛਮ ਦੇ ਵਿਗਿਆਨਕ ਤਜਰਬਿਆਂ ਨੂੰ ਪ੍ਰਮਾਣ ਵਜੋਂ ਪੇਸ਼ ਕੀਤਾ ਗਿਆ ਹੈ। ਹੇਠ ਲਿਖੀਆਂ ਸਤਰਾਂ ਵੇਖੋ :-

> "ਜਿਸ ਤਰ੍ਹਾਂ ਪਦਾਰਥ ਦੁਨੀਆਂ ਵਿੱਚ ਕਈ ਕਾਢਾਂ ਨਿਕਲੀਆਂ ਹਨ ਤੇ ਉਨ੍ਹਾਂ ਦੇ ਈਜਾਦ ਕਰਨ ਵਾਲਾ ਸਭ ਤੋਂ ਪਹਿਲਾਂ ਕੋਈ ਨਾ ਕੋਈ ਸ਼ਖਸ ਹੋਇਆ ਹੈ, ਜਿਹਾ ਕਿ ਭਾਫ ਦੇ ਇੰਜਨ ਦੀ ਕਾਢ ਮਿਸਟਰ ਸਟੀਫਨ ਨੇ ਕਢੀ, ਅਤੇ ਬਾਈਸਕੋਪ ਫੋਟੋਗ੍ਰਾਫ਼ ਆਦਿਕ ਕਾਢਾਂ ਐਡੀਸਨ ਨੇ ਕੱਢੀਆਂ। ਇਨ੍ਹਾਂ ਨੇ ਇਹ ਹੁਨਰ ਕਿਥੋਂ ਸਿਖੇ? ਇਸ ਦਾ ਉਤਰ ਇਹੋ ਹੋ ਸਕਦਾ ਹੈ ਕਿ ਅਕਾਲ ਪੁਰਖ ਨੇ ਹੀ ਇਨ੍ਹਾਂ ਦੇ ਦਿਮਾਗ ਨੂੰ ਅਜਿਹਾ ਰੋਸ਼ਨ ਕੀਤਾ ਹੈ ਜੋ ਸੰਸਾਰ ਨੂੰ ਹੈਰਾਨ ਕਰ ਦੇਣ ਵਾਲੀਆਂ ਕਾਢਾਂ ਦੇ ਇਹ ਮੂਜਦ ਬਣੇ। ਇਸੇ ਤਰ੍ਹਾਂ ਸਾਡਾ ਨਿਸਚਾ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਨੇ ਧਾਰਮਕ ਦੁਨੀਆਂ ਵਿਚ ਸਭ ਤੋਂ ਸੁੱਚਾ ਤੇ ਉੱਚਾ ਗਿਆਨ ਪ੍ਰਕਾਸ਼ ਕੀਤਾ ਹੈ ਜੋ ਉਨ੍ਹਾਂ ਨੇ ਵਾਹਿਗੁਰੂ ਪਾਸੋਂ ਪ੍ਰਾਪਤ ਕੀਤਾ ਹੈ।"[1]

---

1 ਦੂਜੀ ਛਾਪ, ਸੰਮਤ ਨਾਨਕ ਸ਼ਾਹੀ 466, ਪੰਨੇ 5-6 ।

## <u>ਮਾਸਟਰ ਮਹਿਤਾਬ ਸਿੰਘ</u>

ਮਾਸਟਰ ਮਹਿਤਾਬ ਸਿੰਘ ਦੀ 'ਆਸਾ ਦੀ ਵਾਰ ਸਟੀਕ' ਪਹਿਲੀ ਵਾਰ 1924 ਈ: ਵਿਚ ਪ੍ਰਕਾਸ਼ਿਤ ਹੋਈ। ਇਸ ਟੀਕੇ ਵਿਚ ਹਰ ਪਉੜੀ ਨਾਲ ਲੱਗੇ ਸ਼ਲੋਕਾਂ ਦਾ ਆਪਸੀ ਸੰਬੰਧ ਅਤੇ ਸਲੋਕਾਂ ਦਾ ਪਉੜੀ ਨਾਲ ਸੰਬੰਧ ਸਥਾਪਿਤ ਕਰਕੇ ਸਾਰੀ ਆਸਾ ਦੀ ਵਾਰ ਨੂੰ ਖਿਆਲਾਂ ਦੀ ਇਕ ਲੜੀ ਵਿਚ ਪਰੋ ਕੇ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਆਸਾ ਦੀ ਵਾਰ ਦੀ ਟੀਕਾਕਾਰੀ ਵਿਚ ਇਸ ਕਿਸਮ ਦਾ ਇਹ ਪਹਿਲਾ ਯਤਨ ਹੈ।

## <u>ਪ੍ਰੋ: ਸਾਹਿਬ ਸਿੰਘ</u>

ਪ੍ਰੋ: ਸਾਹਿਬ ਸਿੰਘ ਨੇ ਲਗਭਗ ਆਪਣਾ ਸਾਰਾ ਜੀਵਨ ਗੁਰਮਤ ਸਾਹਿਤ ਦੀ ਸੇਵਾ ਵਿਚ ਲਾਇਆ ਹੈ। ਪਹਿਲਾਂ ਉਨ੍ਹਾਂ ਨੇ ਬਾਣੀ ਦੇ ਵਿਕੋਲਿਤਰੇ ਟੀਕੇ ਕੀਤੇ ਹਨ। ਇਸ ਪਾਸੇ ਵਲ ਉਨ੍ਹਾਂ ਦਾ ਅੰਤਿਮ ਅਤੇ ਮਹਾਨ ਯਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਟੀਕਾ ਹੈ ਜੋ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਨਾਮ ਨਾਲ ਪ੍ਰਸਿਧ ਹੈ। ਉਨ੍ਹਾਂ ਨੇ ਗੁਰਬਾਣੀ ਦੀ ਟੀਕਾਕਾਰੀ ਦੇ ਖੇਤਰ ਵਿਚ ਨਵੇਂ ਤਜਰਬੇ ਕੀਤੇ ਹਨ, ਨਵੀਆਂ ਲੀਹਾਂ ਪਾਈਆਂ ਹਨ ਅਤੇ ਨਵੇਂ ਮੀਲ ਪੱਥਰ ਗੱਡੇ ਹਨ। ਇਹ ਸਭ ਕੁਝ ਉਨ੍ਹਾਂ ਦੇ 'ਆਸਾ ਦੀ ਵਾਰ' ਦੇ ਟੀਕੇ ਤੋਂ ਵੀ ਸਿਧ ਹੁੰਦਾ ਹੈ ਜੋ ਉਨ੍ਹਾਂ ਨੇ ਸੰਨ 1933 ਈ: ਵਿਚ ਪਹਿਲੀ ਵਾਰ ਛਪਵਾਇਆ। 'ਆਸਾ ਦੀ ਵਾਰ ਸਟੀਕ' ਵਿਚੋਂ ਉਨ੍ਹਾਂ ਦੀ ਟੀਕਾਕਾਰੀ ਦੇ ਜੋ ਵਿਸ਼ੇਸ਼ ਲੱਛਣ ਉਭਰਦੇ ਹਨ, ਉਹ ਨਿਮਨ ਅਨੁਸਾਰ ਹਨ :-

1. ਇਹ ਟੀਕਾ ਵਿਆਕਰਣ ਅਨੁਸਾਰ ਕੀਤਾ ਗਿਆ ਹੈ। ਇਕ ਤੁਕ ਦੇ ਇਕ ਤੋਂ ਵਧੀਕ ਅਰਥ ਕਰਨ ਦੀ ਰੀਤੀ ਦਾ ਵਿਰੋਧ ਕੀਤਾ ਗਿਆ ਹੈ। ਹਰ ਇਕ ਲਫ਼ਜ਼ ਦੀ ਬਣਾਵਟ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ।[1] ਪ੍ਰੋ: ਸਾਹਿਬ ਸਿੰਘ ਤੋਂ ਪਹਿਲਾਂ ਭਾਈ ਵੀਰ ਸਿੰਘ ਨੇ ਵੀ ਇਕ ਤੁਕ ਦੇ ਇਕੋ ਅਰਥ ਮੰਨੇ ਹਨ ਪਰ ਉਨ੍ਹਾਂ ਨੇ ਦੂਸਰੇ ਅਰਥ ਦੀ ਸੰਭਾਵਨਾ ਨੂੰ ਉਸ ਤਰ੍ਹਾਂ ਰਦ ਨਹੀਂ ਕੀਤਾ ਜਿਸ ਤਰ੍ਹਾਂ ਪ੍ਰੋ: ਸਾਹਿਬ ਸਿੰਘ ਨੇ ਕੀਤਾ ਹੈ। ਇਸ ਪਾਸੇ ਵਲ ਪ੍ਰੋ: ਸਾਹਿਬ ਸਿੰਘ, ਭਾਈ ਵੀਰ ਸਿੰਘ ਤੋਂ ਵਧੇਰੇ ਦ੍ਰਿੜ੍ਹ ਹਨ।

---

1 ਪ੍ਰੋ: ਸਾਹਿਬ ਸਿੰਘ, <u>ਆਸਾ ਦੀ ਵਾਰ ਸਟੀਕ</u>, ਸਤਵੀਂ ਛਾਪ, ਪੰਨਾ 3.

2. ਪ੍ਰੋ: ਸਾਹਿਬ ਸਿੰਘ ਨੇ ਇਹ ਤਾਂ ਮੰਨਿਆ ਹੈ ਕਿ ਲਗਭਗ ਹਰ ਇਕ ਸਲੋਕ ਦਾ ਕੋਈ ਇਤਿਹਾਸਕ ਪਿਛੋਕੜ ਹੈ ਪਰ ਟੀਕਾਕਾਰੀ ਵਿਚ ਉਨ੍ਹਾਂ ਸੰਬੰਧਿਤ ਸਾਖੀ ਨੂੰ ਕੋਈ ਮਹੱਤਵ ਨਹੀਂ ਦਿੱਤਾ। ਉਨ੍ਹਾਂ ਅਨੁਸਾਰ ਇਨ੍ਹਾਂ ਸ਼ਲੋਕਾਂ ਦੀ ਸਿਖਿਆ "ਸਾਂਝੀ ਸਗਲ ਜਹਾਨੈ" ਵਾਲੀ ਹੈ। ਇਸ ਕਰਕੇ ਟੀਕਾ ਕਰਦਿਆਂ ਸਲੋਕ ਦੇ ਮੁਖ ਭਾਵ ਨੂੰ ਹੀ ਮਹੱਤਵਪੂਰਣ ਸਮਝਿਆ ਗਿਆ ਹੈ।[1]

3. ਪ੍ਰੋ: ਸਾਹਿਬ ਸਿੰਘ ਤੋਂ ਪਹਿਲਾਂ ਹੋਏ 'ਆਸਾ ਦੀ ਵਾਰ' ਦੇ ਬਹੁਤ ਸਾਰੇ ਟੀਕਿਆਂ ਵਿਚ ਇਹ ਮੰਨਿਆ ਗਿਆ ਹੈ ਕਿ ਪਹਿਲੀਆਂ ਨੌਂ ਪਉੜੀਆਂ ਸ਼ੇਖ ਬ੍ਰਹਮ ਪ੍ਰਸੰਗ ਪਾਠ-ਪਠਨ ਵਿਚ ਉਚਾਰੀਆਂ ਗਈਆਂ ਹਨ ਅਤੇ ਬਾਕੀ ਪੰਦਰਾਂ ਹੋਰ ਕਿਤੇ।[2] ਇਸ ਮਨੋਤ ਦਾ ਆਧਾਰ ਜਨਮ ਸਾਖੀਆਂ ਵਿਚ ਆਈ "ਸ਼ੇਖ ਬ੍ਰਹਮ ਨਾਲ ਗੋਸ਼ਟ" ਹੈ। ਪ੍ਰੋ: ਸਾਹਿਬ ਸਿੰਘ ਪਹਿਲੇ ਟੀਕਾਕਾਰ ਹਨ ਜਿਨ੍ਹਾਂ ਨੇ ਇਸ ਮਨੋਤ ਨੂੰ ਸਪੱਸ਼ਟ ਤੌਰ ਉਤੇ ਰੱਦ ਕੀਤਾ ਹੈ। ਉਨ੍ਹਾਂ ਅਨੁਸਾਰ ਇਹ ਖਿਆਲ ਉੱਕਾ ਹੀ ਗ਼ਲਤ ਹੈ। ਸਾਰੀ ਵਾਰ ਦਾ ਇਕੋ ਹੀ ਮਜ਼ਮੂਨ ਹੈ, ਜਿਥੇ ਭੀ ਉਚਾਰੀ ਹੈ, ਸਾਰੀ ਇਕੱਠੀ ਹੀ ਉਚਾਰੀ ਹੈ।[3]

<u>ਪ੍ਰਿੰ: ਤੇਜਾ ਸਿੰਘ</u>

ਪ੍ਰੋ: ਸਾਹਿਬ ਸਿੰਘ ਦੇ ਟੀਕੇ ਤੋਂ ਪੰਜ ਸਾਲ ਪਿਛੋਂ ਸੰਨ 1938 ਈ: ਵਿਚ ਪ੍ਰਿੰਸੀਪਲ ਤੇਜਾ ਸਿੰਘ ਰਚਿਤ 'ਆਸਾ ਦੀ ਵਾਰ ਸਟੀਕ' ਪ੍ਰਕਾਸ਼ਿਤ ਹੋਈ। ਪ੍ਰਿੰ: ਤੇਜਾ ਸਿੰਘ ਨੇ 'ਸ਼ਬਦਾਰਥ ਲਗਾਂ ਮਾਤਰਾਂ ਦੇ ਗੁੱਝੇ ਭੇਦਾਂ' ਲੱਭ ਕੇ 1925 ਈ: ਵਿਚ ਹੀ ਪ੍ਰਕਾਸ਼ਿਤ ਕਰਵਾ ਦਿੱਤੇ ਸਨ। ਗੁਰਬਾਣੀ ਦੀ ਟੀਕਾਕਾਰੀ ਵਲ ਉਨ੍ਹਾਂ ਦਾ ਇਹ ਪਹਿਲਾ ਠੋਸ ਕਦਮ ਸੀ। ਉਨ੍ਹਾਂ ਨੇ 'ਆਸਾ ਦੀ ਵਾਰ' ਦਾ ਟੀਕਾ ਗੁਰਬਾਣੀ ਵਿਆਕਰਣ ਦੇ ਨੇਮਾਂ ਅਨੁਸਾਰ ਕੀਤਾ ਹੈ। ਪਰ ਜਿਥੇ

---

1 ਪ੍ਰੋ: ਸਾਹਿਬ ਸਿੰਘ, <u>ਆਸਾ ਦੀ ਵਾਰ ਸਟੀਕ</u>, ਸਤਵੀਂ ਛਾਪ, ਪੰਨਾ 6-7.

2 ਭਾਈ ਮਨੀ ਸਿੰਘ ਕ੍ਰਿਤ <u>ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ</u>, 1947 ਬਿਕ੍ਰਮੀ, ਪੰਨਾ 65-90;
<u>ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ</u> (ਫਰੀਦਕੋਟੀ ਟੀਕਾ), ਸੈਂਚੀ ਦੂਜੀ, ਪੰਨਾ 979;
ਭਾਈ ਵੀਰ ਸਿੰਘ, <u>ਪੰਜ ਗ੍ਰੰਥੀ ਸਟੀਕ</u>, ਜਨਵਰੀ 1976, ਪੰਨਾ 389;
ਭਾਈ ਸਰਦੂਲ ਸਿੰਘ, <u>ਆਸਾ ਦੀ ਵਾਰ ਦੀ ਟੀਕਾ</u>, ਬਿਕਰਮੀ 1964, ਪੰਨਾ 10;
ਭਾਈ ਭਗਵਾਨ ਸਿੰਘ, <u>ਆਸਾ ਦੀ ਵਾਰ ਸਟੀਕ</u>, ਸੰਮਤ ਨਾਨਕ ਸ਼ਾਹੀ 432, ਪੰਨਾ 22.

3 <u>ਆਸਾ ਦੀ ਵਾਰ ਸਟੀਕ</u>, ਸਤਵੀਂ ਛਾਪ, ਪੰਨਾ 7.

ਕਿਤੇ ਗੁਰਬਾਣੀ ਵਿਆਕਰਣ ਅਨੁਸਾਰ ਠੀਕ ਅਰਥ ਨਹੀਂ ਹੋ ਸਕਦੇ ਸਨ, ਉਥੇ ਲਗਾਂ ਮਾਤ੍ਰਾਂ ਦੇ ਨੇਮ ਉਤੇ ਬਜ਼ਿਦ ਹੋ ਕੇ ਗਲਤ ਅਰਥ ਕਰਨ ਦੀ ਬਜਾਏ ਉਨ੍ਹਾਂ ਨੇ ਖੁਲ੍ਹ ਦਿਲੀ ਵਿਖਾਈ ਹੈ ਅਤੇ ਅਰਥਾਂ ਦੀ ਕਿਸੇ ਦੂਸਰੀ ਜੁਗਤ ਨੂੰ ਪ੍ਰਵਾਣ ਕਰ ਲਿਆ ਹੈ। ਨਮੂਨੇ ਲਈ ਨਿਮਨ ਲਿਖਤ ਸਤਰਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ :-

> "ਇਸ ਵਿਚ 'ਦੇ ਲੈਸਹਿ ਜਿੰਦੁ ਕਵਣੁ' ਦਾ ਅਰਥ ਕਰਨਾ ਔਖਾ ਹੈ। 'ਕਵਣੁ' ਦਾ ਅਰਥ ਸਿਹਾਰੀ ਬਿਹਾਰੀ ਦੇ ਨੇਮ ਅਨੁਸਾਰ 'ਹੁਕਮ ਨਾਲ' ਤਾਂ ਨਹੀਂ ਹੋ ਸਕਦਾ, ਪਰ ਜੇ ਇਸ ਵਾਕ ਨੂੰ ਅਨਵੈ ਕਰਕੇ ਇਉਂ ਪੜ੍ਹੀਏ—ਕਵਣੁ ਦੇ ਜਿੰਦੁ ਲੈਸਹਿ—ਤਾਂ ਭਾਵ ਠੀਕ ਬੈਠਦਾ ਹੈ : ਹੁਕਮ ਦੇ ਕੇ ਜਿੰਦ ਲੈ ਲਵੇਗਾ ਜਾਂ ਪ੍ਰਾਣ ਕੱਢ ਲਵੇਗਾ। ਬ੍ਰਹਮਾ ਤੇ ਵਿਸ਼ਨੂੰ ਦੇ ਕੰਮਾਂ—ਜਿੰਦ ਦੇਣ ਤੇ ਪਾਲਨ— ਦਾ ਜ਼ਿਕਰ ਤਾਂ ਪਿਛਲੀ ਤੁਕ ਵਿਚ ਆ ਚੁੱਕਾ ਸੀ। ਇਸ ਵਿਚ ਕੇਵਲ ਸ਼ਿਵ ਜੀ ਦੇ ਕੰਮ-ਜਿੰਦ ਕਢਣ— ਦਾ ਜ਼ਿਕਰ ਹੈ। ਅਰਥਾਤ ਵਾਹਿਗੁਰੂ ਹੀ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਹੈ।"[1]

ਪ੍ਰਿੰ: ਤੇਜਾ ਸਿੰਘ ਦੇ ਟੀਕੇ ਵਿਚ ਪੂਰਬੀ ਅਤੇ ਪੱਛਮੀ ਗਿਆਨ ਦਾ ਯੋਗ ਸੁਮੇਲ ਹੋਇਆ ਹੈ। ਇਨ੍ਹਾਂ ਤੋਂ ਪਹਿਲੇ ਟੀਕਾਕਾਰਾਂ ਦਾ ਝੁਕਾਅ ਪੂਰਬੀ ਗਿਆਨ ਵਲ ਵਧੇਰੇ ਸੀ। ਪਰ ਪਛਮੀ ਵਿਦਿਆ ਦੇ ਫੈਲ ਜਾਣ ਕਾਰਨ ਸਮੇਂ ਦੀ ਲੋੜ ਸੀ ਕਿ ਗੁਰਬਾਣੀ ਦੇ ਅਰਥ ਨਵੀਨ ਗਿਆਨ ਦੇ ਸੰਦਰਭ ਵਿਚ ਕੀਤੇ ਜਾਣ। ਪ੍ਰਿੰ: ਤੇਜਾ ਸਿੰਘ ਨੇ ਇਸ ਲੋੜ ਨੂੰ ਪੂਰਾ ਕੀਤਾ ਹੈ। ਇਸ ਦੇ ਨਾਲ ਹੀ, ਜਿਥੇ ਪਹਿਲੇ ਟੀਕਾਕਾਰ ਨਿਰੋਲ ਧਾਰਮਿਕ ਝੁਕਾਅ ਵਾਲੇ ਸਨ, ਉਥੇ ਤੇਜਾ ਸਿੰਘ ਸਾਹਿਤਕ ਝੁਕਾਅ ਵਾਲਾ ਟੀਕਾਕਾਰ ਹੈ। ਉਸ ਨੇ ਸਾਹਿਤਕ ਸ਼ੈਲੀ ਵਿਚ ਟੀਕਾ ਰਚਿਆ ਹੈ। ਨਮੂਨੇ ਲਈ ਨਿਮਨ ਲਿਖਤ ਸਤਰਾਂ ਦੇਖੀਆਂ ਜਾ ਸਕਦੀਆਂ ਹਨ :-

> "ਰਾਸਧਾਰੀਆਂ ਦੀ ਰਾਸ ਵਿੱਚ ਗੋਪੀਆਂ, ਕਾਨ੍ਹ ਤੇ ਰਾਮ ਆਦਿ ਅਵਤਾਰਾਂ ਦੇ ਸਾਂਗ ਉਤਾਰੇ ਜਾਂਦੇ ਹਨ। ਵਾਹਿਗੁਰੂ ਦੀ ਰਚੀ ਰਾਸ ਵਿੱਚ ਕੁਦਰਤ ਦੀ ਸਟੇਜ ਉਤੇ ਚੰਨ ਤੇ ਸੂਰਜ ਸਮੇਂ ਦੇ ਅਵਤਾਰ ਹੋ ਕੇ ਆਉਂਦੇ ਹਨ।

---

1 ਆਸਾ ਦੀ ਵਾਰ ਸਟੀਕ, ਦੂਜੀ ਛਾਪ, ਪੰਨਾ 21.

(ਅਵਤਾਰ ਕਿਸੇ ਨਾ-ਦਿੱਸਣ ਵਾਲੀ ਹਸਤੀ ਦੇ ਸਾਕਾਰ ਰੂਪ ਨੂੰ
ਕਹਿੰਦੇ ਹਨ। ਸਮਾਂ ਇਕ ਅਦ੍ਰਿਸ਼ ਚੀਜ਼ ਹੈ। ਸੂਰਜ ਤੇ ਚੰਨ,
ਜੋ ਸਮੇਂ ਦੀ ਵੰਡ ਦਾ ਕਾਰਣ ਹਨ ਅਤੇ ਨਿਗਰ ਹਸਤੀਆਂ ਹਨ,
ਸਮੇਂ ਦੇ ਅਵਤਾਰ ਕਹੇ ਜਾ ਸਕਦੇ ਹਨ।)। ਹਵਾ, ਪਾਣੀ ਤੇ ਅੱਗ
ਕੁਦਰਤ ਦੀ ਸੁੰਦਰਤਾ ਦਾ ਕਾਰਣ ਹਨ, ਇਸ ਲਈ ਇਨ੍ਹਾਂ ਨੂੰ
ਗਹਿਣੇ ਕਿਹਾ ਜਾ ਸਕਦਾ ਹੈ। ਨਾਟਕ ਕਰਨ ਲਈ ਨਕਲੀ
ਚਿਹਰੇ ,ਦਾੜ੍ਹੀ, ਕਪੜੇ ਆਦਿ ਚੀਜ਼ਾਂ(stage properties)
ਵਰਤੀਆਂ ਜਾਂਦੀਆਂ ਹਨ। ਇਨ੍ਹਾਂ ਦੀ ਥਾਂ ਧਰਤੀ ਦੀਆਂ ਅਨੇਕ
ਚੀਜ਼ਾਂ (ਸੋਨ,ਚਾਂਦੀ ਆਦਿ) ਹਨ। ਨਾਟਕ ਵਿਚ ਪਾਤਰਾਂ ਦੇ
ਆਪਸ ਵਿੱਚ ਵੈਰ ਵਿਰੋਧ, ਮੇਲ ਜੋਲ, ਪਿਆਰ ਘ੍ਰਿਣਾ,ਰਿਸ਼ਤੇ
ਨਾਤੇ, ਲੈਣ ਦੇਣ ਹੁੰਦੇ ਹਨ, ਜਿਨ੍ਹਾਂ ਨਾਲ ਨਾਟਕ ਦੀ ਕਹਾਣੀ
ਬਣਦੀ ਹੈ। ਉਨ੍ਹਾਂ ਦੀ ਥਾਂ ਰੱਬ ਦੇ ਨਾਟਕ ਵਿੱਚ ਸੰਸਾਰੀਆਂ
ਦੇ ਆਪੋ ਵਿੱਚ ਦੇ ਧੰਧੇ ਮਾਮਲੇ ਸਮਝੋ। ਇਹ ਨਾਟਕੀ ਕਹਾਣੀ
ਦੁਖਾਂਤ ( tragedy ) ਹੈ, ਜਿਸ ਵਿਚ ਗਿਆਨ ਨਾ ਹੋਣ
ਕਰਕੇ ਮਨੁਖ ਧੋਖਾ ਖਾ ਜਾਂਦਾ ਹੈ ਅਤੇ ਅੰਤ ਮੌਤ ਦਾ ਸ਼ਿਕਾਰ
ਹੋ ਜਾਂਦਾ ਹੈ।"[1]

ਪ੍ਰਿੰ: ਤੇਜਾ ਸਿੰਘ ਦੇ ਆਸਾ ਦੀ ਵਾਰ ਦੇ ਟੀਕੇ ਦਾ ਵੱਡਾ ਗੁਣ ਇਹ ਹੈ ਕਿ ਉਨ੍ਹਾਂ ਨੇ ਅਰਥਾਂ ਦੀ ਪੁਸ਼ਟੀ ਲਈ ਜੀਵਨ ਵਿਚੋਂ ਉਦਾਹਰਣਾਂ ਲਈਆਂ ਹਨ। ਉਨ੍ਹਾਂ ਆਪਣੇ ਟੀਕੇ ਰਾਹੀਂ ਗੁਰਬਾਣੀ ਨੂੰ ਮਨੁੱਖ ਦੇ ਵਾਸਤਵਿਕ ਜੀਵਨ ਦੇ ਅਤਿ ਨੇੜੇ ਲੈ ਆਂਦਾ ਹੈ। ਇਉਂ ਪੜ੍ਹੇ ਲਿਖੇ ਲੋਕਾਂ ਨੂੰ ਗੁਰਬਾਣੀ ਵਲ ਪ੍ਰੇਰਣ ਵਿਚ ਉਹ ਬਹੁਤ ਸਫ਼ਲ ਹੋਏ ਹਨ। ਕੁਝ ਸਤਰਾਂ ਨਮੂਨੇ ਲਈ ਪੇਸ਼ ਕਰਦੇ ਹਾਂ :-

"ਕੁਦਰਤਿ ਖਾਣਾ ਪੀਣਾ ਪੈਨਣੁ ਕੁਦਰਤਿ ਸਰਬ ਪਿਆਰੁ।"

"ਜੀਵਾਂ ਦਾ ਖਾਣ ਪੀਣ ਤੇ ਪਹਿਰਾਵਾ (ਕਿਧਰੇ ਕੁਝ ਅਤੇ
ਕਿਧਰੇ ਕੁਝ) ਕੁਦਰਤ ਅਨੁਸਾਰ ਹੈ। ਤਰ੍ਹਾਂ ਤਰ੍ਹਾਂ ਦਾ ਪਿਆਰ ਵੀ
ਕੁਦਰਤੀ ਹੈ।

---

1 ਆਸਾ ਦੀ ਵਾਰ ਸਟੀਕ, ਦੂਜੀ ਛਾਪ, ਪੰਨੇ 51-52.

> ਸਰਦ ਮੁਲਕਾਂ ਵਿੱਚ ਮੱਛੀ ਉੱਤੇ ਹੀ ਗੁਜ਼ਾਰਾ ਹੈ, ਕਿਧਰੇ ਕੰਦ-ਮੂਲ ਨਾਲ ਹੀ ਢਿੱਡ ਭਰੀਦਾ ਹੈ। ਕਿਧਰੇ ਬਹੁਤ ਕਪੜੇ ਪਾਈਦੇ ਹਨ, ਕਿਧਰੇ ਥੋੜ੍ਹੇ, ਕਿਧਰੇ ਪਗੜੀ, ਕਿਧਰੇ ਟੋਪੀ ਦਾ ਰਿਵਾਜ ਹੈ, ਕਿਧਰੇ ਕੋਟ ਪਤਲੂਨ, ਕਿਧਰੇ ਪਜਾਮੇ ਜਾਂ ਧੋਤੀ ਦਾ ਫ਼ੈਸ਼ਨ ਹੈ। ਇਹ ਸਭ "ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਸੁਭਾਉ ਹੈ।" ਇਸੇ ਤਰ੍ਹਾਂ ਧੀਆਂ ਪੁੱਤਰਾਂ ਦਾ ਪਿਆਰ, ਇਸਤਰੀ ਭਰਤਾ ਦਾ ਪਿਆਰ, ਮਾਪਿਆਂ ਲਈ ਪਿਆਰ, ਦੇਸ਼ ਦਾ ਪਿਆਰ ਆਦਿ ਕਈ ਤਰ੍ਹਾਂ ਦਾ ਹਿਤ ਹੈ, ਜੋ ਸ਼ੈਤਾਨ ਨੇ ਨਹੀਂ ਪਾ ਦਿਤਾ, ਵਾਹਿਗੁਰੂ ਦੀ ਰਚੀ ਮਰਯਾਦਾ ਅਨੁਸਾਰ ਹੈ।"[1]

ਕਈ ਥਾਵਾਂ ਉੱਤੇ ਪ੍ਰਿੰ: ਤੇਜਾ ਸਿੰਘ ਨੇ ਅਸਲੋਂ ਹੀ ਨਵੇਂ ਅਤੇ ਮੌਲਿਕ ਅਰਥ ਕੀਤੇ ਹਨ। ਇਨ੍ਹਾਂ ਤੋਂ ਪਹਿਲੇ ਸਾਰੇ ਟੀਕਿਆਂ ਵਿਚ "ਲਿਖਿ ਨਾਵੈ ਧਰਮੁ ਬਹਾਲਿਆ" ਦੇ ਅਰਥ ਕਰਦਿਆਂ "ਧਰਮ" ਤੋਂ ਭਾਵ "ਧਰਮਰਾਜ" ਲਿਆ ਗਿਆ ਹੈ ਅਤੇ "ਲਿਖਿ ਨਾਵੈ" ਦੇ ਅਰਥ, "ਕਰਮਾਂ ਦਾ ਲੇਖਾ ਲਿਖਣ ਵਾਲਾ" ਮੰਨੇ ਗਏ ਹਨ। ਭਾਈ ਵੀਰ ਸਿੰਘ ਅਤੇ ਪ੍ਰੋ: ਸਾਹਿਬ ਸਿੰਘ ਨੇ ਵੀ ਇਹੋ ਅਰਥ ਕੀਤੇ ਹਨ। ਪ੍ਰਿੰ: ਤੇਜਾ ਸਿੰਘ ਨੇ "ਨਾਵੈ" ਤੋਂ ਭਾਵ "ਨਾਮੁ" ਲਿਆ ਹੈ ਅਤੇ "ਧਰਮੁ" ਦੇ ਅਰਥ "ਮੁਨਸਫ਼" ਕੀਤੇ ਹਨ। ਇਉਂ "ਧਰਮਰਾਜ" ਦਾ ਕਾਰਜ "ਨਾਮੁ ਰੂਪੀ ਮੁਨਸਫ਼" ਕਰਨ ਲਗ ਪਿਆ ਹੈ। "ਨਾਨਕ ਜੀਅ ਉਪਾਇਕੈ, ਲਿਖਿ ਨਾਵੈ ਧਰਮੁ ਬਹਾਲਿਆ" ਦੇ ਅਰਥ ਪ੍ਰਿੰ: ਤੇਜਾ ਸਿੰਘ ਦੇ ਆਪਣੇ ਸ਼ਬਦਾਂ ਵਿਚ ਇਉਂ ਹਨ :-

> "ਹੇ ਨਾਨਕ ! ਵਾਹਿਗੁਰ ਨੇ ਮਨੁਖਾਂ ਨੂੰ ਪੈਦਾ ਕਰਕੇ ਉਨ੍ਹਾਂ ਦੇ ਅੰਦਰ ਆਪਣਾ ਨਾਮੁ ਉਕਰ ਕੇ ਮੁਨਸਫ਼ ਦੇ ਤੌਰ ਤੇ ਬਿਠਾ ਦਿੱਤਾ ਹੈ।"[2]

---

1 <u>ਆਸਾ ਦੀ ਵਾਰ ਸਟੀਕ</u>, ਦੂਜੀ ਛਾਪ, ਪੰਨਾ 43.

2 ਉਹੀ, ਪੰਨਾ 36.

## ਸੰਤ ਅਮੀਰ ਸਿੰਘ

'ਆਸਾ ਦੀ ਵਾਰ' ਦਾ ਇਕ ਹੋਰ ਸੰਪ੍ਰਦਾਈ ਟੀਕਾ ਸੰਤ ਅਮੀਰ ਸਿੰਘ ਦਾ ਕੀਤਾ ਹੋਇਆ ਹੈ। ਸੰਪ੍ਰਦਾਇ ਪ੍ਰਣਾਲੀ ਅਨੁਸਾਰ ਸੰਤ ਅਮੀਰ ਸਿੰਘ ਨੇ ਗੁਰਬਾਣੀ ਦੇ ਅਰਥ ਭਾਈ ਭਗਵਾਨ ਸਿੰਘ ਤੋਂ ਪੜ੍ਹੇ ਸਨ।[1] ਸਤੋਵਾਲੀ ਗਲੀ, ਅੰਮ੍ਰਿਤਸਰ ਵਿਚ ਗਿਆਨੀਆਂ ਦਾ ਜੋ ਡੇਰਾ ਹੈ, ਉਥੇ ਸੰਤ ਅਮੀਰ ਸਿੰਘ ਨੇ ਲਗਾਤਾਰ ਸੱਠ ਸਾਲ ਗੁਰਬਾਣੀ ਦੇ ਅਰਥ ਪੜ੍ਹਾਉਣ ਦੀ ਸੇਵਾ ਕੀਤੀ ਹੈ।[2] ਇਹ ਸਮਾਂ 1951 ਬਿਕ੍ਰਮੀ ਤੋਂ ਲੈ ਕੇ 2011 ਬਿਕ੍ਰਮੀ ਤਕ ਦਾ ਹੈ।[3] ਇਕ ਅਨੁਮਾਨ ਅਨੁਸਾਰ, ਉਨ੍ਹਾਂ ਨੇ ਆਪਣੇ ਜੀਵਨ ਵਿਚ ਪੰਜਾਹ ਵਾਰੀ ਸੰਪੂਰਣ ਗੁਰੂ ਗ੍ਰੰਥ ਸਾਹਿਬ ਦੇ ਅਰਥ ਸੰਗਤ ਅਤੇ ਵਿਦਿਆਰਥੀਆਂ ਵਿਚ ਕੀਤੇ।[4] ਉਹ ਜ਼ਬਾਨੀ ਅਰਥ ਕਰ ਦਿੰਦੇ ਸਨ। 'ਆਸਾ ਦੀ ਵਾਰ' ਦਾ ਟੀਕਾ ਜਿਵੇਂ ਉਨ੍ਹਾਂ ਕੋਲੋਂ ਪੜ੍ਹਿਆ ਤਿਵੇਂ ਹੀ ਲਿਖਣ ਦੀ ਸੇਵਾ ਉਨ੍ਹਾਂ ਦੇ ਸ਼ਿਸ਼ ਸੰਤ ਕ੍ਰਿਪਾਲ ਸਿੰਘ ਨੇ ਕੀਤੀ।[5] ਇਹ ਟੀਕਾ ਸੰਤ ਅਮੀਰ ਸਿੰਘ ਦੇ ਦੇਹਾਂਤ ਤੋਂ ਨੌਂ ਵਰ੍ਹੇ ਪਿਛੋਂ 1963 ਈ: ਵਿਚ ਪਹਿਲੀ ਵਾਰ ਪ੍ਰਕਾਸ਼ਿਤ ਹੋਇਆ।

ਮਹਾਰਾਜਾ ਰਣਜੀਤ ਸਿੰਘ ਦੇ ਕਾਲ ਸਮੇਂ ਸੰਪ੍ਰਦਾਈ ਅਰਥਾਂ ਵਿਚ ਜਿਨ੍ਹਾਂ ਨਵੀਆਂ ਰੁਚੀਆਂ ਨੇ ਪ੍ਰਵੇਸ਼ ਕੀਤਾ, ਉਹ ਇਸ ਟੀਕੇ ਵਿਚ ਸਪਸ਼ਟ ਦਿਸ ਆਉਂਦੀਆਂ ਹਨ, ਜਿਵੇਂ ਇਕ

---

1 ਸੰਤ ਅਮੀਰ ਸਿੰਘ, <u>ਸ੍ਰੀ ਅਮੀਰ ਤਰੰਗ ਅਰਥਾਤ ਸ੍ਰੀ ਆਸਾ ਜੀ ਦੀ ਵਾਰ ਸਟੀਕ</u>, 1963, ਪੰਨਾ 4.

2 ਦੈਵੀ ਸੰਪਦ ਦੇ ਧਨੀ ਦੈਵੀ ਗੁਣਾ ਅਮੀਰ॥
ਗਿਆਨੀ ਸ੍ਰੀ ਅਮੀਰ ਸਿੰਘ ਮਾਨਨੀਯ ਬੁਧਿ ਧੀਰ॥2॥
ਕਥਾ ਸ੍ਰੀ ਗੁਰੂ ਗ੍ਰੰਥ ਕੀ ਲਗਾਤਾਰ ਸੱਠ ਸਾਲ॥
ਸਤੌ ਵਾਲੀ ਗਲੀ ਸੀ ਚੰਗ ਰਖੀ ਟਕਸਾਲ ॥ 3 ॥
— ਉਹੀ, ਤਤਕਰੇ ਦਾ ਪਿਛਲਾ ਪਾਸਾ।

3 ਉਹੀ, ਪੰਨਾ 4, ਪਦ-ਟਿਪਣੀ।

4 ਡਾ. ਤਾਰਨ ਸਿੰਘ, "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਟੀਕਾਕਾਰੀ," <u>ਨਾਨਕ ਪ੍ਰਕਾਸ਼ ਪਤ੍ਰਿਕਾ</u>, ਜਿਲਦ ਅਠਵੀਂ, ਦਸੰਬਰ, 1976, ਪੰਨਾ 56.

5 ਦਇਆ ਦ੍ਰਿਸ਼ਟਿ ਵਿਚ ਉਨ੍ਹਾਂ ਦੀ ਟੀਕਾ ਆਸਾ ਵਾਰ ॥
ਜਿਉਂ ਪੜ੍ਹਿਆ ਤਿਉਂ ਲਿਖਣ ਦਾ ਕੀਨ ਦਾਸ ਉਪਕਾਰ॥ ੯ ॥
(ਇਥੇ 'ਦਾਸ' ਸ਼ਬਦ ਮਹੰਤ ਕ੍ਰਿਪਾਲ ਸਿੰਘ ਲਈ ਵਰਤਿਆ ਗਿਆ ਹੈ।)

ਤੁਕ ਦੇ ਅਨੇਕ ਅਰਥ ਕਰਨੇ[1] ਅਤੇ ਅਨਯ ਮਤਾਂ ਦੇ ਪ੍ਰਭਾਵ ਕਾਰਣ ਕਈ ਥਾਵੀਂ ਗੁਰਮਤ ਵਿਰੋਧੀ ਅਰਥ ਕਰਨੇ।[2] ਇਸ ਟੀਕੇ ਵਿਚ ਉਦਾਹਰਣਾਂ ਤੇ ਸਾਖੀਆਂ ਦੀ ਵਰਤੋਂ ਆਮ ਕੀਤੀ ਗਈ ਹੈ। ਗੁਰਬਾਣੀ, ਭਾਈ ਗੁਰਦਾਸ ਬਾਣੀ ਅਤੇ ਉਪਨਿਸ਼ਦਾਂ ਵਿਚੋਂ ਪ੍ਰਮਾਣ ਤੇ ਦ੍ਰਿਸ਼ਟਾਂਤ ਦਿੱਤੇ ਗਏ ਹਨ। ਇਹ ਟੀਕਾ ਕਾਫ਼ੀ ਵਿਸਤਾਰਮਈ ਹੈ। ਅਸਲ ਵਿਚ ਇਹ ਟੀਕਾ ਭਾਈ ਭਗਵਾਨ ਸਿੰਘ ਵਾਲੀ ਟੀਕਾ ਵਿਧੀ ਨੂੰ ਹੀ ਅਗੇ ਤੋਰਦਾ ਹੈ।

<u>ਮਨਮੋਹਨ ਸਿੰਘ</u>

ਸ: ਮਨਮੋਹਨ ਸਿੰਘ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗ੍ਰੇਜ਼ੀ ਅਨੁਵਾਦ 1964-65 ਈਸਵੀ ਵਿਚ ਪਹਿਲੀ ਵਾਰ ਪ੍ਰਕਾਸ਼ਿਤ ਹੋਇਆ। ਇਸ ਵਿਚ ਮੂਲ ਪਾਠ ਦੀ ਹਰੇਕ ਤੁਕ ਦੇ ਸਾਮ੍ਹਣੇ ਉਸਦਾ ਅੰਗ੍ਰੇਜ਼ੀ ਅਨੁਵਾਦ ਦਿੱਤਾ ਹੋਇਆ ਹੈ। ਅੰਗ੍ਰੇਜ਼ੀ ਅਨੁਵਾਦ ਦੇ ਸਾਮ੍ਹਣੇ ਉਸ ਦਾ ਪੰਜਾਬੀ ਅਨੁਵਾਦ ਹੈ। ਸੋ ਟੀਕਾਕਾਰ ਦਾ ਮੁਖ ਮੰਤਵ ਅੰਗ੍ਰੇਜ਼ੀ ਅਨੁਵਾਦ ਨੂੰ ਸਰਲ ਪੰਜਾਬੀ ਭਾਸ਼ਾ ਵਿਚ ਬਿਆਨ ਕਰਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ੍ਰੇਜ਼ੀ ਅਨੁਵਾਦਾਂ ਵਿਚ ਸ: ਮਨਮੋਹਨ ਸਿੰਘ ਦੇ ਅਨੁਵਾਦ ਦਾ ਮਹੱਤਵ ਹੋ ਸਕਦਾ ਹੈ, ਪਰ ਟੀਕਾਕਾਰੀ ਦੀ ਦ੍ਰਿਸ਼ਟੀ ਤੋਂ ਇਸ ਰਚਨਾ ਦਾ ਕੋਈ ਵਿਸ਼ੇਸ਼ ਮਹੱਤਵ ਸਿੱਧ ਨਹੀਂ ਹੁੰਦਾ।

<u>ਡਾ. ਤਾਰਨ ਸਿੰਘ</u>

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜਮ ਜਨਮ ਸ਼ਤਾਬਦੀ ਦੇ ਵਰ੍ਹੇ ਡਾ. ਤਾਰਨ ਸਿੰਘ ਜੀ ਦੀ ਪੁਸਤਕ 'ਗੁਰੂ ਨਾਨਕ ਬਾਣੀ ਪ੍ਰਕਾਸ਼' ( ਦੋ ਜਿਲਦਾਂ) ਪ੍ਰਕਾਸ਼ਿਤ ਹੋਈ। ਇਹ ਪ੍ਰਥਮ ਗੁਰੂਦੇਵ ਦੀ ਬਾਣੀ ਦਾ ਟੀਕਾ ਹੈ। ਇਸ ਵਿਚ 'ਆਸਾ ਦੀ ਵਾਰ' ਦਾ ਟੀਕਾ ਵੀ ਸ਼ਾਮਿਲ ਹੈ। ਵਾਰ ਵਿਚ ਜੋ ਦੂਸਰੀ ਪਾਤਸ਼ਾਹੀ ਦੇ ਸਲੋਕ ਆਉਂਦੇ ਹਨ, ਉਨ੍ਹਾਂ ਦਾ ਟੀਕਾ ਨਹੀਂ ਕੀਤਾ ਗਿਆ।

---

1 ਇਸ ਟੀਕੇ ਵਿਚ ਅਨੇਕ ਥਾਵਾਂ ਤੇ ਇਕ ਤੁਕ ਦੇ ਇਕ ਤੋਂ ਵਧੇਰੇ ਅਰਥ ਕੀਤੇ ਗਏ ਹਨ। ਦੇਖੋ ਉਹੀ, ਛੇਵੀਂ ਛਾਪ, ਪੰਨੇ 605, 613, 622-3.

2 ਉਹੀ, ਪੰਨਾ 619 ਉਤੇ ਸਤ ਪਤਾਲ ਅਤੇ ਸਤ ਅਕਾਸ਼ ਮੰਨੇ ਹਨ ਜਦੋਂ ਕਿ ਗੁਰਵਾਕ ਹੈ "ਪਾਤਾਲਾ ਪਾਤਾਲ ਲਖ ਆਗਾਸਾ ਆਗਾਸ"॥
( ਜਪੁਜੀ, ਪਉੜੀ 22 )

ਡਾ. ਤਾਰਨ ਸਿੰਘ ਜੀ ਨੇ ਇਹ ਟੀਕਾ ਨਿਮਨ ਲਿਖਤ ਪ੍ਰਮਾਣਿਕ ਪੁਸਤਕਾਂ ਦੇ ਆਧਾਰ ਉਤੇ ਤਿਆਰ ਕੀਤਾ ਹੈ[1] :-

| | | |
|---|---|---|
| 1- | ਸ਼ਬਦਾਰਥ (ਚਾਰ ਜਿਲਦਾਂ) | ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ |
| 2- | ਸ੍ਰੀ ਗੁਰੂ ਗ੍ਰੰਥ ਸਾਹਿਬ (ਦਸ ਪੋਥੀਆਂ) | ਪ੍ਰੋ: ਸਾਹਿਬ ਸਿੰਘ |
| 3- | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ ਸਟੀਕ (ਚਾਰ ਜਿਲਦਾਂ) | ਫਰੀਦਕੋਟ ਵਾਲਾ |
| 4- | ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ (ਸੱਤ ਪੋਥੀਆਂ) | ਭਾਈ ਵੀਰ ਸਿੰਘ ਜੀ |
| 5- | ਸ੍ਰੀ ਗੁਰੂ ਗ੍ਰੰਥ ਕੋਸ਼ (ਤਿੰਨ ਪੋਥੀਆਂ) | ਖਾਲਸਾ ਟ੍ਰੈਕਟ ਸੋਸਾਇਟੀ ਅੰਮ੍ਰਿਤਸਰ |

ਇਹੋ ਜਿਹੇ ਕਾਰਜ ਵਿਚ ਜਿਥੇ ਪ੍ਰਮਾਣਿਕ ਅਰਥ ਸਾਹਮਣੇ ਹੋਣ ਦੀ ਸਹੂਲਤ ਹੈ, ਉਥੇ ਮੰਨੇ ਪ੍ਰਮੰਨੇ ਵਿਦਵਾਨਾਂ ਦੇ ਕੀਤੇ ਅਰਥਾਂ ਵਿਚੋਂ ਕੁਝ ਇਕ ਨੂੰ ਰਦ ਕਰਨ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਕਿ ਕਾਫ਼ੀ ਕਠਿਨ ਕੰਮ ਹੈ। ਡਾ. ਤਾਰਨ ਸਿੰਘ ਨੇ ਬੜੀ ਸੂਝ ਨਾਲ ਇਨ੍ਹਾਂ ਪ੍ਰਮਾਣਿਕ ਟੀਕਿਆਂ ਵਿਚੋਂ ਇਕ ਹੋਰ ਵਧੇਰੇ ਪ੍ਰਮਾਣਿਕ ਟੀਕਾ ਤਿਆਰ ਕੀਤਾ ਹੈ। ਉਨ੍ਹਾਂ ਨੇ ਇਕ ਤੁਕ ਦੇ ਕੇਵਲ ਇਕੋ ਅਰਥ ਕੀਤੇ ਹਨ ਅਤੇ ਆਪਣੇ ਟੀਕੇ ਵਿਚ ਇਸ ਨੇਮ ਨੂੰ ਬੜੀ ਦ੍ਰਿੜ੍ਹਤਾ ਨਾਲ ਨਿਭਾਇਆ ਹੈ।

ਇਸ ਟੀਕੇ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਟੀਕਾਕਾਰ ਨੂੰ ਟੀਕਾ, ਟਿਪਣੀ ਅਤੇ ਵਿਆਖਿਆ ਆਦਿ ਦੇ ਅੰਤਰ ਦੀ ਚੰਗੀ ਸੂਝ ਹੈ। ਟੀਕੇ ਵਿਚ ਆਮ ਟੀਕਾਕਾਰਾਂ ਵਾਂਗ, ਟੀਕਾਕਾਰੀ ਦੀਆਂ ਵਿਭਿੰਨ ਵਿਧੀਆਂ ਟੀਕਾ, ਟਿਪਣੀ, ਵਿਆਖਿਆ, ਭਾਸ਼ ਆਦਿ ਨੂੰ ਮਿਲਾ ਨਹੀਂ ਦਿੱਤਾ ਗਿਆ। ਵਿਆਖਿਆ ਕੇਵਲ ਉਸ ਹਦ ਤਕ ਦਿੱਤੀ ਗਈ ਹੈ ਜਿਹੜੀ ਅਰਥਾਂ ਦੇ ਸਪੱਸ਼ਟੀਕਰਣ ਲਈ ਅਤਿ ਆਵੱਸ਼ਕ ਸੀ। ਤਕਨੀਕ ਅਤੇ ਅਰਥ, ਦੋਹਾਂ ਪੱਖਾਂ ਤੋਂ ਇਹ ਇਕ ਉੱਚੇ ਦਰਜੇ ਦਾ ਟੀਕਾ ਹੈ।

---

1 ਗੁਰੂ ਨਾਨਕ ਬਾਣੀ ਪ੍ਰਕਾਸ਼, ਜਿਲਦ ਪਹਿਲੀ, 1969, ਪੰਨਾ 17.

ਡਾ. ਕਾਲਾ ਸਿੰਘ ਬੇਦੀ

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਚਮ ਜਨਮ ਸ਼ਤਾਬਦੀ ਦੇ ਵਰ੍ਹੇ ਹੀ ਡਾ. ਕਾਲਾ ਸਿੰਘ ਬੇਦੀ ਦੀ 'ਆਸਾ ਦੀ ਵਾਰ ਸਟੀਕ' ਪ੍ਰਕਾਸ਼ਿਤ ਹੋਈ। ਇਹ ਵੀ ਇਕ ਵਿਦਵਾਨ ਪ੍ਰੋਫੈਸਰ ਦਾ ਯਤਨ ਹੈ ਪਰ ਇਹ ਟੀਕਾ ਇਸੇ ਵਰ੍ਹੇ ਛਪੇ ਡਾ. ਤਾਰਨ ਸਿੰਘ ਦੇ ਟੀਕੇ ਦਾ ਮੁਕਾਬਲਾ ਨਹੀਂ ਕਰ ਸਕਦਾ ਕਿਉਂਕਿ ਡਾ. ਬੇਦੀ ਦੀ ਗੁਰਬਾਣੀ ਦੀ ਪਕੜ ਡਾ. ਤਾਰਨ ਸਿੰਘ ਦੀ ਪਕੜ ਨਾਲੋਂ ਕਮਜ਼ੋਰ ਹੈ। ਨਮੂਨੇ ਲਈ 'ਆਸਾ ਦੀ ਵਾਰ' ਦੀ ਪਹਿਲੀ ਪਉੜੀ ਦੇ ਤੀਜੇ ਸਲੋਕ ਦੇ ਟੀਕੇ ਵਿਚੋਂ ਕੁਝ ਸਤਰਾਂ ਵੇਖੀਆਂ ਜਾ ਸਕਦੀਆਂ ਹਨ।

ਉਕਤ ਸ਼ਲੋਕ ਵਿਚ ਇਕ ਤੁਕ ਆਉਂਦੀ ਹੈ : "ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ।" ਬਹੁਤ ਸਾਰੇ ਟੀਕਾਕਾਰਾਂ ਨੇ 'ਸਉ' ਦੇ ਅਰਥ 'ਸ਼ਹੁ (ਪਤੀ)' ਲਏ ਹਨ ਅਤੇ 'ਨਾਹ' ਦੇ ਅਰਥ ਨਹੀਂ ਕੀਤੇ ਹਨ। ਇਉਂ ਵਿਚਾਰ ਅਧੀਨ ਤੁਕ ਦੇ ਅਰਥ ਬਣਦੇ ਹਨ :"ਉਨ੍ਹਾਂ ਖੇਤ ਵਿਚ ਪਏ ਬੂਆੜ ਤਿਲਾਂ ਦਾ ਕੋਈ ਮਾਲਕ ਨਹੀਂ ਹੁੰਦਾ।" ਪ੍ਰੋ. ਸਾਹਿਬ ਸਿੰਘ ਅਤੇ ਪ੍ਰੋ: ਤੇਜਾ ਸਿੰਘ ਆਦਿ ਕੁਝ ਟੀਕਾਕਾਰ ਨੇ ਗੁਰਬਾਣੀ ਵਿਆਕਰਣ ਦੇ ਨੇਮਾਂ ਨੂੰ ਆਧਾਰ ਬਣਾ ਕੇ 'ਸਉ' ਦੇ ਅਰਥ 'ਸੌ' ਅਤੇ 'ਨਾਹ' ਦੇ ਅਰਥ 'ਨਾਥ ,ਮਾਲਕ, ਖਸਮ' ਕੀਤੇ ਹਨ। ਇਉਂ ਵਿਚਾਰ ਅਧੀਨ ਤੁਕ ਦੇ ਅਰਥ ਬਣਦੇ ਹਨ: "ਉਨ੍ਹਾਂ ਖੇਤ ਵਿਚ ਪਏ ਬੂਆੜ ਤਿਲਾਂ ਦੇ ਸੌ ਮਾਲਕ ਆ ਬਣਦੇ ਹਨ।" ਡਾ: ਬੇਦੀ ਨੇ ਪਦ-ਅਰਥ ਵਿਚ 'ਸਉ' ਦੇ ਅਰਥ 'ਸ਼ਾਹ, ਪਤੀ' ਕੀਤੇ ਹਨ। 'ਸਉ' ਨੂੰ ਗਿਣਤੀ ਵਾਚਕ 'ਸੌ' ਨਹੀਂ ਮੰਨਿਆ। ਪਰ ਭਾਵ ਅਰਥ ਵਿਚ ਇਸ ਤੁਕ ਦੇ ਅਰਥ ਇਉਂ ਕੀਤੇ ਹਨ:-

> "ਇਸ ਖੇਤ ਅੰਦਰ ਛਡੇ ਜਾਣ ਕਾਰਨ ਉਸ ਖਾਲੀ ਤਿਲ ਦੇ
> ਬੂਟੇ ਦੇ ਸੈਂਕੜੇ ਲੋਕ ਮਾਲਕ ਹੁੰਦੇ ਹਨ.....।"[1]

ਟੀਕਾਕਾਰੀ ਦੇ ਖੇਤਰ ਵਿਚ ਇਹ ਇਕ ਚੰਗੀ ਵੱਡੀ ਭੁਲ ਹੈ।

---

1 ਪਹਿਲੀ ਛਾਪ, ਪੰਨਾ 12.

<u>ਸੰਤਰੇਣੁ ਜੀਵਨ ਸਿੰਘ</u>

ਸੰਤਰੇਣੁ ਜੀਵਨ ਸਿੰਘ ਦੀ ਪੁਸਤਕ 'ਪ੍ਰਭਾਤ ਲਹਿਰਾਂ ਅਰਥਾਤ ਆਸਾ ਦੀ ਵਾਰ ਸਟੀਕ' ਪਹਿਲੀ ਵਾਰ ਸੰਨ 1969 ਈ: ਵਿਚ ਪ੍ਰਕਾਸ਼ਿਤ ਹੋਈ। ਇਸੇ ਵਰ੍ਹੇ ਰਚੇ ਗਏ ਪੂਰਵ ਕਥਿਤ ਦੋਵੇਂ ਟੀਕਿਆਂ ਨਾਲੋਂ ਇਹ ਵਖਰੀ ਕਿਸਮ ਦਾ ਟੀਕਾ ਹੈ। ਜਿਥੇ ਉਹ ਦੋਵੇਂ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਲਿਖੇ ਗਏ ਹਨ ਅਤੇ ਵਾਧੂ ਵਿਸਤਾਰ ਤੋਂ ਗੁਰੇਜ਼ ਕੀਤਾ ਗਿਆ ਹੈ ਉਥੇ ਸੰਤਰੇਣੁ ਦਾ ਟੀਕਾ ਪ੍ਰਮਾਣਾਂ, ਦ੍ਰਿਸ਼ਟਾਂਤਾਂ ਅਤੇ ਸਾਖੀਆਂ ਨਾਲ ਭਰਪੂਰ ਹੈ। ਇਸ ਟੀਕੇ ਵਿਚ ਪ੍ਰਸ਼ਨੋਤਰੀ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ। ਇਕ ਤੁਕ ਦੇ ਇਕ ਤੋਂ ਵਧੇਰੇ ਅਰਥ ਮੰਨੇ ਗਏ ਹਨ। ਗੁਰਬਾਣੀ ਤੋਂ ਇਲਾਵਾ ਭਾਈ ਗੁਰਦਾਸ ਬਾਣੀ, ਪੁਰਾਤਨ ਜਨਮਸਾਖੀ, ਸੂਰਜ ਪ੍ਰਕਾਸ਼ ਅਤੇ ਸੰਤ ਗੁਲਾਬ ਸਿੰਘ ਦੀ ਪੁਸਤਕ ਭਾਵਰਸਾਮ੍ਰਿਤ ਵਿਚੋਂ ਪ੍ਰਮਾਣ ਦਿੱਤੇ ਗਏ ਹਨ। ਹਿੰਦੂ ਧਰਮ ਦੇ ਪੁਰਾਤਨ ਗ੍ਰੰਥਾਂ ਵਿਚੋਂ ਇਸ ਟੀਕਾਕਾਰ ਨੇ ਕੋਈ ਹਵਾਲੇ ਨਹੀਂ ਦਿੱਤੇ। ਇਸ ਟੀਕੇ ਦੀ ਇਕ ਨਿਵੇਕਲੀ ਗਲ ਇਹ ਹੈ ਕਿ ਅਰਥਾਂ ਦੀ ਪੁਸ਼ਟੀ ਅਤੇ ਸਪਸ਼ਟੀਕਰਣ ਲਈ ਟੀਕਾਕਾਰ ਨੇ ਗੁਰਬਾਣੀ ਤੋਂ ਬਾਹਰਲੇ ਪੰਜਾਬੀ ਸਾਹਿਤ ਅਤੇ ਫਾਰਸੀ ਸ਼ਿਅਰਾਂ ਦੀ ਵਰਤੋਂ ਵੀ ਕੀਤੀ ਹੈ। ਕੁਝ ਕਾਵਿ ਟੂਕਾਂ 'ਗੁਰਸਿਮਰਨਾਵਲੀ' ਵਿਚੋਂ ਅਤੇ ਕੁਝ 'ਸ਼ੇਖ਼ੀਆਂ ਦਾ ਚਾਨਣ' (ਅਨੁਵਾਦਕ ਗੁਰਬਖ਼ਸ਼ ਸਿੰਘ ਪ੍ਰੀਤਲੜੀ) ਵਿਚੋਂ ਲਿਤੀਆਂ ਗਈਆਂ ਹਨ। ਇਸ ਟੀਕੇ ਵਿਚ ਸੰਬੋਧਨੀ ਸ਼ੈਲੀ ਦੀ ਵਰਤੋਂ ਵੀ ਕੀਤੀ ਗਈ ਹੈ। "ਸੋ ਭਾਈ ! ਇਹ ਸਮਝ ਲਵੋ"[1] "ਨਹੀਂ ਤਾਂ ਭਾਈ"[2] "ਪਰ ਦੇਖੋ ਭਾਈ"[3] ਜੈਸੇ ਸੰਬੋਧਨ ਇਸ ਟੀਕੇ ਵਿਚ ਆਮ ਮਿਲ ਜਾਂਦੇ ਹਨ। ਇਹ ਸ਼ਬਦਾਵਲੀ ਤੇ ਸ਼ੈਲੀ ਕਥਾਕਾਰਾਂ ਵਾਲੀ ਹੈ। ਇਹ ਟੀਕਾ ਵਿਦਵਾਨਾਂ ਅਤੇ ਖੋਜੀਆਂ ਲਈ ਭਾਵੇਂ ਬਹੁਤਾ ਲਾਭਦਾਇਕ ਨਹੀਂ, ਸਿੱਖਾਂ ਦੀਆਂ ਧਾਰਮਿਕ ਸੰਸਥਾਵਾਂ ਵਿਚ ਕਥਾ ਕਰਨ ਵਾਲਿਆਂ ਲਈ ਇਹ ਜ਼ਰੂਰ ਲਾਭਕਾਰੀ ਸਿਧ ਹੋ ਸਕਦਾ ਹੈ।

---

1 <u>ਪਹਿਲੀ ਛਾਪ</u>, ਪੰਨਾ 15.

2 ਉਹੀ, ਪੰਨਾ 25.

3 ਉਹੀ, ਪੰਨਾ 43.

## <u>ਗਿਆਨੀ ਹਰਬੰਸ ਸਿੰਘ</u>

ਗਿਆਨੀ ਹਰਬੰਸ ਸਿੰਘ ਦੀ ਪੁਸਤਕ 'ਆਸਾ ਕੀ ਵਾਰ ਨਿਰਣਯ' 1974 ਈ. ਵਿਚ ਪਹਿਲੀ ਵਾਰ ਪ੍ਰਕਾਸ਼ਿਤ ਹੋਈ। 'ਆਸਾ ਦੀ ਵਾਰ' ਦੇ ਸਲੋਕਾਂ ਅਤੇ ਪਉੜੀਆਂ ਦਾ ਟੀਕਾ ਕਰਨ ਲੱਗਿਆਂ ਹੇਠ ਲਿਖੀ ਵਿਧੀ ਨੂੰ ਅਪਣਾਇਆ ਗਿਆ ਹੈ:

1- ਮੂਲ ਪਾਠ ਦੇ ਨਾਲ ਹੀ ਅਰਥ ਦਿੱਤੇ ਗਏ ਹਨ।
2- ਪਾਠ ਉਚਾਰਨ ਬਾਰੇ ਜ਼ਰੂਰੀ ਨੁਕਤੇ ਸਪੱਸ਼ਟ ਕੀਤੇ ਹਨ।
3- ਸ਼ੰਕਾਵਾਦੀ ਅਰਥਾਂ ਦਾ ਨਿਰਣਯ ਕੀਤਾ ਹੈ।
4- ਅਖੀਰ ਵਿਚ ਗੁਰਮਤ ਸਿਧਾਂਤ ਦੀ ਵਿਆਖਿਆ ਕੀਤੀ ਗਈ ਹੈ।[1]

ਵਾਰ ਦੇ ਸਾਰੇ ਸਲੋਕਾਂ ਅਤੇ ਪਉੜੀਆਂ ਦਾ ਸਹੀ ਉਚਾਰਨ ਕਿਸ ਤਰ੍ਹਾਂ ਕਰਨਾ ਹੈ, ਇਸ ਬਾਰੇ ਜਾਣਕਾਰੀ ਦੇਣ ਵਾਲਾ ਇਹ ਇਕੋ ਇਕ ਟੀਕਾ ਹੈ। ਟੀਕਾਕਾਰ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਉਚਾਰਨ ਵਿਚ ਆਮ ਤੌਰ ਤੇ ਕੀ ਗ਼ਲਤੀਆਂ ਕੀਤੀਆਂ ਜਾਂਦੀਆਂ ਹਨ। ਆਪਣੇ ਵਲੋਂ ਪੇਸ਼ ਕੀਤੇ ਸਹੀ ਉਚਾਰਨ ਦੇ ਆਧਾਰ ਵੀ ਨਾਲ ਹੀ ਸਪਸ਼ਟ ਕੀਤੇ ਗਏ ਹਨ। ਨਮੂਨੇ ਲਈ ਵੇਖੋ :-

<u>ਸੁਚੇਤ</u>

ਕਈ ਪਾਠੀ ਤੇ ਰਾਗੀ ਸਜਣ ਇਸ ਸ਼ਬਦ ਨੂੰ ਉਚਾਰਨ ਵੇਲੇ 'ਸੁ|ਚੇਤ' ਪਦ ਛੇਦ ਕਰ ਦਿੰਦੇ ਹਨ ਜੋ ਕਿ ਅਸ਼ੁੱਧ ਹੈ। ਇਹ ਜੁੜਤ-ਪਦ (compound word ) ਹੈ। ਇਸ ਦੇ ਅਰਥ ਹਨ, ਸੁਚੇਤ ਮਨ ਵਾਲੇ, ਸਾਵਧਾਨ, ਸਿਆਣੇ। ਗੁਰਬਾਣੀ ਵਿਚ ਇਹ ਨਿਯਮ ਹੈ ਕਿ ਜਿਸ ਸ਼ਬਦ ਦੇ ਪਹਿਲੇ ਸੁ ਲਗਾ ਹੋਵੇ ਉਥੇ ਇਹ ਸ਼ਬਦ 'ਉਹ' 'ਸ੍ਰੇਸ਼ਟ' 'ਸੁੰਦਰ', 'ਚੰਗੀ ਤਰ੍ਹਾਂ' ਆਦਿ ਦੇ ਅਰਥ ਪਰਗਟ ਕਰਦਾ ਹੈ। ਜਦੋਂ (ਸੁ) ਕਿਸੇ ਕਿਰਿਆ ਪਦ ਦੇ ਪਿਛੇ ਲਗਦਾ ਹੈ ਤਾਂ ਇਸ ਦੇ ਅਰਥ ਬਦਲ ਜਾਂਦੇ ਹਨ —'ਉਸਨੇ' ਕਿਉਂਕਿ ਇਹ ਇਕ ਵਚਨ ਅਨਪੁਰਖ ਦੇ ਪੜਨਾਂਵ ਦਾ ਸੂਚਕ ਹੁੰਦਾ ਹੈ ਜਿਵੇਂ :-

ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ । (ਪੰਨਾ 967)

ਇਸ ਲਈ ਸ਼ੁਧ ਉਚਾਰਨ 'ਸੁਚੇਤ' ਕਰਨਾ ਚਾਹੀਦਾ ।"[2]

---

1 <u>ਆਸਾ ਕੀ ਵਾਰ ਨਿਰਣਯ</u>, 1974, ਮੁਖ ਸ਼ਬਦ, ਪੰਨਾ 9.

2 ਉਹੀ, ਪੰਨਾ 58.

ਸ਼ੰਕਾਵਾਦੀ ਅਰਥਾਂ ਦਾ ਨਿਰਣਯ ਕਰਦੇ ਸਮੇਂ ਦੂਸਰੇ ਪ੍ਰਸਿਧ ਟੀਕਾਕਾਰਾਂ ਵਲੋਂ ਕੀਤੇ ਗਏ ਅਰਥ ਦਸ ਕੇ ਇਸ ਟੀਕਾਕਾਰ ਨੇ ਇਕ ਤੁਲਨਾਤਮਕ ਅਧਿਐਨ ਪੇਸ਼ ਕੀਤਾ ਹੈ ਜੋ ਕਿਸੇ ਪਹਿਲੇ ਟੀਕਾਕਾਰ ਵਲੋਂ ਨਹੀਂ ਕੀਤਾ ਗਿਆ। ਟੀਕਾਕਾਰ ਨੇ ਸ਼ੁਧ ਅਰਥਾਂ ਦਾ ਆਧਾਰ ਗੁਰਬਾਣੀ ਵਿਆਕਰਣ ਨੂੰ ਹੀ ਮੰਨਿਆ ਹੈ। ਇਉਂ, ਇਹ ਟੀਕਾ ਪ੍ਰੋ: ਸਾਹਿਬ ਸਿੰਘ ਤੇ ਪ੍ਰੋ: ਤੇਜਾ ਸਿੰਘ ਵਾਲੀ ਅਰਥ ਪ੍ਰਣਾਲੀ ਨੂੰ ਅਗੇ ਟੋਰਦਾ ਹੈ।

### (ਅ) ਨਿਰੋਲ ਵਪਾਰਕ ਰੁਚੀ ਨੂੰ ਮੁੱਖ ਰਖ ਕੇ ਤਿਆਰ ਕੀਤੇ ਗਏ ਟੀਕੇ

'ਆਸਾ ਕੀ ਵਾਰ' ਦੇ ਕੇਵਲ ਦੋ ਟੀਕੇ ਇਸ ਵਰਗ ਵਿਚ ਆਉਂਦੇ ਹਨ। ਇਕ ਟੀਕਾ ਲਾਲਾ ਮਾਘੀ ਰਾਮ ਸੰਤ ਰਾਮ ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਟੀਕੇ ਵਿਚ ਨਾ ਤਾਂ ਟੀਕਾਕਾਰ ਦਾ ਨਾਂ ਦਿੱਤਾ ਗਿਆ ਹੈ ਅਤੇ ਨਾ ਹੀ ਰਚਨਾ ਕਾਲ ਜਾਂ ਪ੍ਰਕਾਸ਼ਨ ਕਾਲ। ਇਸ ਟੀਕੇ ਵਿਚ ਤੁਕ ਵਾਰ ਬਹੁਤ ਹੀ ਸਾਧਾਰਣ ਅਰਥ ਕੀਤੇ ਹੋਏ ਹਨ ਜੋ ਪ੍ਰਕਾਸ਼ਕਾਂ ਨੇ ਜਾਂ ਤਾਂ ਕੋਈ ਸਾਧਾਰਣ ਜੇਹੇ ਟੀਕੇ ਦੇਖ ਕੇ ਆਪ ਕਰ ਲਏ ਹਨ ਜਾਂ ਸਸਤੀ ਦਰ ਤੇ ਕਿਸੇ ਕੋਲੋਂ ਕਰਵਾਏ ਹਨ।

ਇਸ ਵਰਗ ਦਾ ਦੂਸਰਾ ਟੀਕਾ ਇਕ ਪ੍ਰਕਾਸ਼ਕ ਭਾਈ ਜੋਧ ਸਿੰਘ ਦਾ ਕੀਤਾ ਹੋਇਆ ਹੈ ਅਤੇ ਭਾਈ ਜੋਧ ਸਿੰਘ ਬੁਧ ਸਿੰਘ, ਸ੍ਰੀ ਗੁਰਮਤ ਪ੍ਰੈਸ, ਲਾਹੌਰ ਦੁਆਰਾ ਸੰਮਤ 1958 ਬਿਕਰਮੀ ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਟੀਕੇ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਟੀਕਾਕਾਰ ਨੂੰ 'ਆਸਾ ਦੀ ਵਾਰ' ਦੇ ਅਰਥਾਂ ਦੀ ਕੋਈ ਖ਼ਾਸ ਸਮਝ ਨਹੀਂ। ਉਸ ਨੇ ਟੀਕਾ ਕਰਦਿਆਂ ਬਹੁਤ ਹੀ ਗੰਭੀਰ ਕਿਸਮ ਦੀਆਂ ਗਲਤੀਆਂ ਕੀਤੀਆਂ ਹਨ।[1] ਇਸ ਤੋਂ ਇਹੋ ਸਿਟਾ ਨਿਕਲਦਾ ਹੈ ਕਿ ਟੀਕਾਕਾਰ, ਜੋ ਇਕ ਪ੍ਰਕਾਸ਼ਕ ਵੀ ਹੈ, ਦਾ ਮੂਲ ਮੰਤਵ ਇਕ ਪੁਸਤਕ ਛਾਪ ਕੇ ਮਾਇਕ ਲਾਭ ਪ੍ਰਾਪਤ ਕਰਨਾ ਹੀ ਹੈ, ਇਸ ਤੋਂ ਵੱਧ ਨਹੀਂ।

---

1 ਇਸ ਟੀਕੇ ਵਿਚ ਅਨੇਕ ਥਾਂਈਂ ਅਰਥਾਂ ਦੇ ਅਨਰਥ ਕੀਤੇ ਹੋਏ ਹਨ। ਨਮੂਨੇ ਲਈ ਇਕ ਤੁਕ 'ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲੁ' ਦੇ ਅਰਥ ਪੇਸ਼ ਕਰਦੇ ਹਾਂ: "ਅਰ ਸਾਰੀ ਉਣੰਜਾ ਕਰੋੜ ਜੋ ਰੰਗਾਂ ਰੰਗ ਦੀ ਧਰਤੀ ਹੈ ਇਹੋ ਇਹਨਾਂ ਦਾ ਧਨ ਤੇ ਮਾਲ ਹੈ ਤੇ ਬਰਤਨ ਭਾਂਡੇ ਇਹਨਾਂ ਦੇ ਜਗਤ ਜਿਤਨੇ ਜੰਜਾਲ ਹਨ ਸੋ ਹਨ ਅਰਥਾਤ ਜਗਤ ਵਿਚ ਨਾਨਾ ਪ੍ਰਕਾਰ ਦੇ ਜੋ ਕੌਤਕ ਜੀਅ ਜੰਤ ਕਰਦੇ ਹਨ, ਇਹੋ ਇਨ੍ਹਾਂ ਦੇ ਭਾਂਡੇ ਬਰਤਨ ਹਨ।" (ਪੰਨਾ 21)

## (ੲ) ਵਿਦਿਆਰਥੀਆਂ ਦੀਆਂ ਲੋੜਾਂ ਨੂੰ ਮੁੱਖ ਰਖ ਕੇ ਲਿਖੇ ਗਏ ਟੀਕੇ

ਪਿਛਲੇ ਕਈ ਸਾਲਾਂ ਵਿਚ 'ਆਸਾ ਦੀ ਵਾਰ' ਗਿਆਨੀ ਅਤੇ ਐਮ.ਏ. ਪੰਜਾਬੀ ਦੀਆਂ ਪਰੀਖਿਆਵਾਂ ਦੇ ਪਾਠ-ਕ੍ਰਮ ਦਾ ਭਾਗ ਰਹੀ ਹੈ। ਵਿਦਿਆਰਥੀਆਂ ਦੀਆਂ ਇਮਤਿਹਾਨੀ ਲੋੜਾਂ ਨੂੰ ਮੁਖ ਰਖ ਕੇ 'ਆਸਾ ਦੀ ਵਾਰ' ਦੇ ਕੁਝ ਟੀਕੇ ਇਨ੍ਹਾਂ ਵਰ੍ਹਿਆਂ ਦੇ ਦੌਰਾਨ ਰਚੇ ਗਏ ਹਨ। ਇਨ੍ਹਾਂ ਟੀਕਿਆਂ ਨੂੰ ਕਿਸੇ ਗੰਭੀਰ ਅਧਿਐਨ ਦਾ ਵਿਸ਼ਾ ਨਹੀਂ ਬਣਾਇਆ ਜਾ ਸਕਦਾ। ਇਹ ਟੀਕੇ ਹਨ :

| ਕ੍ਰਮ ਨੰਬਰ | ਟੀਕਾਕਾਰ ਦਾ ਨਾਂ | | ਪੁਸਤਕ ਦਾ ਨਾਂ |
|---|---|---|---|
| 1 | ਸ.ਸ. ਅਮੋਲ | ੳ) | ਆਸਾ ਦੀ ਵਾਰ ਸਟੀਕ |
| | | ਅ) | 10 ਵਾਰਾਂ ਸਟੀਕ[1] |
| | | ੲ) | ਬਾਈ ਵਾਰਾਂ ਸਟੀਕ |
| 2 | ਕਢਾ ਸਿੰਘ | | ਆਸਾ ਦੀ ਵਾਰ ਸਟੀਕ |
| 3 | ਨਿਹਾਲ ਸਿੰਘ ਰਸ | ੳ) | ਜਪੁਜੀ ਸਾਹਿਬ ਤੇ ਆਸਾ ਦੀ ਵਾਰ |
| | | ਅ) | 10 ਵਾਰਾਂ ਸਟੀਕ |
| 4 | ਮਹੰਤ ਗਣੇਸ਼ਾ ਸਿੰਘ[2] | | ਪੰਜ ਗ੍ਰੰਥੀ ਸਟੀਕ |
| 5 | ਭਗਤ ਰਾਮ ਛਿਤਾ | | ਆਸਾ ਦੀ ਵਾਰ ਸਟੀਕ |
| 6 | ਪ੍ਰੋ: ਕਰਤਾਰ ਸਿੰਘ | | ਆਸਾ ਦੀ ਵਾਰ ਸਟੀਕ |
| 7 | ਮੋਹਨ ਸਿੰਘ ਪ੍ਰੇਮ | | ਗੁਰੂ ਨਾਨਕ ਬਾਣੀ (ਜਪੁਜੀ ਸਾਹਿਬ ਤੇ ਆਸਾ ਦੀ ਵਾਰ ਸਟੀਕ) |
| 8 | ਰਾਜਿੰਦਰ ਸਿੰਘ ਬਲ | | ਸਟੀਕ ਜਪੁਜੀ ਸਾਹਿਬ-ਆਸਾ ਰਾਗ ਦੀ ਵਾਰ |
| 9 | ਲਾਲ ਸਿੰਘ | | ਦਸ ਵਾਰਾਂ ਸਟੀਕ |
| 10 | ਜੀ.ਐਲ.ਬਰਮਾ | | ਆਸਾ ਦੀ ਵਾਰ |
| 11 | ਆਸਾ ਨੰਦ ਵੋਹਰਾ | | ਆਸਾ ਦੀ ਵਾਰ |
| 12 | ਗੁਰਬਚਨ ਸਿੰਘ ਭੂਈ ਅਤੇ ਨਿਹਾਲ ਸਿੰਘ ਰਸ | | ਜਪੁਜੀ ਤੇ ਆਸਾ ਦੀ ਵਾਰ |

---

1 ਜਿਹੜੀਆਂ '10 ਵਾਰਾਂ ਸਟੀਕ', 'ਬਾਈ ਵਾਰਾਂ ਸਟੀਕ' ਅਤੇ 'ਪੰਜ ਗ੍ਰੰਥੀ ਸਟੀਕ' ਇਸ ਸੂਚੀ ਵਿਚ ਦਰਜ ਹਨ, ਉਨ੍ਹਾਂ ਵਿਚ 'ਆਸਾ ਦੀ ਵਾਰ' ਦਾ ਟੀਕਾ ਵੀ ਹੈ।

2 ਮਹੰਤ ਗਣੇਸ਼ਾ ਸਿੰਘ ਨਿਰਮਲ ਸੰਪ੍ਰਦਾਇ ਦੇ ਚੰਗੇ ਮੰਨੇ ਪ੍ਰਮੰਨੇ ਵਿਦਵਾਨ ਸਨ। ਉਨ੍ਹਾਂ ਤੋਂ ਉਚ ਪਾਇ ਦੇ ਟੀਕੇ ਦੀ ਆਸ ਕੀਤੀ ਜਾ ਸਕਦੀ ਸੀ। ਪਰ ਉਨ੍ਹਾਂ ਨੇ 'ਪੰਜ ਗ੍ਰੰਥੀ ਸਟੀਕ' ਦੀ ਭੂਮਿਕਾ ਵਿਚ ਸਪਸ਼ਟ ਕੀਤਾ ਹੈ ਕਿ ਇਹ ਟੀਕਾ ਵਿਦਿਆਰਥੀਆਂ ਦੀ ਲੋੜ ਨੂੰ ਮੁੱਖ ਰਖ ਕੇ ਲਿਖਿਆ ਗਿਆ ਹੈ।

# ਅਧਿਆਇ 4

# ਅਰਥ-ਭਿੰਨਤਾ ਦੀ ਸਮੱਸਿਆ

******
****
**
*

## ਅਰਥ - ਭਿੰਨਤਾ ਦੀ ਸਮੱਸਿਆ

ਕੋਈ ਵੀ ਅਧਿਆਤਮਕ ਰਚਨਾ ਸੂਰਜ ਵਾਂਗ ਸਥਿਰ ਪ੍ਰਕਾਸ਼-ਵਿਤਰਕ ਵਸਤੂ ਹੈ ਜੋ ਆਪਣੇ ਸਰੂਪ ਵਿਚੋਂ ਸਭ ਲਈ ਸਮਾਨ ਰੂਪ ਵਿਚ ਗਿਆਨ ਰੂਪੀ ਪ੍ਰਕਾਸ਼ ਦੀਆਂ ਕਿਰਣਾਂ ਨਿਰੰਤਰ ਛਡਦੀ ਹੈ। ਇਨ੍ਹਾਂ ਕਿਰਣਾਂ ਦੇ ਪ੍ਰਕਾਸ਼ ਦਾ ਕਿਸੇ ਵਿਅਕਤੀ ਉੱਤੇ ਕੀ ਪ੍ਰਭਾਵ ਪੈਂਦਾ ਹੈ, ਇਹ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਉਸ ਵਿਅਕਤੀ ਦੀ ਮਾਨਸਿਕ ਸਥਿਤੀ ਕੀ ਹੈ। ਹਰ ਵਿਅਕਤੀ ਦੀ ਸਥਿਤੀ ਦੂਸਰੇ ਨਾਲੋਂ ਭਿੰਨ ਹੁੰਦੀ ਹੈ ਕਿਉਂਕਿ ਉਸ ਦੀ ਸ਼ਖ਼ਸੀਅਤ ਦੀ ਉਸਾਰੀ ਵਿਚ ਉਸ ਦੇ ਧਾਰਮਿਕ, ਸਾਮਾਜਿਕ, ਆਰਥਿਕ ਅਤੇ ਸਭਿਆਚਾਰਕ ਪਿਛੋਕੜ ਨੇ ਆਪਣਾ ਪ੍ਰਭਾਵ ਪਾਇਆ ਹੁੰਦਾ ਹੈ। ਉਸ ਦੇ ਜੀਵਾਣੂਆਂ ( genes ) ਦਾ ਵੀ ਉਸ ਦੀ ਸ਼ਖ਼ਸੀਅਤ ਦੀ ਆਕ੍ਰਿਤ ਉੱਤੇ ਅਸਰ ਹੁੰਦਾ ਹੈ।[1] ਭਾਵ ਇਹ ਕਿ ਹਰ ਮਨੁਖ ਦੀ ਸ਼ਖ਼ਸੀਅਤ ਪਿਛੇ ਅਨੁਵੰਸ਼ਿਕਤਾ (heredity ) ਅਤੇ ਵਾਤਾਵਰਣ ( environment ) ਦੋ ਅਜਿਹੇ ਤੱਤ ਹਨ ਜੋ ਉਸ ਦੀ ਸ਼ਖ਼ਸੀਅਤ ਨੂੰ ਦੂਸਰੇ ਕਿਸੇ ਵੀ ਵਿਅਕਤੀ ਦੀ ਸ਼ਖ਼ਸੀਅਤ ਨਾਲੋਂ ਨਿਖੇੜਦੇ ਹਨ।[2] ਕਿਸੇ ਅਧਿਆਤਮਕ ਰਚਨਾ ਦੇ ਭਾਵ ਨੂੰ ਕੋਈ ਵਿਅਕਤੀ ਕਿਵੇਂ ਗ੍ਰਹਿਣ ਕਰਦਾ ਹੈ ਇਹ ਉਸ ਵਿਅਕਤੀ ਦੀ ਸੁਰਤਿ, ਮਤਿ, ਮਨਿ, ਬੁਧਿ[3] — ਸ਼ਖ਼ਸੀਅਤ— ਦੀ ਆਕ੍ਰਿਤ ਉੱਤੇ ਨਿਰਭਰ ਹੈ। ਕਿਸੇ ਰਚਨਾ ਵਿਚਲੇ ਸੱਚ ਨੂੰ ਵਖ ਵਖ ਸ਼ਖ਼ਸੀਅਤਾਂ ਵਾਲੇ ਮਨੁਖ ਵਖ

---

1 "My perception of reality is profoundly shaped, not only by my previous personal experience, but also my experience 'remembered— by my genes as it were".

— Paulos Gregorios, "The Hermenutical Discussion in India Today, The Indian Journal of Theology, July–Dec., 1982, p.153.

2 "Each person represents a subtle combination of traits, everyone of which has been influenced by both, heredity and environment."

— Herbert Sorenson, Psychology in Education, 1977, p.95.

3 "ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥"

( ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 8 )

ਵਖ ਢੰਗਾਂ ਨਾਲ ਹੀ ਬਿਆਨ ਕਰ ਸਕਦੇ ਹਨ (ਜਿਸ ਤਰ੍ਹਾਂ ਅੰਤਿਮ ਸੱਚ ਨੂੰ ਹਰ ਕੋਈ ਆਪਣੀ ਬੁੱਧ ਅਨੁਸਾਰ ਬਿਆਨ ਕਰਦਾ ਹੈ)।[1] ਇਥੋਂ ਹੀ ਅਰਥ-ਭਿੰਨਤਾ ਦੀ ਸਮੱਸਿਆ ਜਨਮ ਲੈਂਦੀ ਹੈ।

ਅਰਥ-ਭਿੰਨਤਾ ਦੀ ਸਮੱਸਿਆ ਦੇ ਘੇਰੇ ਵਿਚ ਮੂਲ ਗ੍ਰੰਥ ਦੀ ਭਾਵਨਾ ਨਾਲ ਇਕ ਸੁਰ ਹੋ ਕੇ ਚਲਣ ਵਾਲੇ ਪਰ ਆਪਸ ਵਿਚ ਭਿੰਨਤਾ ਰਖਣ ਵਾਲੇ ਅਰਥ ਹੀ ਨਹੀਂ ਆਉਂਦੇ ਸਗੋਂ ਉਹ ਅਰਥ ਵੀ ਹੁੰਦੇ ਹਨ ਜੋ ਮੂਲ ਗ੍ਰੰਥ ਦੀ ਭਾਵਨਾ ਦੇ ਪ੍ਰਤਿਕੂਲ ਜਾਂਦੇ ਹਨ। ਸੂਖਮ ਕਿਸਮ ਦੀ ਅਧਿਆਤਮਕ ਰਚਨਾ ਦੇ ਰਚੇ ਜਾਣ ਤੋਂ ਕਾਫੀ ਸਮਾਂ ਬਾਅਦ, ਭਾਸ਼ਾ ਵਿਚ ਆਈਆਂ ਨਿਰੰਤਰ ਤਬਦੀਲੀਆਂ ਅਤੇ ਹੋਰ ਅਨੇਕ ਕਾਰਣਾਂ ਕਰਕੇ, ਆਮ ਸਾਧਾਰਣ ਬੁੱਧੀ ਵਾਲੇ ਵਿਅਕਤੀ ਉਸ ਰਚਨਾ ਦੇ ਸਤਹੀ ਅਰਥ ਸਮਝਣ ਦੇ ਵੀ ਸਮਰਥ ਨਹੀਂ ਹੁੰਦੇ, ਤਾਤਪਰਜ ਤਕ ਪਹੁੰਚਣਾ ਤਾਂ ਬੜੀ ਦੂਰ ਦੀ ਗਲ ਹੈ। ਇਸ ਲਈ, ਆਮ ਵਿਅਕਤੀ ਟੀਕਿਆਂ, ਵਿਆਖਿਆਵਾਂ ਰਾਹੀਂ ਹੀ ਅਜਿਹੀਆਂ ਅਧਿਆਤਮਕ ਰਚਨਾਵਾਂ ਨੂੰ ਸਮਝਣ ਦਾ ਯਤਨ ਕਰਦੇ ਹਨ। ਹਰ ਸਮਾਜ ਵਿਚ ਅਜਿਹੇ ਵਿਅਕਤੀਆਂ ਦੀ ਸੰਖਿਆ ਬਹੁਤ ਜ਼ਿਆਦਾ ਹੁੰਦੀ ਹੈ। ਉਨ੍ਹਾਂ ਲਈ ਮੂਲ ਗ੍ਰੰਥ ਉਹੀ ਕੁਝ ਹੁੰਦਾ ਹੈ ਜੋ ਉਸ ਵਿਆਖਿਆ ਅਨੁਸਾਰ ਸਿਧ ਹੁੰਦਾ ਹੈ ਜਿਹੜੀ ਉਹ ਪੜ੍ਹਦੇ ਹਨ। ਇਸੇ ਕਰਕੇ ਚੇਤੰਨ ਕੌਮਾਂ ਆਪਣੇ ਪਵਿਤਰ ਧਰਮ ਗ੍ਰੰਥਾਂ ਦੇ ਅਨੁਵਾਦਾਂ ਤੇ ਵਿਆਖਿਆਵਾਂ ਵਲ ਵਿਸ਼ੇਸ਼ ਧਿਆਨ ਦਿੰਦੀਆਂ ਹਨ ਤਾਂ ਜੋ ਲੋਕਾਂ ਤਕ ਪਹੁੰਚਾਇਆ ਜਾਣ ਵਾਲਾ ਰਚਨਾ ਵਿਚਲਾ ਸੰਦੇਸ਼ ਲੋਕਾਂ ਤਕ ਦੂਸ਼ਿਤ ਜਾਂ ਵਿਕ੍ਰਿਤ ਰੂਪ ਵਿਚ ਨਾ ਪਹੁੰਚੇ।[2] ਕਿਉਂਕਿ ਧਰਮ ਗ੍ਰੰਥ ਦਾ ਸੰਦੇਸ਼ ਉਸ ਨੂੰ ਮੰਨਣ ਵਾਲੇ ਲੋਕਾਂ ਦੇ ਜੀਵਨ ਉਤੇ ਡੂੰਘਾ ਪ੍ਰਭਾਵ ਪਾਉਂਦਾ ਹੈ, ਇਸ ਲਈ ਉਸ ਦੀ ਪਵਿਤਰਤਾ ਨੂੰ ਕਾਇਮ ਰਖਣਾ ਅਤਿ ਆਵੱਸ਼ਕ ਹੁੰਦਾ ਹੈ।

---

1 "ਆਪੁ ਆਪੁਣੀ ਬੁਧਿ ਹੈ ਜੇਤੀ, ਬਰਨਤ ਭਿੰਨ ਭਿੰਨ ਤੁਹਿ ਤੇਤੀ।"
(ਪਾਤਸ਼ਾਹੀ ੧੦, ਚੌਪਈ)।

2 ਉਦਾਹਰਣ ਵਜੋਂ ਪੁਰਾਣੇ ਨੇਮ ਦੇ ਅਧਿਐਨ ਲਈ ਅੰਤਰਰਾਸ਼ਟਰੀ ਸੰਗਠਨ (International Organization for the Study of the Old Testament) ਨੇ 1966-67 ਵਿਚ ਬਾਈਬਲ ਦੀਆਂ ਕੁਝ ਪੁਸਤਕਾਂ ਦੇ ਆਲੋਚਨਾਤਮਕ ਸੰਸਕਰਣ ਕੱਢਣ ਲਗਿਆਂ ਨਾ ਕੇਵਲ ਇਸ ਕੰਮ ਦੇ ਨਿਰਦੇਸ਼ਨ ਲਈ ਈਸਾਈ ਧਰਮ ਦੇ ਪ੍ਰਸਿਧ ਵਿਦਵਾਨ Dr.P.A.H.de Boer ਨੂੰ ਚੁਣਿਆ ਜੋ ਕਿ ਉਸ ਸਮੇਂ ਲੀਡਨ (Leiden) ਯੂਨੀਵਰਸਿਟੀ ਵਿਚ ਪੁਰਾਣੇ ਨੇਮ ਦੇ ਪ੍ਰੋਫੈਸਰ ਸਨ, ਅਤੇ ਇਸ ਕੰਮ ਲਈ ਨਾ ਕੇਵਲ ਉਨ੍ਹਾਂ ਨਾਲ ਲੀਡਨ ਇਨਸਟੀਚਿਊਟ ਦਾ ਅਮਲਾ ਹੀ ਸੀ, ਸਗੋਂ ਦੂਸਰੇ ਦੇਸ਼ਾਂ ਦੇ ਤੀਹ ਵਿਦਵਾਨਾਂ ਦੀਆਂ ਸੇਵਾਵਾਂ ਵੀ ਇਸ ਕੰਮ ਲਈ ਪ੍ਰਾਪਤ ਕੀਤੀਆਂ ਗਈਆਂ।
—Cf.Rudolph Keeler,O.F.M.Cap.,"The Languages,Texts and Versions of the Bible,"New Catholic Commentary on Holy Scripture(Rev. Reginald C.Fuller D.D.General Editor), 1969, p.40.

ਹਥਲੇ ਅਧਿਆਇ ਦਾ ਉਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਆਸਾ ਕੀ ਵਾਰ' ਦੇ ਭਿੰਨ ਟੀਕਿਆਂ (ਜਿਨ੍ਹਾਂ ਦਾ ਸਰਵੇਖਣ ਅਧਿਆਇ ਤਿੰਨ ਵਿਚ ਕੀਤਾ ਹੈ) ਦੇ ਅਧਿਅਨ ਰਾਹੀਂ ਉਨ੍ਹਾਂ ਕਾਰਣਾਂ ਦੀ ਤਲਾਸ਼, ਜਿਨ੍ਹਾਂ ਕਰਕੇ ਅਰਥ-ਭਿੰਨਤਾ ਪੈਦਾ ਹੁੰਦੀ ਹੈ, ਅਤੇ ਇਸ ਸਮੱਸਿਆ ਦਾ ਸਮਾਧਾਨ ਲਭਣਾ ਹੈ। ਵਿਧੀ ਇਹ ਅਪਣਾਈ ਜਾ ਰਹੀ ਹੈ ਕਿ ਜੇ ਕਿਸੇ ਤੁਕ-ਅੰਸ਼, ਤੁਕ, ਤੁਕਾਂ ਦੇ ਸੁਤੰਤਰ ਜੁਟ (Self autonomous unit-SAU), ਪੂਰੇ ਸਲੋਕ ਜਾਂ ਪਉੜੀ ਦੇ ਭਿੰਨ ਅਰਥਾਂ ਨੂੰ ਸਾਮ੍ਹਣੇ ਰਖ ਕੇ ਦੇਖਿਆਂ ਕਿਸੇ ਅਰਥ ਜਾਂ ਅਰਥਾਂ ਦੀ ਹੋਰ ਅਰਥ ਜਾਂ ਅਰਥਾਂ ਨਾਲੋਂ ਭਿੰਨਤਾ ਦਾ ਕੋਈ ਕਾਰਣ ਦਿਸੇ ਤਾਂ ਉਸ ਕਾਰਣ ਨੂੰ ਸਪਸ਼ਟ ਕੀਤਾ ਜਾਵੇ ਅਤੇ ਨਾਲ ਹੀ ਉਸ ਵਿਸ਼ੇਸ਼ ਭਾਗ ਦੇ ਮੌਲਿਕ ਅਰਥਾਂ ਤਕ ਪਹੁੰਚਣ ਦਾ ਪ੍ਰਯਾਸ ਕੀਤਾ ਜਾਵੇ ਤਾਂ ਜੋ ਉਹ ਵਿਆਖਿਆ-ਜੁਗਤਾਂ (Keys of interpretation) ਵੀ ਸਾਮ੍ਹਣੇ ਆ ਜਾਣ ਜਿਨ੍ਹਾਂ ਦੁਆਰਾ ਮੌਲਿਕ ਅਰਥਾਂ ਤਕ ਪਹੁੰਚਿਆ ਜਾ ਸਕਦਾ ਹੈ। ਇਉਂ ਧਰਮ-ਗ੍ਰੰਥ ਦੇ ਅਰਥ ਕਰਨ ਦਾ ਇਕ ਮਾਡਲ ਤਿਆਰ ਕੀਤਾ ਜਾਵੇ ਜੋ ਭਵਿਖ ਵਿਚ ਪੂਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਕਰਨ ਲਈ ਵਰਤਿਆ ਜਾ ਸਕੇ। ਇਹ ਵੀ ਧਿਆਨ ਰਖਿਆ ਜਾਵੇ ਕਿ

(1) ਇਕੋ ਹੀ ਕਾਰਣ ਨੂੰ ਸਪਸ਼ਟ ਕਰਨ ਲਈ ਇਕ ਜਾਂ ਦੋ ਉਦਾਹਰਣਾਂ ਹੀ ਲਈਆਂ ਜਾਣ ਤਾਂ ਜੋ ਵਾਧੂ ਵਿਸਤਾਰ ਤੋਂ ਬਚਿਆ ਜਾ ਸਕੇ;

(2) ਜੇ ਇਕ ਤੋਂ ਵਧੇਰੇ ਟੀਕਾਕਾਰਾਂ ਨੇ ਸੰਬੰਧਿਤ ਭਾਗ ਦੇ ਇਕੋ ਅਰਥ ਕੀਤੇ ਜਾਂ ਮੰਨੇ ਹੋਣ ਤਾਂ ਜਿਥੋਂ ਤਕ ਹੋ ਸਕੇ ਉਨ੍ਹਾਂ ਵਿਚੋਂ ਪ੍ਰਥਮ ਟੀਕਾਕਾਰ ਨੂੰ ਹੀ ਲਿਆ ਜਾਵੇ;

(3) ਜਿਥੇ ਇਕ ਟੀਕਾਕਾਰ ਨੇ ਸੰਬੰਧਿਤ ਭਾਗ ਦੇ ਇਕ ਤੋਂ ਵਧੇਰੇ ਅਰਥ ਦਿੱਤੇ ਹੋਣ, ਉਥੇ ਮੁੱਖ ਜਾਂ ਪ੍ਰਥਮ ਅਰਥ ਨੂੰ ਉਸ ਟੀਕਾਕਾਰ ਦਾ ਮਤ ਮੰਨਿਆ ਜਾਵੇ। ਬਾਕੀ ਅਰਥਾਂ ਨੂੰ ਉਸ ਵਲੋਂ ਦਿੱਤੇ ਗਏ ਸੰਭਾਵੀ ਅਰਥ ਜਾਂ ਇਕ ਤੋਂ ਵਧੇਰੇ ਅਰਥ ਕਰ ਸਕਣ ਦੀ ਬੌਧਿਕ ਸ਼ਕਤੀ ਦਾ ਪ੍ਰਗਟਾਵਾ ਮੰਨਿਆ ਜਾਵੇ। ਇਸ ਲਈ ਵਾਧੂ ਦਿੱਤੇ ਅਰਥਾਂ ਉਤੇ ਟਿਪਣੀਆਂ ਨਾ ਕੀਤੀਆਂ ਜਾਣ।

4



(4) ਜਿਥੇ ਕਿਧਰੇ ਆਸਾ ਦੀ ਵਾਰ ਵਿਚੋਂ ਹਵਾਲਾ ਹੋਵੇ ਉਥੇ ਪਉੜੀਆਂ ਨੂੰ ਅੰਕ 1, 2, 3 ਆਦਿ ਰਾਹੀਂ ਪ੍ਰਗਟ ਕੀਤਾ ਜਾਵੇ ਪਰ ਪਉੜੀ ਤੋਂ ਪਹਿਲਾਂ ਆਏ ਸ਼ਲੋਕ ਨੂੰ ਪ੍ਰਗਟ ਕਰਨ ਲਈ ਪਉੜੀ ਦੇ ਅੰਕ ਤੋਂ ਪਹਿਲਾਂ (:) ਦਾ ਚਿੰਨ੍ਹ ਲਾਕੇ ਉਸ ਤੋਂ ਪਹਿਲਾਂ ਸਲੋਕ ਦਾ ਕ੍ਰਮ ਅੰਕ ਦਿੱਤਾ ਜਾਵੇ ।

ਜਿਸ ਉਦੇਸ਼ ਨੂੰ ਪਿਛੇ ਪ੍ਰਗਟ ਕੀਤਾ ਗਿਆ ਹੈ ਉਸ ਦੀ ਪੂਰਤੀ ਲਈ ਅਸੀਂ 'ਆਸਾ ਦੀ ਵਾਰ' ਦੇ ਇਕ ਸਲੋਕ ਦੇ ਦੋ ਟੀਕਾਕਾਰਾਂ ਦੁਆਰਾ ਕੀਤੇ ਭਿੰਨ ਅਰਥਾਂ ਨੂੰ ਲੈਂਦੇ ਹਾਂ ਜੋ ਕਿ ਸਾਨੂੰ ਕੁਝ ਖਾਸ ਸਿੱਟਿਆਂ ਉਤੇ ਪੁੱਜਣ ਵਿਚ ਸਹਾਈ ਹੁੰਦੇ ਹਨ। ਸ਼ਲੋਕ ਹੈ :

"ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ॥
ਧਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥
ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥" ( 1:15 )

ਇਸ ਦੇ ਅਰਥ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਇਉਂ ਕੀਤੇ ਗਏ ਹਨ:

"ਤਾਂ ਬਾਬੇ ਕਹਿਆ ਪਾਧੇ ਸੂਤ ਦਾ ਜਨੇਊ ਮੈਲਾ ਹੋ ਜਾਂਦਾ ਹੈ ਅਰ ਟੁਟ ਜਾਂਦਾ ਹੈ ਸੋ ਧਰਮ ਦਾ ਜਨੇਊ ਮੈਨੂੰ ਪਾਉ ਤਾਂ ਪੰਡਿਤ ਕਹਿਆ ਧਰਮ ਦਾ ਜਨੇਊ ਕੌਣ ਹੈ ਤਾਂ ਬਾਬੇ ਕਹਿਆ ਦਇਆ ਕੀ ਕਪਾਹ ਹੋਵੇ ਅਰ ਸੰਤੋਖ ਕਾ ਸੂਤ ਕਤੀਐ ਅਰ ਜਤ ਦੀਆਂ ਗੰਢੀਂ ਹੋਵਣ ਅਰ ਸਤ ਦਾ ਵਟ ਚੜ੍ਹਾਈਐ ਸੋ ਇਹ ਜਨੇਊ ਜੀਅ ਦਾ ਹੈ ਅਤੇ ਜੇ ਤੇਰੇ ਪਾਸ ਹੈ ਤਾਂ ਮੈਨੂੰ ਘਤ ਕਯੋਂਕਿ ਏਹੁ ਜਨੇਊ ਟੁਟਦਾ ਨਹੀ ਅਰ ਨਾ ਇਸਨੂੰ ਮਲ ਲਗਦੀ ਹੈ ਅਰ ਜੋ ਇਹ ਸਰੀਰ ਜਲੈ ਭੀ ਤਾਂ ਇਹ ਨਹੀਂ ਜਲਦਾ ਅਤੇ ਧੰਨ ਉਹ ਮਨੁਖ ਹੈਨ ਜਿਨਾਂ ਇਹ ਜਨੇਊ ਪਾਇਆ ਹੈ ਅਰ

> ਜੇ ਸ਼ੂਦ੍ਰ ਦਾ ਜਨੇਊ ਮੂਲ ਅਣਾਂਬੇਦਾ ਹੈ ਅਤੇ ਢੋਕੇ ਤੇ ਬੈਠਕੇ ਪਾਈਂਦਾ ਹੈ ਅਤੇ ਬ੍ਰਹਮਣ ਗਾਂਇਤ੍ਰੀ ਕੀ ਸਿਖਿਆ ਕੰਨ ਮੇ ਚੜ੍ਹਾਂਵਦਾ ਹੈ ਤਾਂ ਉਹੁ ਬ੍ਰਹਮਣ ਭੀ ਅਰ ਪਾਵਣ ਵਾਲਾ ਭੀ ਦੋਨੋ ਅੰਤ ਨੂੰ ਮਰ ਜਾਂਦੇ ਹੈਨ ਅਰ ਤਗੁ ਟੁਟ ਜਾਂਦਾ ਹੈ।"[1]

ਪਰ ਸੁਆਮੀ ਆਨੰਦਘਨ ਨੇ ਵਿਚਾਰ ਅਧੀਨ ਸਲੋਕ ਦੇ ਅਰਥ ਇਸ ਪ੍ਰਕਾਰ ਕੀਤੇ ਹਨ:

> "ਸਰਬ ਜੀਵ ਪਰ ਦਇਆ ਕਰੈ॥ ਇਸ ਕੋ ਕਪਾਸ ਕਰੈ॥ ਸੰਤੋਖਵਾਨ ਹੋਵੈ॥ ਜੋ ਕਛੂ ਪ੍ਰਾਰਬਧ ਸੰਜੋਗ ਤੇ ਪ੍ਰਾਪਤਿ ਹੋਵੈ ਤਿਸੀ ਮੇ ਪ੍ਰਸੰਨ ਰਹੈ॥ ਅਧਿਕ ਲਾਲਚ ਨ ਕਰੈ॥ ਇਸ ਕੋ ਤੇ ਸੂਤ੍ਰ ਕਰੈ॥ ਜਤੀ ਹੋਵੈ ਆਪਣੀ ਇਸਤ੍ਰੀ ਤੇ ਇਤ੍ਰਕਤ ਸਭ ਕੋ ਮਾਤਾ ਸਮਾਨ ਜਾਣੈ॥ ਇਸ ਕੋ ਤੋ ਗਠਾਂ ਕਰੈ ਸਤੀ ਹੋਵੈ॥ ਜੋ ਕਛੂ ਮੁਖ ਤੇ ਕਹੈ ਤਿਸ ਤੇ ਚਲਾਇਮਾਨ ਨ ਹੋਵੈ॥ ਇਸ ਕੋ ਵਟ ਕਰੈ॥ ਪਾਂਡੇ ਨਾਮ ਪੰਡਤਾ ਕਾ ਹੈ॥ ਪੰਡਤ ਨਾਮ ਹੈ ਸਮਝਵਾਨ ਕਾ॥ ਸਤਿਗੁਰ ਕਹਤੇ ਹੈ॥ ਜੋ ਤੇਰੇ ਮੇ ਕਛੂ ਸਮਝ ਹੈ ਤੋ ਸਮਝਾ॥ ਇਹ ਜੀਅ ਕਾ ਜਨੇਊ ਹੈ ਜੋ ਤੇਰੇ ਪਾਸ ਹੈ ਤੋ ਪਹਿਰ॥ ਇਹ ਜੀਅ ਕਾ ਜਨੇਊ ਕੈਸਾ ਹੈ ਨਾ ਤੋ ਕਬੀ ਟੂਟਤਾ ਹੈ ਨਾ ਇਸਕੋ ਮਲੁ ਲਗਤੀ ਹੈ॥ ਅਗਨ ਮਹਿ ਜਲਤਾ ਭੀ ਨਹੀਂ॥ ਚੋਰ ਭੀ ਇਸਕੋ ਨਹੀ ਲੈ ਜਾਤਾ॥ ਇਸ ਜਨੇਊ ਕੋ ਪਹਿਰ ਕਰਿ ਪਰਲੋਕ ਜਾਤਾ ਹੈ ਸੋ ਧਨ ਪੁਰਖ ਹੈ॥ ਚਾਰੇ ਵੇਦ ਪਰਮੇਸ਼੍ਵਰ ਕੀ ਆਗਿਆ ਹੈ। ਅੰਤਰਿ ਕਾ ਜਨੇਊ ਭੀ ਵੇਦੋ ਨੇ ਹੀ ਕਹਾ ਹੈ॥ ਬਾਹਰ ਕਾ ਭੀ ਵੇਦੋ ਨੇ ਹੀ ਕਹਾ ਹੈ॥ ਅਤੁ ਕੈ ਜਨੇਊ ਕਾ ਵਰਨਨ ਹੋਆ ਹੈ॥ ਚੋਲਕ ਨਾਮ ਹੈ ਮੁਖ ਕਾ॥ ਚਾਰ ਹੈ ਮੁਖ ਜਿਸ ਕੈ ਐਸਾ ਜੋ ਏਕ ਪਦਾਰਥ ਹੈ॥ ਸੋ ਮੋਲ ਮੰਗਾਇਆ ਚਾਰ ਮੁਖ ਜਿਸ ਕੈ ਹੈ ਜਨੇਊ ਕੈ॥ ਜਨੇਊ ਕਾ ਨਾਮ ਬ੍ਰਹਮਸੂਤ੍ਰ ਹੈ॥ ਚਾਰ ਮੁਖ ਬ੍ਰਹਮਾ ਜੀ ਕੇ ਚਾਰ ਮੁਖ ਤੇ ਚਾਰੇ ਵੇਦ ਕਹੈ ਹੈ॥ ਚਾਰੇ ਮੁਖ ਜਨੇਊ ਕੈ॥ ਏਕ ਜਨੇਊ ਕੈ ਦੋ ਧਾਗੇ ਹੋਤੇ ਹੈ॥ ਏਕ ਧਾਗੇ ਕੈ ਦੋ ਮੁਖ ਹੋਤੇ ਹੈ॥

---

1 ਪੂਰਵੁਕਤ ਸੰਸਕਰਣ, ਪੰਨਾ 104.

> "ਰੋਕੜ ਨਾਮ ਜਨੇਊ ਕਾ ਹੀ ਹੈ॥ ਬ੍ਰਾਹਮਣ ਕੋ ਕਛੁ ਦਖਣਾ ਦੇ ਕਰਿ ਹੀ ਲੀਜੀਤਾ ਹੈ॥ ਇਹੀ ਤਿਸ ਦਾ ਮੋਲ॥ ਰੋਕੜ ਨਾਮ ਪੈਸੇ ਕਾ ਭੀ ਹੈ॥ ਪੈਸੇ ਕਾ ਜਨੇਊ ਮੰਗਾਇਆ॥ ਚੌਕੇ ਬੀਚ ਬੈਠ ਕਰਿ ਪਾਇਆ॥ ਇਹ ਪ੍ਰਥਮ ਜਨੇਊ ਕੀ ਵਿਧ ਹੈ॥ ਬ੍ਰਾਹਮਨ ਨੇ ਇਸ ਕੈ ਕੰਠ ਮੇ ਸਿਖਾ ਚੜਾਈਆ॥ਉਪਦੇਸ ਕੀਆ ਤੈਨੇ ਗਾਇਤ੍ਰੀ ਜਪ ਐਸੇ ਕਰਣਾ ਹੋਵੈਗਾ॥ ਸੰਧਿਆ ਐਸੇ ਕਰਣੀ ਹੋਵੈਗੀ॥ ਤਰਪਣ ਐਸੇ ਕਰਣਾ ਹੋਵੈਗਾ॥ ਔਰ ਯੋਗ ਕਰਮ ਐਸੇ ਕਰਣੇ ਹੋਵੈਗਾ॥ ਜਿਸ ਨੇ ਜਨੇਊ ਪਹਿਰਾ ਥਾ ਉਹ ਮੂਆ ਤਬ ਜਨੇਊ ਤੇ ਉਸਕਾ ਜੀਰਾ ਛੜਾ॥ ਬਿਨਾ ਜਨੇਊ ਹੀ ਗਇਆ॥ ਜਨੇਊ ਤਾਂ ਇਸ ਕਾ ਧਰਮ ਥਾ ਸੋ ਤੋ ਇਸਕੇ ਸਾਥ ਨ ਗਇਆ॥ ਧਰਮ ਬਿਨਾ ਜੋ ਅਧਰਮੀ ਹੋਇ ਕਰਿ ਗਇਆ॥ ਅਧਰਮੀ ਕੋ ਸਦਗਤ ਕਹਾਂ॥ ਸਤਿਗੁਰ ਕਹਤੇ ਹੈ ਸਿਖ ਕੋ ॥ ਅੰਤਰਿ ਬਾਹਰਿ ਦੋਨੋ ਜਨੇਊ ਪਹਿਰੋ ॥"[1]

ਵਿਚਾਰ ਅਧੀਨ ਸਲੋਕ ਦੇ ਦੋਹਾਂ ਟੀਕਾਕਾਰਾਂ ਦੁਆਰਾ ਕੀਤੇ ਅਰਥਾਂ ਉਤੇ ਕੋਈ ਟਿਪਣੀ ਕਰਨ ਤੋਂ ਪਹਿਲਾਂ ਇਹ ਧਿਆਨ ਵਿਚ ਰਖਿਆ ਜਾਣਾ ਚਾਹੀਦਾ ਹੈ ਕਿ ਸਲੋਕ ਦਾ ਮੂਲ ਪਾਠ ਵਿਚ ਇਕ ਆਪਣਾ ਪ੍ਰਸੰਗ ਹੈ। ਇਹ 'ਆਸਾ' ਦੀ ਵਾਰ' ਦੀ ਪੰਦਰਵੀਂ ਪੌੜੀ ਨਾਲ ਆਏ ਚਾਰ ਸਲੋਕਾਂ ਵਿਚੋਂ ਪਹਿਲਾ ਹੈ। ਚਾਰੇ ਸਲੋਕ ਪਹਿਲੀ ਪਾਤਸ਼ਾਹੀ ਦੇ ਹਨ। ਚਾਰੇ ਸਲੋਕ ਇਕੋ ਵਿਸ਼ੇ ਜਨੇਊ ਬਾਰੇ ਗੁਰੂ ਨਾਨਕ ਮਤ ਨੂੰ ਪ੍ਰਮਾਣਿਤ ਰੂਪ ਵਿਚ ਸਪਸ਼ਟ ਕਰਦੇ ਹਨ ਅਤੇ ਇਸ ਵਿਸ਼ੇ ਬਾਰੇ ਕਵੀ ਦੀ ਭਾਵਨਾ ਨੂੰ ਵਿਸ਼ਦ ਰੂਪ ਵਿਚ ਪ੍ਰਗਟਾਉਣ ਲਈ ਇਕ ਦੂਜੇ ਦੀ ਪੂਰਤੀ ਕਰਦੇ ਹਨ। ਇਨ੍ਹਾਂ ਚਾਰੇ ਸਲੋਕਾਂ ਨੂੰ ਚੜ੍ਹਦੇ ਕ੍ਰਮ ( ascending order) ਵਿਚ ਰਖਿਆ ਗਿਆ ਹੈ।

ਪਹਿਲੇ ਸਲੋਕ ਵਿਚ ਧਰਮ ਦੇ ਜਨੇਊ ਅਤੇ ਸੂਤ੍ਰ ਦੇ ਜਨੇਊ ਵਿਚ ਅੰਤਰ ਦੱਸ ਕੇ ਸੂਤ੍ਰ ਦੇ ਜਨੇਊ ਨੂੰ ਰੱਦ ਕੀਤਾ ਗਿਆ ਹੈ ਕਿਉਂਕਿ ਮੌਤ ਸਮੇਂ ਸੂਤ੍ਰ ਦੇ ਜਨੇਊ ਨੇ ਇਥੇ ਹੀ ਛਡ ਜਾਣਾ ਹੈ। ਇਸ ਨੇ ਅਗੇ ਮਨੁਖ ਦਾ ਕੁਝ ਨਹੀਂ ਸਵਾਰਨਾ।

---

1 ਟੀਕਾ ਆਸਾ ਦੀ ਵਾਰ, ਪੰਨੇ 71/ਅ - 74/ੳ.

ਦੂਸਰੇ ਸਲੋਕ ਵਿਚ ਦਸਿਆ ਗਿਆ ਹੈ ਕਿ ਮਨੁਖ ਕਰਦਾ ਤਾਂ ਕੁਕਰਮ ਹੈ, ਪਰ ਬਾਮ੍ਹਣ ਦੁਆਰਾ ਵਟੇ ਧਾਗੇ ਦਾ ਜਨੇਊ ਗਲ ਵਿਚ ਪਾਈ ਫਿਰਦਾ ਹੈ। ਮਾੜੇ ਕਰਮਾਂ ਵਾਲੇ ਦਾ ਇਸ ਧਾਗੇ ਨੇ ਕੀ ਸਵਾਰਨਾ ਹੈ। ਇਹ ਧਾਗਾ ਪੁਰਾਣਾ (ਜਰਜਰਾ) ਹੋ ਜਾਂਦਾ ਹੈ ਤਾਂ ਇਸ ਨੂੰ ਸੁਟ ਕੇ ਹੋਰ ਪਾ ਲਿਆ ਜਾਂਦਾ ਹੈ। ਜੇ ਇਸ ਧਾਗੇ ਵਿਚ ਜ਼ੋਰ ਹੋਵੇ ਤਾਂ ਇਹ ਟੁੱਟੇ ਹੀ ਨਾ। ਕਿਉਂਕਿ ਗੁਰੂ ਨਾਨਕ ਦੇ ਸਮੇਂ ਵਿਚ ਜਨੇਊ ਕੇਵਲ ਇਕ ਚਿੰਨ੍ਹ ਹੀ ਬਣ ਕੇ ਰਹਿ ਗਿਆ ਸੀ ਜਿਸ ਦੀ ਸ਼ਰਮ ਨੂੰ ਛੱਡ ਕੇ ਜਨੇਊ ਧਾਰਣ ਕੀਤੇ ਲੋਕ ਕੁਕਰਮ ਕਰੀ ਜਾਂਦੇ ਸਨ, ਇਸ ਲਈ ਗੁਰੂ ਨਾਨਕ ਨੇ ਇਸ ਜਨੇਊ ਦੀ ਪਵਿਤਰਤਾ ਨੂੰ ਨਾ ਮੰਨਦਿਆਂ ਇਸ ਨੂੰ ਰਦ ਕੀਤਾ।[1]

ਤੀਸਰੇ ਸਲੋਕ ਵਿਚ ਧਰਮ ਦਾ ਜਨੇਊ ਪਾਉਣ ਦੀ ਸਿਫਾਰਸ਼ ਕੀਤੀ ਗਈ ਹੈ।[2]

ਚੌਥਾ ਸਲੋਕ ਇਸ ਕੜੀ ਦਾ ਸਿਖਰ ਹੈ ਜਿਸ ਵਿਚ ਸਮਕਾਲੀ ਪਾਖੰਡੀ ਬ੍ਰਾਹਮਣਾਂ ਦਾ ਪੂਰੀ ਤਰ੍ਹਾਂ ਪਾਜ ਖੋਲ੍ਹਿਆ ਗਿਆ ਹੈ ਕਿ ਉਹ ਕਿਸੇ ਤਰ੍ਹਾਂ ਦਾ ਨੈਤਿਕ ਬੰਧਨ ਕਬੂਲ ਨਹੀਂ ਕਰਦੇ, ਆਪਣੇ ਸਰੀਰ ਦੇ ਅੰਗਾਂ ਦੁਆਰਾ ਹਰ ਪ੍ਰਕਾਰ ਦਾ ਕੁਕਰਮ ਕਰਦੇ ਹਨ; ਇਸ ਲਈ ਆਪ ਵੇਤਗੇ ਹਨ, ਪਰ ਹੋਰਾਂ ਨੂੰ ਧਾਗੇ ਵਟ ਕੇ ਜਨੇਊ ਪਹਿਨਾਉਂਦੇ ਫਿਰਦੇ ਹਨ।[3] ਇਹ ਲੋਕਾਂ ਨੂੰ ਗੁਮਰਾਹ ਕਰਦੇ ਅਤੇ ਲੁਟਦੇ ਹਨ।[4] ਇਨ੍ਹਾਂ ਪੰਡਤਾਂ ਨੂੰ ਗੁਰੂ ਜੀ ਮਨ ਦੇ ਅੰਨ੍ਹੇ ਦਸਦੇ ਹਨ।[5]

---

1 ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥
ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ॥
ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ ॥
ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ ॥
ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥
ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ ॥ ( 2:15 )

2 ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥
ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥ ( 3: 15)

3 ਤਗੁ ਨ ਇੰਦ੍ਰੀ ਤਗੁ ਨ ਨਾਰੀ ॥
ਭਲਕੇ ਥੁਕ ਪਵੈ ਨਿਤ ਦਾੜੀ ॥
ਤਗੁ ਨ ਪੈਰੀ ਤਗੁ ਨ ਹਥੀ ॥
ਤਗੁ ਨ ਜਿਹਵਾ ਤਗੁ ਨ ਅਖੀ ॥
ਵੇਤਗਾ ਆਪੇ ਵਤੈ ॥
ਵਟਿ ਧਾਗੇ ਅਵਰਾ ਘਤੈ ॥" ( 4:15 )

4 "ਲੈ ਭਾੜਿ ਕਰੇ ਵੀਆਹੁ ॥ ਕਢਿ ਕਾਗਲੁ ਦਸੇ ਰਾਹੁ॥" ( 4:15 )

5 "ਮਨਿ ਅੰਧਾ ਨਾਉ ਸੁਜਾਣੁ ॥" ( 4:15 )

ਸਮਕਾਲੀ ਪੰਡਤਾਂ ਦੇ ਪਾਖੰਡ ਪ੍ਰਤਿ ਗੁਰੂ ਨਾਨਕ ਦੇ ਰੋਹ ਦੀ ਇਸ ਤੀਖਣਤਾ ਨੂੰ ਸੁਆਮੀ ਆਨੰਦਘਨ ਆਪਣੇ ਟੀਕੇ ਵਿਚ ਬਿਲਕੁਲ ਫਿਕਾ ਪਾ ਦਿੰਦਾ ਹੈ। ਵਿਚਾਰ ਅਧੀਨ ਸਲੋਕ ਦੇ ਅਰਥ ਕਰਦਿਆਂ "ਪਾਂਡੇ" ਸ਼ਬਦ ਦੀ ਵਿਆਖਿਆ ਉਹ ਇਉਂ ਕਰਦਾ ਹੈ ਕਿ ਪਾਠਕ ਗੁਰੂ ਜੀ ਦੇ ਪਾਂਡੇ ਵਿਰੁਧ ਰੋਹ ਨੂੰ ਅਨੁਭਵ ਹੀ ਨਹੀਂ ਕਰ ਸਕਦਾ (ਅਰਥਾਂ ਵਿਚ ਪਹਿਲੀ ਲਕੀਰ ਵਾਲਾ ਹਿੱਸਾ ਵੇਖੋ)।

ਗੁਰੂ ਨਾਨਕ ਜਿਸ ਜਨੇਊ ਨੂੰ ਬੇਜ਼ੋਰ ਤੇ ਝੜ ਜਾਣਾ ਵਾਲਾ ਆਖ ਕੇ ਰਦ ਕਰਦੇ ਹਨ ਸੁਆਮੀ ਆਨੰਦਘਨ ਉਸ ਸੂਤ ਦੇ ਜਨੇਊ ਨੂੰ ਪਹਿਨਣਾ ਵੇਦਾਂ ਅਨੁਸਾਰ ਦੱਸਕੇ ਅਤੇ ਜਨੇਊ ਦੇ ਧਾਗੇ ਦੇ ਚਾਰ ਮੁਖਾਂ ਨੂੰ ਬ੍ਰਹਮਾ ਦੇ ਚਾਰ ਮੁਖਾਂ ਨਾਲ ਅਤੇ ਚਾਰ ਵੇਦਾਂ ਨਾਲ ਜੋੜ ਕੇ ਪਾਠਕ ਦੇ ਮਨ ਵਿਚ ਇਸ ਜਨੇਊ ਪ੍ਰਤਿ ਆਦਰ ਦੀ ਭਾਵਨਾ ਪੈਦਾ ਕਰਨ ਦਾ ਯਤਨ ਕਰਦਾ ਹੈ (ਅਰਥਾਂ ਵਿਚ ਦੂਜੀ ਲਕੀਰ ਵਾਲਾ ਹਿੱਸਾ ਵੇਖੋ)।

ਇਉਂ ਅਸੀਂ ਵੇਖਦੇ ਹਾਂ ਕਿ ਆਨੰਦਘਨ ਗੁਰੂ ਜੀ ਦੇ ਪਾਖੰਡੀ ਪੰਡਿਤਾਂ ਅਤੇ ਉਨ੍ਹਾਂ ਦੁਆਰਾ ਪਾਏ ਜਾਂਦੇ ਸੂਤ ਦੇ ਜਨੇਊ ਪ੍ਰਤਿ ਵਿਰੋਧ ਦੀ ਰੌ ( temper ) ਨੂੰ ਨਾ ਕੇਵਲ ਹਲਕਾ ਕਰਦਾ ਹੈ ਸਗੋਂ ਮੂਲ ਪਾਠ ਵਿਚ ਆਏ ਸ਼ਬਦਾਂ ਦੀ ਵਿਆਖਿਆ ਕਰਦਿਆਂ ਸੂਤ ਦੇ ਜਨੇਊ ਪ੍ਰਤਿ ਪਾਠਕ ਦੇ ਮਨ ਵਿਚ ਸਤਿਕਾਰ ਦੀ ਭਾਵਨਾ ਭਰਕੇ ਗੁਰੂ ਨਾਨਕ ਦੇ ਸੰਦੇਸ਼ ਨੂੰ ਪਾਠਕਾਂ ਤਕ ਇਉਂ ਪਹੁੰਚਾਉਂਦਾ ਹੈ :

"ਸਤਿਗੁਰ ਕਹਤੇ ਹੈ ਸਿਖ ਕੋ॥ ਅੰਤਰਿ ਬਾਹਰਿ ਦੋਨੋ ਜਨੇਊ ਪਹਿਰੋ॥"

ਇਹ ਗੁਰਬਾਣੀ ਦੀ ਗਲਤ ਵਿਆਖਿਆ ਕਰਕੇ ਸੁਆਮੀ ਆਨੰਦਘਨ ਦੁਆਰਾ ਦਿੱਤਾ ਅਜਿਹਾ ਸੰਦੇਸ਼ ਹੈ ਜੋ ਨਾ ਤਾਂ ਮੂਲ ਪਾਠ ਵਿਚੋਂ ਹੀ ਉਘੜਦਾ ਹੈ ਅਤੇ ਨਾ ਹੀ ਪਰੰਪਰਾ ਨੇ ਇਸ ਉਤੇ ਪਰਵਾਨਗੀ ਦੀ ਮੁਹਰ ਲਾਈ ਹੈ। ਸਗੋਂ ਬਾਹਰ ਦਾ ਜਨੇਊ ਪਾਉਣ ਦਾ ਸੰਦੇਸ਼ ਮੂਲ ਪਾਠ ਦੀ ਭਾਵਨਾ ਦੇ ਪ੍ਰਤਿਕੂਲ ਹੈ।

ਇਸ ਟੀਕਾਕਾਰ ਦੇ ਮੁਕਾਬਲੇ ਵਿਚ ਦੂਜੇ ਟੀਕਾਕਾਰ ਨੇ ਗੁਰੂ ਨਾਨਕ ਦੇ ਸੰਦੇਸ਼ ਵਿਚ ਕੋਈ ਵਿਚਲਨ (deviation ) ਲਿਆਉਣ ਦਾ ਯਤਨ ਨਹੀਂ ਕੀਤਾ।

ਹੁਣ ਅਸੀਂ ਇਕ ਹੋਰ ਸਲੋਕ ਦੇ ਅਰਥ ਲੈਂਦੇ ਹਾਂ। ਸ਼ਲੋਕ ਹੈ:

"ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥
ਅਗੈ ਵਸਤ ਸਿਞਾਣੀਐ ਪਿਤਰੀ ਚੋਰ ਕਰੇਇ ॥
ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥" (1:17 )

ਇਸ ਦੇ ਅਰਥ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਇਉਂ ਕੀਤੇ ਗਏ ਹਨ:

"ਤਾਂ ਬਾਬੇ ਕਹਿਆ ਕਿ ਜਿ ਚੋਰ ਕਿਸੇ ਦਾ ਘਰ ਮੁਹਿ ਲਿਆਵੇ ਤੇ ਮੁਹਿਕੇ ਪਿਤਰਾਂ ਦੇ ਸਰਾਧ ਕਰਾਏ ਤਾਂ ਜਿਸਦਾ ਘਰ ਮੁਹਿ ਲਿਆਵੇ ਤਾਂ ਉਸਦੇ ਪਿਤਰ ਭੀ ਉਥੇ ਹੀ ਹੁੰਦੇ ਹਨ ਤੇ ਉਹ ਆਪਣੀ ਵਸਤ ਨੂੰ ਆਣ ਸਿਆਣਦੇ ਹਨ ਤਾਂ ਉਸਦੇ ਪਿਤਰ ਭੀ ਚੋਰ ਕਰਕੇ ਕਢ ਦਿੰਦੇ ਹਨ ਅਤੇ ਧਰਮ ਰਾਇ ਕਹਿੰਦਾ ਹੈ ਕਿ ਇਨਕਾ ਬੇਟਾ ਬਨੀ ਹੈ ਅਥਵਾ ਚੋਰ ਹੈ ਸੋ ਜਿਹੜੇ ਬ੍ਰਹਮਣ ਉਸ ਨਾਂਚਰ ਦੀ ਵਸਤ ਦਾ ਸੰਕਲਪ ਕਰਾਇਦੇ ਹਨ ਅਤੇ ਉਨ੍ਹਾਂ ਦੇ ਜੋ ਪਿਤਰ ਹੁੰਦੇ ਹਨ ਸੋ ਉਨ੍ਹਾਂ ਦੇ ਧਰਮ ਰਾਇ ਹਥ ਵਢਾਇ ਸੁਟਦਾ ਹੈ ਅਤੇ ਅਗੇ ਪਿਤਰਾਂ ਨੂੰ ਸਾਈ ਵਸਤ ਪਰਾਪਤਿ ਹੁੰਦੀ ਹੈ ਜੋ ਧਰਮ ਦੀ ਕਮਾਈ ਵਿਚੋਂ ਦੇਂਦਾ ਹੈ।"[1]

ਸੁਆਮੀ ਆਨੰਦਘਨ ਦੁਆਰਾ ਕੀਤੇ ਅਰਥ ਨਿਮਨ ਅਨੁਸਾਰ ਹਨ:

"ਮੁਹਾਕਾ ਨਾਮ ਹੈ ਚੋਰ ਕਾ॥ ਜੋ ਚੋਰ ਨੇ ਚੋਰੀ ਕਰੀ ਕਿਸੀ ਕਾ ਘਰ ਲੂਟਾ॥ ਘਰਿ ਲੂਟ ਕਰਿ ਪਿਤਰੋ ਕੋ ਦੀਆ॥ ਪਿਤਰੋ ਕੇ ਨਮਿਤ ਸ੍ਰਾਧ ਕੀਆ॥ ਸ੍ਰਾਧ ਕਾ ਨਾਮ ਹੈ ਪਿਤ੍ਰ ਜਗ ॥ ਸ੍ਰਾਧ ਦੁਆਰਾ ਹੀ ਪਿਤਰੋ ਕੋ ਪਹੁਚਤਾ ਹੈ॥ ਆਗੈ ਸੋ ਵਸਤ ਪਛਾਣੀ ਗਈ॥ ਤਬ ਇਸਨੇ ਪਿਤਰੋ ਕੋ ਚੋਰ ਕਰਿ ਕਰਿ ਪਕੜਾਇਆ॥ ਦਲਾਲ ਜੋ ਹੈ ਸ੍ਰਾਧ ਕਰਾਵਨੇ ਵਾਲੇ ਬ੍ਰਹਮਣ ਤਿਸਕੇ ਹਾਥ ਭੀ

---

1 ਪੂਰਵੋਕਤ ਸੰਸਕਰਣ, ਪੰਨੇ 120-1.

ਧਰਮ ਰਾਜਾ ਕੇ ਹਜੂਰਿ ਕਾਟੇ ਜਾਤੇ ਹੈ। ਕਾਹੇ ਤੇ ਤਿਸਨੇ ਮੁਸਫੀ ਕਰੀ॥ ਦਲਾਲੀ ਤੋ ਨੇ ਖਾਈ ਅਰੁ ਕਾਮ ਤੋ ਨ ਕੀਆ॥ ਸ੍ਰਾਧ ਕਾ ਜੋ ਭੋਜਨ ਦਖਣਾ ਇਹੀ ਦਲਾਲੀ ਬ੍ਰਹਮਣ ਕੋ ਯੋਗ ਹੈ॥ ਜਜਮਾਨ ਕੋ ਕਹੈ ਸ੍ਰਾਧ ਵਿਖੇ ਧਰਮ ਕੀ ਕਮਾਈ ਕਾ ਦਰਬੁ ਲਾਈਓ॥ ਜੈਸਾ ਕੈਸਾ ਨਾ ਲਗਾਈਓ ॥ ਐਸੇ ਜਜਮਾਨ ਕੋ ਕਿਉ ਨ ਕਹਾ॥ ਭੋਜਨ ਦਖਣਾ ਕਾ ਲੋਭ ਕਰਿ ਕਰਿ ਸ੍ਰਾਧ ਕਰਾਇ ਦੀਆ॥ ਤਾਂ ਤੇ ਲੋਭੀ ਹਾਥ ਹੀ ਕਟਾਵਣੇ ਜੋਗ ਹੈ॥ ਆਗੈ ਪਿਤਰੋ ਕੋ ਸੋਈ ਮਿਲਤਾ ਹੈ ਤਿਸੀ ਸੇ ਪਿਤਰ ਤ੍ਰਿਪਤ ਹੋਤੇ ਹੈ॥ ਅਰ ਪੁਤ੍ਰ ਕੋ ਭੀ ਤਿਸੀ ਕਾ ਫਲ ਹੋਤਾ ਹੈ॥ ਜੋ ਆਪਣੇ ਧਰਮ ਕੀ ਕਮਾਈ ਦੇਤਾ ਹੈ।"[1]

ਭਾਈ ਵੀਰ ਸਿੰਘ ਨੇ ਅਰਥ ਇਸ ਪ੍ਰਕਾਰ ਕੀਤੇ ਹਨ:

ਜੇ ਚੋਰ (ਕਿਸੇ) ਘਰ ਨੂੰ ਭੰਨੇ (ਭਾਵ ਚੋਰੀ ਕਰੇ) ਤੇ ਘਰ ਭੰਨਕੇ (ਪ੍ਰਾਪਤ ਕੀਤੇ ਪਦਾਰਥ ਆਪਣੇ) ਪਿਤਰਾਂ ਦੇ ਨਮਿਤ ਦੇਵੇ (ਤਾਂ ਉਹ) ਪਦਾਰਥ ਅਗੇ (ਪ੍ਰਲੋਕ ਵਿਚ) ਪਛਾਣੇ ਜਾਣਗੇ (ਕਿ ਚੋਰੀ ਦੇ ਹਨ, ਕਿਉਂ ਉਹ ਉਸ ਦਾਨ ਨਾਲ ਪ੍ਰਲੋਕ ਗਏ ਪਿਤਰਾਂ ਨੂੰ ਬੀ) ਚੋਰ ਬਣਾ ਦੇਏਗਾ। (ਰੱਬੀ ਮੁਨਸਿਫ ਫਿਰ ਇਹ ) ਮੁਨਸਫੀ (ਨਿਆਂ ਬੀ) ਕਰੇਗਾ ਕਿ ਦਲਾਲ ਦੇ ਹਥ (ਬੀ) ਵੱਢ ਦਿਓ। (ਅਸਲ ਗਲ ਇਹ ਹੈ ),ਕਿ ਅਗੇ ਜਾ ਕੇ (ਜੀਵ ਨੂੰ ਸੁਖਦਾਈ ਹੋਣ ਵਾਲਾ) ਉਹ (ਕੁਛ) ਮਿਲਦਾ ਹੈ ਜੋ (ਉਹ) ਘਾਲ ਕਮਾਈ ਨਾਲ ਖਟ ਕੇ ਦਾਨ ਕਰਦਾ ਹੈ।"[2]

---

1. ਟੀਕਾ ਆਸਾ ਦੀ ਵਾਰ, ਪੰਨੇ 85/ਅ - 86 ੳ.

2 ਪੰਜ ਗ੍ਰੰਥੀ ਸਟੀਕ, ਚੌਥੀ ਛਾਪ, ਪੰਨੇ 461-2. ਹੇਠ -ਲੀਕੇ ਸ਼ਬਦਾਂ ਵਿਚ ਜੀਵ "ਨਾਂਵ" ਹੈ ਅਤੇ ਕਮਾਨੀਆਂ ਵਿਚ ਲਿਖਿਆ "ਉਹ" ਇਸ ਦਾ ਪੜਨਾਂਵ ਹੈ। ਇਸ ਤੋਂ ਤੋਂ ਭਾਈ ਵੀਰ ਸਿੰਘ ਦਾ ਭਾਵ ਸੁਪਸ਼ਟ ਹੈ ਕਿ ਘਾਲ ਕਮਾਈ ਕਰਕੇ ਦਾਨ ਕਰਨ ਵਾਲਾ ਆਪ ਹੀ ਇਸ ਦਾਨ ਦਾ ਫਲ ਪ੍ਰਾਪਤ ਕਰਦਾ ਹੈ। ਗੁਰਮਤ ਦਾ ਸਿਧਾਂਤ ਹੈ:

"ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥ ( ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1245)

ਪਹਿਲੇ ਦੋਵੇਂ ਟੀਕਾਕਾਰ ਇਸ ਬਾਰੇ ਇਕਮਤ ਹਨ ਕਿ ਗੁਰੂ ਨਾਨਕ ਮਤ ਇਹ ਹੈ ਕਿ ਧਰਮ ਦੀ ਕਮਾਈ ਦਾ ਸਰਾਧ ਕਰਾਇਆ ਜਾਵੇ ਤਾਂ ਪਿਤਰਾਂ ਨੂੰ ਇਸ ਦਾ ਲਾਭ ਹੁੰਦਾ ਹੈ ਪਰ ਤੀਸਰੇ ਟੀਕਾਕਾਰ ਅਨੁਸਾਰ ਜਿਹੜਾ ਵਿਅਕਤੀ ਆਪਣੀ ਮਿਹਨਤ ਅਤੇ ਈਮਾਨਦਾਰੀ ਦੀ ਕਮਾਈ ਵਿਚੋਂ ਦਾਨ ਕਰਦਾ ਹੈ, ਉਸ ਦਾ ਉਸ ਨੂੰ ਆਪ ਹੀ ਲਾਭ ਹੁੰਦਾ ਹੈ।

'ਮਾਝ ਕੀ ਵਾਰ' ਵਿਚ ਗੁਰੂ ਨਾਨਕ ਕਹਿੰਦੇ ਹਨ:

"ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥
ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥[1]

ਮਨੁੱਖ ਇਸ ਸੰਸਾਰ ਵਿਚ ਆਉਂਦਾ ਹੈ, ਚਲਾ ਜਾਂਦਾ ਹੈ ਅਤੇ ਉਸ ਦਾ ਨਾਮ ਭੀ ਖਤਮ ਹੋ ਜਾਂਦਾ ਹੈ। ਪਿਛੋਂ ਪਤਲਾਂ ਦਿੱਤੀਆਂ ਜਾਂਦੀਆਂ ਅਤੇ ਕਾਵਾਂ ਨੂੰ ਬੁਲਾ ਬੁਲਾ ਕੇ ਖਵਾਇਆ ਜਾਂਦਾ ਹੈ। ਗੁਰੂ ਨਾਨਕ ਅਜੇਹੇ ਕਰਮਾਂ ਨੂੰ ਮਨਮੁਖਾਂ ਦੇ ਕਰਮ ਮੰਨਦੇ ਹਨ। ਅਜੇਹੇ ਕਰਮਾਂ ਦਾ ਕੋਈ ਲਾਭ ਨਹੀਂ।

ਸਰਾਧਾਂ ਬਾਰੇ ਕਬੀਰ ਜੀ ਦਾ ਵਿਚਾਰ ਹੈ ਕਿ ਇਨ੍ਹਾਂ ਵਿਚੋਂ ਪਿੱਤਰਾਂ ਦੇ ਹੱਥ ਪੱਲੇ ਕੁਝ ਨਹੀਂ ਪੈਂਦਾ, ਕਾਂ ਕੁੱਤੇ ਹੀ ਖਾ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਦੇ ਬਚਨ ਇਉਂ ਦਰਜ ਹਨ:

"ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥"[2]

ਇਉਂ ਅਸੀਂ ਦੇਖਦੇ ਹਾਂ ਕਿ ਪਹਿਲੇ ਦੋਵੇਂ ਟੀਕਾਕਾਰਾਂ ਦੁਆਰਾ ਕੀਤੇ ਅਰਥ ਗੁਰਬਾਣੀ ਦੀ ਭਾਵਨਾ ਦੇ ਪ੍ਰਤਿਕੂਲ ਹਨ।

ਤੀਸਰਾ ਟੀਕਾਕਾਰ ਹੀ ਵਿਚਾਰ ਅਧੀਨ ਸਲੋਕ ਦੇ ਠੀਕ ਅਰਥ ਕਰ ਸਕਿਆ ਹੈ। ਉਸ ਨੂੰ ਗੁਰਬਾਣੀ ਦੀ ਕੁਲ ਰੌ ( total temper ) ਦਾ ਗਿਆਨ ਸੀ, ਇਸੇ ਲਈ

---

1 <u>ਸ੍ਰੀ ਗੁਰੂ ਗ੍ਰੰਥ ਸਾਹਿਬ</u>, ਪੰਨਾ 138.

2 ਉਹੀ, ਪੰਨਾ 332.

ਇਸ ਸਲੋਕ ਵਿਚ ਵਰਤੀ ਕਵੀ ਦੀ ਕਾਵਿ-ਜੁਗਤ ਨੂੰ ਉਹ ਝਟ ਪਛਾਣ ਗਿਆ ਅਤੇ ਸਹੀ ਅਰਥ ਕਰਨ ਵਿਚ ਸਫ਼ਲ ਹੋਇਆ।

ਜੁਗਤ ਇਹ ਹੈ ਕਿ ਇਸ ਸਲੋਕ ਦਾ ਆਰੰਭ "ਜੇ" ( supposition-ਮਨ ਲਉ - ਜੋ ਗਲ ਕਹੀ ਜਾ ਰਹੀ ਹੈ ਉਹ ਸਤਿ ਨਹੀਂ) ਨਾਲ ਹੁੰਦਾ ਹੈ। ਪਹਿਲੀਆਂ ਤਿੰਨ ਤੁਕਾਂ ਵਿਚ ਦਸਿਆ ਗਿਆ ਹੈ ਕਿ ਜੇ ਬ੍ਰਾਹਮਣੀ ਕਰਮ ਕਾਂਡ ਵਿਚ ਵਿਸ਼ਵਾਸ ਰਖਣ ਵਾਲਿਆਂ ਦੀ ਇਹ ਮਾਨਤਾ ਮੰਨ ਵੀ ਲਈ ਜਾਵੇ ਕਿ ਸਰਾਧਾਂ ਦਾ ਦਾਨ ਪਿਤਰਾਂ ਨੂੰ ਪੁਜਦਾ ਹੈ ਤਾਂ ਵੀ ਦਾਨੀ ਅਤੇ ਦਾਨ ਕਰਵਾਉਣ ਵਾਲੇ ਬ੍ਰਾਹਮਣ ਸਜ਼ਾ ਹੀ ਪਾਉਣਗੇ ਕਿਉਂਕਿ ਵਰਤਮਾਨ ਸਥਿਤੀ ਵਿਚ ਸਰਾਧ ਕਰਾਉਣ ਵਾਲੇ ਲੋਕਾਂ ਦੀ ਕਮਾਈ ਧਰਮ ਦੀ ਨਹੀਂ। (ਚੌਥੀ ਤੁਕ ਵਿਚ ਦਸਿਆ ਹੈ) ਪਰ ਅਸਲ ਗਲ ਇਹ ਹੈ ਕਿ ਇਹ ਮਾਨਤਾ ਹੀ ਠੀਕ ਨਹੀਂ ਅਤੇ ਅਗੇ ਮਨੁਖ ਨੂੰ ਆਪ ਹੀ ਆਪਣੀ ਘਾਲ ਕਮਾਈ ਵਿਚੋਂ ਕੀਤੇ ਦਾਨ ਦਾ ਲਾਭ ਹੁੰਦਾ ਹੈ।

"ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥[1]

ਇਹ ਤਿੰਨੇ ਟੀਕਾਕਾਰ ਅਤੇ ਦੋਵੇਂ ਸਲੋਕ ਇਕ ਵਿਸ਼ੇਸ਼ ਦ੍ਰਿਸ਼ਟੀਕੋਣ ਨੂੰ ਸਾਮ੍ਹਣੇ ਰਖ ਕੇ ਚੁਣੇ ਗਏ ਹਨ ਤਾਂ ਜੋ ਵੇਖਿਆ ਜਾ ਸਕੇ ਕਿ ਬਿਲਕੁਲ ਭਿੰਨ ਪ੍ਰਤਿਨਿਧ ਸ਼ਖ਼ਸੀਅਤਾਂ ਜਦੋਂ ਸਮਾਜ ਦੀ ਬਹੁਗਿਣਤੀ ਦੁਆਰਾ ਪ੍ਰਵਾਨਿਤ ਅਤੇ ਪ੍ਰਚਲਿਤ ਕਰਮਕਾਂਡ ਵਿਰੁਧ ਆਵਾਜ਼ ਉਠਾਉਣ ਵਾਲੇ ਗੁਰਬਾਣੀ ਦੇ ਸਲੋਕਾਂ ਨਾਲ ਜੂਝਦੀਆਂ ਹਨ ਤਾਂ ਸਿੱਟੇ ਕਿਸ ਪ੍ਰਕਾਰ ਦੇ ਹੁੰਦੇ ਹਨ। ਇਨ੍ਹਾਂ ਤਿੰਨਾਂ ਵਿਅਕਤੀਆਂ ਵਿਚੋਂ ਭਾਈ ਮਨੀ ਸਿੰਘ ਦੀ ਵਿਆਖਿਆ ਸੁਣਕੇ ਕਲਾਂਤਰ ਉਪਰੰਤ ਕਲਮਬਧ ਕਰਨ ਵਾਲਾ ਵਿਅਕਤੀ ਇਕ ਸ਼ਰਧਾਵਾਨ ਸਾਧਾਰਣ ਬੁਧ ਵਿਅਕਤੀ ਦੀ ਪ੍ਰਤਿਨਿਧਤਾ ਕਰਦਾ ਹੈ ਜੋ ਸਿੱਖ ਸਮਾਜ ਦਾ ਅੰਗ ਤਾਂ ਬਣ ਗਿਆ, ਪਰ ਆਪਣੇ ਪਿਤਾ ਪੁਰਖੀ ਮਾਨਸਿਕ ਸੰਸਕਾਰਾਂ ਨਾਲੋਂ ਪੂਰੀ ਤਰ੍ਹਾਂ ਟੁੱਟ ਨਹੀਂ ਸਕਿਆ। ਦੂਸਰਾ ਟੀਕਾਕਾਰ ਸੁਆਮੀ ਆਨੰਦਘਨ ਬ੍ਰਾਹਮਣੀ ਕਰਮਕਾਂਡ ਵਿਚ

---

1 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1245.

ਵਿਸ਼ਵਾਸ ਰਖਣ ਵਾਲਾ ਜਨਮ ਦਾ ਬ੍ਰਾਹਮਣ ਹੈ ਅਤੇ ਉਦਾਸੀ ਸੰਪ੍ਰਦਾਇ, ਜਿਸ ਨੇ ਵੇਦਾਂ ਸ਼ਾਸਤ੍ਰਾਂ ਦੇ ਪ੍ਰਸੰਗ ਵਿਚ ਗੁਰਬਾਣੀ ਦੀ ਵਿਆਖਿਆ ਦਾ ਸਿਲਸਲਾ ਆਰੰਭਿਆ ਹੋਇਆ ਸੀ, ਰਾਹੀਂ ਗੁਰੂ ਨਾਨਕ ਬਾਣੀ ਦੇ ਸੰਪਰਕ ਵਿਚ ਆਇਆ। ਤੀਸਰਾ ਟੀਕਾਕਾਰ ਭਾਈ ਵੀਰ ਸਿੰਘ ਗੁਰਮਤ ਦਾ ਪ੍ਰੌੜ੍ਹ ਵਿਦਵਾਨ ਸੀ ਜੋ ਗੁਰਬਾਣੀ ਦੀ ਅੰਦਰਲੀ ਰੌ ਨੂੰ ਭਲੀ ਭਾਂਤ ਜਾਣਦਾ ਸੀ। ਨਿਰਵਿਰੋਧ ਵਿਚਾਰਾਂ ਨੂੰ ਪ੍ਰਗਟ ਕਰਨ ਵਾਲੇ ਸਲੋਕਾਂ ਅਤੇ ਪਉੜੀਆਂ ਦੇ ਇਨ੍ਹਾਂ ਸ਼ਖਸੀਅਤਾਂ ਨਾਲ ਟਕਰਾਅ ਵਿਚੋਂ ਕਿਸੇ ਵਿਸ਼ੇਸ਼ ਮਤਭੇਦ ਨੂੰ ਨਹੀਂ ਸੀ ਵੇਖਿਆ ਜਾ ਸਕਦਾ। ਇਸੇ ਲਈ ਵਿਚਾਰ ਅਧੀਨ ਸਲੋਕ ਚੁਣੇ ਗਏ ਜਿਨ੍ਹਾਂ ਦੀ ਵਿਆਖਿਆ ਵਿਚ ਖੰਡਨ ਜਾਂ ਮੰਡਨ ਆਵਸ਼ਕ ਸੀ।

ਸੁਆਮੀ ਆਨੰਦਘਨ ਨੇ (i) ਜਾਂ ਤਾਂ ਸ੍ਵ-ਇੱਛਾ ਨਾਲ ਗੁਰਬਾਣੀ ਦੀ ਵਿਆਖਿਆ ਇਸ ਢੰਗ ਨਾਲ ਕੀਤੀ ਹੈ ਕਿ ਇਸ ਵਿਚੋਂ ਬ੍ਰਾਹਮਣੀ ਕਰਮਕਾਂਡ ਦੀ ਪੁਸ਼ਟੀ ਹੋ ਸਕੇ (ii) ਜਾਂ ਆਪਣੀਆਂ ਨਿਜੀ ਤੇ ਸੰਪ੍ਰਦਾਈ ਮਾਨਤਾਵਾਂ ਉਸ ਦੀ ਸ਼ਖਸੀਅਤ ਵਿਚ ਇਤਨੀਆਂ ਰਚ ਮਿਚ ਚੁੱਕੀਆਂ ਸਨ ਕਿ ਉਹ ਗੁਰਬਾਣੀ ਦੀ ਵਿਆਖਿਆ ਕਰਨ ਸਮੇਂ ਇਨ੍ਹਾਂ ਤੋਂ ਨਿਰਲੇਪ ਨਹੀਂ ਹੋ ਸਕਿਆ। ਪਹਿਲੀ ਹਾਲਤ ਵਿਚ ਉਸ ਦੀ ਧਰਮ ਗ੍ਰੰਥ ਪ੍ਰਤਿ ਸੁਹਿਰਦਤਾ ਮਲੀਨ ਹੋ ਜਾਂਦੀ ਹੈ ਅਤੇ ਦੂਜੀ ਹਾਲਤ ਵਿਚ ਉਹ ਮੂਲ ਪਾਠ ਸੰਗ ਨਿਰਲੇਪ ਹੋ ਕੇ ਨਾ ਚਲ ਸਕਣ ਦੇ ਔਗੁਣ ਦਾ ਭਾਗੀ ਬਣਦਾ ਹੈ। ਇਹੋ ਦੂਸਰੀ ਹਾਲਤ ਵਾਲਾ ਦੂਸ਼ਣ ਦੂਜੀ ਸਲੋਕ ਦੀ ਵਿਆਖਿਆ ਵੇਲੇ ਭਾਈ ਮਨੀ ਸਿੰਘ ਦੀਆਂ ਵਿਆਖਿਆਵਾਂ ਨੂੰ ਕਲਮਬੱਧ ਕਰਨ ਵਾਲੇ ਵਿਅਕਤੀ ਉਤੇ ਵੀ ਲਗਦਾ ਹੈ ਪਰ ਉਸ ਉਤੇ ਨਿਜੀ ਮਾਨਤਾਵਾਂ ਦੀ ਪਕੜ ਬੜੀ ਹਲਕੀ ਹੈ।

ਉਪਰੋਕਤ ਸਾਰੇ ਵਿਸ਼ਲੇਸ਼ਣ ਤੋਂ ਅਸੀਂ ਨਿਮਨ ਲਿਖ ਸਿੱਟਿਆਂ ਉਤੇ ਪੁੱਜਦੇ ਹਾਂ:

1- ਟੀਕਾਕਾਰ ਨੂੰ ਗ੍ਰੰਥ ਨਾਲ ਸੰਬੰਧਿਤ ਧਰਮ ਦੇ ਸਿਧਾਂਤਾਂ ਦੀ ਚੰਗੀ ਜਾਣਕਾਰੀ ਹੋਣੀ ਚਾਹੀਦੀ ਹੈ।

2 ਟੀਕਾਕਾਰ ਨੂੰ ਸੰਬੰਧਿਤ ਧਰਮ ਗ੍ਰੰਥ ਪ੍ਰਤਿ ਸੁਹਿਰਦ ਅਤੇ ਆਪਣੇ ਕਾਰਜ ਪ੍ਰਤਿ ਈਮਾਨਦਾਰ ਹੋਣਾ ਚਾਹੀਦਾ ਹੈ।

3 ਟੀਕਾਕਾਰ ਨੂੰ ਟੀਕਾਕਾਰੀ ਦਾ ਕਾਰਜ ਨਿਰਪੱਖ ਅਤੇ ਨਿਰਲੇਪ ਹੋ ਕੇ ਕਰਨਾ ਚਾਹੀਦਾ ਹੈ। ਆਪਣੀਆਂ ਨਿਜੀ ਜਾਂ ਸੰਪ੍ਰਦਾਈ ਮਾਨਤਾਵਾਂ ਨੂੰ ਮੂਲ ਪਾਠ ਦੀ ਭਾਵਨਾ ਉਤੇ ਹਾਵੀ ਨਹੀਂ ਹੋਣ ਦੇਣਾ ਚਾਹੀਦਾ।

4 ਕਿਸੇ ਇਕ ਭਾਗ ਦਾ ਟੀਕਾ ਕਰਦੇ ਸਮੇਂ ਪੂਰੇ ਗ੍ਰੰਥ ਨੂੰ ਧਿਆਨ ਵਿਚ ਰਖਣਾ ਚਾਹੀਦਾ ਹੈ ਤਾਂ ਜੋ ਗੁਰਬਾਣੀ ਵਿਚ ਹੋਰ ਥਾਈਂ ਆਏ ਵਿਚਾਰਾਂ ਦੇ ਪ੍ਰਤਿਕੂਲ ਅਰਥ ਨਾ ਹੋ ਜਾਣ ।

5 ਟੀਕਾਕਾਰੀ ਵਿਚ ਪ੍ਰਗਟਾਅ ਦੀ ਸੁਰ ਨੂੰ ਮੂਲ ਪਾਠ ਦੀ ਸੁਰ ਦੇ ਸਮਾਨ ਚਲਾਉਣਾ ਚਾਹੀਦਾ ਹੈ। ਇਹ ਨਾ ਹੋਵੇ ਕਿ ਕਵੀ ਦਾ ਤੀਖਣ ਵੇਗ ਟੀਕੇ ਵਿਚ ਗੁਆਚ ਹੀ ਜਾਵੇ ਜਾਂ ਕਵੀ ਦੁਆਰਾ ਹਲਕੇ ਸੁਰ ਵਿਚ ਕੀਤੇ ਕਿਸੇ ਇਸ਼ਾਰੇ ਨੂੰ ਬੇਲੋੜਾ ਵਧਾ ਚੜ੍ਹਾ ਕੇ ਗਰਮਜੋਸ਼ੀ ਨਾਲ ਪੇਸ਼ ਕੀਤਾ ਜਾਵੇ।

6 ਟੀਕਾ ਕਰਦੇ ਸਮੇਂ ਗ੍ਰੰਥ ਨਾਲ ਸੰਬੰਧਿਤ ਧਰਮ ਦੀ ਪ੍ਰਮਾਣਕ ਪਰੰਪਰਾ ਨੂੰ ਵੀ ਧਿਆਨ ਵਿਚ ਰਖਿਆ ਜਾਵੇ।

7 ਟੀਕਾ ਕਰਦੇ ਸਮੇਂ ਕਵੀ-ਮਨ ਤਕ ਪਹੁੰਚਣ ਅਤੇ ਉਸ ਦੀਆਂ ਕਾਵਿ-ਜੁਗਤਾਂ ਨੂੰ ਸਮਝਣ ਦਾ ਪੂਰਾ ਯਤਨ ਕੀਤਾ ਜਾਵੇ ।

## ਭਾਸ਼ਾਈ ਪੱਖ

### ਮੱਧਕਾਲੀਨ ਸੰਤ ਭਾਸ਼ਾ

ਹੁਣ ਅਸੀਂ ਇਕ ਹੋਰ ਸਲੋਕ ਲੈਂਦੇ ਹਾਂ :

"ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨਾ ਲਾਗੀ ਵਾਰ ॥" ( 1:1 )

ਭਾਈ ਵੀਰ ਸਿੰਘ ਜੀ ਨੇ ਇਸ ਦੇ ਅਰਥ ਇਉਂ ਕੀਤੇ ਹਨ:

"(ਮੈਂ) ਆਪਣੇ ਗੁਰੂ ਤੋਂ ਕੁਰਬਾਨ ਹਾਂ ( ਨਾ ਕੇਵਲ ਇਕ ਵਾਰੀ) ਦਿਨ ਵਿਚ ਸੌ ਵਾਰੀ। ਜਿਸ (ਗੁਰੂ) ਨੇ ਕਿ ਮਨੁੱਖਾਂ ਤੋਂ ਦੇਵਤੇ ਬਣਾ ਦਿਤੇ ਤੇ ਬਣਾਉਂਦਿਆਂ ਚਿਰ ਬੀ ਨਾ ਲੱਗਾ।"[1]

ਪਰ ਮਹੰਤ ਕ੍ਰਿਪਾਲ ਸਿੰਘ ਜੀ ਨੇ ਅਰਥ ਇਉਂ ਲਿਖੇ ਹਨ:

"ਦਿਹਾੜੀ ਵਿਚ ਸੈਂਕੜੇ ਵਾਰੀ ਅਸੀਂ ਆਪਣੇ ਸਤਿਗੁਰਾਂ ਉਪਰੋਂ ਬਲਿਹਾਰ ਕੁਰਬਾਨ ਜਾਂਦੇ ਹਾਂ। ਜਿਸ ਨੇ ਮਨੁਸ਼ ਤੇ ਦੇਵਤੇ

---

1 ਪੰਜ ਗ੍ਰੰਥੀ ਸਟੀਕ, ਚੌਥੀ ਛਾਪ, ਪੰਨਾ 392.

> ਆਦਿਕ ਸਾਰੇ ਜੀਵ ਉਤਪੰਨ ਕੀਤੇ ਹਨ, ਉਹ ਪ੍ਰਮਾਤਮਾ ਹੀ ਸਾਡਾ ਗੁਰੂ ਹੈ। ਉਸ ਨੂੰ ਉਤਪਤ ਕਰਦਿਆਂ ਹੋਇਆਂ ਕੁਛ ਵਾਰ = ਦੇਰ ਨਹੀਂ ਲਗਦੀ।"[1]

ਉਪਰੋਕਤ ਅਰਥਾਂ ਵਿਚ ਹੇਠ-ਲਕੀਰੇ ਸ਼ਬਦਾਂ ਤੋਂ ਪਤਾ ਲਗਦਾ ਹੈ ਕਿ "ਜਿਨਿ ਮਾਣਸ ਤੇ ਦੇਵਤੇ ਕੀਏ" ਵਾਕੰਸ਼ ਦੇ ਅਰਥ ਕਰਨ ਲਗਿਆਂ ਦੋਵੇਂ ਟੀਕਾਕਾਰ ਇਕ ਦੂਸਰੇ ਤੋਂ ਬਹੁਤ ਦੂਰ ਚਲੇ ਗਏ ਹਨ। ਜਿਥੇ ਭਾਈ ਵੀਰ ਸਿੰਘ ਇਸ ਵਾਕੰਸ਼ ਵਿਚ ਗੁਰੂ ਦੀ ਇਸ ਮਹਾਨਤਾ ਨੂੰ ਦੇਖਦੇ ਹਨ ਕਿ ਉਹ ਸਿੱਖ ਨੂੰ ਮਨੁੱਖ ਦੀ ਪੱਧਰ ਤੋਂ ਉਚਾ ਚੁਕ ਕੇ ਦੇਵਤੇ ਦੀ ਪੱਧਰ ਉਤੇ ਲੈ ਜਾ ਸਕਦਾ ਹੈ, ਉਥੇ ਮਹੰਤ ਕ੍ਰਿਪਾਲ ਸਿੰਘ ਇਸ ਵਾਕੰਸ਼ ਵਿਚ ਉਸ ਪ੍ਰਭੂ ਨੂੰ ਬਿਆਨ ਕੀਤਾ ਮੰਨਦੇ ਹਨ ਜਿਸ ਨੇ ਮਨੁੱਖ ਅਤੇ ਦੇਵਤੇ ਆਦਿ ਪੈਦਾ ਕੀਤੇ ਭਾਵ ਸ੍ਰਿਸ਼ਟੀ ਦੀ ਸਾਜਨਾ ਕੀਤੀ। ਇਤਨਾ ਵੱਡਾ ਅੰਤਰ ਵਿਚਾਰ ਅਧੀਨ ਵਾਕੰਸ਼ ਦੇ ਸ਼ਬਦ "ਤੇ" ਦੇ ਭਿੰਨ ਅਰਥ ਕਰਨ ਕਰਕੇ ਪੈਦਾ ਹੋਇਆ ਹੈ। ਭਾਈ ਵੀਰ ਸਿੰਘ ਨੇ "ਤੇ" ਦਾ ਅਰਥ "ਤੋਂ" ਮੰਨਿਆ ਹੈ ਜਦੋਂ ਕਿ ਮਹੰਤ ਕ੍ਰਿਪਾਲ ਸਿੰਘ ਨੇ "ਤੇ" ਨੂੰ "ਅਤੇ" ਦਾ ਲਘੂ-ਰੂਪ ਜਾਣਿਆ ਹੈ। ਗੁਰਬਾਣੀ ਵਿਚ ਇਸ ਪ੍ਰਕਾਰ ਦੇ ਵਾਕੰਸ਼ ਹੋਰ ਥਾਈਂ ਵੀ ਮਿਲਦੇ ਹਨ ਜਿਵੇਂ :

"ਗੁਰ ਸੇਵਾ ਤੇ ਹਰਿ ਪਾਈਐ ਜਾਕਉ ਨਦਰਿ ਕਰੇਇ॥
ਮਾਣਸ ਤੇ ਦੇਵਤੇ ਭਏ ਧਿਆਇਆ ਨਾਮੁ ਹਰੇ ॥"[2]

ਅਤੇ

"ਗੁਰ ਸੇਵਾ ਤੇ ਹਰਿ ਪਾਈਐ ਜਾਕਉ ਨਦਰਿ ਕਰੇਇ॥
ਮਾਣਸ ਤੇ ਦੇਵਤੇ ਭਏ ਸਚੀ ਭਗਤਿ ਜਿਸੁ ਦੇਇ ॥"[3]

ਇਨ੍ਹਾਂ ਤੋਂ ਪਤਾ ਲਗਦਾ ਹੈ ਕਿ ਗੁਰਬਾਣੀ ਵਿਚ ਥਾਂ ਥਾਂ ਇਸ ਵਿਚਾਰ ਉਤੇ ਬਲ ਦਿੱਤਾ ਗਿਆ ਹੈ ਕਿ ਗੁਰੂ ਮਨੁਖਾਂ ਨੂੰ ਦੇਵਤਿਆਂ ਦੀ ਪੱਧਰ ਤਕ ਉਚਾ ਚੁੱਕ ਸਕਦਾ ਹੈ। ਇਸ ਦੇ ਵਿਪਰੀਤ

---

1 ਆਸਾ ਦੀ ਵਾਰ ਸਟੀਕ, 1974, ਪੰਨੇ 600-1.

2 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 90.

3 ਉਹੀ, ਪੰਨਾ 850.

ਦੂਸਰੇ, ਮਹੰਤ ਕ੍ਰਿਪਾਲ ਸਿੰਘ ਵਾਲੇ, ਅਰਥਾਂ ਨੂੰ ਗੁਰਬਾਣੀ ਦੇ ਅੰਦਰੋਂ ਕੋਈ ਬਲ ਪ੍ਰਾਪਤ ਨਹੀਂ ਹੁੰਦਾ ਕਿਉਂਕਿ ਗੁਰਬਾਣੀ ਵਿਚ ਹੋਰ ਥਾਈਂ ਸ੍ਰਿਸ਼ਟੀ ਦੀ ਸਾਜਨਾ ਨੂੰ ਪ੍ਰਗਟ ਕਰਨ ਲਈ ਕੇਵਲ ਮਨੁੱਖਾਂ ਤੇ ਦੇਵਤਿਆਂ ਦੀ ਉਤਪਤੀ ਵਲ ਹੀ ਸੰਕੇਤ ਕਰਕੇ ਕੰਮ ਨਹੀਂ ਸਾਰਿਆ ਗਿਆ। ਮਨੁੱਖ ਅਤੇ ਦੇਵਤੇ ਸ੍ਰਿਸ਼ਟੀ ਦੀ ਸਾਜਨਾ ਦਾ ਸਾਰ-ਰੂਪ ਜਾਣੇ ਵੀ ਨਹੀਂ ਜਾ ਸਕਦੇ ਕਿਉਂਕਿ ਇਸ ਸ੍ਰਿਸ਼ਟੀ ਵਿਚ ਜੜ੍ਹ, ਚੇਤਨ, ਦ੍ਰਿਸ਼ਟਮਾਨ, ਅਦ੍ਰਿਸ਼ਟਮਾਨ ਬੜਾ ਕੁਝ ਸ਼ਾਮਿਲ ਹੈ।

ਪ੍ਰਸ਼ਨ ਉਠਦਾ ਹੈ ਕਿ ਫਿਰ ਟੀਕਾਕਾਰ ਮਹੰਤ ਕ੍ਰਿਪਾਲ ਸਿੰਘ ਨੇ ਅਰਥ ਕਰਨ ਲਗਿਆਂ "ਤੇ" ਨੂੰ "ਅਤੇ" ਦਾ ਲਘੂ ਰੂਪ ਮੰਨਕੇ ਅਰਥ ਕਿਉਂ ਕੀਤੇ ? ਇਸ ਦਾ ਇਕੋ ਹੀ ਕਾਰਨ ਨਜ਼ਰ ਆਉਂਦਾ ਹੈ ਕਿ ਇਸ ਵਾਕੰਸ਼ ਦੇ ਅਰਥ ਕਰਨ ਸਮੇਂ ਉਨ੍ਹਾਂ ਦੇ ਸਾਹਮਣੇ ਭਾਸ਼ਾ ਦਾ ਵਰਤਮਾਨ ਸਰੂਪ ਹੀ ਸੀ। ਪੰਜਾਬੀ ਵਿਚ ਅਜ ਕਲ੍ਹ "ਤੇ" ਨੂੰ "ਅਤੇ" ਜਾਂ "ਉਤੇ" ਦੇ ਲਘੂ-ਰੂਪ ਵਜੋਂ ਹੀ ਵਰਤਿਆ ਜਾਂਦਾ ਹੈ। "ਤੇ" ਆਪਣੇ ਆਪ ਵਿਚ ਕੋਈ ਸੁਤੰਤਰ ਸ਼ਬਦ ਨਹੀਂ ਹੈ। ਪਰ ਮਧਕਾਲੀਨ ਸੰਤ ਭਾਸ਼ਾ ਵਿਚ "ਤੇ" ਇਕ ਸੁਤੰਤਰ ਸ਼ਬਦ ਸੀ ਜਿਸ ਦੇ ਅਰਥ ਸਨ "ਤੋਂ" ਅਤੇ "ਉਹ"(ਬਹੁਵਚਨ)। ਭਗਤ ਬੇਣੀ ਜੀ ਦੀ ਬਾਣੀ ਵਿਚ "ਉਹ" ਅਰਥ ਨਾਲ "ਤੇ" ਸ਼ਬਦ ਦੀ ਵਰਤੋਂ ਇਉਂ ਹੋਈ ਹੈ:

"ਤੇ ਦਿਨ ਸੰਮਲੁ ਕਸਟ ਮਹਾ ਦੁਖ
ਅਬ ਚਿਤ ਅਧਿਕ ਪਸਾਰਿਆ ॥"[1]

ਪਰ "ਤੋਂ" ਅਰਥ ਵਿਚ ਕਬੀਰ ਜੀ ਦੀ ਬਾਣੀ ਵਿਚ "ਤੇ" ਦੀ ਵਰਤੋਂ ਇਸ ਪ੍ਰਕਾਰ ਹੋਈ ਹੈ:

"ਇਸ ਸੁਖ ਤੇ ਸਿਵ ਬ੍ਰਹਮ ਡਰਾਨਾ ॥
ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥"[2]

ਇਨ੍ਹਾਂ ਹੀ ਅਰਥਾਂ ਵਿਚ ਵਿਚਾਰ ਅਧੀਨ ਬਾਣੀ ਵਿਚ ਗੁਰੂ ਨਾਨਕ ਦੇਵ ਜੀ ਨੇ "ਤੇ" ਸ਼ਬਦ ਦੀ ਵਰਤੋਂ ਕੀਤੀ ਹੈ, ਜਿਵੇਂ

1- ਆਸ ਅੰਦੇਸੇ ਤੇ ਨਿਹ ਕੇਵਲੁ ਹਉਮੈ ਸਬਦਿ ਜਲਾਏ॥ (2.9 ) (ਤੋਂ)
2- ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧੁ ਆਪੁ ਬੁਝਾਇਆ॥(" ) (ਤੋਂ)

---

1 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 93.

2 ਉਹੀ, ਪੰਨਾ 330.

3 ਨਾਨਕ ਤੇ ਮੁਖ ਉਜਲੇ ਤਿਤੁ ਸਚੈ ਦਰਬਾਰਿ ॥ (2.19) (ਉ.ਰ)

4 ਜਿਨ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰ॥ (2.20) (ਉ.ਰ)

5 ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ ॥ ( 1.23 ) (ਤੇ)

ਇਉਂ ਅਸੀਂ ਦੇਖਦੇ ਹਾਂ ਕਿ ਕਿ ਟੀਕਾਕਾਰ ਮਹੰਤ ਕ੍ਰਿਪਾਲ ਸਿੰਘ "ਤੇ" ਸ਼ਬਦ ਦੀ ਆਰੰਭ ਤੋਂ ਲੈ ਕੇ ਹੁਣ ਤਕ ਦੀ ਵਰਤੋਂ ਅਤੇ ਇਸ ਵਿਚ ਆਏ ਪਰਿਵਰਤਨਾਂ ਬਾਰੇ ਅਗਿਆਤ ਹੋਣ ਕ ਕਾਰਣ ਅਸਲ ਤੋਂ ਭਿੰਨ ਅਰਥ ਕਰ ਗਏ ਹਨ। ਇਸ ਤੋਂ ਅਸੀਂ ਇਸ ਸਿੱਟੇ ਉਤੇ ਪੁਜਦੇ ਹਾਂ ਕਿ ਟੀਕਾਕਾਰ ਨੂੰ ਮੂਲ ਗ੍ਰੰਥ ਦੀ ਭਾਸ਼ਾ ਅਤੇ ਇਸਦੇ ਸ਼ਬਦਾਂ ਦੇ ਇਤਿਹਾਸ ਦਾ ਚੰਗਾ ਗਿਆਨ ਹੋਣਾ ਆਵੱਸ਼ਕ ਹੈ। ਨਹੀਂ ਤਾਂ ਅਰਥਾਂ ਦੇ ਅਨਰਥ ਹੋਣ ਦੀ ਸੰਭਾਵਨਾ ਹੈ। ਗੁਰਬਾਣੀ ਦੇ ਟੀਕਾਕਾਰ ਨੂੰ ਮੱਧਕਾਲੀਨ ਸੰਤ ਭਾਸ਼ਾ ਅਤੇ ਪੁਰਾਤਨ ਪੰਜਾਬੀ ਦਾ ਚੰਗਾ ਗਿਆਨ ਹੋਣਾ ਚਾਹੀਦਾ ਹੈ।

## ਪੰਜਾਬੀ ਦੀ ਉਪ-ਭਾਸ਼ਾ ਲਹਿੰਦੀ

ਗੁਰੂ ਨਾਨਕ ਬਾਣੀ ਵਿਚ ਲਹਿੰਦੀ ਉਪ-ਭਾਖਾ ਦੀ ਵੀ ਚੋਖੀ ਵਰਤੋਂ ਹੋਈ ਹੈ। ਜਦੋਂ ਵੀ ਕੋਈ ਟੀਕਾਕਾਰ ਇਸ ਉਪ-ਭਾਖਾ ਦੀ ਸ਼ਬਦਾਵਲੀ ਤੇ ਮੁਹਾਵਰੇ ਦੀ ਡੂੰਘਾਈ ਤਕ ਨਹੀਂ ਪਹੁੰਚਿਆ, ਉਸ ਨੇ ਅਸਲੋਂ ਵਖਰੇ ਅਰਥ ਕਰਕੇ ਅਰਥ-ਭਿੰਨਤਾ ਦੀ ਸਮੱਸਿਆ ਖੜ੍ਹੀ ਕਰ ਦਿੱਤੀ ਹੈ। ਉਦਾਹਰਣ ਲਈ ਅਸੀਂ 'ਆਸਾ ਦੀ ਵਾਰ' ਦੇ ਇਕ ਸਲੋਕ ਦੀ ਨਿਮਨ ਲਿਖਤ ਤੁਕ ਲੈਂਦੇ ਹਾਂ:

"ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥" (3.1)

ਇਸ ਤੁਕ ਦੇ ਭਿੰਨ ਅਰਥ ਟੀਕਾਕਾਰਾਂ ਨੇ ਨਿਮਨ ਅਨੁਸਾਰ ਕੀਤੇ ਹਨ :

1- "ਜੋ ਗੁਰ ਪੀਰ ਨੂੰ ਮੰਨਦੇ ਨਹੀਂ ਅਰ ਆਖਦੇ ਹਨ ਕਿ ਅਸੀਂ ਆਪ ਹੀ ਸਭ ਕੁਛ ਜਾਣਦੇ ਹਾਂ।"[1]

2 "ਜਿਨਕੋ ਗੁਰੂ ਨਹੀਂ ਚੇਤਤੇ॥ ਅਪਨੇ ਉਪਦੇਸ ਦੁਵਾਰਾ ਨਹੀਂ ਚੇਤਨ ਕਰਤੇ॥ ਗੁਰ ਉਪਦੇਸ ਬਿਨਾ ਹੀ ਸੁਖਾਲੀਆਂ ਭਾਖਾ ਕੀਆਂ ਪੋਥੀਆਂ ਦੇਖ ਅਪਨੇ ਮਨ ਤੇ ਹੀ ਜੋ ਸੁਚੇਤ ਬਨ ਬੈਠੇ ਹੈਂ॥"[2]

---

1 ਭਾਈ ਮਨੀ ਸਿੰਘ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, 1947 ਬਿਕ੍ਰਮੀ, ਪੰਨਾ 66.

2 ਆਨੰਦਘਨ, ਟੀਕਾ ਆਸਾ ਦੀ ਵਾਰ, ਪੰਨਾ 3/ਅ.

3 "ਜੋ ਮਨੁਖ ਆਪਣੇ ਮਨ ਵਿਚ ਸੁਚੇਤ ਹੋ ਕੇ ਗੁਰਾਂ ਨੂੰ ਨਹੀਂ ਚੇਤਦੇ॥"[1]

ਉਪਰ ਅੰਕ 1 ਵਾਲੇ ਅਰਥਾਂ ਦਾ ਜਿਨ੍ਹਾਂ ਟੀਕਾਕਾਰਾਂ ਨੇ ਅਨੁਸਰਣ ਕੀਤਾ ਹੈ, ਉਨ੍ਹਾਂ ਨੇ ਮੰਨਦੇ ਤੋਂ ਭਾਵ "ਚੇਤਦੇ", "ਯਾਦ ਕਰਦੇ" ਲਿਆ ਹੈ।[2]

ਸੋ ਉਪਰ ਅੰਕ 1 ਅਤੇ 3 ਵਾਲੇ ਅਰਥਾਂ ਅਨੁਸਾਰ "ਗੁਰੂ ਨ ਚੇਤਨੀ" ਦੇ ਅਰਥ ਹੋਏ "ਗੁਰਾਂ ਨੂੰ ਨਹੀਂ ਚੇਤਦੇ" ਪਰ ਅੰਕ 2 ਅਨੁਸਾਰ ਇਸ ਤੁਕ-ਅੰਸ਼ ਦੇ ਅਰਥ ਹੋਏ "ਜਿਨਕੇ ਗੁਰੂ ਨਹੀਂ ਚੇਤਤੇ।" "ਚੇਤਤੇ" ਸ਼ਬਦ ਦੀ ਵਰਤੋਂ ਟੀਕਾਕਾਰ ਨੇ "ਚੇਤਨ ਕਰਤੇ" ਲਈ ਕੀਤੀ ਹੈ ਨਾ ਕਿ ਚਿੰਤਨ ਕਰਨ, ਚੇਤੇ (ਯਾਦ) ਕਰਨ ਲਈ। ਪਰ ਚੇਤਨੀ ਲਹਿੰਦੀ ਉਪ-ਭਾਸ਼ਾ ਦਾ ਸ਼ਬਦ ਹੈ। ਲਹਿੰਦੀ ਉਪ-ਭਾਸ਼ਾ ਦੇ ਇਸੇ ਕਿਸਮ ਦੇ ਹੋਰ ਵੀ ਸ਼ਬਦ 'ਆਸਾ ਦੀ ਵਾਰ' ਵਿਚ ਹੀ ਮਿਲਦੇ ਹਨ ਜਿਵੇਂ 'ਨ ਜਾਣਨੀ'[3], 'ਨ ਜਾਪਨੀ'[4] ਆਦਿ। ਇਨ੍ਹਾਂ ਦੇ ਕ੍ਰਮਵਾਰ ਅਰਥ ਹਨ "ਨਹੀਂ ਜਾਣਦੇ", "ਨਹੀਂ ਜਾਪਦੇ।" ਸੋ "ਨ ਚੇਤਨੀ" ਦੇ ਅਰਥ ਹੋਏ "ਚੇਤੇ ਨਹੀਂ ਕਰਦੇ"। ਇਉਂ, ਉਪਰ ਅੰਕ 2 ਵਾਲੇ ਅਰਥ ਠੀਕ ਨਹੀਂ ਕੀਤੇ ਗਏ। ਅੰਕ 3 ਵਾਲੇ ਅਰਥਾਂ ਵਿਚ "ਨ ਚੇਤਨੀ" ਦੇ ਅਰਥ ਤਾਂ ਠੀਕ ਹਨ ਪਰ "ਮਨਿ ਆਪਣੈ ਸੁਚੇਤ" ਦੇ ਅਰਥ "ਆਪਣੇ ਮਨ ਵਿਚ ਸੁਚੇਤ ਹੋ ਕੇ" ( ਗੁਰਾਂ ਨੂੰ ਚੇਤਣਾ) ਕਰਨੇ ਠੀਕ ਨਹੀਂ ਕਿਉਂਕਿ ਗੁਰਮਤ ਵਿਚ ਧਿਆਉਣ ਸਮੇਂ ਮਨ ਦੀ ਸੁਚੇਤ ਜਾਂ ਅਚੇਤ ਅਵਸਥਾ ਵਿਚ ਵਿਤਕਰਾ ਨਹੀਂ ਕੀਤਾ ਗਿਆ ਸਗੋਂ ਗੁਰੂ ਪ੍ਰਤਿ ਪ੍ਰੇਮ, ਸ਼ਰਧਾ, ਭਗਤੀ, ਸੇਵਾ, ਸੁਹਿਰਦਤਾ ਨੂੰ ਜ਼ਰੂਰੀ ਦਸਿਆ ਗਿਆ ਹੈ।[5] ਜਿਵੇਂ ਕਿਵੇਂ ਵੀ ਹੋਵੇ, ਸਾਡੀ ਵਿਚਾਰ ਦਾ ਨੁਕਤਾ "ਚੇਤਨੀ" ਸ਼ਬਦ ਦੇ ਅਰਥ ਹਨ ਜੋ ਕਿ ਸੁਆਮੀ ਆਨੰਦਘਨ, ਇਸ

---

1 ਗਿਆਨੀ ਕ੍ਰਿਪਾਲ ਸਿੰਘ (ਮਹੰਤ), ਆਸਾ ਦੀ ਵਾਰ ਸਟੀਕ, 1974, ਪੰਨਾ 604.

2 ਭਾਈ ਵੀਰ ਸਿੰਘ, ਸੰਥਯਾ ਸ੍ਰੀ ਗੁਰ ਗ੍ਰੰਥ ਸਾਹਿਬ, ਪੋਥੀ ਛੇਵੀਂ, ਪੰਨਾ 2837; ਪ੍ਰੋ: ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਸਤਵੀਂ ਛਾਪ, 1968, ਪੰਨਾ 23; ਡਾ. ਤਾਰਨ ਸਿੰਘ, ਗੁਰੂ ਨਾਨਕ ਬਾਣੀ ਪ੍ਰਕਾਸ਼, ਭਾਗ 1,1969, ਪੰਨਾ 545.

3 "ਮੂਰਖ ਸਚੁ 'ਨ ਜਾਣਨੀ' ਮਨਮੁਖੀ ਜਨਮੁ ਗਵਾਇਆ॥" (8)

4 "ਨਾਨਕ ਅੰਤ 'ਨ ਜਾਪਨੀ' ਹਰਿ ਤਾ ਕੇ ਪਾਰਾਵਾਰ॥" (23)

5 "ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ॥"

—ਭਾਈ ਗੁਰਦਾਸ, ਵਾਰ 3, ਪਉੜੀ 18.

ਸ਼ਬਦ ਦੇ ਲਹਿੰਦੀ ਪਿਛੋਕੜ ਨੂੰ ਨਾ ਜਾਣਨ ਕਾਰਣ, ਠੀਕ ਨਹੀਂ ਕਰ ਸਕੇ। ਸੋ, ਅਸੀਂ ਇਸ ਸਿੱਟੇ ਉੱਤੇ ਪੁਜਦੇ ਹਾਂ ਕਿ ਗੁਰਬਾਣੀ ਦੇ ਟੀਕਾਕਾਰ ਨੂੰ ਉਨ੍ਹਾਂ ਉਪ-ਭਾਖਾਵਾਂ ਦਾ ਵੀ ਚੰਗਾ ਗਿਆਨ ਹੋਣਾ ਚਾਹੀਦਾ ਹੈ ਜਿਨ੍ਹਾਂ ਉਪ-ਭਾਖਾਵਾਂ ਦੇ ਸ਼ਬਦ ਗੁਰਬਾਣੀ ਵਿਚ ਵਰਤੇ ਗਏ ਹਨ।

<u>ਹੋਰ ਭਾਸ਼ਾਵਾਂ ਦੇ ਸ਼ਬਦ</u>

ਗੁਰੂ ਨਾਨਕ ਦੇ ਆਗਮਨ ਤੋਂ ਪਹਿਲਾਂ ਭਾਰਤ ਵਰਸ਼ ਵਿਚ ਦੋ ਕੌਮਾਂ—ਹਿੰਦੂ ਅਤੇ ਮੁਸਲਮਾਨ— ਦਾ ਬੋਲਬਾਲਾ ਰਿਹਾ ਸੀ। ਇਨ੍ਹਾਂ ਦੋਹਾਂ ਦੀ ਭਾਸ਼ਾਈ ਵਿਰਾਸਤ ਕ੍ਰਮਵਾਰ ਸੰਸਕ੍ਰਿਤ ਅਤੇ ਅਰਬੀ/ਫਾਰਸੀ ਸਨ। ਗੁਰੂ ਨਾਨਕ ਨੇ ਇਨ੍ਹਾਂ ਦੋਹਾਂ ਨਾਲ ਧਾਰਮਿਕ ਵਿਵਾਦ ਛੇੜਨ ਵੇਲੇ ਇਨ੍ਹਾਂ ਦੇ ਭਾਸ਼ਾਈ-ਭੰਡਾਰ ਦੀ ਵਰਤੋਂ ਕਾਫ਼ੀ ਕੀਤੀ ਹੈ, ਜਾਂ ਇਉਂ ਕਹਿ ਲਵੋ ਕਿ ਇਨ੍ਹਾਂ ਦੀ ਭਾਸ਼ਾ ਵਿਚ ਹੀ ਇਨ੍ਹਾਂ ਨਾਲ ਗੱਲ ਕੀਤੀ ਹੈ। ਉਂਞ ਵੀ ਸਾਮਾਜਿਕ ਪ੍ਰਭਾਵ ਅਧੀਨ ਗੁਰੂ ਨਾਨਕ ਦੀ ਭਾਸ਼ਾ ਵਿਚ ਸੰਸਕ੍ਰਿਤ ਅਤੇ ਅਰਬੀ/ਫਾਰਸੀ ਮੂਲ ਵਾਲੇ ਸ਼ਬਦਾਂ ਦਾ ਆਉਣਾ ਕੁਦਰਤੀ ਸੀ। ਪਰ ਜਿਥੇ ਟੀਕਾਕਾਰ ਇਹ ਨਹੀਂ ਜਾਣ ਸਕਿਆ ਕਿ ਸ਼ਬਦ ਕਿਹੜੀ ਭਾਸ਼ਾ ਵਿਚੋਂ ਲਿਆ ਗਿਆ ਹੈ, ਉਥੇ ਅਰਥ-ਭਿੰਨਤਾ ਆ ਗਈ ਹੈ। ਇਥੇ ਅਸੀਂ, ਉਦਾਹਰਣ ਵਜੋਂ, ਇਕ ਸ਼ਲੋਕ ਦੀਆਂ ਦੋ ਤੁਕਾਂ ਦੇ ਅਰਥ ਲੈਂਦੇ ਹਾਂ। ਤੁਕਾਂ ਹਨ:

"ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥
ਨਾਨਕ ਮਤੀ ਮਿਥਿਆ <u>ਕਰਮੁ</u> ਸਚਾ ਨੀਸਾਣੁ ॥" (2:8 )

ਇਨ੍ਹਾਂ ਤੁਕਾਂ ਦੇ ਅਰਥ ਸੁਆਮੀ ਆਨੰਦਘਨ ਨੇ ਇਉਂ ਕੀਤੇ ਹਨ:

"ਜਿਨਕਾ ਵਰਨਨ ਕੀਆ ਹੈ ਆਪਣੀ ਆਪਣੀ ਰੁਚ ਦੇ ਅਨੁਸਾਰ ਲੋਕੋਂ ਨੇ ਆਪਣੀਆਂ ਆਪਣੀਆਂ ਮਤੀ ਮਿਥ ਲਈਆਂ ਹੈ॥ ਨੀਸਾਨ ਨਾਮ ਹੈ ਮਰਾਤਬੇ ਕਾ ॥ ਜਿਸ <u>ਕਰਮ ਕਾ ਫਲ</u> ਸਚਾ ਮਰਾਤਬਾ ਮਿਲੇ ਆਵਾਗੌਣ ਤੇ ਛੂਟੇ ਸੋਈ <u>ਸਚਾ ਕਰਮ</u> ਹੈ॥"[1]

1 ਪੂਰਵਉਕਤ ਰਚਨਾ, ਪੰਨਾ 40/ਅ.

ਪਰ ਭਾਈ ਵੀਰ ਸਿੰਘ ਦੁਆਰਾ ਕੀਤੇ ਅਰਥ ਨਿਮਨ ਅਨੁਸਾਰ ਹਨ:

> "(ਏਹ ਸਭੇ ਜੀਵ ਦੇ ਮਨ ਦੀ) ਮਤਿ (ਦੇ ਵੀਚਾਰ ਤੋਂ ਕੀਤੇ ਗਏ ਕੰਮ ਹਨ, ਇਸ ਲਈ) ਇਹ ਕੂੜੀਆਂ (ਨਿਸ਼ਫਲੀਆਂ ਹਨ)। ਹੇ ਨਾਨਕ ! ਜਿਸ ਕਰਤਾਰ ਨੇ ਇਹ ਸ੍ਰਿਸ਼ਟੀ ਰਚੀ ਤਾਂ ਤੇ ਜੰਮਣ ਮਰਣ ਲਿਖਿਆ ਹੈ (ਨੀਯਤ ਕੀਤਾ ਹੈ, ਉਸਦਾ) <u>ਫ਼ਜ਼ਲ</u> (ਹੀ ਜੀਵ ਦੇ ਉਧਾਰ ਦਾ) ਸੱਚਾ ਨਿਸ਼ਾਨ ਹੈ।"[1]

ਇਉਂ ਹੇਠ-ਲਕੀਰੇ ਸ਼ਬਦਾਂ ਤੋਂ ਸਾਨੂੰ ਪਤਾ ਲਗਦਾ ਹੈ ਕਿ ਦੋਵੇਂ ਟੀਕਾਕਾਰ ਨੇ "ਕਰਮ" ਸ਼ਬਦ ਨੂੰ ਭਿੰਨ ਭਾਸ਼ਾਵਾਂ ਦਾ ਮੰਨਿਆ ਹੈ। ਸੁਆਮੀ ਆਨੰਦਘਨ ਅਨੁਸਾਰ ਇਹ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਕਰਮ ਹੈ ਜਿਸ ਦਾ ਅਰਥ ਹੈ "ਕੰਮ", ਪਰ ਭਾਈ ਵੀਰ ਸਿੰਘ ਇਸ ਨੂੰ ਅਰਬੀ ਦਾ ਕਰਮ ਸ਼ਬਦ ਮੰਨਦੇ ਹਨ ਜਿਸਦਾ ਅਰਥ ਹੈ ਫ਼ਜ਼ਲ, ਮਿਹਰ, ਬਖ਼ਸ਼ਿਸ਼।

ਗੁਰਬਾਣੀ ਵਿਚ ਜਦੋਂ ਸ਼ਬਦ 'ਨੀਸਾਣੁ' ਦੇ ਨਾਲ 'ਕਰਮੁ' ਆਉਂਦਾ ਹੈ ਤਾਂ ਇਸਦੇ ਅਰਥ ਬਖ਼ਸ਼ਿਸ਼ ਹਨ ਜਾਂ ਕੰਮ, ਇਸ ਬਾਰੇ ਸੂਹ ਗੁਰਬਾਣੀ ਦੀਆਂ ਹੇਠ ਲਿਖੀਆਂ ਤੁਕਾਂ ਤੋਂ ਮਿਲ ਜਾਂਦੀ ਹੈ:-

1. "ਨਦਰੀ ਕਰਮਿ ਪਵੈ ਨੀਸਾਣੁ"॥[2]
2. "ਆਪੇ ਬਖਸ ਕਰਾਇਦਾ ਪਿਆਰਾ ਆਪੇ ਸਚੁ ਨੀਸਾਣੁ ॥"[3]
3. "ਨਦਰਿ ਤਿਨ੍ਹਾ ਕਉ ਨਾਨਕਾ ਨਾਮ ਜਿਨ੍ਹਾ ਨੀਸਾਣੁ ॥"[4]

ਇਨ੍ਹਾਂ ਤੁਕਾਂ ਵਿਚ "ਨੀਸਾਣੁ" ਨਾਲ ਆਏ ਸ਼ਬਦ ਕਰਮਿ, ਨਦਰਿ ਅਤੇ ਬਖਸ ਆਪ ਹੀ ਸਪਸ਼ਟ ਕਰ ਰਹੇ ਹਨ ਕਿ ਸ਼ਬਦ "ਨੀਸਾਣੁ" ਨਾਲ ਜਦੋਂ ਸ਼ਬਦ "ਕਰਮੁ" ਆਉਂਦਾ ਹੈ ਤਾਂ ਇਸ ਦੇ ਅਰਥ ਨਦਰਿ, ਬਖ਼ਸ਼ਿਸ਼ ਬਣਦੇ ਹਨ।

ਸੋ, ਅਸੀਂ ਵੇਖਦੇ ਹਾਂ ਕਿ ਸੁਆਮੀ ਆਨੰਦਘਨ ਨੇ "ਕਰਮੁ' ਨੂੰ ਸੰਸਕ੍ਰਿਤ ਦਾ ਸ਼ਬਦ ਮੰਨਕੇ ਅਤੇ ਇਸ ਦੇ ਅਰਥ "ਕੰਮ" ਮੰਨਕੇ ਅਨਰਥ ਕੀਤਾ ਹੈ।

---

1 <u>ਪੰਜ ਗ੍ਰੰਥੀ ਸਟੀਕ</u>, ਚੌਥੀ ਛਾਪ, ਪੰਨੇ 424-5.
2 <u>ਸ੍ਰੀ ਗੁਰੂ ਗ੍ਰੰਥ ਸਾਹਿਬ</u>, ਪੰਨਾ 7.
3 ਉਹੀ, ਪੰਨਾ 606.
4 ਉਹੀ, ਪੰਨਾ 1239.

ਨਾਲ ਹੀ "ਨੀਸਾਣੁ" ਸ਼ਬਦ ਉਤੇ ਵੀਚਾਰ ਕਰਨੀ ਵੀ ਬਣਦੀ ਹੈ ਕਿਉਂਕਿ ਇਹ ਵੀ ਫਾਰਸੀ ਦਾ ਸ਼ਬਦ (ਨਿਸ਼ਾਨ) ਹੈ ਅਤੇ ਪ੍ਰਸੰਗ ਅਨੁਸਾਰ ਇਥੇ ਇਸਦੇ ਅਰਥ "ਚਿੰਨ੍ਹ" ਬਣਦੇ ਹਨ ਪਰ ਸੁਆਮੀ ਜੀ ਨੇ "ਮਰਾਤਬ" ਅਰਥ ਕੀਤੇ ਹਨ।

ਉਪਰੋਕਤ ਤਿੰਨ ਟੂਕਾਂ, ਜਿਨ੍ਹਾਂ ਤੋਂ ਅਸਾਂ ਮਾਰਗ-ਦਰਸ਼ਨ ਪ੍ਰਾਪਤ ਕੀਤਾ ਹੈ, ਤੋਂ ਪਤਾ ਲਗਦਾ ਹੈ :- "ਪਵੈ ਨੀਸਾਣੁ" = ਨਿਸ਼ਾਨੀ ਪੈਂਦੀ ਹੈ; "ਸਚੁ ਨੀਸਾਣੁ" = ਸਚ ਰੂਪੀ ਨਿਸ਼ਾਨੀ; "ਨਾਮ ਨੀਸਾਣੁ" = ਨਾਮ ਰੂਪੀ ਨਿਸ਼ਾਨੀ । ਭਾਵ ਇਹ ਕਿ ਪ੍ਰਭੂ ਦੀ ਬਖਸ਼ਿਸ਼ ਦੁਆਰਾ ਮਨੁਖ ਦੀ ਸ਼ਖਸੀਅਤ ਉਤੇ ਸਚ ਰੂਪੀ ਜਾਂ ਨਾਮ ਰੂਪੀ ਨਿਸ਼ਾਨੀ ਪੈਂਦੀ ਹੈ।

ਇਉਂ ਹੀ ਸ਼ਬਦ ਰੂਪੀ ਨਿਸ਼ਾਨੀ ਦਾ ਜ਼ਿਕਰ ਵੀ ਗੁਰਬਾਣੀ ਵਿਚ ਮਿਲਦਾ ਹੈ:-

"ਗੁਰ ਪਰਸਾਦੀ ਸੇਵੀਐ ਸਚੁ ਸਬਦਿ ਨੀਸਾਣੁ ॥"[1]

ਨਦਰੀ (ਪ੍ਰਭੂ) ਦੀ ਮਿਹਰ ਦੁਆਰਾ ਜਿਹੜਾ ਨਿਸ਼ਾਨ ਸਚ ਦਾ, ਨਾਮ ਦਾ, ਸ਼ਬਦ ਦਾ ਮਨੁਖ ਦੀ ਸ਼ਖਸੀਅਤ ਉਤੇ ਪੈਂਦਾ ਹੈ ਇਹ ਉਦੋਂ ਕੰਮ ਆਉਂਦਾ ਹੈ ਜਦੋਂ ਮਨੁੱਖ ਨੂੰ ਆਪਣੇ ਕਰਮਾਂ ਦਾ ਲੇਖਾ ਦੇਣਾ ਪੈਂਦਾ ਹੈ।

"ਬਾਬਾ ਏਹੁ ਲੇਖਾ ਲਿਖਿ ਜਾਣੁ ॥
ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥"[2]

ਸੱਚੇ ਪ੍ਰਭੂ ਦੇ ਦਰਬਾਰ ਕੂੜਾ ਨਹੀਂ ਜਾ ਸਕਦਾ। ਪਰ ਜਦੋਂ ਕੋਈ ਸੱਚਾ 'ਸਬਦਿ ਨੀਸਾਣਿ' ਵਾਲਾ ਜਾਂਦਾ ਹੈ ਤਾਂ ਉਸ ਨੂੰ ਕੋਈ ਰੋਕ ਨਹੀਂ ਸਕਦਾ।

"ਸਚੇ ਦੇ ਦੀਬਾਣਿ ਕੂੜ ਨ ਜਾਈਐ॥
ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ॥
ਸਚੇ ਸਬਦਿ ਨੀਸਾਣਿ ਠਾਕ ਨਾ ਪਾਈਐ॥"[3]

---

1 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 789.

2 ਉਹੀ, ਪੰਨਾ 16.

3 ਉਹੀ, ਪੰਨੇ 146-7.

ਇਉਂ, ਅਸੀਂ ਦੇਖਦੇ ਹਾਂ ਕਿ ਅਰਬੀ/ਫ਼ਾਰਸੀ ਦੇ ਦੋਹਾਂ ਸ਼ਬਦਾਂ ਕਰਮ (ਕਰਮੁ) ਅਤੇ ਨਿਸ਼ਾਨ (ਨੀਸਾਣੁ) ਪ੍ਰਤਿ ਸੁਆਮੀ ਆਨੰਦਘਨ ਦੀ ਪਹੁੰਚ ਠੀਕ ਨਾ ਹੋਣ ਕਾਰਣ ਅਰਥਾਂ ਦੀ ਥਾਂ ਅਨਰਥ ਹੋਇਆ ਹੈ।

ਅਸੀਂ ਇਕ ਹੋਰ ਸਲੋਕ ਦੀ ਇਕ ਤੁਕ ਲੈਂਦੇ ਹਾਂ ਜਿਥੇ ਸੰਸਕ੍ਰਿਤ ਮੂਲ ਵਾਲੇ ਸ਼ਬਦ ਬਾਰੇ ਭੁਲੇਖਾ ਪੈਣ ਕਾਰਣ ਅਰਥ-ਭਿੰਨਤਾ ਪੈਦਾ ਹੋਈ ਹੈ। ਤੁਕ ਹੈ :

"ਸਚੀ ਤੇਰੀ ਸਿਫਤਿ ਸਚੀ ਸਾਲਾਹ ॥" (1:2 )

"ਸਾਲਾਹ" ਸ਼ਬਦ ਬਾਰੇ ਸੁਆਮੀ ਆਨੰਦਘਨ ਦੇ ਵਿਚਾਰ ਨਿਮਨ ਅਨੁਸਾਰ ਹਨ:

> "ਅਰ ਸਲਾਹ ਜੋ ਹੈ ਨਾਮ ਮਸਲਤ ਕਾ ਮਸਲਤ ਨਾਮ ਹੈ ਵਿਵੇਕ ਕਾ॥ ਵਿਵੇਕ ਨਾਮ ਹੈ ਸਤ ਅਸਤ ਕੇ ਨਿਰਣੇ ਕਾ॥"[1]

ਪਰ ਭਾਈ ਵੀਰ ਸਿੰਘ ਦਾ "ਸਾਲਾਹ" ਸ਼ਬਦ ਬਾਰੇ ਮਤ ਹੈ:-

> "ਸਿਫਤ ਸਲਾਹ ਦਾ ਭਾਵ ਵਾਹਿਗੁਰੂ ਜੀ ਦੇ ਪ੍ਰੇਮ ਵਿਚ ਉਸਦੀ ਉੱਚਤਾ, ਮਹਾਨਤਾ, ਅਸਚਰਜਤਾ ਦੇ ਭਾਵ ਵਿਚ ਉਸਦੇ ਗੁਣ ਕਥਨ, ਮਹਿਮਾ, ਵਡਿਆਈ ਕਰਨੀ ਯਾ ਇਸ ਭਾਵ ਵਿਚ ਮਹਾਨਤਾ। ਦੁਇ ਪਦ ਅਰਬੀ ਦੇ ਹਨ, 'ਸਿਫਤ ਸਲਾਹ'। 'ਸਿਫਤ' ਦੇ ਅਰਥ ਹਨ ਗੁਣ, ਤਾਰੀਫ ਤੇ 'ਸਲਾਹ' ਦੇ ਅਰਥ ਹਨ ਖੂਬੀ ਨੇਕੀ, ਪਰ ਜਾਪਦਾ ਹੈ ਕਿ ਸਲਾਹ ਦਾ ਪਦ ਸੰਸਕ੍ਰਿਤ ਦੇ ਪਦ 'ਸ਼ਲਾਘਾ' ਦਾ ਪ੍ਰਾਕ੍ਰਿਤ ਰੂਪ ਵਿਚ 'ਸਲਾਹਾ' ਲੈ ਕੇ ਪੰਜਾਬੀ ਵਿਚ 'ਸਲਾਹ' ਰੂਪ ਧਾਰ ਕੇ ਵਰਤਿਆ ਗਿਆ ਹੈ।"[2]

ਇਉਂ ਅਸੀਂ ਦੇਖਦੇ ਹਾਂ ਕਿ ਸੁਆਮੀ ਆਨੰਦਘਨ ਨੇ "ਸਾਲਾਹ" ਨੂੰ ਅਰਬੀ ਦੇ ਸ਼ਬਦ ਮਸਲਹਤ ( مصلحت ) ਨਾਲ ਜੋੜਿਆ ਹੈ ਜਦੋਂ ਕਿ ਭਾਈ ਵੀਰ ਸਿੰਘ ਨੂੰ ਇਹ ਸੰਸਕ੍ਰਿਤ ਦੇ ਸ਼ਬਦ ਸ਼ਲਾਘਾ ਦਾ ਪੰਜਾਬੀ ਰੂਪ ਜਾਪਿਆ ਹੈ। ਦੋਹਾਂ ਵਿਚੋਂ "ਸਲਾਹ" ਦੇ ਕਿਹੜੇ ਅਰਥ

---

1 ਪੂਰਵੋਕਤ ਰਚਨਾ, ਪੰਨਾ 7/ੳ - 7/ਅ.

2 <u>ਪੰਜ ਗ੍ਰੰਥੀ ਸਟੀਕ,</u> ਤੀਜੀ ਛਾਪ, ਪੰਨਾ 396.

ਠੀਕ ਹਨ, ਇਸ ਦਾ ਪਤਾ ਹੋਰ ਤੁਕਾਂ ਵਿਚ ਇਸ ਸ਼ਬਦ ਦੀ ਵਰਤੋਂ ਤੋਂ ਲਗ ਜਾਂਦਾ ਹੈ ਜਿਵੇਂ :

"ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥
ਬੰਦੇ ਸੇ ਜਿ ਪਵਹਿ ਵਿਚ ਬੰਦੀ ਵੇਖਣ ਕਉ ਦੀਦਾਰੁ ॥
ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ॥
ਤੀਰਥਿ ਨਾਵਹਿ ਅਰਚਾ ਪੂਜਾ ਅਗਰਵਾਸੁ ਬਹੁਕਾਰੁ ॥" ( 1:6 )

ਇਥੇ "ਮੁਸਲਮਾਨਾ ਸਿਫਤਿ ਸਰੀਅਤ" ਅਤੇ "ਹਿੰਦੂ ਸਾਲਾਹੀ ਸਾਲਾਹਨਿ" ਸ਼ਬਦ ਆਏ ਹਨ ਜੋ ਇਸ ਗਲ ਵਲ ਸੰਕੇਤ ਕਰਦੇ ਹਨ ਕਿ ਇਸਲਾਮੀ ਸ਼ਰਹ ਦੀ ਗਲ ਕਰਦਿਆਂ ਕਵੀ-ਕਲਪਨਾ ਨੇ ਨਿਸ਼ਚੇ ਹੀ ਅਰਬੀ ਮੂਲ ਦੇ ਸ਼ਬਦ ਭੰਡਾਰ ਵਲ ਉਡਾਰੀ ਮਾਰੀ ਹੋਵੇਗੀ ਜਦੋਂ ਕਿ ਹਿੰਦੂ ਦਰਸ਼ਨ ਨੂੰ ਬਿਆਨ ਕਰਨ ਲਗਿਆਂ ਸੰਸਕ੍ਰਿਤ ਮੂਲ ਦੇ ਸ਼ਬਦ ਭੰਡਾਰ ਵਲ— ਵਿਸ਼ੇਸ਼ ਤੌਰ ਤੇ ਜਦੋ ਦੁਹਾਂ ਨੂੰ ਨਿਖੇੜਨ ਦਾ ਯਤਨ ਕੀਤਾ ਜਾ ਰਿਹਾ ਹੋਵੇ। ਇਸ ਲਈ "ਸਾਲਾਹ" ਸ਼ਬਦ ਦੀ ਵਿਉਤਪਤੀ ਭਾਈ ਵੀਰ ਸਿੰਘ ਦੇ ਦੱਸੇ ਅਨੁਸਾਰ ਠੀਕ ਮੰਨ ਕੇ ਇਸ ਦੇ ਅਰਥ ਸ੍ਲਾਘਾ, ਉਸਤਤਿ, ਉਪਮਾ ਆਦਿ ਕਰਨੇ ਹੀ ਨਿਆਂਸੰਗਤ ਹਨ।" ਹਿੰਦੂ ਸਾਲਾਹੀ ਸਾਲਾਹਨਿ" ਦੇ ਅਰਥ ਹਨ :"ਹਿੰਦੂ ਸ਼ਲਾਘਾਯੋਗ ਪ੍ਰਭੂ ਦੀ ਉਸਤਤਿ ਕਰਦੇ ਹਨ।" 'ਆਸਾ' ਦੀ ਵਾਰ ਵਿਚ ਹੀ ਇਕ ਹੋਰ ਤੁਕ ਹੈ :

"ਸਤਿਗੁਰੁ ਵਡਾ ਕਰਿ ਸਾਲਾਹੀਐ
ਜਿਸੁ ਵਿਚਿ ਵਡੀਆ ਵਡਿਆਈਆ॥" (18)

ਜੋ ਹੈ ਹੀ "ਸਤਿਗੁਰੂ", ਉਸ ਬਾਰੇ ਕਿਸੇ ਪ੍ਰਕਾਰ ਦੇ "ਸਤ ਅਸਤ ਦੇ ਨਿਰਣੇ" ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ। ਉਸਨੂੰ ਵਡਾ ਮੰਨ ਕੇ ਉਸ ਦੀ ਉਸਤਤਿ ਕਰਨੀ ਹੀ ਬਣਦੀ ਹੈ। ਸੋ ਇਥੇ ਵੀ "ਸਾਲਾਹੀਐ" ਦੇ ਅਰਥ "ਉਸਤਤਿ ਕਰੀਏ (ਸ਼ਲਾਘਾ ਕਰੀਏ)" ਹੀ ਬਣਦੇ ਹਨ।

ਸਪਸ਼ਟ ਹੈ ਇਹ ਸ਼ਬਦ ਸੰਸਕ੍ਰਿਤ ਮੂਲ ਵਾਲਾ ਹੀ ਹੈ।

ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਟੀਕਾਕਾਰ ਦਾ ਭਾਸ਼ਾਵਾਂ ਬਾਰੇ ਸੀਮਿਤ ਗਿਆਨ ਹੋਣ ਕਾਰਣ, ਜਾਂ ਇਹ ਚੋਣ ਕਰ ਸਕਣ ਦੀ ਅਸਮਰਥਾ ਕਾਰਣ ਕਿ ਸੰਬੰਧਿਤ ਸ਼ਬਦ ਕਿਸੇ ਵਿਸ਼ੇਸ਼

ਥਾਂ ਉਤੇ ਕਿਹੜੇ ਮੂਲ ਵਾਲਾ ਲਿਆ ਹੈ, ਅਰਥ-ਭਿੰਨਤਾ ਦੀ ਸਮੱਸਿਆ ਪੈਦਾ ਹੁੰਦੀ ਹੈ। ਟੀਕਾਕਾਰ ਭਾਸ਼ਾਈ ਗਿਆਨ ਨਾਲ ਭਰਪੂਰ ਅਤੇ ਵਿਵੇਕਸ਼ੀਲ ਵਿਅਕਤੀ ਹੋਣਾ ਚਾਹੀਦਾ ਹੈ।

## ਭਾਸ਼ਾ ਵਿਗਿਆਨਕ ਪੱਖ

### ਸ਼ਬਦਾਂ ਦੀ ਅਰਥ-ਸੀਮਾ ( Sementic range ):

ਹਰ ਸ਼ਬਦ ਪਾਠਕ ਜਾਂ ਸ੍ਰੋਤੇ ਉਤੇ ਇਕ ਵਿਸ਼ੇਸ਼ ਪ੍ਰਭਾਵ ਛਡਦਾ ਹੈ। ਸ਼ਬਦ ਦਾ ਧੁਨੀ-ਬਿੰਬ (Sound image ) ਸ੍ਰੋਤੇ ਦੇ ਮਨ ਵਿਚ ਇਕ ਵਿਸ਼ੇਸ਼ ਸੰਕਲਪ ਨੂੰ ਜਨਮ ਦੇਂਦਾ ਹੈ। ਜਿਹੜੇ ਸ਼ਬਦਾਂ ਦੇ ਧੁਨੀ-ਬਿੰਬ ਇਕੋ ਜੇਹੇ ਸੰਕਲਪਾਂ ਨੂੰ ਜਨਮ ਦੇਂਦੇ ਹਨ, ਟੀਕਾਕਾਰ ਨੂੰ ਉਨ੍ਹਾਂ ਸ਼ਬਦਾਂ ਦੀ ਸਮਾਨਤਾ ਹੀ ਪ੍ਰਵਾਣ ਕਰਨੀ ਚਾਹੀਦੀ ਹੈ। ਅਜੇਹੇ ਸ਼ਬਦ ਹੀ ਇਕ ਦੂਜੇ ਦੇ ਬਦਲ ਵਜੋਂ ਵਰਤੇ ਜਾ ਸਕਦੇ ਹਨ। ਅਜੇਹਾ ਨਾ ਕਰਨ ਦੀ ਸੂਰਤ ਵਿਚ ਅਰਥ ਦਾ ਅਨਰਥ ਹੋ ਸਕਦਾ ਹੈ। ਵਧੇਰੇ ਸਪਸ਼ਟਤਾ ਲਈ ਅਸੀਂ ਇਥੇ ਆਸਾ ਦੀ ਵਾਰ ਦੇ ਇਕ ਸਲੋਕ ਦੀ ਇਕ ਤੁਕ ਦੇ ਅਰਥ ਲੈਂਦੇ ਹਾਂ ਜਿਥੇ ਟੀਕਾਕਾਰ ਨੇ 'ਸੁੰਞੇ" ਸ਼ਬਦ ਨੂੰ "ਨਿਰਾਲਾ" ਦਾ ਬਦਲ ਮੰਨ ਕੇ ਅਣਉਚਿਤ ਸਿੱਟੇ ਕੱਢੇ ਹਨ। ਤੁਕ ਹੈ :

"ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰ ਖੇਤ ॥" ( 3:1 )

ਇਸ ਤੁਕ ਦੇ ਅਰਥ ਟੀਕਿਆਂ ਵਿਚ ਦੋ ਤਰ੍ਹਾਂ ਕੀਤੇ ਗਏ ਮਿਲਦੇ ਹਨ :

1- ਬੂਆੜ ਮੇਂ ਕਣ ਨਹੀਂ ਹੋਤਾ ਸੋ ਇਸੀ ਵਾਸਤੇ ਸੁੰਞੇ ਖੇਤ ਵਿਚ ਛੋੜ ਆਵਤੇ ਹੈਂ॥"[1]

2- "ਛੂਟੇ ਹੂਏ ਜੋ ਬੂਆੜ ਤਿਲ ॥ ਜਿਨਕੋ ਨਿਕੰਮੇ ਮਾਨ ਕਰ ਸਭ ਕਿਸੀ ਨੇ ਛੋਡ ਦੀਆ॥ ਸੋ ਤਿਲ ਖੇਤ ਮੇ ਸੁਞੇ ਹੀ ਹੈਂ॥"[2]

ਭਾਵ ਇਹ ਕਿ ਪ੍ਰਥਮ ਟੀਕਾਕਾਰ ਅਨੁਸਾਰ ਨਿਗੁਰਿਆਂ ਨੂੰ ਸਾਈਂ ਦੀ ਸੰਭਾਲ ਵੇਲੇ ਇਉਂ ਲਾਪਰਵਾਹੀ ਨਾਲ ਛਡ ਦਿੱਤਾ ਜਾਵੇਗਾ ਜਿਵੇਂ ਸੁੰਞੇ ਖੇਤ ਵਿਚ ਬੂਆੜ ਤਿਲ। ਦੂਸਰੇ ਟੀਕਾਕਾਰ ਅਨੁਸਾਰ ਉਸ ਸਮੇਂ ਨਿਗੁਰਿਆਂ ਨੂੰ ਇਉਂ ਲਾਪਰਵਾਹੀ ਨਾਲ ਛਡਿਆ ਜਾਵੇਗਾ ਜਿਵੇਂ ਖੇਤ ਵਿਚ ਸੁੰਞੇ ਬੂਆੜ ਤਿਲ।

---

1 ਭਾਈ ਮਨੀ ਸਿੰਘ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, 1947 ਬਿਕ੍ਰਮੀ, ਪੰਨਾ 66.

2 ਆਨੰਦਘਨ, ਟੀਕਾ ਆਸਾ ਦੀ ਵਾਰ, ਪੰਨਾ 4/ੳ.

ਸਮੱਸਿਆ ਇਹ ਹੈ ਕਿ ਸ਼ਬਦ "ਸੁੰਞੈ" ਖੇਤ ਦਾ ਵਿਸ਼ੇਸ਼ਣ ਹੈ ਜਾਂ ਬੂਆੜ ਤਿਲਾਂ ਦਾ।

ਗਿਆਨੀ ਹਰਬੰਸ ਸਿੰਘ ਨੇ ਆਪਣੀ ਰਚਨਾ 'ਆਸਾ ਕੀ ਵਾਰ ਨਿਰਣਯ' ਵਿਚ ਇਸ ਸਮੱਸਿਆ ਨੂੰ ਹਲ ਕਰਨ ਦਾ ਯਤਨ ਕੀਤਾ ਹੈ। ਗਿਆਨੀ ਜੀ ਦੇ ਵਿਚਾਰ ਇਸ ਤਰ੍ਹਾਂ ਹਨ:

"ਇਸ ਪੰਕਤੀ ਦੇ ਅਰਥ ਬਹੁਤੇ ਟੀਕਾਕਾਰਾਂ ਨੇ ਹੇਠ ਲਿਖੇ ਅਨੁਸਾਰ ਕੀਤੇ ਹਨ, ਜੋ ਠੀਕ ਨਹੀਂ ਜਾਪਦੇ :-

੧ ਉਹ ਇਉਂ ਹਨ ਜਿਵੇਂ ਕਿਸੇ ਸੁੰਞੀ ਪੈਲੀ ਵਿਚ ਅੰਦਰੋਂ ਸੜੇ ਤਿਲ ਨਿਖਸਮੇ ਪਏ ਹੁੰਦੇ ਹਨ।
(ਪ੍ਰੋ: ਸਾਹਿਬ ਸਿੰਘ)

2 ਜਿਵੇਂ ਬੂਆੜ ਤਿਲ (ਦੇ ਬੂਟੇ) ਖਾਲੀ ਹੋਏ ਖੇਤ ਵਿਚ ਛੱਡ ਦਿਤੇ ਜਾਂਦੇ ਹਨ।
(ਡਾ. ਭਾਈ ਵੀਰ ਸਿੰਘ ਜੀ)

ਇਥੇ ਗੁਰੂ ਜੀ ਦਾ ਆਸ਼ਾ ਬੜਾ ਸਪੱਸ਼ਟ ਹੈ। ਜਿਹੜੇ ਮਨੁਖ ਆਪਣੇ ਸਤਿਗੁਰੂ ਨੂੰ ਸਿਮਰਦੇ (ਸੇਵਦੇ) ਨਹੀਂ, ਅਣਹੋਂਦਾ ਹੀ ਆਪਣੇ ਆਪ ਨੂੰ ਵੱਡਾ ਗਿਆਨੀ ਧਿਆਨੀ ਸਮਝਦੇ ਹਨ, ਉਨ੍ਹਾਂ ਦੀ ਹਾਲਤ ਨੂੰ ਬੂਆੜ (ਤਿਲ) ਦੇ ਬੂਟੇ ਦਾ ਦ੍ਰਿਸ਼ਟਾਂਤ ਦੇ ਕੇ ਸਾਨੂੰ ਸਮਝਾਇਆ ਹੈ।

ਬੂਆੜ ਦਾ ਬੂਟਾ ਸਿਮਲ ਰੁੱਖ ਵਾਂਗ ਬਾਹਰੋਂ ਬੜਾ ਸੁਹਣਾ ਹੁੰਦਾ ਹੈ। ਇਹ ਅਸਲੀ ਤਿਲਾਂ ਦੇ ਬੂਟੇ ਨਾਲ ਮੇਲ ਖਾਂਦਾ ਹੈ, ਪਰ ਇਸ ਦੇ ਕਣ ਅੰਦਰ ਸੁਆਹ ਭਰੀ ਹੋਈ ਹੁੰਦੀ ਹੈ। ਇਸੇ ਤਰ੍ਹਾਂ ਭੇਖੀ ਸੰਤ ਜਾਂ ਗਿਆਨੀ ਬਾਹਰੋਂ ਤਾਂ ਬਗਲੇ ਵਾਂਗ ਚਿੱਟੇ ਕਪੜੇ ਪਾ ਕੇ ਲੋਕਾਂ ਨੂੰ ਉਪਦੇਸ਼ ਦਿੰਦਾ ਹੈ ਪਰ ਆਪ ਸਿਮਰਨ ਤੋਂ ਸਖਣਾ ਹੁੰਦਾ ਹੈ। ਸੋ ਭਾਈ ਸਾਹਿਬ ਗੁਰਦਾਸ ਜੀ ਇਸ ਬੂਟੇ ਦੀ ਰੂਪ-ਰੇਖਾ ਨੂੰ ਹੇਠ ਲਿਖੀ ਪਉੜੀ ਵਿਚ ਨਿਰੂਪਣ ਕਰਕੇ ਇਸ ਸ਼ਬਦ ਦਾ ਗੂੜ੍ਹਾ ਭੇਦ ਖੋਲ੍ਹਦੇ ਹਨ :-

ਖੇਤੀ ਅੰਦਰਿ ਜੰਮ ਕੈ, ਸਭ ਦੂੰ ਉੱਚਾ ਹੋਇ ਵਿਖਾਲੈ।
ਬੂਟੂ ਵਡਾ ਕਰਿ ਫੈਲਦਾ, ਹੋਇ ਰੁਹਰੁਹਾ ਆਪੁ ਸਮਾਲੈ।*
ਖੇਤਿ ਸਫਲ ਹੋਇ ਲਾਵਣੀ, ਛੁਟਨਿ ਤਿਲ ਬੂਆੜ ਨਿਰਾਲੇ।

---

* ਵਖਰੇ, ਕਲਮੁਕਲੇ।

ਨਿਹਫਲ ਸਾਰੇ ਖੇਤ ਵਿਚਿ, ਜਿਉ ਸਰਵਾੜ ਕਮਾਦ ਵਿਚਾਲੇ।
ਸਾਧ ਸੰਗਤਿ ਗੁਰ ਸਬਦੁ ਸੁਣਿ, ਕਪਟ ਸਨੇਹੁ ਕਰਨਿ ਬੇਤਾਲੇ।
ਨਿਹਫਲ ਜਨਮੁ ਅਕਾਰਥਾ, ਹਲਤਿ ਪਲਤਿ ਹੋਵਨਿ ਮੁਹ ਕਾਲੇ।
ਜਮਪੁਰਿ, ਜਮ ਜੰਦਾਰਿ ਹਵਾਲੇ ।

(ਭਾ:ਗੁ:ਵਾਰ 17-16)

ਸੋ ਇਥੇ ਭਾਵ ਤਿਲਾਂ ਦੇ ਬੂਟੇ ਸੁੰਞੇ ਰਹਿਣ ਤੋਂ ਹੈ, ਨਾ ਕਿ ਖੇਤ ਖਾਲੀ ਰਹਿਣ ਤੋਂ ਹੈ। ਕਿਰਸਾਨ ਫਸਲ ਵੱਢ ਲੈਂਦੇ ਹਨ ਤਾਂ ਬੂਆੜ ਦੇ ਬੂਟੇ ਸੁੰਞੇ (ਛੁਟੜ, ਕਲ-ਮੁੱਕਲੇ, ਨਿਰਾਲੇ) ਪੈਲੀ ਵਿਚ ਰਹਿ ਜਾਂਦੇ ਹਨ।"[1]

ਅਸੀਂ ਵੇਖਦੇ ਹਾਂ ਕਿ ਗਿਆਨੀ ਜੀ ਨੇ ਭਾਈ ਗੁਰਦਾਸ ਦੀ ਰਚਨਾ ਵਿਚੋਂ "ਛੁਟਹਿ ਤਿਲ ਬੂਆੜ ਨਿਰਾਲੇ" ਨੂੰ ਆਧਾਰ ਬਣਾ ਕੇ, ਅਤੇ "ਨਿਰਾਲੇ" ਦੇ ਅਰਥ "ਸੁੰਞੇ" ਮੰਨਕੇ, ਆਸਾ ਦੀ ਵਾਰ ਦੀ ਵਿਚਾਰ ਅਧੀਨ ਤੁਕ ਵਿਚ "ਸੁੰਞੇ" ਸ਼ਬਦ ਨੂੰ ਬੂਆੜ ਨਾਲ ਜੋੜ ਦਿੱਤਾ ਹੈ। ਉਨ੍ਹਾਂ ਦੀ ਇਸ ਧਾਰਨਾ ਨੂੰ ਤਾਂ ਹੀ ਨਿਆਂਯੁਕਤ ਠਹਿਰਾਇਆ ਜਾ ਸਕਦਾ ਹੈ ਜੇ (1) "ਨਿਰਾਲਾ" ਤੇ "ਸੁੰਞਾ" ਇਕੋ ਹੀ ਭਾਵ ਨੂੰ ਪ੍ਰਗਟ ਕਰਨ ਵਾਲੇ ਸ਼ਬਦ ਹੋਣ, ਅਰਥਾਤ ਇਨ੍ਹਾਂ ਦੇ ਧੁਨੀ-ਬਿੰਬ ਸਮਾਨ ਸੰਕਲਪਾਂ ਨੂੰ ਜਨਮ ਦਿੰਦੇ ਹੋਣ, ਜਾਂ (2) ਘੱਟੋ ਘੱਟ ਭਾਈ ਗੁਰਦਾਸ ਨੇ ਆਪਣੀ ਰਚਨਾ ਵਿਚ "ਨਿਰਾਲਾ" ਸ਼ਬਦ ਨੂੰ ਸੁੰਞਾ ਦੇ ਅਰਥ ਵਿਚ ਵਰਤਿਆ ਹੋਵੇ।

ਗਿਆਨੀ ਜੀ ਵਲੋਂ ਚਾਰ ਸ਼ਬਦ-ਨਿਰਾਲਾ, ਵਖਰਾ, ਕਲ-ਮੁੱਕਲਾ, ਸੁੰਞਾ ਇਕੋ ਹੀ ਭਾਵ ਨੂੰ ਪ੍ਰਗਟ ਕਰਨ ਵਾਲੇ ਮੰਨੇ ਗਏ ਹਨ। ਇਨ੍ਹਾਂ ਸ਼ਬਦਾਂ ਦੇ ਭਾਵ ਮੰਡਲ ਨੂੰ ਨਿਖੇੜਨ ਲਈ ਅਸੀਂ ਭਾਈ ਗੁਰਦਾਸ ਦੀ ਰਚਨਾ ਵਿਚੋਂ ਹੀ "ਨਿਰਾਲਾ" ਸ਼ਬਦ ਦੀ ਵਰਤੋਂ ਵਾਲੀ ਇਕ ਹੋਰ ਤੁਕ ਲੈਂਦੇ ਹਾਂ :

"ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ॥"[2]

---

1 ਪਹਿਲੀ ਛਾਪ, ਪੰਨੇ 59-60.

2 ਵਾਰ 1, ਪਉੜੀ 31.

ਇਥੇ ਨਿਰਾਲਾ ਤੋਂ ਕੀ ਭਾਵ ਹੈ ? ਕੀ ਗੁਰੂ ਨਾਨਕ ਨੇ ਸ਼ਬਦ ਨਾਲ ਸਿਧ ਮੰਡਲੀ ਨੂੰ ਜਿਤ ਕੇ ਆਪਣਾ ਪੰਥ ਕਲ-ਮੁਕੱਲਾ ਜਾਂ ਸੁੰਞਾ ਕਰ ਦਿਖਾਇਆ ? ਨਹੀਂ, ਉਨ੍ਹਾਂ ਨੇ ਆਪਣਾ ਪੰਥ ਦੂਸਰੇ ਪੰਥਾਂ ਨਾਲੋਂ ਵਖਰਾ ਕਰ ਦਿਖਾਇਆ।

ਸਪਸ਼ਟ ਹੈ ਕਿ ਨਾ ਤਾਂ 'ਸੁੰਞਾ' ਤੇ 'ਨਿਰਾਲਾ' ਇਕੋ ਭਾਵ ਮੰਡਲ ਨੂੰ ਪ੍ਰਗਟ ਕਰਨ ਵਾਲੇ ਸ਼ਬਦ ਹਨ ਅਤੇ ਨਾ ਹੀ ਭਾਈ ਗੁਰਦਾਸ ਨੇ "ਨਿਰਾਲਾ" ਨੂੰ ਸੁੰਞਾ ਦੇ ਅਰਥ ਵਿਚ ਵਰਤਿਆ ਹੈ।

ਅਸਲ ਵਿਚ ਗਿਆਨੀ ਜੀ ਵਲੋਂ ਸਮਾਨਾਰਥਕ ਸ਼ਬਦਾਂ ਵਜੋਂ ਵਰਤੇ ਗਏ ਚਾਰ ਸ਼ਬਦਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ:

(1) ਨਿਰਾਲਾ, ਵਖਰਾ

(2) ਕਲ-ਮੁਕੱਲਾ, ਸੁੰਞਾ

ਜੇ ਕੋਈ ਵਸਤੂ ਨਿਰਾਲੀ ਜਾਂ ਵਖਰੀ ਹੈ ਤਾਂ ਇਸ ਦਾ ਭਾਵ ਹੈ ਕਿ ਹੋਰ ਵਸਤੂਆਂ ਦੀ ਹੋਂਦ ਵੀ ਹੈ। ਜਿਵੇਂ ਇਕ ਬਸਤੀ ਵਿਚ ਇਕ ਘਰ ਨਿਰਾਲਾ ਹੋ ਸਕਦਾ ਹੈ (ਬਾਕੀ ਘਰਾਂ ਤੋਂ ਕੁਝ ਖਾਸ ਭਿੰਨਤਾਵਾਂ ਵਾਲਾ), ਪਰ ਅਸੀਂ ਉਸ ਘਰ ਨੂੰ ਸੁੰਞਾ ਨਹੀਂ ਆਖ ਸਕਦੇ, ਜੇ ਉਸ ਵਿਚ ਕੋਈ ਵਸਦਾ ਹੈ। ਇਉਂ ਅਸੀਂ ਦੇਖਦੇ ਹਾਂ ਕਿ 'ਸੁੰਞਾ' ਅਤੇ 'ਨਿਰਾਲਾ' ਸ਼ਬਦਾਂ ਦੀ ਆਪਣੀ ਆਪਣੀ ਵੱਖਰੀ ਅਰਥ-ਸੀਮਾ ( Semantic range ) ਹੈ। ਇਨ੍ਹਾਂ ਨੂੰ ਇਕ ਦੂਜੇ ਦੇ ਬਦਲ ਵਜੋਂ ਨਹੀਂ ਵਰਤਿਆ ਜਾ ਸਕਦਾ।

ਹੁਣ ਅਸੀਂ ਗੁਰਬਾਣੀ ਵਿਚ ਵਰਤੇ ਗਏ "ਸੁੰਞੇ" ਸ਼ਬਦ ਵਲ ਆਉਂਦੇ ਹਾਂ। ਇਸ ਸ਼ਬਦ ਦੀ ਵਰਤੋਂ ਗੁਰਬਾਣੀ ਵਿਚ ਇਉਂ ਹੋਈ ਹੈ :

1- (ਸੁੰਞੇ ਘਰ ਦਾ ਪ੍ਰਾਹੁਣਾ)

"ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ ॥"[1]

---

1 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 345. ਪੰਨਾ 790 ਉਤੇ ਵੀ "ਸੁੰਞੇ" ਸ਼ਬਦ ਦੀ ਵਰਤੋਂ ਇਉਂ ਹੀ ਹੋਈ ਹੈ।

2. (ਸੁੰਞੇ ਘਰ ਵਿਚ ਕਾਂ)

"ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈ ਘਰਿ ਕਉ ॥"[1]

3. (ਸੁੰਞੀ ਦੇਹ)

"ਸੁੰਞੀ ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ॥"[2]

4. (ਸੁੰਞੀ ਸੇਜ)

"ਪਿਰੁ ਨ ਜਾਣਨਿ ਆਪਣਾ ਸੁੰਞੀ ਸੇਜ ਦੁਖੁ ਪਾਹਿ॥"[3]

5. (ਸੁੰਞੀਆਂ ਕੜਛੀਆਂ)

"ਕੜਛੀਆਂ ਫਿਰੰਨਿ ਸੁਆਉ ਨ ਜਾਣਨਿ ਸੁੰਞੀਆਂ ॥"[4]

ਅਸੀਂ ਦੇਖਦੇ ਹਾਂ ਕਿ ਗੁਰਬਾਣੀ ਵਿਚ ਜਿਥੇ ਵੀ ਸੁੰਞ ਦਾ ਮਾਹੌਲ ਉਸਾਰਿਆ ਗਿਆ ਹੈ ਉਥੇ ਇਕ ਮਨਫ਼ੀ ਤੱਤ ( minus element ) ਉਭਰ ਕੇ ਸਾਮ੍ਹਣੇ ਆਉਂਦਾ ਹੈ।

ਸੁੰਞਾ ਘਰ = ਘਰ-ਵਾਸੀ
ਸੁੰਞੀ ਦੇਹ = ਸਰੀਰ - (ਜੀਉ) ਆਤਮਾ
ਸੁੰਞੀ ਸੇਜ = ਸੇਜ-(ਪਿਰੁ) ਪਤੀ ਦਾ ਸਾਥ
ਸੁੰਞੀਆਂ ਕੜਛੀਆਂ= ਸਬਜ਼ੀਆਂ ਵਿਚ ਫਿਰਦੀਆਂ ਕੜਛੀਆਂ -(ਸੁਆਉ) ਸੁਆਦ

'ਆਸਾ ਕੀ ਵਾਰ' ਦੀ ਵਿਚਾਰ ਅਧੀਨ ਤੁਕ ਵਿਚ ਇਉਂ ਹੀ ਸੁੰਞੇ ਖੇਤ ਦਾ ਮਾਹੌਲ ਉਸਾਰਿਆ ਗਿਆ ਹੈ :

ਸੁੰਞਾ ਖੇਤ = ਖੇਤ- ਫ਼ਸਲ

ਸਪਸ਼ਟ ਹੈ ਕਿ 'ਆਸਾ ਕੀ ਵਾਰ' ਦੀ ਵਿਚਾਰ ਅਧੀਨ ਤੁਕ ਵਿਚ "ਸੁੰਞੇ" ਸ਼ਬਦ ਨੂੰ ਖੇਤ ਦਾ ਵਿਸ਼ੇਸ਼ਣ ਮੰਨ ਕੇ ਹੀ ਅਰਥ ਕਰਨੇ ਠੀਕ ਹਨ। ਗਿਆਨ ਰਤਨਾਵਲੀ ਵਿਚ ਅਤੇ ਭਾਈ ਵੀਰ ਸਿੰਘ ਦੁਆਰਾ ਕੀਤੇ ਅਰਥ ਠੀਕ ਹਨ। ਸੁਆਮੀ ਆਨੰਦਘਨ ਅਤੇ ਗਿਆਨੀ ਹਰਬੰਸ ਸਿੰਘ ਦੁਆਰਾ ਕੀਤੇ ਅਰਥ ਠੀਕ ਨਹੀਂ। ਗਿਆਨੀ ਹਰਬੰਸ ਸਿੰਘ ਨੇ ਸ਼ਬਦਾਂ ਦੀ ਜੋ ਸਮਾਨਤਾ

---

1 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 30, ਹੋਰ ਦੇਖੋ, ਪੰਨੇ 58,123, 522, 581.
2 ਉਹੀ, ਪੰਨਾ 19. ਹੋਰ ਦੇਖੋ, ਪੰਨੇ 398,577,687, 1099, 1179.
3 ਉਹੀ, ਪੰਨਾ 428, ਹੋਰ ਦੇਖੋ, ਪੰਨਾ 1097.
4 ਉਹੀ, ਪੰਨਾ 521.

ਲੈਂਨੀ ਹੈ, ਉਹ ਪਰਖ ਉਤੇ ਪੂਰੀ ਨਹੀਂ ਉਤਰਦੀ। "ਮੁੰਦ੍ਰਾ" ਸ਼ਬਦ ਦੇ ਪ੍ਰਭਾਵ ਖੇਤਰ ਜਾਂ ਇਸ ਦੇ ਧੁਨੀ-ਬਿੰਬ ਤੋਂ ਪੈਦਾ ਹੁੰਦੇ ਸੰਕਲਪ ਨੂੰ ਉਹ ਠੀਕ ਤਰ੍ਹਾਂ ਪਕੜ ਨਹੀਂ ਸਕੇ।

## ਵਿਆਕਰਣ

ਧਰਮ ਗ੍ਰੰਥ ਦੀ ਭਾਸ਼ਾ ਦੇ ਵਿਆਕਰਣ ਦੇ ਅਗਿਆਨ ਕਾਰਣ ਵੀ ਅਕਸਰ ਅਰਥ-ਭਿੰਨਤਾ ਦੀ ਸਮੱਸਿਆ ਪੈਦਾ ਹੁੰਦੀ ਹੈ। ਇਸੇ ਕਰਕੇ ਸੰਸਕ੍ਰਿਤ ਦੇ ਆਚਾਰੀਆਂ ਨੇ ਵਿਆਖਿਆ ਦੇ ਸਹਾਇਕ-ਸਾਧਨਾਂ ( aids ) ਵਿਚ ਵਿਆਕਰਣ ਨੂੰ ਮਹੱਤਵਪੂਰਣ ਸਥਾਨ ਦਿੱਤਾ ਹੋਇਆ ਸੀ। ਇਥੇ ਅਸੀਂ "ਆਸਾ ਕੀ ਵਾਰ" ਦੀਆਂ ਦੋ ਭਿੰਨ ਤੁਕਾਂ ਦੇ ਅਰਥ ਲੈਂਦੇ ਹਾਂ ਜਿਥੇ ਵਿਆਕਰਣ ਦੇ ਅਗਿਆਨ ਕਾਰਣ ਅਰਥ-ਭਿੰਨਤਾ ਦੀ ਸਮੱਸਿਆ ਉਤਪੰਨ ਹੋਈ ਹੈ ।

ਪਹਿਲੀ ਤੁਕ ਹੈ:

"ਸਤਿਗੁਰੁ ਭੇਟੈ ਸੋ ਸੁਖੁ ਪਾਏ ॥" (2:9)

ਇਸ ਦੇ ਅਰਥ ਫਰੀਦਕੋਟੀ ਟੀਕੇ ਵਿਚ ਨਿਮਨ ਅਨੁਸਾਰ ਕੀਤੇ ਹਨ :

"ਜੋ ਸਤਗੁਰੋਂ ਕੋ ਮਿਲਤੇ ਹੈਂ ਸੋ ਸੁਖ ਪਾਵਤੇ ਹੈਂ॥"[1]

ਪਰ ਪ੍ਰੋ: ਸਾਹਿਬ ਸਿੰਘ ਨੇ ਇਸ ਤੁਕ ਦੇ ਅਰਥ ਇਉਂ ਕੀਤੇ ਹਨ :-

"ਜਿਸ ਮਨੁੱਖ ਨੂੰ ਗੁਰੂ ਮਿਲ ਪਿਆ ਹੈ (ਅਸਲੀ) ਸੁਖ ਉਹੀ ਮਾਣਦਾ ਹੈ।"[2]

ਦੂਸਰੀ ਤੁਕ ਹੈ:

"ਮੁਹਿ ਚਲੈ ਸੁ ਅਗੈ ਮਾਰੀਐ ॥" (12)

ਇਸ ਦੇ ਅਰਥ ਫਰੀਦਕੋਟੀ ਟੀਕੇ ਵਿਚ ਨਿਮਨ ਅਨੁਸਾਰ ਕੀਤੇ ਗਏ ਹਨ:

"ਜੋ ਸਿਖੋਂ ਕੇ ਮੁਹ ਚਲੇ ਛੂਟੇ ਹੋਏ ਜਾਵ ਚਲੇ ਹੈਂ ਵਾ ਲੋਭੀ ਵਾ ਮਨਮਤੀਏ ਜੋ ਮੁਹ ਆਈ ਬਕਤੇ ਹੈਂ ਸੋ ਆਗੇ ਪਰਲੋਕ ਮੈਂ ਮਾਰੇ ਜਾਏਂਗੇ ਅਰਥਾਤ ਨਰਕ ਮੈਂ ਜਾਏਂਗੇ ॥"[3]

---

1 ਜਿਲਦ 2, 1970, ਪੰਨਾ 470.

2 ਆਸਾ ਦੀ ਵਾਰ ਸਟੀਕ, ਸਤਵੀਂ ਛਾਪ, ਪੰਨਾ 70.

3 ਜਿਲਦ 2, 1970, ਪੰਨਾ 480.

ਪਰ ਪ੍ਰੋ: ਸਾਹਿਬ ਸਿੰਘ ਨੇ ਇਸ ਤੁਕ ਦੇ ਅਰਥ ਇਉਂ ਕੀਤੇ ਹਨ:

"ਜੋ ਮਨੁੱਖ ( ਇਸ ਜਗਤ ਵਿਚ) ਆਪਣੀ ਮਰਜ਼ੀ ਅਨੁਸਾਰ ਹੀ ਤੁਰਦਾ ਹੈ, ਉਹ ਅੱਗੇ ਜਾ ਕੇ ਮਾਰ ਖਾਂਦਾ ਹੈ।"[1]

ਹੇਠ -ਲਕੀਰੇ ਸ਼ਬਦਾਂ ਤੋਂ ਪਤਾ ਲਗਦਾ ਹੈ ਕਿ ਵਿਚਾਰ ਅਧੀਨ ਤੁਕਾਂ ਦੇ ਅਰਥ ਫਰੀਦਕੋਟੀ ਟੀਕੇ ਵਿਚ ਬਹੁਵਚਨ ਰੂਪ ਵਿਚ ਕੀਤੇ ਗਏ ਹਨ ਜਦੋਂ ਕਿ ਪ੍ਰੋ: ਸਾਹਿਬ ਸਿੰਘ ਨੇ ਇਕ-ਵਚਨ ਰੂਪ ਵਿਚ ਕੀਤੇ ਹਨ। ਪਰ ਜੇ ਅਸੀਂ ਗੁਰਬਾਣੀ ਵਿਚੋਂ ਇਸਦੇ ਵਿਆਕਰਣ ਦੀ ਤਲਾਸ਼ ਕਰੀਏ ਤਾਂ ਸਾਨੂੰ ਪਤਾ ਲਗਦਾ ਹੈ ਕਿ "ਸੋ" ਦਾ ਅਰਥ ਹੈ "ਉਹ"—ਇਕ ਵਚਨ । "ਸੋ" ਨੂੰ "ਸੁ" ਰੂਪ ਵਿਚ ਵੀ ਲਿਖਿਆ ਗਿਆ ਹੈ। ਜਿਵੇਂ

"ਸੋ ਸੇਵਕੁ ਸੇਵਾ ਕਰੇ ਜਿਸਨੋ ਹੁਕਮੁ ਮਨਾਇਸੀ॥
ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥
ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ॥" ( 15)

ਅਤੇ

"ਵਡੀ ਸੁ ਵਜਹਿ ਨਾਨਕਾ ਸਚਾ ਵੇਖੈ ਸੋਇ ॥
ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ॥" ( 3:11)

"ਸੋ" ਦਾ ਬਹੁਵਚਨ "ਸੇ" ਹੈ। ਇਸਨੂੰ "ਸਿ" ਵੀ ਲਿਖਿਆ ਗਿਆ ਹੈ। ਜਿਵੇਂ

ਤੇਰੈ ਨਾਇ ਰਤੇ ਸੇ ਜਿਣਿ ਗਏ
ਹਾਰਿ ਗਏ ਸਿ ਠਗਣ ਵਾਲਿਆ ॥" (2)

ਅਸੀਂ ਦੇਖਦੇ ਹਾਂ ਕਿ ਵਿਚਾਰ ਅਧੀਨ ਤੁਕਾਂ ਵਿਚ ਅਰਥ ਇਕਵਚਨ ਵਿਚ ਹੀ ਕੀਤੇ ਜਾਣੇ ਚਾਹੀਦੇ ਸਨ। ਫਰੀਦਕੋਟੀ ਟੀਕੇ ਵਿਚ ਗੁਰਬਾਣੀ ਵਿਆਕਰਣ ਦਾ ਖਿਆਲ ਨਹੀਂ ਰਖਿਆ ਗਿਆ ਜਦੋਂ ਕਿ ਪ੍ਰੋ: ਸਾਹਿਬ ਸਿੰਘ ਨੇ ਵਿਆਕਰਣ ਅਨੁਸਾਰ ਅਰਥ ਕੀਤੇ ਹਨ।

---

1 ਆਸਾ ਦੀ ਵਾਰ ਸਟੀਕ, ਸਤਵੀਂ ਛਾਪ, ਪੰਨਾ 88.

'ਆਸਾ ਕੀ ਵਾਰ' ਦੇ ਇਕ ਹੋਰ ਸਲੋਕ ਵਿਚ ਤੁਕਾਂ ਹਨ:

"ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥
ਸਚੇ ਤੇਰੇ ਲੋਅ ਸਚੇ ਆਕਾਰ ॥
ਸਚੇ ਤੇਰੇ ਕਰਣੇ ਸਰਬ ਬੀਚਾਰ ॥
ਸਚਾ ਤੇਰਾ ਅਮਰੁ ਸਚਾ ਦੀਬਾਣੁ ॥
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥
ਸਚਾ ਤੇਰਾ ਕਰਮੁ ਸਚਾ ਨੀਸਾਣੁ ॥
ਸਚੇ ਤੁਧੁ ਆਖਹਿ ਲਖ ਕਰੋੜਿ ॥
ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥......" ( 1:2 )

ਇਥੇ ਕਈ ਵਾਰ "ਸਚੇ" ਸ਼ਬਦ ਦੀ ਵਰਤੋਂ ਹੋਈ ਹੈ ਪਰ ਉਪਰ ਦਿੱਤੀਆਂ ਤੁਕਾਂ ਵਿਚੋਂ ਅਖੀਰਲੀ ਤੁਕ ਵਿਚ ਦੋ ਵਾਰ "ਸਚੈ" ਸ਼ਬਦ ਵਰਤਿਆ ਗਿਆ ਹੈ। ਬਹੁਤੇ ਟੀਕਾਕਾਰ ਗੁਰਬਾਣੀ ਵਿਆਕਰਣ ਤੋਂ ਅਗਿਆਤ ਹੋਣ ਕਾਰਨ "ਸਚੈ" ਅਤੇ "ਸਚੇ" ਵਿਚ ਅੰਤਰ ਨਹੀਂ ਜਾਣ ਸਕੇ ਅਤੇ ਉਨ੍ਹਾਂ ਨੇ ਅਨੁਮਾਨ ਦੇ ਆਧਾਰ ਉਤੇ ਹੀ ਅਰਥ ਕੀਤੇ ਹਨ ਜਿਸ ਕਰਕੇ "ਸਚੈ" ਵਾਲੀ ਤੁਕ ਦੇ ਅਰਥਾਂ ਵਿਚ ਟੀਕਿਆਂ ਵਿਚ ਬਹੁਤ ਅਰਥ-ਭਿੰਨਤਾ ਪਾਈ ਗਈ ਹੈ। ਇਸ ਤੁਕ ਦੇ ਟੀਕਾਕਾਰਾਂ ਦੁਆਰਾ ਕੀਤੇ ਭਿੰਨ ਅਰਥ ਨਿਮਨ ਅਨੁਸਾਰ ਹਨ:

1- "ਅਰ ਉਨਕਾ ਤਾਣ ਜੋਰ ਭੀ ਸਚ ਹੈ।"[1]

2- "ਤਿਨ ਕੀ ਤੂੰ ਤ੍ਰਾਨ ਕਿਆ ਕਹੀਏ॥ ਰਖਿਆ ਕਰਤਾ ਹੈ॥ ਤੇ ਸਭ ਹੀ ਜੋਰਾਵਰ ਹੋਤੇ ਹੈਂ।"[2]

3- "ਤੇਰੇ (ਤਾਣ) ਬਲ ਸਚੇ ਹੈਂ ਔ ਤੇਰੇ (ਜੋਰਿ) ਜੋੜ ਭੀ ਸਚੇ ਹੈਂ ਭਾਵ ਜੈਸੇ ਤੈਨੇ ਅੰਗ ਪ੍ਰਤੰਗ ਰਚੇ ਹੈਂ ਤੈਸੇ ਹੀ ਠੀਕ ਹੈਂ।"[3]

4- "ਏਹ ਸਾਰੇ ਹੀ ਸੱਚੇ ਹਨ (ਪਰ ਤੇਰੇ) ਤਾਣ ਕਰਕੇ ਤੇ ਸਾਰੇ ਹੀ ਸੱਚ ਹਨ (ਪਰ ਤੇਰੇ) ਜੋਰ ਕਰਕੇ।"[4]

---

1 ਭਾਈ ਮਨੀ ਸਿੰਘ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, 1947 ਬਿਕ੍ਰਮੀ, ਪੰਨਾ 73.
2 ਆਨੰਦਘਨ, ਟੀਕਾ ਆਸਾ ਦੀ ਵਾਰ, ਪੰਨਾ 7/ੳ.
3 ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਫਰੀਦਕੋਟੀ ਟੀਕਾ), ਜਿਲਦ 2, 1970, ਪੰਨਾ 448.
4 ਭਾਈ ਵੀਰ ਸਿੰਘ, ਪੰਜ ਗ੍ਰੰਥੀ ਸਟੀਕ, ਚੌਥੀ ਛਾਪ, ਪੰਨਾ 396.

5. "ਤੇਰੇ ਤਾਣ ਅਰਥਾਤ ਵਾਕ ਸ਼ਕਤੀ ਸੰਕਲਪ ਸ਼ਕਤੀ ਅਰ ਜ਼ੋਰ ਅਰਥਾਤ ਸ਼ਰੀਰਕ ਬਲ, ਪਰਾਕ੍ਰਮ ਸਭ ਸਚੇ ਹਨ, ਮਨੁਖ ਦਾ ਬਲ ਸਭ ਮਿਥਯਾ ਹੈ।"[1]

6. "ਤੇਰੇ ਬਖਸ਼ੇ ਹੋਏ ਆਤਮਕ ਬਲ ਤੇ ਸ੍ਰੀਰਕ ਬਲ ਭੀ ਸਚੇ ਹਨ।"[2]

7. "ਸਾਰੇ ਸਚੇ ਦੇ ਤਾਣ ਵਿਚ ਹਨ, (ਕਿਉਂਕਿ) ਸਭ ਦੇ ਸਿਰ ਵਿਚ ਸਚੇ ਦਾ ਹੀ ਜ਼ੋਰ ਹੈ।"[3]

8. "(ਇਹ ਖੰਡ, ਬ੍ਰਹਮੰਡ, ਲੋਕ, ਆਕਾਰ, ਜੀਅ, ਜੰਤ ਆਦਿਕ) ਸਾਰੇ ਹੀ ਸਚੇ ਹਰੀ ਦੇ ਤਾਣਿ ਤੇ ਜ਼ੋਰ ਵਿਚ ਹਨ (ਭਾਵ, ਇਹਨਾਂ ਸਭਨਾ ਦੀ ਹਸਤੀ, ਸਭਨਾ ਦਾ ਆਸਰਾ ਪ੍ਰਭੂ ਆਪ ਹੈ।"[4]

9. "ਹੇ ਸਚੇ ਅਕਾਲ ਪੁਰਖ ! ਸਾਰਿਆਂ ਸਰੀਰਾਂ ਵਿਚ ਆਪ ਨੇ ਹੀ ਬਲ ਦਿੱਤਾ ਹੋਇਆ ਹੈ ਅਤੇ ਹੇ ਸਚੇ ! ਸਾਰਿਆਂ ਦੇ ਮਨ ਵਿਚ ਆਪ ਨੇ ਹੀ ਜ਼ੋਰ ਦਿੱਤਾ ਹੋਇਆ ਹੈ।"[5]

10. ਜਿਹੜੇ ਤੈਨੂੰ ਸਿਮਰਦੇ ਹਨ"ਸਾਰੇ ਸਚੇ ਹਨ (ਤੇਰੇ) ਜ਼ੋਰ ਨਾਲ ਹੀ ਸਾਰੇ ਸੱਚੇ ਹਨ।"[6]

ਵਿਚਾਰ ਅਧੀਨ ਤੁਕ ਦੇ ਅਨੇਕ ਅਰਥਾਂ ਵਿਚੋਂ ਸਹੀ ਅਰਥਾਂ ਤਕ ਪੁੱਜਣ ਲਈ "ਸਚੇ" ਅਤੇ "ਸਚੈ" ਸ਼ਬਦਾਂ ਦੇ ਅੰਤਰ ਨੂੰ ਜਾਣਨਾ ਜ਼ਰੂਰੀ ਹੈ। ਇਸ ਸਲੋਕ ਵਿਚ ਜਿਥੇ "ਸਚੇ" ਸ਼ਬਦ ਆਇਆ ਹੈ, ਉਹ ਵਿਸ਼ੇਸ਼ਣ ਹੈ, ਪਰ ਜਿਥੇ "ਸਚੈ" ਆਇਆ ਹੈ ਉਹ ਨਾਂਵ, ਇਕ ਵਚਨ ਅਤੇ ਸੰਬੰਧ ਕਾਰਕ ਹੈ।[7] ਇਸ ਦੇ ਅਰਥ ਹਨ "ਸਚੇ ਦੇ" ਭਾਵ

---

1 ਸਰਦੂਲ ਸਿੰਘ ਗਿਆਨੀ, ਆਸਾ ਦੀ ਵਾਰ ਦੀ ਟੀਕਾ, 1964 ਬਿਕ੍ਰਮੀ, ਪੰਨਾ 42.
2 ਸ਼ੇਰ ਸਿੰਘ, ਧਰਮ ਦਰਪਨ, ਭਾਗ 1, ਪੰਨਾ 20.
3 ਨਰੈਣ ਸਿੰਘ, ਆਸਾ ਦੀ ਵਾਰ ਸਟੀਕ, ਪੰਨਾ 592.
4 ਪ੍ਰੋ: ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਸਤਵੀਂ ਛਾਪ, ਪੰਨਾ 27.
5 ਮਹੰਤ ਕ੍ਰਿਪਾਲ ਸਿੰਘ, ਆਸਾ ਦੀ ਵਾਰ ਸਟੀਕ, 1974, ਪੰਨਾ 610.
6 ਗਿਆਨੀ ਹਰਬੰਸ ਸਿੰਘ, ਆਸਾ ਕੀ ਵਾਰ ਨਿਰਨਯ, 1974, ਪੰਨਾ 70.
7 ਪ੍ਰੋ: ਸਾਹਿਬ ਸਿੰਘ, ਗੁਰਬਾਣੀ ਵਿਆਕਰਣ, ਸਤਵੀਂ ਛਾਪ, ਪੰਨਾ 55 ਉਤੇ ਵੇਖੋ ਸੰਬੰਧ ਕਾਰਕ ।

"ਪਰਮਾਤਮਾ ਦੇ" ।[1] ਵਿਚਾਰ ਅਧੀਨ ਤੁਕ ਵਿਚ "ਤਾਣਿ" ਅਤੇ "ਜੋਰਿ" ਸ਼ਬਦਾਂ ਨੂੰ ਲਗੀਆਂ ਸਿਹਾਰੀਆਂ (ਿ) ਤੋਂ ਪਤਾ ਲਗਦਾ ਹੈ ਕਿ ਇਹ ਦੋਵੇਂ ਸ਼ਬਦ ਨਾਂਵ, ਇਕਵਚਨ ਅਤੇ ਅਧਿਕਰਣ ਕਾਰਕ ਹਨ।[2] ਇਨ੍ਹਾਂ ਦੇ ਅਰਥ ਹਨ "ਤਾਣ ਵਿਚ", "ਜ਼ੋਰ ਵਿਚ"। ਇਉਂ ਵਿਚਾਰ ਅਧੀਨ ਤੁਕ ਦੇ ਵਿਆਕਰਣ ਅਨੁਸਾਰ ਅਰਥ ਹੋਏ :-

"ਸਾਰੇ ਸਚੇ ਦੇ ਤਾਣ ਵਿਚ ਹਨ, ਸਾਰੇ ਸਚੇ ਦੇ ਜੋਰ ਵਿਚ ਹਨ।"

ਇਉਂ ਪ੍ਰੋ: ਸਾਹਿਬ ਸਿੰਘ ਦੁਆਰਾ ਕੀਤੇ ਗਏ ਉਪਰ ਅੰਕ 8 ਵਾਲੇ ਅਰਥ ਹੀ ਠੀਕ ਸਿੱਧ ਹੁੰਦੇ ਹਨ। ਅਸੀਂ ਇਸ ਸਿੱਟੇ ਉਤੇ ਪੁਜਦੇ ਹਾਂ ਕਿ ਧਰਮ ਗ੍ਰੰਥ ਦੇ ਟੀਕਾਕਾਰ ਲਈ ਧਰਮ ਗ੍ਰੰਥ ਦੀ ਭਾਸ਼ਾ ਦੇ ਵਿਆਕਰਣ ਦਾ ਗਿਆਨ ਅਤਿ ਆਵੱਸ਼ਕ ਹੈ।

## <u>ਸੰਕਲਪ ਦੀ ਥਾਹ ਨਾ ਪਾ ਸਕਣਾ</u>

ਧਰਮ ਗ੍ਰੰਥ ਵਿਚ ਅਨੇਕ ਸੰਕਲਪ ਅਜੇਹੇ ਹੁੰਦੇ ਹਨ ਜਿਨ੍ਹਾਂ ਦੀ ਥਾਹ ਪਾ ਸਕਣਾ ਕਠਿਨ ਕਾਰਜ ਹੁੰਦਾ ਹੈ। ਅਜੇਹੇ ਸੰਕਲਪਾਂ ਨੂੰ ਭਾਸ਼ਾਈ ਪੱਧਰ ਉਤੇ ਸਮਝਿਆ ਹੀ ਨਹੀਂ ਜਾ ਸਕਦਾ। ਉਥੇ ਸ਼ਬਦ ਨੇ ਨਵੇਂ ਅਤੇ ਵਿਸ਼ਾਲ ਅਰਥ ਗ੍ਰਹਿਣ ਕੀਤੇ ਹੁੰਦੇ ਹਨ। ਸ਼ਬਦ ਭਾਵਾਂ ਨਾਲ ਭਰਿਆ

---

1 ਗੁਰਬਾਣੀ ਵਿਚ ਅਨੇਕ ਥਾਈਂ ਨਾਂਵ ਨਾਲ ਦੋ ਲਾਵਾਂ ਲਾਕੇ ਉਨ੍ਹਾਂ ਤੋਂ ਸੰਬੰਧਕ ਦਾ ਕੰਮ ਲਿਆ ਗਿਆ ਹੈ ਜਿਵੇਂ

(ੳ) "ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ॥" (15)
ਖਸਮੈ = ਖਸਮ ਨੂੰ

(ਅ) "ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ॥" (16)
ਚਿਤੈ = ਚਿਤ ਦੇ

(ੲ) "ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥" (2:19)
ਭੰਡੈ = ਭੰਡ ਤੋਂ

(ਸ) "ਨਾਨਕ ਤੇ ਮੁਖ ਉਜਲੇ ਤਿਤੁ ਸਚੈ ਦਰਬਾਰਿ॥" (2:19)
ਸਚੈ ਦਰਬਾਰਿ = ਸਚੇ ਦੇ ਦਰਬਾਰ ਵਿਚ ।

2 ਇਸ ਨਿਯਮ ਲਈ ਦੇਖੋ ਪ੍ਰੋ: ਸਾਹਿਬ ਸਿੰਘ, <u>ਗੁਰਬਾਣੀ ਵਿਆਕਰਣ</u>, ਸਤਵੀਂ ਛਾਪ, ਪੰਨਾ 97.

ਪਿਆ ਹੁੰਦਾ ਹੈ। ਜਿੰਨੇ ਜਿੰਨੇ ਕਿਸੇ ਟੀਕਾਕਾਰ ਕੋਲ ਗਿਆਨ, ਅਨੁਭਵ ਅਤੇ ਸਮਰਥਾ ਹੁੰਦੇ ਹਨ, ਉਸ ਭਾਵ ਨਾਲ ਨਕੋ ਨਕ ਭਰੇ ਸੰਕਲਪਾਤਮਕ ਸ਼ਬਦ ਵਿਚੋਂ ਕੇਵਲ ਉਨਾ ਹੀ ਉਹ ਜਾਣ ਸਕਦਾ ਹੈ। ਇਸੇ ਕਰਕੇ ਧਰਮ-ਗ੍ਰੰਥ ਦੇ ਕਿਸੇ ਸੰਕਲਪ ਨੂੰ ਟੀਕਿਆਂ ਵਿਚ ਜਿਥੇ ਬਿਆਨ ਕੀਤਾ ਵੇਖੀਦਾ ਹੈ ਤਾਂ ਬੜੀ ਅਰਥ-ਭਿੰਨਤਾ ਨਜ਼ਰ ਆਉਂਦੀ ਹੈ। ਇਥੇ ਅਸੀਂ ਆਸਾ ਦੀ ਵਾਰ ਦੀ ਕੇਵਲ ਇਕ ਤੁਕ ਲੈਂਦੇ ਹਾਂ ਜਿਸ ਵਿਚ ਸੰਕਲਪਾਤਮਕ ਸ਼ਬਦ ਨਾਮ (ਨਾਉ) ਆਇਆ ਹੈ। ਤੁਕ ਹੈ:

"ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥" (1)

ਇਸ ਤੁਕ ਵਿਚ ਦੋ ਵੱਖ ਵੱਖ ਸ਼ਕਤੀਆਂ ਸਾਜੇ ਜਾਣ ਦਾ ਜ਼ਿਕਰ ਹੈ (1) ਆਪੀਨ੍ਹੈ ਆਪੁ ਸਾਜਿਓ (II) ਆਪੀਨ੍ਹੈ ਰਚਿਓ ਨਾਉ ; ਭਾਵ ਆਪਣੀ ਸਾਜਨਾ ਅਤੇ ਨਾਮ ਦੀ ਸਾਜਨਾ। "ਆਪੀਨ੍ਹੈ ਆਪੁ ਸਾਜਿਓ" ਦੇ ਅਰਥ ਕਰਨ ਲੱਗਿਆਂ ਟੀਕਾਕਾਰਾਂ ਵਿਚ ਮੁੱਢਲਾ ਮਤ ਭੇਦ ਇਹ ਪੈਦਾ ਹੋਇਆ ਹੈ ਕਿ ਇਸ ਵਾਕੰਸ਼ ਵਿਚ ਸ੍ਰਿਸ਼ਟੀ ਸਾਜਣ ਦਾ ਵਰਣਨ ਹੈ ਜਾਂ ਪ੍ਰਭੂ ਦੇ ਸ੍ਵੈਯੰਭੂ ਹੋਣ ਦਾ। ਗਿਆਨ ਰਤਨਾਵਲੀ ਵਿਚ ਇਸ ਵਾਕੰਸ਼ ਤੋਂ ਭਾਵ ਸ੍ਰਿਸ਼ਟੀ ਸਾਜਨਾ ਦਾ ਲਿਆ ਗਿਆ ਹੈ ਅਤੇ ਅਰਥ ਇਸ ਪ੍ਰਕਾਰ ਕੀਤੇ ਗਏ ਹਨ:

"ਮਹਾਰਾਜ ਨੇ ਅਪਨੀ ਸਕਤ ਕਰ ਜਗਤ ਉਤਪਤਿ ਕੀਤਾ ਹੈ
ਅਰ ਨਾਨਾ ਪ੍ਰਕਾਰ ਦੀਆਂ ਜੂਨਾਂ ਰਚੀਆਂ ਹਨ।"[1]

ਪਰ ਸੁਆਮੀ ਆਨੰਦਘਨ ਦਾ ਮਤ ਹੈ ਕਿ ਇਸ ਵਾਕੰਸ਼ ਵਿਚ ਪ੍ਰਭੂ ਦੇ ਸ੍ਵੈਯੰਭੂ ਰੂਪ ਦਾ ਜ਼ਿਕਰ ਕੀਤਾ ਗਿਆ ਹੈ। ਉਹ ਲਿਖਦੇ ਹਨ:-

"ਪ੍ਰਮੇਸਵਰ ਤੌਂ ਅਨੰਤਰੂਪ ਹੈ। ਪ੍ਰਿਥਮ ਸ੍ਵਯੰਭ ਰੂਪ ਪਰਮੇਸ਼ੁਰ ਕੀ
ਮਹਮਾ ਕਹਤੇ ਹੈ। ਆਪੀਨੈ ਆਪੁ ਸਾਜਿਓ...। ਮਹਾਰਾਜ ਆਪਣੇ
ਆਪ ਕਰਿ ਕਰਿ ਹੀ ਤੈਨੇ ਆਪਣੇ ਆਪ ਕੋ ਰਚਿਆ॥"[2]

---

1 ਭਾਈ ਮਨੀ ਸਿੰਘ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, 1947 ਬਿਕ੍ਰਮੀ, ਪੰਨਾ 67.

2 ਟੀਕਾ ਆਸਾ ਦੀ ਵਾਰ, ਪੰਨਾ 4/ਅ.

ਇਸ ਮਤ ਵਾਲੇ ਟੀਕਾਕਾਰਾਂ ਵਿਚ ਅਗੋਂ ਫੇਰ ਮਤ-ਭੇਦ ਮਿਲਦਾ ਹੈ। ਇਕ ਵਿਚਾਰ ਇਹ ਹੈ ਕਿ ਇਸ ਵਾਕੰਸ਼ ਵਿਚ ਨਿਰਗੁਣ ਬ੍ਰਹਮ ਦੁਆਰਾ ਆਪਣਾ ਸਗੁਣ ਰੂਪ ਸਾਜਣ ਦਾ ਜ਼ਿਕਰ ਹੈ ਪਰ ਦੂਸਰਾ ਵਿਚਾਰ ਇਹ ਹੈ ਕਿ ਇਸ ਵਾਕੰਸ਼ ਵਿਚ ਪ੍ਰਭੂ ਦੁਆਰਾ ਆਪਣੇ ਨਿਰਗੁਣ ਰੂਪ ਦੀ ਸਾਜਨਾ ਦਾ ਵਰਨਣ ਹੈ। ਭਾਈ ਵੀਰ ਸਿੰਘ ਇਸ ਵਾਕੰਸ਼ ਵਿਚ ਨਿਰਗੁਣ ਬ੍ਰਹਮ ਦੁਆਰਾ ਸਗੁਣ ਬ੍ਰਹਮ ਦੀ ਸਾਜਨਾ ~~ਦਾ ਵਰਨਣ ਹੈ~~ ਮੰਨਦੇ ਹਨ। ਉਹ ਲਿਖਦੇ ਹਨ :-

> "ਆਪ ਹੀ (ਨਿਰਗੁਣ ਨਿਰਾਕਾਰ ਪਰਮਾਤਮਾ) ਨੇ ਆਪ ਨੂੰ
> (ਸਰਗੁਣ ਰੂਪਤਾ ਵਿਚ) ਉਪਾਇਆ।"[1]

ਪਰ ਡਾ. ਤਾਰਨ ਸਿੰਘ ਨੇ ਇਸ ਵਾਕੰਸ਼ ਦੇ ਅਰਥ ਇਉਂ ਕੀਤੇ ਹਨ:-

> "ਪ੍ਰਭੂ ਨੇ ਆਪ ਹੀ ਆਪਣਾ ਆਪ (ਨਿਰਗੁਣ ਰੂਪ) ਸਾਜਿਆ।"[2]

ਵਿਚਾਰ ਅਧੀਨ ਤੁਕ ਦੇ ਪਹਿਲੇ ਵਾਕੰਸ਼ ਦੇ ਅਰਥਾਂ ਦੇ ਆਧਾਰ ਉਤੇ ਟੀਕਾਕਾਰਾਂ ਦਾ ਜੋ ਉਪਰੋਕਤ ਵਰਗੀਕਰਣ ਬਣਦਾ ਹੈ, ਇਹੋ ਵਰਗੀਕਰਣ ਅਗੇ ਸੰਕਲਪਾਤਮਕ ਸ਼ਬਦ "ਨਾਮ" ਦੀ ਵਿਆਖਿਆ ਦਾ ਆਧਾਰ ਬਣਿਆ ਹੈ।

ਵਿਚਾਰ ਅਧੀਨ ਵਾਕੰਸ਼ "ਆਪੀਨੈ ਰਚਿਓ ਨਾਉ" ਦੇ ਸਰਲਾਰਥ ਹਨ : "ਆਪ ਹੀ ਪ੍ਰਭੂ ਨੇ ਨਾਮ ਦੀ ਰਚਨਾ ਕੀਤੀ।" ਪਰ ਇਹ ਨਾਮ ਹੈ ਕੀ, ਇਸ ਬਾਰੇ ਟੀਕਾਕਾਰਾਂ ਦੇ ਵੱਖ ਵੱਖ ਵਿਚਾਰ ਹਨ। ਇਕ ਵਿਚਾਰ ਇਹ ਮਿਲਦਾ ਹੈ ਕਿ ਨਾਮ ਤੋਂ ਭਾਵ ਪ੍ਰਭੂ ਦੁਆਰਾ ਆਪਣੇ ਆਪ ਨੂੰ ਦਿੱਤੀ ਸੰਗਿਆ ਹੈ। ਸੋਢੀ ਮਿਹਰਬਾਨ ਦਾ ਮਤ ਹੈ ਕਿ ਸੁੰਨ ਅਵਸਥਾ ਵਿਚ ਇਹ ਸੰਗਿਆ "ਸੁੰਨ ਕਰਤਾ ਪੁਰਖ" ਸੀ ਪਰ ਜਦੋਂ ਉਹ ਰਚਨਾ ਕਰਨ ਲੱਗਾ ਤਾਂ ਇਹ ਸੰਗਿਆ 'ਕਰਤਾ ਪੁਰਖ' ਹੋਈ। ਆਪ ਲਿਖਦੇ ਹਨ:-

> "ਪਹਿਲਾ ਸੁੰਨੁ ਥੀ ਆਪਣਾ ਨਾਉਂ ਕੀਤੋਨੁ ਜਿ ਕਰਤਾ ਪੁਰਖੁ।
> ਪ੍ਰਥਮੇ ਏਹ ਨਾਉਂ ਸੁੰਨ ਕਰਤਾ ਪੁਰਖ ਹੋਇਆ। ਕਰਤਾ ਕਾ
> ਅਰਥੁ ਜਿ ਰਚਨਾ ਕਰਣਿ ਲਾਗਾ, ਤਿਸ ਥੀਂ ਕਰਤਾ ਪੁਰਖੁ।"[3]

---

1 ਪੰਜ ਗ੍ਰੰਥੀ ਸਟੀਕ, ਚੌਥੀ ਛਾਪ, ਪੰਨਾ 393.

2 ਗੁਰੂ ਨਾਨਕ ਬਾਣੀ ਪ੍ਰਕਾਸ਼, ਜਿਲਦ ਪਹਿਲੀ, 1969, ਪੰਨਾ 546.

3 ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੈਂਚੀ ਪਹਿਲੀ, 1962, ਪੰਨਾ 496.

ਇਉਂ ਹੀ ਸੁਆਮੀ ਆਨੰਦਘਨ ਨੇ ਵੀ ਕਈ ਨਾਮ ਗਿਣਾਏ ਹਨ। ਉਹ ਲਿਖਦੇ ਹਨ:

"ਅਰ ਆਪਣੇ ਆਪਿ ਕਰਿ ਤੈਨੇ ਆਪਣਾ ਨਾਮ ਭੀ ਰਚਾ।
ਨਿਰਾਕਾਰ ਨਿਰਵਿਕਾਰ ਆਤਮਾ ਪ੍ਰਮਾਤਮਾ ਚਿਦਾਤਮਾ ਨਿਰਗੀ
ਨਿਰੰਜਨਿ ਅਕਾਲ ਅਬਨਾਸੀ ਬ੍ਰਹਮ ਇਸਤੇ ਲੇਕਰ ।"[1]

ਗਿਆਨ ਰਤਨਾਵਲੀ ਵਿਚ ਟੀਕਾਕਾਰ ਨੇ "ਆਪੀਨੈ ਰਚਿਓ ਨਾਉ" ਦੇ ਅਰਥ ਕਰਦਿਆਂ ਨਾਮ ਬਾਰੇ ਕੇਵਲ ਇਤਨਾ ਹੀ ਕਿਹਾ ਹੈ :

"(ਉਸ ਪ੍ਰਭੂ ਨੇ)" ਇਕ ਆਪਣਾ ਹੀ ਨਾਮ ਜੀਆਂ
ਦੇ ਉਧਾਰ ਵਾਸਤੇ ਰਚਿਆ ਹੈ।"[2]

ਗਿਆਨੀ ਸੰਪ੍ਰਦਾਇ ਦੇ ਅਰਥਾਂ ਦਾ ਦਾਅਵਾ ਕਰਨ ਵਾਲੇ ਹੀ ਫਰੀਦਕੋਟੀ ਟੀਕੇ ਵਿਚ ਗਿਆਨ ਰਤਨਾਵਲੀ ਵਿਚ ਪੇਸ਼ ਕੀਤੇ ਨੁਕਤੇ ਦਾ ਹੋਰ ਵਧੇਰੇ ਭੇਦ ਖੁਲ੍ਹਦਾ ਹੈ। ਉਥੇ ਲਿਖਿਆ ਹੈ:

"ਆਪ ਹੀ ਤੈਨੇ ਨਾਮ ਰੂਪ ਆਤਮਕ ਜਗਤ ਰਚਾ ਹੈ।"[3]

ਇਉਂ ਸਾਨੂੰ ਪਤਾ ਲਗਦਾ ਹੈ ਕਿ "ਆਪੀਨੈ ਆਪੁ ਸਾਜਿਓ" ਤੋਂ ਜਗਤ ਰਚਨਾ ਦਾ ਭਾਵ ਲੈਣ ਵਾਲੇ ਇਹ ਦੋਵੇਂ ਟੀਕਾਕਾਰ ਨਾਮ ਨੂੰ ਪਦਾਰਥਕ ਜਗਤ ਦੇ ਮੁਕਾਬਲੇ ਵਿਚ ਆਤਮਕ ਜਗਤ ਮੰਨਦੇ ਹਨ ਜਿਸ ਨਾਲ ਜੁੜ ਕੇ ਜੀਵਾਂ ਦਾ ਕਲਿਆਨ ਹੋ ਸਕਦਾ ਹੈ। ਪਰ "ਆਪੀਨੈ ਆਪੁ ਸਾਜਿਓ" ਤੋਂ ਜਗਤ ਰਚਨਾ ਦਾ ਭਾਵ ਲੈਣ ਵਾਲੇ ਇਕ ਹੋਰ ਟੀਕਾਕਾਰ ਪੰਡਿਤ ਨਰੈਣ ਸਿੰਘ ਨੇ ਨਾਮ ਦੇ ਬਹੁਤ ਹੀ ਸਤਹੀ ਅਰਥ ਕੀਤੇ ਹਨ। ਉਹ ਲਿਖਦੇ ਹਨ:

" (ਹੇ ਵਾਹਿਗੁਰੂ ! ਤੁਸਾਂ) ਆਪੇ ਹੀ ਅਪਨੇ ਤੋਂ (ਪੰਜ ਤੱਤ ਤੇ ਫਿਰ
ਉਨ੍ਹਾਂ ਤੋਂ ਜਗਤ) ਨੂੰ ਸਾਜਿਆ ਹੈ ਅਤੇ ਆਪੇ (ਹੀ ਉਨ੍ਹਾਂ ਦਾ) ਨਾਉਂ
ਰਖਿਆ ਹੈ।"[4]

ਨਾਮ ਬਾਰੇ ਟੀਕਿਆਂ ਵਿਚ ਇਕ ਵਿਚਾਰ ਇਹ ਵੀ ਮਿਲਦਾ ਹੈ ਕਿ ਨਾਮ ਦੀ ਰਚਨਾ ਤੋਂ ਭਾਵ ਪ੍ਰਭੂ ਦੇ ਸਰਗੁਣ ਰੂਪ ਦੀ ਰਚਨਾ ਹੈ। ਇਹ ਅਰਥ ਉਹ ਟੀਕਾਕਾਰ ਕਰਦੇ ਹਨ ਜਿਨ੍ਹਾਂ

---

1 ਟੀਕਾ ਆਸਾ ਦੀ ਵਾਰ, ਪੰਨਾ 4/ਅ.
2 ਭਾਈ ਮਨੀ ਸਿੰਘ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, 1947 ਬਿਕ੍ਰਮੀ, ਪੰਨਾ 67.
3 ਜਿਲਦ 2, 1970, ਪੰਨਾ 447.
4 ਆਸਾ ਦੀ ਵਾਰ ਸਟੀਕ, ਪੰਨਾ 590.

ਦੇ ਵਿਚਾਰ ਵਿਚ "ਆਪੀਨੈ ਆਪੁ ਸਾਜਿਓ" ਵਾਕੰਸ਼ ਵਿਚ ਪ੍ਰਭੂ ਦੇ ਨਿਰਗੁਣ ਰੂਪ ਨੂੰ ਉਪਾਇਆ ਦਸਿਆ ਗਿਆ ਹੈ। ਇਸ ਸੰਬੰਧ ਵਿਚ ਪ੍ਰਿੰਸੀਪਲ ਤੇਜਾ ਸਿੰਘ ਅਤੇ ਡਾ. ਤਾਰਨ ਸਿੰਘ ਦੇ ਵਿਚਾਰ ਦੇਖਣਯੋਗ ਹਨ। ਪ੍ਰਿੰਸੀਪਲ ਤੇਜਾ ਸਿੰਘ ਲਿਖਦੇ ਹਨ:-

> "ਫਿਰ ਜਦ ਵਾਹਿਗੁਰੂ 'ਗੁਪਤਹ ਪਰਗਟੀ ਆਇਆ' ਤਾਂ ਉਹ ਸਰਗੁਣ ਰੂਪ ਵਿਚ ਹੋਇਆ। ਇਸੇ ਨੂੰ ਨਾਮ ਰੂਪ ਕਿਹਾ ਹੈ।"[1]

ਡਾ. ਤਾਰਨ ਸਿੰਘ ਲਿਖਦੇ ਹਨ:

> "ਆਪ ਹੀ ਆਪਣੇ ਆਤਮ ਸਰੂਪ ਅਰਥਾਤ ਨਾਮ (ਸਰਗੁਣ ਰੂਪ) ਨੂੰ ਰਚਿਆ।"[2]

ਭਾਈ ਵੀਰ ਸਿੰਘ ਅਨੁਸਾਰ ਨਾਮ ਤੋਂ ਭਾਵ ਸ਼ਬਦ ਹੈ।[3] ਪ੍ਰੋ. ਸਾਹਿਬ ਸਿੰਘ ਨੇ ਨਾਮ ਤੋਂ ਭਾਵ ਨਾਮਣਾ ( ਵਡਿਆਈ) ਲਿਆ ਹੈ।[4] ਗਿਆਨੀ ਸ਼ੇਰ ਸਿੰਘ ਅਨੁਸਾਰ, "ਨਾਮ ਦਾ ਅਰਥ ਵਾਹਿਗੁਰੂ ਦਾ ਪ੍ਰੇਮ ਜਾਂ ਯਥਾਰਥ ਗਿਆਨ ਹੈ।"[5]

ਇਉਂ ਅਸੀਂ ਦੇਖਦੇ ਹਾਂ ਕਿ ਪ੍ਰਭੂ ਦੁਆਰਾ ਨਾਮ ਦੀ ਰਚਨਾ ਨੂੰ ਵੱਖ ਵੱਖ ਟੀਕਾਕਾਰਾਂ ਨੇ ਆਪੋ ਆਪਣੀ ਬੁਧ ਜਾਂ ਅਨੁਭਵ ਅਨੁਸਾਰ ਬਿਆਨ ਕੀਤਾ ਹੈ ਪਰ ਉਨ੍ਹਾਂ ਵਿਚ ਮਤ-ਭੇਦ ਬਹੁਤ ਜ਼ਿਆਦਾ ਹੈ।

ਫਿਰ ਨਾਮ ਹੈ ਕੀ ? ਇਸ ਬਾਰੇ ਗੁਰਬਾਣੀ ਵਿਚ ਅਤੇ ਟੀਕਿਆਂ ਵਿਚ ਕੁਝ ਮਹੱਤਵਪੂਰਣ ਸੰਕੇਤ ਮਿਲਦੇ ਹਨ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਚਨ

---

1 <u>ਆਸਾ ਦੀ ਵਾਰ ਸਟੀਕ</u>, ਦੂਜੀ ਛਾਪ, ਪੰਨਾ 22.

2 <u>ਗੁਰੂ ਨਾਨਕ ਬਾਣੀ ਪ੍ਰਕਾਸ਼</u>, ਜਿਲਦ ਪਹਿਲੀ, 1969, ਪੰਨਾ 546.

3 <u>ਪੰਜ ਗ੍ਰੰਥੀ ਸਟੀਕ</u>, ਛੇਵੀਂ ਛਾਪ, ਪੰਨਾ 393.

4 <u>ਆਸਾ ਦੀ ਵਾਰ ਸਟੀਕ</u>, ਪੰਜਵੀਂ ਛਾਪ, ਪੰਨਾ 26.

5 <u>ਧਰਮ ਦਰਪਨ, ਭਾਗ</u> 1, ਪੰਨੇ 13, 14.

ਹਨ :

"ਕਿਰਤਮ ਨਾਮ ਕਥੇ ਤੇਰੇ ਜਿਹਬਾ ॥
ਸਤਿਨਾਮ ਤੇਰਾ ਪਰਾ ਪੂਰਬਲਾ ॥"[1]

"ਕਿਰਤਮ ਨਾਮ" ਤੋਂ ਭਾਵ ਹੈ ਰਚੇ ਹੋਏ ਨਾਮ। ਉਹ ਨਾਮ ਜੋ ਪ੍ਰਭੂ ਦੇ ਗੁਣਾਂ, ਲਛਣਾਂ, ਕੀਤੇ ਹੋਏ ਕੰਮਾਂ ਨੂੰ ਦੇਖ ਕੇ ਮਨੁੱਖਾਂ ਨੇ ਰਚੇ (ਰਖੇ) ਹਨ।" ਕਥੇ ਤੇਰੇ ਜਿਹਬਾ" ਵਾਕੰਸ਼ ਤੋਂ ਪਤਾ ਲਗਦਾ ਹੈ ਕਿ ਅਜੇਹੇ ਕਿਰਤਮ ਨਾਮ ਜੀਭ ਰਾਹੀਂ ਕਥਨ ਕੀਤੇ ਜਾਂਦੇ ਹਨ।

ਕਿਰਤਮ ਨਾਮ ਨੂੰ ਹੀ ਦਸਮ ਪਾਤਸ਼ਾਹ ਜਾਪੁ ਸਾਹਿਬ ਵਿਚ ਕਰਮ-ਨਾਮ ਆਖਦੇ ਹਨ। ਆਪ ਪ੍ਰਭੂ ਦੇ ਗੁਣਾਂ ਨੂੰ ਬਿਆਨ ਕਰਦੇ ਹੋਏ ਲਿਖਦੇ ਹਨ :

"ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿੱਜੈ॥
ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿੱਜੈ ।।
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਤ ॥
ਤ੍ਵ ਸਰਬ ਨਾਮ ਕਥੈ ਕਵਨ ਕਰਮ-ਨਾਮ ਬਰਣਤ ਸੁਮਿੱਤ ॥"[2]

ਅੰਤਲੀ ਤੁਕ ਦਾ ਭਾਵ ਹੈ ਕਿ ਤੇਰੇ ਸਾਰੇ ਨਾਮ ਕਉਣ ਗਿਣੇ ( ਭਾਵ ਗੁਣਾਂ ਜਾਂ ਕੀਤੇ ਕੰਮਾਂ ਦੇ ਆਧਾਰ ਉਤੇ ਤੇਰੇ ਬਿਅੰਤ ਨਾਮ ਹਨ), ਸ਼ੁਧ ਮੱਤਿ ਵਾਲਾ ਕਰਮ-ਨਾਮ ਨੂੰ ਵਰਣਨ ਕਰਦਾ ਹੈ।

"ਅਪੀਨੈ ਰਚਿਓ ਨਾਉ" ਦੇ ਵੱਖ ਵੱਖ ਅਰਥਾਂ ਨੂੰ ਬਿਆਨ ਕਰਦਿਆਂ ਅਸੀਂ ਦੇਖ ਚੁਕੇ ਹਾਂ ਕਿ ਸੋਢੀ ਮਿਹਰਬਾਨ ਅਤੇ ਸੁਆਮੀ ਆਨੰਦ-ਘਨ ਨੇ ਕੁਛ ਨਾਮ ਸੁਝਾਏ ਹਨ ਜਿਨ੍ਹਾਂ ਨੂੰ ਉਹ ਪ੍ਰਭੂ ਦੁਆਰਾ ਰਚੇ ਨਾਮ ਮੰਨਦੇ ਹਨ। ਪਰ ਗੁਰਬਾਣੀ ਦੀਆਂ ਕਿਰਤਮ ਨਾਮ ਅਤੇ ਕਰਮ-ਨਾਮ ਬਾਰੇ ਦਿੱਤੀਆਂ ਉਪਰੋਕਤ ਟੂਕਾਂ ਉਨ੍ਹਾਂ ਦੇ ਇਸ ਵਿਚਾਰ ਨੂੰ ਠੀਕ ਸਿੱਧ ਨਹੀਂ ਕਰਦੀਆਂ। ਇਹ ਨਾਮ ਤਾਂ ਮਨੁਖਾਂ ਨੇ ਕਲਪੇ ਹਨ। ਪ੍ਰਭੂ ਨੇ ਨਹੀਂ ਰਚੇ। ਗੁਰਬਾਣੀ ਅਨੁਸਾਰ ਤਾਂ ਉਹ ਬੇਅੰਤ

---

1 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1083.

2 ਛੰਦ 1.

ਗੁਣਾਂ ਦਾ ਮਾਲਕ ਹੈ; ਉਸ ਦੇ ਸਾਰੇ ਗੁਣ ਗਿਣੇ ਹੀ ਨਹੀਂ ਜਾ ਸਕਦੇ।[1] ਇਸ ਲਈ ਉਹ ਅਜੇਹੇ ਨਾਮਾਂ ਦੀ ਸੀਮਾਂ ਤੋਂ ਪਰੇ ਹੈ। ਦਸਮ ਪਾਤਸ਼ਾਹ ਨੇ ਇਸੇ ਕਰਕੇ ਉਸ ਨੂੰ ਅਨਾਮ ਆਖਿਆ ਹੈ।[2]

ਪ੍ਰਭੂ ਦੇ ਅਨਾਮ ਹੋਣ ਦੀ ਗਵਾਹੀ ਪਵਿਤਰ ਬਾਈਬਲ ਵਿਚੋਂ ਵੀ ਮਿਲਦੀ ਹੈ। ਮੂਸਾ ਭੇਡਾਂ ਚਰਾ ਰਿਹਾ ਸੀ ਤਾਂ ਪ੍ਰਭੂ ਨੇ ਉਸ ਨੂੰ ਬਲਦੀ ਝਾੜੀ ਭਾਵ ਪ੍ਰਕਾਸ਼ ਰੂਪ ਵਿਚ ਦਰਸ਼ਨ ਦਿੱਤੇ। ਰਬ ਨੇ ਕਿਹਾ ਕਿ ਤੂੰ ਇਸਰਾਈਲੀਆਂ ਨੂੰ ਮਿਸਰ ਦੇ ਬਾਦਸ਼ਾਹ ਦੀ ਕੈਦ ਵਿਚੋਂ ਛੁਡਾ ਅਤੇ ਉਨ੍ਹਾਂ ਨੂੰ ਦਸ ਕਿ ਤੁਹਾਡੇ ਪਿਉ ਦਾਦੇ ਦਾ ਜੋ ਰੱਬ ਹੈ ਉਸ ਨੇ ਮੈਨੂੰ ਘਲਿਆ ਹੈ। ਮੂਸਾ ਨੇ ਰੱਬ ਨੂੰ ਆਖਿਆ ਕਿ ਉਹ ਮੈਨੂੰ ਪੁਛਣਗੇ ਕਿ ਜਿਸਨੇ ਤੈਨੂੰ ਭੇਜਿਆ ਹੈ, ਉਸ ਦਾ ਨਾਮ ਕੀ ਹੈ, ਤਾਂ ਮੈਂ ਉਨ੍ਹਾਂ ਨੂੰ ਕੀ ਉੱਤਰ ਦੇਵਾਂਗਾ। ਤਾਂ ਰੱਬ ਨੇ ਮੂਸਾ ਨੂੰ ਕਿਹਾ ਕਿ ਮੈਂ ਹਾਂ ਜੋ ਮੈਂ ਹਾਂ ਅਤੇ ਤੂੰ ਇਸਰਾਈਲ ਦੇ ਬੱਚਿਆਂ ਨੂੰ ਇਹੋ ਕਹੀਂ।[3]

ਸਪਸ਼ਟ ਹੈ ਕਿ ਰੱਬ ਨੇ ਕਿਸੇ ਕਿਰਤਮ ਨਾਮ ਨੂੰ ਆਪਣੇ ਨਾਲ ਜੋੜਨ ਦੀ ਬਜਾਏ ਆਪਣੇ ਆਪ ਨੂੰ ਅਨਾਮ ਰੱਖ ਕੇ ਆਪਣੀ ਹੋਂਦ ਨੂੰ ਹੀ ਦ੍ਰਿੜ੍ਹ ਕਰਵਾਇਆ।

ਕਿਰਤਮ ਨਾਮ ਜਾਂ ਕਰਮ-ਨਾਮ ਤੋਂ ਬਿਨਾਂ ਗੁਰਬਾਣੀ ਵਿਚੋਂ ਨਾਮ ਦਾ ਇਕ ਹੋਰ ਰੂਪ ਵੀ ਪ੍ਰਗਟ ਹੁੰਦਾ ਹੈ, ਜਿਸ ਨੂੰ ਭਾਈ ਵੀਰ ਸਿੰਘ ਨੇ ਇਉਂ ਬਿਆਨ ਕੀਤਾ ਹੈ :-

---

1 "ਸੁਣਿ ਸ੍ਰਵਨ ਬਾਨੀ ਗੁਰ ਗਿਆਨੀ ਮਨਿ ਨਿਧਾਨਾ ਪਾਵਹੇ ॥
ਹਰਿ ਰੰਗਿ ਰਾਤੇ ਪ੍ਰਭ ਬਿਧਾਤੇ ਰਾਮ ਕੇ ਗੁਣ ਗਾਵਹੇ॥
ਬਸੁਧ ਕਾਗਦ ਬਨਰਾਜ ਕਲਮਾ ਲਿਖਣ ਕਉ ਜੇ ਹੋਇ ਪਵਨ ॥
ਬੇਅੰਤ ਅੰਤੁ ਨ ਜਾਇ ਪਾਇਆ, ਗਹੀ ਨਾਨਕ ਚਰਣ ਸਰਣ ॥"
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 458)

2 "ਅਲੇਖ ਹੈਂ। ਅਭੇਖ ਹੈਂ। ਅਨਾਮ ਹੈਂ। ਅਕਾਮ ਹੈਂ।"
( ਜਾਪੁ ਸਾਹਿਬ )

3 "And Moses said unto God, Behold, when I come unto the children of Israel, and shall say unto them, the God of your Fathers hath sent me unto you; and they shall say to me, What is his name? What shall I say unto them? And God said unto Moses, I AM THAT I AM; and he said, thus shalt thou say unto the children of Israel." -Exodus 3, 13 & 14 ( King James Version).

"ਨਾਮ ਪਦ ਸ਼ਬਦ ਦੇ ਅਰਥਾਂ ਵਿਚ ਆਯਾ ਹੈ; ਨਾਮ ਕੇ
ਧਾਰੇ ਆਗਾਸ ਪਾਤਾਲ ॥' ( ਗਉੜੀ : ਸੁਖ: ) ਪੁਨ:- ਨਾਮੈ ਹੀ
ਤੇ ਸਭੁ ਕਿਛੁ ਹੋਆ ਬਿਨੁ ਸਤਿਗੁਰ ਨਾਮੁ ਨ ਜਾਪੈ॥ (ਸੂਹੀ ਮ: 3)"[1]

ਇਨ੍ਹਾਂ ਤੁਕਾਂ ਤੋਂ ਪਤਾ ਲਗਦਾ ਹੈ ਕਿ ਸਾਰਾ ਕੁਝ ਨਾਮ ਤੋਂ ਪੈਦਾ ਹੋਇਆ ਹੈ ਅਤੇ ਨਾਮ ਦੇ ਆਸਰੇ ਕਾਇਮ ਹੈ। ਇਥੇ ਨਾਮ ਤੋਂ ਪੈਦਾ ਹੋਇਆ ਕਿਹਾ ਹੈ ਪਰ ਹੋਰ ਥਾਂ ਹੁਕਮ ਤੋਂ ਪੈਦਾ ਹੋਇਆ ਵੀ ਕਿਹਾ ਗਿਆ ਹੈ ਅਤੇ ਸ਼ਬਦ ਤੋਂ ਪੈਦਾ ਹੋਇਆ ਵੀ।

1- "ਤੂ ਹੁਕਮੀ ਸਾਜਹਿ ਸ੍ਰਿਸਟਿ ਸਾਜਿ ਸਮਾਵਹੀ ॥"[2]
( ਮਾਰੂ ਮ: 5 )

2- "ਉਤਪਤਿ ਪਰਲਉ ਸਬਦੇ ਹੋਵੈ ॥
ਸਬਦੇ ਹੀ ਫਿਰਿ ਓਪਤਿ ਹੋਵੈ ।"[3]
( ਮਾਝ ਮ: 1 )

ਇਸੇ ਕਰਕੇ ਡਾ. ਭਾਈ ਜੋਧ ਸਿੰਘ ਲਿਖਦੇ ਹਨ :

"ਹੁਕਮ, ਸ਼ਬਦ ਤੇ ਨਾਮ ਇਕੋ ਪਦਾਰਥ ਦੇ ਵਖ ਵਖ
ਨੁਕਤਾ-ਨਿਗਾਹਾਂ ਤੋਂ ਕੇਵਲ ਅਡਰੇ ਅਡਰੇ ਜ਼ਿਕਰ ਹਨ।"[4]

ਕੁਝ ਇਸੇ ਕਿਸਮ ਦੇ ਵਿਚਾਰ ਸਿੱਖ ਧਰਮ ਦੇ ਇਕ ਹੋਰ ਵਿਦਵਾਨ ਭਗਤ ਸਿੰਘ ਹੀਰਾ ਨੇ ਆਪਣੀ ਪੁਸਤਕ 'ੴ ਦਰਸ਼ਨ' ਵਿਚ ਪ੍ਰਗਟ ਕੀਤੇ ਹਨ। ਉਹ ਲਿਖਦੇ ਹਨ:

"ਨਾਮ ਹੁਕਮ ਹੀ ਹੈ ਜੋ ਕਵਉ ਦਾ ਰੂਪ ਧਾਰ ਸ਼ਬਦ ਅਖਵਾਂਦਾ ਹੈ।"[5]

---

1- ਪੰਜ ਗ੍ਰੰਥੀ ਸਟੀਕ, ਚੌਥੀ ਛਾਪ, ਪੰਨਾ 393, ਪਦ-ਟਿਪਣੀ ।

2 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1095.

3 ਉਹੀ, ਪੰਨਾ 117.

4 ਗੁਰਮਤਿ ਨਿਰਣਯ, ਨੌਵੀਂ ਛਾਪ, ਪੰਨਾ 249.

5 ਪਹਿਲੀ ਛਾਪ, 1977, ਪੰਨਾ 60.

ਇਉਂ ਅਸੀਂ ਦੇਖਦੇ ਹਾਂ ਕਿ ਸ਼ਬਦ ਅਤੇ ਹੁਕਮ ਵਾਂਗ ਹੀ ਨਾਮ ਵੀ ਉਸ ਦੀ ਸ਼ਕਤੀ ਦਾ ਪ੍ਰਗਟਾਵਾ ਹੈ ਜਿਸ ਤੋਂ ਜਗਤ ਦੀ ਉਤਪਤੀ ਹੋਈ ਅਤੇ ਜਿਸ ਦੇ ਆਸਰੇ ਜਗਤ ਕਾਇਮ ਹੈ। ਗੁਰਬਾਣੀ ਵਿਚ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਨਾਮ ਸਰਬ-ਵਿਆਪਕ ਹੈ :-

"ਜੇਤਾ ਕੀਤਾ ਤੇਤਾ ਨਾਉ ॥
ਵਿਣੁ ਨਾਵੈ ਨਾਹੀ ਕੋ ਥਾਉ ॥"[1] ( ਜਪੁ )

ਸੋ ਨਾਮ ਨੂੰ ਪ੍ਰਭੂ ਦੀ ਸਰਬ ਵਿਆਪਕ ਹੋਂਦ ਜਾਂ ਸ਼ਕਤੀ ਹੀ ਮੰਨਣਾ ਯੋਗ ਹੈ[2] ਅਤੇ ਆਪੀਨੈ ਰਚਿਓ ਨਾਉ" ਦੇ ਅਰਥ "ਉਸ ਨੇ ਆਪਣੀ ਸਰਬ-ਵਿਆਪਕ ਸ਼ਕਤੀ (ਹੋਂਦ) ਨੂੰ ਕਾਇਮ ਕੀਤਾ" ਕਰਨੇ ਚਾਹੀਦੇ ਹਨ।

ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਜਿੰਨਾ ਜਟਿਲ ਸੰਕਲਪ ਹੋਵੇਗਾ, ਉਨੀ ਹੀ ਵਧੇਰੇ ਟੀਕਿਆਂ ਵਿਚ ਅਰਥ-ਭਿੰਨਤਾ ਹੋਵੇਗੀ।

## ਨਿਹਿਤ ਬਣਤਰ ( Inherent structure )

ਹਰ ਇਕ ਰਚਨਾ ਵਿਚ ਇਕ ਨਿਹਿਤ ਬਣਤਰ ਹੁੰਦੀ ਹੈ। ਇਹ ਗੱਲ ਕਾਵਿ-ਰਚਨਾ ਸੰਬੰਧੀ ਭੀ ਸਚ ਹੈ। ਜੇ ਵਿਚਾਰ-ਅਧੀਨ ਕਿਸੇ ਵੀ ਕਾਵਿ-ਟੋਟੇ ਦੀ ਬਣਤਰ ਨੂੰ ਸਮਝ ਲਿਆ ਜਾਵੇ ਤਾਂ ਇਸ ਦੇ ਅਰਥਾਂ, ਭਾਵ-ਅਰਥਾਂ ਤਕ ਸਹਿਜੇ ਹੀ ਪਹੁੰਚਿਆ ਜਾ ਸਕਦਾ ਹੈ ਅਤੇ ਅਰਥ-ਭਿੰਨਤਾ ਦੀ ਸਮੱਸਿਆ ਨੂੰ ਹਲ ਕੀਤਾ ਜਾ ਸਕਦਾ ਹੈ। ਨਿਹਿਤ ਬਣਤਰ ਵਲ ਧਿਆਨ ਨਾ ਦੇਣ ਕਰਕੇ ਸੁਲਝੇ ਹੋਏ ਟੀਕਾਕਾਰ ਵੀ ਕਈ ਵਾਰ ਆਪਣੇ ਲਈ ਆਪ ਹੀ ਸਮੱਸਿਆ ਪੈਦਾ ਕਰ ਲੈਂਦੇ ਹਨ ਜਿਸ ਦੇ ਹਲ ਲਈ ਉਨ੍ਹਾਂ ਨੂੰ ਬੇਲੋੜੇ ਯਤਨ ਕਰਨੇ ਪੈਂਦੇ ਹਨ। ਉਦਾਹਰਣ ਵਜੋਂ ਅਸੀਂ 'ਆਸਾ ਕੀ ਵਾਰ' ਦੀ ਪਹਿਲੀ ਪਉੜੀ ਨੂੰ ਹੀ ਲੈਂਦੇ ਹਾਂ :-

---

1 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 4.

2 "And His Name is He Himself."
-Puran Singh, Spirit of the Sikh, 1978, p.27.

"ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥
ਕਰਿ ਆਸਣੁ ਡਿਠੋ ਚਾਉ ॥"

ਇਸ ਪਉੜੀ ਦੀ ਨਿਸ਼ਚਿਤ ਬਣਤਰ ਇਹ ਹੈ ਕਿ ਇਸ ਵਿਚ ਪ੍ਰਭੂ ਦੇ ਤਿੰਨ ਰੂਪਾਂ ਉਤਪੰਨ ਕਰਤਾ, ਇਸਥਿਤ ਕਰਤਾ ਅਤੇ ਸੰਘਾਰਕਰਤਾ ਦਾ ਵਰਣਨ ਕੀਤਾ ਗਿਆ ਹੈ। ਪਹਿਲੀਆਂ ਦੋ ਤੁਕਾਂ ਵਿਚ ਉਤਪੰਨ ਕਰਤਾ (ਸਾਜਣਹਾਰ, ਰਚਣਹਾਰ) ਰੂਪ ਦਾ ਵਰਣਨ ਹੈ। ਤੀਸਰੀ ਤੁਕ ਤੁਕ ਵਿਚ ਇਸਥਿਤ ਕਰਤਾ (ਦਾਤਾ, ਪਾਲਣਹਾਰ) ਰੂਪ ਦਾ ਵਰਣਨ ਹੈ। ਚੌਥੀ ਤੁਕ ਵਿਚ ਸੰਘਾਰਕਰਤਾ (ਜਿੰਦ ਲੈਣ ਵਾਲਾ, ਵਿਨਾਸ਼ਕਰਤਾ) ਰੂਪ ਦਾ ਵਰਣਨ ਹੈ। ਇਸ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਦੱਸ ਰਹੇ ਹਨ ਕਿ ਤ੍ਰਿਦੇਵ (ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ) ਦੀਆਂ ਸ਼ਕਤੀਆਂ ਦੀ ਵਰਤੋਂ ਉਨ੍ਹਾਂ ਦੁਆਰਾ ਸੁਤੰਤਰ ਰੂਪ ਵਿਚ ਨਹੀਂ ਕੀਤੀ ਜਾਂਦੀ ਸਗੋਂ ਸਭ ਸ਼ਕਤੀਆਂ ਦੇ ਪਿਛੇ ਇਕ ਪ੍ਰਭੂ ਦੀ ਆਪਣੀ ਸ਼ਕਤੀ ਹੀ ਹੈ। ਜੇ ਇਸ ਪੂਰੀ ਪਉੜੀ ਦੀ ਨਿਸ਼ਚਿਤ ਬਣਤਰ ਨੂੰ ਧਿਆਨ ਵਿਚ ਰਖਿਆ ਜਾਵੇ ਤਾਂ ਕਿਸੇ ਤੁਕ ਦੇ ਅਰਥ ਕਰਨ ਵਿਚ ਕੋਈ ਸਮੱਸਿਆ ਨਹੀਂ ਹੋਣੀ ਚਾਹੀਦੀ ਪਰ ਭਾਈ ਵੀਰ ਸਿੰਘ ਜੀ ਨੇ ਤੀਸਰੀ ਤੁਕ ਦੇ ਅਰਥ ਕਰਨ ਸਮੇਂ 'ਕਰਤਾ' ਤੋਂ ਪਹਿਲਾਂ 'ਦਾਤਾ' ਸ਼ਬਦ ਆ ਜਾਣ ਦੀ ਸਮੱਸਿਆ ਨੂੰ ਕਾਫ਼ੀ ਲੰਮਾ ਪੌੜਾ ਤਹਿ ਕਰ ਕੇ ਹਲ ਕੀਤਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਕਿਉਂਕਿ ਰਚਨਾ ਰਚਣ ਵਾਲੀ ਸਾਮਗ੍ਰੀ ਦਾ ਦਾਤਾ ਵੀ ਉਹ ਆਪ ਹੈ ਇਸ ਲਈ ਦਾਤਾ ਪਦ ਪਹਿਲਾਂ ਆਇਆ ਹੈ। ਉਹ ਲਿਖਦੇ ਹਨ:

"(ਹੇ ਨਿਰਗੁਣ ਤੇ ਸਰਗੁਣ ਰੂਪ ਮਾਲਕ ਤੂੰ ਰਚਨਾ ਰਚਣ ਤੋਂ
ਪਹਿਲਾਂ ਸਭ ਕੁਛ ਦਾ ਆਪਣੇ ਆਪ ਤੋਂ) ਦਾਤਾ ਹੈਂ (ਆਪ
ਹੀ ਆਪਣੀ ਦਾਤ ਤੋਂ ਇਸ ਨੂੰ ਰਚਕੇ ਇਸਦਾ) ਕਰਤਾ ਹੈਂ...।"[1]

1 <u>ਪੰਜ ਗਰੰਥੀ ਸਟੀਕ</u>, ਚੌਥੀ ਛਾਪ, ਪੰਨਾ 394.

ਆਪਣੇ ਇਸ ਵਿਚਾਰ ਨੂੰ ਉਨ੍ਹਾਂ ਨੇ ਨਿਮਨ ਲਿਖਤ ਪਦ-ਟਿਪਣੀ ਦੇ ਕੇ ਹੋਰ ਚੰਗੀ ਤਰ੍ਹਾਂ ਖੋਲ੍ਹਿਆ ਹੈ :

> "'ਕਰਤਾ' ਪਦ ਸੰਸਕ੍ਰਿਤ ਵਿਚ ਵਿਸ਼ੇਸ਼ ਅਰਥ 'ਨਿਮਤ ਕਾਰਣ' ਦੇ ਦਿੰਦਾ ਹੈ। ਨਿਮਤ ਕਰਤਾ ਨੂੰ ਲੋੜ ਹੁੰਦੀ ਹੈ ਕਿਸੇ ਭਿੰਨ ਸ਼ੈ ਦੀ ਜਿਸ ਤੋਂ ਰਚੇ। ਜਿਸ ਤੋਂ 'ਕਰਤਾ' ਰਚਦਾ ਹੈ ਉਸਨੂੰ 'ਉਪਾਦਾਨ ਕਾਰਣ' ਕਹਿੰਦੇ ਹਨ। ਜਿਵੇਂ ਕੁਮਿਹਾਰ ਨਿਮਤ ਹੈ ਤੇ ਮਿਟੀ ਉਪਾਦਾਨ। ਏਥੇ 'ਕਰਤਾ' ਤੋਂ 'ਦਾਤਾ' ਪਦ ਪਹਿਲੇ ਪਿਆ ਹੋਣ ਕਰਕੇ ਇਸ ਦਾ ਇਸ਼ਾਰਾ ਉਪਾਦਾਨ ਕਾਰਣ ਵਲ ਹੈ ਕਿ ਉਸ ਨੇ ਕਿਸੇ ਆਪਣੇ ਤੋਂ ਸੁਤੰਤਰ ਹੋਰ ਪਦਾਰਥ ਤੋਂ ਜਗਤ ਨੂੰ ਨਹੀਂ ਰਚਿਆ। ਜਿਸ ਤੋਂ ਇਹ ਜਗਤ ਰਚਿਆ ਗਿਆ ਉਸਦਾ ਦੇਣਦਾਰ ਭੀ ਉਹ ਆਪ ਹੀ ਹੈ। ਜਿਵੇਂ ਉਸ ਨੇ ਆਪਣੀ ਨਿਰਗੁਣਤਾ ਤੋਂ ਆਪਣੀ ਸਰਗੁਣਤਾ ਬਣਾਈ, ਜਿਵੇਂ ਸ਼ਬਦ ਦੀ ਸਾਜਨਾ ਆਪੇ ਤੋਂ ਹੀ ਕੀਤੀ, ਤਿਵੇਂ ਆਪਣੀ ਦਾਤ ਤੋਂ ਹੀ ਸਾਰੀ ਕੁਦਰਤ ਰਚੀ 'ਐਉਂ' ਸਰਬਤ੍ਰ ਇਕ ਹੈ' ਵਰਣਨ ਕੀਤਾ।"[1]

"ਦਾਤਾ" ਪਦ ਪਹਿਲਾਂ ਆਉਣ ਦੇ ਕਾਰਣ ਦਾ ਭਾਈ ਸਾਹਿਬ ਨੇ ਜੋ ਤਰਕ ਸਿਰਜਿਆ ਹੈ, ਇਹ ਉਨ੍ਹਾਂ ਦੀ ਆਪਣੀ ਬੁੱਧੀ ਦਾ ਹੀ ਕ੍ਰਿਸ਼ਮਾ ਹੈ। ਇਸ ਨਾਲ ਉਨ੍ਹਾਂ ਨੇ ਆਪਣੀ ਸਮੱਸਿਆ ਤਾਂ ਹਲ ਕਰ ਲਈ ਹੈ ਪਰ ਵਿਚਾਰ ਦੀ ਲਗਾਤਾਰਤਾ ਅਤੇ ਵਿਚਾਰ ਅਧੀਨ ਤੁਕ ਦਾ ਏਕਤ੍ਵ ਭੰਗ ਹੋ ਗਏ ਹਨ। "ਦਾਤਾ" ਦਾ ਸੰਬੰਧ "ਤੁਸਿ ਦੇਵਹਿ" ਨਾਲ ਨਹੀਂ ਰਿਹਾ। ਜੇ ਉਹ ਰਚਨਾ ਕਰਨ ਵਾਲੀ ਵਸਤ ਦਾ "ਦਾਤਾ" ਹੈ ਅਤੇ ਇਸੇ ਕਰਕੇ ਕਰਤਾ ਸ਼ਬਦ ਤੋਂ ਪਹਿਲਾਂ ਵਰਤਿਆ ਗਿਆ ਹੈ ਤਾਂ (ਤੁਸਿ ਦੇਵਹਿ) ਤੁਕ ਦੇ ਦੇਣ ਨਾਲ ਇਸ "ਦਾਤਾ" ਪਦ ਦਾ ਕੋਈ ਸੰਬੰਧ ਨਹੀਂ ਰਹਿੰਦਾ।

---

1 ਪੰਜ ਗਰੰਥੀ ਸਟੀਕ, ਚੌਥੀ ਛਾਪ, ਪੰਨਾ 394.

ਪਰ ਜੇ ਨਿਹਿਤ ਬਣਤਰ ਨੂੰ ਧਿਆਨ ਵਿਚ ਰੱਖਿਆ ਜਾਏ ਤਾਂ ਵਿਚਾਰ ਅਧੀਨ ਤੁਕ ਦੇ ਅਰਥ ਦਾਤਾ ਉਪਰੰਤ ਠਹਿਰਾਉ ( pause ) ਦੇ ਕੇ ਅਨਵੈ ਰਾਹੀਂ ਕੀਤੇ ਜਾਣਗੇ ਜਿਸ ਨਾਲ ਪਉੜੀ ਵਿਚਲੀ ਵਿਚਾਰ ਦੀ ਲਗਾਤਾਰਤਾ ਕਾਇਮ ਰਹੇਗੀ ਅਤੇ ਵਿਚਾਰ ਅਧੀਨ ਤੁਕ ਦਾ ਛੰਦ ਵੀ ਭੰਗ ਨਹੀਂ ਹੋਵੇਗਾ। "ਦਾਤਾ" ਪਦ ਦਾ "ਕਰਤਾ" ਤੋਂ ਪਹਿਲਾਂ ਆਉਣਾ ਸਹਿਜੇ ਹੀ ਹਲ ਹੋ ਜਾਵੇਗਾ ਅਤੇ ਇਸ ਦਾ "ਤੁਸਿ ਦੇਵਹਿ ਕਰਹਿ ਪਸਾਉ" ਨਾਲ ਸੰਬੰਧ ਵੀ ਬਣਿਆ ਰਹੇਗਾ। ਇਹ ਸੁਝਾਅ ਟੀਕਿਆਂ ਵਿਚੋਂ ਹੀ ਮਿਲਦਾ ਹੈ ਜਿਥੇ ਵਿਚਾਰ ਅਧੀਨ ਤੁਕ ਦੇ ਅਰਥ "ਹੇ ਕਰਤਾ ਤੂੰ ਆਪ ਹੀ ਦਾਤਾ ਹੈ"[1] ਨਾਲ ਆਰੰਭ ਕੀਤੇ ਗਏ ਹਨ। ਠੀਕ ਅਰਥ ਕਰਨ ਲਈ ਇਸ ਤੁਕ ਦਾ ਉਚਾਰਣ ਇਉਂ ਹੋਣਾ ਚਾਹੀਦਾ ਹੈ :

"ਦਾਤਾ, ਕਰਤਾ ਆਪਿ ਤੂੰ, ਤੁਸਿ ਦੇਵਹਿ, ਕਰਹਿ ਪਸਾਉ ॥"

ਅਨਵੈ ਇਉਂ ਹੋਇਆ:

"ਕਰਤਾ ਆਪਿ ਤੂੰ ਦਾਤਾ, ਤੁਸਿ ਦੇਵਹਿ, ਕਰਹਿ ਪਸਾਉ ॥"

ਇਸ ਦੇ ਅਰਥ ਹੋਏ :

"ਹੇ ਕਰਤਾ ! ਤੂੰ ਆਪ ਹੀ ਦਾਤਾ ਹੈਂ, ਤ੍ਰੁਠ ਕੇ ਦੇਂਦਾ ਹੈਂ,
ਇਹ ਤੂੰ ਕਿਰਪਾ ਕਰਦਾ ਹੈਂ।"

ਇਉਂ ਨਿਹਿਤ ਬਣਤਰ ਅਨੁਸਾਰ ਤੀਸਰੀ ਤੁਕ ਵਿਚ ਪ੍ਰਭੂ ਦਾ ਦਾਤਾ ਰੂਪ ਹੀ ਉਘੜ ਕੇ ਸਾਹਮਣੇ ਆਉਂਦਾ ਹੈ। ਇਸ ਵਿਧੀ ਤੋਂ ਬਿਨਾਂ ਕਿਸੇ ਤਰ੍ਹਾਂ ਭੀ ਅਰਥ ਕੀਤੇ ਜਾਣ, ਉਹ ਦੂਸ਼ਿਤ ਹੀ ਹੋਣਗੇ। ਪੁਸ਼ਟੀ ਲਈ ਅਸੀਂ ਇਥੇ ਇਕ ਹੋਰ ਟੀਕਾਕਾਰ ਦੁਆਰਾ ਕੀਤੇ ਅਰਥ ਵੀ ਪੇਸ਼ ਕਰਦੇ ਹਾਂ।

ਗਿਆਨ ਰਤਨਾਵਲੀ ਵਿਚ ਵਿਚਾਰ ਅਧੀਨ ਤੁਕ ਦੇ ਅਰਥ ਕਰਦਿਆਂ ਟੀਕਾਕਾਰ ਨੇ ਦਾਤਾ ਤੋਂ ਭਾਵ ਨਾਮ ਦੀ ਦਾਤ ਦੇਣ ਵਾਲਾ ਲਿਆ ਹੈ ਅਤੇ ਕਿਹਾ ਹੈ ਕਿ ਜਿਸ ਉਪਰ ਉਹ ਪ੍ਰਭੂ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ ਉਸਨੂੰ ਨਾਮ ਦੀ ਦਾਤ ਦੇਂਦਾ ਹੈ।[2]

---

1 ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਫਰੀਦਕੋਟੀ ਟੀਕਾ), ਜਿਲਦ 2, 1970 ਪੰਨਾ 447.

2 ਭਾਈ ਮਨੀ ਸਿੰਘ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, 1947 ਬਿਕ੍ਰਮੀ, ਪੰਨਾ 67.

ਜੇ ਇਸ ਵਿਚਾਰ ਨੂੰ ਸਹੀ ਮੰਨਿਆ ਜਾਵੇ ਤਾਂ ਪਉੜੀ ਵਿਚ ਪਹਿਲਾਂ ਕਰਤਾ ਰੂਪ ਦਾ ਵਰਣਨ ਆਉਂਦਾ ਹੈ, ਅੰਤ ਵਿਚ ਸੰਘਾਰਕਰਤਾ ਰੂਪ ਦਾ ਅਤੇ ਮੱਧ ਵਿਚ ਨਾਮ ਦੀ ਦਾਤ ਦੇਣ ਦਾ। ਨਾਮ ਦੀ ਦਾਤ ਦੇਣ ਤੋਂ ਬਾਅਦ ਤਾਂ ਜੀਵ ਦੇ ਸੰਭਾਲੇ ਜਾਣ ਦੀ ਗੱਲ ਹੋ ਸਕਦੀ ਹੈ, ਇਹ ਦੁਤਰ ਸਾਗਰ ਤਰ ਜਾਣ ਦੀ ਗੱਲ ਹੋ ਸਕਦੀ ਹੈ[1], ਜਾਨ ਕੱਢ ਲੈਣ ਦੀ ਨਹੀਂ। ਇਹੋ ਕਾਰਣ ਹੈ ਕਿ ਟੀਕਾਕਾਰ ਨੇ "ਦਾਤਾ" ਪਦ ਤੋਂ ਨਾਮ ਦੀ ਦਾਤ ਦੇਣ ਵਾਲੇ ਅਰਥ ਕਰਨ ਉਪਰੰਤ "ਦੇ ਲੈਸਹਿ ਜਿੰਦੁ ਕਵਾਉ" ਦੇ ਅਰਥ ਕੀਤੇ ਹੀ ਨਹੀਂ। ਗਿਆਨ ਰਤਨਾਵਲੀ ਵਿਚ ਦਿੱਤੇ ਨਿਮਨ ਲਿਖਤ ਅਰਥਾਂ ਤੋਂ ਸਾਡੀ ਧਾਰਣਾ ਦੀ ਪੁਸ਼ਟੀ ਹੋ ਜਾਂਦੀ ਹੈ:

> "ਅਰ ਸਾਰੇ ਜਗਤ ਕਾ ਕਰਨਹਾਰਾ ਭੀ ਆਪ ਹੈ ਪਰ ਜਿਸ ਪਰ ਕ੍ਰਿਪਾ ਕੀ ਦ੍ਰਿਸ਼ਟਿ ਕਰਤਾ ਹੈ ਤਿਸ ਕੋ ਨਾਮ ਕੀ ਦਾਤ ਦੇਤਾ ਹੈ ਅਰ ਸਭਨੋਂ ਕੇ ਹਿਰਦਿਓਂ ਕਾ ਜਾਣੇਸ਼ੀ ਹੈ॥ ਅਰ ਜਿਨਕੇ ਸੰਤ ਕੀ ਰਿਦੇ ਹੋਤੇ ਹੈਂ ਤਿਨਕੋ ਦੇਵਤਿਓਂ ਕਾ ਜਨਮ ਦੇਤਾ ਹੈ ਅਰ ਜਿਸ ਮੈਂ ਰਾਜਸੀ ਲਛਣ ਹੈ ਤਿਸਕੋ ਮਨੁਖ ਕੀ ਦੇਹ ਦੇਤਾ ਹੈ ਅਰ ਜਿਨ ਮੈਂ ਤਾਮਸੀ ਗੁਣ ਹਨ ਤਿਨਕੋ ਰਾਖਸੋਂ ਅਰ ਪਸੂਆਂ ਕੀ ਦੇਹ ਦੇਤਾ ਹੈ ਅਰ ਆਪ ਅੰਤਰਜਾਮੀ ਹੋ ਕੈ ਸਭ ਮੈਂ ਦੇਖਤਾ ਹੈ।"[2]

ਤਾਂ ਤੇ ਇਸ ਤੁਕ ਦੇ ਅਰਥ ਕਰਨ ਲਈ ਪਉੜੀ ਵਿਚਲੀ ਨਿਹਿਤ ਬਣਤਰ ਨੂੰ ਧਿਆਨ ਵਿਚ ਰਖਣਾ ਅਤਿ ਆਵੱਸ਼ਕ ਹੈ ਅਤੇ ਅਰਥ ਅਨਵੈ ਰਾਹੀਂ ਹੀ ਕੀਤੇ ਜਾਣੇ ਚਾਹੀਦੇ ਹਨ।

ਅਸੀਂ ਪਹਿਲੀ ਉਦਾਹਰਣ ਵਿਚਾਰਧਾਰਕ ਬਣਤਰ ਦੀ ਲਈ ਹੈ। ਹੁਣ ਇਕ ਉਦਾਹਰਣ ਵਿਚਾਰਧਾਰਕ ਤੇ ਰੂਪਕ ਬਣਤਰ ਦੀ ਲੈਂਦੇ ਹਾਂ ਜਿਨ੍ਹਾਂ ਵਲ ਧਿਆਨ ਨਾ ਦੇਣ ਕਾਰਣ ਟੀਕਾਕਾਰਾਂ ਨੇ ਭਿੰਨ ਅਰਥ ਕੀਤੇ ਹਨ। 'ਆਸਾ ਕੀ ਵਾਰ' ਦਾ ਇਕ ਸਲੋਕ ਹੈ:-

---

1 "ਨਾਮਿ ਲਇਐ ਜਾਹਿ ਤਰੰਦਾ ॥" ( 1: 16 )

2 ਭਾਈ ਮਨੀ ਸਿੰਘ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, 1947 ਬਿਕ੍ਰਮੀ, ਪੰਨੇ 67-68.

" ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥
ਸਚੇ ਤੇਰੇ ਲੋਅ ਸਚੇ ਆਕਾਰ ॥
ਸਚੇ ਤੇਰੇ ਕਰਣੇ ਸਰਬ ਬੀਚਾਰ॥
ਸਚਾ ਤੇਰਾ ਅਮਰੁ ਸਚਾ ਦੀਬਾਣੁ ॥
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥
ਸਚਾ ਤੇਰਾ ਕਰਮੁ ਸਚਾ ਨੀਸਾਣੁ ॥
ਸਚੇ ਤੁਧ ਆਖਹਿ ਲਖ ਕਰੋੜਿ ॥
ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥
ਸਚੀ ਤੇਰੀ ਸਿਫਤਿ ਸਚੀ ਸਾਲਾਹ ॥
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥
ਨਾਨਕ ਸਚੁ ਧਿਆਇਨਿ ਸਚੁ ॥
ਜੋ ਮਰਿ ਜੰਮੇ ਸੁ ਕਚੁ ਨਿਕਚੁ ॥" ( 1: 2 )

ਤੀਸਰੀ ਤੁਕ ਦੇ ਭਿੰਨ ਅਰਥ ਟੀਕਾਕਾਰਾਂ ਨੇ ਨਿਮਨ ਅਨੁਸਾਰ ਕੀਤੇ ਹਨ:

1. "ਅਰ ਜੋ ਬੀਚਾਰ ਕੇ ਕੀਆ ਹੈ ਸੋ ਭੀ ਸਚ ਹੈ।"[1]
2. "ਹੇ ਸਤ ਰੂਪ ਕਰਣੇ ਕਿਆ ਕਹੀਏ ਕਰਣੇ ਕੇ ਜੋਗ ਜੋ ਹੈ ਸਤ ਕਰਮ ਅਰ ਕਰਣੇ ਕੇ ਜੋਗ ਜੋ ਹੈ ਅਪੁ ਕਰਮ। ਅਰ ਸਰਬ ਪ੍ਰਕਾਰ ਕੇ ਵੀਚਾਰ ਜੋ ਹੈ ਇਹ ਸਭ ਤੇਰੇ ਹੀ ਰਚੇ ਹੂਏ ਹੈ।"[2]
3. "(ਕਿਉਂਕਿ) ਤੇਰੇ ( ਉਹ) ਸਾਰੇ ਵੀਚਾਰ (ਜਿਨ੍ਹਾਂ ਨਾਲ ਤੂੰ ਇਹ ਸਾਰੇ ਕੌਤਕ ਕੀਤੇ ਹਨ ਸਚੇ ਹਨ ਸੋ ਤੇਰੇ ਇਹ) ਕੀਤੇ ਹੋਏ (ਭੀ ਸਭ) ਸਚੇ ਹਨ।"[3]
4. "ਤੇਰੇ ਸਾਰੇ ਵੀਚਾਰ ਕਰਣੇ ਵੀ ਸਚੇ ਹਨ।"[4]

---

1 ਭਾਈ ਮਨੀ ਸਿੰਘ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, 1947 ਬਿਕ੍ਰਮੀ, ਪੰਨਾ 73.

2 ਆਨੰਦਘਨ, ਟੀਕਾ ਆਸਾ ਦੀ ਵਾਰ, ਪੰਨਾ 6/ਅ.

3 ਭਾਈ ਵੀਰ ਸਿੰਘ, ਪੰਜ ਗ੍ਰੰਥੀ ਸਟੀਕ, ਤੇਈ ਛਾਪ, ਪੰਨਾ 396.

4 ਪੰਡਿਤ ਨਿਹਾਲ ਸਿੰਘ(ਗਿਆਨੀ), ਆਸਾ ਦੀ ਵਾਰ ਸਟੀਕ, ਪੰਨਾ 591.

ਅਸੀਂ ਦੇਖਦੇ ਹਾਂ ਕਿ ਅੰਕ 1 ਵਾਲੇ ਟੀਕਾਕਾਰ ਨੇ "ਕਰਣੇ" ਦਾ ਅਰਥ ਕੀਤਾ ਹੈ "ਕੀਆ", ਜੋ ਉਸ ਨੇ ਕੀਤਾ ਹੈ, ਰਚਿਆ ਹੈ, ਭਾਵ ਉਸਦੀ ਰਚਨਾ। ਇਉਂ ਉਸਨੇ "ਕਰਣੇ" ਨੂੰ ਨਾਂਵ ਮੰਨਿਆ ਹੈ ਅਤੇ ਸਚੇ ਨੂੰ ਇਸ ਦਾ ਵਿਸ਼ੇਸ਼ਣ ।

ਅੰਕ 2 ਵਾਲੇ ਟੀਕਾਕਾਰ ਨੇ "ਕਰਣੇ" ਦਾ ਅਰਥ ਮੰਨਿਆ ਹੈ "ਕਰਨ ਜੋਗ ਕਰਮ" । ਇਉਂ ਉਸਨੇ ਵੀ ਕਰਣੇ ਨੂੰ ਨਾਂਵ ਮੰਨਿਆ ਹੈ।

ਅੰਕ 3 ਵਾਲੇ ਟੀਕਾਕਾਰ ਨੇ "ਕਰਣੇ" ਦਾ ਅਰਥ ਕੀਤਾ ਹੈ "ਕੀਤੇ ਹੋਏ", ਭਾਵ ਰਚੇ ਹੋਏ, ਰਚਨਾ। ਇਸ ਟੀਕਾਕਾਰ ਨੇ ਵੀ "ਕਰਣੇ" ਨੂੰ ਨਾਂਵ ਮੰਨਿਆ ਹੈ। ਉਸ ਨੇ ਅਰਥਾਂ ਵਿਚ "ਕਰਣੇ" ਨਾਲ ਵੀ ਸਚੇ ਵਿਸ਼ੇਸ਼ਣ ਲਾਇਆ ਹੈ ਅਤੇ "ਸਰਬ ਬੀਚਾਰ" ਨਾਲ ਵੀ। ਭਾਵ ਇਹ ਕਿ ਉਸਨੇ "ਸਚੇ ਤੇਰੇ ਕਰਣੇ ਸਚੇ ਸਰਬ ਬੀਚਾਰ" ਦੇ ਅਰਥ ਕੀਤੇ ਹਨ। ਅਰਥਾਂ ਵਿਚ "ਸਚੇ ਸਰਬ ਬੀਚਾਰ" ਨੂੰ ਕਾਰਨ ਮੰਨਿਆ ਗਿਆ ਹੈ ਅਤੇ "ਸਚੇ ਤੇਰੇ ਕਰਣੇ" ਨੂੰ ਸਿੱਟਾ। ਪਰ ਜੇ ਇਸ ਸਲੋਕ ਦੀ ਵਿਚਾਰਧਾਰਕ ਬਣਤਰ ਵਲ ਧਿਆਨ ਦੇਈਏ ਤਾਂ ਸਾਨੂੰ ਪਤਾ ਲਗਦਾ ਹੈ ਕਿ ਇਸ ਸਲੋਕ ਵਿਚ ਥਾਂ ਥਾਂ ਕੇਵਲ ਇਹ ਹੀ ਦਸਿਆ ਗਿਆ ਹੈ ਕਿ ਪ੍ਰਭੂ ਦਾ ਰਚਿਆ ਹੋਇਆ ਕੀ ਕੀ ਸਚਾ ਹੈ। ਕਿਉਂ ਸਚਾ ਹੈ, ਇਸ ਗੱਲ ਨੂੰ ਕਿਸੇ ਤੁਕ ਵਿਚ ਨਹੀਂ ਛੋਹਿਆ ਗਿਆ। ਪਰ ਅੰਕ 3 ਵਾਲੇ ਅਰਥਾਂ ਵਿਚ ਕਾਰਣ ਵਲ ਕੇਵਲ ਇਸ ਲਈ ਵਧਿਆ ਗਿਆ ਹੈ ਕਿਉਂਕਿ "ਕਰਣੇ" ਨੂੰ ਨਾਂਵ ਮੰਨ ਲਿਆ ਗਿਆ ਹੈ। ਇਉਂ "ਸਚੇ ਤੇਰੇ ਕਰਣੇ" ਆਪਣੇ ਆਪ ਵਿਚ ਸੰਪੂਰਣ ਹੈ ਅਤੇ "ਸਰਬ ਬੀਚਾਰ" ਵਾਧੂ ਰਹਿ ਜਾਂਦਾ ਹੈ। ਇਸੇ ਲਈ "ਸਰਬ ਬੀਚਾਰ" ਦੇ ਟੀਕਾਕਾਰ ਨੂੰ ਕਾਰਣ ਰੂਪ ਵਿਚ ਅਰਥ ਕਰਨੇ ਪਏ ਹਨ। ਪਰ ਕਿਉਂਕਿ ਸਲੋਕ ਦੀ ਵਿਚਾਰਧਾਰਕ ਬਣਤਰ ਅਨੁਸਾਰ ਕਾਰਣ ਦਸਣ ਦਾ ਕਿਸੇ ਤੁਕ ਵਿਚ ਵੀ ਯਤਨ ਨਹੀਂ ਕੀਤਾ ਗਿਆ, ਇਸ ਲਈ ਵਿਚਾਰ ਅਧੀਨ ਤੁਕ ਵਿਚ ਵੀ ਕਾਰਣ ਵਲ ਵਧਣਾ ਸਲੋਕ ਦੀ ਨਿਹਿਤ ਵਿਚਾਰਧਾਰਕ ਬਣਤਰ ਦੇ ਪ੍ਰਤਿਕੂਲ ਹੈ।

ਅੰਕ 4 ਵਾਲੇ ਟੀਕਾਕਾਰ ਨੇ "ਕਰਣੇ" ਦੇ ਅਰਥ ਕਰਨੇ ਕੀਤੇ ਹਨ ਭਾਵ ਇਸ ਨੂੰ ਕ੍ਰਿਆ ਮੰਨਿਆ ਹੈ।

ਇਹ ਵੇਖਣ ਲਈ ਕਿ "ਕਰਣੇ" ਨਾਂਵ ਹੈ ਜਾਂ ਕ੍ਰਿਆ, ਸਾਨੂੰ ਵਿਚਾਰ ਅਧੀਨ ਸਲੋਕ ਦੀ ਰੂਪਕ ਬਣਤਰ ਵਲ ਨਜ਼ਰ ਮਾਰਨੀ ਚਾਹੀਦੀ ਹੈ ਕਿਉਂਕਿ ਸਲੋਕ ਵਿਚਲੀ ਨਿਹਿਤ ਬਣਤਰ ਸਹਿਜੇ ਹੀ ਸਾਡਾ ਪਥ-ਪ੍ਰਦਰਸ਼ਨ ਕਰ ਸਕਦੀ ਹੈ। ਇਸ ਸਲੋਕ ਵਿਚ "ਸਚੇ", "ਸਚਾ" ਅਤੇ "ਸਚੀ" ਵਿਸ਼ੇਸ਼ਣ ਹਨ। ਜਿਸ ਨਾਂਵ ਦਾ ਵੀ ਇਨ੍ਹਾਂ ਵਿਚੋਂ ਕੋਈ ਵਿਸ਼ੇਸ਼ਣ ਹੈ, ਉਸ ਨਾਂਵ ਉਪਰੰਤ ਮੁੜ ਵਿਸ਼ੇਸ਼ਣ ਦੀ ਵਰਤੋਂ ਕੀਤੀ ਗਈ ਹੈ ਜਿਵੇਂ

| ਵਿਸ਼ੇਸ਼ਣ | | ਨਾਂਵ |
|---|---|---|
| ਸਚੇ | : | ਖੰਡ |
| ਸਚੇ | : | ਬ੍ਰਹਮੰਡ |
| ਸਚੇ | : | ਲੋਅ |
| ਸਚੇ | : | ਆਕਾਰ |
| ਸਚੇ | : | ਬੀਚਾਰ |
| ਸਚਾ | : | ਅਮਰ |
| ਸਚਾ | : | ਦੀਬਾਣੁ |
| ਸਚਾ | : | ਹੁਕਮੁ |
| ਸਚਾ | : | ਫੁਰਮਾਣੁ |
| ਸਚਾ | : | ਕਰਮੁ |
| ਸਚਾ | : | ਨੀਸਾਣੁ |
| ਸਚੇ | : | ਲਖ ਕਰੋੜ |
| ਸਚੀ | : | ਸਿਫਤਿ |
| ਸਚੀ | : | ਸਾਲਾਹ |
| ਸਚੀ | : | ਕੁਦਰਤਿ |

ਸੋ, ਜੇ "ਕਰਣੇ" ਨਾਂਵ ਹੁੰਦਾ ਤਾਂ ਨਿਹਿਤ ਰੂਪਕ ਬਣਤਰ ਅਨੁਸਾਰ ਇਸ ਉਪਰੰਤ "ਸਚੇ" ਵਿਸ਼ੇਸ਼ਣ ਦੀ ਵਰਤੋਂ ਹੋਣੀ ਸੀ। ਅਜੇਹਾ ਨਾ ਹੋਣ ਦੀ ਸੂਰਤ ਵਿਚ ਇਸਨੂੰ ਕ੍ਰਿਆ ਮੰਨਕੇ ਹੀ ਅਰਥ ਕਰਨੇ ਚਾਹੀਦੇ ਹਨ। ਗੁਰਬਾਣੀ ਵਿਚ "ਕਰਣਾ" ਸ਼ਬਦ ਹੋਰ ਥਾਈਂ ਕ੍ਰਿਆ

ਰੂਪ ਵਿਚ ਵਰਤਿਆ ਗਿਆ ਵੀ ਮਿਲਦਾ ਹੈ ਜਿਵੇਂ

"ਜੋ ਕਿਛੁ ਕਰਣਾ ਸੋ ਕਰਿ ਰਹਿਆ ॥"[1]

ਅਸੀਂ ਇਸ ਸਿੱਟੇ ਉਤੇ ਪੁਜਦੇ ਹਾਂ ਕਿ ਨਿਹਿਤ ਬਣਤਰ ਵਲ ਬੇਧਿਆਨੀ ਕਰਕੇ ਵੀ ਭਿੰਨ ਅਰਥ ਕੀਤੇ ਜਾਂਦੇ ਹਨ। ਟੀਕਾਕਾਰ ਨੂੰ ਅਰਥ ਕਰਦੇ ਸਮੇਂ ਰਚਨਾ ਦੀ 'ਨਿਹਿਤ ਬਣਤਰ' ਵਲ ਵੀ ਪੂਰਾ ਧਿਆਨ ਦੇਣਾ ਚਾਹੀਦਾ ਹੈ।

## ਤਾਨ - ਜੁਗਤ ( Intonation )[2]

ਕਾਵਿ ਦੇ ਸਹੀ ਅਰਥਾਂ ਦੀ ਪਕੜ ਲਈ ਇਹ ਵੀ ਆਵੱਸ਼ਕ ਹੈ ਕਿ ਛੰਦ ਦੀ ਚਾਲ ਨੂੰ ਸਮਝ ਕੇ ਵਜ਼ਨ ਅਨੁਸਾਰ ਮੂਲ ਪਾਠ ਦਾ ਉਚਾਰਣ ਕੀਤਾ ਜਾਵੇ। ਇਕ ਹੀ ਵਾਕ ਨੂੰ ਭਿੰਨ ਤਾਨ-ਜੁਗਤਾਂ ਨਾਲ ਉਚਾਰਣ ਕਰਨ ਨਾਲ ਭਿੰਨ ਅਰਥ ਹੁੰਦੇ ਹਨ। ਆਪਣੇ ਵਿਚਾਰ ਦੀ ਪੁਸ਼ਟੀ ਲਈ ਅਸੀਂ 'ਆਸਾ ਕੀ ਵਾਰ' ਦੇ ਇਕ ਸਲੋਕ ਦੀ ਇਕ ਤੁਕ ਦੇ ਦੋ ਭਿੰਨ ਅਰਥ ਲੈਂਦੇ ਹਾਂ। ਤੁਕ ਹੈ :

"ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ॥" (3:2)

ਇਸ ਤੁਕ ਦੇ ਅਰਥ ਫਰੀਦਕੋਟੀ ਟੀਕੇ ਵਿਚ ਨਿਮਨ ਅਨੁਸਾਰ ਕੀਤੇ ਗਏ ਹਨ: -

"ਇਸ ਪ੍ਰਕਾਰ ਭੀ ਕਹੀਤਾ ਹੈ ਔ ਜਾਨੀਤਾ ਨਹੀਂ ਹੈ
ਕਿ ਜੋ (ਕਿਸੈ) ਕਿਸਕੋ ਕਰਣੀ (ਰਾਸਿ) ਸੂਤ ਵਾ
ਸਚੀ (ਆਣੈ) ਲਿਆਵੇਗਾ।"[3]

---

1 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 359.

2 "It is possible for a poem to have quite a definite pattern of intonation, a pattern made only when the poem is read aloud, by the ups-and-downs of the voice. The pattern is more at the mercy of the reader than any others for, as is well known, we can alter the meaning of a sentence entirely by altering the intronation."
-Marjohie Boulton, The Anatomy of Poetry, 1962, p.69.

3 ਜਿਲਦ 2, 1970, ਪੰਨਾ 449.

ਪਰ ਇਸ ਤੁਕ ਦੇ ਅਰਥ ਗਿਆਨੀ ਹਰਬੰਸ ਸਿੰਘ ਨੇ ਇਉਂ ਕੀਤੇ ਹਨ:

> "ਇਉਂ ਆਖ ਕੇ ਵੀ ਸਮਝ ਨਹੀਂ ਆਉਂਦੀ ਕਿ (ਕਿਸ) ਜੀਵ
> ਨੂੰ (ਆਪਣੀ) ਰਾਸਿ ਵਿਚ ਲਿਆਉਂਦਾ ਹੈ।"[1]

ਫਰੀਦਕੋਟੀ ਟੀਕੇ ਵਾਲੇ ਅਰਥਾਂ ਵਿਚਲੇ ਦੋ ਸੰਬੰਧਕਾਂ ( ਭੀ,ਕਿ) ਤੋਂ ਪਤਾ ਲਗਦਾ ਹੈ ਕਿ ਟੀਕਾਕਾਰ ਨੇ ਵਾਕ ਵਿਚ ਦੋ ਥਾਂ ਠਹਿਰਾਉ ਦੇ ਕੇ ਭਾਵ ਵਾਕ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਉਚਾਰਣ ਕੀਤਾ ਹੈ ਜਿਵੇਂ

> "ਏਵ ਭਿ ਆਖਿ / ਨ ਜਾਪਈ / ਜਿ ਕਿਸੈ ਆਣੈ ਰਾਸਿ ॥"
>
> "ਇਸ ਪ੍ਰਕਾਰ ਭੀ ਕਹੀਤਾ ਹੈ/ ਭੀ ਜਾਨੀਤਾ ਨਹੀਂ ਹੈ / ਕਿ ਜੋ
> (ਕਿਸੈ ) ਕਿਸ ਕੀ ਕਰਣੀ (ਰਾਸਿ) ਸੂਤ ਵਾ ਸਚੀ (ਆਣੈ )
> ਲਿਆਵੈਗਾ ।"

ਪਰ ਗਿਆਨੀ ਹਰਬੰਸ ਸਿੰਘ ਵਾਲੇ ਅਰਥਾਂ ਵਿਚਲੇ ਇਕ ਸੰਬੰਧਕ (ਕਿ) ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਵਾਕ ਵਿਚ ਇਕ ਠਹਿਰਾਉ ਦੇ ਕੇ ਭਾਵ ਵਾਕ ਨੂੰ ਦੋ ਭਾਗਾਂ ਵਿਚ ਵੰਡ ਕੇ ਉਚਾਰਣ ਕੀਤਾ ਹੈ, ਜਿਵੇਂ

> "ਏਵ ਭਿ ਆਖਿ ਨ ਜਾਪਈ / ਜਿ ਕਿਸੈ ਆਣੈ ਰਾਸਿ ॥"
>
> "ਇਉਂ ਆਖ ਕੇ ਵੀ ਸਮਝ ਨਹੀਂ ਆਉਂਦੀ/ ਕਿ (ਕਿਸ) ਜੀਵ
> ਨੂੰ (ਆਪਣੀ) ਰਾਸਿ ਵਿਚ ਲਿਆਉਂਦਾ ਹੈ।"

ਸੰਬੰਧਿਤ ਪੂਰਾ ਸਲੋਕ ਅਤੇ ਵਜ਼ਨ ਅਨੁਸਾਰ ਉਸ ਦੀ ਉਚਾਰਣ ਵੰਡ ਹੇਠਾਂ ਦਿੱਤੀ ਜਾਂਦੀ ਹੈ :

> "ਇਹ ਜਗੁ ਸਚੈ ਕੀ ਹੈ ਕੋਠੜੀ/ਸਚੇ ਕਾ ਵਿਚਿ ਵਾਸੁ ॥
> ਇਕਨ੍ਹਾ ਹੁਕਮਿ ਸਮਾਇ ਲਏ/ ਇਕਨ੍ਹਾ ਹੁਕਮੇ ਕਰੇ ਵਿਣਾਸੁ ॥

---

1 ਆਸਾ ਕੀ ਵਾਰ ਨਿਰਣਯ, 1974, ਪੰਨਾ 71.

ਇਕਨ੍ਹਾ ਭਾਣੈ ਕਢਿ ਲਏ/ ਇਕਨਾ ਮਾਇਆ ਵਿਚਿ ਨਿਵਾਸੁ ॥
ਏਵ ਭਿ ਆਖਿ ਨ ਜਾਪਈ / ਜਿ ਕਿਸੈ ਆਣੇ ਰਾਸਿ ॥
ਨਾਨਕ ਗੁਰਮੁਖਿ ਜਾਣੀਐ / ਜਾ ਕਉ ਆਪਿ ਕਰੇ ਪਰਗਾਸੁ ॥" (3:2)

ਅਸੀਂ ਵੇਖਦੇ ਹਾਂ ਕਿ ਗਿਆਨੀ ਹਰਬੰਸ ਸਿੰਘ ਵਾਲੀ ਉਚਾਰਣ ਵਿਧੀ ਵਜ਼ਨ ਅਨੁਸਾਰ ਠੀਕ ਹੈ। ਟੀਕਾਕਾਰ ਨੂੰ ਅਰਥ ਕਰਨ ਸਮੇਂ ਮੂਲ ਪਾਠ ਦਾ ਵਜ਼ਨ ਅਨੁਸਾਰ ਉਚਾਰਣ ਕਰਨਾ ਚਾਹੀਦਾ ਹੈ।

## ਬਿੰਬ ਤੇ ਪ੍ਰਤੀਕ

ਕਵਿਤਾ ਵਿਚ ਸੂਖਮ ਭਾਵਾਂ ਦਾ ਪ੍ਰਗਟਾਅ ਬਿੰਬ ਤੇ ਪ੍ਰਤੀਕ ਦੇ ਮਾਧਿਅਮ ਰਾਹੀਂ ਹੁੰਦਾ ਹੈ। ਬਿੰਬ ਜਾਂ ਪ੍ਰਤੀਕ ਦੀ ਵਿਆਖਿਆ ਜੇ ਟੀਕਾਕਾਰ ਸਹੀ ਨਾ ਕਰ ਸਕੇ ਤਾਂ ਉਹ ਅਸਲ ਨਾਲੋਂ ਭਿੰਨ ਅਰਥ ਕਰ ਜਾਂਦਾ ਹੈ। ਵਿਚਾਰ ਦੀ ਸਪਸ਼ਟਤਾ ਲਈ ਇਥੇ ਅਸੀਂ 'ਆਸਾ ਕੀ ਵਾਰ' ਦੀ ਇਕ ਤੁਕ ਦੇ ਦੋ ਭਿੰਨ ਅਰਥ ਲੈਂਦੇ ਹਾਂ। ਤੁਕ ਹੈ

"ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥" (2)

ਇਸ ਤੁਕ ਦੇ ਅਰਥ ਸੋਢੀ ਮਿਹਰਬਾਨ ਨੇ ਨਿਮਨ ਅਨੁਸਾਰ ਕੀਤੇ ਹਨ:

"ਜਬ ਸਾਹਿਬ ਜੀਆਂ ਕੀ ਰਚਨਾ ਕਰੀ, ਨੇਕੀ ਬਦੀ ਕਰੀ,
ਤਬ ਜੀਆਂ ਕੇ ਹਿਸਾਬ ਊਪਰਿ ਰਾਜਾ ਧਰਮ ਬੈਠਾਇਆ।"[1]

ਪਰ ਸੁਆਮੀ ਆਨੰਦ ਘਨ ਨੇ ਇਸ ਤੁਕ ਦੇ ਅਰਥ ਇਉਂ ਕੀਤੇ ਹਨ:-

"ਮਹਾਰਾਜ ਤੈਨੇ ਜੀਵ ਉਪਜਾਇ ਨਾਵੇ ਲਿਖ ਲਿਖ ਆਪਣੇ ਧਰਮ ਵਿਖੇ ਅਸਥਾਪਨ ਕੀਏ। ਨਾਵੇਂ ਕਿਆ ਕਹੀਏ ਚਾਰ ਵਰਨੋ ਕੇ ਆਪਣੇ ਆਪਣੇ ਭਿੰਨ ਭਿੰਨ ਧਰਮ ਹੈ॥ ਚਾਰ ਆਸ਼੍ਰਮੋ ਕੇ ਆਪਣੇ ਆਪਣੇ ਭਿੰਨ ਭਿੰਨ ਧਰਮ ਹੈ। ਇਨ ਆਠੋ ਪਰ ਤੇਰਾ ਹੁਕਮ ਇਹੀ ਸਾਸਤ੍ਰ ਪੁਰਾਣ ਮੈ ਲਿਖਾ ਗਿਆ। ਆਪਣੇ ਆਪਣੇ ਧਰਮ ਪਰ ਵਿਚਰੋਗੇ। ਤੋ ਆਪਣੇ ਆਪਣੇ ਧਰਮ ਕੀ ਗਤ ਕੋ ਪ੍ਰਾਪਤ ਹੋਵੋਗੇ। ਜੋ ਅਪਣੇ ਧਰਮ ਕੋ ਛੋਡ

---

1 ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੈਂਚੀ ਪਹਿਲੀ, 1962, ਪੰਨਾ 497.

ਕਰ ਦੂਸਰੇ ਕਾ ਧਰਮ ਗ੍ਰਹਣ ਕਰੇਗੀ ਤੋ ਦੂਸਰਾ ਧਰਮ ਤੁਮ ਕੋ
ਦੁਖਦਾਈ ਹੋਵੈਗਾ॥ ਅਰ ਮੇਰੇ ਨਾਮ ਕਾ ਜੋ ਅਰਾਧਨ ਕਰਨਾ ਹੈ
ਸੋ ਬ੍ਰਹਮਨ ਤੇ ਲੇਕਰ ਚੰਡਾਲ ਪ੍ਰਯੰਤ ਸਭ ਕੋ ਬਰਾਬਰ ਕਾ
ਹੀ ਹੈ। ਜੋ ਕੋਈ ਨਾਮ ਜਪੇਗਾ ਸੋ ਕ੍ਰਿਤਾਰਥ ਹੋਵੈਗਾ। ਇਸ ਮੇ
ਘਟਤੀ ਬਧਤੀ ਕਿਸੀ ਕੋ ਹੀ ਨਹੀਂ ॥ ਇਹੀ ਨਾਵੈ ਲਿਖੇ ਗਏ ॥"[1]

ਪਹਿਲੇ ਟੀਕਾਕਾਰ ਨੇ "ਧਰਮੁ" ਤੋਂ ਭਾਵ ਮਿਥਿਹਾਸਕ ਧਰਮ ਰਾਜ ਲਿਆ ਹੈ। ਦੂਸਰੇ ਟੀਕਾਕਾਰ ਨੇ "ਧਰਮੁ" ਤੋਂ ਭਾਵ ਵਰਣ ਆਸ਼੍ਰਮ ਅਨੁਸਾਰ ਧਰਮ ਲਿਆ ਹੈ, ਭਾਵ ਸ਼ਾਸਤ੍ਰ ਪੁਰਾਣ ਅਨੁਸਾਰ ਵਰਣ ਆਸ਼੍ਰਮ ਅਨੁਕੂਲ ਜੋ ਕਰਮ ਹਨ, ਉਨ੍ਹਾਂ ਦਾ ਪਾਲਣ ਹੀ ਮਨੁਖ ਦਾ ਧਰਮ ਹੈ। ਪਰ ਗੁਰਬਾਣੀ ਤਾਂ ਇਸ ਵਿਚਾਰ ਨੂੰ ਰੱਦ ਕਰਦੀ ਹੈ। ਗੁਰਮਤ ਦਾ ਸੰਦੇਸ਼ ਹੈ ਕਿ ਜਨਮ ਤੋਂ ਸਭ ਬਰਾਬਰ ਹਨ:

"ਏਕੁ ਪਿਤਾ ਏਕਸ ਕੇ ਹਮ ਬਾਰਿਕ ॥"[2]

ਅਤੇ

"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥"[3]

ਸਪਸ਼ਟ ਹੈ ਕਿ ਇਥੇ "ਧਰਮੁ" ਤੋਂ ਭਾਵ ਧਰਮ ਰਾਇ ਹੀ ਹੈ ਜੋ ਕਿ ਨਿਆਇ ਦਾ ਪ੍ਰਤੀਕ ਬਣ ਚੁੱਕਾ ਹੈ। ਮੂਲ ਪਾਠ ਵਿਚ "ਲਿਖਿ ਨਾਵੈ ਧਰਮ ਬਹਾਲਿਆ" ਤੋਂ ਬਾਅਦ "ਓਥੈ ਸਚੇ ਹੀ ਸਚਿ ਨਿਬੜੈ" ਸ਼ਬਦ ਵੀ ਇਸੇ ਮਤ ਦੀ ਪੁਸ਼ਟੀ ਕਰਦੇ ਹਨ ਕਿਉਂਕਿ ਜਿਥੇ ਸਚੇ ਹੀ ਸਚ ਦੇ ਆਸਰੇ ਪਾਰ ਉਤਰਦੇ ਹਨ, ਉਹ ਅਸਥਾਨ ਨਿਆਇ ਦੇ ਪ੍ਰਤੀਕ ਧਰਮ ਰਾਇ ਦਾ ਹੀ ਸਿਧ ਹੁੰਦਾ ਹੈ। ਤਾਂ ਤੇ ਸੁਆਮੀ ਆਨੰਦ-ਘਨ ਇਸ ਪ੍ਰਤੀਕ ਦੇ ਅਰਥ ਠੀਕ ਨਹੀਂ ਕਰ ਸਕੇ ਜਿਸ ਕਾਰਣ ਅਰਥ-ਭਿੰਨਤਾ ਪੈਦਾ ਹੋਈ ਹੈ। ਪ੍ਰਤੀਕ ਦੀ ਸਹੀ ਸਮਝ ਹੀ ਟੀਕਾਕਾਰ ਨੂੰ ਸਹੀ ਨਿਰਣੇ ਤੇ ਲੈ ਜਾ ਸਕਦੀ ਹੈ।

---

1 ਟੀਕਾ ਆਸਾ ਦੀ ਵਾਰ, ਪੰਨੇ 12/ਅ - 13/ੳ.

2 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 611.

3 ਉਹੀ, ਪੰਨਾ 1349.

## ਪ੍ਰਸੰਗਿਕ ਅਰਥ[1]

ਭਾਸ਼ਾ ਕੋਸ਼ ਅਨੁਸਾਰ ਇਕ ਸ਼ਬਦ ਦੇ ਅਨੇਕ ਅਰਥ ਹੁੰਦੇ ਹਨ ਪਰ ਟੀਕਾਕਾਰ ਨੇ ਉਨ੍ਹਾਂ ਵਿਚੋਂ ਪ੍ਰਸੰਗਿਕ ਅਰਥ ਦੀ ਤਲਾਸ਼ ਕਰਨੀ ਹੁੰਦੀ ਹੈ। ਕਈ ਵਾਰ ਤਾਂ ਇਥੇ ਤਕ ਹੁੰਦਾ ਹੈ ਕਿ ਸ਼ਬਦ ਪ੍ਰਸੰਗ ਅਨੁਸਾਰ ਨਵੇਂ ਅਰਥ ਗ੍ਰਹਿਣ ਕਰਦਾ ਹੈ। ਪਰ ਜੇ ਟੀਕਾਕਾਰ ਪ੍ਰਸੰਗਿਕ ਅਰਥ ਲਭਣ ਵਿਚ ਅਸਫ਼ਲ ਰਹੇ ਤਾਂ ਅਰਥ ਦਾ ਅਨਰਥ ਕਰ ਬੈਠਦਾ ਹੈ। ਉਦਾਹਰਣ ਲਈ 'ਆਸਾ ਕੀ ਵਾਰ' ਦੀਆਂ ਦੋ ਤੁਕਾਂ ਲੈਂਦੇ ਹਾਂ :

"ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ ॥
ਕੇਤੀਆ ਕੰਨ੍ ਕਹਾਣੀਆ ਕੇਤੇ ਬੇਦ ਬੀਚਾਰ ॥" ( 2:4 )

ਇਨ੍ਹਾਂ ਤੁਕਾਂ ਦੇ ਅਰਥ ਗਿਆਨ ਰਤਨਾਵਲੀ ਵਿਚ ਨਿਮਨ ਅਨੁਸਾਰ ਕੀਤੇ ਗਏ ਹਨ:

"ਤਾਂ ਪੀਰ ਕਹਿਆ ਕਿ ਰਾਮ ਕ੍ਰਿਸ਼ਨ ਆਦਿਕਾਂ ਕੋ ਭੀ ਵੈਰੀਆਂ ਕਾ ਭੈ ਹੂਆ ਹੈ॥ ਤਾਂ ਬਾਬੇ ਕਹਿਆ ਜੈਸੇ ਜਲ ਸੇ ਕਈ ਤਰੰਗ ਉਪਜਤੇ ਹੈਂ ਅਰ ਪ੍ਰਿਥਵੀ ਸੇ ਕਈ ਰਵਾਲ ਕੇ ਕਿਣਕੇ ਉਡਤੇ ਹੈਂ ਅਰ ਫੇਰ ਸਮਾਇ ਜਾਤੇ ਹੈਂ ਸੋ ਤੈਸੇ ਹੀ ਰਾਮ ਕ੍ਰਿਸ਼ਨ ਆਦਿਕ ਭੀ ਕਲਪ ਕਲਪ ਮੈ ਅਵਤਾਰ ਹੋਤੇ ਹੈ ਅਰ ਫੇਰੁ ਸਮਾਇ ਜਾਤੇ ਹੈਂ ਅਰ ਕਈ ਉਨਕੀਆਂ ਕਹਾਣੀਆਂ ਕਰਤੇ ਹੈਂ ਅਰ ਕਈ ਵੇਦਾਂ ਕਾ ਵੀਚਾਰ ਕਰਤੇ ਹੈਂ॥"[2]

ਆਨੰਦਘਨ ਨੇ "ਕੇਤੀਆਂ ਕੰਨ੍ ਕਹਾਣੀਆਂ" ਦੇ ਅਰਥ ਇਉਂ ਕੀਤੇ ਹਨ:

"ਕਾਨ੍ਹੇ ਕੇ ਸੁਣਨੇ ਲਾਇਕ ਤੋ ਕੇਤੀਆਂ ਕਹਾਣੀਆਂ ਹੈ॥"[3]

ਸੋ ਮੂਲ ਪਾਠ ਵਿਚ ਆਏ ਸ਼ਬਦ "ਕੰਨ੍" ਦੇ ਅਰਥ ਪਹਿਲੇ ਟੀਕਾਕਾਰ ਅਨੁਸਾਰ "ਕ੍ਰਿਸ਼ਨ ਜੀ" ਹਨ ਜਦੋਂ ਕਿ ਦੂਸਰੇ ਟੀਕਾਕਾਰ ਅਨੁਸਾਰ ਸਰੀਰ ਦਾ ਅੰਗ 'ਕੰਨ' ।

---

1 "In order to establish the correct meaning of the words it is not enough to consult dictionaries and lexica. The context of their use must also be considered." —Lionel Swain, "The Interpretation of the Bible" A N Catholic Commentary on Holy Scripture, 1969, p.62.

2 ਭਾਈ ਮਨੀ ਸਿੰਘ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, 1947 ਬਿਕ੍ਰਮੀ, ਪੰਨਾ 79.

3 ਟੀਕਾ ਆਸਾ ਦੀ ਵਾਰ, ਪੰਨਾ 21/ੳ

ਵਿਚਾਰ ਅਧੀਨ ਤੁਕਾਂ ਵਿਚ ਸ੍ਰੀ ਰਾਮ ਚੰਦਰ ਜੀ ਨੂੰ ਰਵਾਲ ਰੂਪ ਦੱਸਣ ਉਪਰੰਤ ਇਹ ਆਖਣਾ ਕਿ ਕ੍ਰਿਸ਼ਨ ਜੀ ਸੰਬੰਧੀ ਕਈ ਕਹਾਣੀਆਂ ਹਨ ਅਤੇ ਵੇਦਾਂ ਬਾਰੇ ਅਨੇਕ ਵਿਚਾਰ ਹਨ, ਪ੍ਰਸੰਗ ਅਨੁਸਾਰ ਠੀਕ ਢਲਦਾ ਹੈ ਕਿਉਂਕਿ ਇਥੇ ਪ੍ਰਸੰਗ ਇਹ ਹੈ ਕਿ ਕੇਵਲ ਪ੍ਰਭੂ (ਨਿਰੰਕਾਰ) ਹੀ ਨਿਰਭਉ ਹੈ ਬਾਕੀ ਰਾਮ ਕ੍ਰਿਸ਼ਨ ਆਦਿ ਅਵਤਾਰ ਸਭ ਉਸ ਦੇ ਸਾਮ੍ਹਣੇ ਤੁਛ ਹਨ ਅਤੇ ਉਸਦੇ ਭੈ ਵਿਚ ਰਹਨ।

'ਆਸਾ ਕੀ ਵਾਰ' ਵਿਚ ਹੀ ਕ੍ਰਿਸ਼ਨ ਕਨ੍ਹਈਆ ਨੂੰ ਹੋਰ ਥਾਵੇਂ ਵੀ 'ਕੰਨ੍ਹ' ਆਖਿਆ ਗਿਆ ਹੈ :-

"ਘੜੀਆ ਸਭੇ ਗੋਪੀਆ ਪਹਰ ਕੰਨ੍ਹ ਗੋਪਾਲ ॥" ( 1:5 )

ਇਥੇ ਬਿਲਕੁਲ ਸਪਸ਼ਟ ਹੈ ਕਿ ਘੜੀਆਂ ਅਤੇ ਪਹਰ ਨੂੰ ਗੋਪੀਆਂ ਅਤੇ ਕ੍ਰਿਸ਼ਨ (ਕੰਨ੍ਹ) ਆਖਿਆ ਗਿਆ ਹੈ। ਸੋ ਕੰਨ੍ਹ ਸ਼ਬਦ ਦੀ ਵਰਤੋਂ ਹੋਰ ਥਾਵੇਂ ਵੀ ਕ੍ਰਿਸ਼ਨ ਜੀ ਲਈ ਹੋਈ ਹੈ। ਵਿਚਾਰ ਅਧੀਨ ਤੁਕਾਂ ਵਿਚ ਵੀ ਨਿਸ਼ਚੇ ਹੀ ਪ੍ਰਸੰਗ ਅਨੁਸਾਰ "ਕੰਨ੍ਹ" ਦੇ ਅਰਥ ਕ੍ਰਿਸ਼ਨ ਜੀ ਕਰਨੇ ਹੀ ਯੋਗ ਹਨ, ਸਰੀਰ ਦਾ ਅੰਗ 'ਕੰਨ' ਨਹੀਂ। ਇਉਂ ਅਸੀਂ ਵੇਖਦੇ ਹਾਂ ਕਿ ਇਕ ਸ਼ਬਦ ਦੇ ਕੋਸ਼ ਅਨੁਸਾਰ ਉਪਲਬਧ ਅਨੇਕ ਅਰਥਾਂ ਵਿਚੋਂ ਟੀਕਾਕਾਰ ਨੂੰ ਪ੍ਰਸੰਗਿਕ ਅਰਥ ਲਾਉਣ ਦੀ ਚੰਗੀ ਸੂਝ ਹੋਣੀ ਚਾਹੀਦੀ ਹੈ।

## ਮਾਡਲ

ਹੁਣ ਤਕ ਕੀਤੇ ਵਿਵੇਚਨ ਤੋਂ ਉਭਰ ਕੇ ਇਹ ਗੱਲ ਸਾਮ੍ਹਣੇ ਆਉਂਦੀ ਹੈ ਕਿ ਟੀਕਾਕਾਰੀ ਦੇ ਮੁੱਖ ਪੱਖ ਤਿੰਨ ਹਨ ਬਾਕੀ ਉਨ੍ਹਾਂ ਦੇ ਉਪਪੱਖ ਹਨ। ਇਹ ਮੁੱਖ ਪੱਖ ਹਨ :-

(1) ਸੰਦੇਸ਼ ( Message ) ਜਿਸ ਤਕ ਪਹੁੰਚਣਾ ਟੀਕਾਕਾਰ ਦਾ ਮੰਤਵ ਹੁੰਦਾ ਹੈ;

(II) ਭਾਸ਼ਾ ਤੇ

(III) ਬਣਤਰ ਜੋ ਟੀਕਾਕਾਰ ਲਈ ਸੰਦੇਸ਼ ਤਕ ਪਹੁੰਚਣ ਦੇ ਮਾਧਿਅਮ ਹਨ।

ਸੰਦੇਸ਼ ਨੂੰ ਗੁਰਬਾਣੀ ਦੀ ਭਾਸ਼ਾ ਵਿਚ "ਵਸਤੂ" ਆਖਿਆ ਗਿਆ ਹੈ ਅਤੇ ਜਿਸ ਵਿਚ ਇਹ ਵਸਤੂ ਰਖੀ ਗਈ ਹੈ ਉਸ ਨੂੰ ਭਾਂਡਾ ਮੰਨਿਆ ਗਿਆ ਹੈ। ਗੁਰਬਾਣੀ ਦਾ ਮਾਡਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਉਤੇ ਮੁੰਦਾਵਣੀ ਵਿਚ ਪੰਚਮ ਪਾਤਸ਼ਾਹ ਨੇ ਆਪ ਦਿਤਾ ਹੋਇਆ ਹੈ:-

"ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥"[1]

ਗੁਰਬਾਣੀ ਰੂਪੀ ਭਾਂਡੇ (ਥਾਲ) ਵਿਚ ਤਿੰਨ ਵਸਤਾਂ (ਸੰਦੇਸ਼) ਮੁਖ ਤੌਰ ਤੇ ਹਨ — ਸਤੁ, ਸੰਤੋਖ ਤੇ ਵੀਚਾਰ ।

ਇਹੀ ਮਾਡਲ ਟੀਕਾਕਾਰੀ ਲਈ ਹੈ। ਮੂਲ ਗ੍ਰੰਥ ਜਾਂ ਰਚਨਾ ਰੂਪੀ ਭਾਂਡੇ ਵਿਚ ਸੰਦੇਸ਼ ਰੂਪੀ ਵਸਤੂ ਪਈ ਹੈ ਜਿਸ ਤਕ ਟੀਕਾਕਾਰ ਨੇ ਭਾਂਡੇ ਦੀ ਧਾਤੂ ( metal ) (ਭਾਸ਼ਾ) ਅਤੇ ਭਾਂਡੇ ਦੀ ਬਣਤਰ (ਰਚਨਾ ਦੀ ਬਣਤਰ) ਰਾਹੀਂ ਪਹੁੰਚਣਾ ਹੈ। ਪਰ ਭਾਂਡੇ ਦੀ ਧਾਤੂ ਅਤੇ ਬਣਤਰ ਸੰਦੇਸ਼ ਦੀ ਕੇਵਲ ਥੋਹ ਲਊਣ ਵਿਚ ਹੀ ਸਹਾਈ ਹੋ ਸਕਦੀਆਂ ਹਨ ਇਨ੍ਹਾਂ ਮਾਧਿਅਮਾਂ ਰਾਹੀਂ ਸੰਦੇਸ਼ ਤਕ ਪੁਜਣ ਲਈ ਅਨੁਭਵ ਤੇ ਅੰਤਰ-ਦ੍ਰਿਸ਼ਟੀ ( intution ) ਦੀ ਵੀ ਲੋੜ ਹੈ ਜਿਨ੍ਹਾਂ ਦੇ ਆਸਰੇ ਵਿਅਕਤੀ ਦਰੁਸਤ ਅਤੇ ਠੀਕ ਸੰਦੇਸ਼ ਤਕ ਪਹੁੰਚਦਾ ਹੈ।

ਇਥੇ ਇਕ ਗੱਲ ਹੋਰ ਵੀ ਧਿਆਨ ਦੇਣ ਵਾਲੀ ਹੈ। ਬਾਈਬਲ ਦਾ ਅਧਿਐਨ ਕਰਨ ਵਾਲੇ ਵਿਦਵਾਨਾਂ ਦਾ ਮਤ ਹੈ ਕਿ ਬਾਈਬਲ ਦੇ ਸੰਦੇਸ਼ ਉਤੇ ਕਈ ਪਰਤਾਂ ਹਨ। ਸੰਦੇਸ਼ ਤਕ ਪਹੁੰਚਣ ਲਈ ਇਨ੍ਹਾਂ ਪਰਤਾਂ ਨੂੰ ਉਧਾੜਨਾ ਪੈਂਦਾ ਹੈ[2] ਜਾਂ ਇਉਂ ਕਹਿ ਲਵੋ ਕਿ ਬਾਈਬਲ ਦੇ

---

1 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1429.

2 ਬਾਈਬਲ ਅਤੇ ਹੋਰ ਧਰਮ ਗ੍ਰੰਥਾਂ ਦੀਆਂ ਕਥਾਵਾਂ ਬਾਰੇ ਜਾਫਰੀ ਹਡਸਨ ਦਾ ਮਤ ਹੈ:

"Although founded in general upon historical events, these narratives have under meanings and in some cases even a sevenfold significance. Whilst apporently historical each story also has an inner purpost and contains within itself layer upon layer of hidden knowledge."
-Geoffrey Hodson, The Hidden Wisdon in the Holy Bible, 1963, p.24.

55

ਵਿਦਵਾਨਾਂ ਅਨੁਸਾਰ ਬਾਈਬਲ ਦਾ ਸੰਦੇਸ਼ ਤਮਸੀਲ ਦੀਆਂ ਤਹਿਆਂ ਅੰਦਰ ਛੁਪਿਆ ਪਿਆ ਹੈ। ਪਰ ਇਸਦੇ ਵਿਪਰੀਤ ਗੁਰਬਾਣੀ ਦੀ ਵਸਤੂ (ਸੰਦੇਸ਼ ) ਦਾ ਭਾਂਡਾ ਥਾਲ ਹੈ, ਭਾਵ ਸੰਦੇਸ਼ ਲਈ ਕੋਈ ਉਹਲਾ ਨਹੀਂ। ਇਸੇ ਕਰਕੇ ਗੁਰਬਾਣੀ ਦੇ ਟੀਕਾਕਾਰ ਦਾ ਕਾਰਜ ਤਮਸੀਲੀ ਲਿਖਤਾਂ ਦੇ ਵਿਆਖਿਆਕਾਰ ਦੇ ਮੁਕਾਬਲੇ ਵਿਚ ਕੁਝ ਆਸਾਨ ਹੈ। ਫਿਰ ਵੀ ਉਪਲਬਧ ਟੀਕਿਆਂ ਤੋਂ ਮਾਲੂਮ ਹੁੰਦਾ ਹੈ ਕਿ ਬਹੁ-ਦਿਸ਼ਾਵੀ ਵਿਆਖਿਆ-ਜੁਗਤਾਂ ਨੂੰ ਆਤਮਸਾਤ ਕਰਕੇ ਗੁਰਬਾਣੀ ਦੇ ਸੰਦੇਸ਼ ਤਕ ਪਹੁੰਚਣ ਦੇ ਠੋਸ ਯਤਨ ਨਹੀਂ ਹੋਏ।

******
*****
***
*

## ਅਧਿਆਇ : 5

## ਦਾਰਸ਼ਨਿਕ, ਸਾਹਿਤਿਕ ਅਤੇ ਭਾਸ਼ਾਈ ਪੱਖ

******
****
**
*

## ਦਾਰਸ਼ਨਿਕ, ਸਾਹਿਤਿਕ ਅਤੇ ਭਾਸ਼ਾਈ ਪੱਖ

### ਦਾਰਸ਼ਨਿਕ ਪੱਖ

ਟੀਕਾ ਸਾਹਿਤ ਬਾਰੇ ਇਹ ਗੱਲ ਬਿਲਕੁਲ ਸਪਸ਼ਟ ਹੈ ਕਿ ਇਸ ਵਿਚ ਕਿਸੇ ਨਵੇਂ ਦਰਸ਼ਨ ਦੀ ਉਸਾਰੀ ਦੀ ਕੋਈ ਸੰਭਾਵਨਾ ਨਹੀਂ ਹੁੰਦੀ। ਦਰਸ਼ਨ ਤਾਂ ਮੂਲ-ਪਾਠ ਦੇ ਤਾਣੇ ਵਿਚ ਪਹਿਲਾਂ ਹੀ ਤਣਿਆ ਹੋਇਆ ਹੁੰਦਾ ਹੈ। ਖ਼ਤਰਾ ਜਾਂ ਸੰਭਾਵਨਾ ਇਸ ਗੱਲ ਦੀ ਹੁੰਦੀ ਹੈ ਕਿ ਟੀਕਕਾਰ ਅਚੇਤ ਜਾਂ ਸੁਚੇਤ ਰੂਪ ਵਿਚ ਉਸ ਦਰਸ਼ਨ ਉਤੇ ਕਿਸੇ ਹੋਰ ਪ੍ਰਵਾਣਿਤ ਦਰਸ਼ਨ ਦੀ ਛਾਪ ਤਾਂ ਨਹੀਂ ਲਾ ਰਿਹਾ ਜਾਂ ਮੂਲ-ਪਾਠ ਵਿਚ ਪ੍ਰਸਤੁਤ ਕਿਸੇ ਵਿਸ਼ੇਸ਼ ਦਾਰਸ਼ਨਿਕ ਵਿਚਾਰ ਦਾ ਲੋਪ ਤਾਂ ਨਹੀਂ ਹੋ ਰਿਹਾ। ਨਿਤ ਦੇ ਜੀਵਨ ਨਾਲ ਸੰਬੰਧਿਤ ਆਚਾਰ ਵਿਹਾਰ ਦੇ ਕਿਸੇ ਪੱਖ ਬਾਰੇ ਜੇ ਕੋਈ ਟੀਕਾਕਾਰ ਭੁਲੇਖਾ ਖੜ੍ਹਾ ਕਰੇ ਤਾਂ ਉਹ ਸਹਿਜੇ ਹੀ ਜਨ-ਸਾਧਾਰਣ ਦੀ ਪਕੜ ਵਿਚ ਆ ਸਕਦਾ ਹੈ; ਜੇ ਕੋਈ ਟੀਕਾਕਾਰ ਕਿਧਰੇ ਇਹ ਗੱਲ ਸਿਧ ਕਰਨ ਦੀ ਕੋਸ਼ਿਸ਼ ਕਰੇ ਕਿ ਪੰਜ ਕਕਾਰਾਂ ਦਾ ਸਿੱਖੀ ਜੀਵਨ ਵਿਚ ਕੋਈ ਮਹੱਤਵ ਨਹੀਂ ਤਾਂ ਹਰ ਸਿੱਖ ਆਪਣੀ ਬੁੱਧੀ ਉਤੇ ਬਿਨਾਂ ਵਿਸ਼ੇਸ਼ ਬਲ ਪਾਏ ਆਖ ਦੇਵੇਗਾ ਕਿ ਇਹ ਗੱਲ ਠੀਕ ਨਹੀਂ ਹੈ। ਕਿਸੇ ਧਰਮ ਗ੍ਰੰਥ ਵਿਚ ਪੇਸ਼ ਕੀਤੇ ਗਏ ਦਾਰਸ਼ਨਿਕ ਵਿਚਾਰ ਬੜੀ ਸੂਖਮ ਕਿਸਮ ਦੇ ਹੁੰਦੇ ਹਨ। ਅਤੇ ਟੀਕਾਕਾਰ ਇਨ੍ਹਾਂ ਨੂੰ ਬਿਆਨ ਕਰਨ ਲਗਿਆਂ ਜਦੋਂ ਥਿੜਕ ਜਾਂਦਾ ਹੈ ਤਾਂ ਇਹ ਥਿੜਕਣ ਹਰ ਕਿਸੇ ਦੀ ਪਕੜ ਵਿਚ ਨਹੀਂ ਆਉਂਦੀ। ਇਸ ਲਈ ਟੀਕਿਆਂ ਵਿਚ ਜਿਨ੍ਹਾਂ ਥਾਵਾਂ ਉਤੇ ਟੀਕਾਕਾਰ ਵਿਸ਼ੇਸ਼ ਤੌਰ ਤੇ ਦਾਰਸ਼ਨਿਕ ਪੱਖ ਤੋਂ ਥਿੜਕ ਗਏ ਹਨ, ਉਨ੍ਹਾਂ ਥਾਵਾਂ ਨੂੰ ਸਪਸ਼ਟ ਕਰਨਾ ਆਵੱਸ਼ਕ ਹੈ।

**ਬ੍ਰਹਮ:**

ਆਸਾ ਦੀ ਵਾਰ ਦੇ ਟੀਕਿਆਂ ਦਾ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਵਾਰ ਦੀ ਪਹਿਲੀ ਪਉੜੀ ਦੀ ਪਹਿਲੀ ਤੁਕ ( ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ) ਦੇ ਅਰਥਾਂ ਬਾਰੇ ਟੀਕਾਕਾਰਾਂ ਵਿਚ ਇਕ ਵਿਸ਼ੇਸ਼ ਮਤ-ਭੇਦ ਹੈ। ਇਸ ਮਤ-ਭੇਦ ਨੂੰ ਸਪਸ਼ਟ ਕਰਨ ਲਈ ਕੁਝ ਟੀਕਾਕਾਰਾਂ ਦੁਆਰਾ ਕੀਤੇ ਅਰਥ ਹੇਠਾਂ ਦਰਜ ਕਰਦੇ ਹਾਂ :-

(ੳ) "ਹਿਰੁ ਸਾਹਿਬੁ ਸਾ ਪਹਿਲਾ ਸੋ ਸੁੰਨੁ ਸਾ, ਨਾ ਪਾਪੁ ਨਾ ਪੁੰਨੁ;...
ਪਹਿਲਾਂ ਸੁੰਨੁ ਥੀ ਆਪਣਾ ਨਾਉ ਕੀਤੋਸੁ ਜਿ ਕਰਤਾ ਪੁਰਖ ।
ਪ੍ਰਿਥਮੀ ਏਹੁ ਨਾਉਂ ਸੁੰਨ ਕਰਤਾ ਪੁਰਖ ਹੋਇਆ।"[1]

(ਅ) "ਮਹਾਰਾਜ ਨੇ ਆਪਣੀ ਸਕਤ ਕਰਿ ਜਗਤਿ ਨੂੰ ਉਤਪਤਿ ਕੀਤਾ ਹੈ ਅਰ ਨਾਨਾਂ ਪ੍ਰਕਾਰ ਦੀਆਂ ਜੂਨਾਂ ਰਚੀਆਂ ਹਨ ਅਰ ਇਕ ਆਪਣਾ ਹੀ ਨਾਮ ਜੀਆਂ ਕੇ ਉਧਾਰ ਵਾਸਤੇ ਰਚਿਆ ਹੈ।"[2]

(ੲ) "ਆਪ ਹੀ (ਨਿਰਗੁਣ ਨਿਰਾਕਾਰ ਪਰਮਾਤਮਾ) ਨੇ ਆਪਨੂੰ ਸਰਗੁਣ ਰੂਪਤਾ ਵਿਚ ਉਪਾਇਆ ਤੇ ਆਪ ਹੀ (ਉਸ) ਨੇ ਨਾਮ ਰਚਿਆ।"[3]

(ਸ) "ਹੇ ਅਕਾਲ ਪੁਰਖ (ਆਪੀਨੈ ਆਪ) ਆਪ ਸੇ ਆਪ ਅਰਥਾਤ ਸੁਤੰਤਰ ਪੰਜ ਤਤੋਂ ਕੋ ਰਚਿਆ ਹੈ ਔਰ ਆਪ ਹੀ ਤੈਨੇ ਨਾਮ ਰੂਪ ਆਤਮਕ ਜਗਤ ਰਚਾ ਹੈ।"[4]

(ਹ) "ਪ੍ਰਮੇਸਰ ਨੇ ਆਪਣੇ ਆਪ ਹੀ ਜਗਤ ਸਾਜਿਆ ਹੈ ਆਪ ਹੀ ਜੜ ਜੰਗਮ ਕਾ ਨਾਮ ਕਲਪਿਆ ਹੈ॥(ਪ੍ਰਸ਼ਨ) ਆਪ ਹੀ ਜਗਤ ਰੂਪ ਹੂਆ ਹੈ (ਉਤ੍ਰ) ਨਿਮਤ ਕਾਰਣ ਈਸ਼ਰ ਆਪ ਹੈ ਉਪਾਦਾਨ ਕੁਦਰਤਿ ਹੈ ਮਾਇਆ ਜਿਸਕੋ ਕਹੀਏ ਪ੍ਰਧਾਨ <u>ਜਿਸਕੋ ਸਾਖੀ ਮਾਨਤੇ ਹੈਂ</u>...."[5]

'ੳ' ਅਤੇ 'ੲ' ਵਾਲੇ ਟੀਕਾਕਾਰ "ਆਪੀਨੈ ਆਪੁ ਸਾਜਿਓ" ਤੋਂ ਭਾਵ ਲੈਂਦੇ ਹਨ ਕਿ ਸੁੰਨ, ਨਿਰਗੁਣ, ਨਿਰਾਕਾਰ, ਅਫੁਰ ਬ੍ਰਹਮ ਨੇ ਸਗੁਣ ਜਾਂ ਸਫੁਰ ਰੂਪ ਧਾਰਿਆ । ਪਰ 'ਅ', 'ਸ' ਅਤੇ 'ਹ' ਵਾਲੇ ਟੀਕਾਕਾਰਾਂ ਅਨੁਸਾਰ ਇਸ ਵਾਕੰਸ਼ ਤੋਂ ਭਾਵ ਹੈ ਪ੍ਰਭੂ ਨੇ ਆਪਣੇ ਆਪ ਤੋਂ ਸ੍ਰਿਸ਼ਟੀ ਦੀ

---

1 ਸੋਢੀ ਮਿਹਰਬਾਨ, <u>ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ</u>, ਸੈਂਚੀ ਪਹਿਲੀ, 1962, ਪੰਨਾ 496.
2 ਭਾਈ ਮਨੀ ਸਿੰਘ, <u>ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ</u>, 1947 ਬਿਕ੍ਰਮੀ, ਪੰਨਾ 67.
3 ਭਾਈ ਵੀਰ ਸਿੰਘ, <u>ਪੰਜ ਗ੍ਰੰਥੀ ਸਟੀਕ</u>, ਚੌਥੀ ਛਾਪ, ਪੰਨਾ 393.
4 <u>ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ</u> ( ਫਰੀਦਕੋਟੀ ਟੀਕਾ), ਜਿਲਦ 2, 1970, ਪੰਨਾ 44
5 ਭਗਵਾਨ ਸਿੰਘ, <u>ਆਸਾ ਦੀ ਵਾਰ ਸਟੀਕ</u>, ਸੰਮਤ ਨਾਨਕਸ਼ਾਹੀ 432, ਪੰਨੇ 22-23.

ਸਾਜਨਾ ਕੀਤੀ। 'ਹ' ਵਾਲੇ ਟੀਕਾਕਾਰ ਨੇ ਆਪਣੇ ਮਤ ਦੇ ਆਧਾਰ ਵਲ ਵੀ ਸੰਕੇਤ ਕਰ ਦਿੱਤਾ ਹੈ — "ਜਿਸ ਕੋ ਸਾਖੀ ਮਾਨਤੇ ਹੈਂ।" ਸਾਂਖ ਮਤ ਵਿਚ ਅਫੁਰ ਬ੍ਰਹਮ ਦੀ ਆਦਿ ਵਿਚ ਕੋਈ ਕਲਪਨਾ ਨਹੀਂ ਕੀਤੀ ਗਈ। ਸਾਂਖ ਅਨੁਸਾਰ ਪੁਰਸ਼ ਅਤੇ ਪ੍ਰਕ੍ਰਿਤੀ ਦੋਵੇਂ ਹੀ ਅਨਾਦੀ ਹਨ ਜਿਨ੍ਹਾਂ ਦੇ ਮੇਲ ਤੋਂ ਜਗਤ ਦੀ ਉਤਪਤੀ ਹੁੰਦੀ ਹੈ।

ਗੁਰਮਤਿ ਆਦਿ ਵਿਚ ਅਫੁਰ ਨਿਰਗੁਣ ਬ੍ਰਹਮ ਦੀ ਹੋਂਦ ਨੂੰ ਮੰਨਦੀ ਹੈ। 'ਸਿਧ ਗੋਸਟਿ' ਵਿਚ ਸਿੱਧਾਂ ਵਲੋਂ ਇਕ ਪ੍ਰਸ਼ਨ ਉਠਾਇਆ ਗਿਆ ਹੈ :-

"ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ ॥"[1]

ਗੁਰੂ ਨਾਨਕ ਦੇਵ ਜੀ ਇਸ ਦਾ ਉੱਤਰ ਦੇਂਦੇ ਹਨ:-

"ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ॥[2]

ਮਾਰੂ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ:-

"ਅਰਬਦ ਨਰਬਦ ਧੁੰਧੂਕਾਰਾ । ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥ ੧ ॥....

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ। ਬਾਝੁ ਕਲਾ ਆਡਾਣੁ ਰਹਾਇਆ॥
ਬ੍ਰਹਮਾ ਬਿਸਨੁ ਮਹੇਸੁ ਉਪਾਇ ਮਾਇਆ ਮੋਹੁ ਵਧਾਇਦਾ ॥ 14 ॥
ਵਿਰਲੇ ਕਉ ਗੁਰਿ ਸਬਦੁ ਸੁਣਾਇਆ । ਕਰਿ ਕਰਿ ਦੇਖੈ ਹੁਕਮੁ ਸਬਾਇਆ॥
ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥ 15 ॥
ਤਾ ਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ ॥
ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥ 16 ॥[3]

ਇਸ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਪਹਿਲਾਂ ਬ੍ਰਹਮ "ਸੁੰਨ ਸਮਾਧਿ" ਦੀ ਅਵਸਥਾ ਵਿਚ ਸੀ, ਫਿਰ ਉਹ "ਗੁਪਤਹੁ ਪਰਗਟੀ" ਆਇਆ (ਸਗੁਣ ਅਵਸਥਾ) ਅਤੇ ਜਗਤ ਦੀ ਸਾਜਨਾ ਕੀਤੀ। ਇਸ ਲਈ 'ੳ' ਅਤੇ 'ੲ' ਵਾਲੇ ਅਰਥ ਗੁਰਮਤ ਅਨੁਸਾਰ ਠੀਕ ਸਿੱਧ ਹੁੰਦੇ ਹਨ।

---

1 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 940.

2 ਉਹੀ ।

3 ਉਹੀ, ਪੰਨੇ 1035-36.

ਆਸਾ ਦੀ ਵਾਰ ਦੇ ਦੋ ਟੀਕਿਆਂ ਵਿਚ ਸਿੱਧੇ ਜਾਂ ਅਸਿੱਧੇ ਢੰਗ ਨਾਲ ਇਹ ਵੀ ਮੰਨਿਆ ਗਿਆ ਹੈ ਕਿ ਪਰਮਾਤਮਾ ਅਵਤਾਰ ਧਾਰਦਾ ਭਾਵ ਆਪਣੇ ਆਪ ਨੂੰ ਮਨੁਖੀ ਸਰੂਪ ਵਿਚ ਪ੍ਰਗਟ ਕਰਦਾ ਹੈ। ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਉਪਲਬਧ ਆਸਾ ਦੀ ਵਾਰ ਦੇ ਟੀਕੇ ਵਿਚ ਲਿਖਿਆ ਹੈ :-

> "ਅਰ ਜੋ ਗੁਰਾਂ ਕੀ ਵਡਿਆਈ ਜਾਣਤੇ ਹਨ ਸੋ
> ਪਰਮੇਸਰ ਕਾ ਘਰ ਜੋ ਹੈ ਬੈਕੂੰਠ ਧਾਮ ਤਹਾਂ
> ਜਾਇ ਪ੍ਰਾਪਤਿ ਹੋਤੇ ਹਨ।"[1]

ਸੁਆਮੀ ਆਨੰਦਘਨ ਰਚਿਤ ਆਸਾ ਦੀ ਵਾਰ ਦੇ ਟੀਕੇ ਵਿਚ ਲਿਖਿਆ ਹੈ :-

> "ਜੁਜਰ ਵੇਦ ਕੇ ਅਮਲ ਦ੍ਵਾਪੁਰ ਜੁਗ ਮੇ ਕ੍ਰਿਸਨ ਜੋ
> ਹੈ ਵਿਸਨ ਪ੍ਰਮਾਤਮਾ ਸੋ ਯਦ ਰਾਜਾ ਕੇ ਵੰਸ ਮੇ
> ਅਵਤਾਰ ਭਇਆ।"[2]

ਪਹਿਲਾ ਟੀਕਾਕਾਰ ਜਦੋਂ "ਪਰਮੇਸਰ ਕਾ ਘਰ ਜੋ ਹੈ ਬੈਕੁੰਠ ਧਾਮ" ਕਹਿੰਦਾ ਹੈ ਤਾਂ ਉਹ ਵਿਸ਼ਨੂੰ ਜੀ ਨੂੰ ਪਰਮੇਸ਼ਰ ਮੰਨ ਰਿਹਾ ਹੈ ਕਿਉਂਕਿ ਹਿੰਦੂ ਧਰਮ ਵਿਚ ਬੈਕੁਠ ਧਾਮ ਵਿਸ਼ਨੂੰ ਜੀ ਦਾ ਧਾਮ ਹੈ।[3] ਇਹ ਗੱਲ ਦੂਸਰੇ ਟੀਕੇ ਵਿਚ ਹੋਰ ਵੀ ਸਪਸ਼ਟ ਹੋ ਜਾਂਦੀ ਹੈ ਜਦੋਂ ਵਿਸ਼ਨੂੰ ਜੀ ਨੂੰ ਸਪਸ਼ਟ ਸ਼ਬਦਾਂ ਵਿਚ ਪਰਮਾਤਮਾ ਕਿਹਾ ਗਿਆ ਹੈ (ਵਿਸਨ ਪ੍ਰਮਾਤਮਾ) ਅਤੇ ਦਸਿਆ ਗਿਆ ਹੈ ਕਿ ਕ੍ਰਿਸ਼ਨ ਜੀ ਵਿਸ਼ਨੂੰ ਜੀ ਹੀ ਹਨ ਜਿਨ੍ਹਾਂ ਨੇ ਯਾਦਵਾਂ ਦੇ ਵੰਸ ਵਿਚ ਅਵਤਾਰ ਧਾਰਿਆ। ਇਉਂ ਇਨ੍ਹਾਂ ਟੀਕਾਕਾਰਾਂ ਅਨੁਸਾਰ ਪਰਮਾਤਮਾ ਆਪ ਹੀ ਵਿਸਨ ਹੈ ਅਤੇ ਆਪ ਹੀ ਕ੍ਰਿਸ਼ਨ ਰੂਪ ਵਿਚ ਆਇਆ। ਇਨ੍ਹਾਂ ਟੀਕਾਕਾਰਾਂ ਨੇ ਗੁਰਮਤਿ ਦੇ ਅਜੂਨੀ ਬ੍ਰਹਮ ਨੂੰ ਹਿੰਦੂ ਧਰਮ ਦੇ ਜੂਨੀ ਬ੍ਰਹਮ (ਅਵਤਾਰ ਰੂਪ ਵਿਚ ਪ੍ਰਗਟ ਹੋਣਾ) ਵਿਚ ਪਰਿਵਰਤਿਤ ਕਰ ਦਿੱਤਾ ਹੈ। ਹਿੰਦੂ ਧਰਮ ਦੀ ਅਵਤਾਰ

---

1 ਭਾਈ ਮਨੀ ਸਿੰਘ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੂਰਵਕਤ ਸੰਸਕਰਣ, ਪੰਨੇ 66-67.

2 ਪੰਨਾ 63/ੳ.

3 ਭਾਈ ਕਾਨ੍ਹ ਸਿੰਘ, ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਦੇਖੋ "ਬੈਕੁੰਠ" ।

ਸਥਿਤੀ ਨੂੰ ਸ੍ਰੀਮਦਭਗਵਦਗੀਤਾ ਦੇ ਹੇਠ ਲਿਖੇ ਸਲੋਕਾਂ ਵਿਚ ਦੇਖਿਆ ਜਾ ਸਕਦਾ ਹੈ :-

"अजोऽपि सन्नव्ययात्मा भूतानामीश्वरोऽपि सन्।
प्रकृतिं स्वामधिष्ठाय संभवाम्यात्ममायया।।"[1]

ਇਸ ਸਲੋਕ ਦੇ ਅਰਥ ਹਿੰਦੂ ਧਰਮ ਗ੍ਰੰਥਾਂ ਦੇ ਪ੍ਰਸਿਧ ਟੀਕਾਕਾਰ ਸ੍ਰੀ ਜੈ ਦਿਆਲ ਗੋਇੰਦਕਾ ਨੇ ਇਸ ਪ੍ਰਕਾਰ ਦਿੱਤੇ ਹਨ :- " ਮੈਂ ਅਜਨਮਾ ਔਰ ਅਵਿਨਾਸ਼ੀਸ੍ਵਰੂਪ ਹੋਤੇ ਹੁਏ ਭੀ ਤਥਾ ਸਮਸ੍ਤ ਪ੍ਰਾਣੀਯੋਂਕਾ ਈਸ਼੍ਵਰ ਹੋਤੇ ਹੁਏ ਭੀ ਅਪਨੀ ਪ੍ਰਕ੍ਰਿਤੀ ਕੋ ਅਧੀਨ ਕਰਕੇ ਅਪਨੀ ਯੋਗਮਾਯਾ ਸੇ ਪ੍ਰਕਟ ਹੋਤਾ ਹੂੰ ।"[2]

ਅਗੇ ਇਸ ਸਲੋਕ ਦੀ ਵਿਆਖਿਆ ਕਰਦੇ ਹੋਏ ਸ੍ਰੀ ਗੋਇੰਦਕਾ ਲਿਖਦੇ ਹਨ:

"ਇਸ ਸੇ ਭਗਵਾਨ ਨੇ ਯਹ ਦਿਖਲਾਯਾ ਹੈ ਕਿ ਯਦਯਪਿ ਮੈਂ ਅਜਨਮਾ ਔਰ ਅਵਿਨਾਸ਼ੀ ਹੂੰ - ਵਾਸਤਵ ਮੇਂ ਮੇਰਾ ਜਨਮ ਔਰ ਵਿਨਾਸ਼ ਕਭੀ ਨਹੀਂ ਹੋਤਾ, ਤੋ ਭੀ ਮੈਂ ਸਾਧਾਰਣ ਵਯਕਤਿ ਕੀ ਭਾਂਤਿ ਜਨਮਤਾ ਔਰ ਵਿਨਸ਼ਟ ਹੋਤਾ ਸਾ ਪ੍ਰਤੀਤ ਹੋਤਾ ਹੂੰ; ਇਸੀ ਤਰਹ ਸਮਸ੍ਤ ਪ੍ਰਾਣੀਯੋਂ ਕਾ ਈਸ਼੍ਵਰ ਹੋਤੇ ਹੁਏ ਭੀ ਏਕ ਸਾਧਾਰਣ ਵਯਕਤਿ- ਸਾ ਹੀ ਪ੍ਰਤੀਤ ਹੋਤਾ ਹੂੰ ।"[3]

ਅਗਲਾ ਸਲੋਕ ਹੈ: -

"यदा यदा हि धर्मस्य ग्लानिर्भवति भारत।
अभ्युत्थानमधर्मस्य तदात्मानं सृजाम्यहम् ।।"[4]

ਇਸ ਦੇ ਅਰਥ ਗੋਇੰਦਕਾ ਜੀ ਨੇ ਨਿਮਨ ਅਨੁਸਾਰ ਕੀਤੇ ਹਨ:-

ਹੇ ਭਾਰਤ ! ਜਬ ਜਬ ਧਰਮ ਕੀ ਹਾਨੀ ਔਰ ਅਧਰਮ ਕੀ ਵ੍ਰਿਧੀ ਹੋਤੀ ਹੈ ਤਬ-ਤਬ ਹੀ ਮੈਂ ਅਪਨੇ ਰੂਪ ਕੋ ਰਚਤਾ ਹੂੰ ਅਰਥਾਤ ਸਾਕਾਰ ਰੂਪ ਸੇ ਲੋਗੋਂ ਕੇ ਸੱਮੁਖ ਪ੍ਰਕਟ ਹੋਤਾ ਹੂੰ ।"[5]

---

1 ਅਧਿਆਇ ਚੋਥਾ, ਸਲੋਕ 6.

2 ਜੈ-ਦਿਆਲ ਗੋਇੰਦਕਾ (ਟੀਕਾਕਾਰ) ਸ੍ਰੀਮਦਭਗਵਦਗੀਤਾ, ਦਸਮ ਸੰਸਕਰਣ, ਪੰਨਾ 175.

3 ਉਹੀ ।

4 ਅਧਿਆਇ ਚੋਥਾ, ਸਲੋਕ 7.

5 ਜੈ ਦਿਆਲ ਗੋਇੰਦਕਾ (ਟੀਕਾਕਾਰ), ਸ੍ਰੀਮਦਭਗਵਦਗੀਤਾ, ਦਸ਼ਮ ਸੰਸਕਰਣ, ਪੰਨਾ 176.

ਇਉਂ ਗੀਤਾ ਅਨੁਸਾਰ ਭਾਵੇਂ ਪ੍ਰਭੂ ਅਜਨਮਾ ਅਤੇ ਅਵਿਨਾਸ਼ੀ ਹੈ ,ਫਿਰ ਵੀ ਉਹ ਆਪਣੇ ਆਪ ਨੂੰ ਜਗਤ ਦੇ ਸਾਮ੍ਹਣੇ ਪ੍ਰਗਟ ਕਰਨ ਲਈ ਗਰਭ ਧਾਰਣ ਕਰਨ ਦੀ ਲੀਲਾ ਜ਼ਰੂਰ ਕਰਦਾ ਹੈ। ਇਸੇ ਨੂੰ ਹਿੰਦੂ ਧਰਮ ਦਰਸ਼ਨ ਵਿਚ ਅਵਤਾਰ ਧਾਰਨਾ ਕਿਹਾ ਗਿਆ ਹੈ। ਪਰ ਗੁਰਮਤਿ ਵਿਚ ਪ੍ਰਭੂ ਦੀ ਗਰਭ ਧਾਰਣ ਕਰਨ ਦੀ ਲੀਲਾ ਨੂੰ ਬਿਲਕੁਲ ਪ੍ਰਵਾਣ ਨਹੀਂ ਕੀਤਾ ਗਿਆ। ਮਾਰੂ ਰਾਗ ਵਿਚ ਪੰਚਮ ਪਾਤਿਸ਼ਾਹ ਦੇ ਬਚਨ ਹਨ:-

"ਤੂ ਪਾਰਬ੍ਰਹਮੁ ਪਰਮੇਸਰੁ ਜੋਨਿ ਨ ਆਵਹੀ ॥"[1]

ਭੈਰਉ ਰਾਗ ਵਿਚ ਇਕ ਥਾਂ ਠਾਕੁਰ ਨੂੰ ਜੋਨੀ ਮੰਨਣ ਵਿਰੁੱਧ ਉਨ੍ਹਾਂ ਦੀ ਸਖ਼ਤ ਹਦਾਇਤ ਹੈ :-

"ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥"[2]

ਸ੍ਰੀਮਦਭਗਵਦ-ਗੀਤਾ ਅਨੁਸਾਰ ਸ੍ਰੀ ਕ੍ਰਿਸ਼ਨ ਜੀ ਰਬ ਦਾ ਅਵਤਾਰ ਹਨ ਅਰਥਾਤ ਪ੍ਰਭੂ ਨੇ ਆਪਣੀ ਯੋਗ ਮਾਇਆ ਰਾਹੀਂ ਆਪ ਹੀ ਉਹ ਸਰੀਰ ਧਾਰਣ ਕੀਤਾ ਹੋਇਆ ਹੈ ਪਰ ਗੁਰੂ ਸਾਹਿਬਾਨ ਇਸ ਵਿਚਾਰ ਨੂੰ ਨਹੀਂ ਮੰਨਦੇ। ਗੀਤਾ ਵਿਚ ਸ੍ਰੀ ਕ੍ਰਿਸ਼ਨ ਜੀ ਦਾ ਜੋ ਰਬ ਹੋਣ ਦਾ ਦਾਅਵਾ ਹੈ ਉਸ ਨੂੰ ਦਸਮ ਪਾਤਿਸ਼ਾਹ ਨੇ ਪੂਰੀ ਤਰ੍ਹਾਂ ਰੱਦ ਕੀਤਾ ਹੈ। ਉਹ ਪੁੱਛਦੇ ਹਨ :-

"ਕਯੋਂ ਕਹੁ ਕ੍ਰਿਸ਼ਨ ਕ੍ਰਿਪਾਨਿਧਿ ਹੈ ?  
ਕਿਹ ਕਾਜ ਤੇ ਬੱਧਕ ਬਾਣ ਲਗਾਯੋ ?  
ਔਰ ਕੁਲੀਨ ਉਧਾਰਤ ਜੋ,  
ਕਿਹ ਤੇ ਅਪਨੋ ਕੁਲ ਨਾਸ਼ ਕਰਾਯੋ ?  
ਆਦਿ ਅਜੋਨਿ ਕਹਾਇ, ਕਹੋ !  
ਕਿਮ ਦੇਵਕਿ ਕੇ ਜਠਰੰਤਰ ਆਯੋ ?  
ਤਾਤ ਨ ਮਾਤ ਕਹੈ ਜਿਂਹ ਕੋ,  
ਤਿਂਹ ਕਯੋਂ ਬਸੁਦੇਵਹਿ ਬਾਪ ਕਹਾਯੋ ?[3]

---

1. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1095.
2. ਉਹੀ, ਪੰਨਾ 1136.
3. ਸਵੈਯੇ ਪਾ: ੧੦.

ਇਸੇ ਲਈ ਉਹ ਐਲਾਨ ਕਰਦੇ ਹਨ:-

"ਮੈਂ ਨ ਗਨੇਸ਼ਹਿ ਪ੍ਰਿਥਮ ਮਨਾਊਂ ॥
ਕਿਸਨ ਬਿਸਨ ਕਬਹੂੰ ਨ ਧਿਆਊਂ ॥"[1]

ਟੀਕਾਕਾਰ ਦਾ ਇਹ ਵਿਚਾਰ ਕਿ ਪ੍ਰਭੂ ਅਵਤਾਰ ਧਾਰਦਾ ਹੈ, ਗੁਰਮਤਿ ਦੇ ਦ੍ਰਿਸ਼ਟੀਕੋਣ ਤੋਂ ਪ੍ਰਵਾਣ ਨਹੀਂ ਕੀਤਾ ਜਾ ਸਕਦਾ। ਗੁਰਮਤਿ ਅਨੁਸਾਰ ਪ੍ਰਭੂ ਅਜੂਨੀ ਹੈ। ਜਿਨ੍ਹਾਂ ਦੋ ਟੀਕਾਕਾਰਾਂ ਦੀਆਂ ਟੂਕਾਂ ਨੂੰ ਲੈ ਕੇ ਵਿਚਾਰ ਕੀਤਾ ਗਿਆ ਹੈ ਉਹ ਗੁਰਮਤਿ ਦੀ ਵਿਚਾਰਧਾਰਾ ਤੋਂ ਥਿੜਕ ਗਏ ਹਨ। ਉਹ ਗੀਤਾ ਦੇ ਜੂਨੀ ਬ੍ਰਹਮ ਅਤੇ ਗੁਰਮਤਿ ਦੇ ਅਜੂਨੀ ਬ੍ਰਹਮ ਨੂੰ ਨਖੇੜ ਨਹੀਂ ਸਕੇ।

ਜਗਤ

ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਉਪਲਬਧ ਆਸਾ ਦੀ ਵਾਰ ਦੇ ਟੀਕੇ ਵਿਚ ਜਗਤ ਬਾਰੇ ਵਿਚਾਰ ਇਉਂ ਪ੍ਰਗਟ ਕੀਤੇ ਗਏ ਹਨ :-

ਮਹਾਰਾਜ ਨੇ ਅਪਨੀ ਸਕਤ ਕਰ ਜਗਤ ਉਤਪਤਿ ਕੀਤਾ ਹੈ
ਅਰ ਨਾਨਾ ਪ੍ਰਕਾਰ ਦੀਆਂ ਜੂਨਾ ਰਚੀਆਂ ਹਨ ਅਰ ਇਕ
ਆਪਣਾ ਹੀ ਨਾਮ ਜੀਆਂ ਕੇ ਉਧਾਰ ਵਾਸਤੇ ਰਖਿਆ ਹੈ ਅਰ
ਦੂਜੀ ਆਪਣੇ ਪਾਸ ਮਾਇਆ ਕੁਦਰਤ ਰਚੀ ਹੈ ਸੋ ਤਿਸ
ਮਾਇਆ ਮੈਂ ਅਪਨੀ ਦ੍ਰਿਸਟ ਕੀਤੀ ਹੈ ਅਰ ਉਸ ਮੈਂ ਮਹਤਤ
ਗਰਭ ਹੂਆ ਹੈ ਸੋ ਤਿਸ ਮੈਂ ਆਪਨੀ ਸਤਿਆ ਡਾਲੀ ਹੈ ਅਰ
ਤਿਸ ਮੇ ਹੰਕਾਰ ਰੂਪ ਪੁਤ੍ਰ ਉਤਪਤਿ ਹੂਆ ਹੈ ਸੋ ਤਿਸਕੇ ਤੀਨ
ਰੂਪ ਹੂਏ ਹਨ ਜੋ ਤਾਮਸੀ ਹੰਕਾਰ ਸੇ ਪੰਜ ਭੂਤ ਹੂਏ ਤਿਸ ਕਰ
ਦੇਹ ਰਚੀ ਅਰ ਰਾਜਸੀ ਅਹੰਕਾਰ ਸੇ ਇੰਦ੍ਰੀਆਂ ਹੂਈਆਂ ਅਰ ਸਾਤਕੀ
ਹੰਕਾਰ ਸੇ ਅੰਤਹਕਰਨ ਅਰ ਇੰਦ੍ਰੀਆਂ ਕੇ ਦੇਵਤੇ ਹੂਏ ਹੈ ਸੋ ਤਿਨੋਂ
ਕਰ ਜੀਅ ਜੰਤ ਰਚੇ ਹੈਂ ਅਰ ਤਿਨਕੇ ਬੀਚ ਆਪਣੀ ਚੈਤੰਨ ਕਲਾ
ਰਖੀ ਹੈ।"[2]

---

1 ਕ੍ਰਿਸਨਾਵਤਾਰ, 431- 1.

2 ਪੂਰਵੁਕਤ ਸੰਸਕਰਣ, ਪੰਨਾ 67.

ਇਸ ਵਿਆਖਿਆ ਵਿਚ ਟੀਕਾਕਾਰ ਨੇ ਜਗਤ ਰਚਨਾ ਬਾਰੇ ਗੁਰਮਤ ਅਤੇ ਸਾਂਖ ਦੇ ਵਿਚਾਰਾਂ ਦਾ ਮਿਸ਼ਰਣ ਕਰ ਦਿੱਤਾ ਹੈ। ਆਰੰਭਿਕ ਵਾਕਾਂ ਵਿਚ ਉਸ ਦਾ ਇਹ ਵਿਚਾਰ ਕਿ ਮਹਾਰਾਜ ਨੇ ਮਾਇਆ (ਕੁਦਰਤ) ਰਚੀ ਹੈ, ਗੁਰਮਤ ਅਨੁਸਾਰ ਹੈ , ਸਾਂਖ ਅਨੁਸਾਰ ਨਹੀਂ, ਕਿਉਂਕਿ ਸਾਂਖ ਅਨੁਸਾਰ ਪੁਰਖ ਅਤੇ ਪ੍ਰਕ੍ਰਿਤੀ (ਮਾਇਆ, ਕੁਦਰਤ) ਦੋਵੇਂ ਅਨਾਦੀ ਹਨ। ਪਰ ਇਸ ਤੋਂ ਅਗੇ ਜਦੋਂ ਉਹ ਕਹਿੰਦਾ ਹੈ ਕਿ ਮਹਾਰਾਜ ਨੇ "ਮਾਇਆ ਮੈ ਅਪਨੀ ਦ੍ਰਿਸਟ ਕੀਤੀ ਹੈ ਅਰ ਉਸ ਮੇ ਮਹਿਤਤ ਗਰਭ ਹੂਆ ਹੈ ਸੋ ਤਿਸਮੇਂ ਆਪਨੀ ਸਤਿਆ ਡਾਲੀ ਹੈ ਅਰ ਤਿਸਮੇਂ ਹੰਕਾਰ ਰੂਪ ਪੁਤ੍ਰ ਉਤਪਤਿ ਹੂਆ ਹੈ" ਤਾਂ ਉਹ ਸਾਂਖ ਵਲ ਮੁੜ ਗਿਆ ਹੈ ਕਿਉਂਕਿ ਮਹਾਰਾਜ ਦੀ ਮਾਇਆ ਵਿਚ ਦ੍ਰਿਸ਼ਟਿ ਰਾਹੀਂ ਉਹ ਪੁਰਖ-ਪ੍ਰਕਿਤੀ ਮੇਲ ਕਰਵਾ ਰਿਹਾ ਹੈ ਅਤੇ ਇਸ ਮੇਲ ਤੋਂ ਮਹਿਤਤ ਗਰਭ ਅਤੇ ਹੰਕਾਰ ਪੁੱਤਰ ਦਾ ਪੈਦਾ ਹੋਣਾ ਸਾਂਖ ਦਰਸ਼ਨ ਦੇ ਵਿਚਾਰ ਹਨ। ਜਗਤ ਦੀ ਉਤਪਤੀ ਬਾਰੇ ਸਾਂਖ ਅਤੇ ਗੁਰਮਤ ਦੀ ਡਾ. ਸ਼ੇਰ ਸਿੰਘ ਦੁਆਰਾ ਦਿੱਤੀ ਤੁਲਨਾ ਇਸ ਗੱਲ ਨੂੰ ਹੋਰ ਸਪਸ਼ਟ ਕਰ ਸਕਦੀ ਹੈ। ਡਾ. ਸ਼ੇਰ ਸਿੰਘ ਦੁਆਰਾ ਕੀਤੀ ਤੁਲਨਾ ਨਿਮਨ ਅਨੁਸਾਰ ਹੈ :-

| ਸਾਂਖ | ਗੁਰਮਤ |
|---|---|
| ੧- ਪੁਰਖ | ੧ - ਅਫੁਰ ਅਕਾਲ |
| ੨- ਪ੍ਰਕ੍ਰਿਤੀ | ੨- ਸਫੁਰ-ਕਰਤਾ-ਹੁਕਮ |
| ੩- ਮਹਤਤ ਜਾਂ ਬੁੱਧੀ | ੩- ਹਉਮੈ-ਵਿਸ਼ੇਸ਼ ਸੰਸਾਰ ਦਾ ਕਾਰਣ |
| ੪- ਅਹੰਕਾਰ | ੪- ਜੀਵਾਤਮਾ ਚੇਤਨ ਸੱਤਾ |
| ੫-੯- ਪੰਜ ਤਨਮਾਤ੍ਰ | ੫- ਜੜ੍ਹ ਪਦਾਰਥ ਪ੍ਰਕਿਰਤੀ-ਤੈਨਾਂ ਗੁਣਾਂ ਦਾ ਸੰਜੋਗ-ਵਿਜੋਗ ਨਾਲ 20 ਤੱਤ ਹੋਂਦ ਵਿਚ ਆਕੇ ਸਾਰਾ ਵਿਕਾਸ ਹੁੰਦਾ ਹੈ। |
| ੧੦- ਮਨ | ੬-੧੦- ਪੰਜ ਤਨੁਮਾਤ੍ਰ |
| ੧੧-੧੫- ਗਿਆਨ ਇੰਦ੍ਰੇ | ੧੧-੧੫- ਪੰਜ ਗਿਆਨ ਇੰਦ੍ਰੇ |
| ੧੬-੨੦- ਕਰਮ ਇੰਦ੍ਰੇ | ੧੬-੨੦- ਪੰਜ ਕਰਮ ਇੰਦ੍ਰੇ |
| ੨੧-੨੫- ਪੰਜ ਤੱਤ | ੨੧-੨੫- ਪੰਜ ਤੱਤ (ਮਿੱਟੀ, ਪਾਣੀ, ਅੱਗ, ਹਵਾ, ਆਕਾਸ਼)"[1] |

---

1 ਡਾ. ਸ਼ੇਰ ਸਿੰਘ, ਗੁਰਮਤਿ ਦਰਸ਼ਨ, 1962, ਪੰਨਾ 239.

ਜਗਤ ਦੀ ਉਤਪਤੀ ਦੇ ਸੰਬੰਧ ਵਿਚ ਸਾਖ ਦੇ ਜਿਹੜੇ ਵਿਚਾਰ ਟੀਕਾਕਾਰ ਨੇ ਗੁਰਬਾਣੀ ਵਿਆਖਿਆ ਰਾਹੀਂ ਪ੍ਰਸਤੁਤ ਕੀਤੇ ਹਨ, ਉਨ੍ਹਾਂ ਨੂੰ ਗੁਰਬਾਣੀ ਪ੍ਰਵਾਣ ਨਹੀਂ ਕਰਦੀ। ਗੁਰਮਤ ਅਨੁਸਾਰ ਜਗਤ ਦੀ ਰਚਨਾ ਪ੍ਰਭੂ ਦੇ ਹੁਕਮ ਰਾਹੀਂ ਹੁੰਦੀ ਹੈ ਅਤੇ ਉਸ ਹੁਕਮ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ।[1]

ਸੁਆਮੀ ਆਨੰਦਘਨ ਨੇ ਜਗਤ ਦੀ ਉਤਪਤੀ ਬਾਰੇ ਆਸਾ ਦੀ ਵਾਰ ਦੇ ਆਪਣੇ ਟੀਕੇ ਵਿਚ ਵਿਚਾਰ ਇਉਂ ਪੇਸ਼ ਕੀਤੇ ਹਨ :-

> "ਦੂਸਰੀ ਕੁਦਰਤ ਕਿਆ ਕਹੀਏ ਮਹਾ ਮਾਇਆ ਭੀ ਤੈਨੇ ਰਚੀ ਹੈ। ਆਸਣਿ ਕਿਆ ਕਹੀਏ। ਧਿਆਨ ਕਰਿ ਕਰਿ ਤੈਨੇ ਆਪਣਾ ਰਉ ਆਪ ਦੇਖਾ ॥ ਰਉ ਕਿਆ ਦੇਖਾ ਈਹ ਸੁਣਨੇ ਵਾਲੇ ਕੋ ਸੰਦੇਹ ਹੋਤਾ ਹੈ। ਤਾਂਤੇ ਇਸਕਾ ਨਿਰਨਾ ਕਰਤੇ ਹੈ। ਜਬ ਤੈਨੇ ਮਾਹ ਮਾਇਆ ਰਚੀ ਤਬ ਮਾਹ ਮਾਇਆ ਨੇ ਤੇਰੇ ਤਾਈਂ ਇਛਾ ਉਪਜਾਈ॥ ਏਕ ਹੀ ਮੈ ਬਹੁਤ ਹੋਵੋ॥ ਤਬ ਇਹ ਇਛਾ ਉਪਜੀ ਤਬ ਤੇਰੇ ਏਕ ਕੇ ਹੀ ਬ੍ਰਹਮਾ ਬਿਸਨ ਮਹਾਦੇਉ ਤੀਨ ਰੂਪ ਭਏ॥ ਜਬ ਤੈਨੇ ਆਪਣੇ ਤੀਨ ਰੂਪ ਬਣਾਏ॥ ਤਬ ਮਹਾ ਮਾਇਆ ਨੇ ਬ੍ਰਹਮਾਨੀ ਵੈਸਨਵੀ ਸਿਵਾ ਆਪਣੇ ਤੀਨ ਰੂਪ ਬਣਾਏ ਲੀਏ॥ <u>ਇਨ ਛਿਉ ਨੇ ਮਿਲ ਕਰ ਜਗਤ ਕਾ ਉਤਪਤ ਇਸਥਿਤ</u> ਸੰਹਾਰ ਰਚਾ।"[2]

ਗੁਰਬਾਣੀ ਵਿਚ ਕਿਧਰੇ ਵੀ ਛੇਆਂ ਤੋਂ ਜਗਤ ਦੀ ਉਤਪਤੀ, ਇਸਥਿਤਿ ਅਤੇ ਸੰਹਾਰ ਨਹੀਂ ਦਸਿਆ ਗਿਆ ਜਿਵੇਂ ਕਿ ਸੁਆਮੀ ਆਨੰਦਘਨ ਨੇ ਦਸਿਆ ਹੈ। ਸਭ ਤੋਂ ਪਹਿਲਾਂ ਉਨ੍ਹਾਂ ਨੇ ਕੁਦਰਤ ਨੂੰ ਮਹਾ-ਮਾਇਆ ਆਖਿਆ ਹੈ। ਮਹਾ-ਮਾਇਆ ਦੇ ਸੰਕਲਪ ਦਾ ਵਿਸਤਾਰਪੂਰਵਕ ਵਰਣਨ ਮਾਰਕੰਡੇ ਪੁਰਾਣ ਵਿਚ ਮਿਲਦਾ ਹੈ।[3] ਇਸ ਪੁਰਾਣ ਦੇ "ਦੇਵੀ ਮਹਾਤਮਯ" ਵਾਲੇ ਭਾਗ ਵਿਚ ਦਸਿਆ

---

1. "ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥"
 -<u>ਸ੍ਰੀ ਗੁਰੂ ਗ੍ਰੰਥ ਸਾਹਿਬ</u>, ਪੰਨਾ -1.

2 ਪੰਨਾ 5/ੳ.

3 Pargitor, F. Eden (Translator), <u>Markandeya Purana</u>, 1969, Canto 81-93;
ਖੇਮ ਰਾਜ ਸ੍ਰੀ ਕ੍ਰਿਸ਼ਣ ਦਾਸ (ਸੰਪਾ:)<u>ਸ੍ਰੀਮਾਰਕੰਡੇਮਹਾਪੁਰਾਣਮ</u>, ਅਧਿਆਇ 78-90.
(ਇਨ੍ਹਾਂ ਦੋਹਾਂ ਸਸਕਰਣਾਂ ਦੀ ਅਧਿਆਇ ਵੰਡ ਵਿਚ ਅੰਤਰ ਹੈ)।

ਗਿਆ ਹੈ ਕਿ "ਮਹਾ ਮਾਇਆ ਜਗਤਪਤੀ ਹਰਿ ਦੀ ਯੋਗਨਿਦ੍ਰਾਸਰੂਪ ਹੈ, ਉਹੀ ਇਸ ਜਗਤ ਨੂੰ ਮੋਹਿਤ ਕਰਦੀ ਹੈ।"[1] ਮਾਰਕੰਡੇ ਪੁਰਾਣ ਵਿਚ ਮਹਾਮਾਇਆ ਨੂੰ ਦੇਵੀ ਸਰੂਪ ਵਿਚ ਦਰਸਾਇਆ ਗਿਆ ਹੈ ਅਤੇ ਇਸ ਨੂੰ ਵਿਭਿੰਨ ਨਾਂ ਦਿੱਤੇ ਗਏ ਹਨ ਜਿਵੇਂ ਦੁਰਗਾ, ਚੰਡਿਕਾ, ਅੰਬਿਕਾ, ਮਹਾਕਾਲੀ ਆਦਿ।[2] ਇਸ ਦੇਵੀ ਦੀਆਂ ਸ਼ਕਤੀਆਂ ਬ੍ਰਹਮਾ ਦੇ ਮੁਖਾਰਬਿੰਦ ਤੋਂ ਇਉਂ ਬਿਆਨ ਕੀਤੀਆਂ ਗਈਆਂ ਹਨ :

> "ਤੂੰ ਹੀ ਸਰਗ ਕਾਲ ਵਿਚ ਸ੍ਰਿਸ਼ਟੀ ਰੂਪ, ਪਾਲਨ ਵਿਚ
> ਸਥਿਤਿ ਰੂਪ ਅਤੇ ਹੇ ਜਗਨਮਯ ! ਇਸ ਜਗਤ ਦੇ
> ਵਿਨਾਸ਼ ਕਾਲ ਵਿਚ ਤੂੰ ਹੀ ਸੰਹਾਰ ਰੂਪ ਹੈਂ।"[3]

ਮਹਾ ਮਾਇਆ ਦੀਆਂ ਇਹੋ ਤਿੰਨ ਸ਼ਕਤੀਆਂ ਸੁਆਮੀ ਆਨੰਦਘਨ ਨੇ ਵਿਚਾਰ ਅਧੀਨ ਵਿਆਖਿਆ ਵਿਚ ਦਸੀਆਂ ਹਨ ਜਦੋਂ ਉਹ ਕਹਿੰਦੇ ਹਨ ਕਿ "ਮਹਾ ਮਾਇਆ ਨੇ ਬ੍ਰਹਮਾਨੀ ਵੈਸਨਵੀ ਸ਼ਿਵਾ ਆਪਣੇ ਤੀਨ ਰੂਪ ਬਣਾਏ।" ਭਾਵ ਇਹ ਕਿ ਮਹਾ ਮਾਇਆ ਨੇ ਆਪਣੀ ਸ਼ਕਤੀ ਨੂੰ ਤਿੰਨ ਰੂਪਾਂ ਵਿਚ ਪਰਿਵਰਤਿਤ ਕਰ ਦਿੱਤਾ (1) ਬ੍ਰਹਮਾਨੀ - ਬ੍ਰਹਮਾ ਵਾਲੀ ਸ਼ਕਤੀ – ਸ੍ਰਿਜਨ ਸ਼ਕਤੀ (2) ਵੈਸਨਵੀ–ਵਿਸ਼ਨੂੰ ਵਾਲੀ ਸ਼ਕਤੀ - ਪਾਲਨ ਸ਼ਕਤੀ (3) ਸ਼ਿਵਾ –ਸ਼ਿਵ ਵਾਲੀ ਸ਼ਕਤੀ – ਸੰਹਾਰ ਸ਼ਕਤੀ।

ਇਸ ਤੋਂ ਅੱਗੇ ਸੁਆਮੀ ਜੀ ਕਹਿੰਦੇ ਹਨ ਕਿ ਮਹਾ ਮਾਇਆ ਨੇ ਪ੍ਰਭੂ ਤਾਈਂ ਇਛਾ ਉਪਜਾਈ : "ਏਕ ਹੀ ਮੈ ਬਹੁਤ ਹੋਵੇ।" ਇਹ ਵਿਚਾਰ ਉਪਨਿਸ਼ਦਾਂ ਵਿਚੋਂ ਆਇਆ ਹੈ।[4] ਉਪਨਿਸ਼ਦਾਂ ਵਿਚ "ਓਂ" ਨੂੰ ਇਕ ਬ੍ਰਹਮ ਦਾ ਚਿੰਨ੍ਹ ਮੰਨਿਆ ਗਿਆ ਹੈ।[5]

---

1 "तन्नात्र विस्मयः कार्यो योगनिद्रा जगत्पतेः ।।
महामाया-हरेश्चैषा तया संमोह्यते-जगत् ।।"
ਖੇਮ ਰਾਜ ਸ੍ਰੀ ਕ੍ਰਿਸ਼ਣ ਦਾਸ (ਸੰਪਾ:) ਸ੍ਰੀਮਾਰਕੰਡੇਮਹਾਪੁਰਾਣਮ, 78/41.

2 Ibid, Introduction, p.5.

3 "विसृष्टौ सृष्टिरूपा त्वं स्थितिरूपा च पालने ।।
तथा संहृतिरूपान्ते जगतोऽस्य जगन्मये ।।" ---ਉਹੀ, 78/57.

4 "सोऽकामयत। बहु स्यां प्रजायेयेति।" --- ਤੈਤਿਰੀਓਪਨਿਸ਼ਦ 2/6/1.
"तदैक्षत बहु स्यां प्रजायेयेति" -- ਛਾਂਦੋਗਯੋਪਨਿਸ਼ਦ 6/2/3.

5 "ओमिति ब्रह्म।" --- ਤੈਤਿਰੀਓਪਨਿਸ਼ਦ 1/8/1.

ਬਾਅਦ ਵਿਚ ਸੰਸਕ੍ਰਿਤ ਦੇ ਵਿਦਵਾਨਾਂ ਨੇ ਇਸ ਇਕ "ਓਂ" ਦਾ ਉਚਾਰਣ ਤਿੰਨ ਭਾਗਾਂ (ੳ ਅ ਮ) ਵਿਚ ਵੰਡ ਦਿਤਾ ਅਤੇ ਇਸ ਤਰ੍ਹਾਂ "ਓਂ" ਜਿਸ ਬ੍ਰਹਮ ਦਾ ਸੂਚਕ ਸੀ ਉਸ ਦੇ ਵੀ ਤਿੰਨ ਰੂਪ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਮੰਨ ਲਏ ਗਏ।[1] ਇਸੇ ਵਿਸ਼ਵਾਸ ਦੇ ਧਾਰਣੀ ਹੋਣ ਕਰਕੇ ਸੁਆਮੀ ਆਨੰਦਘਨ ਵਿਚਾਰ ਅਧੀਨ ਵਿਆਖਿਆ ਵਿਚ ਕਹਿੰਦੇ ਹਨ : "ਤਬ ਤੇਰੇ ਏਕ ਕੇ ਹੀ ਬ੍ਰਹਮਾ ਬਿਸਨ ਮਹਾਦੇਉ ਤੀਨ ਰੂਪ ਭਏ।" ਸੁਆਮੀ ਜੀ ਦੇ ਇਸ ਵਿਚਾਰ ਦਾ ਆਧਾਰ ਵੇਦਾਂਤ ਦਰਸ਼ਨ ਹੈ।

ਗੁਰਬਾਣੀ ਪ੍ਰਭੂ ਦੀ ਤ੍ਰਿਦੇਵ ਵਿਚ ਵੰਡੀ ਨੂੰ ਪ੍ਰਵਾਣ ਨਹੀਂ ਕਰਦੀ ।[2] ਇਸੇ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ "ਓ" ਤੋਂ ਪਹਿਲਾਂ "੧" ਰਖ ਦਿੱਤਾ ਹੈ ਤਾਂ ਜੋ ਸਪਸ਼ਟ ਰਹੇ ਕਿ ਪ੍ਰਭੂ ਅਖੰਡ ਹੈ। ਗੁਰਬਾਣੀ ਨੇ ਤ੍ਰਿਦੇਵ ਨੂੰ ਮਾਇਆ ਦੀ ਉਪਜ ਕਰਾਰ ਦਿੱਤਾ ਹੈ।[3] ਤ੍ਰਿਦੇਵ ਨੂੰ ਵੇਦਾਂਤ ਵਿਚ ਜੋ ਪਰਮਾਤਮ-ਪਵਿਤਰਤਾ ਅਤੇ ਸ਼ਕਤੀ ਪ੍ਰਾਪਤ ਹੈ, ਮਾਇਕੀ ਮੰਨੇ ਜਾਣ ਕਾਰਣ ਸਿੱਖ ਧਰਮ ਦਰਸ਼ਨ ਵਿਚ ਉਹ ਪ੍ਰਾਪਤ ਨਹੀਂ ਹੈ। ਗੁਰਬਾਣੀ ਅਨੁਸਾਰ ਇਨ੍ਹਾਂ ਤਿੰਨਾਂ ਦੇਵਤਿਆਂ ਦੀ ਕੋਈ ਸੁਤੰਤਰ ਹਸਤੀ ਨਹੀਂ। ਪ੍ਰਭੂ ਇਨ੍ਹਾਂ ਨੂੰ ਆਪਣੀ ਮਰਜ਼ੀ ਅਨੁਸਾਰ ਚਲਾਉਂਦਾ ਹੈ।[4] ਗੁਰਮਤ ਅਨੁਸਾਰ ਜਗਤ ਦੇ ਕਾਰ ਵਿਹਾਰ, ਥਾਪਣ ਉਥਾਪਣ ਦੀ ਸਾਰੀ ਸ਼ਕਤੀ ਇਕ ਸਰਬਸ਼ਕਤੀਮਾਨ ਪਰਮਾਤਮਾ ਦੇ ਆਪਣੇ ਹੱਥ ਹੀ ਹੈ।[5] ਜਗਤ ਨੂੰ ਥਾਪਣ ਉਥਾਪਣ ਦੀ ਸ਼ਕਤੀ ਇਨ੍ਹਾਂ ਦੇ ਹੱਥ ਹੋਣ ਦਾ ਜਿਹੜਾ ਵਿਚਾਰ ਸੁਆਮੀ ਆਨੰਦਘਨ ਨੇ ਗੁਰਬਾਣੀ ਦੀ ਵਿਆਖਿਆ ਰਾਹੀਂ ਪ੍ਰਗਟ ਕੀਤਾ ਹੈ, ਉਹ ਗੁਰਬਾਣੀ ਦੇ ਅਨੁਕੂਲ ਸਿੱਧ ਨਹੀਂ ਹੁੰਦਾ।

---

1 ਭਾਈ ਕਾਨ੍ਹ ਸਿੰਘ, <u>ਗੁਰੁਸ਼ਬਦ ਰਤਨਾਕਰ ਮਹਾਨ ਕੋਸ਼</u> ਵਿਚ ਦੇਖੋ "ਓਅੰ" ।

2 ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥
—ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 350.

ਏਕਮ ਏਕੰਕਾਰੁ ਨਿਰਾਲਾ॥ ਅਮਰੁ ਅਜੋਨੀ ਜਾਤਿ ਨ ਜਾਲਾ ॥
—ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 838.

3 ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ —ਉਹੀ, ਪੰਨਾ 7.

4 ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥ — ਉਹੀ,

5 ਆਪੇ ਦੇਖਿ ਦਿਖਾਵੈ ਆਪੇ ॥ ਆਪੇ ਥਾਪਿ ਉਥਾਪੇ ਆਪੇ ॥
ਆਪੇ ਜੋੜਿ ਵਿਛੋੜੇ ਕਰਤਾ ਆਪੇ ਮਾਰਿ ਜੀਵਾਇਦਾ ॥" — ਉਹੀ, ਪੰਨਾ 1034.

ਕਿਧਰੇ ਕਿਧਰੇ ਟੀਕਾਕਾਰਾਂ ਨੇ ਜਗਤ ਬਾਰੇ ਵੇਦਾਂਤੀਆਂ ਦਾ ਇਹ ਵਿਚਾਰ ਵੀ ਪ੍ਰਵਾਣ ਕੀਤਾ ਹੈ ਕਿ ਜਗਤ ਮਿਥਿਆ ਹੈ, ਭਾਵ ਇਸ ਦੀ ਹੋਂਦ ਹੈ ਹੀ ਨਹੀਂ। ਕੇਵਲ ਅਵਿਦਿਆ ਕਰਕੇ ਹੀ ਇਹ ਜਗਤ ਭਾਸ ਰਿਹਾ ਹੈ। ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਉਪਲਬਧ ਆਸਾ ਦੀ ਵਾਰ ਦੇ ਟੀਕੇ ਵਿਚ ਲਿਖਿਆ ਹੈ :-

> "ਤਾਂ ਬਾਬੇ ਕਹਿਆ ਜੋ ਜਗਤ ਦਾ ਵਾਰ ਪੁਛਦੇ ਹੋ ਤਾਂ ਤ੍ਰੈਕਾਲ ਹੋਇਆ ਹੀ ਨਹੀਂ ਅਰ ਜੈਸੇ ਗੰਧ੍ਰਬ ਨਗਰ ਮਿਥਿਆ ਹੈ ਤੈਸੇ ਜਗਤ ਮਿਥਿਆ ਹੈ ਅਰ ਜਗਤ ਕਾ ਲਖ ਸਤ ਹੀ ਹੈ ਜੋ ਬ੍ਰਹਮ ਕੇ ਪ੍ਰਕਾਸ਼ ਕਰ ਪ੍ਰਕਾਸਤਾ ਹੈ।"[1]

ਟੀਕਾਕਾਰ ਨੇ ਜਗਤ ਮਿਥਿਆ ਆਖ ਕੇ ਇਕ ਪੱਧਰ ਉਤੇ ਜਗਤ ਦੀ ਹੋਂਦ ਤੋਂ ਹੀ ਇਨਕਾਰ ਕੀਤਾ ਹੈ। ਹੋ ਸਕਦਾ ਹੈ ਕਿ ਉਸਦੇ ਇਸ ਨਿਰਣੇ ਪਿਛੇ "ਇਹ ਜਗੁ ਧੂਏ ਕਾ ਪਹਾਰ"[2] ਅਤੇ "ਜਗ ਰਚਨਾ ਸਭ ਝੂਠ ਹੈ"[3] ਜੇਹੇ ਗੁਰਵਾਕ ਵੀ ਕੰਮ ਕਰ ਰਹੇ ਹੋਣ। ਪਰ ਗੁਰਬਾਣੀ ਦੀ ਇਕ ਵੱਡੀ ਦੇਣ ਹੀ ਇਹ ਹੈ ਕਿ ਇਸ ਵਿਚ ਜਗਤ ਮਿਥਿਆ ਦਾ ਨਿਖੇਧ ਕਰਕੇ ਮਨੁਖਾਂ ਨੂੰ ਸੰਸਾਰਕ ਜੀਵਨ ਪ੍ਰਤਿ ਕਰਮਸ਼ੀਲ ਹੋਣ ਲਈ ਪ੍ਰੇਰਿਆ ਗਿਆ ਹੈ। ਮਨੁਖ ਦੇਹੀ ਨੂੰ ਮਿਥਿਆ ਕਹਿਣ ਦੀ ਬਜਾਏ "ਇਸ ਦੇਹੀ ਕਉ ਸਿਮਰਹਿ ਦੇਵ"[4] ਆਖਕੇ ਇਸ ਦੇਹੀ ਦਾ ਸਤਿਕਾਰ ਕੀਤਾ ਹੈ। ਜਗਤ ਨੂੰ ਸੱਚ ਆਖਕੇ ਇਸਦੀ ਹੋਂਦ ਨੂੰ ਸਵੀਕਾਰ ਕੀਤਾ ਹੈ।[5] ਗੁਰਮਤ ਅਨੁਸਾਰ ਇਹ ਧਰਤੀ ਜਿਸ ਉਤੇ ਅਸੀਂ ਵਸਦੇ ਹਾਂ ਨਾ ਕੇਵਲ ਸੱਚ ਹੈ ਸਗੋਂ ਜੀਵਾਂ ਦੇ ਧਰਮ ਕਮਉਣ ਲਈ ਪ੍ਰਭੂ ਨੇ ਧਰਮਸਾਲ ਥਾਪੀ ਹੈ।[6] ਇਥੇ ਜੀਵ ਨੇ ਧਰਮ ਕਮਾਉਣਾ ਭਾਵ ਅਧਰਮ ਦੀਆਂ ਸ਼ਕਤੀਆਂ ਵਿਰੁਧ ਪਹਿਲਵਾਨ ਦੇ ਰੂਪ ਵਿਚ ਘੋਲ ਕਰਨਾ ਹੈ ਅਤੇ ਅਧਰਮ ਦੀਆਂ ਸ਼ਕਤੀਆਂ ਨੂੰ ਢਾਹ ਕੇ ਉਨ੍ਹਾਂ ਉਤੇ ਧਰਮ ਦੀ ਫਤਹਿ ਸਿਧ ਕਰਨੀ ਹੈ।

---

1 ਪੂਰਵੁਕਤ ਸੰਸਕਰਣ, ਪੰਨਾ 73.

2 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1186.

3 ਉਹੀ, ਪੰਨਾ 1428.

4 ਉਹੀ, ਪੰਨਾ 1159.

5 "ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥"
— ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 463.

6 "ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥"
— ਉਹੀ, ਪੰਨਾ 7.

ਮਨੁੱਖ ਨੂੰ ਨੇਕੀ ਪ੍ਰਤਿ ਕਰਮਸ਼ੀਲ ਹੋਣ ਦਾ ਸੰਦੇਸ਼ "ਹਉ ਗੋਸਾਈ ਦਾ ਪਹਿਲਵਾਨੜਾ"[1] ਆਖ ਕੇ ਦਿੱਤਾ ਗਿਆ ਹੈ। ਇਸ ਲਈ, ਉਪਰ ਦਿੱਤੇ ਜਗ ਰਚਨਾ ਨੂੰ ਝੂਠ ਮੰਨਣ ਵਾਲੇ ਗੁਰ ਵਾਕ ਜਗਤ ਦੀ ਅਣਹੋਂਦ ਵਲ ਸੰਕੇਤ ਨਹੀਂ ਕਰਦੇ, ਸਗੋਂ ਇਸ ਦੀ ਨਾਸ਼ਮਾਨਤਾ ਵਲ ਸੰਕੇਤ ਕਰਦੇ ਹਨ। 'ਆਸਾ ਦੀ ਵਾਰ' ਵਿਚ ਵੀ "ਕੂੜੁ ਰਾਜਾ ਕੂੜੁ ਪਰਜਾ, ਕੂੜੁ ਸਭੁ ਸੰਸਾਰੁ"[2] ਵਾਲੇ ਸਲੋਕ ਦਾ ਤੋੜਾ "ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ"[3] ਉਤੇ ਹੀ ਟੁਟਦਾ ਹੈ, ਭਾਵ ਸਭ ਕੁਝ ਕੂੜਾ ਇਸ ਕਰਕੇ ਹੈ ਕਿ ਉਹ ਚਲਣਹਾਰ (ਨਾਸ਼ਮਾਨ) ਹੈ ਨਾ ਕਿ ਮਿਥਿਆ ਹੈ। ਗੁਰਮਤ ਅਨੁਸਾਰ ਇਹ ਜਗਤ ਪ੍ਰਭੂ ਦਾ ਆਪਣਾ ਫੈਲਾਅ ਹੈ। ਜਦੋਂ ਉਸਦੀ ਇੱਛਾ ਹੁੰਦੀ ਹੈ, ਉਹ ਆਪਣਾ ਵਿਸਤਾਰ ਕਰਕੇ ਸ੍ਰਿਸ਼ਟੀ ਰਚ ਲੈਂਦਾ ਹੈ ਅਤੇ ਜਦੋਂ ਉਸਦੀ ਇੱਛਾ ਹੁੰਦੀ ਹੈ ਉਹ ਇਸ ਨੂੰ ਵਾਪਸ ਆਪਣੇ ਆਪ ਵਿਚ ਹੀ ਸਮੇਟ ਲੈਂਦਾ ਹੈ।[4] ਸਤਿ ਦਾ ਆਪਣਾ ਵਿਸਤਾਰ ਅਸਤਿ ਨਹੀਂ ਹੋ ਸਕਦਾ।[5] ਸਿੱਖ ਧਰਮ ਦਰਸ਼ਨ ਅਨੁਸਾਰ ਇਹ ਜਗਤ ਗੰਧਰਬ ਨਗਰ ਵਾਂਗ ਮਿਥਿਆ ਬਿਲਕੁਲ ਨਹੀਂ ਹੈ। ਇਸ ਲਈ ਵਿਚਾਰ ਅਧੀਨ ਟੀਕੇ ਵਿਚਲਾ ਜਗਤ ਮਿਥਿਆ ਦਾ ਵੇਦਾਂਤੀ ਵਿਚਾਰ ਗੁਰਬਾਣੀ ਦੇ ਸੰਦਰਭ ਵਿਚ ਪ੍ਰਵਾਣ ਨਹੀਂ ਕੀਤਾ ਜਾ ਸਕਦਾ।

### ਜੀਵ

ਜੀਵ ਦੀ ਹੋਂਦ ਜੀਵ ਆਤਮਾ ਅਤੇ ਜੀਵ ਦੀ ਦੇਹ ਕਰਕੇ ਮਾਲੂਮ ਹੁੰਦੀ ਹੈ। ਵੇਦਾਂਤੀਆਂ ਨੇ ਜੀਵਾਤਮਾ ਨੂੰ ਤਾਂ ਸਤਿ, ਚਿਤ, ਆਨੰਦ ਮੰਨਿਆ ਹੈ ਪਰ ਦੇਹ ਨੂੰ ਜਾਂ ਤਾਂ ਜਗਤ ਵਾਂਗ ਹੀ ਮਿਥਿਆ ਮੰਨਿਆ ਹੈ ਜਾਂ ਵੱਧ ਤੋਂ ਵੱਧ ਇਸਦਾ ਮਹੱਤਵ ਪੁਸ਼ਾਕ ਜਿੰਨਾ ਮੰਨਿਆ ਹੈ। ਉਨ੍ਹਾਂ ਅਨੁਸਾਰ ਸਮਾਂ ਆਉਣ ਉਤੇ ਜੀਵ-ਆਤਮਾ ਪੁਰਾਣਾ ਸ਼ਰੀਰ ਛਡਕੇ ਨਵੇਂ ਸ਼ਰੀਰ ਨੂੰ ਇਉਂ ਧਾਰਣ ਕਰਦੀ ਹੈ ਜਿਵੇਂ

---

1 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 74.

2 ਉਹੀ, ਪੰਨਾ 468.

3 ਉਹੀ।

4 "ਤਿਸੁ ਭਾਵੈ ਤਾ ਕਰੇ ਬਿਸਥਾਰੁ ॥ ਤਿਸੁ ਭਾਵੈ ਤਾ ਏਕੰਕਾਰ ॥"
—ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 294.

ਜਬ ਉਦਕਰਖ ਕਰਾ ਕਰਤਾਰਾ ॥ ਪ੍ਰਜਾ ਧਰਤ ਤਬ ਦੇਹ ਅਪਾਰਾ ॥
ਜਬ ਆਕਰਖ ਕਰਤ ਹੋ ਕਬਹੂੰ ॥ ਤੁਮ ਮੈ ਮਿਲਤ ਦੇਹ ਧਰ ਸਭਹੂੰ ॥
— ਚੌਪਈ, ਪੰ: ੧੦.

5 "ਆਪਿ ਸਤਿ ਕੀਆ ਸਭੁ ਸਤਿ ॥"
—ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 294.

ਕੋਈ ਵਿਅਕਤੀ ਆਪਣੀ ਪੁਰਾਣੀ ਪੁਸ਼ਾਕ ਛਡ ਕੇ ਨਵੀਂ ਪੁਸ਼ਾਕ ਧਾਰਣ ਕਰਦਾ ਹੈ। ਸੁਆਮੀ ਆਨੰਦਘਨ ਨੇ ਇਸ ਪ੍ਰਕਾਰ ਦੇ ਵੇਦਾਂਤੀ ਵਿਚਾਰ ਨੂੰ ਆਪਣੇ ਆਸਾ ਦੀ ਵਾਰ ਦੇ ਟੀਕੇ ਵਿਚ ਪ੍ਰਸਤੁਤ ਕੀਤਾ ਹੈ। ਉਹ ਲਿਖਦੇ ਹਨ :-

"ਪ੍ਰਮੇਸਵਰ ਸਤ ਰੂਪ ਹੀ ਹੈ॥ ਸਤ ਕਾ ਇਹੀ ਅਰਥ ਹੈ ਤੀਨ
ਕਾਲ ਮੇ ਜਿਸਕਾ ਨਾਸ ਨਾ ਹੋਵੈ॥ ਅਬ ਅਪਨੇ ਆਪ ਕੋ ਦੇਖ
ਪੀਛੈ ਤੋ ਸਤ ਰੂਪ ਹੀ ਥਾ॥ ਜੋ ਪੀਛੈ ਥਾ ਤਬੀ ਤੋ ਤੈਨੇ
ਵਰਤਮਾਨ ਰੂਪ ਗ੍ਰਿਹਣ ਕੀਆ॥ ਜੋ ਤੂੰ ਪੀਛੈ ਨ ਹੋਤਾ ਤੋ
ਸਰੀਰ ਗ੍ਰਹਨ ਕੈਸੇ ਕਰਤਾ ॥ ਅਬ ਵਰਤਮਾਨ ਮੇ ਭੀ ਤੋ
ਸਤਿ ਰੂਪ ਦ੍ਰਿਸਟਿ ਆਵਤਾ ਹੈ॥ ਜਬ ਇਹ ਸਰੀਰ ਤੇਰਾ ਨਾਸ
ਹੋਵੈਗਾ॥ ਸਰੀਰ ਤੋ ਤੇਰਾ ਵਸਤ੍ਰ ਹੈ॥ ਵਸਤ੍ਰ ਕੇ ਨਾਸ ਹੋਣੇ
ਕਰਿ ਪੁਰਖ ਕਾ ਤੋ ਨਹੀਂ ਨਾਸ ਹੋਤਾ ॥ ਵਸਤ੍ਰ ਕੋ ਜੋ ਤੂੰ
ਆਪਣਾ ਆਪਿ ਮਾਨ ਬੈਠਾ ਹੈ॥ ਇਹੀ ਤੋ ਤੇਰੇ ਮੇ ਮੂਰਖਤਾ ਹੈ॥"[1]

ਜੀਵ ਦੀ ਦੇਹ ਬਾਰੇ ਗੁਰਮਤ ਦਾ ਇਹ ਦ੍ਰਿਸ਼ਟੀਕੋਣ ਨਹੀਂ। ਗੁਰਬਾਣੀ ਵਿਚ ਪ੍ਰਭੂ ਸਿਮਰਨ ਵਿਚ ਜੀਵ ਦੀ ਦੇਹੀ ਦਾ ਵੀ ਯੋਗਦਾਨ ਮੰਨਿਆ ਗਿਆ ਹੈ। ਪੰਚਮ ਪਾਤਿਸ਼ਾਹ ਦਾ ਮਹਾਵਾਕ ਹੈ :-

"ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥
ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥"[2]

ਭਾਈ ਭਗਵਾਨ ਸਿੰਘ ਨੇ ਆਪਣੇ ਆਸਾ ਦੀ ਵਾਰ ਦੇ ਟੀਕੇ ਵਿਚ ਸ਼ੰਕਰ ਦੇ "ਅਹਮ ਬ੍ਰਹਮ ਅਸਮਿ" ਵਾਲੇ ਵੇਦਾਂਤੀ ਵਿਚਾਰ ਨੂੰ ਪ੍ਰਚਾਰਿਆ ਹੈ। ਉਹ ਲਿਖਦੇ ਹਨ :-

"ਤਾਂ ਤੇ ਤੂੰ ਐਸੇ ਜਾਣ ਸ਼ੁਧ ਨਿਰਵਿਕਾਰ ਅਰੁ ਅਬਨਾਸ਼ੀ ਸਤ
ਚਿਤ ਆਨੰਦ ਹਾਂ ਮੈਂ। ਤੂੰ ਬ੍ਰਹਮ ਰੂਪ ਅਗੇ ਹੀ ਹੈਂ,ਤਿਸ ਨਿਤ
ਪ੍ਰਾਪਤ ਕੀ ਪ੍ਰਾਪਤੀ ਅਰ ਜਗਤ ਨਿਵਿਰਤ ਰੂਪ ਕੀ ਨਿਵਿਰਤੀ

---

1 ਪੰਨੇ 23/ਅ - 24/ੳ.

2 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 554.

> ਦੋਨੋਂ ਹੀ ਤੇਰੇ ਸਰੂਪ ਮੈਂ ਝੂਠਿਆ ਹੈਂ (ਬਾਹਿਰ੍ਹ) ਕੋਈ ਬਾਹਿ
> ਨਹੀਂ ਪਾਈ ਜਾਤੀ ਜੋ ਬ੍ਰਹਮ ਤੇ ਅਗੇ ਹੀ ਤੇਰਾ ਆਪਣਾ ਆਪ
> ਹੈ ਜਗਤ ਕਦੀ ਹੂਆ ਹੀ ਨਹੀਂ ਤਾਂ ਤੇ ਦੋਨੋ ਹੈ ਨਹੀਂ ਤੇਰੇ ਮੈਂ
> ਐਸੇ ਨਿਸਚਾ ਕਰ ਹੇ ਸਿਖ ।"[1]

ਪਰ ਗੁਰਮਤ ਵਿਚ "ਮੈਂ ਬ੍ਰਹਮ ਹਾਂ" ਦੇ ਵਿਚਾਰ ਨੂੰ ਉਸ ਤਰ੍ਹਾਂ ਨਹੀਂ ਮੰਨਿਆ ਗਿਆ ਜਿਸ ਤਰ੍ਹਾਂ ਵੇਦਾਂਤ ਵਿਚ ਮੰਨਿਆ ਗਿਆ ਹੈ। ਗੁਰਮਤ ਅਨੁਸਾਰ ਜੀਵ ਅੰਦਰ ਪ੍ਰਭੂ ਨੇ ਜੋਤ ਰਖੀ ਹੈ ਅਤੇ ਇਸ ਦਾ ਅਸਲਾ ਪ੍ਰਭੂ ਜੋਤ ਵਾਲਾ ਹੀ ਹੈ :

(I) " ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥"[2]

(II) "ਕਹੁ ਕਬੀਰ ਇਹੁ ਰਾਮ ਕੀ ਅੰਸ ॥"[3]

ਜੀਵਾਤਮਾ ਉਤੇ ਹਉਮੈ ਦੀ ਮੈਲ ਹੋਣ ਕਾਰਣ ਜੀਵ ਆਪਣੇ ਅਸਲੇ ਨੂੰ ਨਹੀਂ ਪਛਾਣ ਸਕਦਾ। ਪਰ ਜੀਵ ਦੇ ਅੰਦਰ ਪ੍ਰਭੂ ਨੇ ਇਸ ਪ੍ਰਾਪਤੀ ਦੀ ਸੰਭਾਵਨਾ ਰਖੀ ਹੋਈ ਹੈ ਕਿ ਉਹ ਗੁਰੂ ਦੀ ਆਗਿਆ ਵਿਚ ਚਲ ਕੇ ਹਉਮੈ ਦੀ ਮੈਲ ਧੋ ਦੇਵੇ ਅਤੇ ਗੁਰਮੁਖ ਪਦ ਨੂੰ ਪ੍ਰਾਪਤ ਹੋਵੇ। ਇਸ ਗੁਰਮੁਖ ਪਦ ਉਤੇ ਪਹੁੰਚ ਕੇ ਹੀ ਉਹ "ਬ੍ਰਹਮ ਗਿਆਨੀ ਆਪਿ ਨਿਰੰਕਾਰ"[4] ਹੋ ਸਕਦਾ ਹੈ।

ਇਸ ਤੋ ਇਲਾਵਾ ਸੁਆਮੀ ਆਨੰਦਘਨ ਨੇ ਆਪਣੇ ਟੀਕਿਆਂ ਵਿਚ ਜੀਵ ਲਈ ਵਰਣ-ਆਸ਼੍ਰਮ ਅਨੁਸਾਰ ਕਰਮ ਕਰਨਾ ਦੈਵੀ-ਵਿਧਾਨ ਮੰਨਿਆ ਹੈ। ਸ਼ਾਸਤ੍ਰ ਪੁਰਾਣ ਨੂੰ ਉਹ ਪਰਮੇਸ਼ਰ ਦਾ ਹੁਕਮ ਮੰਨਦਾ ਹੈ ਅਤੇ ਵਰਣ ਆਸ਼੍ਰਮ ਸ਼ਾਸਤ੍ਰਾਂ ਦੀ ਦੇਣ ਹੈ। ਆਪਣੇ ਆਸਾ ਦੀ ਵਾਰ ਦੇ ਟੀਕੇ ਵਿਚ ਉਹ ਲਿਖਦਾ ਹੈ :-

> "ਤਬ ਧਰਮਰਾਜਾ ਦੁਨੀਆਦਾਰ ਕੋ ਪੂਛਤਾ ਹੈ॥ ਸ਼ਾਸਤ੍ਰ ਪੁਰਾਨ
> ਪ੍ਰਮੇਸਵਰ ਕਾ ਹੁਕਮ ਹੈ॥ ਤੇਰੇ ਵਰਣ ਆਸ੍ਰਮ ਕਾ ਧਰਮ ਤੋ
> ਇਹ ਲਿਖਾ ਥਾ॥ ਸੋ ਤੈਨੇ ਇਸ ਕਉ ਕਿਉਂ ਨਾ ਕੀਆ॥"[5]

---

1. ਪੰਨਾ 382.
2. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 921.
3. ਉਹੀ, ਪੰਨਾ 871.
4. ਉਹੀ, ਪੰਨਾ 274.
5. ਟੀਕਾ ਆਸਾ ਦੀ ਵਾਰ, ਪੰਨਾ 18/ੳ.

ਸੁਆਮੀ ਆਨੰਦਘਨ ਦਾ ਇਹ ਮਤ ਬਿਲਕੁਲ ਵੇਦਾਂਤ ਦਰਸ਼ਨ ਦੇ ਅਨੁਕੂਲ ਹੈ। ਵੇਦਾਂਤ ਦਰਸ਼ਨ ( ਬ੍ਰਹਮ ਸੂਤ੍ਰ ) ਦੇ ਸੂਤ੍ਰ " सर्वापेक्षा च यज्ञादिश्रुतेरश्ववत्"[1] ਦੀ ਵਿਆਖਿਆ ਕਰਦਿਆਂ ਸ੍ਰੀ ਹਰੀ ਕ੍ਰਿਸ਼ਣ ਗੋਇੰਦਕਾ ਲਿਖਦੇ ਹਨ :-

"ਜਿਸਕਾ ਜੈਸਾ ਅਧਿਕਾਰ ਹੈ, ਉਸੀਕੇ ਅਨੁਸਾਰ ਸ਼ਾਸਤ੍ਰੋਂ
ਮੇਂ ਵਰਣ ਔਰ ਆਸ਼੍ਰਮ ਸੰਬੰਧੀ ਕਰਮ ਬਤਾਏ ਗਏ ਹੈਂ।
ਅਤ: ਯਹ ਸਮਝਨਾ ਚਾਹੀਏ ਕਿ ਸਭੀ ਕਰਮ ਸਬ ਸਾਧਕੋਂ
ਕੇ ਲਿਏ ਉਪਾਦੇਯ ਨਹੀਂ ਹੋਤੇ, ਕਿੰਤੂ ਸ਼੍ਰੁਤੀ ਮੇਂ ਬਤਲਾਏ
ਹੁਏ ਬ੍ਰਹਮ ਪ੍ਰਾਪਤੀ ਕੇ ਸਾਧਨੋਂ ਮੇਂ ਸੇ ਜਿਸ ਸਾਧਨ ਕੋ
ਲੇਕਰ ਜੋ ਸਾਧਕ ਅਗ੍ਰਸਰ ਹੋ ਰਹਾ ਹੈ, ਉਸੇ ਅਪਨੇ ਵਰਣ,
ਆਸ਼੍ਰਮ ਔਰ ਯੋਗਯਤਾ ਅਨੁਸਾਰ ਅਨਯ ਸ਼ਾਸਤ੍ਰ ਵਿਹਿਤ ਕਰਮੋਂ
ਕਾ ਅਨੁਸ਼ਠਾਨ ਭੀ ਨਿਸ਼ਕਾਮ ਭਾਵ ਸੇ ਕਰਤੇ ਰਹਨਾ ਚਾਹੀਏ।"[2]

ਗੁਰਬਾਣੀ ਨਾ ਤਾਂ ਜੀਵ ਲਈ ਵਰਣ-ਆਸ਼੍ਰਮ ਅਨੁਸਾਰ ਕਰਮ ਕਰਨ ਨੂੰ ਦੈਵੀ ਵਿਧਾਨ ਮੰਨਦੀ ਹੈ ਅਤੇ ਨਾ ਹੀ ਜੀਵ ਦੇ ਸਾਮਾਜਿਕ ਜੀਵਨ ਵਿਚ ਇਸ ਨੂੰ ਕੋਈ ਮਹੱਤਵ ਦੇਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ :-

" ਅਗੈ ਜਾਤਿ ਨ ਪੁਛੀਐ
ਕਰਣੀ ਸਬਦੁ ਹੈ ਸਾਰੁ ॥"[3]

ਸੁਆਮੀ ਆਨੰਦਘਨ ਨੇ ਕਰਮ-ਫਲ ਸਿਧਾਂਤ ਉਤੇ ਵਿਸ਼ੇਸ਼ ਬਲ ਦਿੱਤਾ ਹੈ। ਉਨ੍ਹਾਂ ਅਨੁਸਾਰ ਜੀਵ ਦੇ ਕਰਮ ਹੀ ਸਭ ਤੋਂ ਸ਼ਕਤੀਸ਼ਾਲੀ ਹਨ। ਜੀਵ ਦਾ ਪਾਰ ਉਤਾਰਾ ਇਨ੍ਹਾਂ ਦੇ ਹੀ ਵੱਸ ਹੈ। ਇਨ੍ਹਾਂ ਤੋਂ ਬਿਨਾਂ ਪਰਮੇਸ਼ਰ ਵੀ ਜੀਵ ਦਾ ਪਾਰ ਉਤਾਰਾ ਨਹੀਂ ਕਰ ਸਕਦਾ। ਸੁਆਮੀ ਜੀ ਲਿਖਦੇ ਹਨ :-

"ਇਸ ਕੋ ਵੀ ਵੀਚਾਰਿ ਕਰਿ ਕਰਿ ਦੇਖੋ ਕਰਮ ਨੇ ਹੀ
ਤੋ ਪਾਰ ਉਤਾਰਾ ਕੀਆ॥ ਜੋ ਪ੍ਰਮੇਸਰ ਪਾਰ ਉਤਾਰਾ
ਕਰਨੇ ਵਾਲਾ ਹੋਤਾ ਤੋ ਅਉਰ ਕਾ ਕਿਉਂ ਨ ਕਰਤਾ ॥"[4]

---

1 ਅਧਿਆਇ 3, ਪਾਦ 4, ਸੂਤ੍ਰ 26.
2 ਹਰੀ ਕ੍ਰਿਸ਼ਣ ਗੋਇੰਦਕਾ, ਵਿਆਖਿਆਕਾਰ, ਵੇਦਾਂਤ ਦਰਸ਼ਨ, ਨਵਮ ਸੰਸਕਰਣ, ਪੰਨਾ 337.
3 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1094.
4 ਟੀਕਾ ਆਸਾ ਦੀ ਵਾਰ, ਪੰਨਾ 28/ੳ.

ਇਥੇ ਸੁਆਮੀ ਜੀ ਨੇ ਜੈਮਿਨੀ ਰਿਸ਼ੀ ਦੇ ਵਿਚਾਰਾਂ ਦਾ ਸਮਰਥਨ ਕੀਤਾ ਹੈ। ਜੈਮਿਨੀ ਨੇ ਪੁਰਸ਼ (**human agent** ),ਕਰਮ ਅਤੇ ਫਲ ਨੂੰ ਅੰਤਰ ਸੰਬੰਧਿਤ ਅਤੇ ਇਕ ਦੂਜੇ ਉਤੇ ਨਿਰਭਰ ਮੰਨਿਆ ਹੈ। ਜੈਮਿਨੀ ਅਨੁਸਾਰ ਪੁਰਸ਼ ਕਰਮ ਕਰਦਾ ਹੈ, ਕਰਮ ਦਾ ਫਲ ਹੁੰਦਾ ਹੈ, ਫਲ ਪੁਰਸ਼ ਲਈ ਹੁੰਦਾ ਹੈ।[1] ਜੈਮਿਨੀ ਕਹਿੰਦੇ ਹਨ ਕਰਮ ਬਿਨਾਂ ਫਲ ਸੰਭਵ ਨਹੀਂ। ਜਿਹੋ ਜਿਹਾ ਕਰਮ ਹੋਵੇਗਾ, ਉਹੋ ਜਿਹਾ ਹੀ ਫਲ ਹੋਵੇਗਾ।[2] ਵੇਦਾਂਤ ਦਰਸ਼ਨ (ਬ੍ਰਹਮ ਸੂਤ੍ਰ) ਦੇ ਕਰਤਾ ਬਾਦਰਾਇਣ ਰਿਸ਼ੀ ਦਾ ਵਿਚਾਰ ਹੈ ਕਿ ਜੈਮਿਨੀ ਨੇ ਫਲ ਦੀ ਪ੍ਰਾਪਤੀ ਲਈ ਕਰਮ ਤੋਂ ਉਤੇ ਕਿਸੇ ਹੋਰ ਸ਼ਕਤੀ ਦੀ ਲੋੜ ਅਨੁਭਵ ਨਹੀਂ ਕੀਤੀ।[3] ਬਾਦਰਾਇਣ ਨੇ ਜੈਮਿਨੀ ਦੇ ਇਸ ਮਤ ਨਾਲ ਅਸੰਮਤੀ ਪ੍ਰਗਟ ਕੀਤੀ ਹੈ ਅਤੇ ਪਰਮੇਸ਼ਰ ਨੂੰ ਹੀ ਕਰਮ-ਫਲ-ਦਾਤਾ ਮੰਨਿਆ ਹੈ।[4]

ਗੁਰਬਾਣੀ ਕਰਮ ਫਲ ਦੇ ਸਿੱਧਾਂਤ ਨੂੰ ਤਾਂ ਮੰਨਦੀ ਹੈ[5] ਪਰ ਇਉਂ ਨਹੀਂ ਜਿਵੇਂ ਜੈਮਿਨੀ ਰਿਸ਼ੀ ਅਤੇ ਸੁਆਮੀ ਆਨੰਦਘਨ ਮੰਨਦੇ ਹਨ। ਗੁਰਬਾਣੀ ਅਨੁਸਾਰ ਨਾ ਕਰਮ ਅਤੇ ਨਾ ਫਲ ਮਨੁਖ ਦੇ ਵਸ ਹੈ। ਜੋ ਕਰਮ ਮਨੁਖ ਕਰਦਾ ਹੈ ਉਹ ਪਰਮਾਤਮਾ ਆਪ ਹੀ ਉਸ ਕੋਲੋਂ ਕਰਵਾਉਂਦਾ ਹੈ।[6] ਮੋਖ ਦੀ ਪ੍ਰਾਪਤੀ ਲਈ ਗੁਰਬਾਣੀ ਵਿਚ ਕਰਮ ਨਾਲੋਂ ਨਦਰਿ (ਮਿਹਰ, ਬਖ਼ਸ਼ਿਸ਼) ਦਾ ਵਧੇਰੇ ਮਹੱਤਵ ਮੰਨਿਆ ਗਿਆ ਹੈ। ਉਹ ਮਿਹਰ ਭਰੀ ਨਜ਼ਰ ਕਰੇ ਤਾਂ ਕਰਮਾਂ ਦੇ ਲੇਖੇ ਇਕ ਪਾਸੇ ਰਹਿ ਜਾਂਦੇ ਹਨ, ਮਨੁੱਖ ਦਾ ਕਲਿਆਣ ਹੋ ਜਾਂਦਾ ਹੈ।[7] ਜੇ ਉਸ ਦੀ ਨਜ਼ਰ ਪੁੱਠੀ ਹੋਵੇ ਤਾਂ ਰਾਜਿਆਂ ਰਾਣਿਆਂ ਦਾ ਕੁਝ ਨਹੀਂ ਰਹਿੰਦਾ।[8] ਗੁਰਬਾਣੀ ਅਨੁਸਾਰ ਉਹ ਕਰਮਾਂ ਦੇ ਲੇਖੇ ਨੂੰ ਇਕ ਪਾਸੇ ਛਡ ਕੇ ਮਨੁੱਖ ਉਤੇ ਬਖਸ਼ਿਸ਼ ਕਰ ਸਕਦਾ ਹੈ।[9] ਇਉਂ ਮੋਖ ਦੀ ਪ੍ਰਾਪਤੀ ਲਈ,ਸਰਬ ਸਮਰੱਥ ਪਰਮਾਤਮਾ ਹੈ, ਕਰਮ ਨਹੀਂ।

---

1 "कर्मण्यपि जैमिनि: फलार्थत्वात् ।।
फलञ्च पुरुषार्थत्वात् ।।
पुरुषश्च कर्मार्थत्वात् ।। — ਪੂਰਵ ਮੀਮਾਂਸਾ ਸੂਤ੍ਰ 3/1/4,5,6.

2 "फलस्य.कर्मनिष्पते: तेषां लोकवत् परिमाणत: ਉਹੀ 1/2/17.

3 ਬ੍ਰਹਮਸੂਤ੍ਰ, 3/3/40. फलविशेष: स्यात् ।।"

4 ਉਹੀ, 3/2/41.

5 "ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥" —ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 134.

6 "ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ॥
ਆਪੇ ਦੇ ਵਡਿਆਈਆ ਆਪੇ ਹੀ ਕਰਮ ਕਰਾਇਦਾ ॥ — ਉਹੀ, ਪੰਨਾ 472.

7 "ਜਾਕਉ ਅਪੁਨੀ ਕਰੈ ਬਖਸੀਸ ਤਾਕਾ ਲੇਖਾ ਨ ਗਨੈ ਜਗਦੀਸ॥" ਉਹੀ, ਪੰਨਾ 277.

8 "ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ॥" ਉਹੀ, ਪੰਨਾ 472.

9 "ਤੂੰ ਆਪੇ ਬਖਸਿ ਲੈਹਿ ਲੇਖਾ ਛਡੇ ।" ਉਹੀ, ਪੰਨਾ 317.

<u>ਹਉਮੈ ਅਤੇ ਹੁਕਮ</u>

ਜੀਵ ਆਪਣੇ ਕਰਮ ਹਉਮੈ ਵਿਚ ਕਰਦਾ ਹੈ। ਇਸ ਲਈ ਕਰਮਾਂ ਨਾਲ ਹਉਮੈ ਦੀ ਸਮੱਸਿਆ ਪੂਰੀ ਤਰ੍ਹਾਂ ਜੁੜੀ ਹੋਈ ਹੈ।

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥"[1]

ਕਿਉਂਕਿ ਇਹ ਕਰਮ ਇੱਛਾ-ਪੂਰਤ ਕਰਮ ਹੁੰਦੇ ਹਨ ਇਸ ਲਈ ਇਹ ਦੁੱਖਾਂ ਦਾ ਘਰ ਬਣਦੇ ਹਨ। ਮਨੁੱਖ ਕਰਮ-ਰੋਗੀ ਹੋ ਨਿਬੜਦਾ ਹੈ। ਗੁਰਬਾਣੀ ਵਿਚ ਜਿਥੇ ਹਉਮੈ ਨੂੰ ਦੀਰਘ ਰੋਗ ਮੰਨਿਆ ਗਿਆ ਹੈ, ਉਥੇ ਇਸੇ ਵਿਚ ਇਸ ਦਾ ਦਾਰੂ ਆਖਿਆ ਗਿਆ ਹੈ:

"ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥"[2]

ਇਸ ਮਹਾਂਵਾਕ ਦੇ ਵਾਚਕ ਅਰਥ ਜਿਤਨੇ ਆਸਾਨ ਹਨ, ਇਸ ਦੇ ਗੂੜ੍ਹਾਰਥ ਤਕ ਪਹੁੰਚਣਾ ਉਤਨਾ ਹੀ ਕਠਿਨ ਹੈ। ਇਸੇ ਕਰਕੇ ਕੁਝ ਟੀਕਾਕਾਰਾਂ ਨੇ ਤਾਂ ਇਸ ਸਮੱਸਿਆ ਨੂੰ ਅਣਛੋਹਿਆ ਹੀ ਛਡ ਦਿੱਤਾ ਹੈ। ਉਦਾਹਰਣ ਲਈ, ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਇਸ ਦੇ ਅਰਥ ਦੇਖੇ ਜਾ ਸਕਦੇ ਹਨ:-

"ਹਉਮੈ ਵਡਾ ਰੋਗ ਹੈ ਪਰ ਦਾਰੂ ਇਸ ਦਾ ਇਹ ਹੈ ਜੋ
ਵਾਹਿਗੁਰੂ ਦਾ ਨਾਮ ਹੈ ਸੋ ਜੇ ਸਬਦ ਸੁਣਤਾ ਹੈ ਤਾਂ[3]
ਇਸ ਕੀ ਹਉਮੈ ਦੂਰ ਹੋ ਜਾਂਦੀ ਹੈ।"

ਇਥੇ ਸਮੱਸਿਆ ਦੀ ਡੂੰਘਾਈ ਵਿਚ ਜਾਣ ਦੀ ਥਾਂ ਨਾਮ ਨੂੰ ਹਉਮੈ ਦਾ ਦਾਰੂ ਆਖ ਦਿੱਤਾ ਗਿਆ ਹੈ। ਇਹ ਦਾਰੂ ਹਉਮੈ ਵਿਚ ਹੀ ਕਿਵੇਂ ਪਿਆ ਹੈ, ਇਸ ਦਾ ਕੋਈ ਉੱਤਰ ਨਹੀਂ। ਇਸ ਵਿਸ਼ੇ ਬਾਰੇ ਲਗਪਗ ਇਹੋ ਸਥਿਤੀ ਸੁਆਮੀ ਆਨੰਦਘਨ ਅਤੇ ਫਰੀਦਕੋਟੀ ਟੀਕੇ ਦੀ ਹੈ। ਇਸ ਪੀਚੀ ਗੰਢ ਨੂੰ ਭਾਈ ਵੀਰ ਸਿੰਘ ਨੇ ਆਪਣੇ ਟੀਕੇ ਵਿਚ ਖੋਲ੍ਹਿਆ ਹੈ। ਉਹ ਲਿਖਦੇ ਹਨ :

---

1 <u>ਸ੍ਰੀ ਗੁਰੂ ਗ੍ਰੰਥ ਸਾਹਿਬ,</u> ਪੰਨਾ 466.

2 ਉਹੀ

3 ਪੂਰਵੋਕਤ ਸੰਸਕਰਣ, ਪੰਨਾ 86.

> "ਦਾਰੂ ਹੁਣ ਐਉਂ ਹੁੰਦਾ ਹੈ :- ਹਉਂ ਤੋਂ ਉਪਜੇ ਦੁਖਾਂ ਦੀ ਪੀੜਾ ਵਿਆਕੁਲ ਕਰਦੀ ਹੈ ਤੇ ਭੋਗ ਕੌੜੇ ਲਗਦੇ ਹਨ ਤੇ ਮਨ ਬਚਾਉ ਦੇ ਰਸਤੇ ਭਾਲਦਾ ਹੈ। ਦਾਰੂ ਹੈ ਨਾਮ । ਯਥਾ ਅਹੰਬੁਧਿ ਬੰਧਨ ਪਰੇ ਨਾਨਕ ਨਾਮ ਛੁਟਾਰ॥ (ਗਉ: ਧਾ:ਅ:ਮ:5 ) ਸੋ ਜੇ ਵਾਹਿਗੁਰੂ ਦੀ ਮਿਹਰ ਹੋਵੇ ਤਾਂ ਗੁਰੂ ਮਿਲ ਪੈਂਦਾ ਹੈ, ਨਾਮ ਦਾਨ ਦੇਂਦਾ ਹੈ, ਜੀਵ ਉਸ ਨਾਮ ਦੀ ਕਮਾਈ ਕਰਦਾ ਹੈ, ਉਸ ਨਾਲ ਉਸਦਾ ਵਾਹਿਗੁਰੂ ਨਾਲ ਸੰਜੋਗ ਹੁੰਦਾ ਹੈ। ਹਉਂ ਨੇ ਹੀ ਤਾਂ ਵਾਹਿਗੁਰੂ ਤੋਂ ਜੁਦੈਗੀ ਪੁਆਈ ਸੀ, ਜਦੋਂ ਨਾਮ ਅਭਿਆਸ ਨਾਲ ਸਾਈਂ ਸੰਜੋਗ ਹੋ ਗਿਆ ਤਾਂ ਹਉਮੈ ਗਈ। ਉਧਰ ਕਰਮ ਜਾਲ, ਜਿਸ ਵਿਚ ਹਉ ਨੇ ਫਸਾਯਾ ਸੀ ਐਉਂ ਛੁਟਦਾ ਹੈ ਕਿ ਪਰਮੇਸ਼ਰ ਨੂੰ ਆਰਾਧਣ ਵਾਲਾ ਮਾੜੇ ਕਰਮ ਆਪੇ ਛੱਡ ਦੇਂਦਾ ਹੈ, ਉਹ ਉਸ ਦੇ ਪਰਮੇਸ਼ਰ ਪ੍ਰੀਤਮ ਨੂੰ ਭਾਉਂਦੇ ਨਹੀਂ ।"[1]

ਪਰ ਪ੍ਰਿੰ: ਤੇਜਾ ਸਿੰਘ ਜੀ ਨੇ ਇਹ ਵਿਚਾਰ ਦਿੱਤਾ ਹੈ ਕਿ ਹਉਮੈ ਨੂੰ ਮਾਰਨਾ ਨਹੀਂ ਚਾਹੀਦਾ, ਕਿਉਂਕਿ ਇਸ ਨੂੰ ਮਾਰਨ ਨਾਲ ਜਿਥੇ ਬੁਰੇ ਕਰਮ ਮਰ ਜਾਣਗੇ ਉਥੇ ਜੀਵ ਵਿਚ ਨੇਕੀ ਲਈ ਉਤਸਾਹ ਵੀ ਨਹੀਂ ਰਹੇਗਾ।[2] ਇਸ ਲਈ ਹਉਮੈ ਨੂੰ ਹੀ ਦਾਰੂ ਵਿਚ ਤਬਦੀਲ ਕਰਨ ਦੀ ਵਿਧੀ ਉਨ੍ਹਾਂ ਇਹ ਦੱਸੀ ਹੈ ਕਿ ਹਉਮੈ ਨੂੰ ਗੁਰੂ ਦੇ ਹਵਾਲੇ ਕਰ ਕੇ ਉਸ ਦੁਆਰਾ ਦੱਸੇ ਮਾਰਗ ਉਤੇ ਚਲਿਆ ਜਾਵੇ।[3]

ਇਉਂ ਅਸੀਂ ਵੇਖਦੇ ਹਾਂ ਕਿ ਕੁਝ ਟੀਕਾਕਾਰਾਂ ਨੇ ਨਾਮ ਭਜਨ ਦੇ ਦਾਰੂ ਨਾਲ ਹਉਮੈ ਦੇ ਰੋਗ ਨੂੰ ਕੱਟ ਦੇਣ ਦਾ ਪੁਰਾਤਨ ਇਲਾਜ ਹੀ ਦਸਿਆ ਹੈ ਜੋ ਭਾਰਤੀ ਵਿਚਾਰਧਾਰਾ ਵਿਚ ਵਿਦਮਾਨ ਸੀ। ਪਰ ਪ੍ਰਿੰ: ਤੇਜਾ ਸਿੰਘ ਜੀ ਨੇ ਹਉਮੈ ਦੇ ਸੰਕਲਪ ਨੂੰ ਇਕ ਨਵੇਂ ਪਰਿਪੇਖ ਵਿਚ ਵੇਖਣ ਦਾ ਯਤਨ ਕੀਤਾ ਹੈ। ਅਸਲ ਵਿਚ ਕੋਈ ਵਸਤ ਰੋਗ ਤੇ ਇਲਾਜ ਹੋ ਹੀ ਤਾਂ ਸਕਦੀ ਹੈ ਜੇ ਉਸਦੀਆਂ ਦੋ ਵੱਖ

---

1 <u>ਪੰਜ ਗ੍ਰੰਥੀ ਸਟੀਕ</u>, ਪੰਨਾ 422.

2 <u>ਆਸਾ ਦੀ ਵਾਰ ਸਟੀਕ</u>, ਪੰਨਾ 62.

3 ਉਹੀ, ਪੰਨਾ 67.

ਵੱਖ ਸ਼ਕਤੀਆਂ ਹੋਣ। ਹਉਮੈ ਦੀਆਂ ਇਨ੍ਹਾਂ ਦੋਹਾਂ ਸ਼ਕਤੀਆਂ ਨੂੰ ਭਾਰਤੀ ਦਰਸ਼ਨ ਵਿਚ ਕਿਧਰੇ ਨਹੀਂ ਪਛਾਣਿਆ ਗਿਆ। ਇਹ ਗੁਰਬਾਣੀ ਦਾ ਦਰਸ਼ਨ ਹੀ ਹੈ ਜਿਥੇ ਇਸ ਨੂੰ ਰੋਗ ਤੇ ਦਾਰੂ ਆਖ ਕੇ ਇਸ ਦੀ ਉਸਾਰੂ ਸ਼ਕਤੀ ਵਲ ਵੀ ਸੰਕੇਤ ਕੀਤਾ ਗਿਆ ਹੈ। ਪ੍ਰਭੂ ਦਾ 'ਹੁਕਮ' ਇਕ ਅਜੇਹਾ ਸੰਕਲਪ ਹੈ ਜਿਸ ਨਾਲ "ਹਉਮੈ" ਨੂੰ ਜੋੜ ਕੇ ਦੇਖਿਆ ਜਾਵੇ ਤਾਂ ਦੂਜੀ ਸ਼ਕਤੀ ਪ੍ਰਤੱਖ ਹੁੰਦੀ ਹੈ। ਹਉਮੈ ਜੀਵ ਨੂੰ ਰਬ ਨਾਲੋਂ ਤੋੜਦੀ ਤੇ ਦ੍ਰਿਸ਼ਟਮਾਨ ਸੰਸਾਰ ਨਾਲ ਜੋੜਦੀ ਹੈ। ਜੀਵ ਰੱਬ ਨੂੰ ਭੁਲ ਬੈਠਦਾ ਹੈ। ਜੇ ਹਉਮੈ ਮਾਰ ਦਿੱਤੀ ਜਾਵੇ ਤਾਂ ਜੀਵ ਦੇ ਸੰਸਾਰ ਨਾਲੋਂ ਟੁੱਟ ਜਾਣ ਦਾ ਖ਼ਤਰਾ ਹੈ। ਪਰ ਜੇ ਹਉਮੈ ਨੂੰ ਹੁਕਮ ਦੇ ਅਧੀਨ ਰਖਿਆ ਜਾਵੇ ਤਾਂ ਜੀਵ ਪ੍ਰਭੂ ਪਰਾਇਣ ਵੀ ਰਹੇਗਾ ਅਤੇ ਸੰਸਾਰਕ ਜੀਵਨ ਵਲ ਕ੍ਰਿਆਸ਼ੀਲ ਹੋ ਸ਼ੁਭ ਕਰਮ ਵੀ ਕਰੇਗਾ। ਇਹੋ ਸਾਮਾਜਿਕ ਸੰਦਰਭ ਗੁਰਮਤ ਦਰਸ਼ਨ ਦਾ ਸਭ ਤੋਂ ਵਿਸ਼ੇਸ਼ ਗੁਣ ਹੈ। ਸੋ ਗੁਰਮਤ ਨੇ ਹਉਮੈ ਦੇ ਭਾਰਤੀ ਸੰਦਰਭ ਨੂੰ ਇਕ ਨਵਾਂ, ਠੋਸ ਅਤੇ ਮਹੱਤਵਪੂਰਣ ਮੋੜ ਦੇ ਕੇ ਇਸ ਨੂੰ ਮਨੁਖੀ ਜੀਵਨ ਲਈ ਲਾਹੇਵੰਦਾ ਬਣਾ ਦਿੱਤਾ ਹੈ। ਇਸ ਦ੍ਰਿਸ਼ਟੀਕੋਣ ਨੂੰ ਵਿਸਤਾਰਪੂਰਵਕ ਕਿਸੇ ਟੀਕਾਕਾਰ ਨੇ ਬਿਆਨ ਨਹੀਂ ਕੀਤਾ।

ਸਪਸ਼ਟ ਹੈ ਕਿ ਟੀਕਿਆਂ ਵਿਚ ਕੁਝ ਥਾਈਂ ਦਾਰਸ਼ਨਿਕ ਖਿੜਕਣ ਹੈ, ਅਤੇ ਦਾਰਸ਼ਨਿਕ ਪੱਖ ਤੋਂ ਕਈ ਨੁਕਤੇ ਅਣਛੋਹੇ ਵੀ ਪਏ ਹਨ ਜਿਨ੍ਹਾਂ ਨੂੰ ਉਜਾਗਰ ਕਰਨ ਦੀ ਲੋੜ ਹੈ।

## ਸਾਹਿਤਿਕ ਪੱਖ

ਲਗਪਗ ਸੱਠ ਵਰ੍ਹੇ ਪਹਿਲਾਂ ਅਮਰੀਕਾ ਦੇ ਗੈਰੇਟ ਬਿਬਲੀਕਲ ਇੰਸਟੀਚੂਟ ਦੇ ਪੁਰਾਣੇ ਨੇਮ ਦੀ ਵਿਆਖਿਆ ਦੇ ਪ੍ਰਧਾਨ ਅਤੇ ਪ੍ਰੋਫੈਸਰ ਫਰੈਡਰਿਕ ਕਾਰਲ ਆਇਜ਼ਲੇਨ (Frederick Carl Eiselen, President and Professor of Old Testament Interpretation) ਨੇ ਵਿਦਵਾਨਾਂ ਦਾ ਧਿਆਨ ਇਸ ਗੱਲ ਵੱਲ ਦਿਵਾਇਆ ਸੀ ਕਿ ਬਾਈਬਲ ਦੀਆਂ ਲਿਖਤਾਂ ਨੂੰ ਸਾਹਿਤਿਕ ਪੱਖੋਂ ਅਣਗੌਲਿਆ ਹੀ ਛਡਿਆ ਜਾਂਦਾ ਰਿਹਾ ਹੈ। ਉਨ੍ਹਾਂ ਨੇ ਲੋਕਾਂ ਦੇ ਇਸ ਰੱਵਈਏ ਦੇ ਘਟੋ ਘਟ ਦੋ ਕਾਰਣ ਮੰਨਦਿਆਂ ਲਿਖਿਆ ਸੀ :-

> "ਬਾਈਬਲ ਦੀਆਂ ਲਿਖਤਾਂ ਦੇ ਸਾਹਿਤਿਕ ਪੱਖਾਂ ਨੂੰ ਅਣਗੌਲਿਆਂ ਛਡੇ ਜਾਣ ਦੇ ਘਟੋ ਘਟ ਦੋ ਕਾਰਣ ਹਨ। ਇਨ੍ਹਾਂ ਵਿਚੋਂ ਪਹਿਲਾ ਇਹ ਤਥ ਹੈ ਕਿ ਬਾਈਬਲ ਸਭ ਤੋਂ ਪਹਿਲਾਂ, ਇਕ ਧਾਰਮਿਕ ਪੁਸਤਕ

ਹੈ ਅਤੇ ਇਸ ਨੂੰ ਬਹੁਤਾ ਕਰਕੇ ਕੇਵਲ ਧਾਰਮਿਕ ਮੰਤਵਾਂ ਲਈ ਹੀ ਪੜ੍ਹਿਆ ਜਾਂਦਾ ਹੈ। ਬੇਸ਼ਕ, ਕਈ ਵਾਰ ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਬਾਈਬਲ ਦਾ ਧਾਰਮਿਕ ਮਹੱਤਵ ਇੰਨਾ ਭਾਰੂ ਹੈ ਕਿ ਇਸ ਤੋਂ ਇਤਿਹਾਸਕ ਅਤੇ ਸਾਹਿਤਕ ਪੱਖਾਂ ਵਲ ਮੂੰਹ ਮੋੜਨਾ ਇਸ ਦੇ ਅਸਲੀ ਮੰਤਵ ਤੋਂ ਮੂੰਹ ਮੋੜਨਾ ਅਤੇ ਇਸ ਦੀ ਅਸਲ ਆਤਮਾ ਤੋਂ ਬੇਧਿਆਨੇ ਹੋਣਾ ਹੈ। ਦੂਸਰਾ ਕਾਰਣ ਇਹ ਤੱਥ ਹੈ ਕਿ ਬਹੁਤ ਸਾਰੇ ਲੋਕ ਕਿਸੇ ਭਾਸ਼ਾ ਵਲ ਕੋਈ ਧਿਆਨ ਨਹੀਂ ਦਿੰਦੇ, ਆਪਣੀ ਭਾਸ਼ਾ ਵਲ ਵੀ ਨਹੀਂ।"[1]

ਉਨ੍ਹਾਂ ਦੀ ਇਹ ਟਿੱਪਣੀ ਅਸਲ ਵਿਚ ਸਾਰੇ ਧਾਰਮਿਕ ਸਾਹਿਤ ਉੱਤੇ ਲਾਗੂ ਹੁੰਦੀ ਹੈ ਕਿਉਂਕਿ ਧਾਰਮਿਕ ਬਿਰਤੀ ਵਾਲੇ ਲੋਕ ਹੀ ਅਕਸਰ ਧਾਰਮਿਕ ਸਾਹਿਤ ਨੂੰ ਪੜ੍ਹਦੇ ਹਨ ਅਤੇ ਉਨ੍ਹਾਂ ਦਾ ਮੰਤਵ ਅਧਿਆਤਮਕ ਸੰਤੁਸ਼ਟੀ ਪ੍ਰਾਪਤ ਕਰਨਾ ਹੁੰਦਾ ਹੈ ਨਾ ਕਿ ਸਾਹਿਤਕ ਸੁਹਜ ਸੁਆਦ ਲੈਣਾ। ਇਸ ਲਈ ਧਾਰਮਿਕ ਲੋਕਾਂ ਵਾਸਤੇ ਧਾਰਮਿਕ ਸਾਹਿਤ ਦਾ ਸਾਹਿਤਕ ਮਹੱਤਵ ਸਦਾ ਹੀ ਗੌਣ ਹੁੰਦਾ ਹੈ। ਫਿਰ ਵੀ ਸਾਹਿਤਕ ਅਤੇ ਭਾਸ਼ਾਈ ਦ੍ਰਿਸ਼ਟੀਕੋਣ ਨੂੰ ਅਣਗੌਲਿਆ ਛਡਣ ਨਾਲ ਪਾਠਕ ਲਈ ਰਚਨਾ ਦੇ ਸਹੀ ਅਰਥਾਂ ਤਕ ਪਹੁੰਚਣਾ ਕਠਿਨ ਕਾਰਜ ਹੋਵੇਗਾ ਕਿਉਂਕਿ ਰਚਨਾ ਵਿਚ ਵਿਚਾਰਾਂ ਅਤੇ ਭਾਵਾਂ ਨੂੰ ਕਿਸੇ ਵਿਸ਼ੇਸ਼ ਭਾਸ਼ਾ ਅਤੇ ਸਾਹਿਤਕ ਵਿਧੀ ਦੁਆਰਾ ਪ੍ਰਸਤੁਤ ਕੀਤਾ ਗਿਆ ਹੁੰਦਾ ਹੈ। ਇਸ ਲਈ ਧਾਰਮਿਕ ਸਾਹਿਤ ਨੂੰ ਸਾਹਿਤਕ ਅਤੇ ਭਾਸ਼ਾਈ ਪੱਖ ਤੋਂ ਅਣਗੌਲਿਆ ਨਹੀਂ ਛਡਿਆ ਜਾਣਾ ਚਾਹੀਦਾ।

ਆਸਾ ਦੀ ਵਾਰ ਦੇ ਟੀਕਿਆਂ ਦਾ ਸਾਹਿਤਕ ਅਤੇ ਭਾਸ਼ਾਈ ਨਿਰੀਖਣ ਕਰਨ ਤੋਂ ਪਹਿਲਾਂ ਧਾਰਮਿਕ ਸਾਹਿਤ ਦੇ ਹੋਰ ਸਾਹਿਤ ਨਾਲੋਂ ਵੱਡੇ ਅਤੇ ਸਬੱਲ ਗੁਣਾਂ ਨੂੰ ਵਿਚਾਰ ਲੈਣਾ ਵੀ ਆਵੱਸ਼ਕ ਹੈ, ਕਿਉਂਕਿ ਆਸਾ ਦੀ ਵਾਰ ਦਾ ਟੀਕਾ ਸਾਹਿਤ ਧਾਰਮਿਕ ਸਾਹਿਤ ਹੈ। ਧਾਰਮਿਕ ਸਾਹਿਤ ਦਾ ਪ੍ਰਭਾਵ ਪਾਠਕ ਉੱਤੇ ਦੂਸਰੇ ਸਾਹਿਤ ਦੇ ਮੁਕਾਬਲੇ ਵਿਚ ਵਧੇਰੇ ਤੀਖਣ ਅਤੇ ਆਨੰਦਮਈ ਹੁੰਦਾ ਹੈ ਕਿਉਂਕਿ ਰਚਨਾ

---

1 Frederick Carl Eiselen, "Bible as Literature", Abingdon Bible Commentary, (Editors) Frederick Carl Eiselen, Edwin Lewis and Devid G.Downey, 1929, p.19.

ਵਿਚਲੇ ਸੁਹਜਾਤਮਕ ਤੱਤਾਂ ਤੋਂ ਇਲਾਵਾ ਇਸ ਸਾਹਿਤ ਨਾਲ ਕੋਈ ਨਾ ਕੋਈ ਵੱਡੀ ਸ਼ਖ਼ਸੀਅਤ ਜੁੜੀ ਹੁੰਦੀ ਹੈ। ਜੇ ਇਹ ਆਦੇਸ਼ ਦਾ ਸਾਹਿਤ ਹੈ ਤਾਂ ਇਸ ਨਾਲ ਪ੍ਰਭੂ ਅਤੇ ਪੈਗੰਬਰ ਜੁੜੇ ਹੋਣਗੇ, ਜੇ ਵਿਆਖਿਆਤਮਕ ਸਾਹਿਤ ਹੈ ਤਾਂ ਵਿਆਖਿਆਕਾਰ, ਜੋ 'ਧੁਰ ਕੀ ਬਾਣੀ' ਦੇ ਭੇਤ ਨੂੰ ਪ੍ਰਗਟ ਕਰਨ ਵਾਲੀ ਕੋਈ ਪਵਿਤਰ ਹਸਤੀ ਹੋਵੇਗਾ, ਜੁੜਿਆ ਹੋਵੇਗਾ। ਇਉਂ ਧਾਰਮਿਕ ਸਾਹਿਤ ਦਾ ਸੋਮਾ (ਪ੍ਰਭੂ) ਅਤੇ ਰਚੈਤਾ ਪਵਿਤਰਤਾ ਦੀ ਉਹ ਪ੍ਰਕਾਸ਼ਮਈ ਹਸਤੀ ਹੁੰਦੇ ਹਨ ਜਿਨ੍ਹਾਂ ਦੇ ਪ੍ਰਭਾਵ ਮੰਡਲ ਵਿਚ ਆਇਆ ਮਨੁਖ ਮੰਤ੍ਰ-ਮੁਗਧ ਹੋ ਉਸ ਸਾਹਿਤ ਦਾ ਆਨੰਦ ਮਾਣਦਾ ਅਤੇ ਹਰ ਬਚਨ ਨੂੰ ਸਤਿ ਕਰ ਜਾਣਦਾ ਹੈ। ਇਉਂ ਆਮ ਇੰਦ੍ਰਿਆਵੀ ਖਿਚ ਵਾਲੇ ਸਾਹਿਤ ਅਤੇ ਆਤਮਿਕ ਆਨੰਦ ਦੇਣ ਵਾਲੇ ਧਾਰਮਿਕ ਸਾਹਿਤ ਵਿਚਕਾਰ ਇਕ ਮੋਟੀ ਰੇਖਾ ਖਿਚੀ ਪਈ ਹੈ। ਪਵਿਤਰ ਹਸਤੀਆਂ ਨਾਲ ਜੁੜੇ ਸੰਬੰਧ ਕਾਰਣ ਧਾਰਮਿਕ ਸਾਹਿਤ ਪਵਿਤਰ ਅਤੇ ਅੰਮ੍ਰਿਤਮਈ ਬਣ ਜਾਂਦਾ ਹੈ। ਪਵਿਤਰ ਹਸਤੀਆਂ ਦੇ ਪ੍ਰਭਾਵ ਕਾਰਣ ਹੀ ਧਾਰਮਿਕ ਸਾਹਿਤ ਉਤੇ ਸਾਮਾਜਿਕ ਪ੍ਰਵਾਣਗੀ ਦੀ ਮੁਹਰ ਝਟ ਲਗ ਜਾਂਦੀ ਹੈ। ਧਾਰਮਿਕ ਬਿਰਤੀ ਵਾਲੇ ਵਿਅਕਤੀਆਂ ਦੇ ਜਜ਼ਬਾਤ ਪਵਿੱਤਰ ਹਸਤੀ ਦੇ ਬਚਨਾਂ ਨੂੰ ਜਿਸ ਤੀਖਣ ਰੂਪ ਵਿਚ ਗ੍ਰਹਿਣ ਕਰਦੇ ਅਤੇ ਵਿਅਕਤੀ ਨੂੰ ਆਨੰਦ ਦਿੰਦੇ ਹਨ, ਇਸ ਤੋਂ ਵੱਡੀ ਅਨੰਦਮਈ ਅਵਸਥਾ ਦਾ ਹੋਣਾ ਕਠਿਨ ਹੈ। ਧਾਰਮਿਕ ਸਾਹਿਤ ਦੇ ਪ੍ਰਭਾਵ ਦੀ ਇਸੇ ਸਥਿਤੀ ਨੂੰ ਪ੍ਰਗਟ ਕਰਦਿਆਂ ਵਿਦਵਾਨ ਜੇ ਮਿਡਲਟਨ ਮਰੀ ਨੇ ਲਿਖਿਆ ਹੈ :-

> "ਜਦੋਂ ਇਕ ਪੁਰਾਤਨ ਹਿਬਰੂ ਪੈਗੰਬਰ ਨੇ ਲਿਖਿਆ :
> ਅਤੇ ਪ੍ਰਭੂ ਨੇ ਕਿਹਾ, ਉਸ ਨੇ ਸਭ ਕੁਝ ਕਰ ਦਿੱਤਾ ਸੀ।
> ਇਹ ਉਕਤੀ ਅਤਿ ਪ੍ਰਬਲ ਹੈ। Paradise Lost ਵਿਚਲਾ
> ਕੁਝ ਵੀ ਇਸਦਾ ਮੁਕਾਬਲਾ ਨਹੀਂ ਕਰ ਸਕਦਾ।"[1]

ਜੇ ਇਸ ਉਕਤੀ ਦੀ ਗੁਰਬਾਣੀ ਦੇ ਟੀਕਾ ਸਾਹਿਤ ਵਿਚ ਮਿਲਦੀਆਂ ਉਕਤੀਆਂ "ਤਬ ਗੁਰੂ ਬਾਬੇ ਨਾਨਕ ਜੀ ਕਹਿਆ"[2] ਅਤੇ "ਆਗੈ ਸਾਰੇ ਜਗਤ ਕੀ ਬਾਤ ਗੁਰੂ ਜੀ ਕਹਤੇ ਹੈਂ"[3] ਨਾਲ ਤੁਲਨਾ

---

1 J.Middleton Murry, The Problem of Style, 1965, p.114.

2 ਸੋਢੀ ਮਿਹਰਬਾਨ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਪੋਥੀ ਪਹਿਲੀ, 1962, ਪੰਨਾ 21. ਇਹ ਉਕਤੀ ਹੋਰ ਅਨੇਕ ਪੰਨਿਆਂ ਉਤੇ ਦੇਖੀ ਜਾ ਸਕਦੀ ਹੈ।

3 ਭਾਈ ਭਗਵਾਨ ਸਿੰਘ, ਆਸਾ ਦੀ ਵਾਰ ਸਟੀਕ, ਸੰਮਤ ਨਾਨਕ ਸ਼ਾਹੀ 432, ਪੰਨਾ 55.

ਕਰੀਏ ਤਾਂ ਸਹਿਜੇ ਹੀ ਇਸ ਗਲ ਦਾ ਗਿਆਨ ਹੋ ਜਾਂਦਾ ਹੈ ਕਿ ਟੀਕਾਕਾਰ ਜਦੋਂ ਕਿਸੇ ਵਿਆਖਿਆਤਮਕ ਵਾਕ ਨੂੰ ਸ੍ਰੀ ਗੁਰੂ ਮੁਖਵਾਕ ਬਣਾ ਕੇ ਪ੍ਰਸਤੁਤ ਕਰਦਾ ਹੈ ਤਾਂ ਗੁਰੂ ਹਸਤੀ ਨਾਲ ਜੁੜਨ ਕਰਕੇ ਵਾਕ ਦੀ ਪਵਿਤਰਤਾ, ਪ੍ਰਕਾਸ਼ਮਯਤਾ, ਪ੍ਰਬਲਤਾ ਕਈ ਗੁਣਾ ਵਧ ਜਾਂਦੀ ਹੈ ਅਤੇ ਉਸਦੇ ਸਾਹਿਤਕ ਗੁਣਾਂ ਨਾਲ ਭਰਪੂਰ ਉਦਾਤਤਾ ਸਵੈ-ਸਿੱਧ ਬਣ ਜਾਂਦੀ ਹੈ।

'ਸਾਹਿਤ' ਸ਼ਬਦ ਦੇ ਵਿਉਤਪਤੀ ਮੂਲਕ ਅਰਥ ਹਨ ਸ਼ਬਦ ਅਤੇ ਅਰਥ ਦਾ ਮੁਨਾਸਿਬ ਰੀਤੀ ਨਾਲ ਸਹਿਭਾਵ।[1] ਇਉਂ ਸਾਰੇ ਸਾਰਥਕ ਸ਼ਬਦ ਸਾਹਿਤ ਦੇ ਘੇਰੇ ਵਿਚ ਆ ਜਾਂਦੇ ਹਨ। ਸਾਹਿਤ ਦੀ ਇਹ ਪਰਿਭਾਸ਼ਾ ਅਤਿਅੰਤ ਵਿਆਪਕ ਹੈ ਅਤੇ ਸਾਰੇ ਗ੍ਰੰਥ ਇਸ ਪਰਿਭਾਸ਼ਾ ਅਨੁਸਾਰ ਸਾਹਿਤ ਹਨ।[2] ਸਾਰੇ ਗ੍ਰੰਥਾਂ ਵਿਚ ਸਮਾਜ ਵਿਗਿਆਨ, ਵਿਗਿਆਨ, ਦਰਸ਼ਨ ਅਤੇ ਆਲੋਚਨਾ ਦੇ ਉਹ ਗ੍ਰੰਥ ਵੀ ਆ ਜਾਂਦੇ ਹਨ ਜਿਨ੍ਹਾਂ ਵਿਚ ਸਾਰਥਕ ਸ਼ਬਦਾਂ ਰਾਹੀਂ ਗਿਆਨ ਦਾ ਪਸਾਰਾ ਹੋਇਆ ਹੈ ਪਰ ਸਾਹਿਤਿਕ ਕਲਾ ਦੀ ਕੋਈ ਪ੍ਰਦਰਸ਼ਨੀ ਨਹੀਂ ਹੋਈ। ਅਜਿਹੀਆਂ ਰਚਨਾਵਾਂ ਨੂੰ ਵਿਦਵਾਨਾਂ ਨੇ ਗਿਆਨ ਸਾਹਿਤ ਦਾ ਨਾਂ ਦਿੱਤਾ ਹੈ। ਡਾ. ਰੋਸ਼ਨ ਲਾਲ ਅਹੂਜਾ ਅਨੁਸਾਰ "ਗਿਆਨ ਸਾਹਿਤ ਵਿਚ ਵਾਰਤਕ ਦਾ ਕੰਮ ਵਿਵਹਾਰਕ (practical) ਹੁੰਦਾ ਹੈ। ਇਹ ਤਤਵਾਂ ਦਾ ਠੀਕ ਠੀਕ ਵਰਨਣ ਕਰਦੀ ਹੈ।[3] ਗਿਆਨ ਸਾਹਿਤ ਮੁਕਾਬਲੇ ਉਤੇ ਕਾਵਿ, ਗਲਪ, ਨਾਟਕ, ਗੱਦ ਅਤੇ ਹੋਰ ਕਈ ਸਾਹਿਤ ਰੂਪ ਹਨ ਜਿਨ੍ਹਾਂ ਵਿਚ ਭਾਵਾਂ ਅਤੇ ਕਲਪਨਾ ਨੇ ਵੱਡਾ ਯੋਗਦਾਨ ਪਾਇਆ ਹੈ ਅਤੇ ਸਾਹਿਤਿਕ ਕਲਾ ਨੇ ਜਿਨ੍ਹਾਂ ਰਚਨਾਵਾਂ ਨੂੰ ਸੰਵਾਰਿਆ ਨਿਖਾਰਿਆ ਹੈ। ਅਜੇਹੇ ਸਾਹਿਤ ਨੂੰ ਸ੍ਰਿਜਨਾਤਮਕ ਜਾਂ ਕਾਲਪਨਿਕ ਸਾਹਿਤ ਆਖਿਆ ਜਾਂਦਾ ਹੈ।

ਆਚਾਰੀਆ ਹਜ਼ਾਰੀ ਪ੍ਰਸਾਦ ਦ੍ਵਿਵੇਦੀ ਨੇ ਸਮੁੱਚੇ ਸਾਹਿਤ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ— ਸੂਚਨਾਤਮਕ ਸਾਹਿਤ, ਵਿਵੇਚਨਾਤਮਕ ਸਾਹਿਤ ਅਤੇ ਰਚਨਾਤਮਕ ਸਾਹਿਤ। ਰਚਨਾਤਮਕ ਸਾਹਿਤ ਤਾਂ ਉਹੀ ਹੈ ਜਿਸ ਨੂੰ ਅਸਾਂ ਉਤੇ ਕਾਲਪਨਿਕ ਸਾਹਿਤ ਦਾ ਨਾਂ ਦਿੱਤਾ ਹੈ ਪਰ ਆਚਾਰੀਆ ਜੀ

---

1 "ਸਾਹਿਤ੍ਯ = ਸਹਿਤ + ਯਤ੍ ਪ੍ਰਤ੍ਯ" - ਡਾ. ਧੀਰੇਂਦ੍ਰ ਵਰਮਾ (ਪ੍ਰਧਾਨ ਸੰਪਾਦਕ), _ਹਿੰਦੀ ਸਾਹਿਤ੍ਯ ਕੋਸ਼_, ਪੰਨਾ 846.

2 ਉਹੀ।

3 _ਸਾਹਿਤ ਸ਼ਾਸਤਰ,_ 1963, ਪੰਨਾ 167.

ਨੇ ਗਿਆਨ ਸਾਹਿਤ ਦੇ ਦੋ ਭਾਗ ਕਰਕੇ ਇਸ ਨੂੰ ਵੇਖਿਆ ਹੈ। ਉਨ੍ਹਾਂ ਅਨੁਸਾਰ ਸੂਚਨਾਤਮਕ ਸਾਹਿਤ ਉਹ ਹੈ ਜਿਸ ਤੋਂ ਸਾਨੂੰ ਸੂਚਨਾ ਮਿਲਦੀ ਹੈ ਪਰ ਜੋ ਸਾਡੀ ਬੋਧਕ ਸ਼ਕਤੀ ਜਾਂ ਅਨੁਭੂਤੀ ਨੂੰ ਬਹੁਤਾ ਉਤੇਜਿਤ ਨਹੀਂ ਕਰਦਾ। ਉਨ੍ਹਾਂ ਨੇ ਵਿਵੇਚਨਾਤਮਕ ਸਾਹਿਤ ਵਿਚ ਅਜਿਹੀਆਂ ਪੁਸਤਕਾਂ ਰਖੀਆਂ ਹਨ ਜੋ ਸਾਡੀ ਜਾਣਕਾਰੀ ਤਾਂ ਵਧਾਉਂਦੀਆਂ ਹਨ, ਪਰ ਨਾਲ ਹੀ ਸਾਡੀ ਬੋਧਕ ਸ਼ਕਤੀ ਨੂੰ ਵੀ ਨਿਰੰਤਰ ਜਾਗਰੂਕ ਅਤੇ ਸਚੇਸ਼ਟ ਬਣਾਈ ਰਖਦੀਆਂ ਹਨ ਜਿਵੇਂ ਦਰਸ਼ਨ, ਗਣਿਤ ਅਤੇ ਗਿਆਨ ਦੀਆਂ ਪੁਸਤਕਾਂ।[1]

ਕੁਝ ਵਿਦਵਾਨਾਂ ਦਾ ਇਹ ਵੀ ਵਿਚਾਰ ਹੈ ਕਿ ਸਾਹਿਤ ਸ਼ਬਦ ਦੀ ਸਰਵੋਤਮ ਵਰਤੋਂ ਉਦੋਂ ਹੁੰਦੀ ਹੈ ਜਦੋਂ ਅਸੀਂ ਇਸ ਨੂੰ ਸਾਹਿਤਿਕ ਕਲਾ ਭਾਵ ਕਾਲਪਨਿਕ ਸਾਹਿਤ ਤਕ ਹੀ ਸੀਮਿਤ ਰਖਦੇ ਹਾਂ।[2] ਪਰ ਇਹ ਪਰਿਭਾਸ਼ਾ ਸਾਹਿਤ ਦੇ ਇਕ ਪੱਖ ਨੂੰ ਹੀ ਪ੍ਰਗਟ ਕਰਦੀ ਹੈ। ਅਜੋਕੇ ਵਿਗਿਆਨ ਦੇ ਯੁਗ ਵਿਚ ਮਨੁਖ ਦੇ ਅੰਦਰ ਗਿਆਨ/ਵਿਗਿਆਨ ਦੀ ਲਾਲਸਾ ਵਧ ਗਈ ਹੈ। ਇਸ ਬੌਧਿਕ ਚੇਸ਼ਟਾ ਨੂੰ ਗਿਆਨ ਸਾਹਿਤ ਨੇ ਹੀ ਤ੍ਰਿਪਤ ਕਰਨਾ ਹੈ। ਇਸ ਲਈ ਅਜੋਕੇ ਯੁਗ ਵਿਚ ਗਿਆਨ ਸਾਹਿਤ ਦਾ ਵਿਸ਼ੇਸ਼ ਮਹੱਤਵ ਹੈ। ਗਿਆਨ ਸਾਹਿਤ ਦਾ ਬਹੁਤਾ ਸੰਬੰਧ ਬੁੱਧੀ ਨਾਲ ਹੈ। ਕਾਲਪਨਿਕ ਸਾਹਿਤ ਦਾ ਅਧਿਕਤਰ ਪ੍ਰਭਾਵ ਮਨ ਅਤੇ ਆਤਮਾ ਉਤੇ ਪੈਂਦਾ ਹੈ। ਉਹ ਮਨ ਨੂੰ ਮੋਹਿਤ ਕਰਦਾ ਹੈ ਅਤੇ ਆਤਮਾ ਨੂੰ ਵੀ ਹੁਲਾਰਾ ਦੇਂਦਾ ਹੈ।

ਗੁਰਬਾਣੀ ਦੇ ਟੀਕਾ ਸਾਹਿਤ ਵਿਚ ਗਿਆਨ ਸਾਹਿਤ ਅਤੇ ਸਿਰਜਨਾਤਮਕ ਸਾਹਿਤ ਦੋਵੇਂ ਪ੍ਰਕਾਰ ਦੀਆਂ ਵੰਨਗੀਆਂ ਮਿਲਦੀਆਂ ਹਨ। ਜਦੋਂ ਕੋਈ ਟੀਕਾਕਾਰ ਮੂਲ ਰਚਨਾ ਵਿਚ ਆਏ ਕਿਸੇ ਸ਼ਬਦ, ਸੰਕੇਤ ਜਾਂ ਵਿਚਾਰ ਦਾ ਵਿਵੇਚਨ ਗਿਆਨ ਦੇ ਸੰਦਾਂ (ਜਿਵੇਂ ਵਿਆਕਰਣ ਅਤੇ ਦਰਸ਼ਨ) ਨਾਲ ਕਰਦਾ ਹੈ ਤਾਂ ਉਸ ਦਾ ਟੀਕਾ ਗਿਆਨ ਸਾਹਿਤ ਦੀ ਪ੍ਰਕ੍ਰਿਤੀ ਨੂੰ ਧਾਰਣ ਕਰਦਾ ਹੈ। ਆਸਾ ਦੀ ਵਾਰ ਦੇ ਟੀਕਿਆਂ ਵਿਚੋਂ ਇਸ ਪ੍ਰਕਾਰ ਦੀ ਵਾਰਤਕ ਦੀਆਂ ਦੋ ਵੰਨਗੀਆਂ ਪ੍ਰਸਤੁਤ ਹਨ:

---

1 ਆਚਾਰੀਆ ਹਜ਼ਾਰੀ ਪ੍ਰਸਾਦ ਦ੍ਵਿਵੇਦੀ, ਸਾਹਿਤ੍ਯ ਸਹਚਰ, 1965, ਪੰਨੇ 1-2.

2 "The term 'literature' seems best if we limit it to the art of literature, that is, to imaginative literature."
— Rene Wellek and Austin Warren, Theory of Literature, 1963, p.23.

(I) "ਵੇਦਾਂਤ ਸ਼ਾਸਤ੍ਰ ਅਦੁਤੀ ਬ੍ਰਹਮ ਕੋ ਪ੍ਰਤਿਪਾਦਨ ਕਰਤਾ ਹੈ ਯਾ ਅੰਨ ਅਰਥ ਕੋ ਪ੍ਰਤਿਪਾਦਨ ਕਰਤਾ ਹੈ ਇਕ ਤਾਂ ਇਹ ਸੰਸਾ ਹੈ ਜੀਵ ਈਸ਼ੁਰ ਦਾ ਭੇਦ ਸਤਿ ਹੈ ਕਿ ਅਭੇਦ ਸਤਿ ਹੈ ਦੂਸਰਾ ਸੰਸਾ ਵਪਰਜੀ ਦਾ ਕੀ ਰੂਪ ਹੈ ਦੇਹ ਆਦਕ ਭੀ ਸਤਿ ਹੈ ਜੀਵ ਬ੍ਰਹਮ ਕਾ ਭੇਦ ਭੀ ਸਤਿ ਹੈ ਤੀਸਰਾ ਸੰਸਾ ਇਨ ਸੰਸਿਓਂ ਕੀ ਨਿਬਰਤੀ ਗੁਰੂ ਜੀ ਕਥਨ ਕਰਦੇ ਹਨ ਜੇਹੜਾ ਖਟ ਪ੍ਰਕਾਰ ਕਾ ਸ਼੍ਰਵਨ ਹੈ ਇਹ ਦੇ ਸੁਨਣੇ ਕਰਕੇ ਪੈਹਲੇ ਸੰਸੇ ਕੀ ਨਿਬਰਤੀ ਹੁੰਦੀ ਹੈ ਮਨਨ ਦੇ ਕਰਨੇ ਕਰਕੇ ਦੂਸਰੇ ਸੰਸੇ ਕੀ ਨਿਬਰਤੀ ਹੁੰਦੀ ਹੈ। ਰਹਿਆ ਜੋ ਨਿਧਾਸਨ ਹੈ ਉਸ ਕਰਕੇ ਤੀਸਰੇ ਸੰਸੇ ਦੀ ਨਿਬਰਤੀ ਹੁੰਦੀ ਹੈ।"[1]

(II) "ਉਪਰਲੇ ਸਲੋਕ ਨੰ: 2 ਵਿਚ 'ਸਉ ਚੰਦਾ' ਪਦ ਆਇਆ ਹੈ। ਇਸ ਸਲੋਕ ਵਿਚ 'ਸਉ ਨਾਹ' ਪਦ ਪਰਤਿਆ ਗਿਆ ਹੈ। ਕਈ ਸਜਣ ਪਹਿਲੇ 'ਸਉ' ਦਾ ਅਰਥ 'ਸੈਂਕੜਾ' ਕਰਦੇ ਹਨ ਅਤੇ ਦੂਜੇ 'ਸਉ' ਦਾ ਅਰਥ 'ਸਹੁ' 'ਖਸਮ' ਕਰਦੇ ਹਨ। ਇਹ ਉੱਕਾ ਹੀ ਅਸ਼ੁੱਧ ਹੈ। ਦੋਹਾਂ ਥਾਈਂ ਸ਼ਬਦ 'ਸਉ' ਦਾ ਜੋੜ ਇਕੋ ਹੀ ਹੈ। ਦੂਜੇ ਥਾਂ 'ਸਉ' ਦਾ ਉਚਾਰਨ ਕਰਨ ਵੇਲੇ 'ਹ' ਦਾ ਉਚਾਰਨ ਕਰਕੇ 'ਸਹੁ' ਆਖਣਾ ਵੱਡੀ ਭੁੱਲ ਹੈ। ਇਸ ਦੂਜੇ 'ਸਉ' ਦਾ ਉਚਾਰਨ ਤੇ ਅਰਥ 'ਸਹੁ' ਕਰਨ ਵਾਲੇ ਸੱਜਣ ਸ਼ਬਦ 'ਨਾਹ' ਦਾ ਅਰਥ ਨਹੀਂ ਕਰਦੇ ਹਨ। ਇਹ ਇਕ ਹੋਰ 'ਭੁੱਲ' ਹੈ। ਇਸ ਤਰ੍ਹਾਂ ਉਹ ਸੱਜਣ ਇਸ ਸ਼ਬਦ 'ਨਾਹ' ਨੂੰ ਕ੍ਰਿਆ-ਵਿਸ਼ੇਸ਼ਣ ( adverb ) ਬਣਾ ਦੇਂਦੇ ਹਨ। ਗੁਰਬਾਣੀ ਨੂੰ ਵਿਆਕਰਣ ਅਨੁਸਾਰ ਪੜ੍ਹਨ ਵਾਲੇ ਸੱਜਣ ਜਾਣਦੇ ਹਨ ਕਿ ਜਦੋਂ ਕਦੇ ਇਹ ਸ਼ਬਦ ਕ੍ਰਿਆ-ਵਿਸ਼ੇਸ਼ਣ ਹੋਵੇ, ਤਾਂ ਇਸ ਦਾ ਰੂਪ 'ਨਾਹਿ' ਹੁੰਦਾ ਹੈ, ਭਾਵ ਇਸ ਦੇ ਅੰਤ ਵਿਚ ( ਿ ) ਹੁੰਦੀ ਹੈ ਕਿਉਂਕਿ ਇਹ 'ਨਾਹਿ' ਸ਼ਬਦ ਅਸਲ ਵਿਚ ਸੰਸਕ੍ਰਿਤ ਦੇ ਦੋ ਸ਼ਬਦਾਂ 'ਨਾ' ( न ) ਅਤੇ 'ਹਿ' ( हि ) ਦੇ ਜੋੜ ਤੋਂ ਬਣਿਆ ਹੈ।"[2]

ਪਹਿਲੀ ਵੰਨਗੀ ਵਿਚ "ਨਾਉ ਸੁਣਿ ਮਨ ਰਹਸੀਐ"[3] ਦੇ ਭੇਤ ਨੂੰ ਦਰਸ਼ਨ ਸ਼ਾਸਤ੍ਰ ਦੀ ਕੁੰਜੀ ਨਾਲ ਖੋਲ੍ਹਣ ਦਾ ਯਤਨ ਕੀਤਾ ਗਿਆ ਹੈ। ਜਦੋਂ ਕਿ ਦੂਜੀ ਵੰਨਗੀ ਵਿਚ ਟੀਕਾਕਾਰ ਨੇ 'ਸਉ' ਸ਼ਬਦ ਦਾ ਅਰਥ ਕਰਨ ਲਈ ਵਿਆਕਰਣ ਨੂੰ ਆਧਾਰ ਬਣਾਇਆ ਹੈ।

---

1 ਭਾਈ ਨਿਹਾਲ ਸਿੰਘ ਜੀ ਗਿਆਨੀ, <u>ਆਸਾ ਦੀ ਵਾਰ ਸਟੀਕ</u>, ਸੰਮਤ ਨਾਨਕਸ਼ਾਹੀ 430, ਪੰਨੇ 43-44.

2 ਪ੍ਰੋ: ਸਾਹਿਬ ਸਿੰਘ, <u>ਆਸਾ ਦੀ ਵਾਰ ਸਟੀਕ</u>, ਸਤਵੀਂ ਛਾਪ, ਪੰਨੇ 23-24.

3 <u>ਆਸਾ ਦੀ ਵਾਰ</u>, 2: 10.

ਗੁਰਬਾਣੀ ਦੇ ਟੀਕਿਆਂ ਵਿਚ ਜਿਥੇ ਗਿਆਨਮਈ ਵਾਰਤਕ ਉਪਲਬਧ ਹੈ,ਉਥੇ ਸਿਰਜਨਾਤਮਕ ਵਾਰਤਕ ਦੀਆਂ ਵੰਨਗੀਆਂ ਦੀ ਵੀ ਘਾਟ ਨਹੀਂ। ਇਥੇ ਆਸਾ ਦੀ ਵਾਰ ਦੇ ਟੀਕਿਆਂ ਵਿਚੋਂ ਦੋ ਵੰਨਗੀਆਂ ਪੇਸ਼ ਕਰਦੇ ਹਾਂ :

(1) "ਸੰਸਾਰ ਵਿਚ ਹੋ ਰਹੇ ਐਸੇ ਕੌਤਕ ਕੋੜ ਤਮਾਸ਼ਿਆਂ ਦੇ ਆਪਣੇ ਵਿਚ ਮੁਗਧ ਕਰਕੇ ਗਿਆਨ ਪ੍ਰਾਪਤੀ ਦੇ ਰਾਹ ਤੋਂ ਵਰਜ ਰਹਾਣ ਵਾਲੇ ਨਜ਼ਾਰੇ ਤੋਂ ਆਪਜੀ ਦਾ ਵਿਸ਼ਾਲ ਮਨ ਕੁਦਰਤ ਦੀ ਵਿਸ਼ਾਲਤਾ ਵਿਚ ਉਪਰ ਨੂੰ ਉਠ ਗਿਆ ਹੈ ਤੇ ਆਪ ਕੁਦਰਤ ਦੇ ਸਾਮਾਨਾਂ ਵਿਚ ਹੀ ਵਿਸ਼ੂ ਰਾਸ ਪੈ ਰਹੀ ਅਨੁਭਵ ਕਰਦੇ ਹਨ।"[1]

(II) "ਧਰਤੀ ਨੂੰ ਹਲ ਆਦਿ ਸਾਧਨਾ ਕਰਕੇ ਸੁਧ ਕਰੀਏ, ਅਰ ਸਿੰਚ ਕੇ ਬੀਜ ਪਾਈਏ, ਫੇਰ ਵਾੜ ਲਗਾਕੇ ਪਸ਼ੂ ਪੰਛੀ ਆਦਿ ਹਾਨੀਕਾਰਕ ਜੀਵਾਂ ਤੋ ਰਖਯਾ ਕਰੀਏ, ਤਾਂ ਫਲ ਦਿੰਦੀ ਹੈ, ਸੋ ਸਰੀਰ ਨੂੰ ਅੰਮ੍ਰਿਤ ਵੇਲੇ ਉੱਠਣਾ, ਅੰਮ੍ਰਿਤ ਸਰੋਵਰ ਵਾ ਖੂਹ ਤਲਾਉ ਨਦੀ ਆਦਿ ਦੇ ਠੰਢੇ ਜਲ ਮੈਂ ਸਨਾਨ ਕਰਨਾ। ਇਕ ਮਨ ਹੋਕੇ ਗੁਰਬਾਣੀ ਦਾ ਪਾਠ ਕਰਨਾ, ਸਤਿ ਸੰਗਤ ਵਿਚ ਜਾਣਾ, ਮਿੱਠਾ ਬੋਲਨਾ, ਧਰਮ ਦੀ ਕਿਰਤ ਕਰਨੀ, ਵੰਡ ਖਾਣਾ, ਮਨ ਨੀਵਾਂ ਰਖਣਾ,ਗੁਰ ਉਪਦੇਸ ਅਨੁਸਾਰ ਸਬਦ ਸੁਰਤਿ ਦਾ ਸੰਜੋਗ ਕਰਨਾ, ਸੁਾਸ ਸੁਾਸ ਵਾਹਗੁਰੂ ਨੂੰ ਚਿੱਤ ਰਖਣਾ, ਇਤਯਾਦੀ ਕਰਮਾਂ ਨਾਲ ਸਰੀਰ ਰੂਪ ਧਰਤੀ ਨੂੰ ਸੁਧ ਕਰਕੇ ਕਰਤਾਰ ਦੇ ਨਾਮ ਦਾ ਬੀਜ ਪਾਵੇ ॥"[2]

ਪਹਿਲੀ ਵੰਨਗੀ ਵਿਚ ਗੁਰੂ ਨਾਨਕ ਪਾਤਿਸ਼ਾਹ ਦੇ ਮਨ ਦੀ ਉਸ ਸਮੇਂ ਦੀ ਸਥਿਤੀ ਨੂੰ ਟੀਕਾਕਾਰ ਨੇ ਆਪਣੀ ਕਲਪਨਾ ਸ਼ਕਤੀ ਨਾਲ ਅਨੁਭਵ ਕਰਕੇ ਸ਼ਬਦਾਂ ਰਾਹੀਂ ਚਿਤਰਿਤ ਕੀਤਾ ਹੈ ਜਦੋਂ ਗੁਰੂ ਸਾਹਬ ਦਾ ਮਨ ਨਕਲੀ ਰਾਸ ਤੋਂ ਉਪਰਾਮ ਹੋ ਕੁਦਰਤ ਦੀ ਰਾਸ ਵਲ ਉਮੜਿਆ। ਦੂਸਰੀ ਵੰਨਗੀ ਵਿਚ ਟੀਕਾਕਾਰ ਨੇ ਆਪਣੀ ਸਿਰਜਨਾ ਸ਼ਕਤੀ ਰਾਹੀਂ ਕਾਇਆ ਰੂਪੀ ਧਰਤੀ ਨੂੰ ਸਾਧਣ ਵਾਲੇ ਕਰਮਾਂ ਦਾ ਵਿਸਥਾਰਪੂਰਵਕ ਵਰਣਨ ਕੀਤਾ ਹੈ।

---

1. ਭਾਈ ਵੀਰ ਸਿੰਘ, ਪੰਜ ਗ੍ਰੰਥੀ ਸਟੀਕ, ਤੀਜੀ ਛਾਪ, ਪੰਨਾ 409.
2. ਸਰਦੂਲ ਸਿੰਘ, ਆਸਾ ਦੀ ਵਾਰ ਦੀ ਟੀਕਾ, ਬਿਕ੍ਰਮੀ 1964, ਪੰਨਾ 111.

<u>ਕਾਵਿ-ਆਨੰਦ</u>

ਗੁਰਬਾਣੀ ਦੇ ਟੀਕਾ-ਸਾਹਿਤ ਵਿਚ ਕਾਵਿ-ਟੀਕਿਆਂ ਦੀ ਕੋਈ ਪਰੰਪਰਾ ਨਹੀਂ ਹੈ। ਟੀਕਾਕਾਰਾਂ ਨੇ ਮੂਲ ਰਚਨਾ ਦੇ ਅਰਥ ਸਦਾ ਵਾਰਤਕ ਵਿਚ ਹੀ ਕੀਤੇ ਹਨ। ਪਰ ਆਪਣੇ ਵਲੋਂ ਕੀਤੇ ਗਏ ਅਰਥਾਂ ਦੀ ਪੁਸ਼ਟੀ ਲਈ ਬਹੁਤੇ ਟੀਕਾਕਾਰਾਂ ਨੇ ਪ੍ਰਮਾਣਕ ਬਾਣੀ ਵਿਚੋਂ ਕਾਵਿ-ਟੋਟੇ ਵਾਰਤਕ ਵਿਚ ਇਸ ਪ੍ਰਕਾਰ ਜੜ੍ਹ ਦਿੱਤੇ ਹਨ ਕਿ ਪਾਠਕ ਵਾਰਤਕ ਦੇ ਨਾਲ ਨਾਲ ਕਵਿਤਾ ਦਾ ਆਨੰਦ ਵੀ ਨਿਰੰਤਰ ਮਾਣਦਾ ਰਹਿੰਦਾ ਹੈ। ਇਸ ਨਾਲ ਪਾਠਕ ਅਰੋਚਕਤਾ ਤੋਂ ਬਚਿਆ ਰਹਿੰਦਾ ਹੈ। ਇਸ ਦੀਆਂ ਦੋ ਵੰਨਗੀਆਂ ਹੇਠਾਂ ਪੇਸ਼ ਕਰਦੇ ਹਾਂ :-

(I) "ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥
ਹੇ ਸਿਧੋ ! ਜਿਵੇਂ ਪਾਹ=ਲਾਗ ਤੋਂ ਬਾਹਰਾ =ਬਿਨਾਂ ਕੋਰੇ ਬਸਤ੍ਰ ਨੂੰ ਸੋਇ = ਸੋਭਨੀਕ ਪੱਕਾ ਰੰਗ ਨਹੀਂ ਚੜ੍ਹਦਾ ਤਿਵੇਂ ਮਨ ਰੂਪੀ ਕੋਰੇ ਬਸਤਰ ਨੂੰ ਭਗਤੀ ਰੂਪੀ ਰੰਗ ਨਹੀਂ ਚੜ੍ਹਦਾ ।

ਯਥਾ - ਮਨਮੁਖਿ ਮੁਗਧ ਨਰੁ ਕੋਰਾ ਹੋਇ॥
ਜੇ ਸਉ ਲੋਚੈ ਰੰਗੁ ਨ ਹੋਵੈ ਕੋਇ॥
( ਸੂਹੀ ਮਹਲਾ 4 ਪੰਨਾ 732 )

ਯਥਾ ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥ "[2]
( ਸੂਹੀ ਮਹਲਾ 4 ਪੰਨਾ 732 )

(II) ਜੋ ਰੱਬ ਨੇ ਠੱਟੀ ਹੈ ਯਾ ਜੋ ਮਾਨੁਸ਼ ਨੇ ਕੀਤੀ ਹੈ ਉਹ ਹੀ ਪ੍ਰਗਟ ਹੁੰਦੀ ਹੈ, ਅਪਨੇ ਕੀਤੇ ਕੁਝ ਨਹੀਂ ਹੁੰਦਾ, ਹੁੰਦਾ ਉਹ ਹੈ ਜੋ ਕਰਤਾ ਕਰਦਾ ਹੈ, ਮੂਰਖ ਏਵੇਂ (ਮੂਰਖ ਗਣਤ ਗਣਾਇ ਝਗੜਾ ਪਾਇਆ॥) ਪਇਆ ਆਖਦਾ ਹੈ ਮੈਂ ਕੀਤਾ ਪਰ ਅਸਲੋਂ (ਕਰਤਾ ਕਰੇ ਸੁ ਹੋਗੁ ਨ ਚਲੈ ਚਲਾਇਆ ॥ ਮ:੧)

---

1. ਗਿਆਨੀ ਕ੍ਰਿਪਾਲ ਸਿੰਘ (ਮਹੰਤ) <u>ਆਸਾ ਦੀ ਵਾਰ ਸਟੀਕ</u>, 1974, ਪੰਨਾ 683.

ਭਾਰਤ ਵਿਚ ਬਹੁਤਾ ਘੁਮੰਡ ਸੀ ਦ੍ਵਿਜ, ਛਤਰੀ, ਬ੍ਰਾਹਮਣ । ਗੁਰੂ ਜੀ ਆਖਦੇ ਹਨ, ਅਗੇ ਜਾਤ ਕੰਮ ਨਹੀਂ ਆਉਣੀ, ਕਰਮ ਵੇਖੇ ਜਾਣੇ ਹਨ —

ਜਾਤੀ ਦੈ ਕਿਆ ਹਥਿ ਸਚੁ ਪਰਖੀਐ ॥
ਮਹੁਰਾ ਹੋਵੈ ਹਥਿ ਮਰੀਐ ਚਖੀਐ ॥

ਅਥਵਾ ਕੂੜ ਹੈ ਜ਼ਹਿਰ, ਵਡੀ ਜਾਤ ਛੋਟੀ ਜਾਤ ਦਾ ਵਿਤਕਰਾ ਨਹੀਂ ਕਰਦਾ, ਜੋ ਖਾਵੇ ਸੋ ਅੰਤ ।"[1]

ਸੋਢੀ ਮਿਹਰਬਾਨ ਨੇ ਗੁਰਬਾਣੀ ਦੇ ਪਰਮਾਰਥ ਕਰਦਿਆਂ ਹਰ ਸਲੋਕ ਜਾਂ ਪਉੜੀ ਆਦਿ ਦਾ ਪਰਮਾਰਥ ਦੇਣ ਉਪਰੰਤ, ਅੰਤਿ ਵਿਚ, ਸ੍ਵੈ-ਰਚਿਤ ਇਕ ਸਲੋਕ ਦਿੱਤਾ ਹੈ ਜੋ ਕਿ ਪਰਮਾਰਥ ਵਿਚ ਪੇਸ਼ ਕੀਤੇ ਵਿਚਾਰ ਦਾ ਸਾਰੰਸ਼ ਪੇਸ਼ ਕਰਦਾ ਹੈ। ਸੋਢੀ ਮਿਹਰਬਾਨ ਦੇ ਇਹ ਸਲੋਕ ਅਧਿਆਤਮਕ ਰੰਗ ਦੇ, ਅਤੇ ਕਾਵਿ ਦੀ ਦ੍ਰਿਸ਼ਟੀ ਤੋਂ ਉਚ ਪਾਇ ਦੇ ਹਨ। ਵੰਨਗੀ ਵਜੋ ਦੋ ਸਲੋਕ ਪ੍ਰਸਤੁਤ ਕਰਦੇ ਹਾਂ :-

I) ਰੇ ਮਨ ਹਉਮੈ ਛੋਡਿ ਕਰਿ, ਕਰਹੁ ਰਾਮ ਕੀ ਸੇਵ ॥
ਜਨਮ ਮਰਨ ਦੁਖੁ ਕਟੀਐ, ਸਰਨਿ ਪਰਹੁ ਗੁਰਦੇਵ ॥
ਨਾਨਕ ਦਾਸ ਮਿਲਾਇਲੈ, ਭੁਜਾ ਪਕਰਿ ਬਾਸੁਦੇਵ ॥"[2]

II) "ਪਿਛਲੀ ਰਾਤ ਚੇਤਿ ਤੂ, ਹਰਿ ਜਪਿ ਹਿਰਦੈ ਮਾਹਿ ॥
ਤੀਨਿ ਤਾਪ ਤਨ ਤੇ ਮਿਟਹਿ, ਦਾਸ ਨਾਨਕ ਸਰਨੀ ਪਾਹਿ॥"[3]

ਪਹਿਲਾ ਸਲੋਕ ਗੁਰੂ ਭਗਤੀ ਅਤੇ ਪ੍ਰਭੂ ਭਗਤੀ ਦੇ ਜਜ਼ਬੇ ਨਾਲ ਭਰਪੂਰ ਹੈ। ਦੂਸਰੇ ਸਲੋਕ ਵਿਚ ਅੰਮ੍ਰਿਤ ਵੇਲੇ (ਪਿਛਲੀ ਰਾਤ) ਉਠ ਕੇ ਨਾਮ ਸਿਮਰਨ ਦੀ ਤੀਖਣ ਪ੍ਰੇਰਣਾ ਹੈ। ਬਾਬਾ ਫਰੀਦ ਜੀ ਦਾ ਸਲੋਕ ਹੈ :-

ਫਰੀਦ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ॥
ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥"[4]

---

1 ਸੰਤਰੇਣੂ ਜੀਵਨ ਸਿੰਘ, ਆਸਾ ਦੀ ਵਾਰ ਸਟੀਕ, 1969, ਪੰਨਾ 131.

2 ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੈਂਚੀ ਦੂਜੀ, 1969, ਪੰਨਾ 388.

3 ਉਹੀ, ਪੰਨਾ 391.

4 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1383.

ਅਤੇ

ਗੁਰੂ ਨਾਨਕ ਨੇ ਜਪੁਜੀ ਵਿਚ ਫਰਮਾਇਆ ਹੈ :

"ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥"[1]

ਸੋਢੀ ਮਿਹਰਬਾਨ ਦਾ ਸਲੋਕ ਬਾਬਾ ਫਰੀਦ-ਬਾਣੀ ਅਤੇ ਗੁਰੂ ਨਾਨਕ-ਬਾਣੀ ਦਾ ਅਨੁਸਰਣ ਕਰਦਾ ਹੀ ਪ੍ਰਤੀਤ ਹੁੰਦਾ ਹੈ।

ਸੁਆਮੀ ਆਨੰਦਘਨ ਦੁਆਰਾ ਰਚੇ ਆਸਾ ਦੀ ਵਾਰ ਦੇ ਟੀਕੇ ਦਾ ਆਰੰਭ ਹੀ ਉਸ ਦੁਆਰਾ ਮੰਗਲਾਚਰਣ ਵਜੋਂ ਰਚੇ ਨਿਮਨ ਲਿਖਤ ਦੋਹਰੇ ਨਾਲ ਹੁੰਦਾ ਹੈ :-

" ਵਿਘਨ ਹਰਨ ਸੰਕਟ ਹਰਨ ਸੋਰ ਹਰਨ ਜਗ ਤ੍ਰਾਸ ॥

ਮੁਕਤਿ ਕਰਨ ਮੰਗਲ ਕਰਨ ਐਸੋ ਨਾਮ ਨਿਵਾਸ ॥"[2]

ਇਸ ਦੋਹਰੇ ਵਿਚ ਨਾਮ ਦਾ ਮਹੱਤਵ ਦਸਿਆ ਹੈ ਕਿ ਨਾਮ ਹਰ ਪ੍ਰਕਾਰ ਦੇ ਕਸ਼ਟ ਕੱਟਣ ਵਾਲਾ ਅਤੇ ਸੁਖ, ਆਨੰਦ ਦਾ ਦੇਵਣਹਾਰ ਹੈ।

ਭਾਈ ਭਗਵਾਨ ਸਿੰਘ ਨੇ ਵੀ ਆਪਣੇ ਆਸਾ ਦੀ ਵਾਰ ਦੇ ਟੀਕੇ ਨੂੰ ਥਾਂ ਥਾਂ ਕਾਵਿ-ਟੋਟਿਆਂ ਨਾਲ ਸੁਸਜਿਤ ਕੀਤਾ ਹੈ। ਉਸ ਦੇ ਟੀਕੇ ਵਿਚਲੇ ਕੁਝ ਕਾਵਿ-ਟੋਟੇ ਇਉਂ ਹਨ :-

!) "ਨਾਨਕ ਨਾਮ ਖੁਦਾਇ ਕਾ ਦਿਲ ਹਛੈ ਮੁਖ ਲੇਹ ॥

ਅਵਰ ਦਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥"[3]

!!) "ਅਹਿਰਨ ਜਿਤਨੀ ਚੋਰੀ ਕਰਤੇ ਸੂਈ ਕਰਤੇ ਦਾਨ ॥

ਕੋਠੇ ਤੇ ਚੜ ਦੇਖਨ ਲਾਗੇ ਕਦ ਆਵੇ ਬੇਬਾਨ ॥[4]

!!!) "ਭੂਲ ਗਇਓ ਅਗਿਆਨ ਤੇ, ਅਪਨੋ ਆਤਮ ਰੂਪ ॥

ਤਾਹੀ ਕੋ ਫਿਰਜਾਨਨਾ, ਗਿਆਨ ਕਹਤ ਕਵ ਭੂਪ॥"[5]

ਸਾਧ ਭਾਖਾ ਵਿਚ ਰਚੀ ਕਵਿਤਾ ਤੋਂ ਇਲਾਵਾ ਉਸ ਨੇ ਆਪਣੇ ਟੀਕੇ ਵਿਚ ਫਾਰਸੀ ਦੇ ਸ਼ਿਅਰ ਵੀ ਦਿੱਤੇ ਹਨ ਜਿਸ ਕਰਕੇ ਉਸ ਦੇ ਟੀਕੇ ਵਿਚ ਵਿਭਿੰਨ ਕਾਵਿ-ਰੰਗਾਂ ਦੀ ਛਹਿਬਰ ਲਗੀ

---

1. ਪਉੜੀ 4.
2. ਪੰਨਾ 1/ਉ.
3. <u>ਸ੍ਰੀ ਗੁਰੂ ਗ੍ਰੰਥ ਸਾਹਿਬ</u>, ਪੰਨਾ 146.
4. ਉਹੀ, ਪੰਨਾ 216.
5. ਉਹੀ, ਪੰਨਾ 219.

ਦਿਸਦੀ ਹੈ। "ਪਰਮੇਸ਼ਰ ਅੰਦਰ ਰਹਿ ਕੇ ਸਭ ਕੁਝ ਜਾਣਦਾ ਹੈ", ਇਸ ਭਾਵ ਨੂੰ ਪ੍ਰਗਟ ਕਰਨ ਲਈ ਟੀਕੇ ਵਿਚ ਦਿੱਤਾ ਇਕ ਸ਼ਿਅਰ ਇਥੇ ਵੰਨਗੀ ਵਜੋਂ ਪ੍ਰਸਤੁਤ ਕੀਤਾ ਜਾਂਦਾ ਹੈ।

"ਕੂੰਜ਼ੇ ਸ਼ਹ ਰਗ ਹਸਤ ਸ਼ਹ ਨਜ਼ਦੀਕ ਤਰ ॥
ਤੂੰ ਬ ਸਹਰਾ ਮੇਰਵੀ ਐ ਬੇਖ਼ਬਰ ॥ "[1]

ਇਉਂ ਅਸੀਂ ਦੇਖਦੇ ਹਾਂ ਕਿ ਗੁਰਬਾਣੀ ਦਾ ਟੀਕਾ-ਸਾਹਿਤ ਵਾਰਤਕ ਰਚਨਾਵਾਂ ਹੁੰਦਿਆਂ ਹੋਇਆਂ ਵੀ ਕਾਵਿ ਨਾਲ ਭਰਪੂਰ ਪਿਆ ਹੈ, ਭਾਵੇਂ ਇਹ ਕਵਿਤਾ ਕਿਸੇ ਹੋਰ ਕਵੀ ਦੀ ਹੋਵੇ ਜਾਂ ਟੀਕਾਕਾਰ ਦੀ ਆਪਣੀ ਰਚਨਾ। ਕਵਿਤਾ ਦਾ ਆਪਣਾ ਹੀ ਇਕ ਵੱਖਰੀ ਪ੍ਰਕਾਰ ਦਾ ਆਨੰਦ ਹੁੰਦਾ ਹੈ। ਇਹ ਆਨੰਦ ਗੁਰਬਾਣੀ ਦੇ ਟੀਕਾ-ਸਾਹਿਤ ਵਿਚੋਂ ਪਾਠਕ ਨੂੰ ਭਰਪੂਰ ਰੂਪ ਵਿਚ ਮਿਲਦਾ ਹੈ।

## ਲਘੂ ਕਥਾਵਾਂ/ਸਾਖੀਆਂ

ਟੀਕਿਆਂ ਵਿਚਲੀਆਂ ਲਘੂ ਕਥਾਵਾਂ/ਸਾਖੀਆਂ ਨੇ ਵੀ ਟੀਕਿਆਂ ਵਿਚ ਸਾਹਿਤਕਤਾ ਉਪਜਾਉਣ ਵਿਚ ਚੰਗਾ ਯੋਗਦਾਨ ਪਾਇਆ ਹੈ। ਗਲਪ ਦਾ ਮੂਲ ਧੁਰਾ ਕਹਾਣੀ ਹੈ ਭਾਵੇਂ ਉਹ ਸਤਿ-ਕਥਾ ਹੋਵੇ, ਇਤਿਹਾਸਕ/ਮਿਥਿਹਾਸਕ ਵਾਰਤਾ ਜਾਂ ਨਿਰੋਲ ਕਾਲਪਨਿਕ ਰਚਨਾ। ਗੁਰਬਾਣੀ ਦਾ ਵਾਕ "ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨੁ ਬੀਚਾਰੁ"[2] ਵੀ ਇਸ ਗਲ ਵਲ ਸੰਕੇਤ ਕਰਦਾ ਹੈ ਕਿ ਪਾਪ ਪੁੰਨ ਦੇ ਵਿਚਾਰ ਲਈ ਕਥਾ ਕਹਾਣੀਆਂ ਦੀ ਪਰੰਪਰਾ ਵੇਦਾਂ ਦੇ ਸਮੇਂ ਤੋਂ ਹੀ ਚਲੀ ਆ ਰਹੀ ਹੈ। ਆਪਣੇ ਵਿਚਾਰ ਦੀ ਵਜ਼ਾਹਤ ਲਈ ਕਥਾ/ਸਾਖੀ ਦੇਣਾ ਭਾਰਤੀ ਕਲਾਸਕੀ ਸਾਹਿਤ ਵਿਚ ਆਮ ਹੈ। ਉਦਾਹਰਣ ਵਜੋਂ, ਯੋਗ ਵਾਸ਼ਿਸ਼ਟ ਦੇ ਆਰੰਭ ਵਿਚ ਹੀ ਅਗਸਤ ਮੁਨੀ ਦਾ ਸ਼ਿਸ਼ ਸੁਤੀਖਣ ਜਦੋਂ ਆਪਣਾ ਸ਼ੰਕਾ ਪ੍ਰਗਟ ਕਰਦਾ ਹੈ ਕਿ ਮੋਖ ਦਾ ਕਾਰਣ ਕਰਮ ਹੈ ਜਾਂ ਗਿਆਨ ਜਾਂ ਦੋਵੇਂ ਤਾਂ ਅਗਸਤ ਮੁਨੀ ਉਸ ਦਾ ਉਤਰ ਦੇ ਕੇ ਨਾਲ ਹੀ ਕਹਿੰਦਾ ਹੈ ਕਿ ਇਸ ਅਰਥ ਦੇ ਅਨੁਸਾਰ ਇਕ ਪੁਰਾਤਨ ਇਤਿਹਾਸ ਹੈ, ਉਹ ਤੁਸੀਂ ਸੁਣੋ ।[3] ਇਉਂ ਆਖਕੇ ਉਹ ਇਤਿਹਾਸਕ ਸਾਖੀ ਸੁਣਾਉਣੀ

---

1 ਆਸਾ ਦੀ ਵਾਰ ਦਾ ਟੀਕਾ, ਪੰਨਾ 218.

2 ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1243.

3 ਸ੍ਰੀ ਯੋਗਵਾਸ਼ਿਸ਼ਟ, ਪ੍ਰਥਮ ਭਾਗ, ਪੰਨਾ 3.

ਆਰੰਭ ਕਰ ਦਿੰਦਾ ਹੈ। ਆਪਣੇ ਅਰਥ ਦੀ ਵਜ਼ਾਹਤ ਲਈ ਕਥਾ/ਸਾਖੀ ਸੁਣਾਉਣ ਦੀ ਇਸੇ ਭਾਰਤੀ ਪਰੰਪਰਾ ਨੂੰ ਗੁਰਬਾਣੀ ਦੇ ਟੀਕਾਕਾਰਾਂ ਨੇ ਵੀ ਅਪਣਾਇਆ ਹੈ। ਮਨੁੱਖ ਸਾਧਾਰਣ ਵਾਰਤਕ ਵਿਚ ਦਿੱਤਾ ਉਪਦੇਸ਼ ਤਾਂ ਭੁਲ ਸਕਦਾ ਹੈ ਪਰ ਜੇ ਇਸ ਉਪਦੇਸ਼ ਨੂੰ ਪਰਿਪੱਕ ਕਰਨ ਲਈ ਨਾਲ ਹੀ ਕੋਈ ਅਜਿਹੀ ਕਥਾ-ਕਹਾਣੀ ਵੀ ਦੇ ਦਿੱਤੀ ਜਾਵੇ ਜਿਸ ਦਾ ਸੰਦੇਸ਼ ਵੀ ਉਹੀ ਹੋਵੇ ਜੋ ਮੂਲ ਕਾਵਿ-ਰਚਨਾ ਜਾਂ ਉਸ ਦੇ ਵਾਰਤਕ ਵਿਚ ਕੀਤੇ ਅਰਥਾਂ ਦਾ ਹੈ ਤਾਂ ਉਹ ਸੰਦੇਸ਼ ਕਥਾ ਕਹਾਣੀ ਦੇ ਮਾਧਿਅਮ ਰਾਹੀਂ ਪਾਠਕ ਦੀ ਸਿਮਰਤੀ ਵਿਚ ਲੰਮੇ ਸਮੇਂ ਲਈ ਉਕਰਿਆ ਜਾਂਦਾ ਹੈ। ਇਉਂ ਟੀਕਾ ਸਾਹਿਤ ਵਿਚ ਗਲਪ ਅੰਸ਼ ਦਾ ਦੂਵੱਲਾ ਲਾਭ ਪਾਠਕ ਨੂੰ ਮਿਲਦਾ ਹੈ— ਸਾਹਿਤਿਕ ਆਨੰਦ ਅਤੇ ਸੰਦੇਸ਼ ਦੀ ਚਿਰ-ਕਾਲੀ ਸਿਮਰਤੀ। ਇਸੇ ਕਰਕੇ ਬਹੁਤੇ ਟੀਕਾਕਾਰਾਂ ਨੇ ਆਪਣੇ ਟੀਕਿਆਂ ਵਿਚ ਇਤਿਹਾਸਕ, ਮਿਥਿਹਾਸਕ ਅਤੇ ਲੋਕ ਕਥਾਵਾਂ ਦੀ ਚੋਖੀ ਵਰਤੋਂ ਕੀਤੀ ਹੈ ਪਰ ਇਸ ਪੱਖ ਤੋਂ ਸ਼ਿਰੋਮਣੀ ਭਾਈ ਭਗਵਾਨ ਸਿੰਘ ਹੈ ਜਿਸ ਨੇ ਲਗਪਗ ਹਰ ਤੁਕ ਦੇ ਅਰਥਾਂ ਨਾਲ ਇਕ ਲਘੂ-ਕਥਾ/ਸਾਖੀ ਦਿੱਤੀ ਹੈ ਅਤੇ ਉਸ ਨੇ ਅਜਿਹਾ ਚੇਤੰਨ ਰੂਪ ਵਿਚ ਕੀਤਾ ਹੈ। ਉਹ ਆਪਣੇ ਆਸਾ ਦੀ ਵਾਰ ਦੇ ਟੀਕੇ ਦੇ ਅੰਤਲੇ ਭਾਗ ਵਿਚ ਲਿਖਦਾ ਹੈ:-

> "ਸਾਖੀਆਂ ਸਾਰੀਆਂ ਤੁਕਾਂ ਤੇ ਕਰੀਆਂ ਸਨ ਪਰ
> ਪੋਥੀ ਬੜੀ ਹੋਣੇ ਕਰ ਨਹੀਂ ਕਰਤੇ।"[1]

ਵੰਨਗੀ ਵਜੋਂ ਉਸ ਦੁਆਰਾ ਦਿੱਤੀਆਂ ਦੋ ਲਘੂ ਕਥਾਵਾਂ ਪੇਸ਼ ਕਰਦੇ ਹਾਂ :-

(ੳ) <u>ਲੋਕ ਕਥਾ</u> :

> "ਪੁਨਾ ਵਡੀ ਵਡਿਆਈ ਪ੍ਰਮੇਸਰ ਕੀ ਇਸ ਹੇਤੁ ਸੇ ਹੈ ਸਾਰਾ
> ਨਿਆਉ ਹੈ ਜੈਸੇ ਕਰਮ ਜੀਵ ਕੇ ਹੈਂ ਤੈਸੇ ਹੀ ਈਸ਼ਰ ਫਲ ਦੇਤਾ
> ਹੈ॥ ਪ੍ਰਮਾਣ॥ ਕੋਈ ਪੁਰਖ ਸ੍ਰੀ ਗੰਗਾ ਮੈਂ ਮੇਲੇ ਕੋ ਗਿਆ। ਉਹਾਂ
> ਦੂਧ ਕਾ ਕਾਮ ਨਫੇ ਵਾਲਾ ਦੇਖ ਕੇ ਹਟੀ ਕਰੀ ਅਧਾ ਦੂਧ ਅਧਾ
> ਪਾਨੀ ਗੰਗਾ ਜਲ ਮਿਲਾ ਕੌਂਵਿਕ੍ਰੀ ਕਰੀ ਨਫਾ ਬਹੁਤ ਹੂਆ ਜਦ
> ਟੁਰਨੇ ਲਗਾ ਤਾਂ ਵਾਸਨੀ ਜੋ ਮਿਹਾਨੀ ਤਿਸ ਮੈਂ ਰੁਪਯੇ ਪਾ ਕਰ
> ਰਖੇ ਅਰ ਅਸ਼ਨਾਨ ਕਰਨੇ ਲਗਾ ਤਬ ਬਾਂਦਰ ਨੇ ਦੇਖਾ ਵਾਸਨੀ

---

1 ਪੰਨਾ 388.

ਚੁਕ ਕਰ ਚਲਾ ਗਿਆ ਕੈਦੂੰ ਵਿਚ ਜਾ ਕੇ ਦਾਤੋਂ ਸੇ ਫਾੜ ਕੇ ਵਾਸਨੀ ਵਿਚੋਂ ਰੁਪਯੇ ਕਾਢ ਕਰ ਗੰਗਾ ਮੈਂ ਫੈਂਕਨੇ ਲਗਾ ਜਦ ਅਧੇ ਰੁਪਏ ਚਲੇ ਗਏ ਉਸ ਨੇ ਪੱਥਰ ਬਾਂਦਰ ਕੋ ਮਾਰਾ ਅਧੀ ਵਾਸਨੀ ਬਚ ਰਹੀ ਦੁਧ ਕੇ ਰੁਪਏ ਮਿਲ ਗਏ ਜਲ ਕੇ ਰੁਪਏ ਗੰਗਾ ਨੇ ਲੀਏ ਈਸ਼ਰੀ ਨਿਆਇ ਭਇਆ॥"[1]

(ਅ) <u>ਸਿੱਖ ਇਤਿਹਾਸ ਚੋਂ ਸਾਖੀ</u>

"ਗੁਰੂ ਜੀ ਕਾ ਸਿਖ ਮਤੀ ਦਾਸ ਜਿਸ ਨੇ ਕਹਾ ਸਚੇ ਪਾਤਸ਼ਾਹ ਜੀ ਮੈਨੂੰ ਹੁਕਮ ਹੋਵੇ ਤਾਂ ਦਿੱਲੀ ਲਹੌਰ ਕੋ ਸਾਥ ਟਕਰਾ ਕਰ ਨਾਸ ਕਰ ਸੁਟਾਂ ਗੁਰੂ ਜੀ ਕਹੈਂ ਸ਼ਕਤੀ ਕਿਥੋਂ ਪਾਈ ਸਿਖ ਨੇ ਕਹਾ ਹਜ਼ੂਰ ਕੀ ਜੂਠੀ ਗੁਠਲੀ ਸੇ ਗੁਰੂ ਜੀ ਨੇ ਕਹਾ ਕਰਤਾਰ ਅਗੇ ਮਥਾ ਟੇਕ ਨੌਰੰਗ ਨੇ ਸੁਨਕੇ ਸਖਤ ਹੁਕਮ ਦੀਆ ਇਸ ਕੋ ਜੀਂਵਦੇ ਹੀ ਚੀਰ ਸੁਟੋ ਕਲਵਤ੍ਰ ਸੇ ਚੀਰਨੇ ਲਗੇ ਤਬ ਸ੍ਰੀ ਜਪੁਜੀ ਸਾਹਬ ਕਾ ਪਾਠ ਕਰਨੇ ਲਗਾ ਜਦੋਂ ਦੋ ਵਾਰ ਹੂਆ ਤਦੋਂ ਹੀ ਸਲੋਕ ਦਾ ਭੋਗ ਪੜਾ ਐਸੇ ਧੀਰਜਵਾਨ ਗੁਰੂ ਜੀ ਕਾ ਰੰਗ ਸੀ ਤਾਂ ਐਸੇ ਸਚਾ ਰੰਗ ਰਹਿਆ॥"[2]

ਇਹ ਦੋਵੇਂ ਕਥਾਵਾਂ ਉਸ ਕਹਾਣੀ ਰਸ ਨੂੰ ਪ੍ਰਦਰਸ਼ਿਤ ਕਰਦੀਆਂ ਹਨ ਜਿਸ ਨੇ ਟੀਕਿਆਂ ਵਿਚਲੇ ਸਾਹਿਤਕ ਸੁਹਜ ਸੁਆਦ ਵਿਚ ਵਾਧਾ ਕਰਨ ਦੇ ਨਾਲ ਨਾਲ ਮੂਲ ਪਾਠ ਦੇ ਸੰਦੇਸ਼ ਨੂੰ ਦ੍ਰਿੜ੍ਹ ਕਰਵਾਉਣ ਵਿਚ ਵੀ ਯੋਗਦਾਨ ਪਾਇਆ ਹੈ। ਪਹਿਲੀ ਕਥਾ ਰਾਹੀਂ "ਵਡੀ ਵਡਿਆਈ ਜਾ ਸਚੁ ਨਿਆਉ"[3] ਅਤੇ ਦੂਜੀ ਸਾਖੀ ਰਾਹੀਂ "ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ॥"[4] ਦੇ ਅਰਥ ਦ੍ਰਿੜ੍ਹ ਕਰਵਾਏ ਗਏ ਹਨ।

---

1 ਪੰਨਾ 29-30.
2 ਪੰਨਾ 208.
3 <u>ਆਸਾ ਦੀ ਵਾਰ</u>, 2:2.
4 ਉਹੀ, 1:11

<u>ਨਾਟਕੀ ਤੱਤ</u>

ਗੁਰਬਾਣੀ ਦੇ ਟੀਕਾ ਸਾਹਿਤ ਦੀ ਵਾਰਤਾਲਾਪ ਵਿਚ ਨਾਟਕੀ ਤਰਜ਼ ਵੀ ਕਾਫ਼ੀ ਮਾਤਰਾ ਵਿਚ ਮੌਜੂਦ ਹੈ। ਬਹੁਤ ਸਾਰੇ ਟੀਕਿਆਂ ਵਿਚ ਪ੍ਰਸ਼ਨੋਤਰੀ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ। ਪ੍ਰਸ਼ਨ-ਉੱਤਰ ਲਈ ਪਾਤਰਾਂ ਦੀ ਲੋੜ ਪੈਂਦੀ ਹੈ। ਟੀਕਾਕਾਰਾਂ ਨੇ ਆਮ ਤੌਰ ਉੱਤੇ ਵਿਧੀ ਇਹ ਵਰਤੀ ਹੈ ਕਿ ਕੋਈ ਸਿੱਖ ਗੁਰੂ ਜੀ ਪਾਸ ਆ ਕੇ ਆਪਣੇ ਸ਼ੰਕਿਆਂ ਦੀ ਨਵਿਰਤੀ ਲਈ ਪ੍ਰਸ਼ਨ ਕਰਦਾ ਹੈ। ਗੁਰੂ ਜੀ ਉੱਤਰ ਦਿੰਦੇ ਹਨ। ਜਾਂ ਕਈ ਵਾਰ ਕਿਸੇ ਸਾਧੂ-ਭਗਤ ਨਾਲ ਗੁਰੂ ਜੀ ਦਾ ਮੇਲ ਹੁੰਦਾ ਹੈ ਤਾਂ ਆਪਸੀ ਵਾਰਤਾਲਾਪ ਹੁੰਦੀ ਹੈ। ਟੀਕਿਆਂ ਵਿਚ ਬਹੁਤ ਥਾਈਂ ਇਹ ਵਾਰਤਾਲਾਪ ਇਤਨੀ ਨਾਟਕੀ ਢੰਗ ਦੀ ਹੈ ਕਿ ਜੇ ਉਸ ਵਾਰਤਾਲਾਪ ਨੂੰ ਨਾਟਕ ਦੀ ਆਧੁਨਿਕ ਸ਼ੈਲੀ ਵਿਚ ਲਿਖ ਲਿਆ ਜਾਵੇ ਤਾਂ ਉਹ ਬਿਲਕੁਲ ਕਿਸੇ ਅਜੋਕੇ ਧਾਰਮਿਕ ਨਾਟਕ ਦੀ ਵਾਰਤਾਲਾਪ ਦਾ ਰੂਪ ਧਾਰ ਸਕਦੀ ਹੈ। ਵੰਨਗੀ ਵਜੋਂ ਇਥੇ ਕੁਝ ਵਾਰਤਾਲਾਪ ਪੇਸ਼ ਕੀਤੀ ਜਾਂਦੀ ਹੈ :-

ਪ੍ਰਸ਼ਨ - ਰਾਸ ਵਿਚ ਬਲੱਭਦ੍ਰ ਤੇ ਕ੍ਰਿਸ਼ਨ ਜੀ ਹੁੰਦੇ ਹਨ। ਇਸ ਰਾਸ ਵਿਚ ਬਲੱਭਦ੍ਰ ਤੇ ਕ੍ਰਿਸ਼ਨ ਜੀ ਕੌਣ ਹਨ ?

ਗੁਰ ਉੱਤਰ: ਚੰਦ੍ਰਮਾ ਬਲੱਭਦ੍ਰ ਹੈ ਤੇ ਸੂਰਜ ਕ੍ਰਿਸ਼ਨ ਅਵਤਾਰ ਹੈ।

ਪ੍ਰਸ਼ਨ - ਪ੍ਰਤੱਖ ਰਾਸ ਵਿਚ ਗਊਆਂ ਹੁੰਦੀਆਂ ਹਨ। ਇਸ ਰਾਸ ਵਿਚ ਗਊਆਂ ਕਿਹੜੀਆਂ ਹਨ ?

ਗੁਰ ਉੱਤਰ: ਸਾਰੀ ਧਰਤੀ ਜੋ ਧਨ ਕਰਕੇ ਪੂਰਤ ਹੈ ਏਹੀ ਮਾਲੂ-ਗਊਆਂ ਹਨ।

ਪੁਨਾ: ਸ਼ੇਖ ਬ੍ਰਹਮ ਨੇ ਬੇਨਤੀ ਕੀਤੀ ਇਹ ਜਗਤ ਰੂਪੀ ਰਾਸ ਫਿਰ ਸੱਚੀ ਹੋਵੇਗੀ ?

ਗੁਰ ਉੱਤਰ: ਇਹ ਜਗਤ ਰੂਪੀ ਰਾਸ ਦੀ ਸਾਰੀ ਵਰਤਣ ਜੰਜਾਲ ਰੂਪ ਹੈ।"[1]

ਇਸ ਨੂੰ ਬਿਲਕੁਲ ਆਧੁਨਿਕ ਨਾਟਕੀ ਢੰਗ ਨਾਲ ਨਿਮਨ ਅਨੁਸਾਰ ਪੇਸ਼ ਕੀਤਾ ਜਾ ਸਕਦਾ ਹੈ :-

---

1 ਗਿਆਨੀ ਕ੍ਰਿਪਾਲ ਸਿੰਘ ਮਹੰਤ, <u>ਆਸਾ ਦੀ ਵਾਰ ਸਟੀਕ</u>, 1974, ਪੰਨਾ 629.

ਸ਼ੇਖ ਬ੍ਰਹਮ : ਰਾਸ ਵਿਚ ਬਲਭੱਦ੍ਰ ਤੇ ਕ੍ਰਿਸ਼ਨ ਜੀ ਹੁੰਦੇ ਹਨ। ਇਸ ਰਾਸ ਵਿਚ ਬਲਭੱਦ੍ਰ ਤੇ ਕ੍ਰਿਸ਼ਨ ਜੀ ਕੌਣ ਹਨ ?

ਗੁਰੂ ਨਾਨਕ: ਚੰਦ੍ਰਮਾ ਬਲਭੱਦ੍ਰ ਹੈ ਤੇ ਸੂਰਜ ਕ੍ਰਿਸ਼ਨ ਅਵਤਾਰ ਹੈ।

ਸ਼ੇਖ ਬ੍ਰਹਮ: ਪ੍ਰਤੱਖ ਰਾਸ ਵਿਚ ਗਊਆਂ ਹੁੰਦੀਆਂ ਹਨ। ਇਸ ਰਾਸ ਵਿਚ ਗਊਆਂ ਕਿਹੜੀਆਂ ਹਨ?

ਗੁਰੂ ਨਾਨਕ: ਸਾਰੀ ਧਰਤੀ ਜੋ ਧਨ ਕਰਕੇ ਪੂਰਤ ਹੈ ਏਹੀ ਮਾਨੁ ਭਾਵ ਗਊਆਂ ਹਨ।

ਸ਼ੇਖ ਬ੍ਰਹਮ: ਇਹ ਜਗਤ ਰੂਪੀ ਰਾਸ ਫਿਰ ਸੱਚੀ ਹੋਵੇਗੀ ?

ਗੁਰੂ ਨਾਨਕ: ਇਹ ਜਗਤ ਰੂਪੀ ਰਾਸ ਦੀ ਸਾਰੀ ਵਰਤਣ ਜੰਜਾਲ ਰੂਪ ਹੈ।

ਇਹ ਜੁਗਤ ਨਾਟਕੀ ਵਾਰਤਾਲਾਪ ਦੀ ਇਕ ਚੰਗੀ ਉਦਾਹਰਣ ਹੈ। ਗੁਰੂ ਰੂਪੀ ਨਾਇਕ ਗੁਰਬਾਣੀ ਦੇ ਟੀਕਾ ਸਾਹਿਤ ਦੀ ਨਾਟਕੀ ਵਾਰਤਾਲਾਪ ਵਿਚ ਜਿਗਿਆਸੂਆਂ ਦੇ ਸ਼ੰਕੇ ਨਿਵਿਰਤ ਕਰਕੇ ਸਦਾ ਹੀ ਵਿਜੈ ਪ੍ਰਾਪਤ ਕਰਦਾ ਹੈ। ਕਈ ਥਾਈਂ ਟੀਕਿਆਂ ਵਿਚ ਦਿੱਤੀਆਂ ਉਥਾਨਕਾਵਾਂ ਇਸ ਨਾਟਕੀ ਵਾਤਾਵਰਣ ਲਈ ਸਟੇਜ ਦਾ ਕੰਮ ਸਾਰਦੀਆਂ ਹਨ ਕਿਉਂਕਿ ਇਨ੍ਹਾਂ ਉਥਾਨਕਾਵਾਂ ਵਿਚ ਦਸਿਆ ਹੁੰਦਾ ਹੈ ਕਿ ਗੁਰੂ ਜੀ ਨੇ ਕਿਸ ਸਮੇਂ, ਕਿਸ ਨਾਲ, ਕਿਸ ਮਾਹੌਲ ਵਿਚ ਇਹ ਵਾਰਤਾਲਾਪ ਕੀਤੀ।

ਇਉਂ ਅਸੀਂ ਵੇਖਦੇ ਹਾਂ ਕਿ ਗੁਰਬਾਣੀ ਦੇ ਟੀਕਾ ਸਾਹਿਤ ਵਿਚ ਕਵਿਤਾ, ਗਲਪ ਅਤੇ ਨਾਟਕ ਦਾ ਮਿਸ਼ਰਿਤ ਸਾਹਿਤਕ ਸੁਹਜ ਸੁਆਦ ਪ੍ਰਾਪਤ ਹੈ। ਪਰ, ਨਿਸ਼ਚੇ ਹੀ, ਟੀਕਾ ਸਾਹਿਤ ਦਾ ਸਭ ਤੋਂ ਮਹੱਤਵਪੂਰਣ ਅੰਗ ਟੀਕਿਆਂ ਵਿਚਲੀ ਵਾਰਤਕ ਕਲਾ ਹੈ ਕਿਉਂਕਿ ਅਸਲ ਵਿਚ ਟੀਕਾ-ਸਾਹਿਤ ਵਾਰਤਕ ਰਚਨਾਵਾਂ ਹੀ ਹਨ।

## ਵਾਰਤਕ

ਟੀਕਿਆਂ ਦੀ ਵਾਰਤਕ ਵਿਆਖਿਆਤਮਕ ਵਾਰਤਕ ਹੈ। ਵਿਆਖਿਆਤਮਕ ਗੱਦਕਾਰ ਉਹ ਖੁਲ੍ਹ ਨਹੀਂ ਮਾਣ ਸਕਦਾ ਜਿਹੜੀਆਂ ਸਿਰਜਨਾਤਮਕ ਸਾਹਿਤ ਦੇ ਰਚਣਹਾਰੇ ਮਾਣਦੇ ਹਨ। ਵਿਆਖਿਆਤਮਕ ਗੱਦ ਦੇ ਕਰਤਾ ਨੂੰ ਵਿਸ਼ੇ ਦੀ ਚੋਣ ਦੀ ਖੁਲ੍ਹ ਨਹੀਂ ਹੁੰਦੀ ਅਤੇ ਨਾ ਹੀ ਉਹ ਵਿਸ਼ੇ ਦੇ ਨਿਭਾਅ ਲਈ ਪੂਰੀ ਤਰ੍ਹਾਂ ਕੋਈ ਆਪਣੀ ਵਿਚਾਰ-ਯੋਜਨਾ ਬਣਾ ਸਕਦਾ ਹੈ। ਉਸ ਦੇ ਸਾਮ੍ਹਣੇ ਤਾਂ ਕਿਸੇ ਹੋਰ ਦੀ ਰਚਨਾ ਹੈ - ਮੂਲ ਪਾਠ। ਮੂਲ-ਪਾਠ ਦੇ ਰਚਣਹਾਰੇ ਨੇ ਸੰਬੰਧਿਤ ਵਿਸ਼ੇ ਨੂੰ ਆਪਣੇ ਅਨੁਭਵ ਦੇ ਵੇਗ

ਅਨੁਸਾਰ ਪਹਿਲਾਂ ਹੀ ਨਿਭਾਇਆ ਹੁੰਦਾ ਹੈ। ਵਿਆਖਿਆਤਮਕ ਗੱਦ ਦੇ ਕਰਤਾ ਦਾ ਕਰਤੱਵ ਤਾਂ ਮੂਲ-ਪਾਠ ਦੇ ਲੇਖਕ ਦੇ ਅਨੁਭਵ ਤਕ ਪਹੁੰਚਣਾ ਹੈ ਤਾਂ ਜੋ ਉਸ ਦੁਆਰਾ ਕਾਵਿ-ਰਚਨਾ ਵੇਲੇ ਵਰਤੇ ਸੰਕੇਤਾਂ ਦਾ ਗਿਆਨ ਪ੍ਰਾਪਤ ਕਰਕੇ ਜਿਗਿਆਸੂਆਂ ਤਕ ਪਹੁੰਚਾ ਸਕੇ, ਕਵਿਤਾ ਦੀਆਂ ਮਜਬੂਰੀਆਂ ਕਰਕੇ ਅਨੁਭਵ ਦੇ ਪ੍ਰਗਟਾਅ ਵਿਚ ਛੱਡੇ ਖੱਪੇ ਪਾਠਕਾਂ ਲਈ ਪੂਰ ਸਕੇ। ਉਸ ਦਾ ਕੰਮ ਕਵੀ ਰਾਹੀਂ ਵਰਤੇ ਚਿੰਨ੍ਹਾਂ, ਬਿੰਬਾਂ, ਪ੍ਰਤੀਕਾਂ, ਰੂਪਕਾਂ ਆਦਿ ਨੂੰ ਖੋਲ੍ਹ ਕੇ ਬਿਆਨ ਕਰਨਾ ਹੈ; ਕਾਵਿ ਦੀ ਹਰ ਪ੍ਰਕਾਰ ਦੀ ਅਸਪਸ਼ਟਤਾ ਨੂੰ ਵਾਰਤਕ ਰਾਹੀਂ ਸਰਲ ਤੇ ਸਪਸ਼ਟ ਕਰਕੇ ਪਾਠਕਾਂ ਤਕ ਪਹੁੰਚਾਉਣਾ ਹੈ। ਵਿਆਖਿਆਤ ਗੱਦ ਦੇ ਲੇਖਕ ਨੇ ਕਿਸੇ ਹੋਰ ਦੁਆਰਾ ਜਨਮੇ ਬੱਚੇ ਦੀ ਪੀੜ-ਗਾਥਾ ਨੂੰ ਬਿਆਨ ਕਰਨਾ ਹੁੰਦਾ ਹੈ। ਸੋ ਉਸ ਕੋਲੋਂ ਗੱਦ ਰਚਨਾ ਵਿਚ ਸੁਤੰਤਰ ਖਿਆਲ-ਉਡਾਰੀ ਜਾਂ ਵਿਚਾਰ ਯੋਜਨਾ ਦੀਆਂ ਉਹ ਸਿਖਰਾਂ ਛੋਹਣ ਦੀ ਆਸ ਨਹੀਂ ਕੀਤੀ ਜਾ ਸਕਦੀ ਜਿਹੜੀਆਂ ਕਿ ਸੁਤੰਤਰ ਤੌਰ ਤੇ ਵਿਸ਼ੇ ਦੀ ਚੋਣ ਤੇ ਨਿਭਾਅ ਕਰਨ ਵਾਲੇ ਲੇਖਕ ਤੋਂ ਕੀਤੀ ਜਾਂਦੀ ਹੈ। ਵਿਆਖਿਆਤਮਕ ਗੱਦ ਦੇ ਲੇਖਕ ਨੂੰ ਤਾਂ ਫੂਕ ਫੂਕ ਕੇ ਪੈਰ ਧਰਨਾ ਪੈਂਦਾ ਹੈ ਤਾਂ ਜੋ ਉਹ ਮੂਲ-ਪਾਠ ਦੇ ਪਗ ਚਿੰਨ੍ਹਾਂ ਤੋਂ ਪਰੇਡਾ ਨਾ ਚਲਾ ਜਾਵੇ। ਅਜਿਹੀ ਸਥਿਤੀ ਵਿਚ ਟੀਕਾਕਾਰਾਂ ਨੇ ਜੋ ਵਾਰਤਕ-ਵੰਨਗੀਆਂ ਪਾਠਕਾਂ ਨੂੰ ਦਿੱਤੀਆਂ ਹਨ, ਉਨ੍ਹਾਂ ਦੀ ਨਿਰਖ-ਪਰਖ ਹੀ ਇਥੇ ਸਾਡਾ ਮੰਤਵ ਹੈ। ਅਸੀਂ      ਆਸਾ ਦੀ ਵਾਰ ਦੇ ਟੀਕਿਆਂ ਨੂੰ ਆਧਾਰ ਬਣਾ ਕੇ ਟੀਕਿਆਂ ਦੀ ਵਾਰਤਕ ਦਾ ਲੇਖਾ-ਜੋਖਾ ਕਰਾਂਗੇ।

ਵਾਰਤਕ ਦੇ ਲੇਖੇ ਜੋਖੇ ਲਈ ਦੋ ਵਿਧੀਆਂ ਸੰਭਵ ਹਨ। ਇਕ ਇਹ ਕਿ ਹਰ ਇਕ ਟੀਕੇ ਨੂੰ ਲੈ ਕੇ ਉਸ ਦਾ ਵਾਰਤਕ ਪੱਖੋਂ ਮੁਲੰਕਣ ਕੀਤਾ ਜਾਵੇ। ਦੂਸਰੀ ਇਹ ਕਿ ਸਾਰੇ ਟੀਕਿਆਂ ਵਿਚਲੇ ਵਾਰਤਕ ਦੇ ਤਾਣੇ ਬਾਣੇ ਦਾ ਸਮੁੱਚੇ ਤੌਰ ਤੇ ਅਧਿਐਨ ਕੀਤਾ ਜਾਵੇ ਅਤੇ ਦੇਖਿਆ ਜਾਵੇ ਕਿ ਟੀਕਾ-ਸਾਹਿਤ ਦੀਆਂ ਸਾਂਝੇ ਤੌਰ ਤੇ ਵਾਰਤਕ ਪ੍ਰਾਪਤੀਆਂ ਕਿਸ ਪਾਇ ਦੀਆਂ ਹਨ। ਰੇਨੇ ਵੈਲਕ ਅਤੇ ਆਸਟਿਨ ਵਾਰਨ ਨੇ ਇਨ੍ਹਾਂ ਅਧਿਐਨ ਵਿਧੀਆਂ ਵਲ ਸੰਕੇਤ ਨਿਮਨ ਲਿਖਤ ਸ਼ਬਦਾਂ ਰਾਹੀਂ ਕੀਤਾ ਹੈ :

> "ਹਰੇਕ ਮਨੁਖ ਵਾਂਗ ਹਰੇਕ ਸਾਹਿਤਕ ਰਚਨਾ ਦੇ ਆਪਣੇ ਵਿਅਕਤੀਗਤ ਲੱਛਣ ਹੁੰਦੇ ਹਨ; ਪਰ ਹੋਰ ਕਲਾ ਕਿਰਤਾਂ ਨਾਲ ਇਸਦੇ ਸਾਂਝੇ ਗੁਣ

> ਵੀ ਹੁੰਦੇ ਹਨ, ਜਿਵੇਂ ਹਰ ਮਨੁੱਖ ਦੇ ਮਨੁੱਖਤਾ ਨਾਲ, ਆਪਣੇ ਲਿੰਗ, ਕੌਮ, ਜਮਾਤ ਅਤੇ ਕਿੱਤੇ ਆਦਿ ਦੇ ਮੈਂਬਰਾਂ ਨਾਲ ਸਾਂਝੇ ਗੁਣ ਹੁੰਦੇ ਹਨ।"[1]

ਇਥੇ ਸਾਡੇ ਅਧਿਐਨ ਦਾ ਕੇਂਦਰ-ਬਿੰਦੂ ਇਕ ਟੀਕਾ ਜਾਂ ਇਕ ਲੇਖਕ ਨਹੀਂ ਸਗੋਂ ਸਾਡਾ ਮੰਤਵ ਆਸਾ ਦੀ ਵਾਰ ਦੇ ਟੀਕਿਆਂ ਦੇ ਆਧਾਰ ਉੱਤੇ ਗੁਰਬਾਣੀ ਦੇ ਸਮੁੱਚੇ ਟੀਕਾ-ਸਾਹਿਤ ਬਾਰੇ ਨਿਰਣੇ ਪੇਸ਼ ਕਰਨਾ ਹੈ, ਇਸ ਲਈ ਉਪਰੋਕਤ ਦੋਹਾਂ ਵਿਧੀਆਂ ਵਿਚੋਂ ਦੂਸਰੀ ਵਿਧੀ ਦੀ ਵਰਤੋਂ ਹੀ ਨਿਆਂਯੁਕਤ ਹੈ।

<u>ਵਿਚਾਰ ਤੱਤ</u>

ਵਾਰਤਕ ਦਾ ਮੁਖ ਮੰਤਵ ਵਿਚਾਰਾਂ ਨੂੰ ਪ੍ਰਗਟਾਉਣਾ ਹੈ। ਵਿਚਾਰ ਵਾਰਤਕ ਦੀ ਜਿੰਦ-ਜਾਨ ਹੁੰਦੇ ਹਨ। ਜੇ ਵਾਰਤਕ ਵਿਚ ਸ਼ਕਤੀਸ਼ਾਲੀ ਵਿਚਾਰ ਨਾ ਹੋਣ ਤਾਂ ਸ਼ਬਦ-ਜੋੜ, ਸ਼ਬਦ, ਵਾਕ ਬਣਤਰ, ਪੈਰਾ ਵੰਡ, ਵਿਸ਼ਰਾਮ ਚਿੰਨ੍ਹ ਆਦਿ ਸਾਰੇ ਭਾਵੇਂ ਠੀਕ ਹੀ ਹੋਣ, ਇਹ ਵਾਰਤਕ ਦਿਲਚਸਪ ਨਹੀਂ ਹੋ ਸਕਦੀ। ਵਿਆਖਿਆਤਮਕ ਵਾਰਤਕ ਵਿਚ ਜੇ ਕੋਈ ਟੀਕਾਕਾਰ ਸੰਕਲਪਾਤਮਕ ਸ਼ਬਦਾਂ ਦੇ ਰਹੱਸ ਨੂੰ ਨਹੀਂ ਖੋਲ੍ਹਦਾ, ਸਗੋਂ ਉਨ੍ਹਾਂ ਨੂੰ ਉਵੇਂ ਹੀ ਰਖਕੇ ਕਾਵਿ-ਟੋਟੇ ਨੂੰ ਵਾਰਤਕ ਰੂਪ ਦੇਂਦਾ ਹੈ ਤਾਂ ਅਜਿਹੀ ਵਾਰਤਕ ਵਿਚਾਰ ਤੱਤ ਦੀ ਅਣਹੋਂਦ ਕਾਰਣ ਨੀਰਸ ਹੋ ਜਾਂਦੀ ਹੈ। ਅਜਿਹੀ ਵਾਰਤਕ ਦੀ ਇਕ ਉਦਾਹਰਣ ਹੇਠਾਂ ਪ੍ਰਸਤੁਤ ਕਰਦੇ ਹਾਂ :-

> "ਵਡੀ ਵਡਿਆਈ ਜਾ ਵਡਾ ਨਾਉ ॥
> ਅਕਾਲ ਪੁਰਖ ਦੀ ਵਡਿਆਈ ਇਸ ਲਈ ਵਡੀ ਹੈ ਕਿ ਉਸ ਦਾ ਨਾਉ ਵਡਾ ਹੈ।
>
> ਵਡੀ ਵਡਿਆਈ ਜਾ ਸਚੁ ਨਿਆਉ ॥
> ਉਸਦੀ ਵਡਿਆਈ ਇਸ ਲਈ ਵਡੀ ਹੈ ਕਿ ਉਸਦਾ ਨਿਆਉਂ ਸਚਾ ਹੈ।
>
> ਵਡੀ ਵਡਿਆਈ ਜਾ ਨਿਹਚਲ ਥਾਉ ॥
> ਉਸ ਦੀ ਵਡਿਆਈ ਇਸ ਲਈ ਵਡੀ ਹੈ ਕਿ ਉਸ ਦਾ ਟਿਕਾਣਾ ਨਿਹਚਲ ਹੈ।"[2]

---

1 Rene Wellek and Austin Warren, <u>Theory of Literature</u>, 1963, p.19.

2 ਮੋਹਨ ਸਿੰਘ ਰਈਸ, <u>ਆਸਾ ਦੀ ਵਾਰ ਸਟੀਕ</u>, ਸੰਮਤ ਨਾਨਕਸ਼ਾਹੀ 466, ਪੰਨਾ 19.

ਜਿਗਿਆਸੂ ਦੀ ਅਭਿਲਾਸ਼ਾ ਤਾਂ ਇਹ ਜਾਣਨ ਦੀ ਹੈ ਕਿ ਪ੍ਰਭੂ ਦਾ ਹੁਕਮ, ਫੁਰਮਾਣ, ਨਾਮ, ਨਿਆਉਂ ਕੀ ਹਨ, ਉਸ ਦਾ ਨਿਹਚਲ ਥਾਉਂ ਕਿਹੜਾ ਹੈ। ਉਪਰੋਕਤ ਟੀਕੇ ਦੀ ਵਾਰਤਕ ਇਨ੍ਹਾਂ ਉੱਤਰਾਂ ਤੋਂ ਵਾਂਝੀ ਹੋਣ ਕਰਕੇ ਹੀ ਨੀਰਸ ਹੈ। ਪਰ ਇਸ ਕਿਸਮ ਦੀ ਵਾਰਤਕ ਗੁਰਬਾਣੀ ਦੇ ਟੀਕਾ-ਸਾਹਿਤ ਵਿਚ ਨਾਂ-ਮਾਤਰ ਹੀ ਹੈ। ਟੀਕਿਆਂ ਵਿਚ ਅਕਸਰ ਥਾਂ ਥਾਂ ਰਹੱਸ ਨੂੰ ਖੋਲ੍ਹ ਕੇ ਪਾਠਕਾਂ ਦੀ ਖ਼ੂਬ ਤਸੱਲੀ ਕਰਵਾਈ ਗਈ ਹੈ ਜਿਸ ਕਰਕੇ ਵਿਚਾਰ ਤੱਤ ਸ਼ਕਤੀ ਪਕੜ ਜਾਂਦਾ ਹੈ ਅਤੇ ਪਾਠਕਾਂ ਦੀ ਲਗਾਤਾਰ ਦਿਲਚਸਪੀ ਬਣੀ ਰਹਿੰਦੀ ਹੈ। ਜਿਵੇਂ "ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ"[1] ਤੁਕ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੇਵਲ ਇਤਨਾ ਹੀ ਸੰਕੇਤ ਕੀਤਾ ਹੈ ਕਿ ਪ੍ਰਭੂ ਦੀ ਦਰਗਾਹ ਵਿਚ ਲੇਖੇ ਪੈਣ ਵਾਲੀ ਕੇਵਲ ਇਕ ਗੱਲ ਹੀ ਹੈ। ਉਹ ਗੱਲ ਕੀ ਹੈ ਇਸ ਸੰਕੇਤ ਨੂੰ ਸੋਢੀ ਮਿਹਰਬਾਨ ਨੇ ਆਪਣੇ ਟੀਕੇ ਵਿਚ ਇਉਂ ਵਰਣਨ ਕੀਤਾ ਹੈ :-

> "ਸਉ ਗਲਾਂ ਝੂਠ ਦੀ ਨ ਇਕ ਗਲਿ ਸਚੁ ਦੀ। ਜਬ ਲਗੁ ਸਚੁ ਆਤਮੇ ਨਾ ਆਵੈ ਤਬ ਲਗੁ ਸਭੁ ਸੇਵਾ, ਚਾਕਰੀ, ਪੜਨਾ, ਸੁਣਨਾ, ਝੂਠ ਹੈ। ਜਬ ਸਚਾ ਹੋਇ ਤਬ ਓਸਕਾ ਕੀਆ ਕਮਾਇਆ ਥਾਇ ਪੜੈ, ਕਿਉਂ ਜਿ ਇਕੁ ਸੁਇਨਾ, ਹੋਰ ਸੁਗੰਧੁ, ਇਕ ਸਚਾ ਹੋਰੁ ਕਰਤੂਤਿ ਸੇਵਾ ਭਲੀ ਕਰੈ; ਇਸ ਕੀ ਕਥਾ ਮਹਾ ਉਤਮ ਹੋਇ।"[2]

ਇਕ ਹੋਰ ਉਦਾਹਰਣ ਦਿੰਦੇ ਹਾਂ। "ਨਾਨਕ ਹੁਕਮੀ ਅੰਦਰਿ ਵੇਖੈ ਵਰਤੈ ਤਾਕੋ ਤਾਕੁ"[3] ਤੁਕ ਵਿਚਲੇ "ਤਾਕੁ" ਸ਼ਬਦ ਦਾ ਰਹੱਸ ਖੋਲ੍ਹ ਕੇ ਵਾਰਤਕ ਨੂੰ ਵਿਚਾਰ ਤੱਤ ਦੀ ਸ਼ਕਤੀ ਦੁਆਰਾ ਸੁਆਮੀ ਆਨੰਦਘਨ ਨੇ ਇਉਂ ਦਿਲਚਸਪ ਬਣਾਇਆ ਹੈ :-

> "ਤਾਕ ਨਾਮ ਹੈ ਏਕ ਕਾ॥ ਜਿਸਤ ਨਾਮ ਹੈ ਦੂਸਰੇ ਕਾ॥ ਏਕ ਪ੍ਰਮਾਤਮਾ ਦੂਸਰੀ ਮਾਇਆ॥ ਮਾਇਆ ਤਕ ਰਹੀ ਹੈ ਜਬ ਤਕ ਨਾਮ ਜਪ ਕਿਰ ਨਿਰਮਲ ਨਹੀਂ ਹੂਆ॥ ਜਬ ਨਿਰਮਲ ਹੂਆ ਤਬ ਫੇਰ ਮਾਇਆ ਕਹਾਂ। ਜਿਸ ਨੇ ਏਕ ਬੂਝਾ ਸੋਈ ਪੂਰਨ ਭਗਵਾਨ ਹੈ॥"[4]

---

1 ਆਸਾ ਦੀ ਵਾਰ, 1:9.

2 ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੈਂਚੀ ਪਹਿਲੀ, 1962, ਪੰਨਾ 130.

3 ਆਸਾ ਦੀ ਵਾਰ, 2:3

4 ਟੀਕਾ ਆਸਾ ਦੀ ਵਾਰ, ਪੰਨਾ 17/ੳ.

ਵਿਚਾਰ-ਤੱਤ ( thought content ) ਤੋਂ ਇਲਾਵਾ ਮਨੁੱਖ ਦੀ ਬੁੱਧੀ ਨੂੰ ਸੰਤੁਸ਼ਟ ਕਰਨ ਵਾਲਾ ਇਕ ਹੋਰ ਤੱਤ ਜਾਣਕਾਰੀ ( information ) ਹੈ ਜੋ ਵਿਚਾਰ-ਤੱਤ ਦਾ ਪੂਰਕ ਤੱਤ ਹੀ ਹੈ। ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਨਾ ਮਨੁਖ ਦੀ ਅਭਿਲਾਸ਼ਾ ਹੁੰਦੀ ਹੈ। ਟੀਕਾਕਾਰਾਂ ਨੇ ਆਪਣੇ ਟੀਕਿਆਂ ਵਿਚ ਬੁੱਧੀ ਦੀ ਇਹ ਖੁਰਾਕ ਪਾਠਕਾਂ ਲਈ ਚੋਖੀ ਮਾਤ੍ਰਾ ਵਿਚ ਦਿੱਤੀ ਹੈ। ਮਿਸਾਲ ਵਜੋਂ, ਇਕ ਟੀਕੇ ਵਿਚ ੧ੴ ਦੀ ਵਿਆਖਿਆ ਕਰਦਿਆਂ ਨਿਮਨ ਅਨੁਸਾਰ ਜਾਣਕਾਰੀ ਦਿੱਤੀ ਗਈ ਹੈ:

> "ਇਸ ਦੇ ਤਿੰਨ ਗੁਣ ਹਨ — ਰਜੋ, ਸਤੋ, ਤਮੋ, ਤਿੰਨ ਦੇਵਤਾ ਹਨ— ਬ੍ਰਹਮਾ, ਵਿਸ਼ਨੂੰ, ਸ਼ਿਵ, ਤਿੰਨ ਸ਼ਕਤੀਆਂ ਅਥਵਾ ਕ੍ਰਿਯਾ ਹਨ — ਉਤਪੱਤੀ, ਪਾਲਨਾ, ਸੰਹਾਰ, ਤਿੰਨ ਰੰਗ ਹਨ — ਲਾਲ, ਚਿੱਟਾ, ਕਾਲਾ, ਤਿੰਨ ਦੇਸ਼ ਹਨ — ਧਰਮੀ, ਆਕਾਸ਼, ਪਾਤਾਲ, ਤਿੰਨ ਅਵਸਥਾ ਹਨ — ਸ੍ਵਪਨ, ਜਾਗ੍ਰਤ, ਸੁਖੁਪਤੀ, ਤਿੰਨ ਤੇਜ ਹਨ— ਸੂਰਜ, ਚੰਦ੍ਰਮਾ, ਅਗਨੀ, ਕਿਥੋਂ ਤਕ ਗਿਣਦੇ ਜਾਈਐ, ਸਾਰਾ ਜਗਤ ਇਸੇ ਤੇ ਉਤਪਤ ਹੋਯਾ।"[1]

ਇਸੇ ਟੀਕੇ ਵਿਚ ਸੰਧਿਆ ਬਾਰੇ ਜਾਣਕਾਰੀ ਇਉਂ ਦਿੱਤੀ ਗਈ ਹੈ :-

> "ਜਿਨ੍ਹਾਂ ਸਮਿਆਂ ਵਿਚ ਪਰਮਾਤਮਾ ਦਾ ਸਮਯਕ ਧਯਾਨ ਕੀਤਾ ਜਾਵੇ, ਤਿਨ੍ਹਾਂ ਦਾ ਨਾਮ ਸੰਧਯਾ ਹੈ। ਸੋ ਕਿਸੇ ਦੇ ਮਤ ਵਿਚ ਪ੍ਰਾਤ: ਮਧ੍ਯਾਨ ਸਾਯੰ ਮੇਲਕੇ ਤਿੰਨ ਹਨ, ਕਿਨ੍ਹਾਂ ਦੇ ਮਤ ਵਿਚ ਪ੍ਰਾਤ: ਸਾਯੰ ਦੋ ਹਨ, ਦੋ ਕਹਿਣ ਵਾਲਿਆਂ ਦਾ ਭਾਵ ਇਹ ਹੈ, ਜੋ ਰਾਤ੍ਰਿ ਕਾ ਨਾਮ ਤ੍ਰਿਜਾਮਾ ਹੈ, ਤਾਂ ਤੇ ਰਾਤ ਦੀਆਂ ਪਹਿਲੀਆਂ ਦੋ ਘੜੀਆਂ ਅਰ ਦਿਨ ਦੀਆਂ ਅੰਤਲੀਆਂ ਦੋ ਘੜੀਆਂ ਮਿਲਾਕੇ ਚਾਰ ਘੜੀਆਂ ਹੋਇਆਂ, ਇਸ ਕਾਲ ਦਾ ਨਾਮ ਸਾਯੰ ਸੰਧਯਾ ਹੈ, ਅਰ ਰਾਤ੍ਰਿ ਦੀਆਂ ਦੋ ਘੜੀਆਂ ਪਿਛਲੀਆਂ ਅਰ ਦਿਨ ਦੀਆਂ ਦੋ ਘੜੀਆਂ ਪਹਿਲੀਆਂ ਇਸ ਚਾਰ ਘੜੀ ਸਮਯ ਦਾ ਨਾਮ ਪ੍ਰਾਤ: ਸੰਧਯਾ ਹੈ; ਇਨ੍ਹਾਂ ਸਮਿਆਂ ਵਿਖੇ ਚਿਤ ਸਥਿਤ ਕਰ

---

1 ਸਰਦੂਲ ਸਿੰਘ, <u>ਆਸਾ ਦੀ ਵਾਰ ਸਟੀਕ</u>, ਬਿਕ੍ਰਮੀ 1964, ਪੰਨਾ 13.

> ਪਾਰਬ੍ਰਹਮ ਪਰਮੇਸ਼ਰ ਦੀ ਉਪਾਸਨਾ ਧਯਾਨਾਦਿ ਕਰਨਾ ਸੰਧਯਾ ਕਹਾਵੇ ਹੈ ਅਰ ਜਪੁ ਰਹਰਾਸ ਸੇ ਸੰਧਯੋਪਾਸ਼ਨ ਕਰਨਾ ਅਤਿ ਆਵਸ਼ਯ ਹੈ ਪਰੰਤੂ ਗੁਰਮਤ ਮੈਂ ਚਿਤ ਟਿਕਾਏ ਬਿਨਾ ਸੰਧਯਾ ਕਰਨੀ ਨਿੰਦ ਹੈ।"[1]

**ਸ਼ੈਲੀ :**

ਸ਼ੈਲੀ ਬਾਰੇ ਹੁਣ ਤਕ ਵਿਦਵਾਨਾਂ ਅਤੇ ਆਲੋਚਕਾਂ ਨੇ ਕਾਫ਼ੀ ਵਿਚਾਰ ਕੀਤਾ ਹੈ। ਰਚਨਾ ਪ੍ਰਕ੍ਰਿਆ ਦੀ ਮੁੱਢਲੀ ਅਵਸਥਾ ਵਿਚਾਰ ਦਾ ਮਨ ਵਿਚ ਬੀਜ ਰੂਪ ਵਿਚ ਪੈਦਾ ਹੋਣਾ ਹੈ ਜਿਥੇ ਉਹ ਉਸਰਦਾ ਨਿਸਰਦਾ ਹੈ ਅਤੇ ਆਪਣਾ ਗਰਭ-ਕਾਲ ਪੂਰਾ ਕਰ ਪ੍ਰੌਢ ਰੂਪ ਧਾਰਣ ਕਰ ਲੈਂਦਾ ਹੈ। ਫਿਰ ਲੇਖਕ ਇਸ ਨੂੰ ਸ਼ਬਦਾਂ ਦਾ ਜਾਮਾ ਪਹਿਨਾ ਕੇ ਪਾਠਕਾਂ ਨਾਲ ਸਾਂਝਾ ਕਰਦਾ ਹੈ। ਕੁਝ ਵਿਦਵਾਨ ਤਾਂ ਵਿਚਾਰ ਦੇ ਪ੍ਰਗਟ ਸ਼ਾਬਦਿਕ ਰੂਪ ਤਕ ਹੀ ਸ਼ੈਲੀ ਨੂੰ ਸੀਮਿਤ ਮੰਨਦੇ ਹਨ। ਉਨ੍ਹਾਂ ਅਨੁਸਾਰ ਵਿਚਾਰ-ਤੱਤ ਸ਼ੈਲੀ ਦਾ ਹਿੱਸਾ ਨਹੀਂ ਸਗੋਂ ਵਿਚਾਰ ਦਾ ਪ੍ਰਗਟਾ ਢੰਗ ਅਤੇ ਪ੍ਰਗਟ ਰੂਪ ਸ਼ੈਲੀ ਨੂੰ ਜਨਮ ਦਿੰਦੇ ਹਨ। ਇਸੇ ਲਈ ਪੋਪ ਨੇ ਸ਼ੈਲੀ ਨੂੰ 'ਵਿਚਾਰ ਦੀ ਪੁਸ਼ਾਕ'[2] ਆਖਿਆ ਸੀ। ਪਰ ਕੁਝ ਹੋਰਨਾਂ ਦਾ ਵਿਚਾਰ ਹੈ ਕਿ ਸ਼ੈਲੀ ਵਿਚ ਵਿਚਾਰ ਨੂੰ ਇਸ ਦੇ ਪ੍ਰਗਟਾਅ ਢੰਗ ਅਤੇ ਪ੍ਰਗਟਾ ਰੂਪ ਨਾਲੋਂ ਅਲਹਿਦਾ ਨਹੀਂ ਕੀਤਾ ਜਾ ਸਕਦਾ। ਇਹ ਸਾਰਾ ਕੁਝ ਲੇਖਕ ਦੀ ਸ਼ਖ਼ਸੀਅਤ ਦਾ ਭਾਗ ਹੈ। ਲੇਖਕ ਦੀ ਸ਼ਖ਼ਸੀਅਤ ਨੂੰ ਉਸਦੇ ਆਪੇ ਨਾਲੋਂ ਨਿਖੇੜਿਆ ਨਹੀਂ ਜਾ ਸਕਦਾ। ਇਸੇ ਲਈ ਕਾਰਲਾਈਲ ਕਹਿੰਦਾ ਹੈ ਕਿ ਸ਼ੈਲੀ "ਲੇਖਕ ਦਾ ਕੋਟ ਨਹੀਂ ਸਗੋਂ ਉਸਦੀ ਚੰਮੜੀ ਹੈ"[3] ਅਤੇ ਬਫ਼ਨ ਸ਼ੈਲੀ ਨੂੰ "ਮਨੁੱਖ ਦਾ ਆਪਣਾ ਆਪ ਮੰਨਦਾ ਹੈ।[4] ਜਿਵੇਂ ਹਰ ਮਨੁੱਖ ਦੂਜੇ ਨਾਲੋਂ ਵਖਰਾ ਹੈ, ਹਰ ਮਨੁੱਖ ਦੀ ਸ਼ਖ਼ਸੀਅਤ ਦੂਜੇ ਨਾਲੋਂ ਵਖਰੀ ਹੈ, ਹਰ ਮਨੁੱਖ ਦੀ ਦਸਤਾਰ, ਗੁਫ਼ਤਾਰ, ਰਫ਼ਤਾਰ ਦੂਜੇ ਨਾਲੋਂ ਵਖਰੀ ਹੈ,ਇਸੇ ਤਰ੍ਹਾਂ ਹਰ ਲੇਖਕ ਦੀ ਸ਼ੈਲੀ ਦੂਸਰੇ ਲੇਖਕ ਨਾਲੋਂ ਵਖਰੀ ਹੈ। ਹਰ ਲੇਖਕ ਦੀ ਲਿਖਤ ਵਿਚ ਸ਼ੈਲੀ

---

1 ਸਰਦੂਲ ਸਿੰਘ, <u>ਆਸਾ ਦੀ ਵਾਰ ਸਟੀਕ</u>, ਬਿਕ੍ਰਮੀ 1964, ਪੰਨਾ 147.

2 Quoted by W.H.Hudson in An Introduction to the Study of Literature, 1971 at p.27.

3 ਉਹੀ ।

4 ਉਹੀ ।

ਦੀ ਹੋਂਦ ਆਵੱਸ਼ਕ ਹੋਣ ਅਤੇ ਆਵੱਸ਼ਕ ਤੌਰ ਤੇ ਹਰ ਲੇਖਕ ਦੀ ਸ਼ੈਲੀ ਵਿਅਕਤੀਗਤ ਹੋਣ ਦੇ ਪੀਟਰ ਵੈਸਟਲੈਂਡ ਨੇ ਤਿੰਨ ਕਾਰਨ ਦੱਸੇ ਹਨ :

(1) ਵਿਚਾਰ ਜਿਸ ਮਨ ਵਿਚ ਪੈਦਾ ਹੁੰਦਾ ਹੈ, ਉਸ ਦੁਆਰਾ ਅਨੁਕੂਲਿਤ ( conditioned ) ਕੀਤਾ ਜਾਂਦਾ ਹੈ;

(2) ਇਕ ਵਿਚਾਰ ਨੂੰ ਸਹੀ ਢੰਗ ਨਾਲ ਕੇਵਲ ਇਕੋ ਸ਼ਬਦ ਜਾਂ ਵਾਕੰਸ਼ ( phrase ) ਪ੍ਰਗਟ ਕਰ ਸਕਦਾ ਹੈ; ਅਤੇ

(3) ਇਕ ਵਿਚਾਰ ਨੂੰ ਪ੍ਰਗਟ ਕਰਨ ਲਈ ਇਕ ਲੇਖਕ ਕੋਲ ਇਕੋ ਵਾਕੰਸ਼ ਹੁੰਦਾ ਹੈ।[1]

ਵਾਰਤਕ ਲਿਖਤਾਂ ਦੇ ਲੱਛਣਾਂ ਦੇ ਆਧਾਰ ਉਤੇ ਵਿਦਵਾਨਾਂ ਨੇ ਕੁਝ ਸ਼ੈਲੀਆਂ ਦਾ ਵਰਗੀਕਰਣ ਅਤੇ ਨਾਮਕਰਣ ਕੀਤਾ ਹੈ। ਡਾ. ਰੋਸ਼ਨ ਲਾਲ ਅਹੂਜਾ ਨੇ ਆਪਣੀ ਪੁਸਤਕ 'ਸਾਹਿਤ ਸ਼ਾਸਤਰ' ਵਿਚ ਕਲਾਤਮਕ ਸ਼ੈਲੀ, ਵਰਣਨਾਤਮਕ ਸ਼ੈਲੀ, ਬਿਰਤਾਂਤਕ ਸ਼ੈਲੀ, ਵਿਆਖਿਆਤਮਕ ਸ਼ੈਲੀ ਅਤੇ ਕਾਵਿ-ਮਈ ਸ਼ੈਲੀ ਦਾ ਜ਼ਿਕਰ ਕੀਤਾ ਹੈ।[2] ਡਾ. ਸੁਰੇਸ਼ ਚੰਦ੍ਰ ਗੁਪਤ ਨੇ ਸ਼ੈਲੀਆਂ ਚਾਰ ਭਾਂਤ ਦੀਆਂ ਮੰਨੀਆਂ ਹਨ : (1) ਵਿਆਸ ਸ਼ੈਲੀ (2) ਸਮਾਸ ਸ਼ੈਲੀ (3) ਵਿਖੇਪ ਸ਼ੈਲੀ (4) ਧਾਰਾ ਸ਼ੈਲੀ ।[3] ਸ਼ੰਕਰ ਦਯਾਲ ਚੌਰਸੀ ਨੇ ਆਪਣੀ ਪੁਸਤਕ 'ਦ੍ਵਿਵੇਦੀ ਯੁਗ ਕੀ ਹਿੰਦੀ ਗਦਯ ਸ਼ੈਲੀਓਂ ਕਾ ਅਧਿਅਨ' ਵਿਚ ਹੇਠ ਲਿਖੀਆਂ ਪ੍ਰਮੁਖ ਸ਼ੈਲੀਆਂ ਗਿਣਾਈਆਂ ਹਨ :-(1)ਵਰਣਨਾਤਮਕ ਸ਼ੈਲੀ (2) ਚਿਤ੍ਰਾਤਮਕ ਸ਼ੈਲੀ (3) ਵਿਵੇਚਨਾਤਮਕ ਸ਼ੈਲੀ (4) ਵਿਆਖਿਆਤਮਕ ਸ਼ੈਲੀ (5) ਭਾਸ਼ਣ ਸ਼ੈਲੀ (6) ਸੰਭਾਸ਼ਣ ਸ਼ੈਲੀ (7) ਵਿਅੰਗਾਤਮਕ ਸ਼ੈਲੀ (8) ਭਾਵਾਤਮਕ ਸ਼ੈਲੀ (9) ਕਾਵਿਮਈ ਸ਼ੈਲੀ।[4] ਡਾ. ਗੰਗਾ ਪ੍ਰਸਾਦ ਗੁਪਤ ਨੇ ਸ਼ੈਲੀ ਦੇ ਨੌਂ ਭੇਦ ਮੰਨੇ ਹਨ :- (1) ਪ੍ਰਸਾਦ ਸ਼ੈਲੀ (2) ਵਿਆਸ ਸ਼ੈਲੀ (3) ਸਮਾਸ ਸ਼ੈਲੀ (4) ਵਿਵੇਚਨ ਸ਼ੈਲੀ (5) ਵਿਅੰਗ ਸ਼ੈਲੀ (6)ਤਰੰਗ ਸ਼ੈਲੀ (7) ਵਿਖੇਪ ਸ਼ੈਲੀ (8) ਪ੍ਰਲਾਪ ਸ਼ੈਲੀ (9) ਧਾਰਾ ਸ਼ੈਲੀ ।[5]

---

1 Peter Westland, <u>Literary Appreciation</u>, 1950, pp.73-74.

2 ਪੰਨੇ 178-80.

3 ਡਾ.ਸੁਰੇਸ਼ ਚੰਦ੍ਰ ਗੁਪਤ, "ਨਿਬੰਧ ਕਾ ਸਵਰੂਪ", ਸਾਹਿਤਯ :ਸਵਰੂਪ ਔਰ ਸਮਸਿਆਏਂ (ਸੰਪਾ:ਡਾ.ਪ੍ਰੇਮ ਨਾਰਾਇਣ ਟੰਡਨ, 1963), ਪੰਨੇ 97-98.

4 ਡਾ. ਸਤਿੰਦਰ ਸਿੰਘ, ਵਿਹਾਰਕ ਸਮੀਖਿਆ, 1986, ਪੰਨੇ 256-57 ਉਤੇ ਉਧਰਿਤ।

5 ਉਹੀ, ਪੰਨੇ 253-54.

ਸਪਸ਼ਟ ਹੈ ਕਿ ਸ਼ੈਲੀਆਂ ਦੀ ਪ੍ਰਕਾਰ ਵੰਡ ਬਾਰੇ ਵਿਦਵਾਨ ਇਕ-ਮਤ ਨਹੀਂ ਹਨ। ਜਿਹੋ ਜਿਹੇ ਲਛਣ ਕਿਸੇ ਲੇਖਕ ਦੀ ਵਾਰਤਕ ਵਿਚੋਂ ਉਭਰਦੇ ਹਨ, ਜਿਹੋ ਜਿਹੀ ਕਿਸੇ ਦੀ ਅਭਿਵਿਅਕਤੀ ਵਿਧੀ ਹੁੰਦੀ ਹੈ, ਉਸ ਦੇ ਆਧਾਰ ਉਤੇ ਵਿਦਵਾਨ ਆਲੋਚਕ ਉਸ ਦੀ ਸ਼ੈਲੀ ਦਾ ਨਾਮਕਰਣ ਕਰਦੇ ਹਨ। ਭਾਵੇਂ ਹਰ ਲੇਖਕ ਦੀ ਸ਼ੈਲੀ ਨਿਵੇਕਲੀ ਹੁੰਦੀ ਹੈ, ਇਹ ਜ਼ਰੂਰੀ ਨਹੀਂ ਕਿ ਕੋਈ ਇਕ ਲੇਖਕ ਸਦਾ ਇਕੋ ਹੀ ਸ਼ੈਲੀ ਵਰਤੇ। ਰਚਨਾ ਪ੍ਰਕ੍ਰਿਆ ਦਾ ਮਾਨਸਿਕ ਸਥਿਤੀ ਨਾਲ ਸਿੱਧਾ ਸੰਬੰਧ ਹੁੰਦਾ ਹੈ। ਜੇ ਰਚਨਾ ਕਰਦੇ ਸਮੇਂ ਲੇਖਕ ਦੀ ਮਾਨਸਿਕ ਸਥਿਤੀ ਵਿਚ ਪਰਿਵਰਤਨ ਆ ਜਾਵੇ ਤਾਂ ਉਸ ਦੀ ਸ਼ੈਲੀ ਵੀ ਬਦਲ ਸਕਦੀ ਹੈ। ਇਸੇ ਕਰਕੇ "ਇਕੋ ਲੇਖਕ ਦੀ ਲਿਖਤ ਵਿਚ, ਅਤੇ ਕਈ ਵਾਰੀ ਇਕੋ ਲੇਖ ਵਿਚ, ਦੋਹਾਂ ਵੰਨਗੀਆਂ ਦੀਆਂ ਸ਼ੈਲੀਆਂ ਘੁਲੀਆਂ ਮਿਲੀਆਂ ਹੁੰਦੀਆਂ ਹਨ। ਕਈ ਵਾਰੀ ਗੱਲ ਬੜੇ ਤਾਰਕਿਕ ਲਹਿਜੇ ਵਿਚ ਸ਼ੁਰੂ ਹੁੰਦੀ ਹੈ, ਪਰ ਲੇਖਕ ਕਿਸੇ ਵੇਗ ਵਿਚ ਆ ਕੇ ਨਵੀਂ ਲੈਅ ਅਤੇ ਨਵੇਂ ਅੰਦਾਜ਼ ਨਾਲ ਲਿਖਣ ਲਗ ਪੈਂਦਾ ਹੈ।"[1]

ਗੁਰਬਾਣੀ ਦੇ ਟੀਕਾ-ਸਾਹਿਤ ਵਿਚ ਬਹੁਤ ਸਾਰੀਆਂ ਪ੍ਰਸਿੱਧ ਗਦ-ਸ਼ੈਲੀਆਂ ਉਭਰਕੇ ਸਾਮ੍ਹਣੇ ਆਉਂਦੀਆਂ ਹਨ। ਪ੍ਰਮਾਣ ਵਜੋਂ ਕੁਝ ਨਮੂਨੇ ਹੇਠਾਂ ਪ੍ਰਸਤੁਤ ਕਰਦੇ ਹਾਂ।

<u>ਬਿਰਤਾਂਤਕ ਸ਼ੈਲੀ</u>

ਕਿਸੇ ਵਸਤੂ, ਵਿਅਕਤੀ, ਘਟਨਾ ਜਾਂ ਸਥਾਨ ਦਾ ਵਰਣਨ ਕਰਨ ਲਈ ਇਸ ਸ਼ੈਲੀ ਦੀ ਵਰਤੋਂ ਕੀਤੀ ਜਾਂਦੀ ਹੈ। ਅਜੇਹੇ ਵਰਣਨ ਵਿਚ ਕਹਾਣੀ ਤੱਤ ਦੀ ਹੋਂਦ ਅਕਸਰ ਵਿਦਮਾਨ ਰਹਿੰਦੀ ਹੈ। ਨਿਜੀ ਰੁਚੀਆਂ ਦੀ ਅਭਿਵਿਅਕਤੀ ਇਸ ਸ਼ੈਲੀ ਦੁਆਰਾ ਨਹੀਂ ਹੁੰਦੀ। ਇਸ ਸ਼ੈਲੀ ਦੀ ਵਾਰਤਕ ਦੇ ਅਰਥ ਸ਼ਬਦਾਂ ਦੀ ਅਭਿਧਾ ਸ਼ਕਤੀ ਦੁਆਰਾ ਲਾਏ ਜਾਂਦੇ ਹਨ। ਗਲਪ ਸਾਹਿਤ ਵਿਚ ਇਸ ਸ਼ੈਲੀ ਦੀ ਵਰਤੋਂ ਆਮ ਮਿਲਦੀ ਹੈ। ਨਮੂਨੇ ਵਜੋਂ, ਇਕ ਟੀਕੇ ਵਿਚੋਂ ਇਸ ਵਾਰਤਕ ਸ਼ੈਲੀ ਦੀ ਉਦਾਹਰਣ ਹੇਠਾਂ ਪੇਸ਼ ਕੀਤੀ ਜਾਂਦੀ ਹੈ :-

"ਇਕ ਨਿਰਧਨ ਬ੍ਰਾਹਮਣ ਆਪਣੀ ਇਸਤ੍ਰੀ ਦਾ ਪ੍ਰਸੂਤ ਸਮੈ
ਨੇੜੇ ਆਯਾ ਸਮਝ, ਪਿੰਡਾਂ ਗ੍ਰਾਵਾਂ ਵਿਚ ਪਹੁੰਚ, ਜਜਮਾਨਾ

---

1 ਡਾ. ਵਜ਼ੀਰ ਸਿੰਘ, <u>ਸਾਹਿਤ ਕਲਾ ਦਰਸ਼ਨ</u>, 1981, ਪੰਨਾ 68.

> ਪਾਸੋਂ ਦਾਨ ਮੰਗ ਕੇ ਜਤਨ ਨਾਲ ਗਊ ਲਿਆਯਾ, ਦਰਵਾਜੇ ਵਿਚ ਮਹਸੂਲੀਏ ਨੇ ਇੱਕ ਰੁਪਯਾ ਮਹਸੂਲ ਦਾ ਮੰਗਿਆ, ਬ੍ਰਾਹਮਣ ਕਿਹਾ ਮੇਰੇ ਪਾਸ ਹੈ ਨਹੀਂ, ਮੈਂ ਗਊ ਮੁੱਲ ਨਹੀਂ ਲਿਆਯਾ, ਜਜਮਾਨਾਂ ਨੇ ਦਾਨ ਕੀਤੀ ਹੈ। ਅੰਤ ਨੂੰ ਏਹ ਰਪੋਟ ਦੀਵਾਨ ਦੇ ਪਾਸ ਆਈ, ਬ੍ਰਾਹਮਣ ਕਿਹਾ, ਮਹਸੂਲ ਦਾ ਰੁਪਯਾ ਤੁਸੀਂ ਦਾਨ ਕਰੋ, ਪਰ ਕਠੋਰ ਮਨ ਦੀਵਾਨ ਨੇ ਹੁਕਮ ਦਿੱਤਾ, ਜੋ ਗਊ ਬੰਨ੍ਹ ਰਖੋ, ਮਹਸੂਲ ਦਾ ਰੁਪਯਾ ਦੇ ਜਾਵੇ ਤਾਂ ਗਊ ਲੈ ਜਾਵੇ, ਗਊ ਭੁਖੀ ਤਿਹਾਈ ਸਾਰਾ ਦਿਨ ਦਰਵਾਜੇ ਪੁਰ ਬੰਨ੍ਹੀ ਖੜੀ ਰਹੀ, ਬ੍ਰਾਹਮਣ ਦਾ ਕਮੰਡਲ ਬੀ ਰੁਪਏ ਦੇ ਬਦਲੇ ਕਿਸੇ ਗਹਿਣੇ ਨ ਰਖਿਆ, ਜਿਸ ਕੋਲੋਂ ਮੰਗੇ ਉਹੋ ਕਹੇ ਮੋਦੀ ਪਾਸ ਜਾਓ, ਸੋ ਮੋਦੀਖਾਨੇ ਆਯਾ, ਅਰ ਗੁਰੂ ਜੀ ਨੇ ਤਿਸਨੂੰ ਭੋਜਨ ਬੀ ਛਕਾਯਾ, ਅਰ ੧)ਰੁਪਯਾ ਭੀ ਦਿੱਤਾ, ਸੋ ਮਹਸੂਲੀਆਂ ਨੂੰ ਦੇ ਕੇ ਤਿਸਨੇ ਗਊ ਛੁਡਾਈ, ਉਸੇ ਭੁੱਖੀ ਗਊ ਦਾ ਗੋਹਾ ਦੀਵਾਨ ਜੀ ਦਾ ਟਹਿਲੀਆ ਲਿਆਯਾ, ਅਰ ਉਸ ਨੇ ਚੌਕੇ ਵਿਚ ਲੇਪਨ ਪਾਯਾ।"[1]

<u>ਤੁਲਨਾਤਮਕ ਸ਼ੈਲੀ</u>

ਜਦੋਂ ਵਾਰਤਕਕਾਰ ਵੱਖ ਵੱਖ ਸਾਧਨਾਂ ਤੋਂ ਆਧਾਰ-ਸਾਮਗ੍ਰੀ ਲੈ ਕੇ ਤੁਲਨਾ ਰਾਹੀਂ ਕਿਸੇ ਵਿਚਾਰ ਨੂੰ ਸਪਸ਼ਟ ਕਰਦਾ ਹੈ ਤਾਂ ਉਸਦੇ ਇਸ ਪ੍ਰਗਟਾਅ ਢੰਗ ਨੂੰ ਤੁਲਨਾਤਮਕ ਸ਼ੈਲੀ ਕਿਹਾ ਜਾਂਦਾ ਹੈ। ਇਸ ਨਾਲ ਵਾਰਤਕ ਵਿਚ ਵਿਚਾਰਾਂ ਦੀ ਸਮ੍ਰਿਧੀ ਆਉਂਦੀ ਹੈ ਤੇ ਪਾਠਕ ਦੀ ਦਿਲਚਸਪੀ ਵੀ ਵਧਦੀ ਹੈ ਕਿਉਂਕਿ ਉਸਨੂੰ ਕਿਸੇ ਇਕ ਨੁਕਤੇ ਬਾਰੇ ਕਈ ਪਾਸੇ ਦੇ ਵਿਚਾਰ ਇਕ ਥਾਂ ਹੀ ਮਿਲ ਜਾਂਦੇ ਹਨ। ਇਥੇ ਅਸੀਂ ਪ੍ਰਿੰ: ਤੇਜਾ ਸਿੰਘ ਦੇ ਟੀਕੇ ਵਿਚੋਂ ਇਕ ਉਦਾਹਰਣ ਪੇਸ਼ ਕਰਦੇ ਹਾਂ ਜਿਥੇ ਰਬ ਬਾਰੇ ਗੁਰੂ ਸਾਹਿਬ ਦੇ ਖਿਆਲ ਨੂੰ ਸਪਸ਼ਟ ਕਰਨ ਲਈ ਪਹਿਲਾਂ ਰਬ ਬਾਰੇ ਹੋਰ ਧਰਮਾਂ ਦੇ

---

1 ਸਰਦੂਲ ਸਿੰਘ, <u>ਆਸਾ ਦੀ ਵਾਰ ਦੀ ਟੀਕਾ</u>, ਬਿਕ੍ਰਮੀ 1964, ਪੰਨੇ 160-61.

ਵਿਚਾਰ ਦੇ ਕੇ ਤੁਲਨਾਤਮਕ ਵਿਧੀ ਵਰਤੀ ਗਈ ਹੈ :-

> "ਵਾਹਿਗੁਰੂ ਦੇ ਇਸ ਦੂਹਰੇ ਰੂਪ ਨੂੰ ਬਿਆਨ ਕਰਨ ਲੱਗਿਆਂ ਗੁਰੂ ਜੀ ਨੇ ਸਿੱਖੀ ਨੂੰ ਉਸ ਭੁਲ ਤੋਂ ਬਚਾ ਲਿਆ ਹੈ, ਜਿਸ ਵਿੱਚ ਕਿ ਪੂਰਬ ਤੇ ਪੱਛਮ ਦੇ ਲੋਕ ਪੈ ਗਏ ਸਨ। ਵਾਹਿਗੁਰੂ ਦੇ ਸਰਗੁਨ ਰੂਪ ਬਾਬਤ ਵੱਡੇ ਵੱਡੇ ਦੋ ਖਿਆਲ ਪ੍ਰਚਲਤ ਹਨ :ਇੱਕ ਆਰੀਆ ਕੋਮਾਂ (ਹਿੰਦੂ ਤੇ ਯੂਨਾਨੀ ਆਦਿ) ਦਾ ਖ਼ਿਆਲ ਕਿ ਵਾਹਿਗੁਰੂ ਕੁਦਰਤ ਦੇ ਅੰਦਰ ਹੀ ਅੰਦਰ ਹੈ; ਦੂਜਾ ਸਾਮੀ ਜਾਂ ਸੈਮਿਟਿਕ ਕੋਮਾਂ (ਯਹੂਦੀ,ਮੁਸਲਮਾਨ ਆਦਿ) ਦਾ ਖ਼ਿਆਲ ਹੈ ਕਿ ਰੱਬ ਕੁਦਰਤ ਤੋਂ ਬਾਹਰ ਤੇ ਦੂਰ ਅਰਸ਼ਾਂ ਉੱਤੇ ਬੈਠਾ ਹੈ। ਆਰੀਆ ਖਿਆਲ ਵਾਲੇ ਲੋਕ ਕਦੇ ਵੀ ਪੂਰੀ ਤਰ੍ਹਾਂ ਰੱਬ ਦੀ ਏਕਤਾ ਨੂੰ ਨਹੀਂ ਮੰਨ ਸਕੇ। ਕਦੀ ਤਾਂ ਰੱਬ ਦੀਆਂ ਪੈਦਾ ਕਰਨ,ਪਾਲਣ ਅਤੇ ਮਾਰਨ ~~ਦੀਆ~~ ਵਾਲੀਆਂ ਸ਼ਕਤੀਆਂ ਨੂੰ ਬ੍ਰਹਮਾ,ਵਿਸ਼ਨੂੰ ਤੇ ਸ਼ਿਵ ਰੂਪ ਦੇ ਕੇ ਆਪਣੇ ਆਪਣੇ ਮਹਿਕਮੇ ਦੇ ਸੁਤੰਤਰ ਰੱਬ ਜਾਂ ਦੇਵਤੇ ਮੰਨ ਲਏ, ਯਾਂ ਇਸ ਤੋਂ ਵਧੀਕ ਕਈ ਕ੍ਰੋੜ ਦੇਵਤੇ ਮੰਨ ਲਏ; ਤੇ ਕਦੀ ਸਾਰੀ ਸਰਿਸ਼ਟੀ ਨੂੰ ਹੀ ਰੱਬ ਮੰਨ ਲਿਆ। ਦੂਜੇ ਪਾਸੇ ਸਾਮੀ ਨਸਲ ਦੇ ਲੋਕਾਂ ਨੇ ਰੱਬ ਨੂੰ ਇੱਕ ਕਰਕੇ ਤਾਂ ਮੰਨਿਆ, ਪਰ ਉਸ ਨੂੰ ਸਰਿਸ਼ਟੀ ਤੋਂ ਬਾਹਰ,ਬਹੁਤ ਦੂਰ ਤੇ ਉਤਾਹਾਂ ਕਰਕੇ ਥਾਂ ਦਿੱਤੀ,ਜਿਸ ਕਰਕੇ ਉਹ ਰੋਜ਼ ਰੋਜ਼ ਦੀ ਘਰੋਗੀ ਵਰਤੋਂ ਜੋਗਾ,ਸਾਥੀ ਜਾਂ ਪਿਆਰਾ (ਨੇੜੇ ਹੋ ਤੇ ਨੇੜਿਆਂ) ਕਰਕੇ ਨਹੀਂ ਮੰਨਿਆ ਜਾ ਸਕਦਾ। ਇਸ ਸਾਮੀ ਖ਼ਿਆਲ ਦਾ ਕੁਛ ਕੁ ਮੇਲ ਯੂਨਾਨੀ ਖਿਆਲ ਨਾਲ, ਜੋ ਆਰੀਆ ਖ਼ਿਆਲ ਸੀ, ਮਿਸਰ ਆਦਿ ਦੇਸ਼ਾਂ ਵਿੱਚ ਹੋਇਆ, ਜਿਸ ਦਾ ਸਿੱਟਾ ਈਸਾਈ ਮਤ ਨਿਕਲਿਆ। ਪਰ ਇਸ ਵਿੱਚ ਵੀ ਆਰੀਆ ਖ਼ਿਆਲ ਨੇ ਰੱਬ ਨੂੰ ਤ੍ਰਿਕੁਟੀ ਉੱਤੇ ਵੰਡ ਦਿੱਤਾ – ਪਿਤਾ,ਪੁਤਰ (ਈਸਾ) ਅਤੇ ਰੂਹ-ਉਲ-ਕੁੱਦਸ। ਰੱਬ ਦੇ ਅਵਤਾਰ ਧਾਰਣ ਦਾ ਅਸੂਲ ਇਥੇ ਵੀ ਆ ਗਿਆ, ਜਿਸ ਅਨੁਸਾਰ ਇੱਕ ਮਨੁੱਖ ਵਿਅਕਤੀ ਨੂੰ ਰੱਬ ਦੀ ਤੁਲਨਾ ਦਿੱਤੀ ਗਈ। ਪਰ ਸਾਮੀ

ਅਸਰ ਵਧੇਰੇ ਹੋਣ ਕਰਕੇ ਇਹ ਅਵਤਾਰ ਛਿਕੋ ਵੇਰ ਹੋਇਆ ਮੰਨਿਆ ਗਿਆ, ਨਹੀਂ ਤਾਂ ਜੇ ਆਰੀਆ ਖਿਆਲ ਦਾ ਅਸਰ ਵਧੇਰੇ ਹੁੰਦਾ, ਤਾਂ ਖ਼ਬਰੇ ਅਵਤਾਰਾਂ ਦੀ ਗਿਣਤੀ ਕਿਥੇ ਤਕ ਜਾ ਪੁੱਜਦੀ।"[1]

## ਸੰਬੋਧਨੀ ਸ਼ੈਲੀ

ਜਦੋਂ ਕੋਈ ਟੀਕਾਕਾਰ ਆਪਣੇ ਸਾਮ੍ਹਣੇ ਸਰੋਤਿਆਂ ਦੀ ਹੋਂਦ ਨੂੰ ਮੰਨ ਕੇ ਅਰਥ ਕਰਦਾ ਹੈ ਜਾਂ ਜਦੋਂ ਉਹ ਸਚਮੁਚ ਸਰੋਤਿਆਂ ਦੀ ਹਾਜ਼ਰੀ ਵਿਚ ਅਰਥ ਕਰਦਾ ਹੈ ਤਾਂ ਉਸਦੇ ਬਚਨ ਸੰਬੋਧਨੀ ਸ਼ੈਲੀ ਦਾ ਰੂਪ ਧਾਰਦੇ ਹਨ। ਇਸ ਸ਼ੈਲੀ ਵਿਚ ਸੰਬੋਧਨ ਉਕਤੀਆਂ ਦੀ ਸੰਭਾਵਨਾ ਵਧੇਰੇ ਹੁੰਦੀ ਹੈ। ਇਸ ਸ਼ੈਲੀ ਵਿਚ ਭਾਸ਼ਾ ਜਨ ਸਾਧਾਰਣ ਦੇ ਪੱਧਰ ਦੀ ਵਰਤੀ ਜਾਂਦੀ ਹੈ। ਉਦਾਹਰਣ ਲਈ ਇਸ ਸ਼ੈਲੀ ਦਾ ਇਕ ਨਮੂਨਾ ਪੇਸ਼ ਕਰਦੇ ਹਾਂ :-

"ਭਾਈ ਰਾਮ ਜਨਹੁ ਜੀ ! ਦੂਰਿ ਭੀ ਸਚੁ ਹੈ , ਜਿ ਢੂਢਿਆ ਪਾਇਆ ਨਾਹੀ ਜਾਤਾ। ਅਰੁ ਜੀ ਨੇੜੇ ਭੀ,ਸਚੁ ਹੈ, ਜਿ ਮਨ ਕੀ ਜਾਣਤਾ ਹੈ। ਭਾਈ ਜੀ! ਏਹੁ ਵਿਡਾਣੁ, ਵਿਸਮਾਦੁ ਅਚਰਜੁ ਹੈ। ਪਰ ਜੀ ਏਸੁ ਵਿਸਮਾਦ ਕੀ ਸੋਝੀ ਸੋਈ ਬੂਝੈ, ਜਿ ਕੋਈ ਵਡਭਾਗੀ ਰਾਮ ਕਾ ਹੋਇ॥ ਭਾਈ ਸਾਧ ਜਨਹੁ ਜੀ ! ਏਹ ਕਥਾ ਏਵ ਹੈ।"[2]

## ਵਿਵੇਚਨਾਤਮਕ ਸ਼ੈਲੀ

ਜਦੋਂ ਵਾਰਤਕਕਾਰ ਕਿਸੇ ਤਥ ਜਾਂ ਵਿਚਾਰ ਦਾ ਤਰਕ-ਵਿਤਰਕ,ਵਿਵੇਚਨ-ਵਿਸ਼ਲੇਸ਼ਣ ਰਾਹੀਂ ਸਪਸ਼ਟੀਕਰਣ ਕਰਦਾ ਹੈ ਤਾਂ ਉਸਦੀ ਸ਼ੈਲੀ ਨੂੰ ਵਿਵੇਚਨਾਤਮਕ ਸ਼ੈਲੀ ਆਖਿਆ ਜਾਂਦਾ ਹੈ।

---

1 ਆਸਾ ਦੀ ਵਾਰ ਸਟੀਕ, 1952, ਪੰਨੇ 22-23.

ਬ੍ਰਹਮਾ,ਵਿਸ਼ਨੂੰ ਤੇ ਸ਼ਿਵ ਦੀ ਤੁਲਨਾ ਪਿਤਾ,ਪੁਤਰ (ਈਸਾ) ਅਤੇ ਰੂਹ-ਉਲ-ਕੁੱਦਸ ਨਾਲ ਕਰਨੀ ਯੋਗ ਨਹੀਂ। ਅਸਲ ਵਿਚ ਆਰੀਆ ਖਿਆਲ ਵਿਚ ਪ੍ਰਭੂ ਨੇ ਆਪਣੇ ਹੀ ਤਿੰਨ ਰੂਪ ਬਣਾਏ ਹੋਏ ਹਨ – ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ। ਇਹ ਤਿੰਨੋ ਪ੍ਰਭੂ ਦੀਆਂ ਤਿੰਨ ਸ਼ਕਤੀਆਂ –ਉਤਪਤੀ,ਪਾਲਣ ਅਤੇ ਸੰਹਾਰ– ਨੂੰ ਪ੍ਰਗਟ ਕਰਦੇ ਹਨ। ਅਰਥਾਤ ਪ੍ਰਭੂ ਆਪ ਹੀ ਬ੍ਰਹਮਾ ਹੈ,ਆਪ ਹੀ ਵਿਸ਼ਨੂੰ ਅਤੇ ਆਪ ਹੀ ਸ਼ਿਵ। ਪਰ ਦੂਸਰੇ ਪਾਸੇ ਇਹ ਸਥਿਤੀ ਨਹੀਂ। ਪਿਤਾ ਨਾ ਤਾਂ ਆਪ ਹੀ ਪੁਤਰ ਹੈ ਅਤੇ ਨਾ ਹੀ ਰੂਹ-ਉਲ-ਕੁਦਸ। ਬ੍ਰਹਮਾ,ਵਿਸ਼ਨੂੰ ਅਤੇ ਸ਼ਿਵ ਦੇ ਕਰਤਵ ਵੀ ਪਿਤਾ,ਪੁਤਰ (ਈਸਾ)ਅਤੇ ਰੂਹ-ਉਲ-ਕੁੱਦਸ ਨਾਲ ਨਹੀਂ ਮਿਲਦੇ।

2 ਸੋਢੀ ਮਿਹਰਬਾਨ,ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,ਸੰਚੀ ਦੂਜੀ,1969,ਪੰਨੇ 159-60.

ਸੁਆਮੀ ਆਨੰਦਘਨ ਦੇ ਟੀਕੇ ਵਿਚੋਂ ਇਸ ਸ਼ੈਲੀ ਦੀ ਇਕ ਉਦਾਹਰਣ ਹੇਠਾਂ ਪ੍ਰਸਤੁਤ ਕੀਤੀ ਜਾਂਦੀ ਹੈ :-

> ॥ਹਉ ਢਾਢੀ ਕਾ ਨੀਚ ਜਾਤਿ ॥ ਯਦਪ ਬਾਬਾ ਨਾਨਕ ਨੇ ਤੋ ਆਪਣਾ ਨਿਰਅਭਿਮਾਨ ਵਚਨ ਕਹਾ ਹੈ॥ ਇਸ ਮੇ ਤੋ ਕਛੁ ਸੰਦੇਹ ਭੀ ਨਹੀ। ਤਥਾਪ ਸੁਰਸਤੀ ਭਵਾਨੀ ਇਸ ਬਾਤ ਕੋ ਨਹੀਂ ਮਾਨਤੀ ਜੋ ਨਿਰਅਭਿਮਾਨ ਹੋਇ ਕਰਿ ਸੰਤ ਸਰਣਿ ਕੋ ਪ੍ਰਾਪਤਿ ਹੋਏ ਹੈ॥ ਐਸੇ ਉਤਮ ਪੁਰਖ ਵਿਖੇ ਨੀਚ ਸਬਦ ਕੀ ਪ੍ਰਵਿਰਤ ਨਹੀਂ ਬਣਤੀ॥ ਤਾਂ ਤੇ ਸੁਰਸ੍ਵਤੀ ਮਹਾਂ ਮਾਇਆ ਇਸ ਵਚਨ ਕਾ ਇਹ ਅਰਥ ਕਰਤੀ ਹੈ॥ ਹਉ ਜੋ ਹੈ ਹੰਕਾਰ ਸੋ ਨੀਚ ਜਾਤਿ ਢਾਢੀ ਹੈ ਜੋ ਹੰਕਾਰੀ ਹੈ ਸੋਈ ਤੋ ਨੀਚ ਕਰਮ ਕਰਤਾ ਹੈ॥ ਤਬੀ ਤੋ ਨੀਚ ਯੋਨੋ ਵਿਖੇ ਪੜਤਾ ਹੈ॥ ਨੀਚ ਤੋਂ ਸੰਤੋ ਕਾ ਸੰਗ ਕਬੀ ਨਹੀਂ ਚਾਹਤੇ॥ ਜੋ ਅਹੰਕਾਰ ਕੋ ਛੋੜਾ ਤਬ ਤੋਂ ਪ੍ਰਮੇਸਵਰ ਤੇ ਸੰਤੋ ਕਾ ਸੰਗ ਮਾਂਗਾ। ਜੋ ਸੰਤ ਗਤਿ ਕੋ ਪ੍ਰਾਪਤਿ ਹੂਆ ਸੋ ਤੋ ਉਤਮ ਕਰਮ ਹੀ ਕਰੇਗਾ॥ ਉਤਮ ਕਰਮੋ ਕੀ ਉਤਮ ਜਾਤ ॥ ਸਭ ਕੋਈ ਉਤਮ ਹੀ ਤੋ ਕਹਤਾ ਹੈ॥ ਜੋ ਹੰਕਾਰ ਕੋ ਛੋੜ ਕਰ ਸੰਤ ਸਰਣ ਕੋ ਪ੍ਰਾਪਤਿ ਹੂਆ ਤਿਸਕੋ ਤੋ ਪ੍ਰਮੇਸ਼੍ਵਰ ਕੀ ਪ੍ਰਾਪਤਿ ਵਿਖੇ ਕਛੁ ਸੰਦੇਹ ਨਹੀਂ॥ ਜੋ ਪ੍ਰਮੇਸ਼੍ਵਰ ਕੀ ਪ੍ਰਾਪਤਿ ਹੁਈ ਤੋ ਸਰਬੋਤਮ ਹੂਆ ਨੀਚ ਕੈਸਾ॥ ਜਬ ਨਿਰਅਭਿਮਾਨ ਹੋਇ ਕਰਿ ਸੰਤ ਸਰਣ ਕੋ ਪ੍ਰਾਪਤਿ ਹੂਆ ਤਬ ਇਸਕੋ ਇਹ ਬੁਧਿ ਉਪਜੇਗੀ॥"[1]

## ਕਾਵਿ ਮਈ ਸ਼ੈਲੀ

ਇਸ ਵਿਚ ਵਾਰਤਕਕਾਰ ਦੀ ਭਾਸ਼ਾ ਕਾਵਿਕ ਪੱਧਰ ਦੀ ਹੁੰਦੀ ਹੈ। ਸੂਖਮ ਸ਼ਬਦਾਵਲੀ, ਅਲੰਕਾਰ, ਕਲਪਨਾ ਉਡਾਰੀ ਇਸ ਦੇ ਕੁਝ ਵਿਸ਼ੇਸ਼ ਲਛਣ ਹਨ। ਵਾਰਤਕਕਾਰ ਕਿਉਂਕਿ ਕਵੀ ਦੀ ਪੱਧਰ ਉਤੇ ਵਿਚਰ ਰਿਹਾ ਹੁੰਦਾ ਹੈ ਇਸ ਲਈ ਉਹ ਅਨੁਪ੍ਰਾਸਮਈ ਵਾਰਤਕ ਨੂੰ ਜਨਮ ਦੇਂਦਾ ਹੈ। ਉਸਦੀ ਵਾਰਤਕ ਵਿਚ ਕਵਿਤਾ ਜੇਹਾ ਸੌਂਦਰਯ ਹੁੰਦਾ ਹੈ ਅਤੇ ਪਾਠਕ ਅਜੇਹੀ ਵਾਰਤਕ ਤੋਂ ਕਵਿਤਾ

---

1. ਟੀਕਾ ਆਸਾ ਦੀ ਵਾਰ, ਪੰਨੇ 45/ਅ - 46/ੳ.

ਵਰਗਾ ਹੀ ਆਨੰਦ ਪ੍ਰਾਪਤ ਕਰਦਾ ਹੈ। ਨਮੂਨੇ ਵਜੋਂ ਵੇਖੋ :

ੳ) "ਭੈ ਕੇ ਰੰਗਿ ਮਨੁਖੁ ਸੁਪੇਦੁ ਹੋਇ ਅਰੁ ਸਰਮੁ ਏਸੁ ਨੋ ਪਾਹੁ ਚੜਿਆ ਲਗਾ ਤਾਂ ਸਰਮੁ ਵਿਚਿ ਪਰਮੇਸ਼ਰ ਕੀ ਸਿਫਤਿ ਸਾਲਾਹ ਭਗਤਿ ਕਰੈ, ਭਗਤ ਕੈ ਰੰਗ ਰੰਗੀਐ ਤਾਂ ਸਹਿ ਲਾਲੀ ਹੁ ਲਾਲੁ ਰੰਗ ਏਸ ਦਾ ਹੋਇ। ਕੇਹਾ ਲਾਲੁ ਹੋਇ ? ਇਕ ਲਾਲ ਲਾਲ ਤੇ ਗੁਲਾਲੁ ਗੁਲਾਲ ਤੇ ਭਲਾ ਚਲੂਲਾ; ਜਿ ਚਲੂਲੁ ਰੰਗੁ ਏਸੁ ਮਨ ਕਾ ਹੋਇ।"[1]

ਅ) "ਸ੍ਰੀ ਗੁਰੂ ਨਾਨਕ ਜੀ ਨੇ ਜਗਤ ਮੈਂ ਕਲਪ ਬ੍ਰਿਛ ਰੂਪ ਬਾਣੀ ਰਚੀ ਇਸ ਬਾਣੀ ਕੀ ਇਕ ਸ਼ਾਖਾ ਆਸਾ ਕੀ ਵਾਰ ਤਿਸ ਮੈਂ ਸਲੋਕ ਰੂਪੀ ਫੂਲ ਹੈ ਪਉੜੀਆਂ ਰੂਪੀ ਕਲੀਆਂ ਹੈ ਅਰਥਾਂ ਰੂਪ ਸੁਗੰਧੀ ਹੈ ਤਿਸ ਵਾਰ ਰੂਪ ਸਾਖਾ ਕਾ ਦੂਜਾ ਸਲੋਕ ਫੂਲ ਨਿਰੂਪਨ ਕਰਤੇ ਹੈਂ।"[2]

ਪਹਿਲੇ ਵਾਰਤਕ ਟੋਟੇ ਵਿਚ ਵਾਰਤਕਕਾਰ ਇਕ ਕਵੀ ਵਾਂਗ ਆਪਣੀ ਕਲਪਨਾ ਸ਼ਕਤੀ ਰਾਹੀਂ ਸਾਧਕ ਦੇ ਮਨ ਉਤੇ ਰੰਗਾਂ ਦੀ ਛਹਿਬਰ ਲਾਉਂਦਾ ਹੈ, ਸਫੇਦ ਤੋਂ ਲਾਲ, ਲਾਲ ਤੋਂ ਗੁਲਾਲ, ਗੁਲਾਲ ਤੋਂ ਚਲੂਲਾ। ਪਾਠਕ ਦੀਆਂ ਅਖਾਂ ਸਾਮ੍ਹਣੇ ਉਠਦੀ ਰੰਗਾਂ ਦੀ ਫੁਹਾਰ ਉਸਨੂੰ ਸੰਵੇਦਨਸ਼ੀਲ ਕਰਦੀ ਹੈ। ਫਿਰ ਵਾਰਤਕ ਦਾ ਅਲੰਕ੍ਰਿਤ ਹੋਣਾ ਇਸ ਨੂੰ ਕਾਵਿਕ ਪੱਧਰ ਉਤੇ ਲੈ ਜਾਂਦਾ ਹੈ। "ਸਹਿ ਲਾਲੀ" ਤੋਂ ਅਗੇ ਵਾਲੇ ਭਾਗ ਵਿਚ 'ਲ' ਅਖਰ ਦੀ ਆਵ੍ਰਿਤੀ ਕਰਕੇ ਅਨੁਪ੍ਰਾਸ ਅਲੰਕਾਰ ਹੈ। "ਲਾਲ ਤੇ ਗੁਲਾਲ, ਗੁਲਾਲ ਤੇ ਚਲੂਲਾ" ਆਖਣ ਨਾਲ ਸ੍ਰਿੰਖਲਾ ਅਲੰਕਾਰ ਬਣਦਾ ਹੈ ਕਿਉਂਕਿ ਇਕ ਲੜੀ ਵਾਂਗ ਇਹ ਰੰਗ ਇਕ ਦੂਸਰੇ ਵਿਚੋਂ ਨਿਕਲਦੇ ਆਉਂਦੇ ਹਨ।

ਦੂਸਰੇ ਵਾਰਤਕ ਟੋਟੇ ਵਿਚ ਵਾਰਤਕਕਾਰ ਆਪਣੀ ਕਲਪਨਾ ਸ਼ਕਤੀ ਰਾਹੀਂ ਸ੍ਰੀ ਗੁਰਬਾਣੀ ਨੂੰ ਕਲਪ ਬ੍ਰਿਛ ਰੂਪ, ਆਸਾ ਦੀ ਵਾਰ ਨੂੰ ਟਾਹਣੀ ਰੂਪ, ਸਲੋਕ ਨੂੰ ਫੁਲ ਰੂਪ, ਪਉੜੀ ਨੂੰ ਕਲੀ ਰੂਪ ਤਸੱਵਰ ਕਰਦਾ ਹੈ ਅਤੇ ਪਾਠਕ ਦੇ ਸਾਮ੍ਹਣੇ ਇਕ ਸੁੰਦਰ ਬਿਰਖ ਦਾ ਚਿੱਤਰ ਪੇਸ਼ ਕਰਦਾ ਹੈ ਜਿਸਤੋਂ

---

1 ਸੋਢੀ ਮਿਹਰਬਾਨ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੈਂਚੀ ਪਹਿਲੀ, 1962, ਪੰਨਾ 386.

2 ਭਗਵਾਨ ਸਿੰਘ, ਆਸਾ ਦੀ ਵਾਰ ਸਟੀਕ, ਸੰਮਤ ਨਾਨਕਸ਼ਾਹੀ 432, ਪੰਨੇ 23-24.

ਅਰਥ ਰੂਪ ਸੁਗੰਧੀ ਉਠ ਰਹੀ ਹੈ। ਇਹ ਬਿਰਖ ਦਾ ਚਿੱਤਰ ਅਤੇ ਸੁਗੰਧੀ ਪਾਠਕ ਨੂੰ ਸੰਵੇਦਨਸ਼ੀਲ ਕਰਦੇ ਹਨ। ਗੁਰਬਾਣੀ ਨੂੰ ਕਲਪ ਬ੍ਰਿਛ, ਆਸਾ ਦੀ ਵਾਰ ਨੂੰ ਟਾਹਣੀ, ਸਲੋਕਾਂ ਨੂੰ ਫੁਲ, ਪਉੜੀਆਂ ਨੂੰ ਕਲੀਆਂ ਆਖਣ ਨਾਲ ਰੂਪਕ ਅਲੰਕਾਰ ਬਣਦਾ ਹੈ ਜੋ ਵਾਰਤਕ ਨੂੰ ਕਾਵਿਕ ਪੱਧਰ ਦੀ ਵਾਰਤਕ ਬਣਾਉਣ ਵਿਚ ਸਹਾਈ ਹੁੰਦਾ ਹੈ।

<u>ਸ਼ੈਲੀਆਂ ਦਾ ਮਿਸ਼ਰਣ</u>

ਟੀਕਿਆਂ ਦੀ ਵਾਰਤਕ ਵਿਚ ਕਈ ਵਾਰੀ ਇਕ ਥਾਂ ਉਤੇ ਦੋ ਸ਼ੈਲੀਆਂ ਦਾ ਮਿਸ਼ਰਣ ਵੀ ਮਿਲਦਾ ਹੈ। ਨਮੂਨੇ ਵਜੋਂ ਇਕ ਵਾਰਤਕ-ਟੋਟਾ ਹੇਠਾਂ ਪ੍ਰਸਤੁਤ ਕੀਤਾ ਜਾਂਦਾ ਹੈ :-

> "ਭਾਂਡਿਆਂ ਕੇ ਬਨਾਨੇ ਵਾਸਤੇ ਪਹਲੇ ਜਦੋ ਮਿੱਟੀ ਲੈ ਆਇਆ ਕੁਲਾਲ ਮਿੱਟੀ ਨੂੰ ਕੁਟਿਆ ਬਰੀਕ ਕੀਤੀ ਫੇਰ ਕੁਟ ਕੁਟ ਕੈ ਗੋਈ ਗੋ ਕੇ ਪਿੰਡ ਬਨਾਇ ਕੈ ਚਕ੍ਰ ਪਰ ਧਰਿਆ ਧਰ ਕੈ ਜੋਰ ਸੇ ਘੁਮਾਇਆ ਘੜਾ ਚਪਣੀ ਕੁਜਾ ਮਟ ਇਨਕਾ ਅਕਾਰ ਕਰਕੇ ਤਾਗੇ ਸੇ ਕਟਤਾ ਹੈ ਫੇਰ ਵਢ੍ਹ ਦੇ ਕੇ ਭਾਂਡੇ ਕੋ ਥਥਵੇ ਸੇ ਕੁਟਦਾ ਹੈ ਇਕ ਅੰਦ੍ਰ ਹੋਂਦਾ ਹੈ ਥਥਵਾ ਇਕ ਬਾਹਰ ਜੋਰ ਕੇ ਸਾਥ ਕੁਟ ਕੁਟ ਕੇ ਛੋਟੇ ਜੇਹੇ ਬਰਤਨ ਕੋ ਬਡੇ ਅਕਾਰ ਵਾਲਾ ਕਰ ਦੇਤਾ ਹੈ ਧੁਪ ਮੈ ਸੁਕਾਵਤਾ ਹੈ।"[1]

ਇਸ ਵਾਰਤਕ-ਟੋਟੇ ਵਿਚ ਵਰਣਨਾਤਮਕ ਸ਼ੈਲੀ ਅਤੇ ਚਿਤ੍ਰਾਤਮਕ ਸ਼ੈਲੀ ਦਾ ਮਿਸ਼ਰਣ ਹੈ। ਘੁਮਿਆਰ ਦੇ ਮਿੱਟੀ ਲੈ ਕੇ ਆਉਣ ਤੋਂ ਭਾਂਡੇ ਬਣਾ ਕੇ ਸੁਕਾਉਣ ਤਕ ਦਾ ਵਰਣਨ ਇਸ ਵਾਰਤਕ-ਟੋਟੇ ਵਿਚ ਵਰਣਨਾਤਮਕ ਸ਼ੈਲੀ ਦਾ ਗੁਣ ਭਰਦਾ ਹੈ। ਨਾਲ ਹੀ ਟੀਕਾਕਾਰ ਨੇ ਭਾਂਡੇ ਬਣਾਉਣ ਦੀ ਪ੍ਰਕ੍ਰਿਆ ਨੂੰ ਅਜੇਹੇ ਢੰਗ ਨਾਲ ਬਿਆਨ ਕੀਤਾ ਹੈ ਕਿ ਭਾਂਡੇ ਬਣਾਉਂਦੇ ਘੁਮਿਆਰ ਦਾ ਚਿੱਤਰ ਪਾਠਕ ਦੀਆਂ ਅੱਖਾਂ ਸਾਮ੍ਹਣੇ ਉਭਰ ਕੇ ਆ ਜਾਂਦਾ ਹੈ। ਸ਼ਬਦਾਂ ਰਾਹੀਂ ਉਸਾਰੇ ਗਏ ਘੁਮਿਆਰ ਦੇ ਚਿੱਤਰ ਨੇ ਇਸ ਵਾਰਤਕ-ਟੋਟੇ ਵਿਚ ਚਿਤ੍ਰਾਤਮਕ ਸ਼ੈਲੀ ਦਾ ਗੁਣ ਭਰ ਦਿੱਤਾ ਹੈ।

---

1 ਭਾਈ ਭਗਵਾਨ ਸਿੰਘ, <u>ਆਸਾ ਦੀ ਵਾਰ ਸਟੀਕ</u>, ਸੰਮਤ ਨਾਨਕਸ਼ਾਹੀ 432, ਪੰਨਾ 127.

<u>ਹੋਰ ਗੁਣ</u>

ਵਿਭਿੰਨ ਸ਼ੈਲੀਆਂ ਦੀ ਪ੍ਰਾਪਤੀ ਦੇ ਨਾਲ ਨਾਲ ਟੀਕਿਆਂ ਦੀ ਵਾਰਤਕ ਵਿਚ ਚੰਗੀ ਵਾਰਤਕ ਦੇ ਹੋਰ ਅਨੇਕ ਗੁਣ ਵੀ ਪਾਏ ਜਾਂਦੇ ਹਨ ਜੋ ਟੀਕਿਆਂ ਨੂੰ ਉਚ ਪਾਇ ਦੀ ਵਾਰਤਕ ਬਣਾਉਂਦੇ ਹਨ। ਅਜੇਹੇ ਗੁਣਾਂ ਦੀਆਂ ਸੰਖੇਪ ਉਦਾਹਰਣਾਂ ਹੇਠਾਂ ਪ੍ਰਸਤੁਤ ਕੀਤੀਆਂ ਜਾਂਦੀਆਂ ਹਨ:-

<u>ਵਿਚਾਰ ਉਸਾਰੀ</u>

ਚੰਗੀ ਵਾਰਤਕ ਦਾ ਇਕ ਲਛਣ ਇਹ ਮੰਨਿਆ ਜਾਂਦਾ ਹੈ ਕਿ ਇਸ ਵਿਚ ਖਿਆਲ ਇਕ ਦੂਸਰੇ ਨਾਲ ਇਉਂ ਜੁੜੇ ਹੋਣ ਜਿਵੇਂ ਜੰਜੀਰ ਦੀਆਂ ਕੜੀਆਂ ਜੁੜੀਆਂ ਹੁੰਦੀਆਂ ਹਨ। ਚੰਗੀ ਵਾਰਤਕ ਪਉੜੀ ਵਰਗੀ ਹੁੰਦੀ ਹੈ ਜਿਸਦੇ ਹਰ ਨਵੇਂ ਡੰਡੇ ਉਤੇ ਪੈਰ ਰਖਦਿਆਂ ਪਾਠਕ ਉਤੇ ਵਲ ਜਾਂਦਾ ਮਹਿਸੂਸ ਕਰਦਾ ਹੈ ਅਤੇ ਅੰਤ ਨੂੰ ਵਿਚਾਰ ਦੇ ਸ਼ਿਖਰ ਉਤੇ ਜਾ ਪਹੁੰਚਦਾ ਹੈ। ਇਸ ਗੁਣ ਦੀ ਇਕ ਉਦਾਹਰਣ ਸੁਆਮੀ ਆਨੰਦਘਨ ਦੇ ਟੀਕੇ ਵਿਚੋਂ ਦਿੰਦੇ ਹਾਂ :-

> "ਅਬੀ ਧਰਮਰਾਜਾ ਕੇ ਹਜੂਰ ਤੋ ਸਭ ਨੇ ਹੀ ਜਾਣਾ ਹੈ॥ ਤਹਾਂ ਜਾਤ ਭੀ ਤੋ ਨ ਮਾਨੀਏਗੀ ਇਹ ਬ੍ਰਹਮਣ ਹੈ ਇਹ ਫਕੀਰ ਹੈ॥ ਇਸਕੋ ਛੋੜ ਦੀਜੀਏ॥ ਸੋ ਤੋ ਨ ਹੋਵੈਗਾ॥ ਅਰੁ ਜੋਰੁ ਭੀ ਤੋ ਕਿਸੀ ਕਾ ਨ ਚਲੈਗਾ॥ ਜਾਵ ਨਾਮ ਕਰਿ ਦਇਆ ਭੀ ਤੋ ਤਿਸ ਪਰ ਕੋਈ ਨ ਕਰੈਗਾ॥ ਛੁਡਾਇ ਕਰਿ ਭਾਗ ਜਾਉ ਤਹਾਂ ਪ੍ਰਥਮ ਭੀ ਤੋ ਕਿਸੀ ਕਾ ਨ ਚਲੈਗਾ॥ ਲੇਖਾ ਕਰਣੇ ਤੇ ਜਿਨਕੀ ਪਤਿ ਰਹੈਗੀ ਸੋਈ ਚੰਗੇ ਹੈ॥ ਸੋ ਜਗਤ ਮੈ ਕੋਈ ਵਿਰਲੇ ਹੀ ਹੈ॥ ਲੇਖਾ ਕੌਣ ਸੈ ਧਰਮ ਰਾਜਾ ਤੋ ਸਭ ਕੋ ਪੂਛੈਗਾ॥ ਕਹੁ ਭਾਈ ਤੇਰੇ ਵਰਣਾਸ੍ਰਮ ਕਾ ਧਰਮ ਤੌਂ ਪਰਮੇਸ੍ਵਰ ਨੇ ਇਹ ਰਚਾ ਥਾ ਤੈਨੇ ਇਸਕੋ ਕਿਉਂ ਨ ਕੀਆ॥ ਬੁਰੇ ਕਰਮ ਕਾ ਤੋ ਨਿਖੇਧ ਥਾ ਸੋ ਤੈਨੈ ਕਿਉ ਕੀਆ॥ ਜੋ ਸੁਵਾਲ ਜੁਬਾਬ ਮੇ ਹਾਰੈਗਾ ਤਿਨਕੀ ਤੋ ਪਤ ਗਈ॥ ਕਰਮ ਕੇ ਅਨੁਸਾਰੁ ਸਜਾਇ ਪਾਵੈਗਾ॥ ਅਰੁ ਜੋ ਆਪਣੇ ਧਰਮ ਮੇ ਰਹੇ ਤਿਨਕੀ ਪਤ ਰਹੀ॥ ਸੋ ਤੋ ਉਤਮ ਗਤਿ ਕੋ ਪ੍ਰਾਪਤਿ ਹੋਵੈਗਾ॥"[1]

---

1 <u>ਟੀਕਾ ਆਸਾ ਦੀ ਵਾਰ,</u> ਪੰਨੇ 54/ਅ - 55/ਅ.

ਇਸ ਵਾਰਤਕ -ਟੋਟੇ ਵਿਚ ਲੇਖਕ ਨੇ ਜੀਵ ਦੇ ਜੀਵਨ-ਪ੍ਰਯੰਤ ਧਰਮਰਾਜ ਕੋਲ ਪੇਸ਼ ਹੋਣ ਤੋਂ ਉਸਦੇ ਕਰਮਾਂ ਦੇ ਆਧਾਰ ਉਤੇ ਨਬੇੜੇ ਜਾਂ ਧਰਮਰਾਜ ਦੁਆਰਾ ਕੀਤੇ ਜਾਣ ਵਾਲੇ ਨਿਰਣੇ ਤਕ ਵਿਚਾਰ ਦੀ ਉਸਾਰੀ ਅਜੇਹੇ ਸੁੱਚੱਜੇ ਢੰਗ ਨਾਲ ਕੀਤੀ ਹੈ ਕਿ ਵਿਚਾਰ ਦਾ ਕੋਈ ਪੱਖ ਉਸ ਨੇ ਆਪਣੇ ਦ੍ਰਿਸ਼ਟੀਕੋਣ ਤੋਂ ਨਹੀਂ ਛਡਿਆ। ਮੂਲ ਪਾਠ ਪ੍ਰਤਿ ਉਸਦਾ ਦ੍ਰਿਸ਼ਟੀਕੋਣ ਕੀ ਹੈ, ਇਹ ਇਕ ਵੱਖਰੀ ਗੱਲ ਹੈ।

ਬਾਰੀਕਬੀਨੀ

ਸੁੱਚਜਾ ਵਾਰਤਕਕਾਰ ਬੜੀ ਬਾਰੀਕੀ ਨਾਲ ਵਿਚਾਰਾਂ ਨੂੰ ਨਿਖੇੜਦਾ ਹੈ। ਉਹ ਵਿਸ਼ਲੇਸ਼ਣਾਤਮਕ ਬੁੱਧੀ ਦਾ ਸੁਆਮੀ ਹੁੰਦਾ ਹੈ। ਸ਼ਬਦਾਂ ਨੂੰ ਚੁਣ ਚੁਣ ਕੇ ਵਾਕਾਂ ਵਿਚ ਟਿਕਾਉਂਦਾ ਹੈ। ਲਗਪਗ ਸਮਾਨਾਰਥੀ ਸ਼ਬਦਾਂ ਵਿਚਲੇ ਬਾਰੀਕ ਭੇਦਾਂ ਨੂੰ ਜਾਣਦਾ ਹੈ ਅਤੇ ਵਾਰਤਕ ਰਚਨਾ ਕਰਦੇ ਸਮੇਂ ਉਨ੍ਹਾਂ ਦੇ ਅੰਤਰ ਨੂੰ ਹਮੇਸ਼ਾਂ ਆਪਣੇ ਸਾਮ੍ਹਣੇ ਰਖਦਾ ਹੈ। ਵਾਰਤਕਕਾਰ ਦੇ ਇਸ ਗੁਣ ਨੂੰ ਪ੍ਰਦਰਸ਼ਿਤ ਕਰਨ ਵਾਲਾ ਇਕ ਵਾਰਤਕ -ਟੋਟਾ ਹੇਠਾਂ ਪ੍ਰਸਤੁਤ ਕਰਦੇ ਹਾਂ :-

> "ਰਬ ਦੀ ਵਡਿਆਈ ਅਤੇ ਗੁਣਾਂ ਵਿੱਚ ਫ਼ਰਕ ਹੈ। ਗੁਣਾਂ ਤੋਂ ਭਾਵ ਉਸ ਦੇ ਸਤਿ ਸਰੂਪ, ਕਰਤਾ ਪੁਰਖ, ਗੁਰੂ ਆਦਿਹੋਣ ਦੇ ਸਧਾਰਣ ਲੱਛਣ ਹਨ; ਅਤੇ ਵਡਿਆਈ ਤੋਂ ਭਾਵ ਉਸਦੇ ਖਾਸ ਗੁਣ ਹਨ, ਜਿਨ੍ਹਾਂ ਤੋਂ ਉਸਦੀ ਮਹਾਨਤਾ ਪਰਗਟ ਹੁੰਦੀ ਹੈ, ਜਿਵੇਂ ਕਿ ਉਹ ਪਾਪੀਆਂ ਨੂੰ ਵੀ ਬਖ਼ਸ਼ ਦਿੰਦਾ ਹੈ, ਤੁਛ ਅਤੇ ਬੇਸਮਝ ਲੋਕਾਂ ਨੂੰ ਵੀ ਰੋਜ਼ੀ ਪੁਚਾਂਦਾ ਹੈ। ਡਾਕਟਰ ਦਾ ਗੁਣ ਬਿਮਾਰ ਦੀ ਬਿਮਾਰੀ ਪਰਖ ਕੇ ਦਵਾਈ ਦੇਣਾ ਹੈ, ਪਰ ਜੇ ਉਹ ਰੋਟੀ ਵੀ ਪਲਿਓਂ ਖੁਆ ਕੇ ਆਪਣੀ ਬੱਘੀ ਉੱਤੇ ਘਰ ਛਡ ਜਾਵੇ, ਤਾਂ ਇਹ ਉਸਦੀ ਵਡਿਆਈ ਹੈ।"[1]

ਇਸ ਵਾਰਤਕ-ਟੋਟੇ ਵਿਚ ਵਾਰਤਕਕਾਰ ਨੇ ਰੱਬ ਦੇ ਗੁਣਾਂ ਅਤੇ ਉਸਦੀ ਵਡਿਆਈ (ਪ੍ਰਿੰ: ਤੇਜਾ ਸਿੰਘ ਦੀ ਭਾਸ਼ਾ ਵਿਚ ਉਸਦੇ "ਖਾਸ ਗੁਣਾਂ") ਨੂੰ ਵਿਸ਼ਲੇਸ਼ਣਾਤਮਕ ਵਿਧੀ ਨਾਲ ਨਿਖੇੜਿਆ ਹੈ। ਉਸ ਨੇ ਆਪਣੀ ਬਾਰੀਕ ਬੁੱਧੀ ਨਾਲ ਗੁਣ ਅਤੇ ਵਡਿਆਈ ਨੂੰ ਪਰਿਭਾਸ਼ਿਤ ਕਰਦਿਆਂ ਦਸਿਆ ਹੈ ਕਿ ਗੁਣ ਤੋਂ ਭਾਵ ਕਿਸੇ ਦੇ ਆਮ ਪ੍ਰਵਾਣਿਤ ਸਾਧਾਰਣ ਗੁਣ ਹਨ ਅਤੇ ਵਡਿਆਈ ਤੋਂ ਭਾਵ ਉਸਦੇ ਵਿਸ਼ੇਸ਼ ਗੁਣ ਹਨ।

---

1 ਤੇਜਾ ਸਿੰਘ, ਆਸਾ ਦੀ ਵਾਰ ਸਟੀਕ, 1952, ਪੰਨਾ 32

<u>ਲੈਵਿਨਿਆਸ ( Rhythm )</u>

ਐਫ਼. ਅਤੇ ਈ. ਬ੍ਰੈੱਟ ਯੰਗ ( F.and E.Brett Young ) ਨੇ ਲੈ ਸੰਬੰਧੀ ਇਕ ਬੜੀ ਸੁੰਦਰ ਗੱਲ ਆਖੀ ਹੈ, "ਲੈ ਵਰਣਨ ਕਰਨ ਵਾਲੀ ਚੀਜ਼ ਨਹੀਂ, ਕੇਵਲ ਸਮਝਣ ਵਾਲੀ ਚੀਜ਼ ਹੈ।"[1] ਇਸਦਾ ਭਾਵ ਹੈ ਕਿ ਲੈ ਨੂੰ ਮਾਣਿਆ ਜਾ ਸਕਦਾ ਹੈ, ਇਸ ਦਾ ਆਨੰਦ ਲਿਆ ਜਾ ਸਕਦਾ ਹੈ,ਪਰ ਇਸ ਆਨੰਦ ਦੇ ਅਨੁਭਵ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ।

ਵਿਦਵਾਨ ਜੇ ਮਿਡਲਟਨ ਮਰੀ ਲੈਮਈ ਧੁਨੀਆਂ ਦੇ ਮਨੁਖੀ ਮਨ ਉਤੇ ਪ੍ਰਭਾਵ ਨੂੰ ਬੜਾ ਸ਼ਕਤੀਸ਼ਾਲੀ ਮੰਨਦਾ ਹੈ। ਉਹ ਲਿਖਦਾ ਹੈ : "ਸਪਸ਼ਟ ਮਨੋਵਿਗਿਆਨਕ ਤੱਥ ਇਹ ਹੈ ਕਿ ਨਿਯਮਿਤ ਲੈਮਈ ਧੁਨੀਆਂ ਦੇ ਵਾਰ ਵਾਰ ਸੁਣਨ ਨਾਲ ਮਨੁੱਖ ਉਤੇ ਨਿੰਦਰਾਜਨਕ (hypnotics)ਪ੍ਰਭਾਵ ਪੈਂਦਾ ਹੈ।"[2]

ਐਫ਼.ਐਚ. ਪਰਿਚਰਡ (F.H.Pritchard ) ਦਾ ਲੈ ਬਾਰੇ ਵਿਚਾਰ ਹੈ : "ਜਿਵੇਂ ਜੀਵਨ ਆਪਣੇ ਆਪ ਨੂੰ ਗਤੀਮਾਨ ਰੂਪ ਵਿਚ ਪ੍ਰਗਟ ਕਰਦਾ ਹੈ ਇਵੇਂ ਹੀ ਸਾਹਿਤ,ਜੋ ਜੀਵਨ ਦਾ ਸਰਬੋਤਮ ਪ੍ਰਗਟਾ ਹੈ, ਗਤੀ ਉਤੇ ਆਧਾਰਿਤ ਹੈ। ਹੁਣ ਸਾਰੀ ਪ੍ਰਕ੍ਰਿਤਕ ਗਤੀ ਨਿਯਮਬੱਧ ਹੋਣ ਲਈ ਪ੍ਰਯਤਨਸ਼ੀਲ ਹੈ। ਇਹ ਗਤੀ ਅਨਿਯਮਿਤ ਨਹੀਂ ਸਗੋਂ ਕੁਝ ਨਿਸ਼ਚਿਤ ਨਿਯਮਾਂ ਦਾ ਪਾਲਨ ਕਰਦੀ ਹੈ। ਕਾਰਜ-ਕਾਲ ਤੋਂ ਉਪਰੰਤ ਅਕਸਰ ਠਹਿਰਾਅ ਦਾ ਸਮਾਂ ਆਉਂਦਾ ਹੈ; ਦਬਾਅ ਅਤੇ ਉਸ ਤੋਂ ਬਾਅਦ ਰੋਕਾ । ਨਿਯਮਿਤ ਗਤੀ ਨੂੰ ਅਸੀਂ ਲੈ ਆਖਦੇ ਹਾਂ। ਸਾਹ ਲੈਣਾ, ਤੁਰਨਾ,ਤੈਰਨਾ ਸਭ ਲੈਮਈ ਹਨ ਜੇ ਕੁਦਰਤੀ ਤੌਰ ਤੇ ਕੀਤੀਆਂ ਜਾਣ। ਬਹੁਤੇ ਭਾਵਕ ਪਲਾਂ ਜਾਂ ਅਸਾਧਾਰਣ ਉਤੇਜਨਾ ਸਮੇਂ ਹੀ ਲੈ ਟੁੱਟਦੀ ਹੈ, ਅਤੇ ਉਹ ਵੀ ਲੰਮੇ ਸਮੇ ਲਈ ਨਹੀਂ ।"[3]

ਪਰਿਚਰਡ ਦਾ ਵਿਚਾਰ ਹੈ ਕਿ ਜਿਵੇਂ ਜੀਵਨ ਦੀ ਗਤੀ ਵਿਚ ਲੈ ਹੈ,ਇਵੇਂ ਹੀ ਵਾਰਤਕ ਵਿਚ ਵੀ ਲੈ ਹੈ।[4] ਰੋਜ਼ਾਨਾ ਦੇ ਜੀਵਨ ਵਿਚ ਕੰਮ ਆਉਣ ਵਾਲੀ ਬੋਲ-ਚਾਲ ਦੀ ਵਾਰਤਕ ਵਿਚ ਵੀ ਇਕ ਪ੍ਰਕਾਰ ਦੀ ਲੈ ਹੁੰਦੀ ਹੈ ਭਾਵੇਂ ਇਹ ਲੈ ਸਾਧਾਰਣ ਹੋਣ ਕਰਕੇ ਤੁਰਤ ਭਾਂਪੀ ਨਹੀਂ ਜਾ ਸਕਦੀ।

---

1. Quoted by F.H.Pritchard in his book <u>Training in Literary Appreciation</u>,1964 at p.27.
2. <u>The Problem of Style</u>, 1965, p.110.
3. F.H.Pritchard, <u>Training in Literary Appreciation</u>,1964,p.27.
4. Ibid, p.30.

ਇਸ ਦੇ ਮੁਕਾਬਲੇ ਉਤੇ ਸਾਹਿਤਕ ਵਾਰਤਕ, ਜਿਸ ਵਿਚ ਭਾਵਾਂ ਦੀ ਅਭਿਵਿਅਕਤੀ ਹੁੰਦੀ ਹੈ, ਵਿਚ ਇਹ ਲੈ ਵਧੇਰੇ ਸਪਸ਼ਟ ਹੁੰਦੀ ਹੈ ਅਤੇ ਤੁਰਤ ਪਛਾਣੀ ਜਾ ਸਕਦੀ ਹੈ। ਜਦੋਂ ਵਾਰਤਕ ਭਾਵ-ਭਰਪੂਰ ਹੁੰਦੀ ਹੈ ਤਾਂ "ਸਾਧਾਰਣ ਭਾਸ਼ਾ ਭਾਸ਼ਣ-ਕਲਾ ਦਾ ਰੂਪ ਧਾਰਣ ਕਰ ਲੈਂਦੀ ਹੈ ਜੋ ਕਿ ਵਾਰਤਕ ਅਤੇ ਕਵਿਤਾ ਦੀ ਸੀਮਾ ਹੈ। ਅਜੇਹੀ ਵਾਰਤਕ-ਟੁਕੜੀ ਉਸ ਸੀਮਾ ਨੂੰ ਪ੍ਰਦਰਸ਼ਿਤ ਕਰਦੀ ਹੈ ਜਿਸ ਸੀਮਾ ਤਕ ਲੈ- ਭਰਪੂਰ ਵਾਰਤਕ ਪਹੁੰਚ ਸਕਦੀ ਹੈ। ਅਜਿਹੀ ਵਾਰਤਕ ਕੋਈ ਉਚ ਪਾਇ ਦਾ ਵਾਰਤਕਕਾਰ ਹੀ ਰਚ ਸਕਦਾ ਹੈ।"[1]

ਸੋਢੀ ਮਿਹਰਬਾਨ ਦੇ ਪਰਮਾਰਥਾਂ ਵਿਚੋਂ ਇਸ ਪ੍ਰਕਾਰ ਦੀ ਲੈਮਈ ਵਾਰਤਕ ਦੇ ਨਮੂਨੇ ਹੇਠਾਂ ਪ੍ਰਸਤੁਤ ਕਰਦੇ ਹਾਂ :-

(ੳ) "ਜਾਂ ਇਸੁ ਦੇ ਦਾਣੇ ਨਿਖੁਟੇ, ਪਾਈ ਭਰੀ, ਉਮਰਿ ਮੁਕੀ,
ਤਬ ਸਾਹੁ ਹੋਇ, ਪਾਤਿਸਾਹੁ ਹੋਇ, ਰਾਉ ਹੋਇ, ਰੰਕ
ਹੋਇ, ਜਿ ਜੀਉ ਹੈ ਸੋ ਉਠਿ ਚਲੈਗਾ, ਪਾਈ ਭਰੀ;
ਰਹਣਾ ਮਿਲਤਾ ਨਾਹੀਂ, ਮੁਹਲਤਿ ਮੁਕੀ।"[2]

(ਅ) "ਨਾ ਸੁਇਨਾ ਨ ਰੁਪਾ, ਨ ਮੋਤੀ ਨ ਜਵਾਹਰ, ਨ ਮਾਲੁ ਨ
ਮੁਲਖੁ, ਨ ਰਾਜੁ ਨ ਪਾਟੁ, ਨ ਭੋਗੁ ਨ ਬਿਲਾਸੁ, ਨ ਗ੍ਰਿਹੁ
ਨ ਮੰਦਰੁ, ਨ ਸੁਤੁ ਨ ਮਿਤ੍ਰੁ, ਨ ਵਿਸਤਾਰ —ਕਿਛੁ ਨਾਹੀ
ਮੰਗਦਾ, ਨ ਬਿਹਿਸਤੁ ਨ ਦੋਜਕੁ, ਨ ਗਤਿ ਨ ਮੁਕਤਿ।"[3]

**ਸੌਂਦਰਯ**

ਸੌਂਦਰਯ ਸਾਹਿਤ ਦਾ ਅਨਿਵਾਰੀ ਤੱਤ ਹੈ। ਸੌਂਦਰਯ ਦੇ ਅਨੁਭਵ ਲਈ ਸੰਵੇਦਨਾ ਆਵੱਸ਼ਕ ਹੈ। ਸੰਵੇਦਨਾ ਗਿਆਨ-ਇੰਦ੍ਰੀਆਂ ਰਾਹੀਂ ਪੈਦਾ ਹੁੰਦੀ ਹੈ। ਸ਼ਬਦ, ਸਪਰਸ਼, ਰਸ, ਰੂਪ, ਗੰਧ, ਸਾਨੂੰ ਸੌਂਦਰਯ ਪ੍ਰਤਿ ਸੰਵੇਦਨਸ਼ੀਲ ਕਰਦੇ ਹਨ ਅਤੇ ਸੰਵੇਦਨਸ਼ੀਲ ਹੋਕੇ ਅਸੀਂ ਰੰਗ, ਆਕਾਰ,

---

1 F.H. Pritchard, Training in Literary Appreciation, 1964, p.30.

2 ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੈਂਚੀ ਪਹਿਲੀ, 1962, ਪੰਨਾ 499.

3 ਉਹੀ, ਪੰਨਾ 500.

ਆਚਾਰ, ਅਧਿਆਤਮ ਅਤੇ ਆਨੰਦ ਦੇ ਸੌਂਦਰਯ ਤੱਤ ਨੂੰ ਮਾਣਦੇ ਹਾਂ। ਆਚਾਰ ਗਿਆਨ ਦੀ ਵਸਤੂ ਹੈ, ਅਧਿਆਤਮ ਅਤੇ ਆਨੰਦ ਅਨੁਭਵ ਦੀਆਂ ਵਸਤਾਂ ਹਨ। ਅਸੀਂ ਇਨ੍ਹਾਂ ਨੂੰ ਵੇਖ ਨਹੀਂ ਸਕਦੇ। ਰੰਗ ਅਤੇ ਆਕਾਰ ਨੂੰ ਅਸੀਂ ਵੇਖ ਸਕਦੇ ਹਾਂ। ਇਨ੍ਹਾਂ ਉਤੇ ਸਾਡੀ ਨਜ਼ਰ ਤੁਰਤ ਜਾਂਦੀ ਹੈ। ਇਸੇ ਲਈ ਵਿਦਵਾਨ "ਰੰਗ ਅਤੇ ਆਕਾਰ ਦੋਹਾਂ ਨੂੰ ਹੀ ਸੌਂਦਰਯ ਬੋਧ ਦੇ ਪ੍ਰਾਥਮਿਕ ਪ੍ਰਤਿਮਾਨਾਂ ਵਿਚ ਮੰਨਦੇ ਹਨ।"[1] ਸਾਨੂੰ ਗੁਰਬਾਣੀ ਦੇ ਟੀਕਾ ਸਾਹਿਤ ਵਿਚ ਹਰ ਪ੍ਰਕਾਰ ਦੇ ਸੌਂਦਰਯ ਬੋਧ ਦੀਆਂ ਉਦਾਹਰਣਾਂ ਮਿਲਦੀਆਂ ਹਨ। ਪ੍ਰਮਾਣ ਵਜੋਂ, ਇਕ ਟੀਕੇ ਵਿਚੋਂ ਰੰਗ ਅਤੇ ਆਕਾਰ ਤੋਂ ਉਤਪੰਨ ਹੋਣ ਵਾਲੇ ਸੌਂਦਰਯ ਬੋਧ ਦੀਆਂ ਉਦਾਹਰਣਾਂ ਹੇਠਾਂ ਦਿੰਦੇ ਹਾਂ :-

(ੳ) "ਲਾਲ ਫੁੱਲਾਂ ਵਾਲਾ ਉੱਚਾ ਬ੍ਰਿਛ ਜਿਸ ਨੂੰ ਸੰਸਕ੍ਰਿਤ ਵਿਚ ਸ਼ਾਲਮਲੀ ਅਰ ਪੰਜਾਬੀ ਭਾਖਾ ਵਿਚ ਸਿੰਮਲ ਜਾਂ ਸੇਮਰ ਕਹਿੰਦੇ ਹਨ, ਸਰਾਇਰਾ ਸਰਲ ਸੂਧਾ ਬੜਾ ਸੁਹਣਾ ਬਿਸਤੀਰਣ ਜੋ ਬਹੁਤ ਹੀ ਲੰਮਾ, ਬਹੁਤ ਹੀ ਉੱਚਾ ਹੁੰਦਾ ਹੈ।"[2]

(ਅ) "ਗੁਰੂ ਨਾਨਕ ਸਾਹਿਬ ਬਰਨ ਕਰਦੇ ਹਨ ਜੋ ਸੁਧ ਅਰ ਪਵਿਤਰ ਉਜੱਲੇ ਹੰਸਾਂ ਸਮਾਨ ਆਦਮੀ-ਮਨੁਖ ਇਸ ਸੂਤਕ ਨਾ ਉਤਰਨੇ ਦੇ ਕਾਰਨ ਬੱਧੇ ਹੋਏ ਯਮਪੁਰੀ ਨੂੰ ਤੁਰੇ ਚਲੇ ਜਾਂਦੇ ਹਨ।"[3]

ਪ੍ਰਥਮ ਵਾਰਤਕ-ਟੋਟੇ ਵਿਚ ਸਿੰਮਲ ਦੇ ਰੁੱਖ ਦਾ ਸੁੰਦਰ ਚਿੱਤਰ ਖਿਚਿਆ ਗਿਆ ਹੈ। ਇਸ ਵਾਰਤਕ-ਟੋਟੇ ਵਿਚਲੇ ਵਾਕਾਂਸ਼ "ਲਾਲ ਫੁੱਲਾਂ", "ਬਹੁਤ ਹੀ ਉੱਚਾ" ਸੌਂਦਰਯ ਦੀ ਦ੍ਰਿਸ਼ਟੀ ਤੋਂ ਵਿਸ਼ੇਸ਼ ਧਿਆਨ ਖਿਚਦੇ ਹਨ। ਫੁੱਲਾਂ ਦਾ ਰੰਗ ਲਾਲ ਹੈ। ਲਾਲ ਰੰਗ ਸੁਹਾਗ ਦਾ ਰੰਗ ਹੈ, ਸ਼ਗਨਾਂ ਦਾ ਚਿੰਨ੍ਹ ਹੈ। ਰੰਗਾਂ ਦੀ ਸੂਖਮਤਾ ਦਾ ਮਨੁਖੀ ਮਨ ਉਤੇ ਗਹਿਰਾ ਪ੍ਰਭਾਵ ਪੈਂਦਾ ਹੈ। ਫੁੱਲਾਂ ਦਾ ਵਿਸ਼ੇਸ਼ ਆਕਾਰ ਹੈ। ਰੁੱਖ ਦਾ ਸੁੱਹਪਣ ਰੁੱਖ ਦੀ ਸ਼ੁੱਧਤਾ, ਸਵੱਛਤਾ, ਅਤੇ ਚਮਕ ਵਲ ਸੰਕੇਤ ਕਰਦਾ ਹੈ। ਰੁੱਖ ਦਾ ਉੱਚਾਪਨ, ਸਿੱਧਾਪਨ ਅਤੇ ਲੰਮਾ ਹੋਣਾ ਮਨੁਖੀ ਮਨ ਵਿਚ ਇਕ ਵਿਸ਼ੇਸ਼ ਪ੍ਰਕਾਰ ਦਾ ਬਿੰਬ ਪੈਦਾ

---

1. ਡਾ. ਰਾਜ ਮਲ ਬੋਰਾ, ਸੰਵੇਦਨਾ ਔਰ ਸੌਂਦਰਯ, 1976, ਪੰਨਾ 177.
2. ਸਰਦੂਲ ਸਿੰਘ, ਆਸਾ ਦੀ ਵਾਰ ਦੀ ਟੀਕਾ, ਬਿਕ੍ਰਮੀ, 1964, ਪੰਨਾ 144.
3 ਉਹੀ, ਪੰਨਾ 184.

ਕਰਦਾ ਹੈ। ਫਿਰ ਸਿੱਧੇ, ਲੰਮੇ, ਉੱਚੇ, ਸੋਹਣੇ ਰੁੱਖ ਉੱਤੇ ਲਾਲ ਫੁੱਲਾਂ ਦਾ ਲਟਕਣਾ, ਹਵਾ ਵਿਚ ਝੂਮਣਾ, ਫੁੱਲਾਂ ਨੂੰ ਵਿਸ਼ੇਸ਼ ਪਰਿਪੇਖ ਵਿਚ ਪੇਸ਼ ਕਰਦਾ ਹੈ। ਇਹ ਦ੍ਰਿਸ਼ ਸੌਂਦਰਯ ਦੀ ਦ੍ਰਿਸ਼ਟੀ ਤੋਂ ਬੜਾ ਮਹੱਤਵਪੂਰਣ ਹੈ। ਇਸ ਦ੍ਰਿਸ਼ ਤੋਂ ਉਤਪੰਨ ਹੁੰਦਾ ਆਨੰਦ ਸੌਂਦਰਯ ਸ਼ਕਤੀ ਵਿਚ ਹੋਰ ਵੀ ਵਾਧਾ ਕਰਦਾ ਹੈ।

ਦੂਸਰੇ ਵਾਰਤਕ -ਟੋਟੇ ਵਿਚ ਵਾਕੰਸ਼ "ਸੁਧ ਅਰ ਪਵਿਤਰ ਉਜੱਲੇ ਹੰਸ" ਵਲ ਸੌਂਦਰਯ ਦੀ ਦ੍ਰਿਸ਼ਟੀ ਤੋਂ ਤੁਰਤ ਧਿਆਨ ਜਾਂਦਾ ਹੈ। ਹੰਸ ਚੇਤਨ ਜਗਤ ਦਾ ਉਹ ਸੁੰਦਰ ਪੰਛੀ ਹੈ ਜੋ ਆਪਣੇ ਰੰਗ ਰੂਪ ਅਤੇ ਆਕਾਰ ਦੀ ਦ੍ਰਿਸ਼ਟੀ ਤੋਂ ਸੁੰਦਰਤਾ ਦਾ ਅਤੇ ਸੁੱਚੇ ਮੋਤੀ ਚੁਗਣ ਕਰਕੇ ਪਵਿਤਰਤਾ ਦਾ ਪ੍ਰਤੀਕ ਹੈ। ਵਿਸ਼ੇਸ਼ ਆਕਾਰ ਦੇ ਹੰਸ, ਹੰਸਾਂ ਦਾ ਦੁੱਧ-ਚਿੱਟਾ ਰੰਗ[1], ਚਿੱਟੇ ਰੰਗ ਵਿਚ ਉੱਜਲਤਾ[2] ਭਾਵ ਚਮਕ[3], ਉਜੱਲਤਾ ਦੇ ਨਾਲ ਜੁੜੀ ਹੋਈ ਪਵਿਤਰਤਾ ਤੇ ਸ਼ੁੱਧਤਾ ਤੁਰਤ ਮਨੁੱਖ ਨੂੰ ਸੰਵੇਦਨਸ਼ੀਲ ਕਰਦੇ ਅਤੇ ਸੌਂਦਰਯ ਦਾ ਬੋਧ ਕਰਾਉਂਦੇ ਹਨ।

## ਨਾਦ ਸੁੰਦਰਤਾ

ਵਾਰਤਕ ਵਿਚਲੀ ਨਾਦ-ਸੁੰਦਰਤਾ ਬਾਰੇ ਰੇਨੇ ਵੈਲੇਕ ਅਤੇ ਆਸਟਿਨ ਵਾਰੇਨ ਨੇ ਕਿਹਾ ਹੈ: "ਕਈ ਕਲਾ ਕਿਰਤਾਂ ਵਿਚ, ਜਿਨ੍ਹਾਂ ਵਿਚ ਵਾਰਤਕ ਵੀ ਸ਼ਾਮਲ ਹੈ, ਧੁਨੀ-ਪਰਤ (sound-stratum ਧਿਆਨ ਖਿਚਦੀ ਹੈ ਅਤੇ ਇਉਂ ਸੁਹਜਾਤਮਕ ਪ੍ਰਭਾਵ ਦਾ ਅਟੁੱਟ ਅੰਗ ਬਣ ਜਾਂਦੀ ਹੈ। ਇਹ ਬਹੁਤ ਸਾਰੀ ਅਲੰਕ੍ਰਿਤ ਵਾਰਤਕ ਅਤੇ ਸਾਰੀ ਕਵਿਤਾ ਬਾਰੇ ਸੱਚ ਹੈ ਜੋ ਪਰਿਭਾਸ਼ਕ ਤੌਰ ਤੇ ਭਾਸ਼ਾ ਦੀ ਧੁਨੀ-ਪ੍ਰਣਾਲੀ ਦਾ ਸੰਗਠਨ ਹੈ।"[4] ਸਪਸ਼ਟ ਹੈ ਕਿ ਜਿਉਂ ਜਿਉਂ ਵਾਰਤਕ ਸਾਧਾਰਣ ਬੋਲ ਚਾਲ ਦੀ ਵਾਰਤਕ ਤੋਂ ਭਾਵਾਤਮਕਤਾ ਵਲ ਵਧ ਕੇ ਅਲੰਕ੍ਰਿਤ ਹੁੰਦੀ ਜਾਂਦੀ ਹੈ ਅਤੇ ਕਵਿਤਾ ਦੇ ਨੇੜੇ ਪਹੁੰਚਦੀ ਜਾਂਦੀ ਹੈ ਤਿਉਂ ਤਿਉਂ ਉਸ ਵਿਚ ਧੁਨੀ-ਪਰਤ ਦੀ ਖਿਚ ਵਧਦੀ ਜਾਂਦੀ ਹੈ। ਇਸ ਲਈ ਨਾਦ-ਸੁੰਦਰਤਾ

---

1 ਚਿੱਟਾ ਰੰਗ ਪ੍ਰਕਾਸ਼, ਗਿਆਨ ਅਤੇ ਸਵੱਛਤਾ ਦਾ ਬੋਧਕ ਹੈ।
—ਡਾ. ਰਾਜ ਮਲ ਬੋਰਾ, <u>ਸੰਵੇਦਨਾ ਔਰ ਸੌਂਦਰਯ</u>,1976, ਪੰਨੇ 65-67.

2 ਭਾਈ ਕਾਨ੍ਹ ਸਿੰਘ ਨੇ ਮਹਾਨ ਕੋਸ਼ ਵਿਚ "ਉਜੰਲ" ਦੇ ਅਰਥ "ਚਮਕੀਲਾ,ਨਿਰਮਲ,ਸਾਫ਼" ਦਿੱਤੇ ਹਨ।

3 ਚਿੱਟੇ ਰੰਗ ਵਿਚ ਚਮਕ ਮਿਸ਼੍ਰਿਤ ਹੋਵੇ ਤਾਂ ਪ੍ਰਕਾਸ਼ ਤੇਜ ਹੁੰਦਾ ਹੈ। ਚਮਕੀਲੇ ਪਦਾਰਥ ਉੱਤੇ ਦ੍ਰਿਸ਼ਟੀ ਤੁਰਤ ਜਾਂਦੀ ਹੈ। ਚਮਕ ਵਿਚ ਪ੍ਰਕਾਸ਼ ਦੀ ਮਾਤ੍ਰਾ ਵਧੇਰੇ ਹੁੰਦੀ ਹੈ।
—ਡਾ. ਰਾਜ ਮਲ ਬੋਰਾ, <u>ਸੰਵੇਦਨਾ ਔਰ ਸੌਂਦਰਯ</u>, 1976, ਪੰਨਾ 66.

4 Rene Wellek and Austin Warren, <u>Theory of Literature</u>,p.158.

ਦਾ ਗੁਣ ਕਵੀ ਮਨ ਵਾਲੇ ਵਾਰਤਕਕਾਰਾਂ ਦੀ ਵਾਰਤਕ ਵਿਚ ਵਧੇਰੇ ਹੁੰਦਾ ਹੈ। ਟੀਕਿਆਂ ਵਿਚੋਂ ਇਥੇ ਸੋਢੀ ਮਿਹਰਬਾਨ ਦੀ ਵਾਰਤਕ ਵਿਚੋਂ ਦੋ ਵਾਰਤਕ-ਟੋਟੇ ਇਸ ਪ੍ਰਕਾਰ ਦੀ ਵਾਰਤਕ ਦੇ ਨਮੂਨੇ ਵਜੋਂ ਪ੍ਰਸਤੁਤ ਕਰਦੇ ਹਾਂ :-

(ੳ) "ਜਿਤਨਾ ਏਹਿ ਲਿਖਤੇ ਪੜਤੇ ਹੈ ਏਤਨਾ ਹੀ ਏਸੁ ਕਉ ਧੋਖਾ ਹੈ, ਅਰੁ ਜਿਤਨਾ ਏਹਿ ਤਟ ਤੀਰਥਿ ਭਵਤਾ ਹੈ ਤਿਤਨਾ ਏਹੁ ਲਵਤਾ ਹੈ ਅਰੁ ਭਵਤਾ ਹੈ। ਜਿਤਨੇ ਭੇਖ ਕਰਤਾ ਹੈ, ਦੇਹੀ ਕਉ ਦੁਖੁ ਦੇਤਾ ਹੈ, ਆਪਣੇ ਜੀਅ ਦੁਖੁ ਸਹਤਾ ਹੈ। ਹੋਰ ਕੰਦ ਮੂਲ ਖਾਤੇ ਹੈ ਅਰ ਸਿਰ ਮਹਿ ਧੂੜਿ ਬਾਹਤੇ ਹੈ।"[1]

(ਅ) "ਹਿਕੁ ਸਾਰਖੁ ਸਾ ਪਹਿਲਾ ਸੋ ਸੁੰਨੁ ਸਾ, ਨਾ ਪਾਪੁ ਨਾ ਪੁੰਨੁ।"[2]

ਪਹਿਲੇ ਵਾਰਤਕ-ਟੋਟੇ ਵਿਚ ਤ, ਤੇ, ਤਾ ਤੋਂ ਉਤਪੰਨ ਹੋਈ ਧੁਨੀ-ਪਰਤ ਅਤੇ ਦੂਸਰੇ ਵਾਰਤਕ-ਟੋਟੇ ਵਿਚ ਸਾ, ਸੋ, ਸੁ ਅਤੇ ਨ, ਨਾ ਤੋਂ ਪੈਦਾ ਹੋਈਆਂ ਧੁਨੀ-ਪਰਤਾਂ ਇਸ ਵਾਰਤਕ ਨੂੰ ਸੁਹਜਮਈ ਬਣਾ ਰਹੀਆਂ ਹਨ।

ਵਿਰੋਧੀ ਸ਼ਬਦ

ਵਾਰਤਕਕਾਰ ਆਪਣੀ ਵਾਰਤਕ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਕਈ ਜੁਗਤਾਂ ਦੀ ਵਰਤੋਂ ਕਰਦੇ ਹਨ ਜਿਨ੍ਹਾਂ ਵਿਚੋਂ ਇਕ ਪਾਠਕ ਉਤੇ ਪੈਣ ਵਾਲੇ ਪ੍ਰਭਾਵ ਨੂੰ ਵਿਰੋਧੀ ਸ਼ਬਦਾਂ ਦੀ ਵਰਤੋਂ ਰਾਹੀਂ ਹੋਰ ਤੀਖਣ ਕਰਨਾ ਹੈ। ਇਹ ਜੁਗਤ ਨਾਨਕ ਸਿੰਘ ਨੇ ਆਪਣੇ ਨਾਵਲਾਂ ਦੇ ਨਾਂ ਰਖਣ ਵਿਚ ਵੀ ਵਰਤੀ ਹੈ, ਜਿਵੇਂ ਪਵਿਤਰ ਪਾਪੀ, ਗੰਗਾ ਜਲੀ ਵਿਚ ਸ਼ਰਾਬ ਆਦਿ। ਪਵਿਤਰਤਾ ਤੇ ਪਾਪ ਇਕ ਦੂਜੇ ਦੇ ਵਿਰੋਧੀ ਹਨ, ਗੰਗਾ ਜਲ ਅਤੇ ਸ਼ਰਾਬ ਇਕ ਦੂਜੇ ਦੇ ਬਿਲਕੁਲ ਉਲਟ ਹਨ। ਇਹੋ ਵਿਧੀ ਗੁਰਬਾਣੀ ਦੇ ਟੀਕਾਕਾਰਾਂ ਨੇ ਵੀ ਆਪਣੀ ਵਾਰਤਕ ਵਿਚ ਵਰਤੀ ਹੈ। ਪ੍ਰਮਾਣ ਵਜੋਂ ਨਿਮਨ ਲਿਖਤ ਵਾਰਤਕ-ਟੋਟੇ ਪ੍ਰਸਤੁਤ ਹਨ :-

---

1 ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੈਂਚੀ ਪਹਿਲੀ, 1962, ਪੰਨਾ 131.

2 ਉਹੀ, ਪੰਨਾ 496.

(ੳ) "ਤੈਸੇ ਹੀ ਪਰਮੇਸੁਰੁ ਕੁਮਿਆਰ ਕੀ ਨਿਆਈ ਹੈ; ਸਭ ਬਿਧਿ ਮਨੁਖਾਂ ਕੀ ਉਸ ਬਨਾਈ ਹੈ। ਇਕਿ ਸਾਹ ਇਕਿ ਪਾਤਸਾਹ, ਇਕ ਗਰੀਬ ਇਕਿ ਰਾਣੇ, ਇਕਿ ਰਜੇ ਇਕਿ ਪਰਜੇ, ਇਕਿ ਠਕੁਰ ਇਕਿ ਮਹਰ, ਇਕਿ ਮੁਜੇਰੇ ਇਕ ਮਾੜੇ, ਇਕਿ ਗਨੀਆਊ ਇਕਿ ਸਾਦਕ ਫਕੀਰ। ਇਕਿ ਦੇਵਤੇ, ਇਕਿ ਦੈਤ, ਇਕ ਮਹਾ ਪੁਰਖੁ ਇਕਿ ਭਗਤ ਸੰਤ, ਇਕਿ ਚੋਰ ਇਕਿ ਸਾਧ, ਇਕਿ ਵਟਵਾੜੇ ਇਕਿ ਗੰਢੀ ਛੋੜੇ, ਇਕਿ ਮੰਗਤੇ ਇਕਿ ਹਾਲੀ, ਹਲੁ ਵਾਹਣ ਕੋ; ਇਕ ਮਸਕਤਿ ਕਰਣੇ ਕਉ।"[1]

(ਅ) "ਪਰੰਤੂ ਈਸੁਰ ਪਰਮਾਤਮਾ ਦਾ ਕਿਸੇ ਨਾਲ ਵੈਰ ਨਹੀਂ, ਸੀਤ ਉਸਨ ਸੰਪਦਾ ਬਿਪਦਾ ਸੁਖ ਦੁਖ ਹਰਖ ਸੋਗ ਜਨਮ ਮਰਨ ਆਦਿ, ਸਭ ਪ੍ਰਾਣੀ ਮਾਤ੍ਰ ਨੂੰ ਕਰਤਾਰ ਵਲੋਂ ਇਕ ਸਮਾਨ ਆਉਂਦੇ ਹਨ।"[2]

## <u>ਵਿਆਖਿਆ ਦੀ ਸਮ੍ਰਿਧੀ</u>

ਵਿਆਖਿਆ ਦੀ ਸਮ੍ਰਿਧੀ ਤੋਂ ਭਾਵ ਹੈ ਇਕ ਗੱਲ ਨੂੰ ਪ੍ਰਗਟ ਕਰਨ ਲਈ ਅਨੇਕ ਵਿਚਾਰਾਂ ਅਤੇ ਵਿਸ਼ਾਲ ਸ਼ਬਦ ਭੰਡਾਰ ਦਾ ਵਾਰਤਕਕਾਰ ਦੇ ਅਧਿਕਾਰ ਵਿਚ ਹੋਣਾ। ਇਸ ਸਮ੍ਰਿਧੀ ਦਾ ਸੁਆਮੀ ਵਿਸ਼ਾਲ ਗਿਆਨ ਅਤੇ ਤਜਰਬੇ ਵਾਲਾ ਲੇਖਕ ਹੀ ਹੋ ਸਕਦਾ ਹੈ। ਇਸ ਪ੍ਰਕਾਰ ਦੀ ਵਾਰਤਕ ਦੇ ਨਮੂਨੇ ਦੋ ਟੀਕਿਆਂ ਵਿਚੋਂ ਪ੍ਰਸਤੁਤ ਕਰਦੇ ਹਾਂ :-

(ੳ) "ਤਬ ਆਵੀ ਮਹਿ ਪਕਾਇ ਕਰਿ ਜਬ ਬਾਹਰਿ ਲੈ ਆਇਆ, ਤਬ ਇਕਨਾ ਭਾਂਡਿਆਂ ਮਹਿ ਘਿਉ ਪੜਿਆ, ਇਕਨਾ ਮਹਿ ਦੁਧੁ, ਦਹੀ, ਛਾਹਿ ਪੜਤਾ ਹੈ। ਇਕਨਾ ਮਹਿ ਪੀਰਿ, ਖੰਡੁ, ਗੁੜੁ, ਸਕਰ ਪੜਤੀ ਹੈ। ਇਕਨਾ ਮਹਿ ਸੁਇਨਾ, ਰੁਪਾ, ਦਾਮ ਪੜਤੇ ਹੈਂ। ਇਕਨਾ ਸਾਲਣੇ ਪੜਤੇ ਹੈਂ, ਇਕਨਾ ਮਹਿ ਪਕਵਾਨੁ ਪੜਤਾ ਹੈ। ਇਕਨਾ ਮਹਿ

---

1 ਸੋਢੀ ਮਿਹਰਬਾਨ, <u>ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ</u>, ਸੰਚੀ ਦੂਜੀ, 1969, ਪੰਨਾ 540.

2 ਗਿਆਨੀ ਸਰਦੂਲ ਸਿੰਘ, <u>ਆਸਾ ਦੀ ਵਾਰ ਦਾ ਟੀਕਾ</u>, ਬਿਕ੍ਰਮੀ, 1964, ਪੰਨਾ 20.

ਪਾਕੁ ਪਕਤਾ ਹੈ; ਇਕਿ ਪਾਣੀ ਕੇ ਤਤਹੜ ਹੋਤੇ ਹੈਂ, ਇਕਨਾ ਮਹਿ ਪਾਣੀ ਸੀਤਲ ਹੋਤਾ ਹੈ। ਇਕਨਾ ਮਹਿ ਸਾਗੁ ਸਗਲ੍ਹੀ ਹੋਤੀ ਹੈ; ਇਕਨਾ ਮਹਿ ਕੋਰਾ ਅਨਾਜੁ ਪੜਤਾ ਹੈ। ਇਕਨਾ ਮਹਿ ਲੂਣੁ ਕਲਰੁ ਪੜਤਾ ਹੈ;ਇਕਨਾ ਮਹਿ ਲਾਖ ਗੰਨ੍ਹੁ ਪੜਤਾ ਹੈ। ਇਕਨਾ ਮਹਿ ਖਟੀਕਾ ਕੀਆ ਖਲਾਂ ਰੰਗੀਤੀਆ ਹੈ; ਇਕਨਾ ਮਹਿ ਰੋਆ ਚੰਦਨੁ ਪੜਤਾ ਹੈ; ਕੇਸਰੁ, ਅਲਤਾ,ਅਬੀਰੁ ਪੜਤਾ ਹੈ। ਇਕਨਾ ਮਹਿ ਲੌਂਗ, ਲਾਚੀਆ,ਜਾਇਫਲ,ਮਰਚਾਂ ਪੜਤੀਆ ਹੈਂ। ਇਕਨਾ ਮਹਿ ਵਸੁ ਸੋਧਾ, ਮੇਵਾ ਪੜਤੇ ਹੈਂ। ਇਕਨਾ ਮਹਿ ਚੰਮਿਆਰੁ ਆ ਪੜ੍ਹੀਆ ਘਤੀਦੀਆ ਪਕਾਈਦੀਆ ਹੈਂ। ਇਕਨਾ ਮਹਿ ਬਿਖੁ ਪਕਾਈਤੀ ਹੈ। ਇਕਨਾ ਮਹਿ ਪਾਨੀ ਪੀਜੀਤਾ ਹੈ ; ਇਕਨਾ ਮਹਿ ਪ੍ਰਸਾਦੁ ਜੇਂਵੀਤਾ ਇਕਨਾ ਮਹਿ ਸਿਧ ਸਾਧਕ ਰਾਜੇ ਪਕਾ ਖਾਤੇ ਹੈ: ਇਕਨਾ ਮਹਿ ਮਾੜੇ ਫਕੀਰ ਪਿਨਿ ਖਾਤੇ ਹੈਂ; ਇਕਨਾ ਮਹਿ ਰੋਗੀ ਖਾਤੇ ਹੈ। ਇਕਨਾ ਮਹਿ ਸਿਉ ਰਸੁ ਕਮਾਤੇ ਹੈਂ; ਇਕਨਾ ਮਹਿ ਗਊ ਭੈਂਸਾ ਗੋਰੂਵਾ ਖਾਤੀਆ ਹੈਂ। ਇਕਨਾ ਮਹਿ ਤੇਲੁ ਸਬੂਣੁ ਪੜਤਾ ਹੈ; ਇਕਨਾ ਸਿਉ ਮਸੁ ਸਿਆਹੀ ਪਕਤੀ ਹੈ; ਇਕਨਾ ਸਿਉ ਚਰਾਗ ਦੀਵੇ ਜਲਤੇ ਹੈਂ।"[1]

(ਅ) "ਅਬ ਸਤਿਗੁਰੂ ਬਚਨ ਕਰਦੇ ਹਨ, ਜੋ ਨਿਸ਼ਕਾਮ ਨਾਮ ਦਾਨ ਸਨਾਨ ਦਯਾ ਧਰਮ ਛਿਮਾ ਮੈਤ੍ਰੀ ਮੁਦਤਾ ਕਰੁਣਾ ਉਪੇਖਯਾ ਆਦਿ ਸੁਭ ਕਰਮ ਕਰੋ, ਪਰੰਤੂ ਫਲ ਦੀ ਇਛਾ ਨਾ ਕਰੋ।"[2]

<u>ਯੁਗ ਚਿਤਰਣ ਅਤੇ ਸਭਿਆਚਾਰ ਦਾ ਵਰਣਨ</u>

ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਮੰਨਿਆ ਜਾਂਦਾ ਹੈ। ਇਸ ਲਈ ਇਸ ਵਿਚ ਯੁਗ ਚਿਤਰਣ ਅਤੇ ਸਭਿਆਚਾਰ ਦਾ ਵਰਣਨ ਇਕ ਚੰਗਾ ਲਛਣ ਸਮਝਿਆ ਜਾਂਦਾ ਹੈ। ਆਸਾ ਦੀ ਵਾਰ ਦੇ ਟੀਕਿਆਂ ਵਿਚੋਂ ਇਸ ਗੁਣ ਨੂੰ ਪ੍ਰਦਰਸ਼ਿਤ ਕਰਨ ਵਾਲੇ ਦੋ ਵਾਰਤਕ -ਟੋਟੇ ਹੇਠਾਂ ਪ੍ਰਸਤੁਤ ਕਰਦੇ ਹਾਂ:-

---

1 ਸੋਢੀ ਮਿਹਰਬਾਨ, <u>ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ</u>, ਸੈਂਚੀ ਦੂਜੀ,1962,ਪੰਨੇ 539-40.

2 ਸਰਦੂਲ ਸਿੰਘ, <u>ਆਸਾ ਦੀ ਵਾਰ ਦੀ ਟੀਕਾ</u>, ਬਿਕ੍ਰਮੀ 1964, ਪੰਨਾ 220.

(ੳ) ਯੁਗ ਚਿਤਰਣ :

"ਆਜ ਕਲ ਅੰਗਰੇਜੀ ਸਾਲਮਦਾਰੀ ਮੈਂ ਆਮ ਲੋਗ ਅੰਗਰੇਜੀ ਪਹਿਰਾਵਾ ਪਹਿਰ ਕੇ ਖਾਣਾ ਖਾਇ ਲੀਆ ਕਈ ਰਿਆਸਤਾ ਆਪਣਾ ਧਰਮ ਨਾਸ ਕਰ ਕੁਲ ਲਿਬਾਸ ਅੰਗ੍ਰੇਜੀ ਕਰ ਲੀਆ।"[1]

(ਅ) ਸਭਿਆਚਾਰ ਦਾ ਵਰਣਨ:

"ਇਕਿ ਖਤ੍ਰੀ ਇਕ ਬ੍ਰਹਮਣ, ਇਕ ਸ੍ਯਦ ਇਕ ਬੁਖਾਰੀ, ਇਕਿ ਮੁਗਲ ਪਠਾਣ ਇਕਿ ਬਲੋਚ, ਇਕਿ ਕੰਬੋਆ ਇਕਿ ਕਾਇਸਥ, ਇਕਿ ਬਾਣੀਏ, ਇਕਿ ਜਟ, ਇਕਿ ਰਜਪੂਤ ਇਕਿ ਸਕਤੀ ਜਾਤਿ, ਇਕਿ ਲੁਹਾਰ, ਤ੍ਰਿਖਾਣਿ, ਜੁਲਾਹੇ, ਮੋਚੀ, ਇਕਿ ਚੂਹੜੇ, ਕਸਾਈ, ਤੇਲੀ, ਇਕਿ ਇਕਿ ਪੇਨੇ ਮੇਅ ਮਾਛੀ, ਮਲਾਹ, ਗਗੜੇ, ਸੁੰਨਿਆਰੇ, ਠਠਿਆਰੇ, ਕੁਮਿਆਰ, ਚਿਤੇਰੇ, ਛੀਬੇ, ਕਲਾਲ, ਗਾਂਧੀ, ਖੋਜੇ, ਧਰਾਚੇ, ਕਮਗਰ, ਸਰਾਜ, ਭਿਖਕ, ਨਾਈ, ਭਟ, ਪੰਖੀਏ, ਡੂੰਮ; ਕੰਗਰ, ਕਲਾਵਤ, ਭੰਡ, ਖੇਡਗਰ, ਸਾਹਸੀ, ਗੁਡਗੁਡੀਏ ਡਫਾ ਵਾਲੇ, ਪੀਹਾਈ, ਜਾਜਕ, ਅਨੇਕ ਅਨੇਕ ਜਾਤੀ ਸਾਹਬ ਰਚੀਆ ਹੈਨਿ, ਸੁ ਜੀਅ ਸਭਿ ਪਰਮੇਸੁਰ ਕੇ ਹੈਨਿ; ਪਰੁ ਜਿਸਿ ਜਿਸਿ ਜਾਤਿ, ਜੂਨਿ ਵਿਚਿ ਆਇ ਜਨਮਿਆ, ਓਹ ਜੀਅ ਉਸ ਕੀ ਬਾਣਿ ਲਾਗਾ ਬੋਲਣ, ਵੈਸੀ ਹੀ ਕਿਰਤਿ ਲਾਗਾ ਕਮਾਵਣ। ਸਾਈ ਸੂਰਖਾ, ਸਾਈ ਪਰਕਿਰਤਿ ਲਾਗਾ ਕਮਾਵਣਿ, ਜਿਸੁ ਜਿਸੁ ਜਾਤਿ ਮਹਿ ਆਇਆ।"[2]

## ਅਨੇਕ ਅਰਥਾਂ ਵਿਚੋਂ ਚੋਣ

ਵਿਆਖਿਆਤਮਕ ਵਾਰਤਕ ਦੇ ਲੇਖਕ ਸਾਮ੍ਹਣੇ ਮੂਲ ਪਾਠ ਵਿਚ ਆਏ ਕਿਸੇ ਸ਼ਬਦ ਦੇ ਅਨੇਕ ਅਰਥ ਪ੍ਰਸ਼ਨ-ਚਿੰਨ੍ਹ ਬਣਕੇ ਖੜੇ ਹੁੰਦੇ ਹਨ। ਉਸਨੇ ਅਨੇਕ ਅਰਥਾਂ ਵਿਚੋਂ ਸੰਭਵ ਅਰਥ/ਅਰਥਾਂ ਨੂੰ ਪੇਸ਼ ਕਰਨਾ ਹੁੰਦਾ ਹੈ। ਕਈ ਵਾਰ ਉਹ ਇਕ ਅਰਥ ਨੂੰ ਹੀ ਸਹੀ ਮੰਨਦਾ ਹੈ ਅਤੇ ਕਈ ਵਾਰ

---

1 ਭਗਵਾਨ ਸਿੰਘ, ਆਸਾ ਦੀ ਵਾਰ ਸਟੀਕ, ਸੰਮਤ ਨਾਨਕਸ਼ਾਹੀ 432, ਪੰਨਾ 210.

2 ਸੋਢੀ ਮਿਹਰਬਾਨ, ਜਨਮਸਾਖੀ ਸ਼੍ਰੀ ਗੁਰੂ ਨਾਨਕ ਦੇਵ ਜੀ, ਸੰਚੀ ਦੂਜੀ, 1969, ਪੰਨਾ 540.

ਇਕ ਤੋਂ ਵਧੇਰੇ ਅਰਥਾਂ ਨੂੰ ਵੀ ਉਹ ਪ੍ਰਸੰਗ ਅਨੁਸਾਰ ਠੀਕ ਮੰਨ ਲੈਂਦਾ ਹੈ। ਟੀਕਾਕਾਰ ਕਿਉਂਕਿ ਵਿਆਖਿਆਤਮਕ ਵਾਰਤਕ ਦੇ ਰਚਣਹਾਰੇ ਹੁੰਦੇ ਹਨ, ਇਸ ਲਈ ਉਨ੍ਹਾਂ ਨੂੰ ਕਿਸੇ ਸ਼ਬਦ ਦੇ ਅਨੇਕ ਅਰਥਾਂ ਵਿਚੋਂ ਠੀਕ/ਗਲਤ ਪ੍ਰਸੰਗਿਕ/ਅਪ੍ਰਸੰਗਿਕ ਦਾ ਨਿਰਣਾ ਕਰਨਾ ਹੀ ਪੈਂਦਾ ਹੈ। ਸੁਆਮੀ ਆਨੰਦਘਨ ਨੂੰ ਇਸ ਪ੍ਰਕ੍ਰਿਆ ਵਿਚੋਂ ਲੰਘਦਿਆਂ ਵੇਖੋ :-

> "ਨੀਚ ਸ਼ਬਦ ਕੇ ਚਾਰ ਅਰਥ ਹੈ॥ ਨੀਚ ਨਾਮ ਚੰਡਾਲੇ ਕਾ ਹੈ॥ ਚੰਡਾਲ ਕਹਾਵਣੇ ਤੇ ਤੋ ਕਿਸੀ ਕਾ ਭਲਾ ਨਹੀਂ ਹੋਤਾ। ਅਰਥ ਇਹ ਤੋ ਨਹੀਂ ਬਣਤਾ ॥ ਊਚ ਨਾਮ ਹੈ ਬਡੇ ਕਾ ਨੀਚ ਨਾਮ ਹੈ ਛੋਟੇ ਕਾ॥ ਬਡਾ ਇਸਥੂਲ ਛੋਟਾ ਸੂਖਮ॥ ਜਗਤ ਕੇ ਲੋਕ ਵਿਵੇਕੀ ਹੋਵਹਿ॥ ਸਭੀ ਲੋਕ ਆਪ ਸੇ ਆਪ ਹੀ ਕਹੈ॥ ਦੇਖੋ ਤੋ ਇਸਕੀ ਕੈਸੀ ਸੂਖਮ ਬੁਧ ਹੈ॥ ਕਹਾ ਸੇ ਵਿਵੇਕ ਕੀ ਵਾਰਤਾ ਢੂਢ ਕਰਿ ਨਿਕਾਲਤੇ ਹੈ॥ ਜੋ ਐਸੇ ਨ ਹੋਇ ਸਕਹੁ ਤੋ ਨਿਰ ਅਭਿਮਾਨ ਹੋਵਹੁ॥ ਐਸੀ ਰਹਤ ਧਾਰਣਾ ਕਰੋ॥ ਸਭੀ ਲੋਕ ਤੁਮ ਸੇ ਆਪ ਸੇ ਆਪ ਹੀ ਕਹੈ ॥ ਦੇਖੋ ਤੋ ਕੈਸੇ ਉਤਮ ਪੁਰਖ ਹੈ॥ ਇਨਕੋ ਭਜਨ ਦਾਨ ਜਪ ਤਪ ਸੰਯਮ ਵਿਦਿਆ ਕਿਸੀ ਬਾਤ ਕਾ ਹੀ ਅਭਿਮਾਨ ਨਹੀਂ ॥ ਜੋ ਐਸੇ ਭੀ ਨ ਹੋਇ ਸਕੇ ਤੋ ਆਪਣੇ ਆਪ ਕੋ ਦਾਸ ਮਾਨੋ॥ ਇਹੀ ਕਹੋ ਹਮ ਸਭ ਕੇ ਦਾਸ ਹੈਂ॥ ਸਭੀ ਹਮਾਰੇ ਸੁਆਮੀ ਹੈ॥"[1]

## ਭਾਸ਼ਾਈ ਪੱਖ

ਟੀਕਿਆਂ ਦੀ ਭਾਸ਼ਾ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਗੁਰਬਾਣੀ ਦੇ ਟੀਕਿਆਂ ਦੀ ਭਾਸ਼ਾ ਦੋ ਤਰ੍ਹਾਂ ਦੀ ਹੈ। ਇਕ ਸੰਤਾਂ ਸਾਧੂਆਂ ਦੁਆਰਾ ਕੀਤੇ ਟੀਕੇ ਹਨ ਜਿਨ੍ਹਾਂ ਦੀ ਭਾਸ਼ਾ ਨੂੰ ਸਧੁੱਕੜੀ, ਹਿੰਦਵੀ ਅਤੇ ਖੜੀ ਬੋਲੀ ਦੇ ਨਾਂ ਦਿੱਤੇ ਗਏ ਹਨ। ਦੂਸਰੇ ਟੀਕੇ ਉਹ ਹਨ ਜੋ ਸਿੰਘ ਸਭਾ ਦੇ ਰੰਗ ਵਿਚ ਰੰਗੇ ਪਛਮੀ ਗਿਆਨ ਤੋਂ ਪ੍ਰਭਾਵਿਤ ਵਿਦਵਾਨਾਂ ਨੇ ਕੀਤੇ ਜਾਂ ਆਧੁਨਿਕ ਯੁਗ

---

1 ਟੀਕਾ ਆਸਾ ਦੀ ਵਾਰ, ਪੰਨਾ 30/ਅ.

ਵਿਚ ਵਿਸ਼ਵਵਿਦਿਆਲਿਆਂ ਅਤੇ ਕਾਲਿਜਾਂ ਵਿਚ ਵਿਸ਼ੇ ਦੇ ਤੌਰ ਤੇ ਗੁਰਬਾਣੀ ਦੀ ਪੜ੍ਹਾਈ ਆਰੰਭ ਹੋਣ ਉਪਰੰਤ ਰਚੇ ਗਏ। ਇਨ੍ਹਾਂ ਟੀਕਿਆਂ ਦੀ ਭਾਸ਼ਾ ਪੰਜਾਬੀ ਹੈ।

ਜਦੋਂ ਗੁਰਬਾਣੀ ਦੇ ਟੀਕੇ ਰਚਣ ਦਾ ਆਰੰਭ ਹੋਇਆ ਭਾਵ ਸੋਢੀ ਮਿਹਰਬਾਨ ਦੇ ਪਰਮਾਰਥ ਰਚੇ ਜਾਣ ਵਾਲੇ ਕਾਲ ਵਿਚ ਸੰਤਾਂ ਸਾਧੂਆਂ ਦੁਆਰਾ ਹੀ ਧਰਮ-ਪ੍ਰਚਾਰ ਦਾ ਕੰਮ ਕੀਤਾ ਜਾਂਦਾ ਸੀ। ਇਹ ਸਾਧੂ ਸਾਰੇ ਉਤਰੀ ਭਾਰਤ ਵਿਚ ਵਿਚਾਰਾਂ ਦੇ ਆਦਾਨ ਪ੍ਰਦਾਨ ਲਈ ਇਕ ਸਾਂਝੀ ਭਾਸ਼ਾ ਦੀ ਵਰਤੋਂ ਕਰਦੇ ਸਨ ਜਿਸਨੂੰ ਆਧੁਨਿਕ ਪ੍ਰਸੰਗ ਵਿਚ ਖੜੀ ਬੋਲੀ ਦਾ ਨਾਂ ਦਿੱਤਾ ਗਿਆ ਹੈ। ਇਹ ਖੜੀ ਬੋਲੀ ਸਾਰੇ ਫਿਰਕਿਆਂ ਅਤੇ ਇਲਾਕਿਆਂ ਦੇ ਸਾਧੂਆਂ ਵਿਚਕਾਰ ਇਕ ਕੜੀ ਦਾ ਕੰਮ ਕਰਦੀ ਸੀ। ਇਸ ਬੋਲੀ ਦੇ ਧੁਰੇ ਦੁਆਲੇ ਭਿੰਨ ਖੇਤਰਾਂ ਵਿਚ ਸਥਾਨਕ ਬੋਲੀ ਤੇ ਸ਼ਬਦਾਵਲੀ ਦੀਆਂ ਪਰਤਾਂ ਚੜ੍ਹੀਆਂ ਹੋਈਆਂ ਸਨ ਕਿਉਂਕਿ ਕੋਈ ਵੀ ਸਾਧੂ ਆਪਣੀ ਮਾਤ-ਭਾਸ਼ਾ ਅਤੇ ਸਥਾਨਕ ਭਾਸ਼ਾ ਤੋਂ ਨਿਰਲੇਪ ਨਹੀਂ ਸੀ ਹੋ ਸਕਦਾ। ਖੜੀ ਬੋਲੀ ਕਿਵੇਂ ਫੈਲੀ ਇਸ ਬਾਰੇ ਸ੍ਰੀ ਸ਼ਯਾਮ ਸੁੰਦਰ ਦਾਸ ਦਾ ਵਿਚਾਰ ਹੈ:-

> "ਯਹ ਭਾਸ਼ਾ ਮੇਰਠ ਕੇ ਚਾਰੋਂ ਔਰ ਕੇ ਪ੍ਰਦੇਸ਼ ਮੇਂ ਬੋਲੀ ਜਾਤੀ ਹੈ ਔਰ ਪਹਲੇ ਵਹੀਂ ਤਕ ਇਸਕੇ ਪ੍ਰਚਾਰ ਕੀ ਸੀਮਾ ਥੀ,ਬਾਹਰ ਇਸਕਾ ਬਹੁਤ ਕਮ ਪ੍ਰਚਾਰ ਥਾ। ਪਰ ਜਬ ਮੁਸਲਮਾਨ ਇਸ ਦੇਸ ਮੇ ਬਸ ਗਏ ਔਰ ਉਨਹੋਂਨੇ ਯਹਾਂ ਅਪਨਾ ਰਾਜਯ ਸਥਾਪਿਤ ਕਰ ਲਿਯਾ,ਤਬ ਉਨਹੇਂ ਇਸ ਬਾਤ ਕੀ ਚਿੰਤਾ ਹੁਈ ਕਿ ਯਹਾਂ ਵਾਲੋਂ ਸੇ ਕਿਸ ਭਾਸ਼ਾ ਮੇਂ ਬਾਤ ਚੀਤ ਕਰੇਂ। ਦਿੱਲੀ ਮੇਂ ਮੁਸਲਮਾਨੀ ਸ਼ਾਸਨ ਕਾ ਕੇਂਦਰ ਹੋਨੇ ਕੇ ਕਾਰਣ ਉਨਹੋਂਨੇ ਮੇਰਠ ਕੀ ਭਾਸ਼ਾ ਖੜੀ ਬੋਲੀ ਕੋ ਗ੍ਰਹਣ ਕਿਯਾ ਅਤਏਵ ਮੁਸਲਮਾਨੋ ਕੀ ਉਰਦੂ (ਫੌਜੀ ਬਾਜ਼ਾਰੋਂ) ਮੇਂ ਇਸਕਾ ਵ੍ਯਵਹਾਰ ਹੋਨੇ ਲਗਾ; ਔਰ ਜਹਾਂ ਜਹਾਂ ਮੁਸਲਮਾਨ ਫੈਲਤੇ ਗਏ, ਇਸ ਭਾਸ਼ਾ ਕੋ ਅਪਨੇ ਸਾਥ ਲੇਤੇ ਗਏ। ਕ੍ਰਮਸ਼ ਇਸਮੇਂ ਅਰਬੀ ਔਰ ਫਾਰਸੀ ਕੇ ਸ਼ਬਦ ਘੁਸਨੇ ਲਗੇ।"[1]

---

1 ਸ਼ਯਾਮਸੁੰਦਰ ਦਾਸ, <u>ਹਿੰਦੀ ਭਾਸ਼ਾ ਕਾ ਵਿਕਾਸ</u>, 1971, ਪੰਨੇ 75-76.

ਪੰਡਿਤ ਚੰਦ੍ਰਧਰ ਗੁਲੇਰੀ ਦਾ ਮਤ ਹੈ:

> "ਵਿਦੇਸ਼ੀ ਮੁਸਲਮਾਨੋ ਨੇ ਆਗਰੇ, ਦਿੱਲੀ, ਸਹਾਰਨਪੁਰ, ਮੇਰਠ ਕੀ 'ਪੜੀ' ਭਾਸ਼ਾ ਕੋ 'ਖੜੀ' ਬਨਾਕਰ ਅਪਨੇ ਲਸ਼ਕਰ ਔਰ ਸਮਾਜ ਕੇ ਲਿਯੇ ਉਪਯੋਗੀ ਬਨਾਯਾ, ਕਿਸੀ ਪ੍ਰਾਂਤੀਯ ਭਾਸ਼ਾ ਸੇ ਉਨਕਾ ਪਰੰਪਰਾਗਤ ਪ੍ਰੇਮ ਨਾ ਥਾ। ਉਨਕੀ ਭਾਸ਼ਾ ਸਰਵ-ਸਾਧਾਰਣ ਕੀ ਯਾ ਰਾਸ਼ਟ੍ਰਭਾਸ਼ਾ ਹੋ ਚਲੀ, ਹਿੰਦੂ ਅਪਨੇ ਅਪਨੇ ਪ੍ਰਾਂਤ ਕੀ ਭਾਸ਼ਾ ਕੋ ਨ ਛੋੜ ਸਕੇ।"[1]

ਉਹ ਹੋਰ ਲਿਖਦੇ ਹਨ:

> "ਖੜੀ ਬੋਲੀ ਨੇ ਮੁਸਲਮਾਨੀ ਰਾਜਾਸ਼੍ਰਯ ਪਾਕਰ ਉੱਨਤੀ ਕੀ ਔਰ ਉਸਕਾ ਪ੍ਰਚਾਰ ਚਾਰੋਂ ਔਰ ਫੈਲਾ ਤਥਾ ਮੁਸਲਮਾਨੋ ਕੀ ਕ੍ਰਿਪਾ ਕੇ ਹੀ ਕਾਰਣ ਹਿੰਦੀ ਕੇ ਇਸ ਖੜੀ ਬੋਲੀ ਰੂਪ ਕਾ ਇਤਨਾ ਮਹਤ੍ਵ ਹੂਆ।"[2]

ਪਰ ਡਾ. ਰਤਨ ਸਿੰਘ ਜੱਗੀ ਦਾ ਵਿਚਾਰ ਹੈ ਕਿ ਖੜੀ ਬੋਲੀ ਦਾ ਵਿਕਾਸ ਮੇਰਠ ਤੋਂ ਹੋਰ ਪਾਸਿਆਂ ਵਲ ਨਹੀਂ ਹੋਇਆ ਸਗੋਂ ਇਹ ਪੰਜਾਬ ਤੋਂ ਦੂਜੇ ਇਲਾਕਿਆਂ ਵਲ ਫੈਲੀ ਹੈ। ਉਹ ਲਿਖਦੇ ਹਨ:-

> "ਹਿੰਦਵੀ ਭਾਸ਼ਾ ਦਾ ਮੂਲ ਜਨਮ ਸਥਾਨ ਪੰਜਾਬ ਸੀ ਪਰ ਮੁਸਲਮਾਨਾਂ ਦੇ ਭਾਰਤ ਵਿਚ ਅਗੇ ਵਧ ਜਾਣ ਨਾਲ ਇਸਦਾ ਧੁਰਾ ਵੀ ਖਿਸਕਦਾ ਖਿਸਕਦਾ ਗੰਗਾ ਜਮਨਾ ਦੇ ਕੰਢੇ ਜਾ ਟਿਕਿਆ ਅਤੇ ਆਧੁਨਿਕ ਸੰਦਰਭ ਵਿਚ ਇਸਨੂੰ ਖੜੀ ਬੋਲੀ ਦਾ ਨਾਂ ਦਿੱਤਾ ਗਿਆ।"[3]

ਉਪਰੋਕਤ ਵਿਚਾਰਾਂ ਤੋਂ ਸਪਸ਼ਟ ਹੈ ਕਿ ਮਤਭੇਦ ਹੁੰਦਿਆਂ ਵੀ ਵਿਦਵਾਨ ਕੁਝ ਨੁਕਤਿਆਂ ਬਾਰੇ ਇਕ-ਮਤ ਹਨ। ਉਹ ਨੁਕਤੇ ਹਨ :-

1. ਖੜੀ ਬੋਲੀ ਮੁਸਲਮਾਨਾਂ ਰਾਹੀਂ ਦੂਰ ਦੂਰ ਤਕ ਫੈਲੀ।
2. ਖੜੀ ਬੋਲੀ ਨੂੰ ਮੁਸਲਮਾਨਾਂ ਦੇ ਰਾਜ ਦਾ ਆਸਰਾ ਮਿਲਿਆ।
3. ਖੜੀ ਬੋਲੀ ਨੂੰ ਜਨ-ਸਾਧਾਰਣ ਨੇ ਵਿਚਾਰਾਂ ਦੇ ਆਦਾਨ-ਪ੍ਰਦਾਨ ਲਈ ਪ੍ਰਵਾਣ ਕੀਤਾ।

---

1 ਸ਼ਯਾਮ ਸੁੰਦਰ ਦਾਸ, ਹਿੰਦੀ ਭਾਸ਼ਾ ਕਾ ਵਿਕਾਸ, 1971, ਪੰਨਾ 80 ਉਤੇ ਉਧਰਿਤ।

2 ਉਹੀ, ਪੰਨਾ 81.

3 ਪੁਰਾਤਨ ਪੰਜਾਬੀ ਵਾਰਤਕ, 1984, ਪੰਨਾ 95.

ਸਿੱਟਾ ਇਹ ਹੋਇਆ ਕਿ ਸੰਤਾਂ ਸਾਧੂਆਂ, ਜਿਨ੍ਹਾਂ ਦਾ ਉਦੇਸ਼ ਹਰ ਮਜ਼੍ਹਬ, ਜਾਤੀ ਤੇ ਇਲਾਕੇ ਦੇ ਲੋਕਾਂ ਤਕ ਧਰਮ ਦਾ ਸੰਦੇਸ਼ ਪਹੁੰਚਾਣਾ ਸੀ, ਨੇ ਇਸ ਭਾਸ਼ਾ ਨੂੰ ਆਪਣੇ ਵਿਚਾਰਾਂ ਦੇ ਪ੍ਰਗਟਾਅ ਦਾ ਮਾਧਿਅਮ ਬਣਾ ਲਿਆ। ਸੰਤਾਂ ਸਾਧੂਆਂ ਨੇ ਆਪਣੀਆਂ ਲਿਖਤਾਂ ਨੂੰ ਇਸ ਬੋਲੀ ਵਿਚ ਲਿਖਿਆ ਜਿਸ ਕਰਕੇ ਇਸਦੇ ਇਕ ਸਾਹਿਤਕ ਰੂਪ ਦੀ ਨੀਂਹ ਬੱਝ ਗਈ।

ਇਸ ਦੇ ਸਾਹਿਤਕ ਰੂਪ ਵਲ ਡਾ. ਹਰਦੇਵ ਬਾਹਰੀ ਨੇ ਵੀ ਇਸ਼ਾਰਾ ਕੀਤਾ ਹੈ। ਉਹ ਲਿਖਦੇ ਹਨ:-

> "ਏਕ ਓਰ ਮੁਰਾਦਾਬਾਦ ਸੇ ਅੰਬਾਲਾ ਤਕ ਕੇ ਸੀਮਿਤ ਕਸ਼ੇਤ੍ਰ ਕੀ ਬੋਲੀ ਯਾ ਜਨ ਭਾਸ਼ਾ ਕੋ ਖੜੀ ਬੋਲੀ ਕਹਾ ਜਾ ਰਹਾ ਹੈ, ਦੂਸਰੀ ਓਰ ਸਾਰੇ ਉੱਤਰੀ ਭਾਰਤ ਕੀ ਸਾਮਾਨ੍ਯ ਬੋਲ ਚਾਲ ਕੀ ਭਾਸ਼ਾ ਕੋ ਭੀ ਖੜੀ ਬੋਲੀ ਕਹਤੇ ਹੈਂ ਜਿਸਕਾ ਏਕ ਸਾਹਿਤ੍ਯਕ ਰੂਪ ਭੀ ਹੈ। ਹਮ ਇਸ ਪਿਛਲੇ ਅਰਥ ਮੇਂ ਇਸ ਨਾਮ ਕੋ ਸ੍ਵੀਕਾਰ ਕਰਨੇ ਕੇ ਪਕਸ਼ ਮੇਂ ਹੈਂ।"[1]

ਇਸ ਖੜੀ ਬੋਲੀ ਦੇ ਪੁਰਾਤਨ ਨਮੂਨੇ, ਜੋ ਵਿਦਵਾਨਾਂ ਨੇ ਲੱਭੇ ਹਨ, ਉਨ੍ਹਾਂ ਨੂੰ ਸਾਮ੍ਹਣੇ ਰੱਖ ਕੇ ਹੀ ਗੁਰਬਾਣੀ ਦੇ ਟੀਕਿਆਂ ਦੀ ਭਾਸ਼ਾ ਨੂੰ ਇਸ ਨਾਲ ਮੇਲਿਆ ਜਾ ਸਕਦਾ ਹੈ। ਅਮੀਰ ਖੁਸਰੋ, ਜਿਸ ਦਾ ਸਮਾਂ ਡਾ. ਨਾਮਵਰ ਸਿੰਘ ਨੇ 1253 ਤੋਂ 1325 ਈ. ਦਿੱਤਾ ਹੈ[2], ਦੀ ਬੋਲੀ ਨੂੰ ਡਾ. ਨਾਮਵਰ ਸਿੰਘ ਅਤੇ ਸ੍ਰੀ ਸ਼੍ਯਾਮਸੁੰਦਰ ਦਾਸ ਦੋਹਾਂ ਨੇ ਖੜੀ ਬੋਲੀ ਮੰਨਿਆ ਹੈ। ਉਸਦੀ ਕਵਿਤਾ ਦਾ ਨਮੂਨਾ ਹੇਠਾਂ ਦਿੰਦੇ ਹਾਂ:-

"ਟੱਟੀ ਤੋੜ ਕੇ ਘਰ ਮੇਂ ਆਯਾ।
ਅਰਤਨ ਬਰਤਨ ਸਬ ਸਰਕਾਯਾ।
ਖਾ ਗਯਾ, ਪੀ ਗਯਾ, ਦੇ ਗਯਾ ਬੁੱਤਾ।
ਏ ਸਖਿ ! ਸਾਜਨ ? ਨਾ ਸਖਿ ਕੁੱਤਾ।
ਸ਼੍ਯਾਮ ਬਰਨ ਕੀ ਹੈ ਏਕ ਨਾਰੀ।
ਮਾਥੇ ਊਪਰ ਲਾਗੀ ਪ੍ਯਾਰੀ।

---

1 ਗ੍ਰਾਮੀਣ ਹਿੰਦੀ ਬੋਲਿਯਾਂ, 1966, ਪੰਨਾ 41.

ਜੋ ਮਾਨੁਸ ਇਸ ਅਰਥ ਕੋ ਖੋਲੈ ।
ਕੁੱਤੇ ਕੀ ਵਹ ਬੋਲੀ ਬੋਲੈ ।"[1]

ਅਮੀਰ ਖੁਸਰੋ ਦੇ ਪੱਦਬਧ ਸ਼ਬਦ ਕੋਸ਼ 'ਖਾਲਿਕ-ਏ-ਬਾਰੀ' ਵਿਚਲੇ ਕੁਝ ਵਾਕ ਇਉਂ ਹਨ :

"ਦੋਸ਼ ਕਾਲੁ ਰਾਤ ਜੋ ਗਈ। ਇਮਸ਼ਬ ਆਜ ਰਾਤ ਜੋ ਭਈ ।

...

ਭੁਰਾ ਬਗੁਫ਼ਤਮ ਮੈਂ ਤੁਝ ਕਹਯਾ । ਕੁਜਾ ਬਮਾਂਦੀ ਤੂ ਕਿਤ ਰਹਯਾ।

...

ਦਰਿਯਾ ਬਹਰ ਸਮੁੰਦਰ ਕਹਿਏ ਜਾਕੀ ਨਾਹੀਂ ਥਾਹ ।

...

ਬੇਦਾਰ ਬਦਾਂ ਕਿ ਜਾਗਤਾ ਹੈ। ਹਮ ਖ਼ੁਫ਼ਤਹ ਬਦਾਂ ਕਿ ਸੋਵਤਾ ਹੈ।"[2]

ਅਮੀਰ ਖੁਸਰੋ ਦੀ ਇਸ ਰਚਨਾ ਵਿਚਲੇ ਨਮੂਨਿਆਂ ਵਿਚ ਹੇਠ ਲਕੀਰੇ ਸ਼ਬਦਾਂ ਤੋਂ ਉਸ ਕਾਲ ਦੀ ਖੜੀ ਬੋਲੀ ਦੇ ਹੇਠ ਲਿਖੇ ਲਛਣ ਉਭਰਦੇ ਦਿਖਾਈ ਦਿੰਦੇ ਹਨ:-

1- ਪੰਜਾਬੀ ਦੇ ਸੰਬੰਧਕ "ਦਾ, ਦੇ, ਦੀ, ਵਿਚ" ਦੀ ਬਜਾਇ ਖੜੀ ਬੋਲੀ ਵਿਚ "ਕਾ, ਕੇ, ਕੀ, ਮੇਂ" ਸੰਬੰਧਕ ਵਰਤੇ ਜਾਂਦੇ ਸਨ।

2- ਪੰਜਾਬੀ ਵਿਚਲੇ ਬਲਯੁਕਤ ਹ੍ਰਸਵ ਸੁਰ ਦੀ ਥਾਂ ਖੜੀ ਬੋਲੀ ਵਿਚ ਦੀਰਘ ਸੁਰ ਵਰਤੇ ਜਾਂਦੇ ਸਨ ਜਿਵੇਂ "ਇੱਕ, ਮੱਥੇ, ਉੱਪਰ, ਲੱਗੇ, ਅੱਜ" ਦੀ ਥਾਂ "ਏਕ, ਮਾਥੇ, ਊਪਰ, ਲਾਗੇ, ਆਜ ।"

3- ਕ੍ਰਿਆ ਦਾ ਵਰਤਮਾਨ ਕ੍ਰਿਦੰਤ ਰੂਪ "ਦਾ, ਦੇ" ਲਾ ਕੇ ਬਣਉਣ ਦੀ ਬਜਾਏ "ਤਾ, ਤੇ" ਲਾ ਕੇ ਬਣਾਇਆ ਜਾਂਦਾ ਸੀ ਜਿਵੇਂ "ਜਾਗਦਾ ਹੈ, ਸੌਂਵਦਾ ਹੈ" ਦੀ ਬਜਾਏ "ਜਾਗਤਾ ਹੈ, ਸੋਵਤਾ ਹੈ।"

4- ਭੂਤ ਕ੍ਰਿਦੰਤ ਪੁਲਿੰਗ ਇਕ ਵਚਨ ਵਿਚ "ਆ" ਪ੍ਰਤਯ ਤੋਂ ਪਹਿਲਾਂ "ਯ" ਸ਼ਰੁਤੀ ਦਾ ਸੁਣਾਈ ਦੇਣਾ ਜਿਵੇਂ ਕਹਯਾ, ਰਹਯਾ (ਕਹਿਆ, ਰਹਿਆ)। ਹਿੰਦੀ ਵਿਚ "ਕਹਾ, ਰਹਾ" ਹੈ।[3]

---

1 ਸ਼ਯਾਮਸੁੰਦਰ ਦਾਸ, ਹਿੰਦੀ ਭਾਸ਼ਾ ਕਾ ਵਿਕਾਸ, 1971, ਪੰਨੇ 78-79 ਤੇ ਉਧਰਿਤ। ਸ਼ਬਦਾਂ ਹੇਠ ਲਕੀਰਾਂ ਸੁਵਿਧਾ ਲਈ ਅਸਾਂ ਆਪ ਲਾਈਆਂ ਹਨ।

2 ਅਮੀਰ ਖੁਸਰੋ, ਖਾਲਿਕ-ਏ-ਬਾਰੀ, ਮਤਬਾ-ਏ-ਅਹਿਮਦੀ ਦੇਹਲੀ- ਮੋਹਤਮਮ ਅਹਿਮਦ ਹਸਨ ਖਾਂ, ਹਿਜਰੀ 1298, ਪੰਨੇ 2,8.

3 ਡਾ. ਹਰਦੇਵ ਬਾਹਰੀ ਨੇ ਖੜੀ ਬੋਲੀ ਦੇ ਇਸ ਲਛਣ ਨੂੰ ਆਪਣੀ ਪੁਸਤਕ 'ਗ੍ਰਾਮੀਣ ਹਿੰਦੀ ਬੋਲਿਆਂ' ਦੇ ਪੰਨੇ 49-50 ਉਤੇ ਵਿਸਤਾਰਪੂਰਵਕ ਬਿਆਨ ਕੀਤਾ ਹੈ।

ਆਸਾ ਦੀ ਵਾਰ ਦੇ ਪ੍ਰਥਮ ਵਾਰਤਕ ਟੀਕੇ ( ਸੋਢੀ ਮਿਹਰਬਾਨ ਦੇ ਪਰਮਾਰਥਾਂ ) ਵਿਚ ਖੜੀ ਬੋਲੀ ਦੀ ਰੌ ਲਗਪਗ ਹਰ ਪਰਮਾਰਥ ਵਿਚ ਵਿਦਮਾਨ ਹੈ ਪਰ ਕੁਝ ਪਰਮਾਰਥਾਂ ਵਿਚ ਇਹ ਬਹੁਤ ਸਪਸ਼ਟ ਰੂਪ ਵਿਚ ਉਭਰ ਕੇ ਸਾਮ੍ਹਣੇ ਆਈ ਹੈ। ਅਜਿਹੀ ਇਕ ਉਦਾਹਰਣ ਹੇਠਾਂ ਪ੍ਰਸਤੁਤ ਕਰਦੇ ਹਾਂ :-

> "ਜਿਤਨਾ ਏਹ ਲਿਖਤੇ ਪੜ੍ਹਤੇ ਹੈ ਏਤਨਾ ਹੀ ਏਸ ਕਉ ਧੋਖਾ ਹੈ, ਅਰੁ ਜਿਤਨਾ ਏਹ ਤਟ ਤੀਰਥ ਭ੍ਵਤਾ ਹੈ ਤਿਤਨਾ ਏਹੁ ਲ੍ਵਤਾ ਹੈ ਅਰ ਭ੍ਵਤਾ ਹੈ। ਜਿਤਨੇ ਭੇਖ ਕਰਤਾ ਹੈ, ਦੇਹੀ ਕਉ ਦੁਖ ਦੇਤਾ ਹੈ, ਆਪਣੇ ਜੀਅ ਦੁਖੁ ਸਹਤਾ ਹੈ। ਹੋਰ ਕੰਦ ਮੂਲੁ ਖਾਤੇ ਹੈ ਅਰੁ ਸਿਰ ਮਹਿ ਧੂੜਿ ਬਾਹਤੇ ਹੈ। ਅੰਨ ਨਾਹੀ ਖਾਤੇ ਸਿ ਏਨ ਏਤਨੇ ਦਿਨ ਨਾਹੀ ਬੀਜਿਆ, ਸਿ ਅੰਨੁ ਜਿ ਮਨਹਿ ਹੋਤਾ ਹੈ। ਦੂਜੇ ਭਾਇ ਕਰਿ ਕਰਿ ਏਹੁ ਦੁਖੁ ਏਸ ਕਉ ਪਹੁਚਤਾ ਹੈ ਅਰ ਬਸਤ੍ਰ ਨਾਹੀ ਪਹਰਤਾ, ਕ੍ਰੋਧ ਹੀ ਬੀਚਿ ਰਹਤਾ ਹੈ, ਤਉ ਕਿਆ ਹੂਆ ਜਬ ਕ੍ਰੋਧ ਨਾ ਮਿਟਿਆ, ਤੈਸਾ ਨਾਗਾ ਤੈਸਾ ਢਕਿਆ ਮੋਨਿ ਰਹਤਾ ਹੈ ਅਰੁ ਅੰਤਰਿ ਕੀ ਧਾਤੁ ਨਾਹੀ ਮਿਟੀ ਤਉ ਕਿਸੁ ਕਾਮਿ ਹੈ ? ਜੇ ਮੋਨਿ ਰਹਿਆ, ਗੁਰੂ ਨਾਹੀ ਮਿਲਿਆ ਜਿ ਏਸ ਨੋ ਚੇਤੰਨੁ ਕਰੈ।"[1]

ਖੜੀ ਬੋਲੀ ਦੇ ਪਹਿਲਾਂ ਪਛਾਣੇ ਗਏ ਲਛਣਾਂ ਅਨੁਸਾਰ ਉਪਰੋਕਤ ਨਿਮਨਲਕੀਰੇ ਸ਼ਬਦਾਂ ਦਾ ਵਰਗੀਕਰਣ ਇਸ ਪ੍ਰਕਾਰ ਬਣਦਾ ਹੈ :-

| ਲੱਛਣ 1 | ਲੱਛਣ 2 | ਲਛਣ 3 | ਲੱਛਣ 4 |
|---|---|---|---|
| ਕੀ | ਬੀਚਿ | ਲਿਖਤੇ | ਮਿਟਿਆ |
| | ਨਾਗਾ | ਪੜ੍ਹਤੇ | ਢਕਿਆ |
| | ਕਾਮਿ | ਭ੍ਵਤਾ | ਰਹਿਆ |
| | | ਲ੍ਵਤਾ | ਮਿਲਿਆ |
| | | ਕਰਤਾ | |
| | | ਦੇਤਾ | |
| | | ਸਹਤਾ | |
| | | ਖਾਤੇ | |
| | | ਬਾਹਤੇ | |
| | | ਪਹੁਚਤਾ | |
| | | ਪਹਰਤਾ | |
| | | ਰਹਤਾ | |

1 ਸੋਢੀ ਮਿਹਰਬਾਨ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੈਂਚੀ ਪਹਿਲੀ, 1962, ਪੰਨਾ 131.

ਉਪਰੋਕਤ ਵਾਰਤਕ-ਟੋਟੇ ਵਿਚ ਕ੍ਰਿਆਵਾਂ ਖੜੀ ਬੋਲੀ ਦੀਆਂ ਹਨ ਪਰ ਪਰਮਾਰਥਾਂ ਵਿਚ ਹੋਰ ਕਈ ਥਾਵਾਂ ਤੇ ਖੜੀ ਬੋਲੀ ਦੀਆਂ ਕ੍ਰਿਆਵਾਂ ਦੇ ਨਾਲ ਨਾਲ ਪੰਜਾਬੀ ਦੀਆਂ ਕ੍ਰਿਆਵਾਂ ਵੀ ਮਿਲਦੀਆਂ ਹਨ ਜਿਵੇਂ ਕਿ ਨਿਮਨ ਲਿਖਿਤ ਵਾਰਤਕ-ਟੋਟੇ ਤੋਂ ਸਪਸ਼ਟ ਹੁੰਦਾ ਹੈ :-

> "ਏਹੁ ਜੀਉ ਜਿ ਹੈ ਸੋ ਪਰਮੇਸੁਰ ਕਾ ਹੈ। ਜਦਿ ਓਹੁ <u>ਦੇਂਦਾ</u> ਹੈ ਤਬ ਏਹੁ <u>ਖਾਂਦਾ</u> ਹੈ। ਜਬ ਏਹੁ ਸਮਝੈ ਕਿ ਜੀਉ ਪਿੰਡੁ ਸਭ ਪਰਮੇਸੁਰ ਕਾ ਹੈ ਜਬ <u>ਦੇਤਾ</u> ਹੈ ਤਬ <u>ਖਾਤਾ</u> ਹੈ, ਤਬ ਇਤਨੇ ਸਮਝਣੇ ਵਿਚਿ ਏਹੁ ਸਿਰਖਰੂ <u>ਹੋਤਾ</u> ਹੈ। ਜਦਿ ਇਨਿ ਜਾਣਿਆ ਜਿ ਹਉ ਹੀ <u>ਖਟਦਾ</u> ਹਾਂ, ਹਉ ਹੀ <u>ਖਾਂਦਾ</u> ਹਾਂ, ਏਹੀ ਮੇਰੀ ਹਉ ਹੀ ਰਾਜਾ ਹਾਂ, ਕਉਣੁ ਪਰਮੇਸੁਰੁ ਕਉਣੁ ਸਾਹਿਬ, ਰਾਜਾ ਹਉ, ਇਤਨੇ ਸਮਝਣੇ ਵਿਚਿ ਨਰਕਿ ਏਹੁ <u>ਜਾਤਾ</u> ਹੈ, ਨਿਦਾਨ ਭਉ ਮਰਣਾ ਹੈ।"[1]

ਕ੍ਰਿਆਵਾਂ ਦੀ ਦ੍ਰਿਸ਼ਟੀ ਤੋਂ ਉਪਰੋਕਤ ਨਿਮਨ-ਲਕੀਰੇ ਸ਼ਬਦਾਂ ਦਾ ਵਰਗੀਕਰਣ ਇਸ ਪ੍ਰਕਾਰ ਬਣਦਾ ਹੈ :-

| <u>ਖੜੀ ਬੋਲੀ ਦੀਆਂ ਕ੍ਰਿਆਵਾਂ</u> | <u>ਪੰਜਾਬੀ ਦੀਆਂ ਕ੍ਰਿਆਵਾਂ</u> |
|---|---|
| ਦੇਤਾ | ਦੇਂਦਾ |
| ਖਾਤਾ | ਖਾਂਦਾ |
| ਹੋਤਾ | ਖਟਦਾ |
| ਜਾਤਾ | |

ਉਪਰੋਕਤ ਵਾਰਤਕ-ਟੋਟੇ ਤੋਂ ਸਪਸ਼ਟ ਹੈ ਕਿ ਸਮੇਂ ਦੀ ਰੌਂ ਦੇ ਅਨੁਸਾਰ ਸਧੁੱਕੜੀ ਨੂੰ ਅਪਨਾਉਣ ਦੇ ਯਤਨ ਦੇ ਬਾਵਜੂਦ ਜਦੋਂ ਲੇਖਕ ਥੋੜਾ ਜਿਹਾ ਅਵੇਸਲਾ ਹੁੰਦਾ ਹੈ ਤਾਂ ਉਸ ਦੀ ਮਾਤ-ਭਾਸ਼ਾ ਪੰਜਾਬੀ ਸਿਰ ਚੁਕਣਾ ਸ਼ੁਰੂ ਕਰ ਦਿੰਦੀ ਹੈ।

ਇਨ੍ਹਾਂ ਪਰਮਾਰਥਾਂ ਵਿਚ ਪੰਜਾਬੀ ਦੀ ਉਪ-ਭਾਸ਼ਾ ਲਹਿੰਦੀ[2] ਦੀ ਵੀ ਕਾਫ਼ੀ ਮਿਸ ਮਿਲਦੀ ਹੈ। ਕੁਝ ਵਾਕ ਹੇਠਾਂ ਪ੍ਰਸਤੁਤ ਕਰਦੇ ਹਾਂ :-

---

1 ਸੋਢੀ ਮਿਹਰਬਾਨ, <u>ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ</u>, ਸੈਂਚੀ ਪਹਿਲੀ, 1962, ਪੰਨਾ 499.

2 ਡਾ. ਗ੍ਰੀਅਰਸਨ ਨੇ ਪੰਜਾਬੀ ਅਤੇ ਲਹਿੰਦਾ ਨੂੰ ਵਖਰੀਆਂ ਭਾਸ਼ਾਵਾਂ ਕਰਾਰ ਦਿੱਤਾ ਸੀ। ਡਾ. ਸੁਨੀਤੀ ਕੁਮਾਰ ਚੈਟਰਜੀ ਨੇ ਇਨ੍ਹਾਂ ਨੂੰ ਵਖਰੀਆਂ ਭਾਸ਼ਾਵਾਂ ਤਾਂ ਮੰਨਿਆ ਹੈ ਪਰ ਇਕੋ ਵਰਗ ਵਿਚ ਰਖਿਆ ਹੈ। ਪੰਜਾਬੀ ਦੇ ਆਧੁਨਿਕ ਵਿਦਵਾਨ ਜਿਵੇਂ ਡਾ. ਪ੍ਰੇਮ ਪ੍ਰਕਾਸ਼ ਸਿੰਘ ਅਤੇ ਡਾ. ਦਰਸ਼ਨ ਸਿੰਘ ਨੇ ਇਹ ਸਿੱਧ ਕੀਤਾ ਹੈ ਕਿ ਲਹਿੰਦਾ ਪੰਜਾਬੀ ਦੀ ਉਪ-ਭਾਸ਼ਾ ਹੈ।
—ਡਾ. ਦਰਸ਼ਨ ਸਿੰਘ, <u>ਪੰਜਾਬੀ ਭਾਸ਼ਾ</u>, 1967, ਪੰਨੇ 18-93.

1 "ਏਸ ਦਾ ਧਰਮ ਏਤ ਕਪਾਹਿ ਦੇ ਸੂਤਿ ਵਟਿ ਘਤਿਆ ਨਾਹੀ ਰਹਦਾ।"[1]

2 "ਏਹੁ ਲਿਸੈ ਧਾਗੇ ਦਾ ਤਗੁ ਹੈ।"[2]

3 "ਏਹੁ ਜਲੈ ਤਾ ਹੀ ਘੜੂ ਜਾਂ ਤੁਟੈ ਨਾਹੀ।"[3]

4 "ਜੇ ਚਾਰਿ ਦਿਨਿ ਜਰਵਾਣਾ ਛਡਦਾ ਹੈ ਤਾਂ ਜਰੁ ਭੋਰਿ ਘਤਦੀ ਹੈ, ਦੇਹੀ ਭੁਰਿ ਪੜਦੀ ਹੈ।"[4]

5 "ਤਿਨਾ ਦਾ ਤਪਾਵਸੁ ਸਾਹਿਬੁ ਕਿਉਂ ਕਰਿ ਕਰੇਸੀ?"[5]

ਲਹਿੰਦੀ ਦੀ ਇਕ ਹੋਰ ਵਿਸ਼ੇਸ਼ਤਾ ਕ੍ਰਿਆ ਦੇ ਨਾਲ ਸਰਵਨਾਂਵੀਂ ਪ੍ਰਤਯ ਜੁੜੇ ਹੋਣਾ ਹੈ।[6] ਇਸ ਦ੍ਰਿਸ਼ਟੀ ਤੋਂ ਪਰਮਾਰਥਾਂ ਵਿਚਲੇ ਸ਼ਬਦ ਕੀਤੋਨੁ, ਬਧਾਨੁ, ਪਹਿਰਾਇਸੁ ਆਦਿ ਦੇਖਣ ਯੋਗ ਹਨ।

ਕੀਤੋਨੁ = ਉਸ ਨੇ ਕੀਤਾ

ਬਧਾਨੁ = ਉਸ ਨੇ ਬਧਾ

ਪਹਿਰਾਇਸੁ = ਉਸ ਨੇ ਪਹਿਰਾਇਆ

ਆਸਾ ਦੀ ਵਾਰ ਦੇ ਪਰਮਾਰਥਾਂ ਵਿਚ ਇਕ ਥਾਂ ਬ੍ਰਜੀ ਦਾ ਰੰਗ ਵੀ ਮਿਲਦਾ ਹੈ। ਬ੍ਰਜੀ ਦੀ ਇਕ ਵਿਸ਼ੇਸ਼ਤਾ ਸ਼ਬਦਾਂ ਦਾ "ਓ" ਅੰਤਕ ਹੋਣਾ ਹੈ। ਇਹ ਲੱਛਣ ਨਿਮਨ-ਲਿਖਤ ਵਾਕ ਵਿਚ ਵੇਖਿਆ ਜਾ ਸਕਦਾ ਹੈ :-

"ਕਪੜਾ ਕੋਰੋ ਕੋਰਾ ਫਿਰਿ ਨਿਕਸੈ, ਨ ਰੰਗੋ ਹੀ ਉਸ ਨੋ
ਚੜੈ ਨ ਉਸ ਨੋ ਸੋਇ ਉਜਲੇ ਦੀ ਹੋਇ, ਨ ਰੰਗੋ ਨ ਸੋਏ
ਕੋਰੇ ਨੋ, ਦੋਵੈ ਗਲਾਂ ਹੋਈਓ।"[7]

ਇਨ੍ਹਾਂ ਪਰਮਾਰਥਾਂ ਵਿਚ ਫ਼ਾਰਸੀ/ਅਰਬੀ ਮੂਲ ਦੇ ਵੀ ਕਈ ਸ਼ਬਦ ਪ੍ਰਾਪਤ ਹਨ। ਉਦਾਹਰਣ ਵਜੋਂ, ਖੁਦ, ਹਜੂਰਿ, ਦੋਜਕਿ, ਹਕੁ, ਖਬਰ, ਸਰੀਅਤਿ, ਹਕੀਕਤਿ, ਮਾਰਫਤਿ, ਹਿਸਾਬੁ, ਨਜਰਿ, ਗਰੀਬ, ਹੁਕਮੁ, ਨੇਕੀ, ਬਦੀ ਆਦਿ ਸ਼ਬਦ ਅਰਬੀ ਮੂਲ ਦੇ ਹਨ ਅਤੇ ਬਹਿਸਤਿ, ਦਰਗਾਹ ਪੈਦਾਇਸ, ਸਾਹ, ਪਾਤਿਸਾਹ, ਪਰਵਰਦਗਾਰੁ, ਮਿਹਰ ਆਦਿ ਸ਼ਬਦ ਫ਼ਾਰਸੀ ਮੂਲ ਦੇ ਹਨ।

---

1 ਸੋਢੀ ਮਿਹਰਬਾਨ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੈਂਚੀ ਪਹਿਲੀ, 1962, ਪੰਨਾ 21.
2 ਉਹੀ।
3 ਉਹੀ।
4 ਉਹੀ, ਪੰਨਾ 499.
5 ਉਹੀ, ਪੰਨਾ 501.
6 ਡਾ. ਪਿਆਰ ਸਿੰਘ, "ਪੰਜਾਬੀ ਗੱਦ", ਪੰਜਾਬੀ ਸਾਹਿਤ ਦਾ ਇਤਿਹਾਸ (ਮੱਧ ਕਾਲ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਨਾ 9.
7 ਸੋਢੀ ਮਿਹਰਬਾਨ, ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੈਂਚੀ ਪਹਿਲੀ, 1962, ਪੰਨਾ 386.

ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਜੀ ਨੇ ਸੋਢੀ ਮਿਹਰਬਾਨ ਵਾਲੀ ਜਨਮਸਾਖੀ ਵਿਚਲੇ ਸ਼ਬਦਾਂ ਦੀ ਇਕ ਹੋਰ ਸ਼੍ਰੇਣੀ ਵਰਣਨ ਕੀਤੀ ਹੈ। ਉਹ ਲਿਖਦੇ ਹਨ :-"ਜਨਮਸਾਖੀ ਦੇ ਕ੍ਰਿਆ ਰੂਪਾਂ ਦੇ ਅਧਿਐਨ ਤੋਂ ਇਉਂ ਲਗਦਾ ਹੈ ਕਿ ਕਰਤਾ ਲਿਖਣ ਵੇਲੇ ਸਥਾਨਕ ਪੰਜਾਬੀ ਕ੍ਰਿਆਵਾਂ ਦਾ ਮੁੱਢ ਬੰਨ੍ਹ ਲੈਂਦਾ ਹੈ ਪਰੰਤੂ ਦੂਜੇ ਪਲ ਇਕ ਦਮ ਉਹ ਸਾਧ ਭਾਸ਼ਾ ਅਤੇ ਖੜੀ ਬੋਲੀ ਪਰੰਪਰਾ ਹੇਠ ਦਬ ਜਾਂਦਾ ਹੈ, ਨਤੀਜਾ ਇਹ ਹੁੰਦਾ ਹੈ ਕਿ ਕ੍ਰਿਆ ਰੂਪ ਨ ਤਾਂ 'ਪਾਤਾ ਹੈ' ਖੜੀ ਰੂਪ ਰਹਿੰਦਾ ਹੈ ਨ ਹੀ 'ਪਾਈਦਾ ਹੈ' ਪੰਜਾਬੀ ਰੂਪ ਬਣਦਾ ਹੈ ਸਗੋਂ ਦੁਰੂਪ ~~ਰਹਿੰਦਾ~~ (Hybrid ) ਹੋ ਨਿਬੜਦਾ ਹੈ ਜਿਵੇਂ 'ਪਾਈਤਾ ਹੈ'।[1] ਜਨਮਸਾਖੀ ਵਿਚਲੇ ਆਸਾ ਦੀ ਵਾਰ ਦੇ ਪਰਮਾਰਥਾਂ ਵਿਚ ਵੀ ਇਸ ਪ੍ਰਕਾਰ ਦੁਰੂਪੇ ਸ਼ਬਦ ਮਿਲਦੇ ਹਨ ਜਿਵੇਂ ਜਲਾਈਤੇ, ਲਿਖੀਤੀ, ਪਕੜੀਤਾ, ਮਾਰੀਤਾ, ਸੁਣੀਤਾ, ਬਾਹੀਤਾ ਆਦਿ।

ਇਨ੍ਹਾਂ ਪਰਮਾਰਥਾਂ ਦੇ ਅਧਿਐਨ ਤੋਂ ਇਹ ਵੀ ਪਤਾ ਲਗਦਾ ਹੈ ਕਿ ਵਾਰਤਕ ਦਾ ਸੰਜੋਗਾਤਮਕ ਰੂਪ ਅਜੇ ਆਪਣੀ ਪਕੜ ਬਣਾਈ ਬੈਠਾ ਸੀ ਅਤੇ ਵਿਭਕਤੀਆਂ ਤੋਂ ਸੰਬੰਧਕਾਂ ਦਾ ਕੰਮ ਲਿਆ ਜਾ ਰਿਹਾ ਸੀ ਜਿਵੇਂ ਕਿ ਨਿਮਨ-ਲਿਖਿਤ ਵਾਕਾਂ ਤੋਂ ਪਤਾ ਚਲਦਾ ਹੈ :-

1 "ਤਬ ਗੁਰੂ ਬਾਬੇ ਨਾਨਕ ਨੋ ਧਿਙਾਣੈ ਹੀ ਜਨੇਊ ਪਾਇਆ <u>ਗਲਿ</u>।"[2] (ਗਲ ਵਿਚ)

2 "ਅਰ ਤੈ ਜਿ ਇਹੁ ਲਕੜੀਆ ਧੋਈਆ ਧੋਇ ਕਰ <u>ਚਉਕੈ</u> ਚੜਾਈਆ ਸਿ ਕਿਉ ਚਉਕੈ ਚੜਾਈਆ ਹੈ।"[3] (ਚਉਕੇ ਉਤੇ)

3 "ਤਬ ਏਸੁ ਕੀ <u>ਅਖੀ</u> ਸੂਤਕ ਪੜਿਆ।"[4] (ਅੱਖਾਂ ਵਿਚ)

4 "ਏਹੁ ਪਰਮ ਹੰਸੁ ਹੈ, ਪਣ ਏਨੀ <u>ਕਰਮੀ</u> ਬੰਧਿਆ ਹੈ।"[5] (ਕਰਮਾਂ ਦਾ)

5 "ਸਚਿ ਕੈ <u>ਘਰਿ</u> ਰਹੈ।"[6] (ਘਰ ਵਿਚ)

---

1 ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ, "ਆਦਿ ਗ੍ਰੰਥ, ਆਧੁਨਿਕ ਪੰਜਾਬੀ ਅਤੇ ਜਨਮ ਸਾਖੀ", <u>ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ</u> (ਕ੍ਰਿਤ ਸੋਢੀ ਮਿਹਰਬਾਨ), ਸੈਂਚੀ ਪਹਿਲੀ, 1962, ਪੰਨਾ 72.

2 ਸੋਢੀ ਮਿਹਰਬਾਨ, <u>ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ</u>, 1962, ਪੰਨਾ 21.

3 ਉਹੀ, ਪੰਨਾ 133.

4 ਉਹੀ, ਪੰਨਾ 134.

5 ਉਹੀ।

6 ਉਹੀ, ਪੰਨਾ 386.

ਇਸ ਉਪਰੰਤ ਜਦੋਂ ਅਸੀਂ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਉਪਲਬਧ ਆਸਾ ਦੀ ਵਾਰ ਦੇ ਟੀਕੇ ਵਿਚ ਪ੍ਰਵੇਸ਼ ਕਰਦੇ ਹਾਂ ਤਾਂ ਗਿਆਤ ਹੁੰਦਾ ਹੈ ਕਿ ਇਸ ਟੀਕੇ ਵਿਚ ਸਧੁਕੜੀ, ਪੰਜਾਬੀ ਅਤੇ ਲਹਿੰਦੀ ਤਿੰਨਾਂ ਦੀ ਮਿਸ ਹੀ ਪ੍ਰਾਪਤ ਹੈ ਪਰ ਸੋਢੀ ਮਿਹਰਬਾਨ ਦੇ ਪਰਮਾਰਥਾਂ ਵਿਚ ਜੋ ਤਿੰਨਾਂ ਦਾ ਅਨੁਪਾਤ ਸੀ ਉਹ ਬਦਲ ਗਿਆ ਹੈ। ਸਧੁਕੜੀ ਤੇ ਲਹਿੰਦੀ ਦੀ ਮਾਤ੍ਰਾ ਇਸ ਟੀਕੇ ਵਿਚ ਘਟ ਗਈ ਹੈ ਅਤੇ ਪੰਜਾਬੀ ਭਾਸ਼ਾ ਦਾ ਸਰੂਪ ਵੀ ਕਈ ਉਲਾਂਘਾਂ ਪੁਟ ਕੇ ਪੰਜਾਬੀ ਦੇ ਵਰਤਮਾਨ ਸਰੂਪ ਦੇ ਕਾਫ਼ੀ ਨੇੜੇ ਆ ਗਿਆ ਹੈ। ਉਦਾਹਰਣ ਵਜੋਂ ਹੇਠ ਲਿਖੇ ਵਾਕ ਦੇਖੇ ਜਾ ਸਕਦੇ ਹਨ:-

1 "ਅਤੇ ਜਿਸ ਸਮੇਂ ਸਾਧ ਸੰਗਤਿ ਨੂੰ ਪ੍ਰਾਣੀ ਮਿਲਦਾ ਹੈ ਤਾਂ ਗਿਆਨ ਪ੍ਰਬਲ ਹੋ ਜਾਂਦਾ ਹੈ।"[1]

2 "ਤੈਸੇ ਹੀ ਜੋ ਨਿਗੁਰੇ ਪੁਰਸ਼ ਹਨ ਓਹ ਉਨਾਂ ਨੂੰ ਨਹੀਂ ਜਾਣਦੇ ਜੋ ਜਿਨਾਂ ਗੁਰਾਂ ਨੂੰ ਮਿਲਕੇ ਗਿਆਨ ਧਿਆਨ ਵਿਦਿਆ ਪ੍ਰਾਪਤ ਕੀਤੀ ਹੈ।"[2]

3 "ਸ੍ਰੀ ਗੁਰੂ ਨਾਨਕ ਦੇਵ ਜੀ ਬੇਨਤੀ ਕਰਦੇ ਹਨ ਕਿ ਜਿਨ੍ਹਾਂ ਦੇ ਪਲੇ ਸਚ ਹੁੰਦਾ ਹੈ ਉਨਾਂ ਦੇ ਰੰਗ ਕਰ ਹੋਰਨਾਂ ਦਾ ਭੀ ਉਧਾਰੁ ਹੁੰਦਾ ਹੈ ਤਾਂ ਤੇ ਉਨਾਂ ਦਾ ਸੰਗਿ ਮੰਗੀਏ।"[3]

4 "ਤਾਂ ਤੇ ਜਿਨਾਂ ਇਕ ਵਾਹਿਗੁਰੂ ਜੀ ਦੀ ਪੂਜਾ ਕੀਤੀ ਓਨਾਂ ਸਰਬ ਦੇਵਤਿਆਂ ਦੀ ਪੂਜਾ ਕੀਤੀ ਕਯੋਂਜੋ ਸਰਬ ਦੇਵਤਿਆਂ ਦਾ ਪ੍ਰਕਾਸ਼ਕ ਆਤਮਾ ਹੈ।"[4]

5 "ਮਨ ਦਾ ਜੋ ਸੂਤਕ ਹੈ ਸੋ ਲੋਭ ਹੈ ਅਰ ਜਿਹਬਾ ਦਾ ਸੂਤਕ ਕੂੜ ਬੋਲਣਾ ਹੈ ਅਰ ਅਖੀਆਂ ਨੂੰ ਜੋ ਸੂਤਕ ਹੈ ਸੋ ਪਰਾਈਆਂ ਇਸਤ੍ਰੀਆਂ ਦੇਖਣ ਦਾ ਹੈ ਅਰ ਪਰਾਇਆਂ ਧਨ ਵੇਖਣ ਦਾ ਹੈ ਅਰ ਕੰਨਾ ਨੂੰ ਜੋ ਸੂਤਕ ਹੈ ਸੋ ਚੁਗਲੀ ਸੁਣਨ ਦਾ ਹੈ॥ ਗੁਰੂ ਨਾਨਕ ਜੀ ਕਹਿੰਦੇ ਹਨ ਜੋ ਜੀਆਂ ਦੇ ਮਾਰਨ ਵਾਲੇ ਹਨ ਸੋ ਜਮ ਦੀ ਪੁਰੀ ਬਧੇ ਜਾਂਦੇ ਹਨ।"[5]

ਇਸ ਟੀਕੇ ਵਿਚ ਭਾਸ਼ਾ ਦਾ ਰੂਪ ਵਧੇਰੇ ਵਿਜੋਗਾਤਮਕ ਹੋ ਗਿਆ ਹੈ। ਵਿਭਕਤੀਆਂ ਦੀ ਉਸ ਤਰ੍ਹਾਂ ਵਰਤੋਂ ਨਹੀਂ ਮਿਲਦੀ ਜਿਵੇਂ ਸੋਢੀ ਮਿਹਰਬਾਨ ਦੇ ਪਰਮਾਰਥਾਂ ਵਿਚ ਮਿਲਦੀ ਹੈ। ਸੋਢੀ ਮਿਹਰਬਾਨ ਦੇ ਪਰਮਾਰਥਾਂ ਵਿਚ ਆਏ ਸੰਬੋਧਕ "ਨੋ" ਦੀ ਥਾਂ ਹੁਣ "ਨੂੰ" ਨੇ ਲੈ ਲਈ ਹੈ ਅਤੇ

---

1 ਪੰਨਾ 66.

2 ਪੰਨਾ 66.

3 ਪੰਨਾ 93.

4 ਪੰਨਾ 97.

5 ਪੰਨਾ 123.

"ਅਰ" ਦੇ ਨਾਲ " ਅਤੇ" ਦੀ ਵਰਤੋਂ ਵੀ ਸ਼ੁਰੂ ਹੋ ਗਈ ਹੈ। ਇਹ ਸਭ ਕੁਝ ਉਸ ਵੇਲੇ ਤਕ ਪੰਜਾਬੀ ਭਾਸ਼ਾ ਦੇ ਨਿਖਰ ਚੁਕੇ ਰੂਪ ਦਾ ਸੂਚਕ ਹੈ।

ਭਾਸ਼ਾ ਦੀ ਦ੍ਰਿਸ਼ਟੀ ਤੋਂ ਆਨੰਦਘਨ ਦੇ ਟੀਕੇ ਵਿਚ ਖੜੀ ਬੋਲੀ ਦੀ ਮਾਤ੍ਰਾ ਬਹੁਤ ਵਧ ਗਈ ਹੈ। ਪੰਜਾਬੀ ਤੇ ਲਹਿੰਦੀ ਲਗਪਗ ਅਲੋਪ ਹੋ ਗਈਆਂ ਹਨ। ਪੰਜਾਬੀ ਦੀ ਹਲਕੀ ਜਿਹੀ ਪਰਤ ਖੜੀ ਬੋਲੀ ਉਤੇ ਚੜ੍ਹੀ ਹੋਈ ਮਿਲਦੀ ਹੈ ਪਰ ਹਿੰਦੀ ਦਾ ਪ੍ਰਭਾਵ ਪੰਜਾਬੀ ਨਾਲੋਂ ਵਧੇਰੇ ਹੈ। ਹੇਠਾਂ ਇਨ੍ਹਾਂ ਦੀ ਭਾਸ਼ਾ ਦਾ ਨਮੂਨਾ ਪ੍ਰਸਤੁਤ ਕਰਦੇ ਹਾਂ :-

(ੳ) "ਸ਼ਬਦ ਨਾਮ ਹੈ ਕਹਿਣੇ ਕਾ ॥ ਯੋਗ ਕਹਾਂ ਗਿਆਨ ਕਹਾਂ ਵੇਦ ਕਹਾਂ ਬ੍ਰਹਮ ਕਹਾਂ॥ ਖਤ੍ਰੀ ਕਹਾਂ ਸੂਰ ਕਹਾਂ॥ ਸੂਦ੍ਰ ਕਹਾਂ॥ ਪ੍ਰਕ੍ਰਿਤ: ਕਿਆ ਕਹੀਏ॥ ਇਹ ਸਬਦ ਸਾਸਤ੍ਰ ਵਿਖੇ ਭਿੰਨ ਭਿੰਨ ਕਹੇ ਹੈ ਇਨ ਕੇ ਧਰਮ ਭਿੰਨ ਭਿੰਨ ਹੈ॥ ਇਸ ਤੇ ਲੇ ਕਰਿ ਅਉਰ ਜੇਤੇ ਜੇਤੇ ਸਬਦਿ ਹੈ ਤੇ ਸਬਦ ਏਕ ਸਬਦ ਹੈ॥ ਜੈਸੇ ਸੁਵਰਨ ਕੇ ਨਾਨਾ ਪ੍ਰਕਾਰ ਭੂਖਣ ਬਣੇ॥ ਤਿਨ ਕੇ ਨਾਨਾ ਹੀ ਤੋ ਨਾਮ ਹੋਤੇ ਹੈ॥ ਜੋ ਸੁਵਰਨ ਕੋ ਭੂਖਣੋ ਕੇ ਬੀਚ ਸੇ ਨਿਕਾਸ ਲੀਜੀਏ ਤੋ ਭੂਖਣੋ ਕਾ ਪੀਛੇ ਕਛੁ ਭੀ ਤੋ ਨ ਰਹਾ॥ ਤੈਸੇ ਹੀ ਜਗਤ ਮੇ ਜੇਤੇ ਸਬਦ ਹੈ ਨਾਮ ਹੈ॥ ਤੇ ਨਾਮ ਏਕ ਪਰਮਾਤਮਾ ਕੇ ਹੀ ਹੈ॥"[1]

ਇਸ ਸਾਰੇ ਵਾਰਤਕ-ਟੋਟੇ ਵਿਚ ਕੇਵਲ ਚਾਰ ਹੀ ਸ਼ਬਦ ਹਨ "ਕਹਿਣੇ", "ਖਤ੍ਰੀ", "ਇਹ" ਅਤੇ "ਬਣੇ" ( ਹਿੰਦੀ 'ਕਹਨੇ', 'ਖਤ੍ਰੀ', 'ਯਹ' ਅਤੇ 'ਬਨੇ') ਜੋ ਵਿਸ਼ੇਸ਼ ਤੌਰ ਤੇ ਪੰਜਾਬੀ ਪ੍ਰਭਾਵ ਦਿੰਦੇ ਹਨ। ਬਾਕੀ ਸਾਰੇ ਪੰਜਾਬੀ ਭਾਸ਼ਾ ਦੇ ਸ਼ਬਦ ਹਿੰਦੀ ਜਾਂ ਖੜੀ ਬੋਲੀ ਵਿਚ ਉਸੇ ਰੂਪ ਵਿਚ ਵਰਤੇ ਜਾਂਦੇ ਹਨ ਜਿਸ ਕਰਕੇ ਉਨ੍ਹਾਂ ਉਤੇ ਵਿਸ਼ੇਸ਼ ਤੌਰ ਤੇ ਪੰਜਾਬੀਪਣ ਦੀ ਮੁਹਰ ਛਾਪ ਨਹੀਂ ਮੰਨੀ ਜਾ ਸਕਦੀ। ਪਰ ਇਸ ਤੋਂ ਪਹਿਲੇ ਟੀਕਿਆਂ ਵਿਚ ਵਰਤੇ ਗਏ ਸ਼ਬਦ 'ਤਉ' ਅਤੇ 'ਕਉ' (ਸਾਧ ਭਾਖਾ) ਆਨੰਦਘਨ ਦੇ ਹਥਾਂ ਵਿਚ "ਤੋ, ਕੋ" (ਖੜੀ ਬੋਲੀ/ਹਿੰਦੀ) ਹੋ ਗਏ ਹਨ। ਖੜੀ ਬੋਲੀ ਦਾ "ਰਹਿਆ" ਦੀ ਥਾਂ ਉਸ ਨੇ ਹਿੰਦੀ ਦੇ "ਰਹਾ" ਦੀ ਵਰਤੋਂ ਕੀਤੀ ਹੈ ਭਾਵ ਕ੍ਰਿਆ ਦਾ ਭੂਤ ਕ੍ਰਿਦੰਤ ਖੜੀ ਬੋਲੀ ਦੀ ਥਾਂ ਹਿੰਦੀ ਵਾਲਾ ਰੂਪ ਧਾਰਨ ਕਰ ਗਿਆ ਹੈ।

---

1 ਪੰਨੇ 58/ੳ - 58/ਅ.

ਫਰੀਦਕੋਟੀ ਟੀਕੇ ਦੀ ਭਾਸ਼ਾ ਹਿੰਦੀ ਝੁਕਾਅ ਵਾਲੀ ਹੈ। ਕਿਧਰੇ ਕਿਧਰੇ ਹਿੰਦੀ ਕ੍ਰਿਆਵਾਂ ਦੇ ਨਾਲ ਖੜੀ ਬੋਲੀ ਦੀਆਂ ਕ੍ਰਿਆਵਾਂ ਵੀ ਮਿਲਦੀਆਂ ਹਨ ਜਿਵੇਂ ਕਹਾ/ ਕਹਿਆ, ਰਹਾ/ ਰਹਿਆ, ਹੂਆ/ਹੋਇਆ, ਰਚਾ/ ਰਚਿਆ ਆਦਿ। ਭਾਸ਼ਾਈ ਦ੍ਰਿਸ਼ਟੀ ਤੋਂ ਇਸ ਟੀਕੇ ਵਿਚ ਦੋ ਲੱਛਣ ਉਭਰ ਕੇ ਸਾਮ੍ਹਣੇ ਆਉਂਦੇ ਹਨ। ਇਕ ਤਾਂ ਦੂਰੂਪ ( Hybrid ) ਕ੍ਰਿਆਵਾਂ ਜੋ ਸੋਢੀ ਮਿਹਰਬਾਨ ਦੇ ਸਮੇਂ ਤੋਂ ਵਰਤੀਂਦੀਆਂ ਚਲੀਆਂ ਆ ਰਹੀਆਂ ਸਨ, ਦੀ ਗਿਣਤੀ ਇਸ ਟੀਕੇ ਵਿਚ ਬਹੁਤ ਵਧ ਗਈ ਹੈ। ਨਾਲ ਹੀ ਉਹ ਦੂਰੂਪ ਕ੍ਰਿਆਵਾਂ ਵਰਤੀਆਂ ਗਈਆਂ ਹਨ ਜੋ ਪਹਿਲੇ ਟੀਕਿਆਂ ਵਿਚ ਕਿਧਰੇ ਨਹੀਂ ਵਰਤੀਆਂ ਗਈਆਂ ਸਨ ਜਿਵੇਂ ਧਰਉਤੇ, ਪਉਤੇ, ਬਜਉਤੇ, ਹਿਲਉਤੇ, ਆਉਤਾ, ਚਾਹੁਤਾ, ਸਨਾਹੁਤੇ, ਬਸਉਤਾ, ਗਉਤੇ, ਭਰਮਤੀਆਂ, ਚੜਉਤੇ, ਕਢਾਈਤਾ, ਫਿਰਉਤੀ, ਕਮਾਵਤਾ, ਦਿਖਉਤੇ, ਕਹਉਤੇ, ਲਗਉਤੇ, ਮਨਉਤਾ ਆਦਿ। ਦੂਸਰੇ, ਮਾਲਵੇ ਦੇ ਇਲਾਕੇ ਵਿਚ ਰਚੇ ਗਏ ਇਸ ਟੀਕੇ ਵਿਚ ਮਲਵਈ ਉਪ-ਭਾਸ਼ਾ ਦਾ ਪ੍ਰਭਾਵ ਹੈ ਜੋ 'ਵ' ਦੀ ਥਾਂ 'ਬ' ਦੀ ਵਰਤੋਂ ਤੋਂ ਸਪਸ਼ਟ ਉਘੜਦਾ ਹੈ। ਇਹ ਪ੍ਰਭਾਵ ਬਯਰਥ, ਬਾਕਯ, ਬੇਦ, ਬਿਆਹ, ਬਯਾਪਾਰ, ਬਰਨਾਸ਼੍ਰਮ ਬਰਦੀ, ਬਡਿਆਈਆਂ, ਬਿਵਹਾਰ, ਬੇਗ, ਬਸਤੂਓਂ, ਬਸਾਈਆਂ, ਬਾਰਤਾ, ਧੰਨਬਾਦ ਆਦਿ ਸ਼ਬਦਾਂ ਤੋਂ ਸਪਸ਼ਟ ਹੁੰਦਾ ਹੈ। ਇਉਂ ਇਹ ਟੀਕਾ ਸ਼ੁਧ ਹਿੰਦੀ, ਖੜੀ ਬੋਲੀ ਅਤੇ ਸਧੁਕੜੀ ਦਾ ਚੰਗਾ ਸੁਮੇਲ ਪੇਸ਼ ਕਰਦਾ ਹੈ ਜਿਸ ਦੀ ਸ਼ਬਦਾਵਲੀ ਉਤੇ ਮਲਵਈ ਰੰਗ ਵੀ ਹੈ। ਪੰਜਾਬੀ ਦੀਆਂ ਕ੍ਰਿਆਵਾਂ ਅਤੇ ਸ਼ਬਦ ਜਾਂ ਵਾਕ ਬਣਤਰ ਇਸ ਟੀਕੇ ਵਿਚ ਬਹੁਤ ਘੱਟ ਹੈ।

ਇਉਂ ਅਸੀਂ ਵੇਖਦੇ ਹਾਂ ਕਿ ਗੁਰਬਾਣੀ ਦੀ ਟੀਕਾਕਾਰੀ ਜਿਸ ਦਾ ਧੁਰਾ ਖੜੀ ਬੋਲੀ ਸੀ, ਸਧੁਕੜੀ ਦਾ ਰੂਪ ਧਾਰਦੀ ਗਈ, ਅਤੇ ਪੰਜਾਬੀ ਅਤੇ ਇਸ ਦੀਆਂ ਉਪ-ਭਾਸ਼ਾਵਾਂ ਦਾ ਰੰਗ ਕਬੂਲਦੀ ਅਗੇ ਤੁਰਦੀ ਗਈ। ਪਰ ਸਿੰਘ ਸਭਾ ਲਹਿਰ ਦੇ ਪ੍ਰਭਾਵ ਦਾ ਪਹਿਲਾ ਟੀਕਾਕਾਰ ਭਾਈ ਵੀਰ ਸਿੰਘ ਇਕ ਨਵਾਂ ਮੋੜ ਕਟ ਗਿਆ। ਉਹ ਨਾ ਕੇਵਲ ਪੁਰਾਤਨ ਸਾਖਵਾਦੀ, ਵੇਦਾਂਤੀ ਵਿਚਾਰਧਾਰਾ ਨੂੰ ਤਿਆਗ ਕੇ ਗੁਰਬਾਣੀ ਦੇ ਸ਼ੁਧ ਅਰਥ ਕਰਨ ਵਲ ਪ੍ਰੇਰਿਤ ਹੋਇਆ, ਸਗੋਂ ਸਧੁਕੜੀ ਦੀ ਵਰਤੋਂ ਤਿਆਗ ਆਧੁਨਿਕ ਪੰਜਾਬੀ ਭਾਸ਼ਾ ਵਿਚ ਪ੍ਰਵੇਸ਼ ਕਰ ਗਿਆ। ਭਾਈ ਵੀਰ ਸਿੰਘ ਇਕ ਅਜਿਹਾ ਮਹੱਤਵਪੂਰਣ ਬਿੰਦੂ ਹੈ

ਜਿਥੋਂ ਗੁਰਬਾਣੀ ਦੀ ਟੀਕਾਕਾਰੀ ਭਾਸ਼ਾਈ ਦ੍ਰਿਸ਼ਟੀਕੋਣ ਤੋਂ ਇਕ ਨਵਾਂ ਰਾਹ ਅਪਣਾਉਂਦੀ ਹੈ। ਭਾਈ ਵੀਰ ਸਿੰਘ ਤੋਂ ਬਾਅਦ ਭਾਈ ਨਿਹਾਲ ਸਿੰਘ ਗਿਆਨੀ ਅਤੇ ਭਾਈ ਭਗਵਾਨ ਸਿੰਘ ਵਰਗੇ ਸੰਤ ਟੀਕਾਕਾਰਾਂ ਨੇ ਸਧੁੱਕੜੀ ਨੂੰ ਹੀ ਆਪਣੀ ਟੀਕਾਕਾਰੀ ਦਾ ਮਾਧਿਅਮ ਬਣਾਈ ਰੱਖਿਆ ਪਰ ਪੱਛਮੀ ਵਿਦਿਆ ਦੇ ਪ੍ਰਕਾਸ਼ ਨੂੰ ਗ੍ਰਹਿਣ ਕਰਨ ਵਾਲੇ ਪ੍ਰੋ. ਸਾਹਿਬ ਸਿੰਘ ਅਤੇ ਪ੍ਰਿੰ: ਤੇਜਾ ਸਿੰਘ ਵਰਗੇ ਵਿਦਵਾਨਾਂ ਨੇ ਆਧੁਨਿਕ ਪੰਜਾਬੀ ਵਲ ਰੁਖ ਕੀਤਾ ਅਤੇ ਆਧੁਨਿਕ ਦ੍ਰਿਸ਼ਟੀਕੋਣ ਤੋਂ ਆਧੁਨਿਕ ਪੰਜਾਬੀ ਵਿਚ ਟੀਕਾਕਾਰੀ ਦਾ ਕਾਰਜ ਕੀਤਾ।

ਇਸ ਸਾਰੇ ਵਿਸ਼ਲੇਸ਼ਣ ਤੋਂ ਕੁਲ ਪ੍ਰਭਾਵ ਇਹ ਬਣਦਾ ਹੈ ਕਿ ਭਾਵੇਂ ਟੀਕਾਕਾਰ ਦਾਰਸ਼ਨਿਕ ਨੁਕਤਿਆਂ ਉਤੇ ਵਿਚਾਰ ਕਰਦਿਆਂ ਕਈ ਥਾਈਂ ਥਿੜਕ ਗਏ ਹਨ ਪਰ ਟੀਕਿਆਂ ਵਿਚ ਪ੍ਰਾਪਤ ਸਾਹਿਤਕ ਗੁਣਾਂ ਦੀ ਅਮੀਰੀ ਅਤੇ ਭਾਸ਼ਾਈ ਵੰਨ ਸੁਵੰਨਤਾ ਕਾਰਣ ਟੀਕਾ ਸਾਹਿਤ ਅੰਦਰ ਇਕ ਵਿਸ਼ੇਸ਼ ਪ੍ਰਕਾਰ ਦੇ ਸੁਹਜ ਦਾ ਵਿਕਾਸ ਹੋਇਆ ਹੈ। ਸਾਹਿਤਕ ਦ੍ਰਿਸ਼ਟੀਕੋਣ ਤੋਂ ਇਨ੍ਹਾਂ ਰਚਨਾਵਾਂ ਦਾ ਵਧੇਰੇ ਮੁੱਲ ਪੈਣਾ ਚਾਹੀਦਾ ਹੈ।

*****
***
*

# ਸਿੱਟੇ

## ਸਿੱਟੇ

1 ਟੀਕਾਕਾਰੀ ਦਾ ਮੰਤਵ ਅਰਥ ਦਾ ਆਵਿਸ਼ਕਾਰ ਅਤੇ ਇਸਦਾ ਪ੍ਰਸਤੁਤੀਕਰਣ ਹੈ। ਕਠਿਨ, ਸੂਖਮ, ਗੰਭੀਰ ਅਤੇ ਰਹੱਸਮਈ ਰਚਨਾਵਾਂ, ਵਿਸ਼ੇਸ਼ ਤੌਰ ਤੇ ਧਾਰਮਿਕ ਰਚਨਾਵਾਂ, ਦੇ ਅਰਥ ਖੋਜਣ ਅਤੇ ਪ੍ਰਸਾਰਨ ਦੇ ਯਤਨ ਪ੍ਰਾਚੀਨ ਕਾਲ ਤੋਂ ਹੁੰਦੇ ਚਲੇ ਆ ਰਹੇ ਹਨ। ਭਾਰਤੀ ਸਾਹਿਤ ਵਿਚ ਅਰਥ-ਬੋਧ ਕਰਾਉਣ ਵਾਲੀਆਂ ਕ੍ਰਿਤੀਆਂ ਨੂੰ ਟੀਕਾ, ਭਾਸ਼, ਵਿਆਖਿਆ, ਵ੍ਰਿਤੀ, ਟਿੱਪਣੀ, ਵਾਰਤਿਕ, ਪੰਜਿਕਾ, ਨਿਰੁਕਤਿ, ਚੂਰਣੀ ਅਤੇ ਟਬੇ ਨਾਂ ਦਿੱਤੇ ਗਏ ਹਨ। ਅਰਬੀ/ ਫਾਰਸੀ ਸਾਹਿਤ ਵਿਚ ਕੁਰਾਨ ਸ਼ਰੀਫ਼ ਦੇ ਅਰਥ-ਬੋਧ ਲਈ ਤਫ਼ਸੀਰ ਅਤੇ ਤਾਵੀਲ ਸ਼ਬਦ ਵਰਤੇ ਗਏ ਹਨ। ਈਸਾਈ ਸਾਹਿਤ ਵਿਚ ਇਸ ਪ੍ਰਕਾਰ ਦੀਆਂ ਰਚਨਾਵਾਂ ਲਈ ਇੱਕਸਿਜੀਸਿਸ (exegesis), ਕੋਮੈਂਟ੍ਰੀ (commentary) ਅਤੇ ਹਰਮੀਨੀਊਟਿਕਸ (hermeneutics) ਸ਼ਬਦਾਂ ਦੀ ਵਰਤੋਂ ਕੀਤੀ ਹੋਈ ਹੈ। ਗੁਰਬਾਣੀ ਦੇ ਅਰਥ-ਬੋਧ ਲਈ ਟੀਕਾ, ਵਿਆਖਿਆ ਤੇ ਪਰਮਾਰਥ ਸ਼ਬਦ ਵਰਤੇ ਗਏ ਮਿਲਦੇ ਹਨ। ਸਾਰੀਆਂ ਉਕਤ ਵਿਆਖਿਆ ਵਿਧੀਆਂ ਦੇ ਆਪੋ ਆਪਣੇ ਨਿਸ਼ਚਿਤ ਸਰੂਪ ਹਨ।

2. ਟੀਕਾਕਾਰੀ ਇਕ ਨਿਰੰਤਰ ਪ੍ਰਕ੍ਰਿਆ ਹੈ ਕਿਉਂਕਿ ਰਚਨਾ ਦੇ ਬਹੁ-ਦਿਸ਼ਾਵੀ ਸੋਚ ਨੂੰ ਕੋਈ ਵੀ ਪੂਰੀ ਤਰ੍ਹਾਂ ਬਿਆਨ ਨਹੀਂ ਕਰ ਸਕਦਾ। ਰਚਨਾ ਬਾਰੇ ਕਿਸੇ ਵੱਖਰੇ ਦ੍ਰਿਸ਼ਟੀਕੋਣ ਤੋਂ ਕੁਝ ਹੋਰ ਕਹਿਣ ਦੀ ਸੰਭਾਵਨਾ ਸਦਾ ਬਣੀ ਰਹਿੰਦੀ ਹੈ। ਪਹਿਲੇ ਟੀਕਿਆਂ ਵਿਚ ਪ੍ਰਸਤੁਤ ਸਥਾਪਨਾਵਾਂ ਦੇ ਖੰਡਨ, ਮੰਡਨ ਜਾਂ ਆਪਣੇ ਮਤ ਦੀ ਉੱਤਮਤਾ ਸਿਧ ਕਰਨ ਲਈ ਵੀ ਟੀਕਾਕਾਰੀ ਦੀ ਪ੍ਰਕ੍ਰਿਆ ਜਾਰੀ ਰਹਿੰਦੀ ਹੈ।

3. ਭਾਰਤੀ ਪਰੰਪਰਾ ਵਿਚ ਟੀਕਾਕਾਰੀ ਦਾ ਇਤਿਹਾਸ ਵੇਦਾਂ ਜਿੰਨਾ ਹੀ ਪੁਰਾਣਾ ਹੈ। ਵੇਦਾਂ ਦੀਆਂ ਵਿਭਿੰਨ ਸ਼ਾਖਾਵਾਂ ਵਖ ਵਖ ਰਿਖੀ ਸੰਪ੍ਰਦਾਵਾਂ ਦੇ ਵੈਦਿਕ ਸੰਹਿਤਾਵਾਂ ਸੰਬੰਧੀ ਵਿਆਖਿਆਵਾਂ ਦੇ ਮਤ-ਭੇਦਾਂ ਦੀਆਂ ਸੂਚਕ ਹਨ। ਹਰ ਇਕ ਵੇਦ ਦੇ ਚਾਰ ਭਾਗ ਹਨ — ਸੰਹਿਤਾ, ਬ੍ਰਾਹਮਣ, ਆਰਣਯਕ ਅਤੇ ਉਪਨਿਸ਼ਦ। ਬ੍ਰਾਹਮਣ ਗ੍ਰੰਥ ਵੇਦਾਂ ਦਾ ਉਹ ਭਾਗ ਹਨ ਜਿਸ ਵਿਚ ਮੰਤ੍ਰਾਂ ਦੀ ਕਰਮ ਕਾਂਡ ਦੀ ਦ੍ਰਿਸ਼ਟੀ ਤੋਂ ਵਿਆਖਿਆ ਕੀਤੀ ਹੋਈ ਹੈ। ਦਾਰਸ਼ਨਿਕ ਤੱਤ ਇਨ੍ਹਾਂ ਗ੍ਰੰਥਾਂ ਵਿਚ ਬਹੁਤ ਥੋੜ੍ਹਾ ਹੈ। ਵਿਆਖਿਆ ਕਰਨ ਸਮੇਂ ਸੰਹਿਤਾਵਾਂ ਦੇ ਮੰਤ੍ਰ-ਕ੍ਰਮ ਨੂੰ ਧਿਆਨ ਵਿਚ ਨਹੀਂ ਰਖਿਆ ਗਿਆ, ਪਰ ਕਿਧਰੇ ਕਿਧਰੇ ਸੰਹਿਤਾ ਦੇ ਕਿਸੇ ਭਾਗ ਦੀ ਲਗਾਤਾਰ ਵਿਆਖਿਆ ਵੀ ਮਿਲ ਜਾਂਦੀ ਹੈ। ਬ੍ਰਾਹਮਣ ਗ੍ਰੰਥਾਂ ਵਾਂਗ ਹੀ ਆਰਣਯਕਾਂ ਦਾ ਵਿਚਾਰ-ਕੇਂਦਰ ਵੀ ਸੰਹਿਤਾਵਾਂ

ਵਿਚ ਸ਼ਾਮਿਲ ਮੰਤ੍ਰ ਹਨ। ਪਰ ਇਥੇ ਮੰਤ੍ਰਾਂ ਦੀ ਵਿਆਖਿਆ ਵਿਚ ਪਹਿਲੇ ਕਰਮ ਕਾਂਡ ਦੀ ਦ੍ਰਿਸ਼ਟੀ ਤੋਂ ਹੋ ਚੁਕੀ ਵਿਆਖਿਆ ਦੇ ਮੁਕਾਬਲੇ ਵਿਚ, ਦਾਰਸ਼ਨਿਕ ਤੱਤ ਵਧ ਗਿਆ ਹੈ। ਅਗੇ ਜਾ ਕੇ ਉਪਨਿਸ਼ਦਾਂ ਵਿਚ ਬ੍ਰਾਹਮਣ ਗ੍ਰੰਥਾਂ ਵਿਚ ਕਰਮ ਕਾਂਡ ਦੀ ਦ੍ਰਿਸ਼ਟੀ ਤੋਂ ਹੋਈ ਵਿਆਖਿਆ ਦਾ ਪੂਰਾ ਪ੍ਰਤਿਕਰਮ ਮਿਲਦਾ ਹੈ। ਉਪਨਿਸ਼ਦ ਗ੍ਰੰਥ ਹਰ ਤਰ੍ਹਾਂ ਵੈਦਿਕ ਸੰਹਿਤਾਵਾਂ ਦੀ ਦਾਰਸ਼ਨਿਕ ਵਿਆਖਿਆ ਹਨ।

4. ਵੇਦ-ਵਿਆਖਿਆ ਵਿਚ ਨਿਰਵਚਨ, ਨਿਘੰਟੂ ਅਤੇ ਵੇਦਾਂਗ ਨੇ ਵੀ ਚੋਖਾ ਯੋਗਦਾਨ ਪਾਇਆ ਹੈ। ਸ਼ਬਦ ਨੂੰ ਇਸ ਦ੍ਰਿਸ਼ਟੀ ਤੋਂ ਜਾਨਣ ਨੂੰ, ਕਿ ਕੋਈ ਵਿਸ਼ੇਸ਼ ਸ਼ਬਦ ਕਿਹੜੇ ਅਮੂਰਤ ਭਾਵਾਂ ਨੂੰ ਪ੍ਰਗਟ ਕਰਦਾ ਹੈ, ਨਿਰਵਚਨ ਆਖਿਆ ਜਾਂਦਾ ਹੈ। ਨਿਘੰਟੂ ਵਿਚ ਵੇਦਾਂ ਵਿਚ ਵਰਤੇ ਗਏ ਸ਼ਬਦਾਂ ਦੇ ਪਰਯਾਯਵਾਚੀ ਸ਼ਬਦ ਮਿਲਦੇ ਹਨ। ਸ਼ਿਕਸ਼ਾ, ਛੰਦ, ਨਿਰੁਕਤ, ਵਿਆਕਰਣ, ਕਲਪ ਅਤੇ ਜੋਤਿਸ਼ ਨੂੰ ਵੇਦਾਂਗ ਆਖਿਆ ਜਾਂਦਾ ਹੈ। ਵੇਦਾਂਗ ਤੋਂ ਭਾਵ ਹੀ ਵੇਦ ਦੇ ਅੰਗ ਹੈ। ਇਹ ਉਹ ਸਹਾਇਕ ਸਾਧਨ ਹਨ, ਜੋ ਵੇਦ-ਵਿਆਖਿਆ ਵਿਚ ਸਹਾਈ ਹੋਏ ਹਨ।

5. ਵੇਦ-ਵਿਆਖਿਆ ਦੇ ਖੇਤਰ ਵਿਚ ਹੋਏ ਇਨ੍ਹਾਂ ਸਾਰੇ ਗੰਭੀਰ ਯਤਨਾਂ ਦਾ ਸਿੱਟਾ ਇਹ ਹੋਇਆ ਕਿ ਭਾਸ਼-ਕਾਲ ਵਿਚ ਟੀਕਾਕਾਰੀ ਦਾ ਸਰੂਪ ਬਹੁਤ ਨਿਖਰ ਆਇਆ। ਭਾਰਤੀ ਸੰਦਰਭ ਵਿਚ, ਟੀਕਾਕਾਰੀ ਦੇ ਖੇਤਰ ਵਿਚ ਟੀਕਾਕਾਰੀ ਦੇ ਵਿਭਿੰਨ ਸਰੂਪਾਂ ਵਿਚੋਂ ਭਾਸ਼ ਨੇ ਸਰਵ ਪ੍ਰਥਮ ਨਿਸ਼ਚਿਤ ਸਰੂਪ ਧਾਰਿਆ ਹੈ। ਭਾਸ਼ ਦੀ ਆਪਣੀ ਵਿਸ਼ੇਸ਼ ਸ਼ੈਲੀ ਹੈ।

6. ਭਾਰਤੀ ਧਾਰਮਿਕ ਸਾਹਿਤ ਵਿਚ ਟੀਕਾਕਾਰੀ ਅਕਸਰ ਕਰਮ ਕਾਂਡ, ਗਿਆਨ ਮਾਰਗ ਅਤੇ ਭਗਤੀ ਮਾਰਗ ਦੇ ਦ੍ਰਿਸ਼ਟੀਕੋਣ ਤੋਂ ਹੋਈ ਹੈ ਪਰ ਵਰਤਮਾਨ ਯੁਗ ਵਿਚ ਲੋਕਮਾਨਯ ਬਾਲ ਗੰਗਾਧਰ ਤਿਲਕ ਨੇ 'ਸ੍ਰੀਮਦ ਭਗਵਦ ਗੀਤਾ' ਦੀ ਵਿਆਖਿਆ ਗਿਆਨ-ਮੂਲਕ ਭਗਤੀ ਪ੍ਰਧਾਨ ਕਰਮਯੋਗ ਦੀ ਦ੍ਰਿਸ਼ਟੀ ਤੋਂ ਕੀਤੀ ਹੈ। ਭਾਰਤ ਵਿਚ ਖਟ ਦਰਸ਼ਨ ਦਾ ਆਧਾਰ ਵੀ ਪ੍ਰਸਥਾਨ ਤ੍ਰੈਈ (ਉਪਨਿਸ਼ਦਾਂ, ਬ੍ਰਹਮ ਸੂਤ੍ਰ ਅਤੇ ਸ੍ਰੀਮਦ ਭਗਵਤ ਗੀਤਾ) ਦੀ ਵਖ ਵਖ ਦ੍ਰਿਸ਼ਟੀਕੋਣਾਂ ਤੋਂ ਹੋਈ ਵਿਆਖਿਆ ਹੈ। ਭਾਰਤੀ ਸਾਹਿਤ ਦੇ ਖੇਤਰ ਵਿਚ ਟੀਕਾ ਸਾਹਿਤ ਦਾ ਸਥਾਨ ਬੜਾ ਗੌਰਵਮਈ ਹੈ।

7. ਗੁਰਬਾਣੀ ਦੀ ਟੀਕਾਕਾਰੀ ਆਵੇਸ਼ ਦੇ ਸਾਹਿਤ ( revealed literature ) ਦੀ ਟੀਕਾਕਾਰੀ ਹੈ। ਆਵੇਸ਼ ਦੇ ਸਾਹਿਤ ਵਿਚ ਅਨੁਭਵ ਪਰਾ-ਮਨੁਖੀ ਹੁੰਦਾ ਹੈ ਪਰ ਉਸਨੂੰ ਬਿਆਨ ਭਾਸ਼ਾ ਰਾਹੀਂ ਕੀਤਾ ਜਾਂਦਾ ਹੈ ਜੋ ਮਨੁਖੀ ਤਜਰਬਿਆਂ ਦੀ ਉਪਜ ਹੈ। ਇਸ ਲਈ

ਸ਼ਬਦ ਅਨੁਭਵ ਨੂੰ ਪੂਰੀ ਤਰ੍ਹਾਂ ਪਕੜ ਨਹੀਂ ਸਕਦੇ। ਜਦੋਂ ਸ਼ਬਦ ਉਸ ਅਨੁਭਵ ਲਈ ਵਰਤੇ ਜਾਂਦੇ ਹਨ ਤਾਂ ਉਨ੍ਹਾਂ ਦੇ ਨਿਹਿਤ-ਅਰਥ ਬਦਲ ਜਾਂਦੇ ਹਨ, ਉਹ ਨਵੇਂ ਅਰਥ ਧਾਰਣ ਕਰਦੇ ਹਨ ਜਾਂ ਅਰਥ-ਪਸਾਰ ਹੁੰਦਾ ਹੈ। ਇਉਂ ਧਰਮ ਗ੍ਰੰਥ ਦੀ ਭਾਸ਼ਾ ਆਮ ਭਾਸ਼ਾ ਤੋਂ ਵਖਰੀ ਹੁੰਦੀ ਹੈ ਭਾਵੇਂ ਸ਼ਬਦ ਆਮ ਭਾਸ਼ਾ ਵਾਲੇ ਹੀ ਵਰਤੇ ਗਏ ਹੁੰਦੇ ਹਨ। ਆਮ ਵਰਤੀਂਦੇ ਸ਼ਬਦਾਂ ਵਿਚੋਂ ਕਿਸੇ ਵਿਸ਼ੇਸ਼ ਅਨੁਭਵ, ਉਹ ਅਨੁਭਵ ਜੋ ਲੇਖਕ ਦਾ ਮੂਲ ਰਚਨਾ ਕਰਨ ਵੇਲੇ ਸੀ, ਨੂੰ ਪਕੜਨਾ ਬੜਾ ਕਠਿਨ ਕਾਰਜ ਹੁੰਦਾ ਹੈ ਜੋ ਟੀਕਾਕਾਰ ਦੀ ਵਿਸ਼ੇਸ਼ ਸ਼ਖਸੀਅਤ ਅਤੇ ਅਨੁਭਵ ਦੀ ਮੰਗ ਕਰਦਾ ਹੈ।

8 ਗੁਰਬਾਣੀ ਦੇ ਪਹਿਲੇ ਵਿਆਖਿਆਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਹੀ ਸਨ। ਇਹ ਗੱਲ ਗੁਰਬਾਣੀ ਵਿਚੋਂ ਵੀ ਸਿੱਧ ਹੁੰਦੀ ਹੈ ਅਤੇ ਸਾਖੀ ਸਾਹਿਤ ( hagiographic literature ) ਵਿਚੋਂ ਵੀ। ਪਿਛਲੇਰੇ ਗੁਰੂਆਂ ਦੀ ਬਾਣੀ ਨਾਨਕ-ਜੋਤ ਦੀ ਬਾਣੀ ਹੋਣ ਕਰਕੇ ਗੁਰੂ ਨਾਨਕ ਬਾਣੀ ਦਾ ਹੀ ਦਰਜਾ ਰਖਦੀ ਹੈ ਪਰ ਇਹ ਜਾਂ ਤਾਂ ਗੁਰੂ ਨਾਨਕ ਬਾਣੀ ਦਾ ਅਨੁਸਰਣ ਕਰਦੀ ਹੈ ਜਾਂ ਉਸਦੀ ਵਿਆਖਿਆ। ਇਸ ਵਿਆਖਿਆ ਨੂੰ "ਸਹਜ ਪ੍ਰਣਾਲੀ" ਦਾ ਨਾਂ ਦਿੱਤਾ ਜਾ ਸਕਦਾ ਹੈ।

9 ਭਾਈ ਗੁਰਦਾਸ ਅਤੇ ਹੋਰ ਮੰਜੀਦਾਰਾਂ, ਜਿਨ੍ਹਾਂ ਨੂੰ ਗੁਰੂ ਸਾਹਿਬਾਨ ਦਾ ਥਾਪੜਾ ਪ੍ਰਾਪਤ ਸੀ, ਦੁਆਰਾ ਕੀਤੀ ਗਈ ਲਿਖਿਤ ਅਤੇ ਮੌਖਿਕ ਵਿਆਖਿਆ ਵੀ ਗੁਰਬਾਣੀ ਦੀ ਪ੍ਰਮਾਣਕ ਵਿਆਖਿਆ ਸੀ। ਇਹ ਵਿਆਖਿਆ ਗੁਰੂ ਸਾਹਿਬਾਨ ਦੁਆਰਾ ਪ੍ਰਵਾਣਿਤ ਹੋਣ ਕਾਰਣ ਇਸ ਨੂੰ "ਪ੍ਰਵਾਣਿਤ ਵਿਆਖਿਆ" ਦਾ ਨਾਂ ਦੇਣਾ ਉਚਿਤ ਹੈ।

10 ਉਦਾਸੀ ਸੰਪ੍ਰਦਾਇ ਦੇ ਸੰਚਾਲਕ ਬਾਬਾ ਸ੍ਰੀ ਚੰਦ ਜੀ ਨੇ ਗੁਰ-ਗੱਦੀ ਦੇ ਸਮਾਨਾਂਤਰ ਆਪਣੀ ਗੱਦੀ ਸਥਾਪਤ ਕੀਤੀ। ਗੁਰੂ ਘਰ ਵਿਚ "ਗੁਰਮੁਖ ਮਾਇਆ ਵਿਚ ਉਦਾਸੀ" ਦੀ ਰੀਤ ਸੀ ਪਰ ਬਾਬਾ ਸ੍ਰੀ ਚੰਦ ਜੀ ਨੇ "ਤਿਆਗ ਵਿਚ ਉਦਾਸੀ" ਰਹਿਣ ਦੇ ਵਿਚਾਰ ਨੂੰ ਗੁਰੂ ਨਾਨਕ ਬਾਣੀ ਦਾ ਧੁਰਾ ਬਣਾ ਕੇ ਗੁਰਬਾਣੀ ਦੀ ਵਿਆਖਿਆ ਆਰੰਭੀ ਜੋ ਕਿ ਅਸਲ ਵਿਚ ਗੁਰਬਾਣੀ ਰਾਹੀਂ ਪ੍ਰਗਟ ਹੋਏ ਗੁਰੂ ਨਾਨਕ ਮਤ ਦੇ ਅਨੁਕੂਲ ਨਹੀਂ। ਤਿਆਗਵਾਦ ਹੀ ਉਦਾਸੀਆਂ ਦੁਆਰਾ ਕੀਤੀ ਗਈ ਗੁਰਬਾਣੀ ਦੀ ਵਿਆਖਿਆ ਦਾ ਪਹਿਲਾ ਖਿਸਕਣ ਬਿੰਦੂ ਹੈ। ਹੌਲੀ ਹੌਲੀ ਬ੍ਰਾਹਮਣੀ ਵਿਚਾਰਧਾਰਾ ਉਦਾਸੀਆਂ ਦੀ ਗੁਰਬਾਣੀ ਦੀ ਵਿਆਖਿਆ ਵਿਚ ਕਾਫ਼ੀ ਮਾਤ੍ਰਾ ਵਿਚ ਪ੍ਰਵੇਸ਼ ਕਰ ਗਈ। ਪੰਜਾਬ ਤੋਂ ਬਾਹਰ ਇਨ੍ਹਾਂ ਦੇ ਡੇਰੇ ਹੋਣ ਕਾਰਣ ਵੀ

ਇਨ੍ਹਾਂ ਦੀ ਵਿਆਖਿਆ ਸਮਨਵੈਮਈ ਹੋਈ। ਉਦਾਸੀ ਸੰਪ੍ਰਦਾਇ ਦੀ ਗੁਰਮਤ ਵਿਆਖਿਆ ਵਿਚ ਬ੍ਰਾਹਮਣੀ ਵਿਚਾਰਧਾਰਾ ਦੇ ਅਸਰ ਦਾ ਸ਼ਿਖਰ ਸੁਆਮੀ ਆਨੰਦਘਨ ਦੇ ਟੀਕਿਆਂ ਵਿਚ ਪ੍ਰਾਪਤ ਹੈ।

11 ਉਦਾਸੀਆਂ ਵਾਂਗ ਹੀ ਮੀਣਿਆਂ ਨੇ ਵੀ ਗੁਰ-ਗੱਦੀ ਦੇ ਸਮਾਨਾਂਤਰ ਆਪਣੀ ਗੱਦੀ ਸਥਾਪਤ ਕੀਤੀ। ਸੋਢੀ ਪ੍ਰਿਥੀਚੰਦ ਦਾ ਪੁੱਤਰ ਮਿਹਰਬਾਨ ਬਚਪਨ ਵਿਚ ਗੁਰੂ ਅਰਜਨ ਦੇਵ ਜੀ ਦੇ ਪ੍ਰਭਾਵ ਹੇਠ ਰਿਹਾ ਅਤੇ ਸੰਤ-ਸੁਭਾਅ ਦਾ ਸੁਆਮੀ ਬਣਿਆ। ਪਰ ਪਿਛਲੇਰੀ ਉਮਰ ਵਿਚ ਆਪਣੇ ਪਿਤਾ ਦੇ ਪ੍ਰਭਾਵ ਕਾਰਣ ਉਹ ਗੁਰੂ ਘਰ ਦਾ ਵਿਰੋਧੀ ਹੋ ਨਿਬੜਿਆ। ਉਹ ਮੀਣਾ ਗੱਦੀ ਉਤੇ ਸਤਵੇਂ ਗੁਰੂ ਦੇ ਰੂਪ ਵਿਚ ਬੈਠਾ। ਇਥੋਂ ਸਥਿਤੀ ਮੁੜ ਬਾਬਾ ਸ੍ਰੀ ਚੰਦ ਜੀ ਵਾਲੀ ਹੀ ਆਣ ਬਣੀ– ਉਹੀ ਗੁਰ-ਗੱਦੀ ਦਾ ਝਗੜਾ, ਉਵੇਂ ਹੀ ਸਮਾਨਾਂਤਰ ਗੱਦੀ ਚਾਲੂ ਕਰਨਾ, ਅਤੇ ਸੰਗਤਾਂ ਨੂੰ ਆਕ੍ਰਸ਼ਿਤ ਕਰਨ ਦਾ ਮਾਧਿਅਮ ਗੁਰੂ ਨਾਨਕ ਬਾਣੀ ਨੂੰ ਬਣਾਉਣਾ। ਮੀਣਿਆਂ ਦੇ ਛੇਵੇਂ ਗੁਰੂ ਪ੍ਰਿਥੀਚੰਦ ਨੇ ਨਾ ਬਾਣੀ ਰਚੀ, ਨਾ ਗੁਰਬਾਣੀ ਦੀ ਵਿਆਖਿਆ ਕੀਤੀ। ਗੁਰਬਾਣੀ ਦੀ ਵਿਆਖਿਆ ਦਾ ਕੰਮ ਸਮਕਾਲੀਨ ਅਧਿਕਾਰੀ ਗੁਰੂ ਸਾਹਿਬਾਨ-ਵਿਰੋਧੀ ਪਰ ਗੁਰੂ ਨਾਨਕ ਬਾਣੀ ਵਿਚ ਨਿਸ਼ਚਾ ਰਖਣ ਵਾਲੇ ਸੋਢੀ ਮਿਹਰਬਾਨ ਦੇ ਹਿੱਸੇ ਆਇਆ। ਪ੍ਰਤਿਕੂਲ ਸਮਕਾਲੀਨ ਇਤਿਹਾਸਕ ਪਰਿਸਥਿਤੀਆਂ ਦੇ ਬਾਵਜੂਦ ਉਸ ਨੇ ਗੁਰਬਾਣੀ ਦੀ ਵਿਆਖਿਆ ਕਰਦਿਆਂ ਮਨਮਤ ਤੋਂ ਬਚਣ ਦਾ ਉਪਰਾਲਾ ਕੀਤਾ ਅਤੇ ਗੁਰਬਾਣੀ ਦੀ ਵਿਆਖਿਆ ਉਵੇਂ ਹੀ ਕੀਤੀ ਜਿਵੇਂ ਮੂਲ-ਪਾਠ ਨੇ ਉਸ ਨੂੰ ਰਸਤਾ ਦਿੱਤਾ।

12 ਨਿਰਮਲ ਸੰਪ੍ਰਦਾਇ ਗੁਰੂ ਘਰ ਦੀ ਇੱਛਾ ਅਨੁਸਾਰ ਹੀ ਹੋਂਦ ਵਿਚ ਆਈ। ਦਸਮ ਪਾਤਸ਼ਾਹ ਨੇ ਆਪ ਕੁਝ ਸਿੱਖਾਂ ਨੂੰ ਸੰਸਕ੍ਰਿਤ ਦੀ ਸਿਖਿਆ ਪ੍ਰਾਪਤ ਕਰਨ ਲਈ ਬਨਾਰਸ ਭੇਜਿਆ। ਇਨ੍ਹਾਂ ਨੇ ਬਨਾਰਸ ਵਿਚ ਸੰਸਕ੍ਰਿਤ ਭਾਸ਼ਾ ਅਤੇ ਹਿੰਦੂ ਧਰਮ ਦੇ ਗ੍ਰੰਥਾਂ ਦਾ ਗੰਭੀਰ ਅਤੇ ਵਿਸ਼ਾਲ ਅਧਿਐਨ ਕੀਤਾ। ਇਹ ਬ੍ਰਾਹਮਣੀ ਪ੍ਰਭਾਵਾਂ ਤੋਂ ਬਚ ਨਹੀਂ ਸਕੇ। ਭਾਵੇਂ ਇਹ ਆਪਣੇ ਆਪ ਨੂੰ ਸਿੱਖਾਂ ਦਾ ਅਨਿਖੜ ਅੰਗ ਮੰਨਦੇ ਹਨ ਫਿਰ ਵੀ ਇਨ੍ਹਾਂ ਦੇ ਚਿੰਤਨ ਅਤੇ ਪੂਜਾ ਢੰਗ ਵਿਚ ਸਿੱਖਾਂ ਨਾਲੋਂ ਕੁਝ ਫਰਕ ਆ ਗਿਆ। ਬ੍ਰਾਹਮਣੀ ਪ੍ਰਭਾਵ ਅਤੇ ਸਿੱਖ ਚਿੰਤਨ ਨਾਲੋਂ ਅੰਤਰ ਇਨ੍ਹਾਂ ਦੇ ਟੀਕਿਆਂ ਵਿਚ ਭਲੀ ਭਾਂਤ ਪ੍ਰਦਰਸ਼ਿਤ ਹੁੰਦੇ ਹਨ। ਇਨ੍ਹਾਂ ਵਿਚ ਕੋਈ ਟੀਕਾ ਸਕੂਲ ਨਹੀਂ। ਟੀਕਾਕਾਰਾਂ ਨੇ ਆਪਣੇ ਆਪਣੇ ਗਿਆਨ ਅਤੇ ਅਨੁਭਵ ਅਨੁਸਾਰ ਬਿਨਾਂ ਕਿਸੇ ਸਾਂਝੀ ਧਾਰਾ ਨੂੰ ਕਾਇਮ ਰਖਿਆਂ ਟੀਕੇ ਕੀਤੇ ਹਨ।

13 ਗਿਆਨੀ ਸੰਪ੍ਰਦਾਇ ਵੀ ਗੁਰੂ ਘਰ ਦੀ ਇੱਛਾ ਅਨੁਸਾਰ ਹੋਂਦ ਵਿਚ ਆਈ। ਇਸ ਦੇ ਮੋਢੀ ਭਾਈ ਮਨੀ ਸਿੰਘ ਸਨ ਜਿਨ੍ਹਾਂ ਨੇ ਦਸਮ ਪਾਤਿਸ਼ਾਹ ਦੇ ਤਲਵੰਡੀ ਸਾਬੋਕੀ ਦੇ ਵਾਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਸੁਣੇ ਅਤੇ ਅੱਗੋਂ ਸੰਪ੍ਰਦਾਈ ਅਰਥਾਂ ਦੀ ਲੜੀ ਚਲਾਈ। ਇਨ੍ਹਾਂ ਦੇ ਪ੍ਰਮੁਖ ਕੇਂਦਰ ਦਮਦਮਾ ਸਾਹਿਬ ਅਤੇ ਅੰਮ੍ਰਿਤਸਰ ਰਹੇ ਹਨ। ਹੁਣ ਸੰਪ੍ਰਦਾਈ ਅਰਥਾਂ ਦੀ ਇਕ ਟਕਸਾਲ ਭਿੰਡਰਾਂ ਵਿਖੇ ਵੀ ਹੈ। ਇਹ ਅੰਮ੍ਰਿਤਸਰ ਵਾਲੇ ਕੇਂਦਰ ਨੂੰ ਵੱਡੀ ਟਕਸਾਲ ਮੰਨਦੇ ਹਨ। ਮੌਖਿਕ ਰੂਪ ਵਿਚ ਇਨ੍ਹਾਂ ਨੇ ਗੁਰਬਾਣੀ ਦੇ ਅਰਥ ਪੜ੍ਹਨ ਪੜ੍ਹਾਉਣ ਦਾ ਕੰਮ ਬਾਕੀ ਸਭ ਸੰਪ੍ਰਦਾਵਾਂ ਨਾਲੋਂ ਵੱਧ ਕੀਤਾ ਹੈ। ਲਿਖਤੀ ਰੂਪ ਵਿਚ ਵੀ ਇਨ੍ਹਾਂ ਦੇ ਹੀ ਟੀਕੇ ਸਭ ਸੰਪ੍ਰਦਾਵਾਂ ਨਾਲੋਂ ਵਧੇਰੇ ਹਨ। ਹੋਰ ਸੰਪ੍ਰਦਾਵਾਂ ਵਾਲੇ ਵੀ ਇਨ੍ਹਾਂ ਅਰਥਾਂ ਪ੍ਰਤਿ ਸਤਿਕਾਰ ਦੀ ਭਾਵਨਾ ਰਖਦੇ ਹਨ। ਬਹੁਤ ਸਾਰੇ ਉਦਾਸੀਆਂ, ਨਿਰਮਲਿਆਂ ਅਤੇ ਸੇਵਾ ਪੰਥੀਆਂ ਨੇ ਗੁਰਬਾਣੀ ਦੇ ਅਰਥ ਅੰਮ੍ਰਿਤਸਰ ਵਾਲੀ ਵੱਡੀ ਟਕਸਾਲ ਤੋਂ ਪੜ੍ਹੇ ਹਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਸਮੇਂ ਤਕ ਇਹ ਅਰਥ ਕਾਫ਼ੀ ਹੱਦ ਤਕ ਆਪਣੇ ਮੌਲਿਕ ਰੂਪ ਵਿਚ ਸੀਨਾ-ਬ-ਸੀਨਾ ਅਗੇ ਚਲਦੇ ਰਹੇ। ਸਿੱਖ ਰਾਜ ਸਮੇਂ ਇਨ੍ਹਾਂ ਵਿਚ ਕਾਫ਼ੀ ਰਲਾ ਪਿਆ।

14 ਸੇਵਾ ਪੰਥੀ ਸੰਪ੍ਰਦਾਇ ਵੀ ਗੁਰੂ ਘਰ ਦੀ ਇੱਛਾ ਅਨੁਸਾਰ ਹੋਂਦ ਵਿਚ ਆਈ। ਇਹ ਦਸਾਂ ਗੁਰੂਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੂਰਣ ਵਿਸ਼ਵਾਸ ਰਖਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਇਹ ਪਾਰਸ ਭਾਗ, ਮਸਨਵੀ ਮੌਲਾਨਾ ਰੂਮੀ ਅਤੇ ਯੋਗ ਵਸ਼ਿਸ਼ਠ ਦਾ ਅਧਿਐਨ ਕਰਨ ਨੂੰ ਵਧੇਰੇ ਮਹੱਤਵ ਦਿੰਦੇ ਹਨ। ਫਿਰ ਵੀ, ਉਦਾਸੀ ਅਤੇ ਨਿਰਮਲੇ ਸੰਤਾਂ ਦੇ ਮੁਕਾਬਲੇ ਵਿਚ ਇਨ੍ਹਾਂ ਨੇ ਬਾਹਰਲੇ ਪ੍ਰਭਾਵ ਘੱਟ ਕਬੂਲੇ ਹਨ। ਇਨ੍ਹਾਂ ਦੀ ਗੁਰਬਾਣੀ ਦੀ ਵਿਆਖਿਆ ਗਿਆਨੀਆਂ ਦੀ ਵਿਆਖਿਆ ਨਾਲ ਮਿਲਦੀ ਹੈ। ਵਿਆਖਿਆ ਨੂੰ ਲਿਖਤੀ ਰੂਪ ਦੇਣ ਦੇ ਇਨ੍ਹਾਂ ਨੇ ਕੋਈ ਬਹੁਤੇ ਯਤਨ ਨਹੀਂ ਕੀਤੇ।

15 ਉਨ੍ਹੀਵੀਂ ਸਦੀ ਦੇ ਅੰਤ ਵਿਚ ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ ਹੋਇਆ। ਅੰਗਰੇਜ਼ਾਂ ਨੇ ਨਵੇਂ ਜਿੱਤੇ ਇਲਾਕੇ ਵਿਚ ਈਸਾਈ ਧਰਮ ਦਾ ਪ੍ਰਚਾਰ ਆਰੰਭਿਆ। ਇਸ ਪ੍ਰਚਾਰ ਦੇ ਪ੍ਰਤਿਕਰਮ ਵਜੋਂ ਸਿੰਘ ਸਭਾ ਲਹਿਰ ਹੋਂਦ ਵਿਚ ਆਈ। ਇਸ ਸਮੇਂ ਵੈਦਿਕ ਧਰਮ ਦੀ ਪੁਨਰ ਜਾਗ੍ਰਤੀ ਲਈ ਸੁਆਮੀ ਦਯਾ ਨੰਦ ਨੇ ਆਰੀਆ ਸਮਾਜ ਦੀ ਨੀਂਹ ਰੱਖੀ। ਸਿੰਘ ਸਭਾ ਲਹਿਰ ਅਤੇ ਆਰੀਆ ਸਮਾਜ ਦੇ ਵਿਦਵਾਨਾਂ ਦਾ ਆਪਸੀ ਟਕਰਾਅ ਵੀ ਹੋ ਗਿਆ। ਬਦਲੀਆਂ ਸਮਾਜਿਕ ਪਰਿਸਥਿਤੀਆਂ ਕਾਰਣ ਸਿੰਘ ਸਭਾ ਦੇ ਵਿਦਵਾਨਾਂ ਨੇ ਗੁਰਬਾਣੀ ਦੀ ਵੇਦ-ਮੁਖੀ

ਵਿਆਖਿਆ ਨੂੰ ਛੱਡ ਕੇ ਗੁਰਬਾਣੀ ਨੂੰ ਵੇਦ ਸ਼ਾਸਤ੍ਰ ਤੋਂ ਸੁਤੰਤਰ ਸਿਧ ਕਰਨਾ ਆਰੰਭ ਕਰ ਦਿੱਤਾ। ਇਸ ਤੋਂ ਇਲਾਵਾ ਪਛਮ ਤੋਂ ਪ੍ਰਾਪਤ ਹੋਈ ਨਵੀਂ ਵਿਦਿਆ ਦੀ ਰੋਸ਼ਨੀ ਕਾਰਣ ਟੀਕਿਆਂ ਵਿਚ ਅੰਧ ਵਿਸ਼ਵਾਸ ਦੀ ਥਾਂ ਤਰਕ ਪ੍ਰਧਾਨ ਹੋ ਗਿਆ। ਵਿਆਕਰਣ ਅਨੁਸਾਰ ਗੁਰਬਾਣੀ ਦੇ ਅਰਥ ਕਰਨ ਦੇ ਵਿਚਾਰ ਨੂੰ ਉਤਸਾਹ ਮਿਲਿਆ। ਸਿੱਟੇ ਵਜੋਂ ਵਿਗਿਆਨਕ ਦ੍ਰਿਸ਼ਟੀਕੋਣ ਵਾਲੇ ਆਧੁਨਿਕ ਟੀਕੇ ਹੋਂਦ ਵਿਚ ਆਏ।

16 ਆਸਾ ਦੀ ਵਾਰ ਦੀ ਟੀਕਾਕਾਰੀ ਦੇ ਬੀਜ ਭਾਵੇਂ ਗੁਰਬਾਣੀ ਅਤੇ ਭਾਈ ਗੁਰਦਾਸ ਦੀ ਰਚਨਾ ਵਿਚ ਮਿਲਦੇ ਹਨ ਪਰ ਪੂਰੀ ਪਉੜੀ ਜਾਂ ਸਲੋਕ ਦੇ ਅਰਥ ਪਹਿਲੀ ਵਾਰ ਸੋਢੀ ਮਿਹਰਬਾਨ ਨੇ ਹੀ ਆਪਣੇ ਪਰਮਾਰਥਾਂ ਵਿਚ ਕੀਤੇ ਹਨ। ਸੋ ਆਸਾ ਦੀ ਵਾਰ ਦਾ ਪਹਿਲਾ ਟੀਕਾ ਕਰਨ ਦਾ ਮਾਣ ਸੋਢੀ ਮਿਹਰਬਾਨ ਨੂੰ ਹੀ ਪ੍ਰਾਪਤ ਹੈ। ਸੋਢੀ ਮਿਹਰਬਾਨ ਤੋਂ ਲੈ ਕੇ ਹੁਣ ਤਕ ਆਸਾ ਦੀ ਵਾਰ ਦੇ 35 ਟੀਕੇ ਰਚੇ ਗਏ ਹਨ ਜਿਨ੍ਹਾਂ ਵਿਚੋਂ ਇੱਕੀ ਗੁਰਬਾਣੀ ਦੇ ਅਰਥ ਖੋਜਣ, ਪ੍ਰਸਾਰਨ ਅਤੇ ਪ੍ਰਚਾਰਨ ਦੇ ਮੰਤਵ ਨੂੰ ਮੁਖ ਰਖ ਕੇ ਲਿਖੇ ਗਏ ਹਨ, ਦੋ ਟੀਕੇ ਨਿਰੋਲ ਵਪਾਰਕ ਦ੍ਰਿਸ਼ਟੀਕੋਣ ਨੂੰ ਮੁਖ ਰਖ ਕੇ ਲਿਖੇ ਗਏ ਹਨ ਅਤੇ ਬਾਰਾਂ ਟੀਕੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਮੁਖ ਰਖ ਕੇ ਲਿਖੇ ਗਏ ਹਨ। ਪਹਿਲੇ ਵਰਗ ਦੇ ਟੀਕੇ ਹੀ ਅਰਥਾਂ ਦੀ ਦ੍ਰਿਸ਼ਟੀ ਤੋਂ ਧਿਆਨ ਦੀ ਮੰਗ ਕਰਦੇ ਹਨ।

17 ਇਨ੍ਹਾਂ ਟੀਕਿਆਂ ਵਿਚ ਪ੍ਰਸਤੁਤ ਅਰਥਾਂ ਵਿਚ ਕਾਫ਼ੀ ਭਿੰਨਤਾ ਮਿਲਦੀ ਹੈ। ਇਹ ਭਿੰਨਤਾ ਕੁਦਰਤੀ ਹੈ ਕਿਉਂਕਿ ਗ੍ਰੰਥ ਦੇ ਅਰਥ ਕਰਨ ਵਾਲੇ ਵਿਅਕਤੀ ਭਿੰਨ ਭਿੰਨ ਸ਼ਖਸ਼ੀਅਤਾਂ ਦੇ ਸੁਆਮੀ ਹਨ। ਹਰ ਵਿਅਕਤੀ ਆਪਣੀ ਬੁੱਧੀ, ਅਨੁਭਵ, ਗਿਆਨ ਅਤੇ ਪਿਛੋਕੜ ਅਨੁਸਾਰ ਹੀ ਟੀਕਾਕਾਰੀ ਦੇ ਕਾਰਜ ਨੂੰ ਕਰਦਾ ਹੈ।

18 ਸ੍ਵੈ-ਮਤੀਆਂ ਨੇ ਸੰਪ੍ਰਦਾਈ ਹਿੱਤਾਂ ਦੀ ਪਾਲਣਾ ਲਈ ਗੁਰਬਾਣੀ ਦੇ ਅਰਥ ਤੋੜ ਮਰੋੜ ਕੇ ਪੇਸ਼ ਕੀਤੇ ਹਨ। ਕਈ ਟੀਕਾਕਾਰ ਆਪਣੇ ਉਤੇ ਪਏ ਸਖ, ਵੇਦਾਂਤ ਆਦਿ ਦੇ ਪ੍ਰਭਾਵ ਕਾਰਣ ਗੁਰਬਾਣੀ ਦੇ ਅਰਥ ਉਨ੍ਹਾਂ ਮਤਾਂ ਅਨੁਸਾਰ ਕਰ ਗਏ ਹਨ। ਕਈ ਟੀਕਾਕਾਰ ਅਰਥ ਕਰਦਿਆਂ ਅਚੇਤ ਤੌਰ ਤੇ ਉਕਾਈਆਂ ਕਰ ਬੈਠੇ ਹਨ ਕਿਉਂਕਿ ਉਨ੍ਹਾਂ ਵਿਚ ਕੁਝ ਖਾਸ ਨੁਕਤਿਆਂ ਬਾਰੇ ਸਹੀ ਅਰਥਾਂ ਤਕ ਪਹੁੰਚਣ ਦੀ ਸਮਰਥਾ ਨਹੀਂ ਸੀ।

19 ਇਕ ਨਿਪੁੰਨ ਟੀਕਾਕਾਰ ਬਣਨ ਲਈ ਵਿਚਾਰ ਅਧੀਨ ਗ੍ਰੰਥ ਨਾਲ ਸੰਬੰਧਿਤ ਧਰਮ ਦੇ ਸਿੱਧਾਂਤਾਂ ਦਾ ਗਿਆਨ, ਸੰਬੰਧਿਤ ਗ੍ਰੰਥ ਪ੍ਰਤਿ ਸੁਹਿਰਦਤਾ, ਕਾਰਜ ਕਰਨ ਵਿਚ ਦਿਆਨਤਦਾਰੀ, ਕਾਰਜ ਕਰਦੇ ਸਮੇਂ ਨਿਜੀ ਅਤੇ ਸੰਪ੍ਰਦਾਈ ਭਾਵਨਾਵਾਂ ਤੋਂ ਨਿਰਲੇਪਤਾ, ਟੀਕਾਕਾਰੀ ਦਾ ਕਾਰਜ ਕਰਦਿਆਂ ਪੂਰੇ ਗ੍ਰੰਥ ਨੂੰ ਧਿਆਨ ਵਿਚ ਰਖਣਾ, ਪ੍ਰਕਰਣ ਦੀ ਸੁਰ ਮੂਲ-ਪਾਠ ਅਨੁਕੂਲ ਰਖਣੀ, ਸੰਬੰਧਿਤ ਧਰਮ ਦੀ ਪ੍ਰਮਾਣਿਕ ਪਰੰਪਰਾ ਨੂੰ ਧਿਆਨ ਵਿਚ ਰਖਣਾ, ਕਵੀ ਮਨ ਤਕ ਪਹੁੰਚਣ ਅਤੇ ਉਸ ਦੀਆਂ ਕਾਵਿ-ਜੁਗਤਾਂ ਨੂੰ ਸਮਝਣ ਦੀ ਸਮਰਥਾ ਰਖਣਾ, ਮੂਲ ਗ੍ਰੰਥ ਵਿਚ ਵਰਤੀ ਗਈ ਭਾਸ਼ਾ ਦੇ ਨਾਲ ਨਾਲ ਉਨ੍ਹਾਂ ਭਾਸ਼ਾਵਾਂ ਅਤੇ ਉਪ-ਭਾਸ਼ਾਵਾਂ ਦਾ ਗਿਆਨ ਜਿਨ੍ਹਾਂ ਦੇ ਸ਼ਬਦ ਗ੍ਰੰਥ ਵਿਚ ਵਰਤੇ ਗਏ ਹੋਣ, ਭਾਸ਼ਾ ਵਿਗਿਆਨਕ ਪਖ ਤੋਂ ਸ਼ਬਦਾਂ ਦੀ ਅਰਥ-ਸੀਮਾ ਦਾ ਗਿਆਨ, ਸੰਬੰਧਿਤ ਭਾਸ਼ਾਵਾਂ ਦੇ ਵਿਆਕਰਣ ਦਾ ਗਿਆਨ, ਸੰਕਲਪਾਂ ਦੀ ਥਾਹ ਪਾ ਸਕਣ ਦੀ ਸਮਰਥਾ, ਕਵਿਤਾ ਦੇ ਸਹੀ ਉਚਾਰਣ ਦੀ ਜਾਚ, ਪ੍ਰਸੰਗ ਅਨੁਸਾਰ ਸ਼ਬਦ ਦੇ ਅਰਥ ਲਾ ਸਕਣ ਦੀ ਜਾਚ, ਅਤੇ ਬਿੰਬਾਂ ਤੇ ਪ੍ਰਤੀਕਾਂ ਦੀ ਸਹੀ ਵਿਆਖਿਆ ਕਰ ਸਕਣ ਦੀ ਸਮਰਥਾ ਆਦਿ ਗੁਣਾਂ ਦਾ ਵਿਅਕਤੀ ਨੂੰ ਸੁਆਮੀ ਹੋਣਾ ਚਾਹੀਦਾ ਹੈ।

20 ਗੁਰਬਾਣੀ ਦਾ ਮਾਡਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਉਤੇ ਮੁੰਦਾਵਣੀ ਵਿਚ ਪੰਚਮ ਪਾਤਿਸ਼ਾਹ ਨੇ ਇਸ ਤਰ੍ਹਾਂ ਦਿੱਤਾ ਹੈ :-

"ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖ ਵੀਚਾਰੋ॥"

ਗੁਰਬਾਣੀ ਰੂਪੀ ਭਾਂਡੇ (ਥਾਲ) ਵਿਚ ਤਿੰਨ ਵਸਤਾਂ (ਸੰਦੇਸ਼) ਹਨ – ਸਤੁ, ਸੰਤੋਖ ਤੇ ਵਿਚਾਰ ।

ਇਹੀ ਮਾਡਲ ਟੀਕਾਕਾਰੀ ਲਈ ਹੈ। ਮੂਲ ਗ੍ਰੰਥ ਜਾਂ ਰਚਨਾ ਰੂਪੀ ਭਾਂਡੇ ਵਿਚ ਸੰਦੇਸ਼ ਰੂਪੀ ਵਸਤੂ ਪਈ ਹੈ ਜਿਸ ਤਕ ਟੀਕਾਕਾਰ ਨੇ ਭਾਂਡੇ ਦੀ ਧਾਤੂ ( metal ) (ਭਾਸ਼ਾ) ਅਤੇ ਭਾਂਡੇ ਦੀ ਬਣਤਰ (ਰਚਨਾ ਦੀ ਬਣਤਰ) ਰਾਹੀਂ ਪਹੁੰਚਣਾ ਹੈ। ਪਰ ਭਾਂਡੇ ਦੀ ਧਾਤੂ ਅਤੇ ਬਣਤਰ ਕੇਵਲ ਟੋਹ ਲਉਣ ਲਈ ਸਹਾਈ ਹੋ ਸਕਦੀਆਂ ਹਨ, ਇਨ੍ਹਾਂ ਮਾਧਿਅਮਾਂ ਰਾਹੀਂ ਸੰਦੇਸ਼ ਤਕ ਪੁਜਣ ਲਈ ਅਨੁਭਵ ਅਤੇ ਅੰਤਰ-ਦ੍ਰਿਸ਼ਟੀ ( intution ) ਦੀ ਲੋੜ ਹੈ ਜਿਨ੍ਹਾਂ ਦੇ ਆਸਰੇ ਵਿਅਕਤੀ ਤੁਰਤ ਅਤੇ ਠੀਕ ਸੰਦੇਸ਼ ਤਕ ਪਹੁੰਚਦਾ ਹੈ।

21 ਗੁਰਬਾਣੀ ਦੇ ਟੀਕਾ ਸਾਹਿਤ ਦਾ ਧਾਰਮਿਕ ਦ੍ਰਿਸ਼ਟੀਕੋਣ ਦੇ ਨਾਲ ਸਾਹਿਤਕ ਦ੍ਰਿਸ਼ਟੀਕੋਣ ਤੋਂ ਵੀ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ। ਗੁਰਬਾਣੀ ਦੇ ਟੀਕਾ ਸਾਹਿਤ ਵਿਚ ਉਤਮ

ਸਾਹਿਤ ਦੇ ਅਨੇਕ ਗੁਣ ਮਿਲਦੇ ਹਨ ਪਰ ਗੁਰਬਾਣੀ ਦੇ ਵਿਦਵਾਨਾਂ ਨੇ ਗੁਰਬਾਣੀ ਦੇ ਟੀਕਿਆਂ ਨੂੰ ਸਾਹਿਤਕ ਦ੍ਰਿਸ਼ਟੀਕੋਣ ਤੋਂ ਨਿਰਖਣ ਪਰਖਣ ਦੇ ਅਜੇ ਤਕ ਕੋਈ ਵਿਸ਼ੇਸ਼ ਯਤਨ ਨਹੀਂ ਕੀਤੇ।

22 ਗੁਰਬਾਣੀ ਦੀ ਟੀਕਾਕਾਰੀ ਦੇ ਆਰੰਭਿਕ ਕਾਲ ਵਿਚ ਸਧੁੱਕੜੀ ਜਾਂ ਸਾਧ ਭਾਖਾ ਦੀ ਵਰਤੋਂ ਕੀਤੀ ਗਈ ਕਿਉਂਕਿ ਉਸ ਸਮੇਂ ਸਾਰੇ ਉੱਤਰੀ ਭਾਰਤ ਵਿਚ ਵਿਚਾਰਾਂ ਦੇ ਆਦਾਨ ਪ੍ਰਦਾਨ ਲਈ ਇਹੀ ਭਾਸ਼ਾ ਸੰਤਾਂ ਸਾਧੂਆਂ ਦੁਆਰਾ ਇਕ ਸਾਂਝੀ ਭਾਸ਼ਾ ਵਜੋਂ ਵਰਤੀ ਜਾਂਦੀ ਸੀ। ਇਸ ਭਾਸ਼ਾ ਨੂੰ ਹਿੰਦਵੀ ਅਤੇ ਖੜੀ ਬੋਲੀ ਦੇ ਨਾਂ ਵੀ ਦਿੱਤੇ ਗਏ ਹਨ। ਟੀਕਿਆਂ ਵਿਚ ਸਾਧ ਭਾਖਾ ਦੀ ਸਾਂਝੀ ਰੌ ਦੇ ਨਾਲ ਨਾਲ ਸਥਾਨਕ ਉਪ-ਬੋਲੀਆਂ ਅਤੇ ਟਕਸਾਲੀ ਪੰਜਾਬੀ ਦੇ ਸ਼ਬਦ ਵੀ ਚਲਦੇ ਜਾਂਦੇ ਹਨ। ਟੀਕਿਆਂ ਦੀ ਇਸ ਭਾਸ਼ਾਈ ਮਿਸ ਵਿਚ ਸਮੇਂ, ਸਥਾਨ ਅਤੇ ਵਿਅਕਤੀ ਦੇ ਪਰਿਵਰਤਨ ਨਾਲ ਕਦੇ ਇਕ ਭਾਖਾ ਦਾ ਅੰਸ਼ ਵਧ ਜਾਂਦਾ ਹੈ ਅਤੇ ਕਦੇ ਦੂਸਰੀ ਦਾ । ਸਿੰਘ ਸਭਾ ਲਹਿਰ ਤੋਂ ਬਾਅਦ ਟੀਕਿਆਂ ਦੀ ਭਾਸ਼ਾ ਦੋਰਾਹਾ ਅਪਨਾ ਲੈਂਦੀ ਹੈ। ਕੁਝ ਸਾਧੂ ਸੰਤ ਤਾਂ ਸਾਧ ਭਾਖਾ ਵਿਚ ਟੀਕੇ ਰਚਦੇ ਰਹੇ ਪਰ ਆਧੁਨਿਕ ਵਿਦਵਾਨਾਂ ਨੇ ਆਪਣੇ ਟੀਕੇ ਨਿਰੋਲ ਪੰਜਾਬੀ ਭਾਸ਼ਾ ਵਿਚ ਰਚਣੇ ਸ਼ੁਰੂ ਕਰ ਦਿੱਤੇ।

23 ਟੀਕਾਕਾਰ ਨੇ ਟੀਕਾ ਕਰਦਿਆਂ ਭਾਵੇਂ ਕਿਸੇ ਨਵੇਂ ਦਰਸ਼ਨ ਦੀ ਉਸਾਰੀ ਨਹੀਂ ਕਰਨੀ ਹੁੰਦੀ, ਫਿਰ ਵੀ ਇਹ ਸੰਭਾਵਨਾ ਹੁੰਦੀ ਹੈ ਕਿ ਵਿਆਖਿਆ ਕਰਨ ਲੱਗਿਆਂ ਉਹ ਕਿਸੇ ਸਥਾਪਿਤ ਦਰਸ਼ਨ ਦੀ ਛਾਪ ਅਚੇਤ ਜਾਂ ਸੁਚੇਤ ਰੂਪ ਵਿਚ ਵਿਚਾਰ ਅਧੀਨ ਗ੍ਰੰਥ ਉਤੇ ਨਾ ਲਾ ਦੇਵੇ। ਮੂਲ ਪਾਠ ਵਿਚ ਪ੍ਰਸਤੁਤ ਕਿਸੇ ਦਾਰਸ਼ਨਿਕ ਵਿਚਾਰ ਦਾ ਟੀਕੇ ਵਿਚ ਲੋਪ ਹੋਣ ਦਾ ਡਰ ਵੀ ਸਦਾ ਬਣਿਆ ਰਹਿੰਦਾ ਹੈ। ਦਾਰਸ਼ਨਿਕ ਪਖ ਤੋਂ ਟੀਕੇ ਵਿਚ ਆਏ ਥਿੜਕਣ ਬਿੰਦੂ ਨੂੰ ਸਾਧਾਰਣ ਵਿਅਕਤੀ ਨਹੀਂ ਪਛਾਣ ਸਕਦਾ ਕਿਉਂਕਿ ਦਾਰਸ਼ਨਿਕ ਵਿਚਾਰ ਬੜੀ ਸੂਖਮ ਕਿਸਮ ਦੇ ਹੁੰਦੇ ਹਨ। ਆਸਾ ਦੀ ਵਾਰ ਦੇ ਟੀਕਿਆਂ ਵਿਚ ਕਈ ਅਜੇਹੇ ਥਿੜਕਣ ਬਿੰਦੂ ਮਿਲਦੇ ਹਨ,ਜਿਵੇਂ ਦੋ ਟੀਕਾਕਾਰਾਂ (ਭਾਈ ਮਨੀ ਸਿੰਘ ਵਾਲੀ ਜਨਮਸਾਖੀ ਦੇ ਲੇਖਕ ਅਤੇ ਸੁਆਮੀ ਆਨੰਦਘਨ ) ਨੇ ਗੁਰਬਾਣੀ ਵਿਚ ਅਵਤਾਰਵਾਦ ਨੂੰ ਸਿਧੇ ਜਾਂ ਅਸਿਧੇ ਢੰਗ ਨਾਲ ਮਾਨਤਾ ਦਿੱਤੀ ਹੈ। ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਉਪਲਬਧ ਆਸਾ ਦੀ ਵਾਰ ਦੇ ਟੀਕੇ ਵਿਚ ਜਗਤ ਦੀ ਉਤਪਤੀ ਬਾਰੇ ਜੋ ਵਿਚਾਰ ਪ੍ਰਸਤੁਤ

ਕੀਤੇ ਗਏ ਹਨ ਉਹ ਸਾਂਖ ਦਰਸ਼ਨ ਤੋਂ ਪ੍ਰਭਾਵਿਤ ਹਨ, ਗੁਰਮਤ ਅਨੁਸਾਰ ਨਹੀਂ। ਜਗਤ ਦੀ ਉਤਪਤੀ ਬਾਰੇ ਇਸ ਟੀਕੇ ਵਿਚ ਵੇਦਾਂਤ ਦਰਸ਼ਨ ਅਨੁਕੂਲ ਵੀ ਕੁਝ ਅਰਥ ਮਿਲਦੇ ਹਨ। ਇਸੇ ਤਰ੍ਹਾਂ ਟੀਕਿਆਂ ਵਿਚ ਜੀਵ, ਹਉਮੈ ਅਤੇ ਹੁਕਮ ਬਾਰੇ ਵੀ ਵੇਦਾਂਤ ਦਰਸ਼ਨ ਦਾ ਪ੍ਰਭਾਵ ਮਿਲਦਾ ਹੈ। ਸੰਖੇਪ ਵਿਚ, ਆਸਾ ਦੀ ਵਾਰ ਦੇ ਟੀਕਿਆਂ ਵਿਚ ਦਾਰਸ਼ਨਿਕ ਵਿਸ਼ਕਣ ਦੀਆਂ ਅਨੇਕ ਉਦਾਹਰਣਾਂ ਉਪਲਬਧ ਹਨ।

*****

***

*

## ਸਹਾਇਕ ਗ੍ਰੰਥਾਂ ਦੀ ਸੂਚੀ

*****
***
*

ENGLISH


Apte, Vaman Shivram, *The Practical Sanskrit-English Dictionary*, Vol.II, Prasad Prakashan, Poona, 1958.

" *The Practical Sanskrit-English Dictionary*, Vol.III, Prasad Prakashan, Poona, 1959.

Bacon, Wallace A., *The Art of Interpretation*, Holt, Rinehart and Winston, Inc., New York, Chicago, San Francisco, Toronto, 1966.

Banerjee, Indu Bhushan, *Evolution of the Khalsa*, Vol.II A Mukherjee and Co. Ptv. Ltd, 2, Bankim Chaterjee Street, Calcutta 12 end Ed., May 1962.

Barnhart, Clarence L.(Ed.), *The American College Encyclopedic Dictionary*, Vol. I, Spencer Press, Inc., 1959.

Boulton, Marjorie, *The Anatomy of Poetry*, Routledge and Kegan Paul Ltd., Broadway House, 68-74, Carter Lane, London, 1962.

Brown, Huntington, *Prose Styles*, The University of Minnesota Press, Minneapolis, 1966.

Chandratye, P.D., *Methodology of the Major Bhasyas on the Brahma-Sutra*, (Publisher) Prin.A.K. Trivedi, S.B. Garda College, Navsari, Ist. Edition, 1958.

Charlier, Dom Celestin, *The Christian Approach to the Bible*, (English Translation from French by Hubert J.Richards and Brendan Peters), Sands and Co. Ltd., 15 King Street, London W.C., 2, 1965.

Daiches, David, *A Study of Literature*, Andre Deutsch Ltd., 105 Great Russel Street, London, W.C.I, Ist.Ed., 1968.

Darshan Singh, *Indian Bhakti Tradition and Sikh Gurus*, Punjab Publishers, 15-A, Chandigarh, Ist. Ed., 1968.

Dayananda Sarasvati, *Rgvedadi-Bhasya-Bhumika* (English Translation by Parmanand), Mehar Chand Lachhman Das, I, Ansari Road, Daryaganj, New Delhi, Ist. Ed., 1981.

Devasthali, G.V., *Mimamsa--The Vakya-Śastra of Ancient India*, Booksellers Publishing Company, Mehendale Building, Girgaon Back Road, Bombay 4, 1959.

Eiselen, Frederick Carl, Lewis, Edwin, and Downey, David G. (Editors), *The Abingdon Bible Commentory*, Abingdon Press, New York, 1929.

--- *Encyclopaedia Britannica*, Vol. 6 Encyclopaedia Britannica, Ltd., Chicago- London-Toronto, 1950.

Fuller, Reginald C. (General Editor), *A New Catholic Commentary on Holy Scripture*, Thomas Nelson, Inc. Publishers, Nashville and New York, 2 1969.

Funk, Robert W., *Language, Hermeneutic, and Word of God* Harper and Row Publishers, New York, Evanston, and London, 1966.

Gaur, Ganesh (Comiler), *Catalogue of Punjabi Printed Books added to the India Office Library 1902-1964*, London, Foreign and Commenwealth Office, 1975.

Gopal Singh (Translator), *Sri Guru-Granth Sahib* (English Version Vol. II, Gurdas Kapur & Sons Pvt. Ltd., Delhi-Jallandar City- Ambala Cantt. 1960.

Gupta, S.K., *Nature of Vedic Śakhas and Authorship of the Phonetic Sutras*, Bharati Mandir Khurja ( U.P.).

Hastings, James (Editor), *Encyclopaedia of Religion & Ethics*, Vol. IX, T & T Clark, 38 George Street, Edinburgh, Second Ed., 1930.

Hodson, Geoffrey, *The Hidden Wisdom in the Holy Bible*, Vol.I, The Theosophical Publishing House, Adyar, Madras 20, India, 1963.

Hudson, William Henry, *An Introduction to the Study of Literature*, Kalyani Publishers, 1/1 Rajinder Nagar, Ludhiana, 1971.

Jha, Ganganatha, *Purva- Mimamsa-Study Sutras of Jaimini*, Bharatiya Publishing House, Varanasi and Delhi, 1979.

Loehlin, C.H., *The Sikhs and their Scriptures*, The Lucknow Publishing House, Lucknow, Second Edition, 1964.

M.M. Singh and Sant-Rein Jiwan Singh (Author and Publisher), *Japji and Asa-Di-Var*, 75, Gobind Nagar Dehradun, 1972.

Macauliffe, M.A., *The Asa Di Var* ( A Morning Prayer of the Sikhs), Education Society's Steam Press, Bombay, 1902.

Macdonald, K.S., *The Brahamans of the Vedas*, Bharatiya Book Corporation, 1,U.B. Bangalow Road, Jawahar Nagar, Delhi, June, 1979.

Macdonell, Arthur A., *A History of Sanskrit Literature*, Munshi Ram Manohar Lal, New Delhi, 1972.

Manmohan Singh (Tran.) *Sri Guru Granth Sahib*, Vol.III, Shiromani Gurdwara Prabandhak Committee, Amritsar, 1964.

Mohan Singh, *A History ofPunjabi Literature*, Kasturi Lal and Sons, Bazar Mai Sewan 2nd Ed., June 1956.

Monier Monier- Williams, *A Sanskrit-English Dictionary*, Clarendon Press, Oxford, 1956.

Murry, J. Middleton, *The Problem of Style*, Oxford University Press, Amen House, London, E.C.4, 1965.

Oman, John Campbell, *The Mystics, Ascetics and Saints of India*, Orient Publishers, 1488, Pataudi House, Darya Ganj, Delhi-6, 1973.

Pargiter, F. Eden (Trans.) *Màrkandeya Purāna*, Indological Book House, 1675, Dakhni Rai Street, Subhash Marg, Delhi-6, 1969.

Peace, M.L., *Asa Di Var*, The Chief Khalsa Diwan, Amritsar, 1971.

Pritchard, F.H., *Training in Literary Appreciation*, International Textbook Reprinters, Chaura Bazar, Ludhiana, 1964.

Puran Singh, *Spirit of the Sikh*, Punjabi University, Patiala, 1978.

" *The Spirit Born People*, Punjabi University, Patiala, 1976.

Raven, Charles E., *Experience and Interpretation*, Cambridge University Press, 1953.

Reeves, James, *The Critical Sense*, The English Book Depot, Ambala Cantt., 1970.

Satya Shrava, *A Comprehensive History of Vedic Literature* (Brāhmana and Āranyaka Works), Pranana Prakashan, 1/28, Punjabi Bagh, New Delhi-110026. First Edition, August, 1977.

Sher Singh, *Philosophy of Sikhism*, Sikh University Press, Lahore, 1944.

Sorenson, Herbert, *Psychology in Education*, Tata Mcgraw-Hill Publishing Co. Ltd., New Delhi, 1977.

Steingass, F., *Persian-English Dictionary*, Oriental Books Reprint Corporation, 54, Rani Jhansi Road, New Delhi-110055 Ist. Ed., 1973.

Talib, Gurbachan Singh (Translator) *Sri Guru Granth Sahib*, Vol.II, Punjabi University, Patiala, 1985.

Teja Singh *Asa Di Var* Shiromani Gurdwara Prabandhak Committee, Amritsar, 1968.

" *Sikhism- Its Ideals and Institutions*, Orient Longmans Ltd., Bombay, Calcutta, Madras, 1951.

— *The Compact Edition of the Oxford English Dictionary*, Vol.I, Oxford University Press, Ely House, London, W.I., 1972.

— *The Encyclopedia Americana*, Vol.VII, Americana Corporation, New York, Chicago-Washington, D.C., 1961.

*The Holy Bible*, King James Version, American Bible Society, New York.

*The New Webster Encyclopedic Dictionary of the English Language*, Consolidated Book Publishers, Chicago, 1970.

Trilochan Singh *Guru Tegh Bahadur- Prophet and Martyr*, Gurdwara Prabandhak Committee, Sis Ganj, Chandni Chowk, Delhi, 1967.

Trump, Ernest, *The Adi Granth*, Munshi Ram Manohar Lal, New Delhi, 1970.

Turner, R.L., *A Comparative Dictionary of the Indo-Aryan Languages*, London, Oxford University Press, New York Toronto, 1966.

Upadhye, A, N. & Others (Editors), *Mahavir and His Teachings*, Bhagwan Mahavira 2500th Nirvana Mahotsava Samiti, Bombay, 1977.

Wansbrough, J., *Quranic Studies* (Sources and Methods of Scriptural Interpretation), Oxford University Press, Walton Street, Oxford, 1977.

Wellek, Rene and Warren, Austin, *Theory of Literature*, Penguin Books Ltd., Harmondsworth, Middlesex, Australia, 3rd. Ed.,

Westland, Peter, *Literary Appreciation*, The English University's Press Ltd, London, 1950.


*****
***
*

ਸੰਸਕ੍ਰਿਤ :


ਸਯਾਰ-ਰਾਜਾ-ਰਾਧਾਕਾਂਤ ਦੇਵ-ਬਹਾਦੁਰੇਣ, ਸ਼ਬਦਕਲਪਦ੍ਰੁਮ, ਦੂਜਾ ਭਾਗ,
ਚੌਖੰਭਾ ਸੰਸਕ੍ਰਿਤ ਸੀਰੀਜ਼ ਆਫ਼ਿਸ,
ਵਾਰਾਣਸੀ, 1961.

" ਸ਼ਬਦਕਲਪਦ੍ਰੁਮ, ਤੀਜਾ ਭਾਗ,
ਚੌਖੰਭਾ ਸੰਸਕ੍ਰਿਤ ਸੀਰੀਜ਼ ਆਫ਼ਿਸ,
ਵਾਰਾਣਸੀ, 1961.

ਸ੍ਰੀ ਤਾਰਾ ਨਾਥ, ਵਾਚਸਪਤਯਮ, ਚੌਥਾ ਭਾਗ,
ਚੌਖੰਭਾ ਸੰਸਕ੍ਰਿਤ ਸੀਰੀਜ਼ ਆਫ਼ਿਸ,
ਵਾਰਾਣਸੀ 1, 1962.

" ਵਾਚਸਪਤਯਮ, ਛੇਵਾਂ ਭਾਗ,
ਚੌਖੰਭਾ ਸੰਸਕ੍ਰਿਤ ਸੀਰੀਜ਼ ਆਫ਼ਿਸ,
ਵਾਰਾਣਸੀ 1, 1962.

—— ਸ੍ਰੀਮਦਭਗਵਦਗੀਤਾ,
ਵਿਆਖਿਆਕਾਰ ਸ੍ਰੀ ਜੈ ਦਿਆਲ ਗੋਇੰਦਕਾ,
ਗੀਤਾ ਪ੍ਰੈਸ, ਗੋਰਖਪੁਰ, ਦਸ਼ਮ ਸੰਸਕਰਣ।

ਚਤੁਰਵੇਦੀ ਦਵਾਰਕਾ ਪ੍ਰਸ਼ਾਦ ਸ਼ਰਮਾ ਤਥਾ ਪੰਡਿਤ ਤਾਰਿਣੀਸ਼ ਝਾ, ਸੰਸਕ੍ਰਿਤ ਸ਼ਬਦਾਰਥ ਕੌਸਤੁਭ, 1971,
ਰਾਮਨਾਰਾਇਣ ਲਾਲ ਬੇਨੀ ਪ੍ਰਸਾਦ, ਪ੍ਰਕਾਸ਼ਕ ਤਥਾ
ਪੁਸਤਕ ਵਿਕਰੇਤਾ, ਇਲਾਹਾਬਾਦ 2.

ਪਾਤੰਜਲ ਯੋਗ ਦਰਸ਼ਨ,
ਗੀਤਾ ਪ੍ਰੈਸ, ਗੋਰਖਪੁਰ, ਸੰਮਤ 2032.

ਬਾਦਰਾਇਣ ਵੇਦਾਂਤ ਦਰਸ਼ਨ (ਬ੍ਰਹਮ ਸੂਤ੍ਰ),
ਵਿਆਖਿਆਕਾਰ ਸ੍ਰੀ ਹਰੀਕ੍ਰਿਸ਼ਨ ਗੋਇੰਦਕਾ,
ਗੀਤਾ ਪ੍ਰੈਸ, ਗੋਰਖਪੁਰ, ਨੌਵਾਂ ਸੰਸਕਰਣ ।

ਭੱਟਾਚਾਰੀਆ, ਸ੍ਰੀ ਤਾਰਾ ਨਾਥ, ਸ਼ਬਦਸਤੋਮਮਹਾਨਿਧਿ,
ਚੌਖੰਭਾ ਸੰਸਕ੍ਰਿਤ ਸੀਰੀਜ਼ ਆਫ਼ਿਸ,
ਵਾਰਾਣਸੀ 1, 1967.

ਮਨੁ ਮਨੁ ਸਮ੍ਰਿਤੀ,
ਵਿਆਖਿਆਕਾਰ ਸ੍ਰੀ ਪੰਡਿਤ ਹਰਗੋਵਿੰਦ ਸ਼ਾਸਤ੍ਰੀ,
ਚੌਖੰਭਾ ਸੰਸਕ੍ਰਿਤ ਸੀਰੀਜ਼ ਆਫ਼ਿਸ,
ਵਾਰਾਣਸੀ 1 .

ਹਿੰਦੀ :

ਸ਼ਯਾਮਸੁੰਦਰ ਦਾਸ, — ਹਿੰਦੀ ਭਾਸ਼ਾ ਕਾ ਵਿਕਾਸ, ਸਾਹਿਤਯ-ਰਤਨ-ਮਾਲਾ ਕਾਰਯਾਲਯ, ਵਾਰਾਣਸੀ, 1971.

" (ਮੂਲ ਸੰਪਾ:), — ਹਿੰਦੀ ਸ਼ਬਦ ਸਾਗਰ, ਚੌਥਾ ਭਾਗ, ਨਾਗਰੀ ਪ੍ਰਚਾਰਣੀ ਸਭਾ, ਕਾਸ਼ੀ, 1968.

" (ਮੂਲ ਸੰਪਾ:), — ਹਿੰਦੀ ਸ਼ਬਦ ਸਾਗਰ, ਛੇਵਾਂ ਭਾਗ, ਨਾਗਰੀ ਪ੍ਰਚਾਰਣੀ ਸਭਾ, ਕਾਸ਼ੀ, 1969.

" ,, — ਹਿੰਦੀ ਸ਼ਬਦ ਸਾਗਰ, ਸਤਵਾਂ ਭਾਗ, ਨਾਗਰੀ ਪ੍ਰਚਾਰਣੀ ਸਭਾ, ਕਾਸ਼ੀ, 1970.

" ,, — ਹਿੰਦੀ ਸ਼ਬਦ ਸਾਗਰ, ਨੌਵਾਂ ਭਾਗ, ਨਾਗਰੀ ਪ੍ਰਚਾਰਣੀ ਸਭਾ, ਕਾਸ਼ੀ, 1972.

ਸ਼ਰਮਾ, ਸਚਿਦਾਨੰਦ, — ਉਦਾਸੀ ਸੰਪ੍ਰਦਾਯ ਔਰ ਕਵਿ ਸੰਤ ਰੇਣ, ਸਾਹਿਤਯ ਸਦਨ, ਦੇਹਰਾਦੂਨ, ਪ੍ਰਥਮ ਸੰਸਕਰਣ, 1967.

ਸ਼ਰਮਾ, ਮੁੰਸ਼ੀ ਰਾਮ, — ਸਾਹਿਤਯ ਸ਼ਾਸਤ੍ਰ, ਸ੍ਰੀ ਭਾਰਤ ਭਾਰਤੀ ਪ੍ਰਾਈਵੇਟ ਲਿਮਟਿਡ, 1, ਅਨਸਾਰੀ ਰੋਡ, ਦਰਿਆ ਗੰਜ, ਦਿੱਲੀ, ਪ੍ਰਥਮ ਸੰਸਕਰਣ।

ਸ਼ਿਵ ਨਾਰਾਇਣ, — ਨਿਰੁਕਤ-ਮੀਮਾਂਸਾ, ਪ੍ਰਥਮ ਸੰਸਕਰਣ ਇੰਡੋਲਾਜੀਕਲ ਬੁਕ ਹਾਊਸ, ਵਾਰਾਣਸੀ - ਦਿੱਲੀ।

ਸ੍ਰੀ ਨਵਲ ਜੀ (ਸੰਪਾਦਕ), — ਨਾਲੰਦਾ ਵਿਸ਼ਾਲ ਸ਼ਬਦ ਸਾਗਰ, ਨਿਊ ਇੰਪੀਰੀਅਲ ਬੁੱਕ ਡਿਪੋ, ਨਈ ਸੜਕ, ਦੇਹਲੀ, 2007 ਬਿਕ੍ਰਮੀ।

ਹਰਿਭਜਨ ਸਿੰਘ, — ਗੁਰਮੁਖੀ ਲਿਪੀ ਮੇਂ ਹਿੰਦੀ ਕਾਵਯ, ਭਾਰਤੀ ਸਾਹਿਤਯ ਮੰਦਿਰ, ਦਿੱਲੀ, 1963.

ਚਤੁਰਵੇਦੀ, ਸੀਤਾ ਰਾਮ, — ਭਾਰਤ ਕੇ ਉਦਾਸੀਨ ਸੰਤ, ਅਖਿਲ ਭਾਰਤੀਯ ਵਿਕ੍ਰਮ ਪਰਿਸ਼ਦ, ਕਾਸ਼ੀ, ਵਿਕ੍ਰਮ-ਸੰਵਤ 2024.

ਚਤੁਰਵੇਦੀ ਪਰਸ਼ੂਰਾਮ, *ਉੱਤਰੀ ਭਾਰਤ ਕੀ ਸੰਤ-ਪਰੰਪਰਾ*,
ਭਾਰਤੀ ਭੰਡਾਰ, ਪ੍ਰਯਾਗ, ਪ੍ਰਥਮ ਸੰਸਕਰਣ,
ਸੰਵਤ 2008.

ਟੰਡਨ, ਪ੍ਰੇਮ ਨਾਰਾਇਣ, (ਸੰਪਾਦਕ) *ਸਾਹਿਤਯ : ਸਵਰੂਪ ਔਰ ਸਮਸਿਆਏਂ*,
ਹਿੰਦੀ ਸਾਹਿਤਯ ਭੰਡਾਰ, ਅਮੀਨਾਬਾਦ, ਲਖਨਊ-3,
1963.

ਤਿਲਕ, ਲੋਕਮਾਨਯ ਬਾਲ ਗੰਗਾਧਰ, *ਸ਼੍ਰੀਮਦਭਗਵਦ ਗੀਤਾ ਰਹੱਸਯ ਅਥਵਾ ਕਰਮਯੋਗ ਸ਼ਾਸਤ੍ਰ*,
(ਸ਼੍ਰੀਮਾਨ ਮਾਧਵਰਾਵ ਜੀ ਸਪ੍ਰੇ ਦੁਆਰਾ ਅਨੁਵਾਦਿਤ),
ਪ੍ਰਕਾਸ਼ਕ ਜਯੰਤ ਸ਼੍ਰੀਧਰ ਤਿਲਕ, 568 ਨਾਰਾਯਣ ਪੇਠ,
ਲੋ. ਤਿਲਕ-ਮੰਦਿਰ (ਗਾਇਕਵਾੜਵਾੜਾ), ਪੂਨਾ 2,
ਗਿਆਰਵਾਂ ਸੰਸਕਰਣ ।

ਦ੍ਵਿਵੇਦੀ, ਹਜ਼ਾਰੀ ਪ੍ਰਸਾਦ, *ਸਾਹਿਤਯ - ਸਹਚਰ*,
ਨੈਵੇਦ ਨਿਕੇਤਨ, ਰਵੀਂਦ੍ਰਪੁਰੀ, ਵਾਰਾਣਸੀ-5,
ਪ੍ਰਥਮ ਸੰਸਕਰਣ, 1965.

ਨਾਮਵਰ ਸਿੰਹ, *ਹਿੰਦੀ ਕੇ ਵਿਕਾਸ ਮੇਂ ਅਪਭ੍ਰੰਸ਼ ਕਾ ਯੋਗਦਾਨ*,
ਲੋਕ ਭਾਰਤੀ ਪ੍ਰਕਾਸ਼ਨ, ਇਲਾਹਾਬਾਦ, 1961.

ਬੋਰਾ, ਰਾਜ ਮਲ, *ਸੰਵੇਦਨਾ ਔਰ ਸੌਂਦਰਯ*,
ਨਮਿਤਾ ਪ੍ਰਕਾਸ਼ਨ, 6, ਆਨੰਦ ਨਗਰ, ਟਾਊਨ ਹਾਲ,
ਔਰੰਗਾਬਾਦ, 1976.

ਬਾਹਰੀ, ਹਰਦੇਵ, *ਗ੍ਰਾਮੀਣ ਹਿੰਦੀ ਬੋਲਿਯਾਂ*,
ਕਿਤਾਬ ਮਹਲ ਪ੍ਰਾਈਵੇਟ ਲਿਮਿਟਿਡ, 56-ਏ,
ਜ਼ੀਰੋ ਰੋਡ, ਇਲਾਹਾਬਾਦ, 1966.

ਮਿਸ਼੍ਰ, ਜੈ ਰਾਮ, *ਸ੍ਰੀ ਗੁਰੂ ਗ੍ਰੰਥ ਦਰਸ਼ਨ*,
ਸਾਹਿਤਯ ਭਵਨ, ਪ੍ਰਾਈਵੇਟ ਲਿਮਿਟਿਡ,
ਇਲਾਹਾਬਾਦ, 1960.

ਰਾਜਗੁਰੂ, ਗੋਵਿੰਦ ਨਾਥ (ਸੰਪਾ:), ਹਰਿ ਜੀ ਸੋਢੀ ਕ੍ਰਿਤ ਗੋਸਟਿ ਗੁਰੂ ਮਿਹਰਵਾਨੁ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪ੍ਰਥਮ ਸੰਸਕਰਣ, 1974.

" ਗੁਰਮੁਖੀ ਲਿਪੀ ਮੇਂ ਹਿੰਦੀ ਗੱਦ, ਰਾਜ ਕਮਲ ਪ੍ਰਕਾਸ਼ਨ, ਦਿੱਲੀ, ਪਟਨਾ, ਪ੍ਰਥਮ ਸੰਸਕਰਣ, 1969.

ਰਾਮ ਸਰੂਪ, ਆਦਰਸ਼ ਹਿੰਦੀ ਸੰਸਕ੍ਰਿਤ ਕੋਸ਼, ਚੌਖੰਭਾ ਵਿਦਯਾ ਭਵਨ, ਚੌਕ, ਵਾਰਾਣਸੀ-1, 1957.

ਲਾਜਪਤ ਰਾਇ (ਅਨੁਵਾਦਕ), ਪ੍ਰਾਚੀਨ ਭਾਰਤੀਯ ਸਾਹਿਤਯ, ਮੋਤੀ ਲਾਲ ਬਨਾਰਸੀ ਦਾਸ, ਬੰਗਲੋ ਰੋਡ, ਜਵਾਹਰ ਨਗਰ, ਦਿੱਲੀ-6, 1961.

ਵਰਮਾ, ਧੀਰੇਂਦ੍ਰ (ਪ੍ਰਧਾਨ ਸੰਪਾਦਕ), ਹਿੰਦੀ ਸਾਹਿਤਯ ਕੋਸ਼, ਗਿਆਨ ਮੰਡਲ ਲਿਮਿਟਿਡ, ਕਬੀਰ ਚੌਰਾ, ਵਾਰਾਣਸੀ-1, ਪ੍ਰਥਮ ਸੰਸਕਰਣ, ਸੰਵਤ 2015.

ਵਰਮਾ, ਰਾਮ ਚੰਦ੍ਰ (ਪ੍ਰਧਾਨ ਸੰਪਾ:), ਮਾਨਕ ਹਿੰਦੀ ਕੋਸ਼, ਦੂਸਰਾ ਖੰਡ, ਹਿੰਦੀ ਸਾਹਿਤਯ ਸੰਮੇਲਨ, ਪ੍ਰਯਾਗ, ਪ੍ਰਥਮ ਸੰਸਕਰਣ।

ਵਰਮਾ, ਰਾਮ ਚੰਦ੍ਰ (ਪ੍ਰਧਾਨ ਸੰਪਾ:), ਮਾਨਕ ਹਿੰਦੀ ਕੋਸ਼, ਚੌਥਾ ਖੰਡ, ਹਿੰਦੀ ਸਾਹਿਤਯ ਸੰਮੇਲਨ, ਪ੍ਰਯਾਗ, ਪ੍ਰਥਮ ਸੰਸਕਰਣ, 1965.

" ਮਾਨਕ ਹਿੰਦੀ ਕੋਸ਼, ਪੰਜਵਾਂ ਖੰਡ, ਹਿੰਦੀ ਸਾਹਿਤਯ ਸੰਮੇਲਨ, ਪ੍ਰਯਾਗ, ਪ੍ਰਥਮ ਸੰਸਕਰਣ, 1966.

ਵਾਚਸਪਤਿ ਗੈਰੋਲਾ, ਸੰਸਕ੍ਰਿਤ ਸਾਹਿਤਯ ਕਾ ਸੰਖਿਪਤ ਇਤਿਹਾਸ, ਚੌਖੰਭਾ ਵਿਦਿਆ ਭਵਨ, ਵਾਰਾਣਸੀ-1, ਪ੍ਰਥਮ ਸੰਸਕਰਣ, 1960.

ਪੰਜਾਬੀ:


ਅਸ਼ੋਕ, ਸ਼ਮਸ਼ੇਰ ਸਿੰਘ, — ਸਾਡਾ ਹੱਥ-ਲਿਖਤ ਪੰਜਾਬੀ ਸਾਹਿਤ,
ਸਿੱਖ-ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ
ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1968.

" — ਸੋਢੀ ਮਿਹਰਬਾਨ - ਜੀਵਨ ਤੇ ਸਾਹਿਤ
ਫ਼ਕੀਰ ਸਿੰਘ ਐਂਡ ਸੰਨਜ਼, ਘੰਟਾ ਘਰ, ਅੰਮ੍ਰਿਤਸਰ, 1968.

" — ਪੰਜਾਬੀ ਹੱਥ ਲਿਖਤਾਂ ਦੀ ਸੂਚੀ, ਭਾਗ ਦੂਜਾ,
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1963.

ਅਹੂਜਾ, ਰੋਸ਼ਨ ਲਾਲ, — ਸਾਹਿਤ ਸ਼ਾਸਤਰ,
ਹਿੰਦ ਪਬਲਿਸ਼ਰਜ਼ ਲਿਮਿਟਿਡ, ਪੱਕਾ ਬਾਗ, ਜਲੰਧਰ, 1963.

ਅਮੋਲ, ਸ.ਸ., — ਸਟੀਕ ਆਸਾ ਦੀ ਵਾਰ,
ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ,
ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ।

" — 10 ਵਾਰਾਂ ਸਟੀਕ,
ਲਿਖਾਰੀ ਬੁਕ ਡਿਪੋ, ਅੰਮ੍ਰਿਤਸਰ, 1946.

" — ਬਾਈ ਵਾਰਾਂ ਸਟੀਕ,
ਲਾਲਾ ਦੇਵੀ ਦਾਸ ਜਾਨਕੀ ਦਾਸ, ਮੋਹਨ ਲਾਲ ਰੋਡ,
ਲਾਹੌਰ — ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਜੂਨ 1937.

- - - ਆਸਾ ਦੀ ਵਾਰ ਸਟੀਕ,
ਪ੍ਰਕਾ: ਲਾਲਾ ਮਾਧੋ ਰਾਮ ਸੰਦ ਰਾਮ,
ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ।

- - - ਆਸਾ ਦੀ ਵਾਰ ਭਾਵ ਪ੍ਰਕਾਸ਼ਨੀ ਟੀਕਾ ਸਹਿਤ,
ਖਾਲਸਾ ਟ੍ਰੈਕਟ ਸੋਸਾਇਟੀ, ਅੰਮ੍ਰਿਤਸਰ ।

- - - ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਫਰੀਦਕੋਟੀ ਟੀਕਾ
ਜਿਲਦ ਪਹਿਲੀ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

- - - ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਫਰੀਦਕੋਟੀ ਟੀਕਾ)
ਜਿਲਦ ਦੂਜੀ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

ਆਨੰਦਘਨ, ਟੀਕਾ ਆਸਾ ਦੀ ਵਾਰ, ਹੱਥ-ਲਿਖਤ ਨੰ: 2, ਡਾ. ਬਲਬੀਰ ਸਿੰਘ ਸਾਹਿਤ ਕੇਂਦਰ ਪੁਸਤਕਾਲਾ, ਡੇਹਰਾਦੂਨ ( ਅਪ੍ਰਕਾਸ਼ਿਤ) ।

ਆਨੰਦਘਨ, ਟੀਕਾ ਜਪੁਜੀ, ਹੱਥ-ਲਿਖਤ ਨੰ: ਐਮ/ 691, ਪੰਜਾਬ ਪੁਰਾਲੇਖ ਪੁਸਤਕਾਲਾ, ਪਟਿਆਲਾ, (ਅਧੂਰਾ ਪ੍ਰਕਾਸ਼ਿਤ)।

ਸਤਿੰਦਰ ਸਿੰਘ, ਵਿਹਾਰਕ ਸਮੀਖਿਆ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

--- ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੋਥੀ ਪਹਿਲੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਮਈ 1969 .

ਸਰਦੂਲ ਸਿੰਘ (ਗਿਆਨੀ), ਆਸਾ ਦੀ ਵਾਰ ਸਟੀਕ, ਪ੍ਰਕਾ: ਭਾਈ ਦਰਬਾਰਾ ਸਿੰਘ ਗਿਆਨੀ, ਗੁਰਦੁਆਰਾ ਸਾਰਾਗੜ੍ਹੀ ਮੈਮੋਰੀਅਲ, ਅੰਮ੍ਰਿਤਸਰ, 1 ਵਿਸਾਖ ਸੰਮਤ ਨਾਨਕਸ਼ਾਹੀ 438, ਬਿਕ੍ਰਮੀ 1964.

ਸ਼ਰਮਾ, ਜੀ. ਐਨ. ਆਸਾ ਦੀ ਵਾਰ, ਸੁੰਦਰ ਦਾਸ ਐਂਡ ਸੰਨਜ਼, ਹਾਲ ਬਜ਼ਾਰ, ਅੰਮ੍ਰਿਤਸਰ।

ਸਾਹਿਬ ਸਿੰਘ, ਆਸਾ ਦੀ ਵਾਰ ਸਟੀਕ, ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ, 1968.

" ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੋਥੀ ਤੀਜੀ, ਰਾਜ ਪਬਲਿਸ਼ਰਜ਼, ਜਲੰਧਰ, ਦਿੱਲੀ, 1963.

" ਗੁਰਬਾਣੀ ਵਿਆਕਰਣ, ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ, ਦਸੰਬਰ 1982.

" ਦਸ ਵਾਰਾਂ ਸਟੀਕ, ਲਾਹੌਰ ਬੁਕ ਸ਼ਾਪ, ਨਿਸਬਤ ਰੋਡ, ਲਾਹੌਰ, ਮਾਰਚ 1946 ।

ਸਾਧੂ ਸਿੰਘ (ਮਹੰਤ), ਉਥਾਨਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ,
ਸ੍ਰੀ ਅਕਾਲ ਪ੍ਰੈਸ, ਲਾਹੌਰ, ਪੋਹ: ਸੰਮਤ 1955 -
ਸੰਮਤ ਨਾਨਕ ਸ਼ਾਹੀ 430.

ਸ਼ਾਮ ਸਿੰਘ, ਪ੍ਰਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ,
ਦੀ ਐਂਗਲੋ ਉਰਦੂ ਐਂਡ ਗੁਰਮੁਖੀ ਪ੍ਰੈਸ, ਅੰਮ੍ਰਿਤਸਰ,
ਸੰਮਤ 1963.

ਸੀਤਲ,ਜੀਤ ਸਿੰਘ, ਵਾਰਤਕ ਤੇ ਵਾਰਤਕ-ਸ਼ੈਲੀ,
ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ,
ਚੰਡੀਗੜ੍ਹ, ਪਹਿਲਾ ਸੰਸਕਰਣ ।

ਸ਼ੁਕਲ, ਰਾਮ ਚੰਦਰ, ਹਿੰਦੀ ਸਾਹਿਤ ਦਾ ਇਤਿਹਾਸ,
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪ੍ਰਥਮ ਸੰਸਕਰਣ।

ਸੁਤੇ ਪ੍ਰਕਾਸ਼, ਪ੍ਰਯਾਇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ,
ਪ੍ਰਕਾ: ਭਾਈ ਹਰੀ ਸਿੰਘ ਲਿਖਾਰੀ, ਬੁੰਗਾ ਸਿੰਘ
ਪੁਰੀਆਂ, ਅੰਮ੍ਰਿਤਸਰ ।

ਸੁਰਿੰਦਰ ਸਿੰਘ, ਨਿਰਮਲੇ ਸੰਤਾਂ ਦੀ ਪੰਜਾਬੀ ਸਾਹਿਤ ਨੂੰ ਦੇਣ
(ਪੀ-ਐੱਚ.ਡੀ. ਦੀ ਉਪਾਧੀ ਲਈ ਪ੍ਰਵਾਨਿਤ ਖੋਜ-ਪ੍ਰਬੰਧ),
ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਚੰਡੀਗੜ੍ਹ(ਅਪ੍ਰਕਾਸ਼ਿਤ)।

ਸ਼ੇਰ ਸਿੰਘ, ਗੁਰਮਤਿ ਦਰਸ਼ਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ,1962

ਸ਼ੇਰ ਸਿੰਘ, ਗਿਆਨੀ, ਧਰਮ ਦਰਪਨ, ਭਾਗ -1,
ਮੈਨੇਜਰ ਗੁਰਮਤ ਪ੍ਰਚਾਰ ਲੜੀ, ਰਾਵਲਪਿੰਡੀ ।

" ਧਰਮ ਦਰਪਨ, ਭਾਗ-2,
ਮੈਨੇਜਰ ਗੁਰਮਤ ਪ੍ਰਚਾਰ ਲੜੀ,ਰਾਵਲਪਿੰਡੀ,1910.

" ਧਰਮ ਦਰਪਨ, ਭਾਗ 3,
ਮੈਨੇਜਰ ਗੁਰਮਤ ਪ੍ਰਚਾਰ ਲੜੀ,ਰਾਵਲਪਿੰਡੀ ।

ਸੋਢੀ ਮਿਹਰਵਾਨ, ਹੱਥ-ਲਿਖਤ ਨੰਬਰ 693,
ਸੈਂਟਰਲ ਸਟੇਟ ਲਾਇਬ੍ਰੇਰੀ, ਪਟਿਆਲਾ (ਅਪ੍ਰਕਾਸ਼ਿਤ)।

ਸੋਢੀ ਮਿਹਰਬਾਨ, ਪਰਮਾਰਥ ਆਸਾ ਕੀ ਵਾਰ,
ਹੱਥ-ਲਿਖਤ ਨੰਬਰ 7258, ਸਿੱਖ ਰੈਫਰੈਂਸ ਲਾਇਬ੍ਰੇਰੀ,
ਅੰਮ੍ਰਿਤਸਰ (ਅਪ੍ਰਕਾਸ਼ਿਤ)।

ਸੰਤ ਸਿੰਘ (ਗਿਆਨੀ), ਪੰਜ ਗ੍ਰੰਥੀ ਸਟੀਕ,
ਪ੍ਰਕਾਸ਼ਕ ਭਗਤ ਸਿੰਘ, ਅੰਮ੍ਰਿਤਸਰ, 1914.

ਸੰਤਰੇਣ, ਸ੍ਰੀ ਮਤਿ ਨਾਨਕ ਬਿਜੈ ਗ੍ਰੰਥ, (ਜ਼ਿਰੋਕਸ ਕਾਪੀ),
ਪੰਜਾਬੀ ਯੂਨੀਵਰਸਿਟੀ ਲਾਇਬ੍ਰੇਰੀ, ਪਟਿਆਲਾ
(ਦੇਵਨਾਗਰੀ ਅਖਰਾਂ ਵਿਚ ਪ੍ਰਕਾਸ਼ਨ ਅਧੀਨ)।

ਸੰਤਰੇਣ, ਜੀਵਨ ਸਿੰਘ, ਪ੍ਰਭਾਤ ਲਹਿਰਾਂ ਅਰਥਾਤ ਆਸਾ ਦੀ ਵਾਰ ਸਟੀਕ,
ਭਾਈ ਬੂਟਾ ਸਿੰਘ ਪ੍ਰਤਾਪ ਸਿੰਘ, ਬਜ਼ਾਰ ਮਾਈ ਸੇਵਾਂ,
ਅੰਮ੍ਰਿਤਸਰ, 1969।

ਸੰਤੋਖ ਸਿੰਘ, ਭਾਈ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,
ਸੰਪਾ: ਭਾਈ ਵੀਰ ਸਿੰਘ, ਜਿਲਦ-6,
ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ,
ਮਈ 1963.

—— ਸ੍ਰੀ ਗੁਰੂ ਗ੍ਰੰਥ ਸਾਹਿਬ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

—— ਸ੍ਰੀ ਗੁਰੂ ਗ੍ਰੰਥ ਕੋਸ਼, ਭਾਗ-1,
ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ, ਅਕਤੂਬਰ 1950.

—— ਸ੍ਰੀ ਯੋਗਵਾਸ਼ਿਸ਼ਟ, ਪ੍ਰਥਮ ਭਾਗ,
ਰਾਮ ਚੰਦ ਮਾਨਕਟਾਹਲਾ, ਪੁਸਤਕਾਂ ਵਾਲਾ, ਲਹੌਰ।

ਹੱਥ-ਲਿਖਤ ਨੰ: ਐਮ/688, ਪੁਰਾਤਤਵ ਵਿਭਾਗ, ਪੰਜਾਬ,
ਪਟਿਆਲਾ (ਅਪ੍ਰਕਾਸ਼ਿਤ)।

— ਹੱਥ-ਲਿਖਤ ਨੰਬਰ 758,
ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਚੰਡੀਗੜ੍ਹ (ਅਪ੍ਰਕਾਸ਼ਿਤ)।

— ਹੱਥ-ਲਿਖਤ ਨੰਬਰ 4467,
ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ (ਅਪ੍ਰਕਾਸ਼ਿਤ)।

ਹਰਬੰਸ ਸਿੰਘ, ਗਿਆਨੀ, ਆਸਾ ਕੀ ਵਾਰ ਨਿਰਣਯ,
ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ, ਮਾਰਚ 1974.

ਹੋਰਾ, ਭਗਤ ਸਿੰਘ, ਉਂ ਦਰਸ਼ਨ,
ਪ੍ਰਕਾ: ਭਗਤ ਸਿੰਘ 'ਹੋਰਾ', 22/21-ਬੀ.,
ਤਿਲਕ ਨਗਰ, ਨਵੀਂ ਦਿੱਲੀ, 1977.

ਕਰਤਾਰ ਸਿੰਘ, ਆਸਾ ਦੀ ਵਾਰ ਸਟੀਕ,
ਲਾਹੌਰ ਬੁਕ ਸ਼ਾਪ, ਲੁਧਿਆਣਾ।

ਕਵੀਸ਼ਰ, ਸਰਦੂਲ ਸਿੰਘ, ਸਿੱਖ ਧਰਮ ਦਰਸ਼ਨ,
ਪੰਜਾਬੀ ਯੂਨੀਵਰਸਿਟੀ, ਪਟਿਆਲਾ, 1981.

ਕਾਕਾ ਸਿੰਘ, ਆਸਾ ਦੀ ਵਾਰ ਸਟੀਕ,
ਵਿਧਾਤਾ ਸਿੰਘ ਸੋਹਣ ਸਿੰਘ, ਬਜ਼ਾਰ ਮਾਈ ਸੇਵਾਂ,
ਅੰਮ੍ਰਿਤਸਰ।

ਕਾਨ੍ਹ ਸਿੰਘ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਤੀਜਾ ਸੰਸਕਰਣ,
1974.

ਕਿਰਪਾਲ ਸਿੰਘ, (ਸੰਪਾਦਕ), ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,
ਪਹਿਲੀ ਸੈਂਚੀ, ਖਾਲਸਾ ਕਾਲਿਜ, ਅੰਮ੍ਰਿਤਸਰ, 1962.

" ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,
ਦੂਜੀ ਸੈਂਚੀ, ਖਾਲਸਾ ਕਾਲਜ, ਅੰਮ੍ਰਿਤਸਰ, 1969.

ਕਿਰਪਾਲ ਸਿੰਘ, ਮਨੋਹਰ ਦਾਸ ਮਿਹਰਬਾਨ (ਜੀਵਨ ਤੇ ਰਚਨਾਵਾਂ),
ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974.

ਕੋਹਲੀ, ਸੁਰਿੰਦਰ ਸਿੰਘ (ਸੰਪਾਦਕ), <u>ਜਨਮਸਾਖੀ ਭਾਈ ਬਾਲਾ,</u>
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1975.

ਕੌਰ ਸਿੰਘ, <u>ਗੁਰ ਸ਼ਬਦ ਰਤਨ ਪ੍ਰਕਾਸ਼,</u>
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1963.

ਕ੍ਰਿਪਾਲ ਸਿੰਘ, <u>ਸ੍ਰੀ ਅਮੀਰ ਤਰੰਗ ਅਰਥਾਤ ਸੰਪ੍ਰਦਾਈ ਸ੍ਰੀ ਆਸਾ ਜੀ ਦੀ ਵਾਰ ਸਟੀਕ,</u> ਪ੍ਰਕਾ: ਗਿਆਨੀ ਕ੍ਰਿਪਾਲ ਸਿੰਘ
ਮਹੰਤ, ਅੰਮ੍ਰਿਤਸਰ, ਛੇਵੀਂ ਛਾਪ, 1974.

ਗਣੇਸ਼ਾ ਸਿੰਘ, <u>ਨਿਰਮਲ ਭੂਸ਼ਣ ਅਰਥਾਤ ਇਤਿਹਾਸ ਨਿਰਮਲ ਭੇਖ,</u>
ਪ੍ਰਕਾ: ਮਹੰਤ ਹਰੀ ਸਿੰਘ ਵੈਦ ਰਾਜ, ਗਲੀ ਬਾਗ ਵਾਲੀ,
ਅੰਮ੍ਰਿਤਸਰ, ਪਹਿਲਾ ਸੰਸਕਰਣ, ਸੰਮਤ 1994.

" <u>ਪੰਜ ਗ੍ਰੰਥੀ ਸਟੀਕ,</u>
ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ,
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1948.

" <u>ਭਾਰਤ ਮਤ ਦਰਪਣ,</u>
ਪ੍ਰਕਾ: ਭਾਈ ਬੂੜ ਸਿੰਘ ਜੀ ਸੋਢੀ ਵੈਦ ਤਰਨਤਾਰਨ,
ਗਿਆਨੀ ਮਦਨਮੋਹਨ ਸਿੰਘ ਜੀ ਅੰਮ੍ਰਿਤਸਰ, ਪਹਿਲੀ ਵਾਰ,
ਅਕਤੂਬਰ 1926.

ਗੰਡਾ ਸਿੰਘ (ਸੰਪਾਦਕ), <u>ਸ਼ਹੀਦ ਬਿਲਾਸ ਕ੍ਰਿਤ ਕਵੀ ਸੇਵਾ ਸਿੰਘ,</u>
ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, ਦਸੰਬਰ 1961.

ਗਿਆਨ ਸਿੰਘ, ਗਿਆਨੀ, <u>ਨਿਰਮਲ ਪੰਥ ਪ੍ਰਦੀਪਕਾ,</u>
ਰਾਜਿੰਦਰਾ ਪ੍ਰੈਸ, ਪਟਿਆਲਾ ।

" <u>ਪੰਥ ਪ੍ਰਕਾਸ਼,</u>
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

ਚੰਦਾ ਸਿੰਘ, <u>ਸੁਗਮ ਪ੍ਰਿਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿ,</u>
ਦੀ ਐਂਗਲੋ ਉਰਦੂ ਐਂਡ ਗੁਰਮੁਖੀ ਪ੍ਰੈਸ, ਅੰਮ੍ਰਿਤਸਰ ।

ਜੱਗੀ, ਰਤਨ ਸਿੰਘ, ਸਾਹਿਤ ਸੌਰਭ,
ਪੈਪਸੂ ਬੁੱਕ ਡਿਪੂ, ਪਟਿਆਲਾ, 1976.

" (ਸੰਪਾਦਕ), ਗੁਰਬਾਣੀ ਟੀਕੇ : ਆਨੰਦਘਨ,
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

" ਪੁਰਾਤਨ ਪੰਜਾਬੀ ਵਾਰਤਕ,
ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ,
ਚੰਡੀਗੜ੍ਹ, 1984.

" (ਸੰਪਾਦਕ) ਵਾਰਾਂ ਭਾਈ ਗੁਰਦਾਸ ਸ਼ਬਦ ਅਨੁਕ੍ਰਮਣਿਕਾ ਅਤੇ ਕੋਸ਼,
ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪਹਿਲਾ ਸੰਸਕਰਣ,
ਜੂਨ 1966.

ਜੋਧ ਸਿੰਘ, ਆਸਾ ਦੀ ਵਾਰ ਸਟੀਕ,
ਭਾਈ ਜੋਧ ਸਿੰਘ ਬੁੱਧ ਸਿੰਘ, ਸ੍ਰੀ ਗੁਰਮਤ ਪ੍ਰੈਸ,
ਲਾਹੌਰ, ਸੰਮਤ 1958 ਬਿਕ੍ਰਮੀ ।

ਜੋਧ ਸਿੰਘ (ਭਾਈ), ਗੁਰਮਤਿ ਨਿਰਣਯ,
ਪ੍ਰਕਾ: ਡਾ. ਭਾਈ ਜੋਧ ਸਿੰਘ, ਮਾਡਲ ਟਾਊਨ,
ਲੁਧਿਆਣਾ, ਨੌਵਾਂ ਸੰਸਕਰਣ ।

ਤਾਰਨ ਸਿੰਘ, ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ,
ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980.

" ਗੁਰੂ ਨਾਨਕ ਬਾਣੀ ਪ੍ਰਕਾਸ਼, ਪਹਿਲਾ ਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

ਤੇਜਾ ਸਿੰਘ, ਆਸਾ ਦੀ ਵਾਰ ਸਟੀਕ,
ਪ੍ਰਕਾਸ਼ਕ ਮਾਸਟਰ ਕਰਮ ਸਿੰਘ ਗੰਗਵਾਲਾ,
ਖਾਲਸਾ ਕਾਲਜ, ਅੰਮ੍ਰਿਤਸਰ, 1952.

" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਬਦਾਂਤਕ ਲਗਾਂ ਮਾਤ੍ਰਾਂ
ਦੇ ਗੁਝੇ ਭੇਦ, ਲਾਹੌਰ ਬੁਕ ਸ਼ਾਪ, ਲੁਧਿਆਣਾ, 1949.

ਦਰਸ਼ਨ ਸਿੰਘ, ਪੰਜਾਬੀ ਭਾਸ਼ਾ,
ਸਾਹਿਤ ਸੰਗਮ, 1939, ਸੈਕਟਰ 22-ਬੀ,
ਚੰਡੀਗੜ੍ਹ, 1967.

ਦਿਆਲ ਸਿੰਘ, ਨਿਰਮਲ ਪੰਥ ਦਰਸ਼ਨ, ਹਿੱਸਾ ਪਹਿਲਾ,
ਪ੍ਰਕਾਸ਼ਕ ਆਪ (ਹਾਲ ਡੇਰਾ ਬਾਬਾ ਮਿਸ਼ਰਾ ਸਿੰਘ ਜੀ),
ਲਛਮਨ ਸਰ, ਅੰਮ੍ਰਿਤਸਰ, ਸੰਮਤ 2009 ਬਿਕ੍ਰਮੀ ।

ਦਿਆਲ ਸਿੰਘ, ਬਾਬਾ ਨਾਨਕ ਜੀ ਦਾ ਨਿਰਮਲ ਪੰਥ,
ਕ੍ਰਿਪਾ ਸਾਗਰ ਪ੍ਰੈਸ, ਰਾਮ ਗਲੀ, ਲਾਹੌਰ, 1935.

.... ਦੁਰਲਭ ਪੰਜਾਬੀ ਪੁਸਤਕਾਂ ਦੀ ਸੂਚੀ,
ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ,
ਅੰਮ੍ਰਿਤਸਰ, 24 ਨਵੰਬਰ 1976.

ਦੇਵਾ ਸਿੰਘ, ਸੁਗਮ ਜਪੁ ਪ੍ਰਦੀਪ,
ਵਜ਼ੀਰ ਹਿੰਦ ਪ੍ਰੈਸ, ਪ੍ਰਥਮ ਸੰਸਕਰਣ, ਬਿਕ੍ਰਮੀ 1959.

ਨਰੈਣ ਸਿੰਘ, ਆਸਾ ਦੀ ਵਾਰ ਸਟੀਕ,
ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ,
ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ।

" (ਟੀਕਾ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਿਲਦ ਪਹਿਲੀ,
ਵਜ਼ੀਰ ਹਿੰਦ ਪ੍ਰੈਸ, ਹਾਲ ਬਾਜ਼ਾਰ, ਅੰਮ੍ਰਿਤਸਰ ।

" (ਟੀਕਾ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਿਲਦ ਤੀਜੀ,
ਵਜ਼ੀਰ ਹਿੰਦ ਪ੍ਰੈਸ, ਹਾਲ ਬਾਜ਼ਾਰ, ਅੰਮ੍ਰਿਤਸਰ।

" ਸ੍ਰੀ ਗੁਰੂ ਜਸ ਰਤਨਾਕਰ ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ
ਜੀ ਵਿਚੋਂ ਬਾਈ ਵਾਰਾਂ ਭਾਵ ਪ੍ਰਕਾਸ਼ਨੀ ਟੀਕਾ ਸਹਿਤ,
ਪਹਿਲੀ ਪੋਥੀ, ਪ੍ਰਕਾਸ਼ਕ ਭਾਈ ਰਲਾ ਸਿੰਘ, ਪੰਜਾਬ
ਕਮਰਸ਼ਲ ਪ੍ਰੈਸ, ਅੰਮ੍ਰਿਤਸਰ, ਅਕਤੂਬਰ, 1915.

" ਪ੍ਰਬੋਧ ਚੰਦਰ ਨਾਟਕ ਸਟੀਕ,
ਭਾਈ ਬੂਟਾ ਸਿੰਘ ਪ੍ਰਤਾਪ ਸਿੰਘ, ਬਾਜ਼ਾਰ ਮਾਈ ਸੇਵਾਂ,
ਅੰਮ੍ਰਿਤਸਰ, ਜੁਲਾਈ 1963 .

ਨਰੋਤਮ, ਤਾਰਾ ਸਿੰਘ, ਗੁਰੁ ਗਿਰਾਰਥ ਕੋਸ਼,
ਰਾਜਿੰਦ੍ਰ ਪ੍ਰੈਸ, ਪਟਿਆਲਾ, 1895 ।

ਨਾਰਾ, ਈਸ਼ਰ ਸਿੰਘ, ਇਤਿਹਾਸ ਬਾਬਾ ਸ੍ਰੀ ਚੰਦ ਜੀ ਸਾਹਿਬ ਅਤੇ ਉਦਾਸੀ ਸੰਪ੍ਰਦਾਇ, ਪ੍ਰਕਾਸ਼ਕ (ਆਪ), 11/3287, ਦਿੱਲੀ ਗੇਟ ਬਾਜ਼ਾਰ, ਦਿੱਲੀ, 1959.

ਨਿਹਾਲ ਸਿੰਘ (ਗਿਆਨੀ), ਆਸਾ ਦੀ ਵਾਰ ਸਟੀਕ,
ਭਾਈ ਦਇਆ ਸਿੰਘ, ਪੁਸਤਕਾਂ ਵਾਲਾ, ਲੁਹਾਰੀ ਦਰਵਾਜ਼ਾ, ਲਾਹੌਰ, ਸੰਮਤ ਨਾਨਕ ਸ਼ਾਹੀ 430.

ਨਿਹਾਲ ਸਿੰਘ (ਪ੍ਰਿੰਸੀਪਲ), ਸੁੰਦਰ ਗੁਟਕਾ ਸਟੀਕ,
ਖਾਲਸਾ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਪਦਮ, ਪਿਆਰਾ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਟੀਕਾਕਾਰੀ,
ਤੀਸਰੀ ਪੰਜਾਬੀ ਵਿਕਾਸ ਕਾਨਫਰੰਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ 1984 ( ਕਾਨਫਰੰਸ ਪੇਪਰ,ਅਪ੍ਰਕਾਸ਼ਿਤ

ਪਿਆਰ ਸਿੰਘ (ਸੰਪਾਦਕ), ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ,ਨਵੰਬਰ1974.

— ਪੁਸਤਕ ਸੂਚੀ, ਭਾਈ ਮੋਹਨ ਸਿੰਘ ਵੈਦ ਲਾਇਬ੍ਰੇਰੀ (ਪੰਜਾਬੀ ਭਾਗ), ਪੰਜਾਬੀ ਯੂਨੀਵਰਸਿਟੀ, ਪਟਿਆਲਾ।

— ਪੰਜਾਬੀ ਸਾਹਿਤ ਦਾ ਇਤਿਹਾਸ (ਮੱਧ ਕਾਲ),
ਭਾਸ਼ਾ ਵਿਭਾਗ, ਪੰਜਾਬ,ਪਟਿਆਲਾ, ਪਹਿਲਾ ਸੰਸਕਰਣ, 1963.

— ਪੰਜਾਬੀ ਪ੍ਰਕਾਸ਼ਨਾਂ ਦੀ ਸੂਚੀ, ਭਾਗ ਪਹਿਲਾ,
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971.

ਪ੍ਰੀਤਮ ਸਿੰਘ (ਸੰਪਾਦਕ), ਸਿੱਖ ਫ਼ਲਸਫ਼ੇ ਦੀ ਰੂਪ ਰੇਖਾ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1975.

ਪ੍ਰੇਮ, ਮੋਹਨ ਸਿੰਘ, ਗੁਰੂ ਨਾਨਕ ਬਾਣੀ (ਜਪੁਜੀ ਸਾਹਿਬ ਤੇ ਆਸਾ ਦੀ ਵਾਰ ਸਟੀਕ), ਧਨਪਤ ਰਾਇ ਐਂਡ ਸੰਨਜ਼, ਜਲੰਧਰ - ਦਿੱਲੀ ।

ਬੱਲ, ਰਾਜਿੰਦਰ ਸਿੰਘ, ਸਟੀਕ ਜਪੁਜੀ ਸਾਹਿਬ– ਆਸਾ ਰਾਗ ਦੀ ਵਾਰ, ਸੁਰਜੀਤ ਜਿ ਬ੍ਰਦਰਜ਼, ਮਾਈ ਹੀਰਾਂ ਗੇਟ, ਜਲੰਧਰ।

ਬਲਬੀਰ ਸਿੰਘ (ਸੰਪਾਦਕ) ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ, ਪਹਿਲੀ ਜਿਲਦ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972.

ਬਾਵਾ, ਬੁਧ ਸਿੰਘ, ਹੰਸ ਚੋਗ, ਲਾਹੌਰ ਬੁਕ ਸ਼ਾਪ, ਲੁਧਿਆਣਾ, ਪੰਜਵਾਂ ਸੰਸਕਰਣ, ਜਨਵਰੀ 1950.

ਬਿਸ਼ਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ, ਸੈਂਚੀ ਤੀਜੀ, ਭਾਈ ਬੂਟਾ ਸਿੰਘ ਪ੍ਰਤਾਪ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ।

" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਬਾਈ ਵਾਰਾਂ ਸਟੀਕ, ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ।

ਬੇਦੀ, ਕਾਲਾ ਸਿੰਘ, ਆਸਾ ਕੀ ਵਾਰ ਸਟੀਕ, ਪੰਜਾਬੀ ਬੁਕ ਸਟੋਰ, ਪਹਾੜ ਗੰਜ, ਨਵੀਂ ਦਿੱਲੀ, ਮਾਰਚ 1969.

ਬੇਦੀ, ਤਰਲੋਚਨ ਸਿੰਘ, ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ, ਪ੍ਰਕਾਸ਼ਕ ਮਿਸਿਜ਼ ਅਮਰਜੀਤ ਕੌਰ 111 ਐਲ/16, ਲਾਜਪਤ ਨਗਰ, ਨਵੀਂ ਦਿੱਲੀ, 1972.

ਬ੍ਰਹਮਾਨੰਦ ਜੀ ਉਦਾਸੀਨ, ਗੁਰੂ ਉਦਾਸੀਨ ਮਤ ਦਰਪਨ, ਪ੍ਰਕਾ: ਸ੍ਰੀ ਅਮਰਦਾਸ ਜੀ ਉਦਾਸੀਨ,ਸੰਪਾਦਕ 'ਧਰਮਬੀਰ', ਸਖਰ (ਸਿੰਧ), ਪਹਿਲੀ ਵਾਰ,ਅਕਤੂਬਰ 1923.

ਭਗਵਾਨ ਸਿੰਘ, ਆਸਾ ਦੀ ਵਾਰ ਸਟੀਕ, ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸੰਨਜ਼, ਮੁਫ਼ੀਦ ਆਮ ਪ੍ਰੈਸ, ਲਾਹੌਰ, ਸੰ: ਨਾ:ਸਾ: 432.

ਭੂਈ, ਗੁਰਬਚਨ ਸਿੰਘ ਅਤੇ ਰਸ, ਨਿਹਾਲ ਸਿੰਘ, ਜਪੁਜੀ ਤੇ ਆਸਾ ਦੀ ਵਾਰ, ਕਸਤੂਰੀ ਲਾਲ ਐਂਡ ਸਨਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1968.

ਮਹਿਤਾਬ ਸਿੰਘ ਅਤੇ ਕੋਹਲੀ, ਸੁਰਿੰਦਰ ਸਿੰਘ, ਸਿੱਖੀ ਸਿਖਿਆ, ਸਿਖ ਪਬਲਿਸ਼ਿੰਗ ਹਾਊਸ ਲਿਮਟਿਡ, ਅੰਮ੍ਰਿਤਸਰ - ਨਵੀਂ ਦਿੱਲੀ ।

ਮਹਿਤਾਬ ਸਿੰਘ, ਆਸਾ ਦੀ ਵਾਰ ਸਟੀਕ, ਫੁਲਵਾੜੀ ਏਜੰਸੀ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, 1932.

ਮਨੀ ਸਿੰਘ, ਭਾਈ, ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਚਿਰਾਗਦੀਨ ਸਿਰਾਜਦੀਨ, ਲਾਹੌਰ, 1947 ਬਿਕਰਮੀ ।

ਮੋਹਨ ਸਿੰਘ (ਵਈਦ), ਆਸਾ ਦੀ ਵਾਰ ਸਟੀਕ, ਭਾਈ ਅਤਰ ਸਿੰਘ ਗੁਰਮੁਖ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਹਾੜ, ਸੰ: ਨਾ: 466.

ਰਸ, ਨਿਹਾਲ ਸਿੰਘ, 10 ਵਾਰਾਂ ਸਟੀਕ, ਲਾਹੌਰ ਬੁਕ ਸ਼ਾਪ, ਲਾਹੌਰ, 1943.

ਰਣਧੀਰ ਸਿੰਘ, ਉਦਾਸੀ ਸਿੱਖਾਂ ਦੀ ਵਿਥਿਆ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1959.

ਰਣਧੀਰ ਸਿੰਘ (ਸੰਪਾਦਕ), ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੋਥੀ ਪਹਿਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1973.

" ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੋਥੀ ਦੂਜੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜਾ ਸੰਸਕਰਣ, 1982.

ਰਾਮ ਦਿੱਤਾ, ਆਸਾ ਦੀ ਵਾਰ ਸਟੀਕ, ਭਾਈ ਕ੍ਰਿਪਾਲ ਸਿੰਘ ਬਲਬੀਰ ਸਿੰਘ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਸਤੰਬਰ, 1957.

ਲਾਲ ਸਿੰਘ, ਦਸ ਵਾਰਾਂ ਸਟੀਕ, ਪ੍ਰਕਾ: ਅਤੇ ਸੰਪਾ: ਖੁਦ - (ਪਤਾ) ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ, ਦਸੰਬਰ 1955.

ਵਜ਼ੀਰ ਸਿੰਘ, — ਸਾਹਿਤ ਕਲਾ ਦਰਸ਼ਨ,
ਮਦਾਨ ਪਬਲਿਸ਼ਰਜ਼, ਪਟਿਆਲਾ, 1981.

" — ਧਰਮ ਦਾ ਦਾਰਸ਼ਨਿਕ ਪੱਖ,
ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

— ਵਾਰ ਭਾਈ ਗੁਰਦਾਸ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ,
ਫਰਵਰੀ, 1981.

ਵੀਰ ਸਿੰਘ, — ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਪਹਿਲੀ,
ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ,
ਤੀਜੀ ਛਾਪ, ਮਾਰਚ 1972.

" — ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਛੇਵੀਂ,
ਖਾਲਸਾ ਸਮਾਚਾਰ, ਹਾਲ ਬਜ਼ਾਰ, ਅੰਮ੍ਰਿਤਸਰ,
ਦੂਜੀ ਛਾਪ, ਜੁਲਾਈ, 1975.

" — ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਦੀ ਪ੍ਰਸਤਾਵਨਾ
(ਜਿਲਦ 1), ਪ੍ਰਥਮ ਸੰਸਕਰਣ, ਖਾਲਸਾ ਸਮਾਚਾਰ,
ਹਾਲ ਬਾਜ਼ਾਰ, ਅੰਮ੍ਰਿਤਸਰ ।

" — ਪੰਜ ਗ੍ਰੰਥੀ ਸਟੀਕ,
ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ,
ਜਨਵਰੀ 1976.

ਵੋਹਰਾ, ਆਸਾ ਨੰਦ, — ਆਸਾ ਦੀ ਵਾਰ,
ਜੈਨ ਬੁਕ ਡਿਪੋ, ਦਿੱਲੀ ਰੋਡ, ਰੋਹਤਕ, ਜਨਵਰੀ, 1971.

ਫ਼ਾਰਸੀ:

ਇਕਬਾਲ — ਬਾਲਿ-ਜਬਰਾਈਲ,
ਪਬਲਿਸ਼ਰ ਜਾਵੇਦ ਇਕਬਾਲ, ਜਾਵੇਦ ਮੰਜ਼ਿਲ, ਮਿਓ ਰੋਡ,
ਲਾਹੌਰ, ਪੰਜਵਾਂ ਐਡੀਸ਼ਨ, ਸਤੰਬਰ, 1945.

ਖੁਸਰੋ, ਅਮੀਰ, — ਖ਼ਾਲਿਕ-ਬਾਰੀ,
ਮਤਬਾ-ਏ-ਅਹਿਮਦੀ, ਦੇਹਲੀ (ਮੋਹਤਮਮ ਅਹਿਮਦ ਹਸਨ ਖਾਂ)
ਹਿਜਰੀ, 1298.

<u>ਰਸਾਲੇ</u> :

*ਨਾਨਕ ਪ੍ਰਕਾਸ਼ ਪਤ੍ਰਿਕਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜਿਲਦ ਸਤਵੀਂ, ਜੂਨ, 1976 ।

*ਨਾਨਕ ਪ੍ਰਕਾਸ਼ ਪਤ੍ਰਿਕਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜਿਲਦ ਅਠਵੀਂ, ਦਸੰਬਰ, 1976.

*ਪਰਖ*, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ ਵਿਸ਼ੇਸ਼ ਅੰਕ, 1972.

*Indian Journal of Theology*, Bishop's College, 224, Acharya Jagdish Bose Road, Calcutta, July-Dec.1982.

*Indian Theological Studies*, Peter's Pontifical Institute of Theology, Bangalore, Vol. XXI, September-Dec, 1984.


***

458806

PANJAB UNIVERSITY LIBRARY